ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਪ੍ਰਾਚੀਨ ਪੰਥ ਪ੍ਰਕਾਸ਼

-: ਕ੍ਰਿਤ :-

ਭੰਗੂ ਰਤਨ ਸਿੰਘ ਸ਼ਹੀਦ

ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ
ਮਿਸਲਾਂ ਤਕ ਦੇ ਇਤਿਹਾਸਕ ਹਾਲਾਤ ਲਿਖੇ ਹਨ।

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ - 110 001

. Sri Satguru Jagjit Singh Ji eLibrary NamdhariElibrary@gmail.com .

Prachin Panth Parkash

Bhai Sahib Bhai Vir Singh

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

8ਵੀਂ ਐਡੀਸ਼ਨ : ਫਰਵਰੀ 2008

ਪ੍ਰਕਾਸ਼ਕ :

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ

ਨਵੀਂ ਦਿੱਲੀ

ਪ੍ਰਿੰਟਰ :

ਸ਼ੀਵਮ ਆਫਸੈਟ ਵਰਕਸ

ਨਾਂਗਲੋਈ, ਨਵੀਂ ਦਿੱਲੀ

ਮੁੱਲ : 250/- ਰੁਪਏ

. *Sri Satguru Jagjit Singh Ji eLibrary* *NamdhariElibrary@gmail.com* .

ਪ੍ਰਾਚੀਨ ਪੰਥ ਪ੍ਰਕਾਸ਼

ਛਪਾਈ ਦਾ ਵੇਰਵਾ

ਪਹਿਲੀ ਐਡੀਸ਼ਨ	ਮਾਰਚ	੧੯੧੪
ਦੂਜੀ ਐਡੀਸ਼ਨ	ਜੂਨ	੧੯੩੯
ਤੀਜੀ ਐਡੀਸ਼ਨ	ਸਤੰਬਰ	੧੯੫੨
ਚੌਥੀ ਐਡੀਸ਼ਨ	ਦਸੰਬਰ	੧੯੬੨
ਪੰਜਵੀਂ ਐਡੀਸ਼ਨ	ਅਕਤੂਬਰ	੧੯੮੨
ਛੇਵੀਂ ਐਡੀਸ਼ਨ	ਮਈ	੧੯੯੩
ਸਤਵੀਂ ਐਡੀਸ਼ਨ	ਜੁਲਾਈ	੧੯੯੮
ਅਠਵੀਂ ਐਡੀਸ਼ਨ	ਫਰਵਰੀ	੨੦੦੮ (ਕੰਪਿਊਟ੍ਰਾਈਜ਼ਡ)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਵਿਥਿਆ

(ਪਹਿਲੀ ਵਾਰ ਦੀ ਭੂਮਿਕਾ)

ਇਹ ਪ੍ਰਾਚੀਨ ਗ੍ਰੰਥ ਹੈ ਜੋ ਮੀਰਾਂ ਕੋਟ ਦੇ ਪ੍ਰਸਿੱਧ ਭਾਈ ਰਤਨ ਸਿੰਘ ਭੰਗੂ ਜੀ ਨੇ ਲਿਖਿਆ ਸੀ। ਭਾਈ ਸਾਹਿਬ ਪ੍ਰਸਿੱਧ ਸ਼ਹੀਦ ਭਾਈ ਮਤਾਬ ਸਿੰਘ ਜੀ ਮੀਰਾਂ ਕੋਟੀਏ ਦੇ ਪੋਤ੍ਰੇ ਤੇ ਸਰਦਾਰ ਸ਼ਾਮ ਸਿੰਘ ਜੀ ਜਥੇਦਾਰ ਮਿਸਲ ਕਰੋੜੀਆਂ ਦੇ ਦੋਹਤ੍ਰੇ ਸੇ। ਆਪ ਉਨ੍ਹਾਂ ਸਮਿਆਂ ਵਿਚ ਹੋਏ ਹਨ ਜਦੋਂ ਪੰਥ ਦੇ ਮਾਜਰੇ ਸੱਜਰੇ ਸੱਜਰੇ ਅੱਖਾਂ ਅੱਗੇ ਫਿਰਦੇ ਸੇ। ਸ਼ਹੀਦਾਂ ਅਰ ਪੰਥ ਦੇ ਜਥੇ ਦਾਰਾਂ ਦੇ ਖ਼ਾਨਦਾਨ ਵਿਚ ਹੋਣ ਕਰਕੇ ਆਪ ਨੂੰ ਬਹੁਤ ਸਾਰੇ ਹਾਲਾਤ ਸਿੱਧੇ ਅਰ ਸੱਚੇ ਆਪਣੇ ਘਰ ਵਿਚੋਂ ਹੀ ਲੱਭੇ। ਪੰਥਕ ਤਅੱਲਕ ਨੇੜੇ ਦੇ ਹੋਣ ਕਰਕੇ ਬਹੁਤੇ ਹਾਲਾਤ ਮਲੂਮ ਕਰਨੇ ਭੀ ਆਪ ਨੂੰ ਸੁਖੈਨ ਹੋਏ ਜਾਪਦੇ ਹਨ ਤੇ ਸਮਾਂ ਆਪ ਨੂੰ ਉੱਤਮ ਇਹ ਮਿਲ ਗਿਆ ਸੀ ਕਿ ਲੁਧਿਆਣੇ ਵਿਚ 'ਮਰੇ' ਸਾਹਿਬ (Mr. Muray) ਸਿੱਖ ਇਤਿਹਾਸ ਦੀ ਖੋਜ ਕਰ ਰਹੇ ਸੇ। ਓਦੋਂ ਲੁਧਿਆਣਾ ਅੰਗ੍ਰੇਜ਼ ਸਰਕਾਰ ਦਾ ਸਰਹੱਦੀ ਸ਼ਹਿਰ ਸੀ। ਸੋ 'ਮਰੇ' ਸਾਹਿਬ ਨੇ, ਜੋ ਲੁਧਿਆਣੇ ਰਹਿੰਦੇ ਸਨ, ਆਪਣੀ ਖੋਜ ਵਿਚ ਰਤਨ ਸਿੰਘ ਜੀ ਤੋਂ ਮਦਦ ਲਈ। ਭਾਈ ਰਤਨ ਸਿੰਘ ਜੀ, ਜੋ ਇਤਿਹਾਸ ਉਸਨੂੰ ਜਾਕੇ ਸੁਣਾਇਆ ਕਰਦੇ ਸੇ, ਸੋਈ ਆਕੇ ਲਿਖ ਲਿਆ ਕਰਦੇ ਸੇ। ਉਨ੍ਹਾਂ ਦੀ ਇਹ ਲਿਖਤ ਅਸਲੀ ਤੇ ਪਹਿਲਾ ਪੰਥ ਪ੍ਰਕਾਸ਼ ਬਣੀ, ਜਿਸ ਦੇ ਪਹਿਲੇ ਥੋੜੇ ਜੇਹੇ ਸਫ਼ਿਆਂ ਵਿਚ ਦਸਾਂ ਪਾਤਸ਼ਾਹੀਆਂ ਦੇ ਸੰਖੇਪ ਹਾਲ ਤੇ ਫੇਰ ਮਵਿਸਥਾਰ, ਪੰਥ ਦਾ ਹਾਲ ਹੈ। ਪ੍ਰੰਤੂ ਇਹ ਰਚਨਾ ਲਿਖਤ ਦੇ ਕੱਪੜੇ ਪਾ ਕੇ ਕੋਈ ਗੇਣਤੀ ਦੀ ਥਾਵੀਂ ਅੱਜ ਤੱਕ ਲੁਕੀ ਹੀ ਪਈ ਰਹੀ। ਜਿਤਨੇ ਪੰਥ ਪ੍ਰਕਾਸ਼, ਇਤਿਹਾਸ, ਤਵਾਰੀਖਾਂ, ਸ਼ਹੀਦ ਗੰਜ, ਸ਼ਹੀਦੀ ਪ੍ਰਸੰਗ ਤੇ ਸਿੱਖਾਂ ਦੇ ਹਾਲਾਤ ਨਵੇਂ ਨਵੇਂ ਨਾਵਾਂ ਤੇ ਰੂਪਾਂ ਵਿਚ ਛਪੇ, ਓਹ ਯਾ ਤਾਂ ਸਾਰੇ ਯਾ ਬਹੁਤੇ ਇਸੇ ਲੁਕੇ ਪਏ ਖਜ਼ਾਨੇ ਤੋਂ ਆਪਣਾ ਭੰਡਾਰ ਭਰਕੇ ਪ੍ਰਗਟ ਹੁੰਦੇ ਰਹੇ ਜਾਪਦੇ ਹਨ। ਇਹ ਗ੍ਰੰਥ ਪੰਥਕ ਹਾਲਾਤ ਲਈ ਓਸੇ ਤਰ੍ਹਾਂ ਦਾ ਖ਼ਜ਼ਾਨਾ ਹੈ ਜਿਸ ਤਰ੍ਹਾਂ ਗੁਰ ਇਤਿਹਾਸ ਲਈ ਗੁਰ ਸੂਰਜ ਪ੍ਰਕਾਸ਼ ਹੈ।

ਇਸ ਦੀ ਕਾਵ੍ਯ ਦੀ ਕੂਤ ਤਾਂ ਬਹੁਤੀ ਨਹੀਂ, ਸਿੱਧੇ ਪੱਧਰੇ ਤੇ ਅਕਸਰ ਪਿੰਗਲ ਤੋਂ ਸੁਤੰਤ੍ਰ ਤੋਲ ਮਾਪ ਵਰਤੇ ਹਨ, ਪਰ ਇਤਿਹਾਸਿਕ ਕੂਤ ਬਹੁਤ ਭਾਰੀ ਹੈ। ਲਗਪਗ ਜਿੰਨੇ ਸੰਮਤ ਦਿੱਤੇ ਹਨ ਮੁਸਲਮਾਨ ਇਤਿਹਾਸਕਾਰਾਂ ਨਾਲ ਮਿਲਦੇ ਅਰ ਦਰੁਸਤ ਹਨ, ਹਾਲਾਤ ਲਿਖਣ ਵਿਚ ਸਚਾਈ ਵਰਤੀ ਹੈ ਅਰ ਨਿਰਾ ਕਾਵ੍ਯ ਵਾਲਾ ਮੁਬਾਲਗੇ ਦਾ ਰੰਗ ਇਤਨਾ ਘੱਟ ਦਿੱਤਾ ਹੈ ਕਿ

. Sri Satguru Jagjit Singh Ji eLibrary NamdhariElibrary@gmail.com .

ਇਤਿਹਾਸਕ ਕ੍ਰਤ ਸੁੱਚੀ ਰਹੀ ਹੈ। ਪਰ ਸਾਨੂੰ ਇਹ ਸ਼ੋਕ ਹੈ ਕਿ ਜਿਸ ਨੁਸਖੇ ਤੋਂ ਅਸਾਂ ਇਹ ਛਾਪਿਆ ਹੈ ਉਹ ਕਾਹਲੀ ਦਾ ਲਿਖਿਆ ਹੋਇਆ ਸੀ ਅਰ ਕਈ ਥਾਈਂ ਇਸ ਕਾਹਲੀ ਕਰਕੇ ਅਰ ਟਾਵੇਂ ਥਾਈਂ ਆਖਜੇਪਕ ਦੇ ਆਭਾਸ ਪੈਣ ਕਰਕੇ ਇਹ ਦਰੁਸਤੀ ਦਾ ਮੁਥਾਜ ਸਹੀ। ਪਰ ਅਸਾਂ ਆਪਣੀ ਵਲੋਂ ਪੂਰਾ ਯਤਨ ਕੀਤਾ ਹੈ ਕਿ ਸੁਧਾਈ ਪੂਰੀ ਹੋਵੇ, ਅਰ ਅਗੋਂ ਨੂੰ ਅਸੀਂ ਇਸ ਦੀ ਸੋਧ ਦੇ ਫਿਕਰ ਵਿਚ ਅਰ ਸੋਧਕਾਂ ਦੀ ਕ੍ਰਿਪਲਾਤਾ ਦੇ ਯਾਚਕ ਹਾਂ।

ਆਸ਼ਾ ਹੈ ਗੁਣੀ ਜਨ ਇਸ ਸਿੱਧੇ ਪੱਧਰੇ ਪਰ ਕੀਮਤੀ ਭੰਡਾਰ ਦੇ ਪ੍ਰਕਾਸ਼ ਪਰ ਪ੍ਰਸੰਨ ਹੋਣਗੇ ਅਰ ਆਪਣੇ ਵੀਚਾਰਾਂ ਤੋਂ ਸਾਨੂੰ ਕ੍ਰਿਤਾਰਥ ਕਰਨਗੇ।

ਅੰਮ੍ਰਿਤਸਰ ਮਾਰਚ ੧੯੧੪

ਦਾਸ-ਮੈਨੇਜਰ

ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ

ਦੂਜੀ ਵੇਰ ਦੀ ਭੂਮਿਕਾ

ਇਹ ਗ੍ਰੰਥ ਪਹਿਲੇ ੧੯੧੪ ਵਿਚ ਵਜ਼ੀਰ ਹਿੰਦ ਪ੍ਰੈਸ ਵਿਚ ਛਪਿਆ ਸੀ। ਇਹ ਇਕ ਲਿਖਤੀ ਨੁਸਖੇ ਤੋਂ ਉਤਾਰਿਆ ਗਿਆ ਪਹਿਲੀ ਭੂਮਿਕਾ ਵਿਚ ਆ ਚੁਕਾ ਹੈ। ਹੁਣ ਇਸ ਨੂੰ ਦੁਬਾਰਾ ਐਡਿਟ ਕਰਕੇ ਛਾਪਿਆ ਹੈ। ਜਿਸ ਨੁਸਖੇ ਤੋਂ ਇਹ ਛਾਪਿਆ ਸੀ ਉਹ ਹੱਥ ਨਹੀਂ ਆਯਾ। ਇਕ ਹੋਰ ਲਿਖਤੀ ਨੁਸਖਾ ਅਕਸਮਾਤ ਲੱਝ ਗਿਆ। ਗ਼ਲਤ ਪਾਠ ਉਸ ਨਾਲ ਸੋਧੇ ਗਏ ਹਨ, ਸੰਦਿਗਧ ਥਾਈਂ ਪਾਠਾਂਤ੍ਰ ਦਿੱਤੇ ਗਏ ਹਨ, ਕਈ ਥਾਈਂ ਪ੍ਰਯਾਯ ਬੀ ਦਿਤੇ ਹਨ ਤੇ ਹੋਰ ਪਾਠ ਜਿੱਥੇ ਕਿਤੇ ਵਾਧੂ ਲੱਝੇ ਹਨ ਫੁਟ ਨੋਟਾਂ ਵਿਚ ਦੇ ਦਿਤੇ ਗਏ ਹਨ। ਕਈ ਥਾਈਂ ਪਹਿਲੇ ਨੁਸਖੇ ਵਿਚ ਚੌਪਈਆਂ ਦੋ ਦੋ ਸਤਰਾਂ ਦੀਆਂ ਸਨ, ਇਸ ਹੁਣ ਦੇ ਲੱਝੇ ਲਿਖਤੀ ਨੁਸਖੇ ਵਿਚੋਂ, ਜਿੱਥੇ ਬਾਕੀ ਦੋ ਦੋ ਦੇ ਪਾਠ ਮਿਲ ਗਏ ਹਨ, ਪਾ ਕੇ ਚਾਰੇ ਚਰਨ ਪੂਰੇ ਕਰ ਦਿੱਤੇ ਹਨ। ਇਸ ਨੁਸਖੇ ਵਿਚ ਇਕ ਹੋਰ ਗਲ ਬੀ ਦੇਖੀ ਗਈ ਹੈ, ਉਹ ਇਹ ਸੀ ਕਿ ਕਈ ਥਾਈਂ ਹਰ ਸਾਖੀ ਦੇ ਸ਼ੁਰੂ ਵਿਚ ਅਥ 'ਸ੍ਰੀ ਪੰਥ ਪ੍ਰਕਾਸ਼ ਗ੍ਰੰਥੇ' ਯਾ ਕਿਤੇ ਕਿਤੇ ਨਾਲ '੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ' ਬੀ ਸੀ। ਸਾਖੀਆਂ ਦੇ ਅੰਤ ਕਿਤੇ ਕਿਤੇ 'ਇਤਿ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥੇ' ਲਿਖਿਆ ਹੈ ਤੇ ਅਗੇ ਸਾਖੀ ਦਾ ਨਾਉਂ ਬੀ ਹੈ। ਸਭਨੀ ਥਾਈਂ ਇਕੋ ਤ੍ਰੀਕਾ ਨਾ ਵਰਤੀਣ ਕਰਕੇ ਅਸੀਂ ਇਹ ਗਲ ਇਥੇ ਹੀ ਸੂਚਿਤ ਕਰ ਦਿਤੀ ਹੈ ਕਿਉਂਕਿ ਅਸੀਂ ਅਜੇ ਹੋਰ ਨੁਸਖੇ ਦੀ ਖੋਜ ਵਿਚ ਹਾਂ ਜੋ ਇਸ ਤੋਂ ਪੁਰਾਤਨ ਮਿਲ ਸਕੇ ਤਾਂ ਹੋਰ ਸੁਧਾਈ ਹੋ ਸਕੇ। ਪਾਠਕਾਂ ਦੀ ਸੁਖੈਨਤਾ ਲਈ ਹਰ ਸਾਖੀ ਵਿਚ ਹਰ ਗਲ ਕਰਨ ਵਾਲੇ ਦੇ ਵਾਕਾਂ ਦੇ ਆਦਿ ਅੰਤ ਵਿਚ ਉਲਟੇ ਕਾਮੇ ' ' ਦਿਤੇ ਹਨ ਜੋ ਪਾਠਕ ਨੂੰ ਸਮਝਣ ਵਿਚ ਸੁਖੈਨਤਾ ਹੋ ਜਾਵੇ। ਹਰ ਇਕ ਸਾਖੀ ਦੇ ਆਰੰਭ ਵਿਚ ਬ੍ਰੀਕ ਅੱਖਰਾਂ ਵਿਚ ਸਾਖੀ ਦਾ ਸਿਰਲੇਖ ਕਰਤਾ ਦੇ ਸਿਰਲੇਖ ਤੋਂ ਵੱਖ ਅਸਾਂ ਦਿੱਤਾ ਹੈ ਜੋ ਹਰ ਇਕ ਸਾਖੀ ਦਾ ਪੂਰਾ ਪੂਰਾ ਪਤਾ ਦੇ ਸਕੇ ਤੇ ਇਨ੍ਹਾਂ ਸਿਰਲੇਖਾਂ ਦਾ ਪੁਸਤਕ ਦੇ ਆਰੰਭ ਵਿਚ ਤਤਕਰਾ ਦਿਤਾ ਹੈ ਜੋ ਵਿਸਥਾਰ ਸਹਿਤ ਹੈ। ਇਸ ਤਰ੍ਹਾਂ ਦੀ ਮਿਹਨਤ ਨਾਲ ਇਸ ਨੂੰ ਐਡਿਟ ਕਰਕੇ ਪ੍ਰਕਾਸ਼ਤ ਕੀਤਾ ਹੈ।

ਸੰਪਾਦਕ

ਜੂਨ ੧੯੩੯ ਈ:
ਹਾੜ ੧੯੯੬ ਬਿ:

Sri Satguru Jagjit Singh Ji eLibrary NamdhariElibrary@gmail.com

ਤੀਜੀ ਐਡੀਸ਼ਨ

ਹੁਣ ਇਹ ਪੁਸਤਕ ਤੀਜੀ ਵਾਰ ਛਾਪੀ ਜਾ ਰਹੀ ਹੈ; ਇਹ ਐਡੀਸ਼ਨ ਮਾਮੂਲੀ ਸੁਧਾਈਆਂ ਤੋਂ ਛੁਟ ਦੂਜੀ ਐਡੀਸ਼ਨ ਦਾ ਹੀ ਹੂਬਹੂ ਉਤਾਰਾ ਹੈ।

ਸਤੰਬਰ ੧੯੫੨ ਈ:
ਭਾਦ੍ਰੋਂ ੨੦੦੯ ਬਿ: ਸੰਪਾਦਕ

-o-

ਚੌਥੀ ਐਡੀਸ਼ਨ

ਇਹ ਚੌਥੀ ਛਾਪ ਤੀਜੀ ਛਾਪ ਦਾ ਹੀ ਉਤਾਰਾ ਹੈ।
ਦਸੰਬਰ ੧੯੬੨

-o-

ਪੰਜਵੀਂ ਤੋਂ ਅਠਵੀਂ ਐਡੀਸ਼ਨ

ਇਹ ਚਾਰੋਂ ਐਡੀਸ਼ਨਾਂ ਚੌਥੀ ਛਾਪ ਦਾ ਹੀ ਉਤਾਰਾ ਹਨ। ਇਸ ਦੀ ਦਿੱਖ 'ਚ ਸੁੰਦਰਤਾ ਲਿਆਉਣ ਲਈ ਇਸ ਅਠਵੀਂ ਐਡੀਸ਼ਨ ਨੂੰ ਕੰਪਿਊਟ੍ਰਾਇਜ਼ ਕਰਕੇ ਪ੍ਰਕਾਸ਼ਤ ਕੀਤਾ ਹੈ। ਆਸ ਹੈ ਪਾਠਕਾਂ ਨੂੰ ਪਸੰਦ ਆਵੇਗੀ।

ਫਰਵਰੀ ੨੦੦੮ ਭਾਈ ਵੀਰ ਸਿੰਘ ਸਾਹਿਤ ਸਦਨ

. Sri Satguru Jagjit Singh Ji eLibrary NamdhariElibrary@gmail.com .

ਪ੍ਰਾਚੀਨ ਪੰਥ ਪ੍ਰਕਾਸ਼

ਤਤਕਰਾ

ਅੰਕ	ਪ੍ਰਸੰਗ	ਪੰਨਾ
੧.	ਅੰਗ੍ਰੇਜ਼ਾਂ ਨੇ ਸਿੱਖਾਂ ਦਾ ਹਾਲ ਪੁੱਛਣਾ ਤੇ ਦਿੱਲੀ ਪਤਿ ਨੇ ਝੂਠ ਲਿਖਾਉਣਾ।	੧
੨.	ਇਸ ਪੁਸਤਕ ਦੇ ਰਚਨ ਦਾ ਕਾਰਨ।	੩
੩.	ਸ੍ਰੀ ਗੁਰੂ ਨਾਨਕ ਅਵਤਾਰ, ਬਾਲ ਚੋਜ ਤੇ ਵਿਆਹ।	੬
੪.	ਮੋਦੀਖਾਨਾ ਤੇ ਵੇਈਂ ਪ੍ਰਵੇਸ਼।	੮
੫.	ਉਦਾਸੀ ਕੀਤੀ, ਸਿੱਧ ਗੋਸਟ।	੧੦
੬.	ਕਲਜੁਗ ਨੂੰ ਫਿਕਰ।	੧੧
੭.	ਦੱਖਣ ਦੀ ਉਦਾਸੀ।	੧੧
੮.	ਪੂਰਬ ਦੀ ਉਦਾਸੀ।	੧੨
੯.	ਮੱਕਾ ਮਦੀਨਾ।	੧੩
੧੦.	ਉੱਤਰ ਦੀ ਉਦਾਸੀ।	੧੫
੧੧.	ਦਿੱਲੀ ਕੈਦੋਂ ਸੰਤ ਸਾਧ ਛੁਡਾਏ, ਹਾਥੀ ਜਿਵਾਇਆ।	੧੫
੧੨.	ਕਾਰੂੰ ਦੀ ਗੋਸ਼ਟ ਦਾ ਉਧਾਰ।	੧੬
੧੩.	ਦੂਸਰੇ ਪਾਤਸ਼ਾਹ ਤੋਂ ਦਸਮੇਸ਼ ਜੀ ਤੱਕ।	੧੭
੧੪.	ਨੌਵੇਂ ਪਾਤਸ਼ਾਹ ਦਾ ਸਾਕਾ।	੧੭
੧੫.	ਦਸਮੇਸ਼ ਜੀ ਨੇ ਅੰਸ ਕਿਉਂ ਨਾ ਰੱਖੀ?	੨੨
੧੬.	ਖਾਲਸਾ ਕਿਉਂ ਸਾਜਿਆ?	੨੨
੧੭.	ਅੰਮ੍ਰਿਤ ਸੰਸਕਾਰ।	੨੫
੧੮.	ਖਾਲਸੇ ਦਾ ਵਾਧਾਤੇ ਰਾਜ ਦਾ ਵਰ।	੨੬
੧੯.	ਨਿਹੰਗ ਸਿੰਘਾਂ ਦਾ ਵਰਤਾਰਾ।	੨੮
੨੦.	ਸਿੰਘਾਂ ਦਾ ਤੇ ਤੁਰਕਾਂ ਦਾ ਵੈਰ, ਖਾਲਸੇ ਦਾ ਝਾੜਾਂ ਵਿਚ ਚਲੇ ਜਾਣਾ।	੨੯
੨੧.	ਮਸੰਦਾਂ ਨੂੰ ਦੰਡ ਗੁਰੂ ਜੀ ਨੇ ਕਿਉਂ ਦਿੱਤਾ?	੩੦
੨੨.	ਆਨੰਦਪੁਰ ਦਾ ਵਡਾ ਜੰਗ, ਚਮਕੌਰ ਪੁੱਜਣਾ।	੩੧
੨੩.	ਵਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ। ਚਮਕੌਰ ਜੁੱਧ।	੩੫
੨੪.	ਚਮਕੌਰ ਛਡਣਾ, ਭਾਈ ਸੰਤ ਸਿੰਘ, ਗ਼ਨੀ ਖਾਂ, ਨਬੀ ਖਾਂ, ਮਾਹੀ।	੩੭
੨੫.	ਮਾਛੀਵਾੜੇ, ਗੁਲਾਬਾ, ਉੱਚ ਦੇ ਪੀਰ, ਕਰਦ ਭੇਟ।	੩੯
੨੬.	ਲਖਮੀਰ ਪਾਸ ਡੇਰਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ।	੪੦
੨੭.	ਗੁਰੂ ਜੀ ਨੂੰ ਖਬਰ ਸ਼ਹੀਦੀ ਦੀ ਪੁੱਜੀ, ਜ਼ਫਰਨਾਮਾ।	੪੨

. Sri Satguru Jagjit Singh Ji eLibrary NamdhariElibrary@gmail.com .

२८. ਖਿਆਲ ਪਾਤਸ਼ਾਹੀ ੧੦ ੪੩
२੯. ਸੀਤ ਪ੍ਰਸਾਦ ਦਬਾਯਾ, ਦੀਨਿਓਂ ਟੁਰੇ। ੪੩
੩੦. ਕਪੂਰਾ ਫਾਹੇ, ਬੈਰਾੜਾਂ ਦਾ ਕੋਰਾਪਨ, ਮਝੈਲਾਂ ਨੂੰ ਵਰ। ੪੪
੩੧. ਮੁਕਤਸਰ ਯੁੱਧ, ਟੁੱਟੀ ਗੰਢੀ, ਬੈਰਾੜਾਂ ਦੀ ਕਾਇਰਤਾ। ੪੫
੩੨. ਤਲਵੰਡੀ ਡੱਲਾ, ਬਠਿੰਡੇ, ਅੰਮ੍ਰਿਤ ਪ੍ਰਚਾਰ, ਗੁਰੂ ਕੀ ਕਾਸ਼ੀ। ੪੮
੩੩. ਮਾਲਵੇ ਨੂੰ ਵਰ। ੫੦
੩੪. ਦੱਖਣ ਨੂੰ ਟੁਰਨਾ ਤੇ ਡੱਲੇ ਆਦਿਕਾਂ ਦਾ ਮੁੜਨਾ। ੫੦
੩੫. ਦਾਦੂ ਦ੍ਵਾਰੇ ਜੈਤ ਰਾਮ ਨਾਲ ਮੇਲ। ੫੧
੩੬. ਬੰਦੇ ਦਾ ਪਹਿਲਾ ਹਾਲ ਸੁਣਿਆ। ੫੨
੩੭. ਬੰਦਾ ਮਿਲਾਪ। ੫੫
੩੮. ਬੰਦੇ ਪਰ ਗੁਰੂ ਜੀ ਦੀ ਮਿਹਰ ਤੇ ਪੰਜਾਬ ਵਲ ਤੋਰਨਾ। ੫੬
੩੯. ਬੰਦੇ ਨੂੰ ਖਾਲਸੇ ਦੀ ਸਲਾਹ ਵਿਚ ਤੁਰਨ ਦੀ ਤਗੀਦ। ੫੮
੪੦. ਬੰਦੇ ਦਾ ਪ੍ਰਤਾਪ। ੫੯
੪੧. ਕੈਥਲ ਦੇ ਫੌਜਦਾਰ ਨਾਲ ਜੁੱਧ। ੬੦
੪੨. ਸਿਹਰ ਖੰਡੇ ਤੋਂ ਸਿੰਘਾਂ ਨੂੰ ਚਿੱਠੀ। ਮਝੈਲਾਂ ਦਾ ਰੋਪੜ ਕੋਲ ਰੁਕਣਾ। ੬੨
੪੩. ਆਲੀ ਸਿੰਘ ਮਾਲੀ ਸਿੰਘ ਮਿਲੇ। ੬੩
੪੪. ਸਮਾਣਾ ਮਾਰਨਾ ਤੇ ਵਜ਼ੀਰ ਖਾਂ ਨੂੰ ਫਿਕਰ। ੬੪
੪੫. ਸਢੌਰਾ ਸੋਧਿਆ। ੬੫
੪੬. ਖਨੂੜ ਵਲ ਚੜ੍ਹਾਈ, ਵਜ਼ੀਰ ਖਾਂ ਦੇ ਸਿਪਾਹੀ ਧੋਖਾ ਦੇਣ ਹਿਤ ਭਰਤੀ ਹੋਏ। ੬੬
੪੭. ਮਲੇਰੀਆਂ ਨਾਲ ਯੁੱਧ, ਹਾਹ ਦਾ ਨਾਅਰਾ ਮਾਰਨ ਵਾਲਾ ਬਚਿਆ। ੬੭
੪੮. ਮਝੈਲਾਂ ਨਾਲ ਮਿਲਕੇ ਛੱਤ ਨੂੰ ਮਾਰਨਾ। ੬੮
੪੯. ਚਪੜ ਚਿੜੀ ਦੀ ਲੜਾਈ, ਵਜ਼ੀਰ ਖਾਂ ਮਾਰਿਆ। ੬੯
੫੦. ਸਰਹੰਦ ਵਿਚ ਦਾਖਲ ਹੋਏ ਪਰ ਲੁੱਟੀ ਨਾ। ੭੧
੫੧. ਘੁੜਾਣੀ ਰਾਮ ਰਈਏ ਸੋਧੇ। ੭੨
੫੨. ਮਲੇਰ ਕੋਟਲਾ ਸੋਧਿਆ। ੭੩
੫੩. ਦੁਆਬਾ ਜਿੱਤਿਆ, ਬੰਦੇ ਦੀ ਸ਼ਕਤੀ ਤੇ ਕਰਤੱਵਜ। ੭੪
੫੪. ਆਲੀ ਸਿੰਘ ਦੇ ਪੁੱਤ੍ਰ ਮਰੇ ਤੇ ਬੰਦੇਨੇ ਹੋਰ ਪੁਤ੍ਰਾਂ ਦਾ ਵਰ ਦਿੱਤਾ। ੭੫
੫੫. ਦੀਪ ਸਿੰਘ ਨੂੰ ਬੰਦੇ ਨੇ ਦੰਦ ਦਿਤੇ। ੭੬
੫੬. ਤੁਰਕਾਂ ਦੇ ਝੰਡੇ ਪਾਣੀਪਤ। ੭੬
੫੭. ਕਹਿਲੂਰੀਏ ਦੀ ਬੰਦੇ ਤੇ ਚੜ੍ਹਾਈ। ੭੭
੫੮. ਬੰਦੇ ਕਰਾਮਾਤ ਦਿਖਾਈ, ਸਿਪਾਹੀਆਂ ਦੇ ਬਲ ਪਰਖੇ। ੭੯
੫੯. ਬਾਘੜ ਸਿੰਘ ਦਾ ਪੈਰ ਪਹਾੜੀ ਸਿਪਾਹੀ ਨਾ ਚੁਕ ਸਕੇ। ੮੦

. Sri Satguru Jagjit Singh Ji eLibrary NamdhariElibrary@gmail.com .

੬੦. ਬੰਦੇ ਦਾ ਝੰਡਾ ਪਹਾੜੀਏ ਕੱਟ ਯਾ ਪੁੱਟ ਨਾ ਸਕੇ। ੮੦
੬੧. ਮੰਡੀ ਪਤੀ ਦੇ ਮਹਿਲਾਂ ਨੂੰ ਅੱਗ। ੮੧
੬੨. ਕਹਿਲੂਰੀਏ ਦਾ ਆਕੀ ਕਿਲ੍ਹਾ ਤੁੜਾਇਆ। ੮੨
੬੩. ਮੰਡੀ ਪਤੀ ਭੇਟਾ ਲੈਕੇ ਮਿਲਿਆ। ੮੪
੬੪. ਬੰਦੇ ਦੀ ਇਸਤ੍ਰੀ ਦੀ ਸ਼ਕਤੀ। ੮੫
੬੫. ਬੰਦੇ ਦਾ ਕੁੱਲੂਓਂ ਪਿੰਜਰੇ ਸਮੇਤ ਉਡਣਾ। ੮੬
੬੬. ਚੰਬਾ ਦੇਖਣਾ ਤੇ ਘੋੜੇ ਸਮੇਤ ਨਦੀ ਪਰ ਤੁਰਨਾ। ੮੮
੬੭. ਚੰਬੇ ਦੋ ਵਿਆਹ ਕਰਾਏ ਤੇ ਡਿਹਰਾ ਰਚਿਆ। ੮੯
੬੮. ਵਜ਼ੀਰ ਖਾਂ ਦੇ ਪੁੱਤ ਨੇ ਬਹਾਦਰ ਸ਼ਾਹ ਪਾਸ ਫਰਯਾਦ ਕੀਤੀ। ੮੯
੬੯. ਬਹਾਦਰ ਸ਼ਾਹ ਨੇ ਬੰਦੇ ਤੋਂ ਲਾਹੌਰ ਦਾ ਰਾਹ ਮੰਗਿਆ। ਤ੍ਰਾਵੜੀ ਦਾ ਯੁੱਧ। ੯੧
੭੦. ਬਹਾਦਰ ਸ਼ਾਹ ਦੇ ਪੁੱਤ੍ਰਾਂ ਦੀ ਗੜਬੜ। ੯੩
੭੧. ਫੱਰੁਖ਼ਸੀਅਰ ਤਖ਼ਤ ਤੇ ਬੈਠਾ। ੯੪
੭੨. ਚੁਗਲਾਂ ਦੀ ਚੁਗਲੀ। ੯੪
੭੩. ਫੌਜਦਾਰਾਂ ਦਾ ਸਿੰਘਾਂ ਤੇ ਧਾਵਾ। ਬਾਜ ਸਿੰਘ ਨੇ ਜਾਲੀ ਦੀਨ ਮਾਰਿਆ। ੯੫
੭੪. ਬੰਦੇ ਨੇ ਸ਼ੰਮਸ ਖਾਂ ਤੇ ਵਜ਼ੀਦ ਖਾਂ ਨੂੰ ਮਾਰਿਆ। ੯੬
੭੫. ਬੰਦੇ ਵਲ ਮਾਤਾ ਜੀ ਦੀ ਚਿੱਠੀ ਤੇ ਬੰਦੇ ਵਲੋਂ ਉਸਦਾ ਉਤਰ। ੯੮
੭੬. ਬੰਦੇ ਦਾ ਤੇ ਤੱਤ ਖਾਲਸੇ ਦਾ ਪਾਟਣਾ। ੯੯
੭੭. ਬੰਦੇ ਨੂੰ ਤੱਤ ਖਾਲਸੇ ਨੇ ਹਾਰ ਦਿੱਤੀ। ੧੦੨
੭੮. ਤੁਰਕਾਂ ਦੀ ਤੱਤ ਖਾਲਸੇ ਨਾਲ ਮੇਲ ਦੀ ਕੋਸ਼ਿਸ਼। ੧੦੫
੭੯. ਤੁਰਕਾਂ ਵਿਸਾਹ ਕੇ ਘੇਰਾ ਪਾਇਆ। ੧੦੬
੮੦. ਤੁਰਕਾਂ ਨੇ ਘੇਰੇ ਵਿਚ ਬੰਦੇ ਨੂੰ ਤੰਗ ਕਰਨਾ। ੧੦੮
੮੧. ਬੰਦਈਆਂ ਦੀ ਅਰਦਾਸ ਤੇ ਬੰਦੇ ਦਾ ਉਤਰ। ੧੦੯
੮੨. ਤੁਰਕਾਂ ਦਾ ਬੰਦੇ ਦੀ ਫੌਜ ਪਰ ਹੱਲਾ। ੧੧੦
੮੩. ਗੜ੍ਹੀ ਵਾਲਿਆਂ ਨਾਲ ਘਮਸਾਣ। ੧੧੨
੮੪. ਇਸੇ ਘਮਸਾਣ ਦਾ ਹੋਰ ਹਾਲ। ੧੧੩
੮੫. ਦੇਵੀ ਰਜਾਉਣੀ। ੧੧੬
੮੬. ਗੁਰਦਾਸ ਪੁਰ ਘਿਰਿਆਂ ਦੀ ਦੁਖ ਦਸ਼ਾ। ੧੧੭
੮੭. ਬੰਦਾ ਕੈਦ ਕਰਕੇ ਦਿੱਲੀ ਭੇਜਿਆ। ੧੧੯
੮੮. ਬੰਦੇ ਦੀ ਮੌਤ। ੧੨੧
੮੯. ਬੰਦੇ ਦੇ ਲੋਪ ਹੋਣ ਬਾਬਤ ਪ੍ਰਸੰਗ। ੧੨੨
੯੦. ਫ਼ਰੁਖਸੀਅਰ ,ਦੀ ਮੌਤ। ੧੨੫
੯੧. ਬੰਦੇ ਪਿਛੋਂ ਖਾਲਸੇ ਦਾ ਹਾਲ। ੧੨੬
੯੨. ਭੁਜੰਗੀਆਂ ਤੇ ਬੰਦਈਆਂ ਦੀ ਨਾਚਾਕੀ। ੧੨੬
੯੩. ਚਿੱਠੀਆਂ ਪਾਈਆਂ ਤੇ ਖਾਲਸੇ ਦੀ ਚਿੱਠੀ ਤਰੀ। ੧੨੯

. Sri Satguru Jagjit Singh Ji eLibrary NamdhariElibrary@gmail.com .

੯੪. ਮੀਰੀ ਸਿੰਘ ਤੇ ਸੰਗਤ ਸਿੰਘ ਦਾ ਘੋਲ। ੧੩੧
੯੫. ਪ੍ਰਸੰਗ ਬਾਬੇ ਬਨੋਦ ਸਿੰਘ ਔ ਕਾਹਨ ਸਿੰਘ ੧੩੨
੯੬. ਗੁਲਾਬ ਰਾਇ ਨੇ ਗੁਰੂ ਸਦਵਾਣਾ ਤੇ ਮਹਿਰੀ ਨੂੰ ਦੋ ਪੁਤ੍ਰਾਂ ਦਾ ਵਰ ਦੇਣਾ। ੧੩੨
੯੭. ਗੁਲਾਬ ਰਾਇ ਗੁਰੂ ਕਿਵੇਂ ਸਦਾਯਾ, ਉਸ ਦਾ ਐਸ਼੍ਵਰਜ ਤੇ ਬਹਾਦਰ ਸ਼ਾਹ ਨਾਲ ਮੇਲ। ੧੩੪
੯੮. ਗੁਲਾਬ ਰਾਇ ਦੀ ਸੰਤਾਨ ਦਾ ਨਾਸ਼, ਸਾਧੂ ਗੁਰਬਖਸ਼ ਨਾਲ ਵਿਰੋਧ। ੧੩੫
੯੯. ਇਕ ਸਿੱਖ ਦੇ ਕੱਚੇ ਘਰ ਪੱਕੇ ਬਣੇ। ੧੩੬
੧੦੦. ਸਿੱਖੀ ਪਰਖੀ, ਪੰਜ ਸੀਸ ਮੰਗੇ ਤੇ ਪਜਾਰਿਆਂ ਨੂੰ ਸ਼ਹੀਦੀ ਪਦ। ੧੩੭
੧੦੧. ਰੰਗੂ ਸ਼ਾਹੀਆਂ ਤੇ ਭੁਜੰਗੀਆਂ ਦਾ ਅਜੋੜ,
ਇਕ ਸਿੰਘ ਦੇ ਘਰ ਸਤਮਾਹਾਂ ਪੁਤ੍ਰ ਬਖਸ਼ਿਆ। ੧੩੯
੧੦੨. ਰੰਗੋ ਖੱਤ੍ਰੀ ਨੇ ਤੀਸਰੇ ਪਾਤਸ਼ਾਹ ਤੋਂ ਬਖਸ਼ਿਸ਼ ਪਾਈ। ੧੪੨
੧੦੩. ਸਾਖੀ ਹਿੰਦਾਲ ਦੀ। ੧੪੩
੧੦੪. ਹਿੰਦਾਲੀਆਂ ਤੇ ਨਿਰੰਜਨੀਆਂ ਦੇ ਬੇਮੁਖ ਵਡਕੇ,
ਜਨਮ ਸਾਖੀ ਦਾ ਵਿਗਾੜ ਤੇ ਹੋਰ ਬਿਮੁਖਤਾ। ੧੪੪
੧੦੫. ਤਾਰਾ ਸਿੰਘ ਵਾਈਂਏ ਪਰ ਪੱਟੀ ਦੇ ਹਾਕਮ ਦਾ ਹੱਲਾ...... ੧੪੭
੧੦੬. ਤਾਰਾ ਸਿੰਘ ਸ਼ਹੀਦ ਦੀ ਤਿਆਰੀ। ੧੫੦
੧੦੭. ਤਾਰਾ ਸਿੰਘ ਪਰ ਮੋਮਨ ਖਾਂ ਦੀ ਚੜ੍ਹਾਈ। ੧੫੧
੧੦੮. ਤਾਰਾ ਸਿੰਘ ਨੇ ਸ਼ਹੀਦੀ ਪਾਈ। ੧੫੨
੧੦੯. ਕੈਰੋਂ ਨੰਗਲੀ ਰੰਧਾਵਿਆਂ ਦਾ ਤੁਰਕਾਂ ਵਲੋਂ ਕਤਲ। ੧੫੬
੧੧੦. ਤੁਰਕਾਂ ਨੇ ਭੁਜੰਗੀਆਂ ਨੂੰ ਖਿਰਾਜ ਦੇਕੇ ਨਾਲ ਰਲਾਯਾ। ੧੫੮
੧੧੧. ਬੰਦੇ ਦੀ ਕੈਦ ਪਿਛੋਂ ਤੁਰਕ ਮੇਲ ਤੋੜਕੇ ਵਿਰੋਧੀ ਹੋ ਗਏ। ੧੫੯
੧੧੨. ਮੁਲਖ਼ਈਏ ਦੀ ਸਿੰਘਾਂ ਨਾਲ ਮੁੱਠ ਭੇੜ। ੧੬੦
੧੧੩. ਭਗਵੰਤੇ ਖੱਤਰੀ ਦੀ ਹਵੇਲੀ ਵਿਚ ਸਿੰਘਾਂ ਤੇ ਹੱਲਾ। ੧੬੨
੧੧੪. ਮਾਰਨ ਆਇਆਂ ਪਰ ਸਿੰਘਾਂ ਦਾ ਹੱਲਾ। ੧੬੩
੧੧੫. ਅਸਲਮ ਖਾਂ ਨੇ ਸਿੰਘਾਂ ਨਾਲ ਮੇਲ ਕਰਨ ਹਿਤ ਪਾਤਸ਼ਾਹ ਨੂੰ ਲਿਖਣਾ। ੧੬੫
੧੧੬. ਸ: ਕਪੂਰ ਸਿੰਘ ਜੀ ਨੂੰ ਨਵਾਬੀ। ੧੬੭
੧੧੭. ਨਵਾਬ ਕਪੂਰ ਸਿੰਘ ਨੇ ਖਾਲਸੇ ਦੇ ਪੰਜ ਜਥੇ ਬਨਾਉਣੇ। ੧੬੯
੧੧੮. ਜੱਸਾ ਸਿੰਘ ਆਹਲੂਵਾਲੀਏ ਦੀ ਮੁੱਢਲੀ ਵਿਥਜਾ। ੧੭੧
੧੧੯. ਅਸਲਮ ਖਾਂ ਦੀ ਥਾਵੇਂ ਸਮੁੰਦ ਖਾਂ ਬੈਠਾ। ੧੭੩
੧੨੦. ਖਾਲਸੇ ਨੂੰ ਲੰਗਰ। ਫੂਲਵੰਸੀ ਆਲਾ ਸਿੰਘ ਨੇ ਅੰਮ੍ਰਿਤ ਛਕਿਆ ਤੇ ਦੇਸ਼ ਮੱਲਿਆ। ੧੭੩
੧੨੧. ਮਰਹੰਦ ਮਾਰੀ। ਅੰਮ੍ਰਿਤ ਸਰੋਵਰ ਵਿਚੋਂ ਮਲਬਾ ਕੱਢਿਆ। ੧੭੪
੧੨੨. ਸ਼ਹੀਦੀ ਭਾਈ ਮਨੀ ਸਿੰਘ ਜੀ ਦੀ। ੧੭੫
੧੨੩. ਭਾਈ ਮਨੀ ਸਿੰਘ ਜੀ ਦੀ ਮਹਿਮਾ ਭੱਟ ਦੀ ਜ਼ੁਬਾਨੀ। ੧੭੯
੧੨੪. ਨਾਦਰ ਦਾ ਹੱਲਾ ਤੇ ਦਿੱਲੀ ਦੀ ਲੁੱਟ। ੧੮੦
੧੨੫. ਅਹਿਮਦ ਸ਼ਾਹ ਨੇ ਖਾਨ ਬਹਾਦਰ ਤੋਂ ਸਿੰਘਾਂ ਦੇ ਹਾਲ ਪੁੱਛੇ। ੧੮੨

Sri Satguru Jagjit Singh Ji eLibrary NamdhariElibrary@gmail.com

੧੨੬. ਖਾਲਸੇ ਦਾ ਪੱਤਾ ਪੱਤਾ ਵੈਰੀ। ੧੮੩
੧੨੭. ਮਤਾਬ ਸਿੰਘ ਸੁੱਖਾ ਸਿੰਘ ਨੇ ਮੱਸੇ ਦਾ ਸਿਰ ਵੱਢਣਾ। ੧੮੫
੧੨੮. ਬੋਤਾ ਸਿੰਘ ਸ਼ਹੀਦ ਦਾ ਪ੍ਰਸੰਗ। ੧੯੨
੧੨੯. ਭਾਈ ਸੁੱਖਾ ਸਿੰਘ ਦੀ ਆਦਿ ਕਥਾ। ੧੯੫
੧੩੦. ਭਾਈ ਸੁੱਖਾ ਸਿੰਘ ਦਾ ਇਕ ਗਿਲਜੇ ਨਾਲ ਯੁੱਧ। ੧੯੮
੧੩੧. ਭਾਈ ਸੁੱਖਾ ਸਿੰਘ ਨੇ ਕਰਮੇ ਛੀਨੇ ਨੂੰ ਮਾਰਿਆ। ੨੦੨
੧੩੨. ਭਾਈ ਸੁੱਖਾ ਸਿੰਘ ਨੇ ਦਿਨ ਦਿਹਾੜੇ ਸਰੋਵਰ ਵਿਚ ਇਸ਼ਨਾਨ ਕਰਨਾ। ੨੦੩
੧੩੩. ਮਤਾਬ ਦੇ ਕੋਟ ਦੇ ਸਿੰਘਾਂ ਪਰ ਤੁਰਕਾਂ ਦਾ ਹੱਲਾ। ੨੦੪
੧੩੪. ਸਿੰਘਾਂ ਦੀ ਦਸ਼ਾ। ੨੦੬
੧੩੫. ਖੱਡ ਵਿਚ ਲੁਕੇ ਸਿੰਘ ਤੱਕਕੇ ਤੁਰਕਾਂ ਖੱਡ ਨੂੰ ਅੱਗ ਲਾਉਣੀ। ੨੦੬
੧੩੬. ਭਾਈ ਸੁਬੇਗ ਸਿੰਘ ਤੇ ਉਸਦੇ ਸਪੁਤ੍ਰ ਦੀ ਗ੍ਰਿਫਤਾਰੀ ਤੇ ਕਸ਼ਟ। ੨੦੮
੧੩੭. ਭਾਈ ਤਾਰੂ ਸਿੰਘ ਦੀ ਗ੍ਰਿਫਤਾਰੀ। ੨੧੩
੧੩੮. ਬਾਬਰ ਦੇ ਹਿੰਦ ਵਿਚ ਆਉਣ ਦਾ ਕਾਰਨ। ੨੧੬
੧੩੯. ਬਾਬਰ ਨੂੰ ਗੁਰੂ ਜੀ ਨੇ ਪਾਤਸ਼ਾਹੀ ਦਿੱਤੀ। ੨੨੦
੧੪੦. ਭਾਈ ਤਾਰੂ ਸਿੰਘ ਜੀ ਕੈਦ ਹੋਏ। ੨੨੮
੧੪੧. ਸ਼ਹੀਦ ਭਾਈ ਮਤਾਬ ਸਿੰਘ। ੨੨੮
੧੪੨. ਸ਼ਹੀਦ ਭਾਈ ਤਾਰੂ ਸਿੰਘ। ੨੩੦
੧੪੩. ਨਵਾਬ ਦਾ ਪਿਸ਼ਾਬ ਬੰਦ ਹੋਣਾ। ੨੩੩
੧੪੪. ਨਵਾਬ ਦੀ ਮੌਤ ਤੇ ਸੁਬੇਗ ਸਿੰਘ ਜੰਬਰ ਦਾ ਸਿੱਕਾ। ੨੩੯
੧੪੫. ਭਾਈ ਤਾਰੂ ਸਿੰਘ ਜੀ ਸ਼ਹੀਦ ਹੋਏ ਤੇ ਦਾਹ ਸੰਸਕਾਰ। ੨੪੦
੧੪੬. ਖਾਲਸੇ ਦੀਆਂ ਭਾਜੜਾਂ ਤੇ ਜਸਪਤ ਦਾ ਸਿੰਘਾਂ ਤੇ ਹੱਲਾ ਤੇ ਉਸ ਦਾ ਮਾਰਿਆ ਜਾਣਾ। ੨੪੧
੧੪੭. ਛੋਟਾ ਘੱਲੂਘਾਰਾ। ੨੪੫
੧੪੮. ਪਹਾੜੀ ਰਿਆਸਤਾਂ ਵਿਚ ਸਿੰਘਾਂ ਨਾਲ ਸਲੂਕ। ੨੫੫
੧੪੯. ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ। ੨੫੭
੧੫੦ ਅਹਿਮਦ ਸ਼ਾਹ ਦਾ ਹਮਲਾ, ਲੱਖੂ ਸਿੰਘਾਂ ਦੇ ਹਵਾਲੇ। ੨੫੭
੧੫੧. ਰਾਮ ਰੌਣੀ ਦਾ ਬਣਨਾ ਤੇ ਉਸ ਪਰ ਅਦੀਨਾਬੇਗ ਦਾ ਹਮਲਾ। ੨੫੯
੧੫੨. ਕੌੜਾ ਮੱਲ ਨੇ ਸਿੰਘਾਂ ਦੀ ਕੁਮਕ ਨਾਲ ਸ਼ਾਹਨਵਾਜ਼ ਮਾਰਿਆ। ੨੬੪
੧੫੩. ਖਾਲਸੇ ਦੇ ਸ੍ਰੀ ਅੰਮ੍ਰਿਤਸਰ ਡੇਰੇ। ੨੬੫
੧੫੪. ਖਾਲਸੇ ਵਿਚ ਫੁੱਟ। ਸੁੱਖਾ ਸਿੰਘ ਸ਼ਹੀਦ। ੨੬੫
੧੫੫. ਮਹਾਂਰਾਜਾ ਕੌੜਾ ਮੱਲ ਦਾ ਸ਼ਹੀਦ ਹੋਣਾ। ੨੬੯
੧੫੬. ਆਦੀਨਾ ਬੇਗ ਤੇ ਸੋਢੀ ਬਡਭਾਗ ਸਿੰਘ। ਜਲੰਧਰ ਕਤਲ। ੨੬੯
੧੫੭. ਸਰਹੰਦ ਲੁੱਟਣੀ ਤੇ ਮਰਹੱਟਿਆਂ ਨਾਲ ਮੁੱਠ ਭੇੜ। ੨੭੫
੧੫੮. ਸਦੀਕ ਬੇਗ ਸਰਹੰਦੀ ਨਾਲ ਮੁਕਾਬਲਾ ਤੇ ਫੇਰ ਸੁਲਹ। ੨੭੭

. Sri Satguru Jagjit Singh Ji eLibrary NamdhariElibrary@gmail.com .

੧੫੯. ਗਾਜ਼ੀਉੱਦੀਨ ਵਜ਼ੀਰ ਤੇ ਰੰਗ ਕਵੀ। ੨੭੯
੧੬੦. ਤੁਰਕਾਂ ਨੇ ਰਲਕੇ ਮਰ੍ਹੱਟਿਆਂ ਨੂੰ ਕੱਢਣ ਹਿਤ ਸਲਾਹ ਕੀਤੀ। ੨੮੦
੧੬੧. ਖਾਲਸੇ ਤੇ ਗਿਲਜ਼ਿਆਂ ਦੀ ਖਿਚਾ ਖਿੱਚੀ। ੨੮੦
੧੬੨. ਹਾਠੂ ਸਿੰਘ ਮੜੈਲ ਨੂੰ ਹਾਥੀਆਂ ਦੇ ਪੈਰਾਂ ਨਾਲ ਬੰਨ੍ਹਕੇ ਸ਼ਹੀਦ ਕੀਤਾ। ੨੮੧
੧੬੩. ਬੀਕਾਨੇਰੀਏ ਦੀ ਸਹਾਇਤਾ ਕੀਤੀ। ੨੮੧
੧੬੪. ਸਾਖੀ ਖਾਂਗਰ ਦੇਸ਼ ਦੀ। ੨੮੨
੧੬੫. ਸਿੱਤ ਸਿੰਘ ਦਾ ਸ਼ਹੀਦ ਹੋਣਾ, ਜਹਾਨ ਖਾਂ ਨਾਲ ਟਾਕਰਾ। ੨੮੨
੧੬੬. ਦਾਦੂ ਰਾਮ ਸਾਧ ਨੂੰ ਕਸ਼ਟ। ਮੀਰ ਮੰਨੂ ਦੀ ਮੌਤ। ੨੮੩
੧੬੭. ਮਥਰਾ ਲੁੱਟੀ ਤੇ ਅਲੀਗੜ੍ਹ ਦਾ ਕਿਲ੍ਹਾ ਮਾਰਿਆ। ੨੮੫
੧੬੮. ਵੱਡਾ ਘੱਲੂਘਾਰਾ, ਕੁਪਰਹੀੜੇ ਵਾਲਾ। ੨੮੯
੧੬੯. ਵੈਰਾੜਾਂ ਤੇ ਖਾਲਸੇ ਦੀ ਅਣਬਣ। ੨੯੯
੧੭੦. ਵੈਰਾੜਾਂ ਨਾਲ ਫਿਰ ਮੇਲ। ੩੦੨
੧੭੧. ਕਪੂਰੇ ਦਾ ਫਾਹੇ ਲਗਣਾ। ੩੦੩
੧੭੨. ਮੁਰੰਡੇ ਰੰਘੜਾਂ ਦੀ ਸੋਧ। ੩੦੪
੧੭੩. ਲੱਛਮੀ ਨਰੈਣ ਨੱਠਾ। ਖਾਦਸ਼ਾਹ ਨੇ ਸਿੰਘਾਂ ਨਾਲ ਮੇਲ ਹਿਤ ਕਿਹਾ। ੩੦੮
੧੭੪. ਕਸੂਰ ਮਾਰਕੇ ਬਾਹਮਣ ਨੂੰ ਬਾਹਮਣੀ ਦਿਵਾਈ। ੩੦੯
੧੭੫. ਰਾਮਗੜ੍ਹੀਆਂ ਦਾ ਗਿਰਾਉ। ੩੧੪
੧੭੬. ਕਸੂਰ ਵਿਚ ਦਿਲੇਰਾਮੀਆਂ ਦਾ ਸਰਬੰਸ ਨਾਸ਼। ੩੧੪
੧੭੭. ਬਿਸ਼ੰਭਰ ਦੀਵਾਨ ਨੂੰ ਸੋਧ ਕੇ ਦੁਆਬਾ ਮੱਲਣਾ। ੩੧੯
੧੭੮. ਵਜਕਤੀ ਗਤ ਮੁਲਖ ਮੱਲਣਾ। ੩੨੦
੧੭੯. ਖਾਲਸੇ ਨੂੰ ਖੁੱਲ੍ਹਾਂ, ਅਹਿਮਦਸ਼ਾਹ ਨੇ ਤੁੰਮਣਦਾਰ ਛੱਡੇ। ੩੨੧
੧੮੦. ਬੁੱਢਾ ਤੇ ਤਰਨਾ ਦਲ। ਕੁਜਰਾਂਵਾਲੇ ਪਰ ਸੂਧੇ ਦਾ ਹੱਲਾ। ੩੨੨
੧੮੧. ਸਰਬੁਲੰਦ ਨੂੰ ਫੜਕੇ ਛਡਿਆ ਤੇ ਸਫਰ ਖਰਚ ਦੇਕੇ ਕਾਬਲ ਨੂੰ ਟੋਰ ਦਿੱਤਾ। ੩੨੩
੧੮੨. ਜ਼ੈਨ ਖਾਂ ਮਾਰਿਆ। ੩੨੫
੧੮੩. ਸਰਹੰਦ ਤੀਜੀ ਵਾਰ ਉਜਾੜੀ। ੩੨੭
੧੮੪. ਸਰਹੰਦ ਵਿਚ ਦੇਹੁਰੇ ਬਣਵਾਏ। ੩੨੭
੧੮੫. ਸਰਹੰਦ ਉਜਾੜੀ ਤੇ ਕਿਲ੍ਹਾ ਮੱਲਿਆ। ੩੨੯
੧੮੬. ਖਾਲਸੇ ਦੀਆਂ ਮੱਲਾਂ ਦੀ ਵੰਡ। ੩੩੦
੧੮੭. ਲਾਹੌਰ ਤੇ ਚੜ੍ਹਾਈ ਤੇ ਗਿਲਜ਼ਿਆਂ ਦੀ ਘਬਰਾਹਟ। ੩੩੨
੧੮੮. ਸ਼ਹੀਦੀ ਗੁਰਬਖਸ਼ ਸਿੰਘ ਸ਼ਹੀਦ ਜੀ ਦੀ। ੩੩੩
੧੮੯. ਜਵਾਹਰ ਮੱਲ ਭਰਤਪੁਰੀਏ ਨੂੰ ਖਾਲਸੇ ਦੀ ਮਦਦ। ੩੪੧
੧੯੦. ਅਹਿਮਦ ਸ਼ਾਹ ਦਾ ਆਖਰੀ ਹਮਲਾ, ਸਿੰਘਾਂ ਦੇ ਛਾਪੇ ਤੇ ਅਹਿਮਦ ਸ਼ਾਹ ਦਾ ਮਰਨਾ। ੩੪੪
੧੯੧. ਸਿੰਘਾਂ ਪਰ ਹੋਏ ਜ਼ੁਲਮਾਂ ਦੀ ਵੀਚਾਰ ਮਰੀ ਸਾਹਿਬ ਨਾਲ। ੩੪੮

Sri Satguru Jagjit Singh Ji eLibrary NamdhariElibrary@gmail.com

੧੯੨. ਅਮਰ ਸਿੰਘ ਪਟਲੇਸ਼੍ਵਰ ਨਾਲ ਬਘੇਲ ਸਿੰਘ ਦਾ ਯੁੱਧ ਤੇ ਫਿਰ ਮਿੱਤ੍ਰਤਾ। ੩੪੯
੧੯੩. ਲੁਹਾਰੀ ਦੇ ਹਾਕਮ ਪਾਸੋਂ ਦਿਜ-ਸੁਤਾ ਛੁਡਾਈ।
ਸ: ਬਘੇਲ ਸਿੰਘ ਨੇ ਦਿੱਲੀ ਦੇਹੁਰੇ ਬਣਵਾਏ। ੩੫੭
੧੯੪. ਸ਼ਾਹ ਨਾਲ ਸ: ਬਘੇਲ ਸਿੰਘ ਦੀ ਮੁਲਾਕਾਤ ਤੇ
ਸਿੰਘਾਂ ਦੀ ਲੁੱਟ ਦਾ ਨਮੂਨਾ ਦਿਖਾਇਆ। ੩੬੩
੧੯੫. ਭਰਤਪੁਰੀਏ ਸੂਰਜ ਮੱਲ ਨਾਲ ਮੇਲ ਤੇ ਪੰਜ ਲੱਖ ਟਕਾ ਲੈਕੇ ਮਿਸਲਾਂ ਵਿਚ ਵੰਡਿਆ। ੩੬੬
੧੯੬. ਰਾਜਕਿਆਂ ਤੇ ਫੂਲਕਿਆਂ ਦੀ ਆਦਿ ਕਥਾ। ਰਾਜਾ ਚਤੁਰ ਮਾਲ। ੩੬੮
੧੯੭. ਮੋਹਨ ਨੂੰ ਪਟਾ ਜ਼ਮੀਨ ਦਾ ਮਿਲਿਆ। ੩੭੧
੧੯੮. ਫੂਲ ਤੇ ਕਾਲੇ ਦੇ ਪੁਤ੍ਰਾਂ ਨੂੰ ਗੁਰੂ ਕਾ ਵਰ। ੩੭੨
੧੯੯. ਫੂਲਕਿਆਂ ਮੁਲਕ ਮੱਲਣਾਂ। ੩੭੪
੨੦੦. ਮਲੇਰੀਏ ਪਠਾਣਾਂ ਤੋਂ ਆਲਾ ਸਿੰਘ ਦੀ ਰੱਖਿਆ। ਬੀਰ ਸਿੰਘ ਰੰਘਰੇਟਾ। ੩੭੫
੨੦੧. ਪੰਥ ਨੇ ਬੁੰਗੇ ਬਨਾਉਣੇ ਤੇ ਗ੍ਰੰਥ ਸਮਾਪਤੀ। ੩੭੮

. Sri Satguru Jagjit Singh Ji eLibrary NamdhariElibrary@gmail.com .

੧ੴ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥

ਅਥ

ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥੇ

ਪ੍ਰਥਮੇਂ ਖਾਲਸੇ ਜੀ ਕੀ ਆਦਿ ਉਤਪਤੀ ਕੀ ਸਾਖੀ

੧. (ਅੰਗ੍ਰੇਜ਼ਾਂ ਨੇ ਸਿੱਖਾਂ ਦਾ ਹਾਲ ਪੁਛਣਾ ਤੇ ਦਿੱਲੀਪਤਿ ਨੇ ਝੂਠ ਲਿਖਾਉਣਾ)

ਦੋਹਰਾ: ਸ੍ਰੀ ਗੁਰੂ ਨਾਨਕ ਚਰਨ ਬੰਦ ਗੁਰ ਗੋਬਿੰਦ ਸਿੰਘ ਧਜਾਇ।
ਲਿਖੋਂ ਉਤਪਤੀ ਖਾਲਸੇ, ਮੋ ਨਿਜ ਕਰਹੁ ਸਹਾਇ।੧।

ਚੌਪਈ: ਅਬ ਮੈਂ ਲਿਖੋਂ ਸਿੰਘਨ ਕੀ ਸਾਖੀ। ਜਿਹ ਬਿਧ ਬਡਨ ਅਸਾਡਨ ਆਖੀ।
ਔਰ ਪੁਰਾਤਨ ਤੇ ਭੀ ਸੁਨੀ। ਹੁਤੇ ਜੁ ਬਿਰਧ ਸਿੱਖ ਬਹੁਗੁਨੀ।੨।
ਸੋ ਮੈਂ ਕਹੋਂ ਯਥਾ ਮਤ ਮਾਹੀ। ਮਨ ਤਨ ਪ੍ਰੀਤ ਭਾਉ ਭੈ ਦਾਹੀ।
ਜਿਹ ਬਿਧਿ ਕਹੀ ਅੰਗ੍ਰੇਜ਼ਨ ਸੰਗ। ਰਖੋਂ ਉਥਾਨਕਾ ਸੋਊ ਪ੍ਰਸੰਗ।੩।
ਹੁਤੋ ਢਬਾਈ ਫ੍ਰਾਂਸੀਸ ਫਿਰੰਗੀ। ਮ੍ਰਹੱਟਨ ਨੌਕਰ ਰਖਯੋ ਸੁ ਜੰਗੀ।
ਇਕ ਕੰਪੂ ਤਿਸ ਸੁਪੁਰਦ ਕਰ ਦਯੋ। ਬਹੁਤ ਬਰਸ ਸੋ ਚਾਕਰ ਰਹਯੋ।੪।
ਭਯੋ ਬੂਢੋ ਤੌਂ ਤੱਕਯੋ ਵਤਨ। ਤੁਰਯੋ ਬੇਚ ਸਭ ਆਪਨ ਜਤਨ।
ਪੀਰੂ ਭੈਣ ਜਾਯੋ ਉਸ ਆਹਿ। ਬਾਕੀ ਸੌਂਪ ਗਯੋ ਉਸ ਯਾਹਿ।੫।

ਦੋਹਰਾ: ਸੋ ਪੀਰੂ ਇਕ ਕੰਪੂਓਂ ਔਰ ਕੀਏ ਤਿੰਨ ਚਾਰ।
ਦਿੱਲੀ ਔਤੇ ਆਗਰੋ ਰੰਗ ਬੀਚ ਬਹਯੋ ਮਾਰ।੬।

ਚੌਪਈ: ਮ੍ਰਹੱਟਨ ਕੋ ਤਬ ਸੀਮੋ ਪਯੋ। ਚਾਹੈਂ ਮੁਲਕ ਉਸੇ ਤੇ ਲਯੋ।
ਪੀਰੂ ਮਨਸੂਬੋ ਠਹਿਰਯੋ। ਬੇਚ ਦੇਸ ਅੰਗ੍ਰੇਜ਼ਨ ਦੈ ਗਯੋ।੭।
ਸੈਯ ਅਠਾਰਾਂ ਸੱਠੈ ਸਾਲ। ਗਯੋ ਮ੍ਰਹੱਟਨ ਕੋ ਵਹੁ ਗਾਲ।
ਲਯੋ ਮੁਲਕ ਅੰਗ੍ਰੇਜ਼ਨ ਰੋਕ। ਮ੍ਰਹੱਟਨ ਕੇ ਘਰ ਪਰ ਗਯੋ ਸ਼ੋਕ।੮।
ਦਿੱਲੀ ਆਇ ਵੜਯੋ ਕਰਨੈਲ। ਲੋਣੀ ਅਖਤਰ ਜੋ ਜਰਨੈਲ।
ਸਿੰਘਨ ਘੇਰ ਲਈ ਚੜ੍ਹ ਦਿੱਲੀ। ਗੱਲ ਅੰਗ੍ਰੇਜ਼ਨ ਕਰ ਦਈ ਢਿੱਲੀ।੯।
ਅੰਗ੍ਰੇਜ਼ ਜ੍ਰਨੈਲ ਮਨ ਗੁੱਸਾ ਆਯਾ। ਨਹਿੰ ਸਿੰਘਨ ਸੌਂ ਜੋਰ ਬਸਾਯਾ।
ਤਬ ਅੰਗ੍ਰੇਜ਼ਨ ਪੁਛਯੋ ਪਤਿਸ਼ਾਹਿ। 'ਸਿੰਘਨ ਮੁਲਕ ਦੀਓ ਕਿਨ ਆਹਿ ?।੧੦।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਮਾਰਜੋ ਕੌਨ ਗ਼ਨੀਮ ਇਨ? ਕੌਨ ਸਵਾਰਜੋ ਕਾਮ?
ਦੀਨੋ ਪਟੋ ਲਿਖਾਇ ਜਿਨ ਕਹੋ ਸ਼ਾਹਿ ਉਸ ਨਾਮ'।੧੧।

ਦਿੱਲੀ ਕਾ ਪਾਤਿਸ਼ਾਹਿ ਵਾਚ--

ਚੌਪਈ: ਤਬ ਪਾਤਿਸ਼ਾਹਿ ਉੱਤਰ ਕਹਜੋ। 'ਨਹੀਂ ਸ਼ਾਹਿ ਕਿਨ ਇਨ ਕੌ ਲਿਖਦਜੋ।
ਨਹੀਂ ਕਾਮ ਕੋਊ ਇਨੈ ਸਵਾਰਜੋ। ਨਹਿੰ ਗਨੀਮ ਕੋਉ ਇਨ ਨੈ ਮਾਰਜੋ।੧੨।
ਨਿਜਮਲ ਮੁਗਲ ਨੈ ਨਾਦਰ ਬੁਲਾਯੋ। ਦਿੱਲੀ ਕੌ ਉਨ ਨਾਸ ਕਰਾਯੋ।
ਰੁਹੇਲੇ ਨਜੀਬੇ ਅਹਿਮਦ ਸ਼ਾਹਿ ਸਦਵਾਯੋ। ਭਾਊ ਮ੍ਰਹਟੋ ਉਨੈ ਗਲਵਾਯੋ।੧੩।
ਆਪ ਥੱਕ ਕੈ ਵਹੁ ਮੁੜ ਗਯੋ। ਮੁਲਕ ਆਕੀ ਇਮ ਉਸ ਤੇ ਰਹਜੋ'।
ਸ਼ਾਹਿ ਦੁਸ਼ਟਿ ਇਮ ਕਪਟ ਉਚਾਰਾ। ਸਿੰਘਨ ਊਪਰ ਤੋੜਾ ਝਾੜਾ।੧੪।
ਸਿੰਘਨ ਕੋ ਉਨ ਰੱਯਤ ਬਤਾਯੋ। ਨਹਿੰ ਉਨ ਖਾਲਸੋ ਪੰਥ ਜਤਾਯੋ।
ਨਹਿੰ ਉਨ ਗੁਰੂਅਨ ਭੇਦ ਕਛੁ ਕਹਾ। ਗੁਰੂਅਨ ਸ਼ਾਹਨ ਜਿਮ ਝਗੜੋ ਰਹਾ।੧੫।

ਦੋਹਰਾ: ਸ੍ਰੀ ਗੁਰੂ ਨਾਨਕ ਜਿਮ ਭਯੋ ਆਗੇ ਵਧਜੋ ਪ੍ਰਤਾਪ।
ਜਿਮ ਬਾਬਰ ਪਰ ਕ੍ਰਿਪਾ ਭਈ ਕਹਜੋ ਨ ਮਨ ਰਖ ਪਾਪ।੧੬।

ਚੌਪਈ: ਜਿਮ ਫਿਰ ਮੁਗ਼ਲਨ ਹਿੰਦੂ ਸਤਾਏ। ਜਿਮ ਉਨ ਸਿਖ ਔ ਗੁਰੂ ਅਕਾਏ।
ਜਿਮ ਜਿਮ ਗੁਰੂਅਨ ਸਿਰਰ ਸੁ ਕੀਯੋ। ਸੀਸ ਦੀਯੋ ਔ ਸਿਰਰ ਨ ਦੀਯੋ।੧੭।
ਜਿਹ ਬਿਧਿ ਬੈਰ ਸ਼ਾਹਨ ਗੁਰ ਭਯੋ। ਜਿਮ ਗੁਰ ਹੁਕਮ ਹੁਇ ਪੰਥ ਰਚਯੋ।
ਪੰਥ ਮਦਤ ਕੋ ਚੰਡਿ ਜਗਾਈ।। ਚੰਡਿ ਭੇਟ ਦਏ[1] ਬੇਟ ਲਗਾਈ।੧੮।
ਦੇਹ ਆਪਨ ਵੀ ਚੰਡ[1] ਚੜ੍ਹਵਾਈ। ਵਹੁ ਤੁਰਕਨ ਸਿਰ ਭਈ ਬੁਰਾਈ।
ਪੰਥ ਖ਼ਾਤਰ ਗੁਰ ਇਤੀ ਕਮਾਈ। ਸੋਊ ਦੁਸ਼ਟ ਨੈ ਨਾਹਿੰ ਸੁਨਾਈ।੧੯।

ਦੋਹਰਾ: ਅਪਾਪੀਏ[2] ਅਪਰਾਧ ਬਿਨ ਸ਼ੀਰ ਖੋਰ ਗੁਰ ਬਾਲ।
ਬੇਦੋਸ਼ੇ ਫੜ ਗਲ ਕਟੇ ਕਹਜੋ ਨ ਉਨੈਂ ਹਵਾਲ।੨੦।

ਚੌਪਈ: ਫਿਰ ਬਹਾਦਰ ਸਾਹਿ ਗੁਰ ਲਯੋ ਰਿਝਾਈ। ਪਤਸਾਹਿ ਕੀ ਯੌ ਸਭ ਕਲਾ ਦਿਖਾਈ।
ਭੇਜ ਬੰਦੇ ਕੌ ਫਿਰ ਖੁਹਿ ਲਈ। ਤੱਤ ਖਾਲਸੇ ਪੈ ਸੋਊ ਅਈ।੨੧।

ਦੋਹਰਾ: ਕਹੀ ਨ ਗੱਲ ਵਹੁ ਗੁਰਨ ਕੀ ਔ ਕਹੀ ਨ ਗਲ ਵਹ ਪੰਥ।
ਘੁਲਤੇ ਬੀਤੇ ਬਰਸ ਬਹੁ ਪਾਤਿਸ਼ਾਹਿ ਔ ਗੁਰ ਸੰਤ।੨੨।

ਸੋਰਠਾ: ਬੰਦ ਬੰਦ ਸਿਖਨ ਕਟਾਇ ਖੋਪ੍ਰੀ ਸਿਰੋਂ ਉਤਾਰਿਕੈ।
ਪਿੰਡ ਪਿੰਡ ਸੂਲੀ ਗਡਾਇ ਹਾਰ ਗਏ ਜਿਮ ਮੁਗ਼ਲ ਬਲੁ।੨੩।

ਚੌਪਈ: ਔਰ ਨਾਦਰ ਗੱਲ ਸਭ ਨ ਕਹੀ। ਦਿੱਲੀ ਲੁੱਟੀ ਜਿਨ੍ਹੋਂ ਕਤਲ ਕਰਹੀ।
ਉਸ ਕਉ ਭੀ ਸਿੰਘ ਲੁਟਤੇ ਰਹੇ। ਕਾਬਲ ਕੰਧਾਰ ਦੇ ਰਾਹਿ ਲੁੱਟ ਖਹੇ।੨੪।

---

੧. ਭਾਵ ਕੁਰਬਾਨੀ ਕੀਤੀ ਹੈ। ੨. ਪਾਪ ਰਹਿਤ

Sri Satguru Jagjit Singh Ji eLibrary NamdhariElibrary@gmail.com

ਫਿਰ ਅਹਿਮਦ ਸ਼ਾਹਿ ਲਹੌਰ ਮੱਲ ਬਹਜੋ। ਦਿੱਲੀ ਆਗਰੋ ਸਭ ਮੱਲ ਲਯੋ।
ਸੋ ਸਿੰਘਨ ਨੈ ਦਯੋ ਨਿਕਾਰ। ਲਏ ਸਿੰਘਨਿ ਉਸ ਸੂਬੇ ਮਾਰ।੨੫।

ਦੋਹਰਾ: ਜਿਮ ਉਸ ਪੁਤ੍ਰ ਤੰਮੂਰ ਕੋ ਲੰਘਾਯੋ ਮੁਰਦਨ ਕੈ ਰਾਹਿ।
ਗਯੋ ਤਲਾਕ ਨਿਕਾਰ ਕੈ ਹਮ ਉਲਾਦ ਆਵੈ ਇਤ ਨਾਹਿ।੨੬।

ਚੌਪਈ: ਫੇਰ ਪੋਤਰੇ ਉਸ ਕੇ ਆਏ। ਸੋਊ ਖਾਲਸੇ ਮਾਰ ਹਟਾਏ।
ਪੰਥ ਆਦਿ ਤੈ ਘੁਲਤੈ ਆਯੋ। ਦੁਸਟ ਪਾਤਸਾਹੈ ਰਯਤ ਸੁਨਾਯੋ।੨੭।

ਦੋਹਰਾ: ਦੁਸ਼ਟ ਦੁਸ਼ਟਾਈ ਨਹਿੰ ਤਜੇ ਜਿਮ ਸਰਪ ਤਜੇ ਬਿਖ ਨਾਹਿ।
ਅਕਮਰ ਦੂਧ ਪਿਲਾਈਐ ਡੰਗ ਮਾਰਨ ਤੇ ਨ ਟਲਾਹਿ।੨੮।

ਚੌਪਈ: ਕੋਊ ਨ ਕਹੀ ਉਨ ਸਾਚੀ ਬਾਤ। ਝੂਠ ਕਹਜੋ ਉਨ ਸਮਝ ਸੁ ਘਾਤ।
ਜਿਮ ਉਨ ਕਹਜੋ ਤਿਮ ਮੁਨੈਲ ਲਿਖ ਧਰਜੋ। ਸੱਚ ਝੂਠ ਤਬ ਨਾਹਿੰ ਬਿਚਰਜੋ।੨੯।
ਤੁਰਕ ਹਿੰਦੂ ਕੋ ਬੈਰ ਹੁਤੋ ਆਦ। ਦੀਨ ਮਜ਼੍ਹਬ ਕੋ ਆਦੋ ਬਾਦ।
ਝੂਠ ਕਹਿਨ ਮੈਂ ਜੇ ਰਿਪੁ ਮਰੈ। ਤੁਰਕ ਹਿੰਦੂਅਨ ਤੇ ਕਬ ਟਰੈ।੩੦।

ਦੋਹਰਾ: ਭੁਜਾ ਭਿਵਾਂਈਐ ਤੇਲ ਸਿਉਂ ਦੀਜੈ ਤਿਲੈ ਲਗਾਇ।
ਮਾਰੋ ਹਿੰਦੁਅਨ ਕਸਮ ਕਰ ਇਨ ਗਯੋ ਰਸੂਲ ਬਤਾਇ।੩੧।
ਰਤਨ ਸਿੰਘ ਨੈ ਜਿਮ ਸੁਨੀ ਸੋ ਤਉ ਧਰੀ ਲਿਖਾਇ।
ਸੁਨੋ ਸੰਤ ਮਨ ਲਾਇਕੈ ਆਗੈ ਕਹੂੰ ਬਧਾਇ।੩੨।

ਅਥ ਦੁਤੀਯੋ ਸਾਖੀ ਕੋ ਪ੍ਰਸੰਗ ਲਿਖਯਤੇ

੨. [ਇਸ ਪੁਸਤਕ ਦੇ ਰਚਣ ਦਾ ਕਾਰਨ ਤੇ ਅੰਗ੍ਰੇਜ਼ਾਂ ਦੀ ਸੱਚੇ ਸਿਖ ਇਤਿਹਾਸ ਲੱਭਣ ਦੀ ਕੋਸ਼ਸ਼]

ਦੋਹਰਾ: ਜਬ ਪਾਤਿਸਾਹੈ ਇਮ ਕਹਜੋ ਇਨ ਦਯੋ ਰਾਜ ਕਿਨ ਨਾਹਿ।
ਰੱਯਤ ਆਕੀ ਹਮ ਭਈ ਅਏ ਨਾਦਰ ਅਹਿਮਦ ਸਾਹਿ।੧।

ਚੌਪਈ: ਤਬ ਅੰਗ੍ਰੇਜ਼ਨ ਤਿਉਂ ਹੀ ਲਿਖ ਲਯੋ। ਸਿੰਘਨ ਰਾਜ ਨ ਕਿਨਹੂੰ ਦਯੋ।
ਨਹੀਂ ਪਰਵਾਨੋ ਸਿੰਘਾਂ ਪਾਹਿ। ਨਹੀਂ ਬਖਸ਼ ਕਿਨ ਕਰੀ ਪਾਤਿਸਾਹਿ।੨।
ਦਿਲੀਸ਼ ਕਹਜੋ ਤਿਮ ਲਿਖਯੋ ਕਿਤਾਬ। ਹੁਕਮ ਪਾਇ ਯੌ ਧਰੀ ਸ਼ਿਤਾਬ।
'ਜੋ ਨਹਿੰ ਪਰਵਾਨੋ ਸਿੰਘਨ ਪਾਹਿ। ਔ ਨਹਿੰ ਬਖਸ਼ਜੋ ਕਿਨ ਪਤਿਸਾਹਿ।੩।
ਰੱਯਤ ਆਕੀ ਕਬ ਰਹਨੈ ਪਾਇ। ਲਈਅਗੁ ਇਨ ਤੈ ਮੁਲਕ ਛਿਨਾਇ'।
ਜਬ ਅੰਗ੍ਰੇਜ਼ਨ ਇਮ ਲਿਖ ਧਰਜੋ। ਦੁਸ਼ਟ ਮੁਗਲ ਤਬ ਖੁਸ਼ੀਅਨ ਭਰਜੋ।੪।

ਦੋਹਰਾ: ਤੁਰਕ ਨ ਖੁਸ਼ੀਆਂ ਕਿਮ ਕਰੈਂ ਕਿਮ ਕਹੈਂ ਨ ਖੋਟੀ ਬਾਤ।
ਤੁਰਕਨ ਔ ਹਿੰਦੂਅਨੰ ਹੁਤੋ ਦੀਨ ਮਜ਼੍ਹਬ ਕੋ ਘਾਤ।੫।

Sri Satguru Jagjit Singh Ji eLibrary NamdhariElibrary@gmail.com

ਚੌਪਈ: ਕਈ ਬਰਸ ਇਮ ਬੀਤਤ ਭਏ। ਰਣਜੀਤ ਸਿੰਘ ਮੁਲਖੱਯੈ ਸੰਤਏ।
ਉਇ ਅੰਗੇਜ਼ਨ ਕੋ ਲੈ ਆਏ। ਲੁਦਿਹਾਣੈ ਸੋਊ ਆਣ ਬਹਾਏ।੬।

ਦੋਹਰਾ: ਸਾਲ ਅਠਾਰਾਂ ਸੈ ਬਿਤੇ ਅਧਿਕ ਚੌਸਟੇ ਸੋਇ।
ਮੋੜਯੋ ਪਾਰ ਉਤਾਰ ਤਿਨ ਰਣਜੀਤ ਸਿੰਘ ਦਲ ਜੋਇ।੭।

ਸੋਰਠਾ: ਲੀਨੀ ਈਨ ਠਹਿਰਾਇ ਸਤਦ੍ਰਵ ਪਾਰ ਨ ਹਮ ਲਖੈਂ।
ਮੁਲਖਯਨ ਦਿਲਾਸੈ ਲਾਇ ਮੁਲਕ ਮਫੂਜਾ ਲਿਖ ਦਯੋ।੮।

ਦੋਹਰਾ: ਸੋਊ ਬਾਤ ਉਨ ਚਿਤ ਰਖੀ ਲੂਣੀ ਅਖਤ੍ਰ ਜ੍ਰਨੈਲ।
ਲੁਦਿਹਾਣੈ ਆਇ ਪੁੱਛੀ ਜਬ ਭਯੋ ਸਿੰਘਨ ਸਜੋਂ ਮੇਲ।੯।

ਚੌਪਈ: ਤਬ ਜ੍ਰਨੈਲ ਸੋਚ ਚਿਤ ਆਈ। ਹੁਤੀ ਜੁ ਬਾਤ ਪਾਤਿਸ਼ਾਹ ਲਿਖਾਈ।
ਜ੍ਰਨੈਲ ਅਗੇ ਥੋ ਮਾਲੀ ਕਪਤਾਨ। ਜਿਹ ਜਾਨਤ ਹੈ ਬਹੁਤ ਜਹਾਨ।੧੦।
ਤਿਸਕੋ ਕਹਯੋ ਜ੍ਰਨੈਲ ਬੁਲਾਇ। ਬਹਾਇ ਪਾਸ ਉਸ ਖੂਬ ਸਮਝਾਇ।
'ਸਿੰਘਨ ਕੀ ਉਤਪਤੀ ਲਿਖਾਯੋ। ਜਿਮ ਕਰ ਖਾਲਸੇ ਰਾਜ ਆਦ ਪਾਯੋ।੧੧।
ਜਿਮ ਕਹੀ ਦਿੱਲੀਪਤਿ ਤਿਮ ਹੈ ਸਾਤਿ। ਕੈ ਕੁਛ ਲਗਾਯੋ ਮੁਗ਼ਲਨ ਘਾਤ।
ਹਿੰਦੂ ਤੁਰਕਨ ਮੇਲ ਕੁਛ ਨਾਹਿ। ਮੁਸਲਮਾਨ ਕਦ ਸੱਚ ਕਹਾਇੰ।੧੨।
ਕਿਮ ਕਰ ਜੱਟਨ ਸ਼ਾਹਿ ਸੂਬੇ ਮਾਰੇ। ਸ਼ਾਹਿ ਰੱਯਤ ਤੇ ਕਿਮ ਕਰ ਹਾਰੇ।
ਬਾਈ ਸੂਬੇ ਮੁਗ਼ਲਨ ਪਾਹਿ। ਕਈ ਜਜ਼ੀਰੈ ਸਾਮੁੰਦ੍ਰ ਮਾਹਿ।੧੩।
ਸਾਰੀ ਹਿੰਦ ਚੁਗੱਤਿਨਿ ਪਾਸ। ਕੌਨ ਗਜ਼ਬ ਕਰ ਏ ਭਏ ਨਾਸ।
ਰੱਯਤ ਛੇਲੀ ਹਾਕਮ ਸ਼ੇਰ। ਹਾਕਮ ਬਾਜ਼ ਔ ਰਯਤ ਬਟੇਰ।੧੪।

ਦੋਹਰਾ: ਛੇਲੀਅਨ ਮਾਰੇ ਸ਼ੇਰ ਕਿਮ, ਕਿਮ ਬਟੇਰਨ ਮਾਰੇ ਬਾਜ?
ਹਾਕਮ ਮਾਰੇ ਰੱਯਤੈਂ ਯਹ ਕਰਮਾਤਹਿ ਕਾਜ।੧੫।
ਹੈ ਇਨ ਮੈਂ ਕਿਛੁ ਸ਼ਕਤ ਬਲ ਕੈ ਕਿਮ ਡਾਢੇ ਪੰਥ।
ਲਿਖੋ ਹਕੀਕਤ ਇਨ ਸਭੋ ਤੌਂ ਯਹ ਪਈਏ ਅੰਤ'।੧੬।
ਜਰਨੈਲ ਕੋ ਮਾਲੀ ਕਹੀ ਜਿਮ ਕਹੀ ਦਿਲੀ ਕੇ ਸ਼ਾਹਿ।
ਤੈਸੇ ਲਿਖਿ ਪਠਾਈਐ ਪਹਿ ਲੰਦਨ ਪਾਤਿਸ਼ਾਹਿ।੧੭।

ਚੌਪਈ: ਜ੍ਰਨੈਲ ਅੰਗ੍ਰੇਜ਼ ਥੋ ਬਡੋ ਗਿਆਨੀ। ਕਹਾ ਮਰੀ ਸੋਊ ਉਸੈ ਨ ਮਾਨੀ।
ਕਹਯੋ ਕੂੜ ਜੋ ਹੁਇ ਪਤਿਸ਼ਾਹਿ। ਦੇਇ ਬਾਤ ਮੋਹਿ ਕੂੜਿ ਕਰਾਹਿ।੧੮।
ਦੂਸਰ ਬਾਤ ਤਿਨ ਲਈ ਬਿਚਾਰ। ਹੁਤੋ ਬਿਰਧ ਔ ਬਡ ਖਬ੍ਰਦਾਰ।
ਸਿੰਘਨ ਔ ਪਤਸ਼ਾਹਨ ਮਾਹਿ। ਲਖਯੋ ਸ਼ਰੀਕੋ ਜਰਨੈਲ ਵਾਹਿ।੧੯।
ਕਹੀ ਬਾਤ ਜਉ ਸ਼ਾਹਿ ਸਚ ਹੋਗ। ਭਰੈ ਸ਼ਾਹਿਦੀ ਸਭ ਉਸ ਲੋਗ।
ਜੋਊ ਸ਼ਾਹਿ ਹੈ ਝੂਠ ਉਚਾਰਾ। ਸਾਚ ਝੂਠ ਕਰ ਲੇਹੁ ਨਿਆਰਾ।੨੦।

Sri Satguru Jagjit Singh Ji eLibrary NamdhariElibrary@gmail.com

ਅਕੈ ਲਿਖਤ ਕੋਊ ਪੁਰਾਤਨ ਲਭੱਯੈ। ਇਮ ਕਰ ਹਮਰੋ ਮਨ ਪਤਿਅੱਯੈ।
ਲਿਖਤ ਭੇਜੀਐ ਲੰਦਨ ਸੋਊ। ਯਾ ਮੈਂ ਝੂਠ ਨ ਇਕ ਤਿਲ ਹੋਊ।੨੧।

ਦੋਹਰਾ: ਜਿਮ ਸਿੰਘਨ ਰਾਜ ਮੱਲਿਓ ਸਭ ਭਾਂਤ ਲਿਖਾਯੋ ਸਾਲ।
ਸੁਨ ਝੇੜੇ ਸਭ ਖਾਲਸੈ ਜਾਨਜੋ ਜੱਗ ਹਵਾਲ।੨੨।

ਚੌਪਈ: 'ਮਰੀ' ਹੁਕਮ ਲੈ ਉੱਦਮ ਕੀਯੋ। 'ਬੂਟੈ ਸ਼ਾਹਿ' ਮੌਲਵੀ ਸਦ ਲੀਯੋ।
ਲਿਖਨ ਕਤਾਬ ਉਸੈ ਫ਼ਰਮਾਯੋ। 'ਸਿੰਘਨ ਕੀ ਉਤਪਤੀ ਲਿਖਾਯੋ।੨੩।
ਜਿਮ ਹੁਇ ਸੱਚ ਸੋਉ ਮੈ ਲਿਖੈਯੋ। ਯਾ ਮੈਂ ਝੂਠ ਨ ਕਛੁ ਰਲੈਯੋ।
ਯਹਿ ਜਾਵਗ ਸ਼ਾਹ ਲੰਦਨ ਪਾਸ। ਔਰ ਦੀਪਨ ਮੈਂ ਹੋਗ ਪ੍ਰਕਾਸ਼'।੨੪।

ਦੋਹਰਾ: ਐਸੀ ਐਸ ਤਗੀਦ ਕਰ 'ਬੂਟੇ ਸ਼ਾਹ' ਸਮਝਾਇ।
ਲਿਖਜੋ ਹਕੀਕਤ ਖਾਲਸੈ ਜਿਮ ਸਿੰਘਨ ਭਯੋ ਵਧਾਇ।੨੫।

ਚੌਪਈ: ਉਸੀ ਕਚਹਿਰੀ ਹਮ ਥੇ ਗਏ। ਸੁਨ ਯਹ ਬਾਤ ਸੁ ਚਿੰਤਤ ਭਏ।
ਯਹਿ ਮੌਲਵੀ ਹੈ ਮੁਸਲਮਾਨ। ਕਬ ਸਿੱਖਨ ਜਸ ਕਰੈ ਬਖਾਨ।੨੬।
ਕਰ ਗੋਸ਼ਟ ਹਮ ਮਰੀ ਸਮਝਾਯੋ। ਉਸ ਕਾ ਲਿਖਿਆ ਹਮਹਿੰ ਦਿਖਾਯੋ।
ਉਸਕੋ ਦੇਖ ਹਮ ਬਾਤ ਉਚਾਰੀ। 'ਇਨ ਗਲ ਖਾਲਸੇ ਕਹੀ ਨ ਸਾਰੀ'।੨੭।

ਦੋਹਰਾ: ਸੋ ਮਰੀ ਹਮਾਰੋ ਮਿਤ ਭਯੋ ਮੁਹਿ ਫਿਰ ਕਹਜੋ ਬੁਲਵਾਇ।
'ਜਿਮ ਉਤਪਤਿ ਭਈ ਖਾਲਸੇ ਤਿਮ ਤੁਮ ਦੇਹ ਲਿਖਾਇ'।੨੮।

ਚੌਪਈ: ਤੌਮੈਂ ਕਹੀ 'ਸੁਨ ਮਰੀ ਕਪਤਾਨ! ਤੁਮ ਪਤੀਜਤ ਹੋਹਿ ਮੁਸਲਮਾਨ।
ਤੁਰਕਨ ਹਿੰਦੂਅਨ ਬੈਰ ਹੈ ਆਦ। ਖਹਾ ਖਹੀ ਕਰ ਰੱਖੈਂ ਬਾਦ।੨੯।
ਹਿੰਦੂਅਨ ਕੀ ਤੁਰਕ ਖੋਟੀ ਕਹੈਂ। ਹਿੰਦੂ ਤੁਰਕਨ ਨਿੰਦਤ ਰਹੈਂ'।
ਤਬ ਮਾਲੀ ਕਪਤਾਨ ਬਖਾਨੀ। 'ਹਮ ਅੰਗ੍ਰੇਜ਼ ਹੈਂ ਚਤੁਰ ਗਿਆਨੀ।੩੦।
ਸਾਚ ਝੂਠ ਹਮ ਖੂਬ ਬਿਚਾਰਹਿੰ। ਦੂਧ ਨੀਰ ਜਿਮ ਹੰਸ ਨਿਆਰਹਿੰ।
ਬਿਸ਼ਕ ਲਿਖਾਵੋ ਸਚ ਹਮ ਪਾਹਿ। ਝੂਠ ਹੋਇ ਹਮ ਲਿਖੈਂ ਨ ਵਾਹਿ।੩੧।
ਅੰਗ੍ਰੇਜ਼ ਲੋਕ ਜੋ ਪਰ ਭੂਮ ਜਾਵਤ। ਤਿਸੈ ਹਵਾਲ ਸਭੀ ਲਿਖ ਲਜਾਵਤ।
ਜੁਊ ਹੋਤ ਹੈ ਸਾਚ ਸਭ ਖਾਸ। ਸੁਊ ਪੁਜਾਇਤ ਪਤਿ ਲੰਦਨ ਪਾਸ'।੩੨।

ਦੋਹਰਾ: ਤੌ ਮਾਲੀ ਨੈ ਹਮ ਕਹਜੋ 'ਇਤਨੀ ਬਾਤ ਬਤਾਹੁ।
ਸਿੰਘਨ ਪਾਯੋ ਰਾਜ ਕਿਮ ਔ ਦੀਨੋ ਕਿਨ ਪਾਤਿਸ਼ਾਹੁ'।੩੩।

ਚੌਪਈ: ਤਿਸੈ ਬਾਤ ਮੈਂ ਐਸੇ ਕਹੀ। 'ਸਿੰਘਨ ਪਤਿਸਾਹੀ ਸਾਹਿ ਸੱਚੈ ਦਈ'
ਮਰੀ ਕਹਜੋ 'ਸ਼ਾਹ ਸੱਚੋ ਕੋਇ?' ਅਸਾਂ ਕਹਜੋ 'ਸ਼ਾਹ ਨਾਨਕ ਜੋਇ'।੩੪।
ਮਰੀ ਕਹਜੋ 'ਭਜੋ ਨਾਨਕ ਫਕੀਰ। ਉਨ ਸ਼ਾਹੀ ਕੀ ਕਜਾ ਤਤਬੀਰ?'
ਹਮੈ ਕਹਜੋ 'ਵਹਿ ਸ਼ਾਹਿਨ ਸਾਹ। ਦੀਨ ਦੁਨੀ ਸੱਚੋ ਪਤਿਸ਼ਾਹਿ।੩੫।

Sri Satguru Jagjit Singh Ji eLibrary NamdhariElibrary@gmail.com

ਕਈ ਸ਼ਾਹ ਤਿਨ ਕੀਯੇ ਫਕੀਰ। ਕਈ ਫਕੀਰ ਕਰ ਦੀਨੇ ਪੀਰ।
ਰਹਜੋ ਆਪ ਹੁਇ ਬੇਪਰਵਾਹ। ਯੌਂ ਨਾਨਕ ਭਯੋ ਸ਼ਾਹਿਨ ਸ਼ਾਹਿ।੩੬।
ਜਿਨ ਸ਼ਾਹ ਨਾਨਕ ਚਰਨ ਪ੍ਰਸਾਏ। ਤਿਨ ਮੈਂ ਸ਼ਕਤਿ ਇਤੀ ਭਈ ਆਏ।
ਚਿੜੀਅਨ ਤੇ ਉਨ ਬਾਜ ਕੁਹਾਏ। ਛੇਲਨ ਕੋਲੋਂ ਸ਼ੇਰ ਤੁੜਾਏ।੩੭।

ਦੋਹਰਾ: ਜਿਨ ਕੈ ਘੋੜੈ ਗੈਲ ਲੱਖ ਤੋਪਨ ਕਈ ਹਜ਼ਾਰ।
ਤਖ਼ਤ ਪਤਿਸਾਹੀ ਬਹਿ ਕਰਤ ਤਿਨ ਦਾਮਨ ਦੀਨੇ ਗਾਰ।੩੮।
ਭਾਂਗ ਨੁਗਦ ਲੈ ਨਾਮ ਸਿਰ ਡਾਰੈਂ ਜਾਂਕੇ ਦਾਸ।
ਰਹੈ ਨ ਅੜਨੈ ਜੋਗ ਵਹੁ ਤੁਰਤ ਹੋਇ ਤਿਹ ਨਾਸ਼'।੩੯।

ਕਬਿੱਤ: ਬਤੀਸਾ ਮਰੀ ਨੇ ਪਿਆਰੇ ਬਚ ਹਮ ਸਿਉਂ ਉਚਾਰੇ ਤਬ
'ਨਾਨਕ ਜੀ ਪਾਈ ਜਿਮ ਸ਼ਾਹੀ ਕਹੋ ਸੋਊ ਢਬ'।
ਹਮ ਉਸੈ ਯੌਂ ਸੁਨਾਈ 'ਸੁਨੋਂ ਸੰਤ ਮਿੱਤ ਭਾਈ!
ਸੁਨਿ ਕੈ ਬੁਲਾਇ ਸਮਝਾਇ ਕਹੀ ਨਿਜੈ ਰਬ।
ਰਾਜਾ ਕਹ ਕਹਿਆ ਮੋਰ ਉਸੈ ਕਿਮ ਪੁਜੇ ਜੋਰ।
ਅੰਗ ਸੋਂ ਲਗਾਇ ਕਹੀ ਜਾਵੀਐ ਜ਼ਰੂਰ ਅਬ।
ਨਾਨਕ ਕਹਾਵੋ ਨਾਮ ਬੇਦੀ ਕੁਲ ਪਾਵੋ ਜਾਇ
ਰਾਖੋ ਜੋਊ ਆਵੈ ਸ਼ਰਨ ਦੁਸ਼ਟਨ ਕੋ ਗਾਰੋ ਦਬ'।੪੦।

ਚੌਪਈ: ਮਰੀ ਕਹੈ 'ਹਮ ਸੁਨਾਵੋ ਸੁਬੱਬਾ। ਨਾਨਕ ਰਾਜ ਕਿਮ ਭਯੋ ਥੋ ਰੱਬਾ'।
ਜਿਮ ਉਸਕੋ ਹਮ ਉੱਤਰ ਦੀਨੋਂ। ਤਿਮੈ ਸੁਨੋ ਤੁਮ ਸੰਤ ਪ੍ਰਬੀਨੋਂ:-।੪੧।
ਕਲਜੁਗ ਮੈਂ ਬਡ ਪਰ ਗਯੋ ਦੂੰਦ। ਵਧਯੋ ਕੁਧਰਮ ਧਰਮ ਭਯੋ ਮੰਦ।
ਲਾਲਚ ਲਾਗੇ ਮਾਇਆ ਭੂਪ। ਰਾਜਨ ਪਾਏ ਨਿਜ ਧ੍ਰਮ ਕੂਪ।੪੨।
ਪੰਥ ਧਾਰੀ ਬੀ ਜੋ ਜਗ ਆਏ। ਪੰਥ ਬਿਚਲ ਭੀ ਤਿਨ ਕੇ ਗਾਏ।
ਮਾਇਆ ਮੋਹ ਸਭਨ ਕੋ ਛਰਯੋ। ਧਰਮ ਹਾਰ ਨਿਜ ਕੁਲ ਚਹਿੰ ਭਰਯੋ।੪੩।

ਸ੍ਰੀ ਮੁਖਵਾਕ ਸਲੋਕ

"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ"॥
(ਮਾਝ:ਵਾਰ-੧੬)

ਪਹਲੇ ਮਹੱਲੇ ਕੀ ਜਨਮ ਸਾਖੀ ਲਿਖਯਤੇ

੩. [ਸ੍ਰੀ ਗੁਰੂ ਨਾਨਕ ਅਵਤਾਰ, ਬਾਲ ਚੋਜ ਤੇ ਵਿਆਹ]

ਦੋਹਰਾ: ਤੌ 'ਮਾਰੀ' ਨੈ ਫਿਰ ਕਹਯੋ 'ਸਭ ਹਮ ਦੇਹੁ ਬਤਾਇ।
ਕੌਨ ਸਾਲ ਔ ਕਾਲ ਕੌਨ ਦੇਸ਼ ਕੌਨ ਔ ਥਾਇ'।੧।

Sri Satguru Jagjit Singh Ji eLibrary NamdhariElibrary@gmail.com

ਰਤਨ ਸਿੰਘ ਬਾਚ–

ਚੌਪਈ: ਸਾਲ ਸੁਨੌਂ ਅਬ ਬਿਕ੍ਰਮ ਰਾਇ। ਪੰਦ੍ਰਾ ਸੈ ਔ ਛਬੀਆ ਥਾਇ।
ਤਲਵੰਡੀ ਬੁਲਾਰ ਭੁਇ ਰਾਇ। ਢਿਗ ਲਾਹੌਰ ਔ ਕਸੂਰਹਿ ਦਾਇ।੨।
ਖੱਤ੍ਰੀ ਜਾਤ ਉਸ ਬੇਦੀ ਕਹਾਇ।। ਲਿਯੋ ਅਵਤਾਰ ਇਸੈ ਕੁਲ ਮਾਂਹਿ।
ਹੁਤੀ ਕੁਲੈ ਵਹ ਅਤਿ ਧ੍ਰਮ ਕਾਰੀ। ਜਿਨ ਮੈਂ ਨਾਨਕ ਜਨਮ ਲਿਯੋ ਧਾਰੀ।੩।
ਸਤਿਜੁਗ ਮੈਂ ਜੋ ਜੋਗ ਥਾ ਭਯੋ। ਜਿਹ ਮਧ ਜਨਮ ਸੁ ਨਰ ਸਿੰਘ ਲਯੋ।
ਔ ਤ੍ਰੇਤੈ ਮੈਂ ਜੋਗ ਭਯੋ ਜੋਊ। ਰਾਮ ਜਨਮ ਮਧ ਧਾਰਯੋ ਸੋਊ।੪।
ਦੁਆਪਰ ਜਨਮਯੋ ਕ੍ਰਿਸ਼ਨ ਜੋਗ ਸਿਧ। ਨਾਨਕ ਜਨਮ ਕੁਲ ਮਿਲੀ ਸੋਊ ਬਿਧ।
ਪਿਤਾ ਨਾਮ ਥੋ ਕਾਲੂ ਦਾਸ। ਮਾਤ ਨਾਮ ਥੋ ਤ੍ਰਿਪਤੋ ਤਾਸ।੫।

ਦੋਹਰਾ: ਧਰਮ ਮਾਹਿ ਹੋਵਤ ਘਨੇ ਧਨ ਮਹਿਂ ਥੇ ਕਿਛ ਊਨ।
ਕਿਛ ਕੁਲ ਕੋ ਕੁਛ ਉਨਹਿ ਕੋ ਆਇ ਪ੍ਰਗਟਯੋ ਬਡ ਪੂਨ।੬।
ਭਲ ਸਾਇਤ ਔ ਭਲ ਘੜੀ ਭਲੋ ਨਿਛੱਤਰ ਜੋਗ।
ਭਲੀ ਰਾਸ ਔ ਗ੍ਰਿਹ ਭਲੇ ਔਸਰ ਭਲੇ ਸੰਜੋਗ।੭।
ਜਨਮਤਿ ਹੀ ਤਿਹ ਮਾਤ ਪਿਤ ਬਢਯੋ ਬਹੁਤ ਪਰਤਾਪ।
ਰਿੱਧਿ ਸਿੱਧ ਨਉ ਨਿੱਧ ਯੁਤ ਦੀਯੋ ਭੂਮ ਧਨ ਆਪ।੮।

ਚੌਪਈ: ਆਵਿਲ ਗਾਡਨ ਕੋ ਪ੍ਰਿਥੀ ਖੁਣਾਈ। ਤਹਾਂ ਦਰਬ ਤਿਸ ਨਦਰੀ ਆਈ।
ਮਾਤ ਪਿਤਾ ਦਿਲ ਵਧਯੋ ਹੁਲਾਸ। ਪੰਡਤ ਸੱਦ ਪੁਛਯੋ ਬਡ ਖਾਸ।੯।

ਦੋਹਰਾ: ਪੰਡਤ ਟੇਵਾ ਲਿਖ ਧਰਯੋ ਮਨ ਮੈਂ ਬਡਿ ਸੁਖ ਪਾਇ।
ਮੁੜ ਮੁੜ ਬਾਲਕ ਰੂਪ ਲਖ ਮੰਦ ਮੰਦ ਮੁਸਕਾਇ।੧੦।

ਚੌਪਈ: ਟੇਵਾ ਪੰਡਤ ਧਰਯੋ ਲਿਖਾਇ। ਦਯੋ ਮਾਤ ਪਿਤ ਬਹੁ ਸਮਝਾਇ।
ਪੰਡਤ ਕਹਿ 'ਇਸ ਅਦਬ ਰਖਾਯੋ। ਇਹ ਕੋਊ ਪੁਰਖ ਪੂਰਨ ਹੈ ਆਯੋ।੧੧।
ਨਿਹਕਲੰਕ ਜਨ ਯਹਿ ਭਯੋ ਆਪ। ਜਾਪਤ ਇਸ ਕੋ ਇਤੋ ਪ੍ਰਤਾਪ'।
ਨਕਾਰ ਅੱਛਰ ਉਨ ਮੁਹਰੇ ਧਰਾਯੋ। ਨਿਹਕਲੰਕ ਤੇ ਨਾਨਕ ਕਹਵਾਯੋ।੧੨।
ਜੋ ਕੋਊ ਪਾਵੇ ਦਰਸ਼ਨ ਆਇ। ਹੁਇ ਪ੍ਰਸੰਨ ਬਹੁ ਮੋਹਯੋ ਜਾਇ।
ਕਈ ਵਾਰ ਵਹੁ ਦੇਖਯੋ ਚਹੈ। ਦੇਖਤ ਦਰਸ ਨ ਉਸ ਤ੍ਰਿਪਤਹੈ।੧੩।

ਦੋਹਰਾ: ਕੋਊ ਕਹੈ ਯਹ ਭਯੋ ਸਿੱਧ ਕੋਊ ਕਹੈ ਅਵਤਾਰ।
ਕੋਊ ਕਹੈ ਪਾਤਸ਼ਾਹ ਯਹ ਹੋਉਗੁ ਸੁ ਛਤ੍ਰਧਾਰ।੧੪।

ਚੌਪਈ: ਧਨਵਾਨ ਕਹੈ ਦੇਈਐ ਯਾਹਿ। ਨਿਰਧਨ ਕਹੈ ਧਨ ਇਤ ਸੇਵਿਆਹਿ।
ਕੋਊ ਕਹੈ ਇਸ ਸੇਵ ਪ੍ਰਤਾਵੈਂ। ਸੁਖਨਾ ਸੁਖੈਂ ਮੁਰਾਦਾਂ ਪਾਵੈਂ।੧੫।
ਜਿਮ ਜਿਮ ਸਤਿਗੁਰ ਕਲ ਪ੍ਰਗਟਾਵੈ। ਤਿਮ ਤਿਮ ਲੋਕ ਸੁ ਦੇਖਨ ਆਵੈਂ।
ਜੋ ਚਿਤ ਚਿਤਵੈ ਸੋਊ ਸੁਨਾਏ। ਅਗਮ ਨਿਗਮ ਕੀ ਬਾਤ ਬਤਾਏ।੧੬।

ਕਾਲੂ ਕੇ ਮਨ ਪੁੱਤਰ ਭਾਇ। ਚਹੈ ਕਰਾਈ ਕਾਰ ਉਨ ਪਾਹਿ।
ਆਗਜਾ ਪਿਤ ਕੀ ਮੋੜੈ ਨਾਂਹੀ। ਜਿਤ ਵਲ ਤੋਰੈਂ ਤਿਤ ਵਲ ਜਾਹੀਂ।੧੭।
ਸਤਿਨਾਮ ਜਪ ਮੁਖ ਤੇ ਕਰੈਂ। ਕਰਤਾ ਪੁਰਖ ਕਹਿ ਬਚਨ ਉਚਰੈਂ।
ਯਹੀ ਉਪਦੇਸ਼ ਸਭ ਬਾਲਨ ਦੇਵੈਂ। ਸਤਿ ਕਰਤਾਰ ਉਨ ਮੁਖੋਂ ਕਹੇਵੈਂ।੧੮।

ਦੋਹਰਾ: ਕੀਯੋ ਤੰਤਾਰੋ ਕਾਨਿਨਿਨਿ[1] ਮਰਦਾਨੈ ਦੀਯੋ ਫੜਾਇ।
ਖਜਾਇ ਸਬਦ ਬਹਿ ਗਾਵਈ ਸਭ ਬਾਲਨ ਸਾਥ ਰਲਾਇ।੧੯।

ਚੌਪਈ: ਜੇ ਸਭ ਬਾਲਨ ਕਥਾ ਲਿਖਾਈਂ। ਬਢੈ ਗ੍ਰੰਥ ਬਡ ਅੰਤ ਨ ਪਾਈ।
ਯਾਂ ਤੇ ਮੈਂ ਅਬ ਸੁਚ ਸੋਂ[2] ਕਹੋਂ। ਬੀਜ ਮਾਤ੍ਰ ਕੁਛ ਲਿਖਿਓ ਚਹੋਂ।੨੦।
ਜਿਮ ਖਾਲਨ ਸੋਂ ਖੇਡ ਖਿਡਾਈ। ਖੇਤੀ ਉਜਾੜੀ ਫੇਰ ਜਮਾਈ।
ਜਿਮ ਬਲਵੰਡ ਸੋਊ ਬਾਬਾ ਦੇਖਾ। ਛਾਮ ਕਰਤਿ ਸੁਪਫ਼ਨ ਸਜੋਂ ਪੇਖਾ।੨੧।
ਔਰ ਅਚੰਭੇ ਕੇਤੇ ਭਏ। ਸੁਨੇ ਰਾਇ ਕਿਛੁ ਅੱਖੀਂ ਦਿਖਏ।
ਜਿਮ ਕਰ ਰਾਏ ਮਨ ਪਤੀਆਯੋ। ਮਦ ਕਰ ਨਾਨਕ ਆਦ੍ਰ ਕਟਵਾਯੋ।੨੨।

ਦੋਹਰਾ: ਮਦ ਬਲਵੰਡ ਆਦਰ ਕੀਯੋ ਪੁਤ੍ਰ ਭੇਏ ਦੀਓ ਸੁ ਪਾਇ।
ਅੰਦਰ ਬਾਹਰ ਸਤਰ ਮਧ ਨਾਨਕ ਖੇਡੇ ਧਾਇ।੨੩।

ਸੋਰਠਾ: ਪਾਈ ਬਡਾਈ ਰਾਇ ਪਾਰਸ ਲੋਹ ਤਤਬੀਰ ਛੁਹਿ।
ਦਈ ਸੁ 'ਮਰੀ' ਸੁਨਾਇ ਦਿਲੀ ਬਜੀਰੀ ਉਨ ਲਭੀ।੨੪।

ਚੌਪਈ: ਜਬ ਬਾਬਾ ਜੀ ਭਏ ਹੁਸ਼ਿਆਰ। ਪੜ੍ਹਨ ਬਹਾਏ ਪਾਂਧੇ ਦੁਆਰ।
ਜਿਮ ਪਾਂਧਾ ਦੀਯੋ ਬਾਬੇ ਪੜ੍ਹਵਾਇ। ਸੋ ਸਾਖੀ ਦਈ 'ਮਰੀ' ਸੁਨਾਇ।੨੫।
ਔਰ ਅਚੰਭੇ ਬਹੁਤ ਦਿਖਾਏ। ਬਢਤ ਗ੍ਰੰਥ ਸਭ ਇਹਾਂ ਲਿਖਾਏ।
ਔਰ ਬਾਬੇ ਜਬ ਭਯਾ ਵਿਆਹਿ। ਭਏ ਬੇਟੇ ਦੋ, ਉਨ ਧਰਜੋ ਨਾਇ।੨੬।
ਕਾਲੂ ਹੱਟ ਕਰਾਈ ਲੋੜੈ। ਖਟ ਕਰ ਖਾਈਐ ਦ੍ਰਬ ਬਹੁ ਜੋੜੈ।
ਸੋ ਬਾਬਾ ਉਸ ਪੜੈ ਨ ਰਾਹਿ। ਮਾਤ ਪਿਤਾ ਕਰੇ ਬਾਬੇ ਅਕਾਹਿ।੨੭।
ਬਾਬਾ ਬੇਪਰਵਾਹੀ ਕਰੈ ਫੜ ਰਬਾਬ ਸਬਦ ਉਚਰੈ।
ਸਾਥ ਕਰੈ ਮਰਦਾਨੈ ਪਰਚਾਵਾ। ਲੈਣ ਦੇਨ ਕੁਝ ਰਖੈ ਨ ਦਾਵਾ।੨੮।

੪. [ਮੋਦੀ ਖਾਨਾ ਤੇ ਵੇਈਂ ਪ੍ਰਵੇਸ਼]

ਦੋਹਰਾ: ਕਹੈ ਦਿਵਾਨਾ ਹੈ ਗਯੋ ਸੁਨ ਆਯੋ ਜੈ ਰਾਮ।
ਹੁਤੋ ਬਹਨੋਊ ਸਤਿਗੁਰਹਿ ਸੁਲਤਾਨਪੁਰੇ ਜਿਸ ਥਾਮ।੨੯।

ਚੌਪਈ: ਸੁਲਤਾਨਪੁਰੈ ਹੁਤੋ ਮੁਲਕ ਉਮਰਾਊ। ਦੌਲਤ ਖਾਨ ਨਾਮ ਕਹੈ ਤਾਹੂ।
ਤਿਸੈ ਨਬਾਬ ਸੋਂ ਦਿਯੋ ਮਿਲਾਇ। ਮੋਦੀਖਾਨੋਂ ਉਸ ਦਯੋ ਸੌਂਪਾਇ।੩੦।

---

੧. ਕਾਨਿਆਂ ਦਾ ਤਤਾਰਾ ਬਣਾਇਆ। ੨. ਸੰਕੋਚ ਨਾਲ, ਸੰਖੇਪ।

Sri Satguru Jagjit Singh Ji eLibrary NamdhariElibrary@gmail.com

ਸਭ ਉਸਕੀ ਜੋ ਕਥਾ ਕਥੱਯੈ। ਔਰ ਗ੍ਰੰਥ ਕਹੂੰ ਢੂੰਡਤ ਪੱਯੈ।
ਜਿਸ ਕੋ ਲੋੜ ਸੁਨਨ ਕੀ ਹੋਇ। ਔਰ ਗ੍ਰੰਥਨ ਤੇ ਸੁਨ ਲਏ ਸੋਇ।੩੧।
ਬੀਜ ਮਾਤ੍ਰ ਜੋ ਚਹੀਯਤ ਲਿਖਈ। ਸੁਨੋ ਮਰੀ ਸੋਂ ਜਿਮ ਮੈਂ ਕਹੀ।
ਤਹਿੰ ਬਾਬੇ ਦਿਲ ਉਦਾਸੀ ਆਈ। ਭਯੋ ਉਦਾਸ ਕਹੂੰ ਸੁਰਤ ਨ ਲਾਈ।੩੨।
ਜਾਤ ਨਦੀ ਥੇ ਨ੍ਹਾਵਨ ਨਿੱਤ। ਸਾਥ ਨਫਰ ਹੈ ਰਾਖੇ ਥਿੱਤ।
ਉਹਾਂ ਜਾਇ ਬਾਬੇ ਗੋਤੇ ਲਾਯੇ। ਘੜੀ ਪਹਿਰ ਲੌ ਨਿਕਸ ਨ ਆਯੋ।੩੩।

ਦੋਹਰਾ: ਉਸੀ ਨਫਰ ਨੇ ਬਿਆਸ ਹੋਇ ਰੌਲੌ ਦੀਨੋ ਪਾਇ।
'ਡੁਬਜੋ ਡੁਬਜੋ' ਕਹਿ ਉੱਠਿਓ ਸੁਨ ਦੌਲਤ ਖਾਂ ਗਜੇ ਧਾਇ।੩੪।

ਚੌਪਈ: ਤਹਾਂ ਜਾਇ ਤਿਨ ਜਾਲ ਪੁਵਾਏ। ਹੋਇ ਪਯੋ ਤੌ ਉਨ ਹਥਿ ਆਏ।
ਲੋਕ ਕਹੈਂ 'ਕਹੂੰ ਪਾਰ ਲੰਘ ਗਯੋ'! ਜਾਇ ਪਾਰ ਤਿਨ ਖੋਜ ਢੰਡਯੋ।੩੫।
ਖੋਜ ਪ੍ਰਛਾਵੈ ਜੁਗਤਿ ਨ ਪਾਈ। ਕਹੈਂ ਲੋਕ 'ਰੁੜ੍ਹ ਗਯੋ ਕਿਧਾਈਂ'।
ਜੈਰਾਮ ਕੈ ਘਰ ਪਿਟਣੌਂ ਪਰਾ। ਦੌਲਤ ਖਾਨ ਬਹੁ ਸੰਸੈ ਭਰਾ।੩੬।
ਦੋ ਇਕ ਦਿਨ ਤਬ ਐਸ ਬਿਤਏ। ਤੀਜੇ ਦਿਨ ਗੁਰ ਨਿਕਸਤਿ ਭਏ।
ਧੋਤੀ ਕਟ ਮੋਢੈ ਵਹਿ ਪਰਨੋ। ਬੋਲੇ ਨਾਹ ਜਨ ਖੜਯੋ ਡਰਨੋ।੩੭।
ਭਈ ਖਬਰ ਤਬ ਲੋਕ ਚਲਿ ਆਏ। ਆਗੈ ਪਾਛੈ ਚਹਿਤ ਬੁਲਾਏ।
ਜੈਰਾਮ ਸੁਨਿਕੈ ਤੁਰਤ ਸੁ ਧਾਯੋ। ਦੌਲਤ ਖਾਨ ਅਚੰਭੋ ਆਯੋ।੩੮।

ਦੋਹਰਾ: ਦੌਲਤ ਖਾਂ ਭੀ ਜਾ ਪੁਜਜੋ ਲਜਾਯੋ ਸਾਥ ਲਵਾਇ।
ਬਾਬੋ ਮੋਹ ਕੁਛ ਨਹਿੰ ਕਰੈ ਰਹਜੋ ਖਾਨ ਮੋਹਿ ਪਾਇ।੩੯।

ਚੌਪਈ: ਤਬ ਦੌਲਤ ਨੇ ਹਕੀਮ ਬੁਲਾਏ। ਮਤ ਕਤ ਨਾਨਕ ਰੋਗ ਸੰਤਾਏ।
ਅਗਜੋਂ ਬਾਬੇ ਬੈਦ ਸਮਝਾਯਾ। ਤੌ ਫਿਰ ਦੌਲਤ ਮਨ ਮਤਿਆਯਾ।੪੦।
ਮੁੱਲਾਂ ਕਾਜੀ ਬਾਬੇ ਸੋਂ ਖਹੈਂ। ਦ੍ਰਿਸ਼ਟ ਬੰਦ ਗਰ ਜਾਦੂ ਕਹੈਂ।
ਉਨ ਕੀ ਦੌਲਤ ਮਨੀ ਨ ਬਾਤ। ਉਸ ਬਾਬੇ ਪਰ ਭਜੋ ਇਤਕਾਤ।੪੧।
ਯਹ ਹੈ ਪੂਰਨ ਪੁਰਸ਼ ਅਵਤਾਰੀ। ਭਜੋ ਮੁਰੀਦ ਵਹ ਸਨ ਪਰਵਾਰੀ।
ਹਿੰਦੂ ਤੁਰਕ ਬਾਬੇ ਕੋ ਸਮਸਰ। ਹੋਹਿੰ ਮੁਰੀਦ ਆਇ ਸੋ ਇਮ ਕਰ।੪੨।
ਦੋਊਅਨ ਕੋ ਗੁਰ ਸੱਚ ਦ੍ਰਿੜਾਵੈਂ। ਜ਼ੁਲਮ ਕਰਨ ਤੈ ਦੁਅਨ ਹਟਾਵੈਂ।
ਜਿਮ ਜਿਮ ਬਰਕਤ ਭਈ ਮਸਹੂਰੋ। ਆਇੰ ਲੋਕ ਬਹੁ ਸੁਨਸੁਨ ਦੂਰੋ।੪੩।

ਦੋਹਰਾ: ਦੌਲਤ ਕੈ ਦੁਇ ਇਸਤਰੀ ਹੋਤੀਂ ਸੁਤਨ ਬਿਗੇਰ।
ਕੀਨੀ ਸੇਵਾ ਉਨਿ ਅਛੇ ਦੁਇ ਦੁਇ ਜਨਮੇਂ ਸ਼ੇਰ।੪੪।

ਚੌਪਈ: ਗ਼ਾਜ਼ੀ ਖਾਂ ਗਜ ਮਸਤ ਸੁਖਾਨ। ਮੀਰ ਖਾਨ ਔ ਜੋਲਖਾਂ ਮਾਨ।
ਉਨਿ ਨਾਰਨ ਬਡ ਚਰਚਾ ਤੋਰੀ। ਕਹੈਂ ਬਾਬੇ ਦਈ ਹਮ ਦੁਇ ਜੋਰੀ।੪੫।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਬਾਬੇ ਕੈ ਜੀਅ ਇਮ ਹੁਤੀ ਕਿਛ ਰਹੀਐ ਗੁਪਤਿ ਸੰਸਾਰ।
ਸੋ ਤੌ ਪਰਗਟ ਜਗ ਭਯੋ ਜਗੁ ਉਠ ਪਰ ਹਜੋ ਖਜਾਰ।੪੬।

ਚੌਪਈ: ਭਾਨ ਚੜ੍ਹਜੋ ਕਿਮ ਛਾਨਜੋ ਰਹੈ। ਲਖ ਬਾਦਲ ਜੌ ਢਾਂਪਜੋ ਚਹੈ।
ਜਿਮ ਜਿਮ ਬਾਬੇ ਕੀ ਚਰਚਾ ਭਈ। ਥੋਰੈ ਹੀ ਮੈਂ ਬਹੁ ਫੈਲ ਗਈ।੪੭।
ਜਿਸ ਨਰ ਕੋ ਹੁਇ ਸੀਤ ਦਬਾਯੋ। ਕਿਮ ਨ ਚਹੁਰਿ ਵਲ ਅਗਨ ਸਿਧਾਯੋ।
ਦੁਨੀਆਂ ਦੁਖਤ ਹੁਤੀ ਥੀ ਘਨੀ। ਦਰਸ਼ਨ ਪਾਇ ਭਈ ਸੁਖਮਨੀ।੪੮।
ਸਿੱਧ ਸਾਧ ਜੋ ਹਿੰਦੂ ਤੁਰਕੋ। ਹੁਤੇ ਜਿਨਹੁ ਮੈਂ ਕਿਛ ਥੋ ਜੁਰਕੋ।
ਸੁਨਿ ਸੁਨਿ ਅਚਰਜ ਸਭ ਚਲਿ ਆਏ। ਦੇਖ ਭਾਲ ਸਭ ਹਾਰ ਸਿਧਾਏ।੪੯।

ਦੋਹਰਾ: ਅਜ਼ਮਤੀਅਨ ਅਜ਼ਮਤ ਦੇਵੈਂ ਗਜਾਨੀਅਨ ਗਜਾਨ ਸੁਨਾਇ।
ਜੈਸੀ ਮਨਮਾ ਕਰ ਆਵੈ ਤੈਸੇ ਦੈਂ ਸਮਝਾਇ।੫੦।

੫. [ਉਦਾਸੀ ਕੀਤੀ, ਸਿਧ ਗੋਸ਼ਟ]

ਚੌਪਈ: ਬਾਬੇ ਕੋ ਉਦਾਸੀ ਆਈ। ਬਾਬੈ ਸੁਰਤ ਪ੍ਰਦੇਸੈਂ ਲਾਈ।
ਲੈ ਮਰਦਾਨੋਂ ਸਾਥ ਰਲਾਇ। ਲਯੋ ਰਬਾਬ ਉਨ ਮੋਢੈ ਚਾਇ।੫੧।
ਜਹਿਂ ਬਾਬੈ ਕੌ ਖੁਸ਼ੀ ਚਿਤ ਆਵੈ। ਰਬਾਬ ਬਜਾਇ ਸਬਦ ਬਹਿ ਗਾਵੈ।
ਸਿੱਧ ਸਾਧ ਔ ਪੀਰ ਮੁਰੀਦ। ਦੇਖ ਭਾਲ ਹੁਇ ਅਗੈ ਤੁਰੀਦ।੫੨।
ਜਹਿਂ ਜਹਿਂ ਬਾਬਾ ਦੇਸਹਿਂ ਜਾਇ। ਦੇਇ ਉਪਦੇਸ਼ ਸਚਿ ਨਾਮਹਿ ਲਾਇ।
ਪੀਰ ਪਿਕੰਬਰ ਦੇਵੀ ਦੇਵ। ਦੂਰ ਕਰਾਈ ਇਨ ਕੀ ਸੇਵ।੫੩।
ਬੀਰ ਸਿੱਧ ਔ ਮੰਤਰ ਤੰਤਰ। ਸੁਨੈ ਨ ਕਹੈ ਜਾਲਿ ਜਿਉ ਜੰਤਰ।
ਗੁਗੋਲੰਜਿ ਔ ਭੂਤ ਜੁ ਪ੍ਰੇਤ। ਦੂਰ ਕਰਾਏ ਇਨ ਕੇ ਹੇਤ।੫੪।

ਦੋਹਰਾ: ਤੁਰਕਨ ਕੈ ਹਿੰਦੂਆਨ ਕੈ ਜਹਿਂ ਜਹਿਂ ਦੇਸਹਿ ਜਾਇ।
ਹੱਕ ਪਰਾਯੋ ਉਨ ਕਹੈ ਉਸੈ ਸੂਰ ਉਸ ਗਾਇ।੫੫।

ਚੌਪਈ: ਐਸ ਭਾਂਤ ਉਨ ਸਾਚੁ ਸੁਨਾਇ। ਦੇਵੈ ਦੋਇਨ ਮਾਚ ਲਗਾਇ।
ਤੁਰਕ ਕੁਰਾਨ ਔ ਹਿੰਦੂਅਨ ਬੇਦ। ਵਾਚ ਕਹੇ ਉਨ ਮਚ ਸਚ ਭੇਦ।੫੬।
ਇਕ ਬਾਰ ਬਾਬਾ ਜੀ ਅਚਲੈ ਗਯੋ। ਊਹਾਂ ਮੇਲਾ ਥਾ ਸਿੱਧਨ ਕਯੋ।
ਕਰ ਗੋਸ਼ਟ ਤੇ ਭੀ ਜਿਤ ਲਏ। ਲਾਇ ਸਿਧੀ ਤੇਊ ਥਕ ਗਏ।੫੭।
ਸਿਧ ਕੁਰਲਾਣੈ ਬਾਲ ਗੁਦਾਈ। ਹਾਰ ਸਿਧਨ ਜਾਇ ਚੁਗਲੀ ਖਾਈ।
'ਨਾਨਕ ਸਿੱਧ ਨਵਾਂ ਇਕ ਭਯਾ। ਸਭ ਕੀ ਲਾਹਿ ਸੋਊ ਲੇ ਗਯਾ'।੫੮।
ਸੁਨ ਉਨ ਸਿੱਧਨ ਕੀਯੋ ਹੰਕਾਰ। 'ਈਹਾਂ ਆਵੇ ਤੌ ਜਾਊਗਾ ਹਾਰ'।
ਯਹ ਸੁਨ ਬਾਬਾ ਜੀ ਊਹਾਂ ਸਿਧਾਰੇ। ਉਸ ਕੋ ਜੀਤ ਗੁਰ ਆਗੈ ਪਧਾਰੇ।੫੯।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਫਰੀਦ ਪਟਨ ਮੁਲਤਾਨ ਮਧ ਉੱਚਨ ਲੌ ਜੋ ਪੀਰ।
ਸਬਹਨ ਮੌਂ ਕਰ ਗੋਸਟਾਂ ਨਹਿ ਕਿਸਕੀ ਛਡੀ ਤਤਬੀਰ।੬੦।

ਚੌਪਈ: ਐਸੇ ਔਰ ਕਹਾਂ ਲਗ ਗਨੀਐ। ਪਹੁੰਚੈਂ ਤਹਾਂ ਸਿੱਧ ਜਹਿੰ ਸੁਣੀਐਂ।
ਉਨਕੀ ਸਿੱਧੀ ਦੇਖ ਦਿਖਾਇ। ਝੂਠ ਛੁਡਾਵੈਂ ਸਚ ਦੇਂ ਲਾਇ।੬੧।

ਦੋਹਰਾ: ਇਮ ਕਰ ਸੈਲ ਪੰਜਾਬ ਕੀ ਲੀਨੇ ਲੋਕ ਪਤਜਾਇ।
ਕਿਤ ਸੁੰਦਰ ਧ੍ਰਮਸਾਲ ਕਰ ਨਿਜ ਨਿਜ ਧਰਮੋਂ ਲਾਇ।੬੨।
ਸਭੀ ਹਕੀਕਤ ਉਨੈ ਕੀ ਇਹਾਂ ਲਿਖੀ ਯੌ ਨਾਹਿ।
ਜਨਮ ਸਾਖੀ ਪੁਰਾਤਨੈ ਦੇਖੋ ਜਿਸ ਹੁਇ ਚਾਹਿ।੬੩।

ਕਲਜੁਗ ਔ ਬਾਬੇ ਕੀ ਗੋਸਟ ਕਾ ਪ੍ਰਸੰਗ

੬. [ਕਲਜੁਗ ਨੂੰ ਫਿਕਰ]

ਦੋਹਰਾ: ਕਲਜੁਗ ਔ ਜਿਮ ਸਤਿਗੁਰੂ ਸਾਖੀ ਗੋਸਟ ਹੋਇ।
ਜਿਮ ਜਿਮ ਲਿਖ ਆਗੈ ਗਏ ਦੇਖ ਬਤਾਊਂ ਸੋਇ।੧।

ਚੌਪਈ: ਕਿਛੁਕ ਭਾਵ ਗੁਰ ਸਬਦ ਬਿਚਾਰ। ਕਹੌਂ ਦੇਖ ਸ੍ਰੀ ਗ੍ਰੰਥ ਮਝਾਰ।
ਕਲੂ ਨਰਕ ਚਹਿ ਪਾਪੀ ਪਾਇ। ਪਰ ਸਤਿਗੁਰ ਜੀ ਚਹੈਂ ਕਢਾਇ।੨।
ਕਲੂ ਚਹੈ ਪਾਪੀ ਡੁਬ ਜਾਇੰ। ਬਾਬਾ ਚਹੈ ਉਨ ਪਾਰ ਲੰਘਾਇ।
ਬਾਬਾ ਅਪਣੀ ਛਡੈ ਨ ਬਾਣ। ਤਾਰਜੋ ਚਾਹੈ ਸਗਲ ਜਹਾਨ।੩।
ਤੌ ਕਲਜੁਗ ਮਨ ਆਯੌ ਰੋਸ। 'ਲਈ ਨਾਨਕ ਮੋਹਿ ਅਦਾਲਤ ਖੋਸ।
ਹਮ ਚਾਹੈਂ ਨਿਜ ਅਦਲ ਬਹਾਯਾ। ਨਾਨਕ ਚਹੈ ਨਿਜ ਧਰਮ ਬ੍ਰਤਾਯਾ।੪।
ਹਮਰੋ ਉਸ ਕੋ ਮਿਲੈ ਨ ਮੇਲ'। ਕਲਜੁਗ ਯੌਂ ਆਯੋ ਮਨ ਖੇਲ।
ਹੋਇਸੁ ਕਥਾ ਜਿਸ ਸੁਨਨੈ ਲੋਰ। ਲਏ ਦੇਖ ਵਹਿ ਪੁਸਤਕ ਹੋਰ।੫।

ਅਥ ਦੱਖਨ ਪ੍ਰਸੰਗ ਤੁਰਿਯੋ

੭. [ਦਖਣ ਦੀ ਉਦਾਸੀ]

ਦੋਹਰਾ: ਫਿਰ ਸਤਿਗੁਰ ਦੱਖਣ ਦਿਸੇ ਤੁਰੇ ਸੁ ਕਰਨੇ ਸੈਲ।
ਸਬਦ ਸਾਖੀ ਕੋ ਪੜਨ ਕੋ ਮਰਦਾਨਾ ਕਰ ਲਜੋ ਗੈਲ।੧।

ਚੌਪਈ: ਜਹਿੰ ਜਹਿੰ ਦੇਵਲ ਤੀਰਥ ਦੇਖੇ। ਸਭ ਥਾਂ ਭ੍ਰਿਸ਼ਟ ਤੁਰਕਨ ਕੀਏ ਪੇਖੇ।
ਦੇਵਲ ਢਾਹਿ ਮਸੀਤੇਂ ਮਧ ਕਰੀ। ਮੂਰਤ ਮਧ ਕਰ ਨਕਟੀ ਧਰੀ।੨।
ਯੌਂ ਬਾਬੇ ਦੇਖ ਸਬਦ ਉਚਾਰਜੋ। ਸੋ ਮੈਂ ਯਾ ਪੁਸਤਕ ਲਿਖ ਧਾਰਜੋ।

. Sri Satguru Jagjit Singh Ji eLibrary NamdhariElibrary@gmail.com .

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ"॥(ਪੰ:੩੬੦)
"ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ"॥੩॥ (ਪੰ:੪੧੮)

ਸੋਰਠਾ: ਕਲਜੁਗ ਛੋਡਯੋ ਨਾਹਿ ਕਿਸ ਹੂੰ ਦੇਵਤ ਮੱਧ ਬਲ।
ਭ੍ਰਿਸਟ ਕੀਏ ਸਭ ਥਾਇ ਜੋ ਹਿੰਦੂਅਨ ਕੇ ਪੂਜ ਥੇ।੪।

ਅਥ ਪੂਰਬ ਕੋ ਪ੍ਰਸੰਗ ਤੁਰਿਯੋ

੮. [ਪੂਰਬ ਦੀ ਉਦਾਸੀ]

ਦੋਹਰਾ: ਤੇ ਬਾਬੈ ਮਧ ਚਿਤ ਧਰਯੋ ਪੂਰਬ ਸੈਰ ਬਿਚਾਰ।
ਝੂਠ ਸਾਚ ਜਹਿੰ ਜਹਿੰ ਢਪਯੋ ਦੇਖੀਐ ਸੋਊ ਉਘਾਰ।੧।

ਚੌਪਈ: ਪ੍ਰਿਥਮ ਸਤਿਗੁਰ ਕੀਯੋ ਗੰਗ ਇਸ਼ਨਾਨ। ਰਿਖੀਕੇਸ਼ ਰਿਖੀ ਦੇਖੇ ਥਾਨ।
ਪਾਰ ਲੰਘ ਵਲਭੀ ਤਹਿੰ ਦੇਸ। ਹੁਤੇ ਲੋਕ ਸਭ ਜੋਗੀ ਭੇਸ।੨।
ਸਿਧ ਚੌਰਾਸੀ ਕੋ ਊਹਾਂ ਧਾਮ। ਗੋਰਖ ਮਤੋ ਹੁਤਿ ਤਿਸ ਕੋ ਨਾਮ।
ਊਹਾਂ ਕਲਜੁਗ ਕਾ ਭਯੋ ਪਸਾਰਾ। ਸਿੱਧਨ ਤਹਿੰ ਜੋਰ ਲਾਯੋ ਭਾਰਾ।੩।
ਤਹਾਂ ਬਾਬੇ ਸਤਿਨਾਮ ਦ੍ਰਿੜਾਯਾ। ਗੋਰਖ ਮਤਯੋਂ 'ਮਤਨਾਨਕ' ਸਦਵਾਯਾ।
ਬਦਰੀ ਕਿਦਾਰ ਔ ਦੇਸ ਉੜੀਸੇ। ਜਗਨ ਨਾਥ ਲਖਿ ਆਗੈ ਬੈਸੇ।੪।
ਹਿੰਗ ਖਲੜ ਜ਼ਿਮ ਖਲੜ ਮੁਸਕਾਵੈ। ਸੱਚ ਹਿੰਗ ਕਹੂੰ ਢੂੰਡੀ ਨ ਪਾਵੈ।
ਸਜਨ ਠੱਗ ਬਡ ਭਗਤ ਸਦਾਏ। ਭਗਤ ਓਹਲੈ ਗਲ ਲੋਕਨ ਕਟਾਏ।੫।

ਦੋਹਰਾ: ਸੋ ਸਤਿਗੁਰ ਜਾਇ ਸਿਖ ਕੀਯੋ ਸਾਚੋ ਗਜਾਨ ਦ੍ਰਿੜਾਇ।
ਐਸੇ ਕੀਏ ਅਨੇਕ ਸਿਖ ਕੋ ਸਭ ਸਕੈ ਗਿਨਾਇ।੬।

ਚੌਪਈ: ਠਗੀ ਤੇ ਦਏ ਠਗ ਹਟਵਾਇ। ਕੁਰਾਹੋਂ ਮੁੜ ਸੁਭ ਰਾਹ ਦੀਏ ਪਾਇ।
ਸਬਦ ਸਾਖੀ ਸਚ ਦੀਨੇ ਲਾਇ। ਧਰਮਸਾਲ ਦਈ ਬਹੁ ਥਾਂ ਪਾਇ।੭।
ਸਿੱਖ ਸੰਗਤ ਕੋ ਜੋੜ ਕਰਾਵੈਂ। ਸੱਤਿਨਾਮੁ ਕੋ ਜਾਪ ਜਪਾਵੈਂ।
ਔਰ ਖੁਲਾਇਕੈ ਪਿੱਛੇ ਖਾਇੰ। ਦਯਾ ਧਰਮ ਇਤ ਲਾਏ ਰਾਹਿ।੮।
ਧੰਨਿ ਧੰਨਿ ਕਹੈ ਬਾਬੇ ਕੋ ਓਈ। ਵਾਹਿ ਵਾਹਿ ਗੁਰ ਆਪੈ ਤੇਈ।
'ਹਮ ਕੋ ਕੂੜੋ ਦੀਓ ਹਟਵਾਇ। ਸਤਿ ਸਬਦ ਹਮ ਦੀਨੇ ਲਾਇ'।੯।
ਦੇਸ ਬੰਗਾਲੈ ਔ ਕਾਵਰੂ ਦੇਸ। ਲੰਘ ਗਏ ਰਾਜ ਤ੍ਰਿਯਾ ਦੇਸ।
ਸ਼ਿਵਨਾਭ ਦੇਸ ਕੋਊ ਰਾਜਾ ਕਹੇ। ਤਿਹ ਜਾ ਸਤਿਗੁਰ ਸਿਖ ਬਨਵਏ।੧੦।

ਦੋਹਰਾ: ਉਸੀ ਦੇਸ ਬਾਬੇ ਗਯੋ ਜਿਹ ਬਹੁਤੇ ਬੇਈਮਾਨ।
ਤੇ ਸਿਖ ਭਏ ਸੰਗਤ ਬਣੀ ਜਾਨ ਲਯੋ ਭਗਵਾਨ।੧੧।

ਚੌਪਈ: ਗਯੋ ਕਲੂ ਤਿਹ ਤੇ ਕਰ ਕੂਚ। ਲਿਖੀ ਨ ਸਭੀ ਕਹੀ ਕਰ ਸੂਚ।
ਔ ਜੁ ਸਭ ਹੀ ਸਾਖੀ ਲਖਾਊਂ। ਗ੍ਰੰਥ ਬਧੈ ਔ ਅੰਤ ਨ ਪਾਊਂ।੧੨।
ਤੌ ਬਾਬਾ ਕਹੂੰ ਅਗੈ ਸਿਧਾਰੇ। ਜਾਇ ਵੜੇ ਕਿਤ ਸਮੁੰਦ੍ਰ ਮਝਾਰੇ।
ਸੰਗਲਦੀਪ ਲੰਘ ਔਰ ਕੇਤੇ। ਜਿਨ ਕੇ ਪਰਤ ਨ ਨਿਜ ਕੋ ਭੇਤੇ।੧੩।
ਬਾਬੈ ਕੀ ਗਤ ਬਾਬੋ ਜਾਣੈ। ਹਮ ਉਸ ਕੀ ਕਿਮ ਸ਼ਕਤਿ ਬਖਾਣੈ।
ਬਾਪ ਜਨਮ ਕਜਾ ਬੇਟੋ ਕਹੈ। ਬਾਬੈ ਕੀ ਗਤ ਬਾਬੋ ਲਹੈ।੧੪।
ਉਤ ਦੇਸ਼ ਬਾਬੋ ਜਾਇ ਜ਼ਰੂਰ। ਹੋਹਿਂ ਭੂਲੇ ਬਹੁ ਮੂਰਖ ਕੂਰ।
ਜਹਿਂ ਜਹਿਂ ਚਰਨ ਨਾਨਕ ਜੀ ਪਾਯੋ। ਧਰਮ ਕਰਮ ਉਨ ਲੋਕਨ ਦ੍ਰਿੜ੍ਹਾਯੋ੧੫।
ਧਰਮਸਾਲ ਤਿਹ ਥਾਂ ਬਨਵਾਈ। ਕੀਯੋ ਸਿੱਖ ਤਹਿਂ ਦਯਾ ਦ੍ਰਿੜ੍ਹਾਈ।
ਜੇ ਕੋਈ ਆਵੈ ਅਜਮਤ ਲੈਣ। ਉਸਕੋ ਖੁਸ਼ ਗੁਰ ਤਿਮੈਂ ਕਰ ਦੈਨ।੧੬।

ਅਥ ਪਸਚਮ ਕੋ ਪ੍ਰਸੰਗ

੬. [ਮੱਕਾ ਮਦੀਨਾ]

ਦੋਹਰਾ: ਮਰਦਾਨੈ ਬਾਬੇ ਕਹੀ 'ਹੌਸ ਰਹੀ ਮਨ ਮਾਂਹਿ।
ਔਰ ਸੈਲ ਹਮ ਬਹੁ ਕਰੇ ਕਾਬੋ ਦੇਖਜੋ ਨਾਂਹਿ'।੧।

ਚੌਪਈ: ਤੌ ਬਾਬੇ ਜੀ ਉਸੈ ਫੁਰਮਾਯੋ। 'ਤੈ ਹਮ ਕਿਮ ਨਹਿਂ ਅਗੈ ਬਤਾਯੋ।
ਜਬ ਕਹਤੋ ਤਬ ਦੇਤ ਦਿਖਾਈ। ਕੈਸੀ ਥੀ ਯਹ ਦੇਰ ਲਗਾਈ'।੨।
ਤਬ ਸਤਿਗੁਰ ਅੱਖੀਂ ਮਿਟਵਾਇ। ਜਾਇ ਖੁਲਾਯੋ ਹਜ ਕਾਬੇ ਥਾਇ।
ਪ੍ਰਿਥਮੈਂ ਜ਼ਾਰਤ ਰੋਜ਼ੇ ਕਰਵਾਈ। ਪਾਛੈ ਔਰਹਿ ਜਗਾ ਦਿਖਾਈ।੩।
ਬਾਬੈ ਡੇਰਾ ਵਲ ਪਿਛਲੈ ਕੀਓ। ਟੁਟਜੋ ਰਾਹ ਜੋ ਮੁੰਦਯੋ ਥੀਓ।
ਇਤ ਖਾਤਰ ਥੋ ਧਰਜੋ ਮੁੰਦਾਇ। ਆਵੈ ਪੀਰ ਖੁਲ੍ਹ ਆਪੇ ਜਾਇ।੪।
ਐਸੀ ਭਈ ਤਹਾਂ ਗੁਰ ਕਲਾ। ਬਿਨ ਕੁੰਜੀ ਸੋਂ ਖੁਲ੍ਹ ਭਯੋ ਗਲਾ।
ਐਸ ਅਚੰਭਾ ਲਖਜੋ ਮੁਜਾਵਰ। ਜਾਨਜੋ ਪੀਰ ਇਹਾਂ ਕੋਈ ਆਵਰ।੫।

ਦੋਹਰਾ: ਪ੍ਰਿਥਮ ਮੁਜਾਵਰ ਸਮਝਿਓ ਹੋਗ ਵਲੀ ਅਯੋ ਕੋਇ।
ਯਾਂਤੇ ਖੁਲ੍ਹਜੋ ਮਜ਼ਬੂਤ ਦਰ, ਢੂੰਡ ਦੇਖੀਏ ਸੋਇ।੬।

ਚੌਪਈ: ਕਰੀ ਤਲਾਸ਼ ਉਨ ਵਲੀ ਨ ਪਾਯਾ। ਕਿਨੈ ਨ ਖੋਲੈ ਹਥ ਸਬਹਨ ਲਾਯਾ।
ਰਲਿ ਮਿਲਿ ਕੈ ਸਭ ਲਾਇ ਰਹੇ ਜ਼ੋਰ। ਸਗਵਾਂ ਅੜ ਰਹੇ ਜੋ ਥੇ ਔਰ।੭।
ਤਹਾਂ ਪ੍ਰਤਾਪ ਬਾਬੇ ਕੋ ਭਯੋ। ਖੁਲੋ ਹੁਤੋ ਸੋ ਸੱਭ ਅੜੈਯੋ।
ਬਹੁਤ ਸੋਚ ਮੁਜਾਵਰਨ ਅਈ। ਯਹ ਤੇ ਬਾਤ ਭਈ ਅਬ ਨਈ।੮।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤਹਾਂ ਮੁਜਾਵਰਨ ਮਨ ਮਿਥੀ ਹਿੰਦੂ ਆਇਓ ਹੋਇ।
ਜਾਵੈ ਪਤ ਗਵਾਇ ਹਮ ਜਾਦੂਗਰਿ ਕਰ ਕੋਇ।੯।

ਚੌਪਈ: ਕਰੀ ਤਲਾਸ਼ ਤੌ ਬਾਬਾ ਦੇਖਾ। ਲਖਿਓ ਬਾਬਾ ਉਨ ਹਿੰਦੂ ਭੇਖਾ।
ਪੈਰ ਪਸਾਰ ਬਾਬਾ ਥੋ ਪਰਾ। ਘਸੀਟ ਉਨ੍ਹੈ ਵਲ ਦੂਜੀ ਕਰਾ।੧੦।
ਉਸੀ ਵੱਲ ਕੇ ਦਰ ਖੁਲ੍ਹ ਭਏ। ਬਾਬਾ ਨਿਕਾਰਜੇ ਸੋਊ ਅੜ ਰਹੇ।
ਦੇਖ ਮੁਜਾਵਰਨ ਲਾਗੀ ਆਗ। ਬਾਬੋ ਸੁਟਿਓ ਕਢ ਬਾਹਰ ਲ੍ਹਾਗ।੧੧।

ਦੋਹਰਾ: ਤੌ ਦਰ ਸਭ ਹੀ ਮੁੰਦ ਭਏ ਰਹੇ ਜੋਰ ਸਭ ਲਾਇ।
ਉਹਾਂ ਹਾਜੀ ਹੁਤੇ ਪੰਜਾਬ ਕੇ ਉਨ ਦਯੋ ਸਿਯਾਨ ਬਤਾਇ।੧੨।

ਚੌਪਈ: ਉਨੈਂ ਕਹਜੋ 'ਯਹ ਨਾਨਕ ਫਕੀਰ। ਹਿੰਦੂ ਮੁਸਲਮਾਨ ਕੋ ਪੀਰ।
ਇਸ ਤੁਰਕ ਹਿੰਦੂ ਹੈ ਇਕਸ ਜਾਨੇ। ਇਨ ਦੋਊ ਇਕ ਸਾਰ ਪਛਾਨੇ।੧੩।
ਹੱਕ ਨਾਮ ਇਨ ਸੱਚ ਦ੍ਰਿੜਾਯਾ। ਇਨ ਰਾਹਿ ਸੱਚੇ ਹੈ ਜਗ ਲਾਯਾ।
ਤੁਰਕ ਬੰਦਗੀ, ਹਿੰਦੂ ਭਗਤਿ ਲਾਏ। ਕੁਫਰ ਹੰਕਾਰੋਂ ਦੋਊ ਹਟਾਏ।੧੪।

ਸੋਰਠਾ: ਜਾਂਕੈ ਇਤ ਪਗ ਪਾਇ ਅੜੇ ਦੁਵਾਜੇ ਨਹਿ ਖੁਲੇ।
ਜੋ ਦੇਵੋ ਬਦ ਦੁਆਇ ਕਿਆ ਜਾਨਾ ਕਿਛ ਹੋਰ ਹੁਇ'।੧੫।
ਤਬ ਉਨ ਕੀਓ ਵਿਚਾਰ ਲਾਇ ਜੋਰ ਹਮ ਸਭ ਥਕੇ।
ਖੁਲਜੋ ਨ ਕੋਊ ਕਿਵਾਰ ਹਮਰੀ ਸ਼ੇਖੀ ਇਮ ਗਈ।੧੬।

ਚੌਪਈ: ਇਮੈ ਮੁਜਾਵਰਨ ਮਤੋ ਮਤਾਯੋ। 'ਯਾਕੋ ਹਥ ਦਰਵਾਜਨ ਲ੍ਹਾਯੋ।
ਲਾਯਤਿ ਖੁਲ ਦਰਵਾਜੇ ਅਏ। ਤੌ ਯਹ ਪੀਰ ਮੁਰੀਦ ਹਮ ਭਏ।੧੭।
ਜੌ ਇਸ ਤੈ ਨਹਿੰ ਖੁਲ੍ਹੈਂ ਕਿਵਾਰ। ਤੌ ਇਸ ਦੇਯਗੁ ਜਾਨੋਂ ਮਾਰ।
ਮੁਖ ਮੀਠੈ ਹੁਇ ਕਰਹੁ ਅਬ ਬਾਤ। ਅਬ ਦੇਖੋ ਇਸ ਯੌਂ ਕਰਾਮਾਤ'।੧੮।
ਹਾਥ ਜੋੜ ਸੋਊ ਠਾਢੇ ਭਏ। ਮਧ ਅਰਬੀ ਕੇ ਉਸ ਬਚ ਕਹੇ।
ਉਸੀ ਜ਼ਬਾਨ ਗੁਰ ਉੱਤਰ ਦਏ। ਕਰ ਆਦਰ ਤੇ ਪਾਸ ਬਹਏ।੧੯।
ਹਾਥ ਜੋੜ ਉਨ ਬਿਨਤੀ ਕਈ। 'ਖਤਾ ਬਖਸ਼ੋ ਜੋ ਹਮ ਤੈ ਭਈ।
ਤੁਮ ਹਥ ਲਾਇ ਕਿਵਾਰ ਖੁਲ੍ਹਾਵੋ। ਤੁਮ ਹਾਜੀਅਨ ਕੋ ਹੱਜ ਕਰਾਵੋ'।੨੦।

ਦੋਹਰਾ: ਤੌ ਸਤਿਗੁਰ ਜੀ ਯੌਂ ਕਯੋ ਮਰਦਾਨੇ ਬੋਲ ਸੁਨਾਇ।
ਉਠ ਤਿਨ ਦੀਨੇ ਖੋਲ ਦਰ ਆਇਸ ਬਾਬੇ ਪਾਇ।੨੧।

ਚੌਪਈ: ਇਮ ਮਰਦਾਨੈ ਮਦੀਨੈ ਦਿਖਾਯੋ। ਫਿਰ ਉਸਤੈ ਗੁਰ ਅਗੈ ਸਿਧਾਯੋ।
ਕਹੈਂ ਦੇਸ ਜਿਸ ਪਸਚਮ ਨਾਇ। ਲੰਘ ਗਏ ਵਹਿ ਦੇਸਹਿ ਵਾਇ।੨੨।
ਚਲੇ ਚਲੇ ਕਿਤ ਅਗੈ ਸਿਧਾਰੇ। ਜਾਇ ਵੜੇ ਕਿਤ ਸਮੁੰਦ੍ਰ ਮਝਾਰੇ।
ਊਹਾਂ ਵਰਨ ਸੋਂ ਭੇਟਾ ਭਈ। ਉਨ ਕੀ ਬਾਤੈਂ ਜਾਨੈ ਵਈ।੨੩।
ਤੁਰਕ ਉਸੇ ਖ੍ਵਾਜ ਖਿਜ਼ਰ ਸੁ ਆਖੈਂ। ਅਪਨੀ ਬੋਲੀ ਇਮ ਉਸ ਭਾਖੈਂ।
ਊਹਾਂ ਮਰਦਾਨੈ ਨੇ ਭਉ ਖਾਯਾ। ਆਖ ਬਾਬੈ ਵਲ ਵਤਨ ਲਿਆਯਾ।੨੪।

. Sri Satguru Jagjit Singh Ji eLibrary NamdhariElibrary@gmail.com .

ਅਥ ਉੱਤਰ ਕਾ ਪ੍ਰਸੰਗ

੧੦. [ਉਤਰ ਦੀ ਉਦਾਸੀ]

ਦੋਹਰਾ: ਫਿਰ ਸਤਿਗੁਰ ਸੁਨ ਪਰਬਤੇ ਉੱਤਮ ਬਡੋ ਸੁਦੇਸ।
ਸਿੱਧ ਸਾਧ ਸੁਨਤਹਿ ਘਨੇ ਦੇਵੀ ਦੇਵ ਮਹੇਸ।੧।

ਚੌਪਈ: ਉਸੀ ਦੇਸ ਕੇ ਸੈਲਹਿ ਕਾਰਨ। ਲਾਭ ਹਾਨ ਸਚ ਝੂਠ ਬਿਚਾਰਨ।
ਪ੍ਰਿਥਮ ਨੀਹਲ ਫਿਰ ਧਾਰਨ ਚੜੇ। ਕਾਲੀਅਨ ਛਡ ਫਿਰ ਧੌਲੀਅਨ ਵੜੇ।੨।
ਜਟਾ ਜਗਾ ਜੌ ਸਭੀ ਲਿਖੱਯੈ। ਗ੍ਰੰਥ ਬਢਨ ਤੇ ਮਨਹੁੰ ਸੰਕੱਯੈ।
ਜਿਨ ਕੌ ਲੋੜ ਸੁਣਨ ਕੀ ਹੋਇ। ਔਰ ਪੁਸਤਕ ਤੇ ਸੁਨਿ ਲੈ ਸੋਇ।੩।

ਦੋਹਰਾ: ਜਹਿ ਸਤਿਗੁਰ ਜੀ ਤਬ ਪੁਜੇ ਦੇਖਜੇ ਠੀਕ ਨ ਕੋਇ।
ਦੇਵੀ ਦੇਵ ਔ ਮੜ ਮਟੇ ਲਿੰਗ ਪੂਜਕ ਭਏ ਸੋਇ।੪।

ਚੌਪਈ: ਜਹ ਕਿਤ ਬਾਬਾ ਜੀ ਜਾਵੇ ਦੇਸ। ਤਟ ਨਾਮ ਦਿੜ੍ਹਾਵੈ ਸਤ ਉਪਦੇਸ਼।
ਤਉ ਮਰੀ ਸੋਂ ਹਮ ਯੌ ਕਹਜੋ। ਬਾਬੇ ਸਾਖੀ ਕਿਨੈ ਅੰਤ ਨ ਲਹਜੋ।੫।
ਬਾਬੇ ਸਾਖੀ ਮਹਾਂ ਗੰਭੀਰ। ਸਿੱਧ ਸਾਧ ਲਿਖ ਥਕ ਰਹੇ ਪੀਰ।
ਬਹੁਤ ਉਦਾਸੀ ਬਾਬੇ ਕਈ। ਹਮ ਤੇ ਸਭੀ ਕਬ ਆਖੀ ਗਈ।੬।
ਬਾਬੇ ਸੈਲ ਅਕਾਸ਼ ਭੀ ਕੀਨਾ। ਖਾਬੈ ਸੈਲ ਬਹੁ ਕੀਓ ਜ਼ਮੀਨਾ।
ਬਾਬੇ ਕੀ ਗਤ ਬਾਬੋ ਜਾਣੈ। ਕੈ ਜਾਣੈ ਜੁ ਨਾਲ ਫਿਰਾਣੈ।੭।
ਜੌ ਉਨ ਕੀ ਮਤ ਠੌਰ ਖਤਈਐ। ਬਧੈ ਗ੍ਰੰਥ ਬਹੁ ਲਿਖਿਓ ਚਹੀਐ।
ਜੌ ਲਿਖੀ ਨ ਹੋਤੀ ਔਰਹਿ ਠੌਰ। ਲਿਖਤੇ ਹਮ ਸਬ ਹੀ ਬਹੁ ਤੌਰ।੮।
ਯਾਤੇ ਏ ਮੈ ਸੂਚਜੋ ਧਰੋਂ। ਆਗੈ ਹੋਇ ਨ ਤੌ ਸ੍ਰਮ ਕਰੌਂ।
ਜੌ ਨਹਿੰ ਸਾਖੀ ਲਿਖੀ ਨ ਹੋਇ। ਜ਼ਰੂਰਹਿ ਚਹਿਯਤ ਲਿਖ ਲਈ ਸੋਇ।੯।

ਦੋਹਰਾ: ਜੋ ਆਗੈ ਹੈ ਅਤਿ ਘਨੀ ਮੋ ਮੈਂ ਕਹੀ ਘਟਾਇ।
ਆਗੈ ਹੈ ਪਰਛਿੰਨ ਜੋ ਸੋ ਮੈਂ ਦਯੋਂ ਪ੍ਰਗਟਾਇ।੧੦।

ਸਾਖੀ ਦਿੱਲੀ ਕੇ ਪਾਤਸ਼ਾਹਿ ਕੀ ਚਲੀ

੧੧. [ਦਿੱਲੀ ਕੈਦੋਂ ਸੰਤ ਸਾਧ ਛੁਡਾਏ, ਹਾਥੀ ਜਿਵਾਇਆ]

ਦੋਹਰਾ: ਆਗੈ ਸਾਖੀ ਯੋ ਸੁਨੋ ਹੁਤੇ ਪਠਾਣ ਦਿਲੀ ਪਤਸ਼ਾਹਿ।
ਕ੍ਰੋਪੀ ਕੀਨੀ ਜਿਮ ਗੁਰੂ ਦਯੋ ਮੁਗਲਨ ਕੋ ਤਖਤ ਪਲਟਾਇ।੧।

ਚੌਪਈ: ਲੋਦੀ ਬ੍ਰਹਮ ਖਾਂ ਪਾਤਸ਼ਾਹੁ ਥੋ ਜਦੀ। ਉਸ ਆਵਤ ਵਕਤ ਬੁਰੈ ਭਯੋ ਤਦੀ।
ਓਨ ਸਿੱਧ ਸਾਧ ਫੜ ਪੀਰ ਮੰਗਾਏ। ਦੇ ਚੱਕੀ ਸਭ ਪੀਸਨ ਬਹਾਏ।੨।

. Sri Satguru Jagjit Singh Ji eLibrary NamdhariElibrary@gmail.com .

'ਦੁਨੀਆਂ ਤੁਮ ਝੂਠੇ ਲੁਟ ਖਾਈ। ਨਹਿਂ ਕ੍ਰਮਾਤ ਕਿਨ ਹਮੈਂ ਦਿਖਾਈ':
ਤਹਿਂ ਮੁਸਲਮਾਨ ਹਿੰਦੂਅਨ ਕਹਯੋ। 'ਜੋਗ ਛੁਡਾਵਨ ਹੈ ਤੁਹੀਂ ਅਹਯੋ।੩।
ਤੁਝ ਹੀ ਕੋ ਹੈ ਖਿਰਦ ਕੀ ਲਾਜ। ਤੂੰਹੀ ਹੈਂ ਭੇਖ ਰਖਨੇ ਵਾਜ।
ਸਭ ਸੂਰਨ ਕੇ ਦਲ ਨਹਿਂ ਹੋਇਂ। ਸ਼ੇਰ ਝੱਲ ਮਧ ਏਕੋ ਕੋਇ'।੪।

ਦੋਹਰਾ: ਤੌ ਸਤਿਗੁਰ ਹਸਿ ਉਨ ਕਹਜੋ 'ਤੁਮ ਸਭ ਕਰਨੈ ਜੋਗ।
ਹਮ ਕੌ ਜਸ ਤੁਮ ਦੇਤ ਹੋ, ਕੱਲ ਕੇ ਸਭ ਭਲ ਹੋਗ'।੫।

ਚੌਪਈ: ਸਭ ਸੰਤਨ ਨਿਜ ਚੱਕੀ ਚਲਾਇ। ਸਿਰ ਕੋ ਟੋਕਰੀ ਊਚੀ ਦਿਖਾਇ।
ਦਯੋ ਪੜਦਾ ਸਭ ਭੇਖ ਪਰ ਪਾਇ। ਸਤਿਗੁਰ ਅਧਿਕ ਭਯੋ ਜਸੁਵਾਇ।੬।

ਦੋਹਰਾ: ਮੁਯੋ ਹਾਥੀ ਹਥਵਾਨ ਕੋ ਸ੍ਰੀ ਸਤਿਗੁਰ ਦਯੋ ਉਠਾਇ।
ਉਨ ਹੁਤੀ ਟਹਲੁ ਸੰਤਨ ਕਰੀ ਕਰੀ ਦਯਾ ਗੁਰ ਤਾਹਿਂ।੭।

ਚੌਪਈ: ਯੌ ਸੁਨ ਗੁਰ ਪਰ ਸ਼ਾਹਿ ਰਿਸਾਯਾ। 'ਯਹ ਜਾਦੂ ਇਨ ਹਿੰਦੂ ਚਲਾਯਾ।
ਸ਼ਹਰੋਂ ਇਸ ਕੌ ਦਿਯੋ ਕਢਾਇ। ਬਹੁਰ ਨ ਦਿੱਲੀ ਵਰ ਹੈ ਆਇ'।੮।
ਸਤਿਗੁਰ ਕਹਜੋ 'ਹਮ ਤੌਵਰੇਂ ਆਇ। ਕਰ ਔਰ ਬਹਾਵੈਂ ਦਿੱਲੀ ਪਤਸ਼ਾਹਿ।
ਅਬ ਆਇ ਬੋਲਜੋ ਤੁਮਰੋ ਕਾਲ। ਅਠਾਰਾਂ ਸੌ ਅਠੱਤਰੇ ਸਾਲ'।੯।

ਦੋਹਰਾ: ਦਈ ਫਿਟਕ ਸ੍ਰੀ ਗੁਰ ਉਮੇ ਭਈ ਬਾਇ ਉਸ ਮਾਰ।
ਤਬ ਦਿੱਲੀ ਚੁਗਤੇ ਲਈ ਸਿੱਖੀ ਬਾਬੇ ਧਾਰ।੧੦।

ਕਾਰੂੰ ਪਾਤਸ਼ਾਹਿ ਕਾ ਪ੍ਰਸੰਗ

੧੨. [ਕਾਰੂੰ ਦੀ ਗੋਸ਼ਟ ਦਾ ਉੱਧਾਰ]

ਦੋਹਰਾ: ਤੌ ਮਾਲੀ ਸੁਨ ਹਮ ਕਹੀ 'ਸਭ ਸੰਸੇ ਭਏ ਦੂਰ।
ਕਾਰੂੰ ਗੋਸਟ ਨਹਿਂ ਕਹੀ ਯਾਮੈ ਸ਼ੱਕ ਜ਼ਰੂਰ।੧।

ਚੌਪਈ: ਤਾਂਕੋ ਬੀਤੇ ਬਰਸ ਹਜ਼ਾਰ। ਗੋਸ਼ਟ ਕਹੀ ਕਬ ਬਾਬੇ ਨਾਰ?'
ਤਉ ਉਸਕੋ ਮੈਂ ਉੱਤਰ ਦਯੋ। 'ਯਹ ਗੋਸ਼ਟ ਮੇਂ ਸੰਸੋ ਭਯੋ।੨।
ਬਾਬੇ ਕਹੀ ਨ ਜੋ ਮੁਖ ਸਾਖੀ। ਲਿਖਾਰੀ ਲਿਖ ਸੋ ਗੋਸ਼ਟ ਰਾਖੀ।
ਆਗੇ ਮਿਲੇ ਉਨੋਂ ਤੈ ਚੌੜਾ। ਉਨ ਅੱਛਰ ਬਹੁ ਔਹ ਦਏ ਤੋੜਾ।੩।
ਨਹਿਂ ਕਛ ਜਾਨਜੋ ਸੰਮਤ ਸਾਲ। ਵਾਧ ਘਾਟ ਨਹਿਂ ਸਮਝਜੋ ਹਵਾਲ।
ਪੀਰ ਫਕੀਰ ਸਿਧ ਗੋਸਟ ਥੋਈ। ਇਮ ਕਰ ਗੋਸਟ ਲਿਖ ਗਜੋ ਕੋਈ।੪।
ਗੋਸ਼ਟਨ ਕੋ ਔ ਸਾਖੀ ਭਾਇ। ਨਹ ਮੂਰਖ ਕੇ ਸਮਝਤ ਥਾਇ।
ਉਸ ਯਾਰ ਦਿਵਾਨੋ ਜਾਕੋ ਕਹੀਐ।ਉਨ ਹੀ ਮੈ ਤੇ ਉਨਕੋ ਲਹੀਐ।
ਗਿਰੀ ਖਖਰ ਕਹਿਂ ਚੰਦ ਪੁਰਾਣਾ। ਕੋਲੂ ਅੱਲਾਹਿ ਮੁਰਮੇਂ ਦਾਣਾ।੫।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਰਸੂਲੋਂ ਔ ਬਾਖਿਓਂ ਖਿਤੇ ਸੁ ਬਰਸ ਹਜ਼ਾਰ।
ਦੇਤੇ ਆਏ ਸਾਖ ਇਹ ਗੰਜ ਚਾਲੀ ਕਾਰੂੰ ਵਾਰ।੬।
"ਹੁਤੋ ਕਾਰੂ ਪਾਤਸ਼ਾਹਿ ਇਕ" ਕਹੀ ਬਾਬੈ ਯੌਂ ਬਾਤ।
"ਸੋ ਚਾਲੀ ਗੰਜ ਜੋੜਕੇ ਭਯੋ ਤੇ ਖਾਲੀ ਜਾਤ।੭।
ਇਕ ਅਮਰ ਪਿਕੰਬਰ ਸੰਤ ਹੁਤੋ ਮਿਲ ਉਸ ਕਰਜੋ ਨਿਹਾਲ"।
ਮੂੜ੍ਹਨ ਗੋਸਟ ਲਿਖ ਕਹੀ ਕਰੀ ਸੁ ਬਾਬੈ ਨਾਲ।੮।

ਸਾਖੀ ਸਤਿਗੁਰ ਕੀ ਬੰਸਾਵਲੀ ਕੀ ਤੁਰੀ

੧੩. [ਦੂਸਰੇ ਪਾਤਸ਼ਾਹ ਤੋਂ ਦਸਮੇਸ਼ ਜੀ ਤੱਕ]

ਦੋਹਰਾ: ਤਬ ਮਾਲੀ ਨੈ ਹਮ ਕਹਜੋ 'ਯਹ ਭੀ ਭੇਤ ਸੁਨਾਇ।
ਗੁਰ ਨਾਨਕ ਪਾਛੈ ਗੁਰ ਭਏ ਤਿਨ ਕੋ ਦੇਹੁ ਬਤਾਇ'।੧।

ਚੌਪਈ: ਤਬ ਮੈਂ ਉਸਕੋ ਬਿਉਰੋ ਦਯੋ। ਗੁਰ ਨਾਨਕ ਪਾਛੈ ਅੰਗਦ ਭਯੋ।
ਜੋ ਉਨਕੀ ਸਭ ਕਥਾ ਕਥੱਯੈ। ਗ੍ਰੰਥ ਬਧੈ ਨਹਿੰ ਅੰਤ ਸੁ ਪੱਯੈ।੨।
ਅੰਗਦ ਤੇ ਗੁਰ ਭਜੋ ਅਮਰਦਾਸ। ਕੀਯੋ ਪਤਸ਼ਾਹੀ ਦਾਵਾ ਜਾਸ।
ਖਾਈ ਸੂਬੇ ਜਿਨ੍ਹੈਂ ਨਿਵਾਏ। ਪਤਿਸ਼ਾਹੀ ਦਾਵੈ ਜਿਤਨ ਜਤਾਏ।੩।
ਪੁਨ ਰਾਮਦਾਸ ਪੂਰਣ ਮਤ ਠਈ। ਤਬ ਤੇ ਫਿਰ ਘਰ ਸੋਢੀਯਨ ਰਹੀ।
ਫਿਰ ਅਰਜਨ ਗੁਰ ਹਰਿਗੋਬਿੰਦ। ਖੜਗ ਚਕਜੋ ਜਿਨ ਮਾਰ ਪੈਇੰਦ।੪।
ਮੀਰੀ ਪੀਰੀ ਦੋਊ ਦਿਖਈ। ਸ਼ਾਹ ਜਹਾਂ ਕੋ ਹਾਰ ਸੁ ਦਈ।
ਲੱਲਾ ਕੰਬਰ ਮਾਰੇ ਫੌਜਦਾਰ। ਫਿਰ ਪਤਸ਼ਾਹਿ ਸੌਂ ਲਈ ਸਵਾਰ।੫।

ਦੋਹਰਾ: ਫਿਰ ਹਰਿ ਰਾਇ ਔ ਹਰ ਕ੍ਰਿਸ਼ਨ ਭਏ ਤਿਮੈਂ ਗੁਰਦੇਵ।
ਇਛੈਂ ਪੂਰੈਂ ਸਿਖਨ ਕੀ ਸਿਖ ਕਰੈਂ ਗੁਰ ਸੇਵ।੬।

ਚੌਪਈ: ਤੇਗ ਬਹਾਦਰ ਫਿਰ ਗੁਰ ਭਯੋ ਪਰਸ੍ਵਾਰਥ ਹਿਤ ਜਿਨ ਸਿਰ ਦਯੋ।
ਕਲਜੁਗ ਮੈਂ ਬਡ ਸਾਕਾ ਕੀਯੋ। ਧਰਮ ਕਰਮ ਰਖ ਹਿੰਦੂਅਨ ਲੀਯੋ।੭।
ਪੁਨ ਗੋਬਿੰਦ ਸਿੰਘ ਭਏ ਕਲ ਧਾਰੀ। ਦੇ ਪਤਿਸ਼ਾਹੀ ਕੀਯੋ ਪੰਥ ਭਾਰੀ।
ਜਿਮ ਦੀਪਕ ਤੇ ਦੀਪਕ ਜਾਗੈ। ਤਿਉਂ ਗੁਰ ਤੇ ਗੁਰ ਹੋਤ ਭਏ ਆਗੈ।੮।

ਦੋਹਰਾ: ਸ੍ਰੀ ਸਤਿਗੁਰ ਜੋ ਦਸ ਭਏ ਦਏ ਉਨਕੇ ਨਾਮ ਸੁਨਾਇ।
ਤਿਮ ਹੀ ਬੂਟੈ ਸ਼ਾਹਿ ਤੇ ਲਏ ਅਪਨੀ ਕਿਤਾਬ ਲਿਖਵਾਇ।੯।

ਸਾਖੀ ਨੌਰੰਗੇ ਪਾਤਿਸ਼ਾਹ ਕੀ ਜ਼ੁਲਮੀ ਕੀ ਲਿਖਜਤੇ

੧੪. [ਨੌਵੇਂ ਪਾਤਸ਼ਾਹ ਦਾ ਸਾਕਾ]

ਦੋਹਰਾ: ਤਬ ਮਾਲੀ ਨੇ ਫਿਰ ਕਹਜੋ 'ਯਹ ਭੀ ਭੇਤ ਬਤਾਇ।
ਪਤਿਸ਼ਾਹਨ ਔ ਗੁਰਨ ਕੋ ਪਰਜੋ ਬੈਰ ਜਿਤ ਭਾਇ?'।੧।

. Sri Satguru Jagjit Singh Ji eLibrary NamdhariElibrary@gmail.com .

ਚੌਪਈ: ਤਬ ਮੇਂ ਉਸਕੋ ਭੇਤ ਬਤਾਯੋ। ਗੁਰੂਅਨ ਸੌਂ ਜਿਮ ਉਨੈ ਕਮਾਯੋ।
ਕਦੇ ਰਾਜੀ ਕਦੇ ਗੁਸੇ ਰਹਾਵੈਂ। ਸੋ ਚਲ ਜਾਤ ਨਹੀਂ ਸਿਰ ਆਵੈਂ।੨।
ਰਾਜ ਨੁਰੰਗੈ ਸਿਰ ਜਬ ਆਯੋ। ਬਡੋ ਪਾਪ ਉਸ ਕੈ ਦਿਲ ਭਾਯੋ
ਇਤ ਨੌਰੰਗ ਉਤ ਤੇਗ ਬਹਾਦੁਰ। ਭਏ ਜ਼ਗਤ ਮੈਂ ਦੁਊ ਉਜਾਗਰ।੩।

ਦੋਹਰਾ: ਹੁਤੋ ਨੌਰੰਗੇ ਪ੍ਰਣ ਕੀਯੋ ਤਖਤ ਬਹਨ ਮੇ ਕਾਲ।
'ਤੁਰਕ ਕਰੌਂ ਸਭ ਹਿੰਦੂਅਨ ਮੂਬੈ ਬਾਈਅਨ ਭਾਲ'।੪।

ਚੌਪਈ: ਤੇਗ ਬਹਾਦਰ ਬਡ ਬਲ ਧਾਰੀ। ਪ੍ਰਗਟ ਭਈ ਗੱਲ ਦੁਨੀਆਂ ਸਾਰੀ
ਜਾਂ ਪੈ ਆਇ ਪਰੈ ਕੋ ਦੁੱਖ। ਪਰੈ ਚਰਨ ਮੈਂ ਹੋਵੈ ਸੁੱਖ।੫।
ਦੁਨੀਆਂ ਮਤਲਬ ਸੁਖ ਕੀ ਸਾਰੀ। ਆਵੈ ਸ਼ਰਨੀ ਜਿਹ ਭੈ ਭਾਰੀ।
ਲਗਤ ਚਰਨ ਹੁਇ ਤੁਰਤ ਸੁਖਾਰੈ।। ਪ੍ਰਗਟ ਭਈ ਯਹ ਗੱਲ ਜਗ ਸਾਰੈ।੬।

ਦੋਹਰਾ: ਚਲੀ ਕਹਾਵਤ ਸਭ ਜਗੈ 'ਯਹਿ ਸਾਚੋ ਅਵਤਾਰ।
ਸ਼ਰਨੀ ਆਵੈ ਜੋ ਉਸੈ ਸੋਊ ਉਤਰੈ ਪਾਰ'।੭।

ਚੌਪਈ: ਤੌ ਲੌ ਤੁਰਕਨ ਪਾਯੋ ਜ਼ੋਰ। ਮੁਸਲਮਾਨ ਕਰੈ ਹਿੰਦੁਨ ਟੋਰ।
ਤੌ ਹਿੰਦੂਅਨ ਕੌ ਚਿੰਤਾ ਪਰੀ। ਮਸਲਤ ਇਉਂ ਤਬ ਹਿੰਦੂਅਨ ਕਰੀ।੮।
'ਗੱਲ ਲਗਾਈਏ ਬ੍ਰਹਮਨ ਸੀਸ। ਜੌ ਉਨਕੀ ਕਛੁ ਮਨੈ ਜਗਦੀਸ'।
ਹਿੰਦੂ ਗਰੀਬਨ ਨੈ ਹਥ ਜੋੜੈ। ਨੌਰੰਗੈ ਅਗੈ ਖੜੈ ਭਏ ਸੋੜੈ।੯।
'ਹਮ ਹੈਂ ਬ੍ਰਾਹਮਨੌਂ ਕੇ ਅਧੀਨ। ਉਨਕੋ ਲਜਾਵੋ ਪਹਿਲੇ ਦੀਨ।
ਹਮ ਭੀ ਹੋਵਹਿੰ ਤਿਸਹੀ ਦੀਨ। ਗ਼ਰੀਬ ਹਿੰਦੂਅਨ ਯੌਂ ਛਲ ਕੀਨ।੧੦।
ਆਪਨ ਲੀਨੀ ਗੈਲ ਛੁਡਾਇ। ਬ੍ਰਹਮਨ ਗਲ ਪਾਇ ਦਈ ਖਲਾਇ।
ਤਬ ਉਨ ਲੀਨੌ ਬ੍ਰਹਮਣ ਬੁਲਾਇ। 'ਮੁਸਲਮਾਨ ਹੋਹੁ' ਕਹਜੋ ਸੁਣਾਇ।੧੧।
'ਜੋ ਚਹੋ ਲਹੋ ਮੋਹਿ ਤੇ ਆਇ। ਬਿਰਤ ਤੁਰਕਨ ਗੈਲ ਦਯੋ ਲਗਾਇ।
ਨਹੀਂ ਮੁਲਕ ਤਜ ਜਾਓ ਪਾਰ। ਮੁਲਕ ਰਹੋ ਮੁਹਿ ਮੈਂ ਦਜੋਂ ਮਾਰ।੧੨।

ਦੋਹਰਾ: ਸਭ ਮੁਨ ਭਏ ਸੁ ਸਜਾਮ ਰੰਗ ਜਨ ਮਰ ਗਯੋ ਪ੍ਰਵਾਰ।
ਇਕ ਦਿਸ਼ ਹੋਇ ਤਜਾਇ ਤਜ ਜਾਈਏ ਕਹਾਂ ਸੰਸਾਰ।੧੩।

ਚੌਪਈ: ਬ੍ਰਾਹਮਨ ਬਨੀ ਬਹੁ ਔਖੀ ਬਾਤ। ਨਾ ਕਿਛੁ ਸੁੱਝੈ ਦਿਨ ਅਰ ਰਾਤ।
ਬ੍ਰਾਹਮਨ ਨੈ ਕਛ ਅਰਮਾ ਕੀਯੋ। ਦਿਨੈ ਲੰਘਾਵਨ ਵਿਲਾਵ ਸੁ ਲੀਯੋ।੧੪।
ਲਾਗੈ ਕਰਨ ਸੁ ਤਪ ਅਰ ਜਾਪ। ਦੇਵਤਾ ਨ ਜਾਗੇ ਸਿਰ ਰਹੇ ਥਾਪ।
ਤਬ ਚੁਗਲਨ ਨੈ ਚੁਗਲੀ ਬਨਾਈ। 'ਕਰਤ ਹੈਂ ਬ੍ਰਾਹਮਨ ਜਾਦੂ ਉਪਾਈ'।

ਦੋਹਰਾ: ਯਹ ਸੁਨ ਸ਼ਾਹਿ ਨੌਰੰਗ ਤਬ ਭਯੋ ਅਤੀਸੈ ਕੋਪ।
ਕਾਸ਼ਮੀਰ ਮੈਂ ਹਿੰਦੂਆਂ ਕਾ ਜਿਉਂ ਕਰਜੋ ਧਰਮ ਉਨ ਲੋਪ।੧੬।

Sri Satguru Jagjit Singh Ji eLibrary NamdhariElibrary@gmail.com

ਚੌਪਈ: ਅਹਦੀਏ ਦੁੜਾਏ ਵਲ ਕਸ਼ਮੀਰ। ਹੁਕਮ ਸੁਣੇ ਤਿਨ ਕਰੀ ਨ ਧੀਰ।
ਤੁਰਤ ਫੜੇ ਥੇ ਦੇ ਕੇ ਤਾਣ। ਸਭ ਹਿੰਦੂ ਕੀਏ ਮੁੱਸਲਮਾਨ।੧੭।
ਹਿੰਦੂ ਬਚੈਂ ਲੁਕ ਬਤੇਰਾ ਕਰੈਂ। ਔਰ ਲਏ ਸਭ ਮੁਸਲੈ ਕਰੈ।
ਯੌਂ ਸਭ ਜਗ ਸੁਨ ਭਯੋ ਤਰਾਸ। ਤਬ ਬਿਪ ਆਏ ਸਤਿਗੁਰ ਪਾਸ।੧੮।

ਦੋਹਰਾ: ਕਾਂਸ਼ੀ ਆਦਿ ਗੰਗਾ ਫਿਰੌਂ ਕੁਲਛੇਤਰ ਛੇਤਰ ਔਰ।
ਰਲ ਬਹਿ ਆਏ ਫਰਜਾਦ ਸਭ ਗੁਰ ਤੇਗ ਬਹਾਦਰ ਕੌਲ।੧੯।

ਚੌਪਈ: ਆਇ ਬ੍ਰਹਮਨ ਸਭ ਐਸ ਪੁਕਾਰੇਂ। 'ਸਤਿਗੁਰ ਸੁਨ ਆਏ ਤੁਮ ਦ੍ਵਾਰੇ।
ਹੋ ਛੱਤ੍ਰੀ ਤੁਮ ਬ੍ਰਹਮ ਉਜਾਗਰ। ਗਊ ਬ੍ਰਹਮਨ ਤੁਮ ਪ੍ਰਿਤਪਾਗਰ।੨੦।
ਅਬ ਆਇ ਪਰੀ ਹਮਨੈ ਪੈ ਭਾਰੀ। ਅਬ ਹਮ ਕੋ ਤੁਮ ਲੇਹੁ ਉਬਾਰੀ।
ਤੁਮ ਨਾਨਕ ਸਤਿਗੁਰ ਕਲਧਾਰੀ। ਰਾਖੋ ਹਿੰਦੂਅਨ ਹਿੰਦ ਮਝਾਰੀ।੨੧।
ਹਿੰਦੋਂ ਹਿੰਦੂ ਨ੍ਰਿਬੀਜ ਹੈਂ ਕਰਨੇ। ਸ਼ਾਹਿ ਨੁਰੰਗੈ ਯੌ ਲਿਖ ਬਰਨੇ।
ਤੁਰਕ ਪ੍ਰਿਥਮ ਹੈ ਬਾਹਮਨ ਕਰਨੇ। ਔਰ ਹਿੰਦੂ ਹੈਂ ਪਾਛੈ ਫਰਨੇ।੨੨।
ਬ੍ਰਹਮਨ ਹੈਂ ਹਿੰਦੂਅਨ ਅਗਵਾਨ। ਤੁਰਕ ਹੁਇ ਜਾਊ ਮਗਹ ਜਹਾਨ।
ਯਹ ਅਬ ਨੁਰੰਗੈ ਕਰੀ ਸਲਾਹਿ। ਤ੍ਰਾਹਿ ਤ੍ਰਾਹਿ ਆਏ ਤੁਮ ਪਾਹਿ।੨੩।
ਜੌ ਤੁਮ ਹੋ ਕਿਛ ਸਤਿਗੁਰ ਸੂਰੇ। ਡੁਬਤਿ ਰਖੋ ਹਿੰਦੁਵਾਇਨ ਪੂਰੇ।
ਨਹੀਂ ਤੋ ਤੁਰਕ ਤੁਹਿ ਪ੍ਰਿਥਮ ਕਰਾਵੈਂ। ਤੁਹਿ ਤੇ ਪਿਛੈ ਹਮ ਦੀਨ ਮੇਂ ਆਵੈਂ।੨੪।
ਤੁਮ ਛੱਤ੍ਰੀ ਹੋ ਖੜਗ ਉਠਾਵੋ। ਸਭ ਹਿੰਦੂਅਨ ਕੋ ਗਲੈ ਲਗਾਵੋ।
ਤੁਮ ਪੈ ਮਾਯਾ ਆਵੈ ਘਨੀ। ਕਰਾਮਾਤ ਤੁਮ ਪੈ ਅਨਗਨੀ'।੨੫।

ਦੋਹਰਾ: 'ਤੁਰਕਨ ਤੈ ਦਸ ਗੁਨ ਅਧਿਕ ਹੈਂ ਹਿੰਦੂ ਹਿੰਦ ਮਾਂਹਿ।
ਜੌ ਤੁਮ ਖੰਡਾ ਫੜ ਖੜੋ ਸਭ ਰਲੈਂ ਤੁਮੈ ਸੰਗ ਆਇ।੨੬।

ਚੌਪਈ: ਗੁਰ ਨਾਨਕ ਬਚ ਗਏ ਬਿਕਾਯਾ। ਤੁਰਕਨ ਸੌਂ ਨਹਿ ਖੰਡਾ ਫੜਾਯਾ।
ਤੁਰਕ ਗਲੈਂ ਗਲੈਂ ਹਮ ਸੀਸ। ਯੌ ਕਰਿ ਗਏ ਸਤਿਗੁਰ ਬਖਸ਼ੀਸ਼।੨੭।

ਦੋਹਰਾ: ਜੇਕਰ ਤੁਮਰੇ ਭਲ ਭਵੇ ਸਿਰ ਦੇਤ ਨ ਲਾਵੈਂ ਬੇਰ।
ਦੇਊਂ ਤਾਂਕੀ ਜਾਇ ਜੜ੍ਹ ਦਰਗਾਹੋਂ ਤੁਰਤ ਉਖੇੜ'।੨੮।

ਚੌਪਈ: ਤਬ ਬ੍ਰਹਮਣ ਕੇ ਮਨ ਯੌ ਆਈ। 'ਕਬ ਮੁਯੋ ਕਬ ਜੜ ਉਖੜਾਈ।
ਤੁਰਕ ਕਰੈਂਗੇ ਹਮ ਇਤ ਸਾਲ। ਕਬ ਮਰ ਤੁਮ ਹਮ ਲਓ ਉਬਾਰ।੨੯।
ਬੂਡ ਮੂਏ ਨੌਕਾ ਕਿਤ ਕਾਮ। ਭੂਖੇ ਮਰੇ ਖੀਰ ਕਿਤ ਕਾਮ।
ਪਜਾਸ ਮੂਏ ਫਿਰ ਨੀਰ ਨੁਲੱਯੇ। ਫਿਰ ਪਿਆਸ ਤਿਸ ਕੈਸ ਬੁਝੱਯੇ'।੩੦।

ਦੋਹਰਾ: ਤਬਿ ਸਤਿਗੁਰ ਬਿੱਪੁਨ ਕਹਜੋ 'ਯੌ ਕਹਿ ਗੈਲ ਛੁਡਾਇ।
ਹਮ ਹੋਵਹਿੰਗੇ ਗੈਲ ਉਸ ਗੁਰ ਕੌ ਤੁਰਕ ਬਨਾਇ'।੩੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਬਿੱਪ੍ਰਨ ਜਾਇ ਵੈਸੀ ਕਈ। ਜਿਮ ਸਤਿਗੁਰ ਥੀ ਉਨ ਸਮਝਈ।
'ਪ੍ਰਿਥਮ ਕਰੋ ਗੁਰ ਮੁਸਲਮਾਨ। ਮਗ ਹੋਵਗ ਸਗਲ ਜਹਾਨ'।੩੨।
ਸੋ ਬਿੱਪ੍ਰਨ ਜਾ ਚੁਗਲੀ ਕਰੀ। ਤੁਰਕਨ ਮੰਨ ਲਈ ਸੋ ਖਰੀ।
ਗੁਰ ਕੀ ਗੈਲ ਨੁਰੰਗੇ ਫਰੀ। ਭੇਜ ਹਲਕਾਰੇ ਤਲਾਇਸ਼ ਕਰੀ।੩੩।
ਉਤ ਸਤਿਗੁਰ ਨੈ ਕਰੀ ਤਿਆਰੀ। ਜੈਸੇ ਬਿੱਪ੍ਰਨ ਹੁਤੀ ਉਚਾਰੀ।
ਆਪ ਚੱਲ ਗੁਰ ਦਿੱਲੀ ਆਏ। ਤੁਰਕਨ ਘਰ ਜਾ ਆਪ ਬੰਧਾਏ।੩੪।

ਦੋਹਰਾ: ਦਿਲੀ ਦੁਵਾਰੈ ਖੜ ਗੁਰੂ ਦੁਸਾਲੋ ਦੀਯੋ ਘਲਾਇ।
ਹਲਵਾਈ ਹੱਟੀ ਜਾਇ ਧਰਜੋ ਪਰਗਟ ਹੋਣੇ ਦਾਇ।੩੫।

ਚੌਪਈ: ਸ਼ੁਹਰਤ ਭਈ ਨੌਰੰਗੈ ਫੜ ਲਯੋ। ਢੂੰਡਤ ਥੇ ਜਿਸ ਘਰ ਮੈਂ ਪਯੋ।
ਇਮ ਨੌਰੰਗੇ ਕੇ ਹਥ ਆਏ। ਇਮ ਕਰ ਸਤਿਗੁਰ ਆਪ ਬੰਧਾਏ।੩੬।
ਕੈਦ ਪਾਇ ਬਹੁ ਦਿਵਾਯੋ ਤ੍ਰਾਸ। ਫੇਰ ਮੁਗਲ ਇਕ ਭੇਜਯੋ ਪਾਸ।
ਖੋਟਾ ਬੋਲ ਔ ਤ੍ਰਾਸ ਦਿਖਾਯਾ। 'ਤੁਰਕ ਹੋਹਿ' ਤਿਨ ਆਖ ਸੁਣਾਯਾ।੩੭।
'ਅਕੈ ਦਿਖਾਇਓ ਕਰਾ ਮੁਮਾਤ। ਜਿਮ ਗੁਰੂ ਅਖਾਵੈਂ ਦਿਖਾਓ ਸੋਊ ਬਾਤ।
ਜਿਮ ਤੁਮ ਪਤਸਾਹੁ ਸੱਚੋ ਸਦਵਾਵੈਂ। ਜਿਮ ਕਰ ਹਮਕੋ ਝੂਠ ਠਹਿਰਾਵੈਂ।੩੮।
ਨਹੀਂ ਹੋਹੁ ਤੂੰ ਮੁੱਸਲਮਾਨ। ਅਕੈ ਦਿਖਾਉ ਕੁਛ ਅਪਨੋ ਤਾਨ।
ਦਿਖਾਓ ਹਮੈ ਕੁਛ ਕਰਾ ਜੁ ਮਾਤ। ਰਾਮਰਾਇ ਜਿਮੈਂ ਮੰਨੋ ਬਾਤ'।੩੯।

ਦੋਹਰਾ: ਤਬ ਸਤਿਗੁਰ ਫਿਰ ਇਮ ਕਹਯੋ ਨਹਿੰ ਅੱਛਾ ਕੀਅ ਰਮਰਾਇ।
ਆਪ ਬਡਾਈ ਲੈ ਗਇਓ ਗਲ ਪਿਛਲਨ ਪਾਇ ਖਲਾਇ।੪੦।

ਚੌਪਈ: ਜੋ ਵਹੁ ਦੇ ਗਇਓ ਕਰਾ ਸੁ ਮਾਤ। ਤੌ ਹਮ ਕੋ ਤੈਂ ਆਖੀ ਬਾਤ।
ਪੀਰ ਫਕੀਰਨ ਲਾਗਯੋ ਪਾਪ। ਗਯੋ ਕਰਵਾਇ ਵਹੁ ਸਭ ਕੋ ਖਾਪ।੪੧।
ਕਰਾਮਾਤ ਮਧ ਸਭ ਕਬ ਹੋਇ। ਬਿਨ ਕਰਾਮਾਤ ਤੁਮ ਛਡੋ ਨ ਕੋਇ।
ਯਹ ਕਰਾਮਾਤ ਹਮ ਦੇਇ ਨ ਜਾਹੀ। ਪਿਛਲਨ ਕੈ ਜੋ ਗੈਲ ਲਗਾਹੀ।੪੨।
ਕਰਾਮਾਤ ਹੈ ਕਹਰ ਸੁ ਮਾਹਿ। ਪੀਰ ਸ਼ਾਹ ਕੋ ਚਹੀਅਤ ਨਾਹਿ।
ਕਹਿਰ ਹਟਾਵਨ ਕੋ ਕੀਓ ਦੋਊ। ਪੀਰ ਫਕੀਰ ਕਹਰ ਚਹਿ ਖੋਊ।੪੩।

ਦੋਹਰਾ: ਕਰਾਮਾਤ ਨਾਮ ਕਹਿਰ ਹੈ ਸੋ ਹਮ ਕਰਤੇ ਨਾਹਿ।
ਹਮਰੈ ਉੱਪਰ ਤੁਮ ਕਰੋ ਤੌ ਤੁਹੁ ਪੂਛੈ ਖੁਦਾਇ'।੪੪।

ਚੌਪਈ: ਤਬੈ ਨੁਰੰਗੈ ਗੁੱਸਾ ਕੀਆ। 'ਤੁਮ ਚਾਹਤ ਖਾਤਨ ਤੈ ਜੀਆ।
ਅਕੈ ਤਾਂ ਹੋਹੁ ਤੂੰ ਮੁੱਸਲਮਾਨ। ਅਕੈ ਤਾਂ ਤੂੰ ਕਰ ਮਰਨ ਪ੍ਰਵਾਨ।੪੫।
ਮਾਰੌਂ ਮੁੰਦ ਤੁਹਿ ਕੱਚੇ ਚਾਮ। ਧਰੌਂ ਧੂਪ ਤੋਹਿ ਮੱਧ ਦਰਾਮ।
ਜਿਮ ਜਿਮ ਤੁਮ ਵਹਿ ਧੂਪ ਸੁਕਾਇ। ਤਿਮ ਤਿਮ ਤੁਮਕੋ ਮਿਲੈ ਸਜਾਇ।੪੬।

Sri Satguru Jagjit Singh Ji eLibrary NamdhariElibrary@gmail.com

ਗੁਰੁ ਅਖਾਇ ਲੁੱਟ ਖਾਯੋ ਜ਼ਹਾਨ। ਅਬ ਹੋਵਤ ਨਹਿੰ ਕਿਮ ਮੁਸਲਮਾਨ।
ਕਜਾ ਮੁਸਲਮਾਨ ਸਮ ਹਿੰਦੁਨ ਨਾਹਿੰ। ਹਮਤੈ ਤੁਮ ਜਿਮ ਨਠ ਨਠ ਜਾਹਿ'।੪੭।
ਤਬ ਸਤਿਗੁਰ ਮਨ ਕੀਯੋ ਬਿਚਾਰਾ। 'ਆਇ ਪੁਜਯੋ ਹੈ ਵਕਤ ਹਮਾਰਾ।
ਜਿਸੈ ਵਕਤ ਹਮ ਟੋਲਤ ਆਏ। ਵੋਹੁ ਵਕਤ ਹਮ ਭਯੋ ਲਭਾਏ।੪੮।

"ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ"॥੫੧॥

ਦੋਹਰਾ: ਤਬ ਸਤਿਗੁਰ ਜੀ ਜਾਨਿਓ 'ਸਮਾਂ ਪਹੂਚਯੋ ਆਇ।
ਸੋ ਅਬ ਢੀਲ ਨ ਚਾਹੀਐ ਇਹ ਸਿਰ ਸੀਸ ਲਗਾਇ'।੪੯।

ਚੌਪਈ: ਤਬ ਸਤਿਗੁਰ ਨੇ ਐਸ ਉਚਾਰਾ। 'ਹਮਰਾ ਇਸ਼ਟ ਦੇਖੋ ਤੁਮ ਭਾਰਾ।
ਕਰਾਮਾਤ ਹਮ ਐਸ ਦਿਖਾਹੀਂ। ਹਮਰਾ ਸਿਰ ਤੂੰ ਪਾਵੈਂ ਨਾਹੀਂ।੫੦।
ਹਮਰੇ ਸਿਰ ਕੋ ਤੇਗ ਲਗੱਯੈ। ਕਟੈ ਨ ਸੋ ਕਰਾਮਾਤ ਦਿਖੱਯੈ।
ਤਲਵਾਰ ਤਿੱਖੀ ਕੋਊ ਲਜਾਯੋ ਬੇਸ। ਚਲ ਭਜੋ ਤਿਸ ਜ਼ੋਊ ਕਟਤ ਹਮੇਸ਼'।੫੧।

ਦੋਹਰਾ: ਐਸੇ ਐਸੇ ਬਚਨ ਕਹਿ ਗੁਰ ਬੈਠੇ ਚੌਕੀ ਨ੍ਹਾਇ।
ਤੇਗ ਲਗਵਾਈ ਸੀਸ ਨਿਜ ਐਸੇ ਛਲ ਕੇ ਦਾਇ।੫੨।

ਚੌਪਈ: ਸੀਸ ਦਯੋ ਪਰ ਸਿਰਰ ਨ ਦੀਓ। ਅਪਨੋ ਧਰਮ ਕਰਮ ਰਖ ਲੀਓ।
ਚਰਮ ਕਚੈ ਤੇ ਸ੍ਰੀਰ ਬਚਾਯੋ। ਤੁਰਕਨ ਕੈ ਸਿਰ ਸੀਸ ਲਗਾਯੋ।੫੩।
ਉਨ ਮੂੜ੍ਹਨ ਯਹਿ ਕਲਾ ਨ ਜਾਨੀ। ਹਮ ਸਿਰ ਸਿਰ ਲਾਵਨ ਗਲ ਠਾਨੀ।
ਯੌ ਸਤਿਗੁਰ ਬਡ ਸਾਕਾ ਕੀਯੋ। ਪਰਸ੍ਵਾਰਥ ਹਿਤ ਨਿਜ ਸਿਰ ਦੀਯੋ।੫੪।

ਪ੍ਰਮਾਣ ਬਚਿੱਤ੍ਰ ਨਾਟਕ :-

ਦੋਹਰਾ: "ਠੀਕਰ ਫੋਰਿ ਦਿਲੀਸ ਸਿਰ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ"॥

ਦੋਹਰਾ: ਐਸ ਚਰਿਤ ਸਤਿਗੁਰ ਕੀਯੋ ਤਉ ਭਯੋ ਤੁਰਕ ਪਸ਼ੇਮਾਨ।
ਨੌਰੰਗੋ ਤਬ ਝੂਰਿਓ 'ਹਮ ਸਕੇ ਨ ਚਰਿਤ ਪਛਾਨ'।੫੫।

ਚੌਪਈ: ਨੌਰੰਗੈ ਦਿਲ ਖੌਫ ਬਹੁ ਠਟਿਓ। ਹਿੰਦੂਅਨ ਜ਼ੁਲਮ ਕਰਨ ਤੇ ਹਟਿਓ।
ਧੀਰੀ ਧੀਰੀ ਹ੍ਵੈ ਗਈ ਸਾਰੇ। ਭਈ ਮਾਲਕ ਕੈ ਦ੍ਵਾਰ ਪੁਕਾਰੇ।੫੬।

ਦੋਹਰਾ: ਪਰੀ ਪੁਕਾਰ ਦਰਬਾਰ ਸਚ ਮਾਲਕ ਕੀਯੋ ਬਿਚਾਰ।
ਪੀਰ ਪੈਕੰਬਰ ਤੁਰਕ ਕੇ ਦਰਬਾਰੋਂ ਦਏ ਨਿਕਾਰ।੫੭।

ਚੌਪਈ: ਸੱਚ ਖੰਡ ਤੇ ਤਬੈ ਨਿਕਾਰੇ। ਡੇਰਾ ਦੀਨੋ ਪਿਛੈ ਦਰਬਾਰੇ।
ਤਬ ਤੈ ਘਟੀ ਪਤਿਸ਼ਾਹੀ ਦਿੱਲੀ। ਤਬਤੇ ਤੁਰਕ ਕਲਾ ਭਈ ਢਿੱਲੀ।੫੮।

. Sri Satguru Jagjit Singh Ji eLibrary NamdhariElibrary@gmail.com .

ਸਾਖੀ ਦਸਮੇ ਪਾਤਸ਼ਾਹਿ ਕੀ ਲਿਖਯਤੇ

੧੫. [ਦਸ਼ਮੇਸ਼ ਜੀ ਨੇ ਅੰਸ ਕਿਉਂ ਨਾਂ ਰੱਖੀ?]

ਦੋਹਰਾ: ਫਿਰ ਦਸਮੇ ਪਾਤਿਸ਼ਾਹ ਸੇਂ ਵਧਿਓ ਤੁਰਕਨ ਵੈਰ।
ਚੁਗਲੀ ਖਾਈ ਪਹਾੜੀਅਨ ਗਜੋ ਦੰਗਿਆੜੋ ਫੈਲ।੧।

ਚੌਪਈ: ਕਾਜੀ ਮੁਗਲਨ ਤੁਰਕ ਸਿਖਾਏ। ਕਰਾਰ ਬਾਬਰ ਕੈ ਦਏ ਭੁਲਾਏ।
ਹਿੰਦੂਨ ਹਿੰਦ ਕਬ ਦਈ ਕਹਾਵੈਂ। ਦਈ ਪਿਕੰਬਰਨ ਆਪ ਬਨਾਵੈਂ।੨।
ਗੁਰ ਗੋਬਿੰਦ ਸਿੰਘ ਸੁਨ ਗੁੱਸਾ ਆਯਾ। ਤੁਰਕ ਨਾਸ਼ ਹਿਤ ਪੰਥ ਬਣਾਯਾ।
ਪੁੱਤਰ ਚਾਰੇ ਦਏ ਅਖਾਈ। ਪੰਥ ਖ਼ਾਤਰ ਨਿਜ ਅੰਸ ਗੁਵਾਈ।੩।

ਦੋਹਰਾ: ਤਬ ਮਾਲੀ ਹਮ ਪੂਛਜੋ 'ਕਿਮ ਬੰਸ ਅੰਸ ਰਖੇ ਨ ਦੋਇ?'
(ਉੱਤਰ)- ਅੰਸ ਹੋਇ ਫਿਰ ਬੰਸ ਪਰ ਉਤਨੋ ਹੇਤ ਨ ਹੋਇ।੪।

ਚੌਪਈ: ਦੱਤਾ ਤ੍ਰੈ ਔ ਗੋਰਖ ਸਿੱਧ। ਪੰਥ ਰਖਾ ਉਨ ਰਖੀ ਨ ਬਿੰਦ।
ਮੁਹੰਮਦ ਨੇ ਵੀ ਅੰਸ ਗੁਆਈ। ਉੱਤਮ ਬੰਸ ਉਨ ਰਖਜੋ ਬਧਾਈ'।੫।
ਮਰੀ ਕਹੀ 'ਕਿਮ ਤੁਰਕ ਦਿਹੋ ਦੋਸ਼। ਇਮ ਕਰ ਕਰੀ ਥੀ ਸਤਿਗੁਰ ਹੋਸ'।
ਸੋ ਹਮ ਮਾਲੀ ਉੱਤਰ ਦਯੋ। 'ਖੂਨ ਸ਼ਜ਼ਾਦਨ ਕੋ ਸਿਰ ਲਯੋ।੬।
ਤੁਰਕਨ ਕੌ ਗੁਰ ਚਾਹਤ ਗਾਰਨ। ਅਯੋ ਦੋਸ਼ ਸਿਰ ਉਨ ਇਤ ਕਾਰਨ।
ਰਚਨਾ ਰਚੀ ਪੰਥ ਇਤ ਕਾਰਨ। ਸਿੱਖ ਉਬਾਰਨ ਦੁਸ਼ਟ ਸਘਾਰਨ'।੭।
ਦੋਹ ਆਪ ਹੀ ਤੁਰਕ ਸਿਰ ਲਾਈ। ਚਾਹਤ ਅਪਨੋ ਪੰਥ ਵਧਾਈ।
ਅਕੇ ਬੰਸ ਕੈ ਅੰਸ ਹੀ ਹੋਇ। ਰਾਮ ਕ੍ਰਿਸ਼ਨ ਭੀ ਕਰੇ ਨ ਦੋਇ।੮।

ਦੋਹਰਾ: ਸ੍ਰੀ ਰਾਮ ਕ੍ਰਿਸ਼ਨ ਸੁਤ ਨਿਜ ਰਖੇ ਦਯੋ ਰਾਜਕਨ ਪ੍ਰੀਤ।
ਸ੍ਰੀ ਸਤਿਗੁਰ ਸਿੱਖਨ ਦਯੋ ਅਧਿਕ ਭਈ ਯੌਂ ਰੀਤ।੯।
ਅਪਨੇ ਅੰਸਹਿ ਹੋਤਿ ਫਿਗ ਪਰਅੰਸਹਿ ਬਢਤਿ ਨ ਹੇਤ:
ਭੂਮ ਪੁਤ੍ਰ ਜਿਹ ਘਾਸ ਹ੍ਵੈ ਨਹਿੰ ਹੁਇ ਅੰਨ ਤਿਹ ਖੇਤ।੧੦।

ਹੋਰ ਪ੍ਰਸੰਗ

੧੬. [ਖਾਲਸਾ ਕਿਉਂ ਸਾਜਿਆ?]

ਦੋਹਰਾ: ਤਊ ਮਰੀ ਮੁਹਿ ਸੋਂ ਕਹੀ ਫਿਰ ਭਿੰਨ ਭਿੰਨ ਮੋਹਿ ਸਮਝਾਇ।
'ਪੰਥ ਰਚਿਓ ਜਿਮ ਸਤਿਗੁਰੂ ਔਰ ਭਯੋ ਕਿਤ ਦਾਇ।੧।

ਚੌਪਈ: ਥੀ ਤੁਰਕਨ ਕੀ ਬਡ ਪਤਿਸ਼ਾਹੀ। ਹੁਕਮ ਤੁਰਤਿ ਲੰਘ ਸੂਬੇ ਬਾਈ।
ਮੱਧ ਸਮੁੰਦਰ ਟਾਪੂ ਘਣੇ। ਦੱਖਣ ਪੂਰਬ ਪਰਬਤ ਸਣੇ।੨।
ਰੱਯਤ ਹੁਤੋ ਦੇਸ਼ ਉਨ ਸਾਰੋ। ਕਿਮ ਕਰ ਬਧ ਗਜੋ ਸਿੰਘਨ ਪਸਾਰੋ?
ਰੱਯਤ ਉਨ ਕਿਮ ਆਕੀ ਭਈ? ਤਿਨ ਕੀ ਫੌਜ ਕਹਾਂ ਥੀ ਗਈ?।੩।

Sri Satguru Jagjit Singh Ji eLibrary NamdhariElibrary@gmail.com

ਕੈ ਉਨ ਸਿੰਘਨ ਖਬਰ ਨ ਪਾਈ? ਕੇ ਤੁਰਕਨ ਗੁਰੂ ਅਨ ਬੈਰ ਨ ਥਾਈ?
ਕੈ ਤੁਰਕਨ ਸਿੰਘਨ ਹੋਰਈ ਮੀਜਾ? ਕੈ ਉਨ ਜਾਨਜੋ ਪੰਥਨ ਤੀਜਾ?।੪।
ਕੈ ਉਨ ਮੈਂ ਨ ਥੋ ਕੋਊ ਸਜਾਨੋ? ਤੌ ਉਨ ਨਾਹਿ ਸਿੰਘਨ ਹੋਤ ਪਛਾਨੋ?
ਕੈ ਪੰਥ ਚਕਜੋ ਨ ਦਾਵੋ ਪਤਸ਼ਾਹੀ? ਕੈ ਉਨ ਤੈ ਪੰਥ ਭਯੋ ਲੁਕਾਹੀ?'।੫।

ਦੋਹਰਾ: ਜਿਮ ਤਿਮ ਉੱਤਰ ਮੈਂ ਦਯੋ ਸੁਨੋਂ ਸੋਊ ਗੁਰ ਸਿੱਖ:
ਜਨਮਤਿ ਲੁਕਜੋ ਨ ਪੰਥ ਯਹ ਦਭ ਸੂਲਨ ਜਿਉਂ ਮੁਖ ਤਿੱਖ।੬।

ਚੌਪਈ: ਸਿੰਘਨ ਪੰਥ ਕਬ ਲੁਕ ਛਿਪ ਹੋਯੋ। ਸਿੰਘਨ ਪੰਥ ਕਬ ਲੁਕੈ ਲੁਕੋਯੋ।
ਸਿੰਘਨ ਪੰਥ ਜੁੱਧ ਕੋ ਭਇਓਂ। ਸਿੰਘਨ ਜਨਮ ਸੰਗ ਸ਼ਸਤ੍ਰਨ ਲਇਓ।੭।
ਸਿੰਘਨ ਪਾਹੁਲ ਖੰਡੇ ਕੀ ਦਈ। ਸਿੰਘਨ ਗੁੜ੍ਹਤੀ ਖੰਡੇ ਕੀ ਲਈ।
ਸਿਰ ਪਰ ਚੱਕਰ ਕਰਦੈਂ ਧਾਰੈਂ। ਕਦ ਵਹਿ ਲੁਕੈਂ ਜਿਮ ਸ਼ੇਰਨਖ ਵਾਰੈਂ।੮।
ਪੰਥ ਰਚਜੋ ਇਮ ਸਤਿਗਰ ਪੂਰੇ। ਜੁੱਧੈ ਖਾਤਰ ਕਰਨ ਜਹੂਰੇ।
ਬਿਨ ਜੁੱਧੈ ਕਬ ਪਯਤ ਪਤਿਸ਼ਾਹੀ। ਆਦ ਜੁੱਧੈ ਬਿਧ ਗੁਰੂ ਉਠਾਈ।੯।

ਦੋਹਰਾ: ਗੁਰੂਅਨ ਮਧ ਪਤਿਸ਼ਾਹੁ ਤੇ ਵਧਜੋ ਹੁਤੋ ਧੋ ਬੈਰ।
ਗੁਰ ਤੇਗਬਹਾਦਰ ਸਿਰਦਯੋ ਉਨਿ ਸਿਖ ਕਰੈਂ ਕਿਮ ਥੈਟ।੧੦।

ਚੌਪਈ: ਗੁਰ ਤੇਗਬਹਾਦ੍ਰ ਦੇਹ ਦਿੱਲੀ ਲਾਈ। ਦਿੱਲੀਪਤ ਉਨ ਜੜ੍ਹ ਉਖੜਾਈ।
ਗੁਰ ਗੋਬਿੰਦ ਸਿੰਘ ਸੋਲਖ ਲਈ। 'ਅਬ ਤੁਰਕਨ ਜੜ੍ਹ ਸੁੱਕ ਸੁ ਗਈ।੧੧।
ਪਰ ਕਟੈ ਪਕੈ ਬਿਨ ਗਿਰੇ ਸੁ ਨਾਹਿ। ਅਕੈ ਗਿਰੇ ਵਡ ਪੌਣ ਵਗਾਹਿ।
ਅਬ ਇਨ ਪਰ ਪੌਨ ਖੰਡੇ ਚਲਵੱਯੇ। ਮਾਰ ਇਸੈ ਢਬ ਇਨੈਂ ਗਿਰੱਯੈ'।੧੨।
ਤੌ ਸਤਿਗੁਰ ਨਿਜ ਫੜ ਤਲਵਾਰ। ਅਬ ਲੱਯੈ ਪਤਿਸ਼ਾਹੀ ਤੁਰਕਨ ਮਾਰ।
ਫਿਰ ਸਤਿਗੁਰ ਚਿਤ ਐਸ ਬਿਚਾਰੀ। 'ਹਮ ਕਜਾ ਕਰਨੀ ਸ਼ਾਹੀ ਨਿਕਾਰੀ।੧੩।
ਸ੍ਰੀ ਨਾਨਕ ਗੱਦੀ ਹਮ ਚਹਿਂ ਘਰੀ। ਜਿਸੈ ਪਤਿਸ਼ਾਹੀ ਚਰਨੀ ਪਰੀ।
ਹਮੈਂ ਪਤਿਸ਼ਾਹੀ ਕੀ ਕਜਾ ਪਰਵਾਹਿ। ਦੇਂ ਪਤਿਸ਼ਾਹੀ ਨਫਰਨ ਉਠਾਇ'।੧੪।

ਦੋਹਰਾ: ਸਤਿਗੁਰ ਚਿਤ ਮਧ ਇਮ ਠਟੀ ਦਈਐ ਰਾਜਨ ਰਾਜ ਉਠਾਇ।
ਸਭ ਰਾਜਨ ਏ ਪਰਬਤੀ ਦਯੈ ਖੰਡੋ ਫੜਵਾਇ।੧੫।

ਚੌਪਈ: ਫਿਰ ਸਤਿਗੁਰ ਚਿਤ ਸੋਝੀ ਆਈ। 'ਏਹ ਕਬ ਸਿੱਖ ਬਨੈਂ ਹਮ ਆਈ।
ਮੁਖਤ ਨਿਆਮਤ ਇਨ ਕਿਮ ਦੱਯੈ। ਕਿਮ ਪੁਤ ਬਿਗਾਨੇ ਮੁੱਖ ਚੁਮੱਯੈ।੧੬।
ਓਇ ਪੱਥਰ ਪੂਜਕ ਭਿੱਜ ਨ ਨੀਰੋ। ਓਇ ਆਦਿ ਅਕ੍ਰਿਤਘਣ ਘਰ ਗੁਰ ਤੀਰੋ।
ਰਜਪੂਤ ਸਦਾਵੈਂ ਆਪ ਸਿਪਾਹੀ। ਓਇ ਕਹੈਂ ਕਦੋਂ ਗੁਰ ਦਈ ਪਤਿਸ਼ਾਹੀ।
ਅਬ ਦਯੈ ਪਤਸ਼ਾਹੀ ਗਰੀਬਨ ਉਠਾਇ। ਵੈ ਜਾਨੈ ਗੁਰ ਦਈ ਹੈ ਮਾਇ।੧੮।

ਦੋਹਰਾ: ਦਯੀ ਚੀਜ ਚਹੈ ਗ੍ਰੀਬ ਕਉ ਕਿਉਂ ਅਤਿ ਦਯੋ ਅਖਾਇ।
ਯਹਿ ਦਯਾਵਾਨ ਘਰ ਗੁਰੂ ਕੋ ਅਰ ਗ੍ਰੀਬ ਨਿਵਾਜ ਅਵਾਇ'।੧੯।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸਤ ਸਨਾਤਿ ਔ ਬਾਰਹ ਜਾਤ। ਜਾਨ ਨਹਿ ਰਾਜਨੀਤ ਕੀ ਬਾਤ।
ਜੱਟ ਬੂਟ ਕਹਿੰ ਜਿੰਹ ਜਗ ਮਾਂਟੀਂ। ਬਣੀਏਂ ਬਕਾਲ ਕਿਰਾੜ ਖੱਤ੍ਰੀ ਸਦਾਈਂ।੨੦।
ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ। ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ।
ਗੁੱਜਰ ਗੁਆਰ ਹੀਰ ਕਮਜਾਤ। ਕੰਬੋਇ ਮੂਦਨ ਕੋਇ ਪੁਛੈ ਨ ਬਾਤ।੨੧।
ਝੀਵਰ ਨਾਈ ਰੋੜੇ ਘੁਮਿਆਰ। ਸਾਇਣੀ ਸੁਨਿਆਰੇ ਚੂੜ੍ਹੇ ਚਮਿਆਰ।
ਭੱਟ ਔ ਬਾਹਮਣ ਹੁਤੇ ਮੰਗਵਾਰ। ਬਹੁਰੂਪੀਏ ਲੁਬਾਣੇ ਔ ਘੁਮਿਆਰ।੨੨।
'ਇਨ ਗ੍ਰੀਬ ਸਿੰਘਨ ਕੌ ਦਯੇ ਪਤਿਸ਼ਾਹੀ ਏ ਯਾਦ ਰਖੈਂ ਹਮਰੀ ਗੁਰਿਆਈ'।
ਤੌ ਸਦਿ ਸਤਿਗੁਰ ਸਿਖ ਲਲਕਾਰੇ। 'ਫੜੋ ਸ਼ਸਤ੍ਰਨ ਲਿਹੁ ਤੁਰਕਨ ਮਾਰੇ'।੨੩।

ਦੋਹਰਾ: ਤੌ ਸਿੱਖਨ ਨੇ ਨਹਿੰ ਮਨਜੋ ਤੁਰਕਨ ਤੇ ਖੌਫ ਕੀਨ।
'ਉਨ ਪਹਿ ਫੌਜੈਂ ਅਤਿ ਘਨੀ ਕਬ ਛੋਡੈਂ ਹਾਜ ਜ਼ਮੀਨ'।੨੪।

ਚੌਪਈ: ਤੌ ਸਿੱਖਨ ਯੌ ਮੰਨੀ ਨ ਬਾਤ। 'ਹਮ ਤੇ ਤੁਰਕ ਕਬ ਮਾਰੇ ਜਾਤ।
ਅਸੀਂ ਚਿਰੀਆਂ ਵੈ ਸਾਨੀ ਬਾਜ। ਹਮ ਛੇਲੇ ਵੈ ਬਘਜਾੜਨ ਸਾਜ।੨੫।
ਤੁਮ ਮ੍ਰਿਗਨ ਤੇ ਕਿਮ ਸ਼ੇਰ ਮ੍ਰਵਾਵੋ। ਲੌਤੀ ਕੋ ਪਾਨੀ ਮਗਰੀ ਪਰ ਚੜ੍ਹਾਵੋ।
ਵਹੁ ਆਦ ਸਿਪਾਹੀ ਮੁਗਲ ਪਠਾਨ। ਹਮ ਜੱਟ ਬੂਟ ਨਾਈ ਤਰਖਾਨ।੨੬।
ਤੁਮ ਟੋਲੇ ਸਭ ਜਾਤ ਕਮੀਨ। ਹੁਤੇ ਜੋਊ ਸਭ ਸ਼ਸਤਰ ਹੀਨ।
ਲਲਕਾਰੋ ਰਜਪੂਤਹਿ ਰਾਜੇ। ਜੋਊ ਸਵਾਰੈਂ ਤੁਮਰੋ ਕਾਜੈ'।੨੭।

ਦੋਹਰਾ: ਤੌ ਸ੍ਰੀ ਸਤਿਗੁਰ ਸੋਚਿਓ 'ਕਜਾ ਯਹਿ ਸਿੱਖਨ ਕੀਨ।
ਹਮ ਚਹਿੰ ਦੇਂ ਪਾਤਿਸ਼ਾਹੀ ਸਿੱਖਨ ਉਨ ਨੈ ਨਾਹਿ ਨਾਹਿ ਕੀਨ'।੨੮

ਚੌਪਈ: ਹੁਤੋ ਗੁਰੂ ਸ੍ਰੀ ਜਾਣੀ ਜਾਣ। ਸਭੀ ਬਿਧੀ ਗੁਰੂ ਲਈ ਪਛਾਣ।
'ਯਹ ਚਰਣ ਪਾਹੁਲ ਹੈ ਸ਼ਾਂਤ ਸਰੂਪ। ਤੇਜ ਨਾਹਿ ਯਹਿ ਮਾਂਹਿ ਅਨੂਪ।੨੯।

ਦੋਹਰਾ: ਸੇਹਲੀ ਟੋਪੀ ਸਿਰ ਧਰੈਂ ਦਾਸਹਿ ਨਾਮ ਕਹਾਇ।
ਹੁਤੀ ਦਯਾ ਮੱਧ ਰੂਪ ਬਹੁ ਇਮ ਨਹਿੰ ਸ਼ਸਤ੍ਰ ਫੜਾਇ।੩੦।

ਚੌਪਈ: ਅਬ ਸਿੱਖਨ ਰੂਪ ਪਲਟਾਈਐ। ਤੇਜ ਧਾਰੀ ਜ਼ਿਮ ਲਖ ਭੌ ਖਾਈਐ।
ਤੇਜ ਨਾਮ ਕੋਊ ਇਨੈਂ ਧਰੱਯੈ। ਕਰ ਪਾਹੁਲ ਇਨੈਂ ਤੇਜ ਪਿਲੱਯੈ।੩੧।
ਯੌ ਸਤਿਗੁਰ ਸ੍ਰੀ ਚਿਤ ਲਜੋ ਧਾਰ।ਮੋ ਉੱਦਮ ਕੀਓ ਗੁਰੂ ਬਿਚਾਰ।
ਛਤ੍ਰੀ ਰੂਪ ਸੁੰਦਰ ਅਤਿ ਲਾਗੇ। ਕੇਸ ਸੀਸ ਸਿਰ ਬਾਂਧੈ ਪਾਗੇ।੩੨।
ਨਾਮ ਸਿੰਘ ਹੁਤੋ ਛਤ੍ਰਨ ਕੇਰੋ। ਸ੍ਰੀ ਗੁਰ ਜ਼ਾਨਜੋ ਯਹੀ ਭਲੇਰੋ।
ਖੰਡੈ ਪਾਹੁਲ ਚਿਤ ਮਧ ਠਟੀ। ਇਮ ਹੋਵੈਗੋ ਖਾਲਸਾ ਹਠੀ।੩੩।
ਪੜੇ ਪਤਿਸ਼ਾਹੀ ਇਮ ਇਨ ਖੋਇ। ਹੰਨੈ ਹੰਨੈ ਹਮ ਪਤਿਸ਼ਾਹ ਹੋਇ।
ਕਾਣ ਕੂਟ ਵਾਂਗ ਲੋਹੇ ਕਰੈਂ। ਖੰਡੈ ਧਾਹੁਲ ਪੀ ਖੰਡਜੋਂ ਨ ਟਰੈਂ।੩੪।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਖਾਲਸੇ ਹੋਵੈ ਖੁਦ ਖੁਦਾ ਜਿਮ ਖੂਬੀ ਖੂਬ ਖੁਦਾਇ।
ਆਨ ਨ ਮਾਨੈ ਆਨ ਕੀ ਇਕ ਸੱਚੇ ਬਿਨ ਪਤਿਸ਼ਾਹ।੩੫।

ਚੌਪਈ: ਭੂਤ ਪ੍ਰੇਤ ਔ ਮੜੀ ਮਸਾਣ। ਨਹਿੰ ਮਾਨੈ ਵਹਿ ਗੁਗੋ ਸੁਲਤਾਨ।
ਟਿੱਕੋ ਜਨੇਊ ਪਹਿਰੈਂ ਨ ਧੋਤੀ। ਇਕ ਸੁਨਹਿਰੇ ਖਾਹਿੰ ਗਹੁ ਗੋਤੀ।੩੬।

ਕੇਸਗੜ੍ਹ ਸ੍ਰੀ ਖਾਲਸੇ ਕੋ ਪੰਥ ਕੀ ਉਤਪਤੀ ਕੀ ਸਾਖੀ

੧੭. [ਅੰਮ੍ਰਿਤ ਸੰਸਕਾਰ]

ਦੋਹਰਾ: ਇਤਨੀ ਬਾਤ ਵਿਚਾਰ ਕਰ ਹੁਤੀ ਬਾਤ ਲਈ ਚੀਨ।
ਸਤਿਗੁਰ ਬਹਿ ਸ੍ਰੀ ਕੇਸਗੜ੍ਹ ਉੱਦਮ ਸੋਊ ਕੀਨ।੧।
ਸੱਦ ਪੰਡਤ ਬਡ ਜੋਤਕੀ ਮਹੂਰਤ ਖੂਬ ਕਢਾਇ।
ਕੀਏ ਭੁਜੰਗੀ ਛਾਂਟ ਪੰਜ ਪੰਜੇ ਜਾਤ ਗਿਣਾਇ।੨।

ਚੌਪਈ: ਪੰਜ ਭੁਜੰਗੀ ਲਏ ਉਠਾਇ। ਚਾਰੈ ਬਰਨ ਇਕ ਕੀਏ ਭਰਾਇ।
ਪ੍ਰਿਥਮ ਦਯਾ ਸਿੰਘ ਸੋਫਤੀ ਜਾਤ। ਖਸਤ ਲਾਹੌਰ ਹੁਤੇ ਬਖਜਾਤ।੩।
ਦੂਜੇ ਧ੍ਰਮ ਸਿੰਘ ਹਸਤਨਾਪੁਰ ਬਾਸੀ। ਹੁਤੋ ਜੱਟ ਸਿਵ ਜਟੋ ਪ੍ਰਕਾਸ਼ੀ।
ਤੀਜੋ ਮੁਹਕਮ ਸਿੰਘ ਦ੍ਵਾਰਕਾ ਜਾਯੋ। ਨਾਮਦੇਵ ਅਵਤਾਰ ਸੁ ਆਯੋ।੪।
ਚੌਥੇ ਨਾਈ ਸਾਹਿਬ ਸਿੰਘ ਜੋਊ। ਸੈਣ ਭਗਤ ਜਹ ਰਹਤੇ ਸੋਊ।
ਪੰਚਮ ਹਿੰਮਤ ਸਿੰਘ ਝੀਵਰ ਕਹੀਐ। ਪੰਜ ਭੁਜੰਗੀ ਪੰਜ ਜਾਤ ਲਹੀਐ।੫।
ਪਾਹੁਲ ਖੰਡੈ ਤਯਾਰ ਕਰਵਾਈ। ਜਲ ਮੱਧ ਆਨ ਮਿਠਾਈ ਪਾਈ।
ਤਿਹ ਮੱਧ ਰਾਖੀ ਕਰਦ ਗਡਾਇ। ਸਤਿਗੁਰ ਰਾਖੀ ਕਰਦ ਧਾਰੇਦਾਇ।੬।

ਦੋਹਰਾ: ਸ੍ਰੀ ਸਤਿਗੁਰ ਸਤਿਨਾਮ ਕਹਿਓ ਕਰਤਾ ਪੁਰਖ ਉਚਾਰ।
ਅਕਾਲ ਅਕਾਲਹ ਜਾਪ ਕਰ ਤੇਰੀ ਕ੍ਰਿਪਾ ਨਿਜ ਧਾਰ।੭।

ਚੌਪਈ: ਪ੍ਰਿਥਮ ਭਗੌਤੀ ਵਾਰ ਜੁ ਪੌੜੀ। ਪੜ੍ਹ ਪ੍ਰਿਥਮੈਂ ਆਪ ਸਤਿਗੁਰ ਜੋੜੀ।
ਨੌਂ ਪਤਸ਼ਾਹੀਅਨ ਲਯੋ ਧਿਆਇ। ਅਬ ਦਸਮਨ ਪਰ ਹੋਈਂ ਸਹਾਇ।੮।
ਬਹੁੜ ਸਵੱਯੇ ਬੱਤੀ ਉਚਾਰੇ। ਸ੍ਰੀ ਸਤਿਗੁਰ ਸ੍ਰੀਂ ਮੁਖੋਂ ਸਵਾਰੇ।
ਤੇਜ ਤੇਜ ਜੋ ਚੰਡੀ ਬਾਣੀ। ਸੋਊ ਪਾਹੁਲ ਕੇ ਮੱਧੈ ਠਾਣੀ।੯।

ਤ੍ਰਿਭੰਗੀ ਛੰਦ–

"ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ॥
ਭੁਜਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਵਿਖ ਹਰਣੰ ਅਸ ਸਰਣੰ॥
ਜੈ ਜੈ ਜਗਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਿਤਪਾਰਣ ਜੈ ਤੇਗੰ"॥

ਦੋਹਰਾ: ਪ੍ਰਿਥਮ ਅੰਚਰੀ ਭਰੀ ਸ੍ਰੀ ਸਤਿਗੁਰ ਉਨ ਲਲਕਾਰ।
ਸਨਮੁਖ ਨੇਤ੍ਰ ਰਖਵਾਇ ਕਰ ਦਈ ਮੱਧ ਮੌਂ ਡਾਰ।੧੦।

. Sri Satguru Jagjit Singh Ji eLibrary NamdhariElibrary@gmail.com .

ਚੌਪਈ: ਅਕਾਲ ਅਕਾਲ ਕਰ ਜਾਪ ਜਪਾਈ। ਸ੍ਰੀ ਵਾਹਿਗੁਰੂ ਗੁਰ ਫਤੈ ਬੁਲਾਈ।
ਪੁਨ ਪੰਚ ਪੰਚ ਸੀਸ ਅੰਚਰੀ ਪਾਇ। ਪੰਚ ਪੰਚ ਪੰਚਨ ਦਈ ਛਕਾਇ।੧੧।
ਇਕੈ ਮੁਨਹਿਰੈ ਸਭੀ ਰਲਾਏ। ਭਿੰਨ ਭੇਤ ਕਛੁ ਰਖਨ ਨ ਪਾਏ।
ਚਾਰ ਬਰਨ ਔ ਆਸ਼੍ਰਮ ਚਾਰ। ਜਨੇਊ ਟਿੱਕੋ ਦਿਯੋ ਉਤਾਰ।੧੨।
ਪੁਨ ਸਤਿਗੁਰ ਉਨ ਸਿੱਛਜਾ ਦਈ। 'ਮੀਣੇ ਮਸੰਦਨ ਬਰਤਜੋ ਨਹੀਂ।
ਕੁੜੀਮਾਰ ਰਮਰਈ ਨੜੀਮਾਰ। ਜੋ ਇਨ ਮਿਲੈ ਸੁ ਹੁਇ ਹੈ ਖ੍ਵਾਰ।੧੩।
ਜਥਾ ਸ਼ਕਤ ਗੁਰ ਗੋਲਕ ਪਾਯੋ। ਕੜਾਹ ਕਰਾਇ ਖਾਲਸੈ ਛਕਾਯੋ।
ਪਹਿਰ ਕਛਹਿਰੇ ਸਿਰ ਬੰਧਜੋ ਪਾਗ। ਗੁਰ ਗ੍ਰੰਥ ਬਚਨ ਪਰ ਰਹਜੋ ਲਾਗ'।੧੪।

ਦੋਹਰਾ: ਯੌਂ ਕਹਿਕੇ ਸ੍ਰੀ ਸਤਿਗੁਰੂ ਗਲ ਤੇਗੋ ਦੀਨੋ ਪਾਇ।
ਕਰਦ ਚਕਰ ਸਿਰ ਪਰ ਧਰੈਂ ਮੁਖੋਂ ਅਕਾਲ ਜਪਾਇ।੧੫।

ਚੌਪਈ: ਔਰ ਕਹੀ: 'ਗੁਰਬਾਣੀ ਪੜ੍ਹਯੋ। ਜਪੁ ਜਾਪ ਦੋਇ ਵੇਲੇ ਜਪਾਯੋ।
ਔ ਅਨੰਦ ਰਹਿਰਾਸ ਜਪੱਯੋ। ਚੰਡੀ ਖਾਨੀ ਖੜੇ ਪੜ੍ਹੱਯੋ।੧੬।
ਦੋਇ ਵੇਲੇ ਉਠ ਬੰਧਜੋ ਦਸਤਾਰੇ। ਪਹਰ ਆਠ ਰੱਖਜੋ ਸ਼ਸਤ੍ਰ ਸੰਭਾਰ।
ਪੀਓ ਸੁਧਾ ਔ ਖਲੋ ਸ਼ਿਕਾਰ। ਸ਼ਸਤ੍ਰ ਵਿਦਜਾ ਜਿਮ ਹੋਇ ਸੰਭਾਰ।੧੭।
ਕਰ ਝਟਕੈ ਬਕਰਨ ਕੋ ਖੱਯੋ। ਮੁਰਦੈ ਕੁੱਠੈ ਨਿਕਟ ਨ ਜੱਯੋ।
ਕੇਸਨ ਕੀ ਕੀਜੋ ਪ੍ਰਤਿਪਾਲ। ਨਹਿ ਉਸਤ੍ਰਨ ਸੋ ਕਟਜੋ ਬਾਲ।੧੮।
ਪਿਤ੍ਰਨ ਕਰਮ ਸੁ ਛੋਰਨ ਕਰਨੌਂ। ਰਖਜੋ ਧਜਾਨ ਸੁ ਮਧ ਗੁਰ ਚਰਨੌਂ।
ਪਰੈ ਔਰ ਜੋ ਖੋਟੇ ਰਾਹਿ। ਤਿਨ ਕੋ ਲਾਯੋ ਜ਼ਰੂਰ ਤਨਖਾਹਿ'।੧੯।

ਦੋਹਰਾ: ਕਰੀ ਜੁ ਸਤਿਗੁਰ ਪ੍ਰਿਥਮ ਬਿਧ ਸੋਈ ਪੁਨ ਬਿਧ ਕੀਨ।
ਪੰਜ ਭੁਜੰਗੀ ਜੋ ਭਏ ਗੁਰ ਉਨਤੇ ਪਾਹੁਲ ਲੀਨ।੨੦।

ਚੌਪਈ: ਵਹੀ ਵਰਤਾਰੋ ਭੁਜੰਗਨ ਵਰਤਾਯੋ। ਆਪੇ ਗੁਰ ਚੇਲਾ ਕਹਿਵਾਯੋ।
ਯਹੀ ਆਦ ਹੁਤ ਆਯੋ ਵਰਤਾਰਾ। ਜਿਮ ਨਾਨਕ ਗੁਰਅੰਗਦ ਧਾਰਾ।੨੧।
ਪੀਯੋ ਪਾਹੁਲ ਗੁਰ ਬਚਨ ਨਿਵਾਰੀ। ਭਯੋ ਖਾਲਸੋ ਵਡ ਕਲ ਧਾਰੀ।
ਸਾਲ ਬਾਵਨ ਪਰ ਸੱਤ੍ਰੇ ਸਈ। ਬੁਧਵਾਰ ਬਸਾਖੈ ਪੰਥ ਉਤਪਤਿ ਭਈ।੨੨।

ਖਾਲਸਾ ਪੰਥ ਪਸਰਨ ਕੀ ਸਾਖੀ

੧੮. [ਖਾਲਸੇ ਦਾ ਵਾਧਾ ਤੇ ਰਾਜ ਦਾ ਵਰ]

ਦੋਹਰਾ: ਉਮੀ ਦਿਵਸ ਤੈ ਖਾਲਸੇ ਲਗਜੋ ਪਸਾਰੋ ਹੋਨ।
ਪੰਜ ਪਚਾਸਨ ਸੈਂਕੜਣ ਰਲ ਨਿਤ ਸਿੰਘ ਖਲੋਨ।੧।

ਚੌਪਈ: ਯੌਂ ਸਤਿਗੁਰ ਕੰਮ ਸਭ ਖਾਲਸੈ ਦੀਯੋ। ਮੁਖਤਜਾਰ ਖਾਲਸਾ ਸਭ ਥਾਂ ਕੀਯੋ।
ਦੱਖਣ ਪੂਰਬ ਉੱਤਰ ਵਾਇ। ਪੱਛਮ ਮਧ ਭੀ ਦਏ ਘਲਾਇ।੨।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਅੰਮ੍ਰਿਤਸਰ ਪਟਣੈ ਵਿਖੈ ਜਹਿਂ ਜਹਿਂ ਗੁਰ ਨਿਜ ਠੌਰ।
ਭੁਜੰਗੀ ਭੇਜੈ ਮੁਖਤਜਾਰ ਕਰ ਦਿਲਾਸਨ ਸਜੈਂ ਕਰ ਗੌਰ।੩।

ਚੌਪਈ: ਦਈ ਪ੍ਰਵਾਨਗੀ ਸਭ ਗੁਰ ਠੌਰ। ਖੰਡੈ ਪਾਹੁਲ ਮਿਲੈ ਖ਼ੁਦ ਤੌਰ।
'ਜਹਿਂ ਜਹਿਂ ਪੰਜ ਭੁਜੰਗੀ ਹੋਇਂ। ਗੁਰਦ੍ਵਾਰੈ ਤੁਲ ਮੰਨ ਲਜੋ ਸੋਇ।੪।
ਪੰਜ ਭੁਜੰਗੀ ਜਹਿਂ ਇਕੱਤ੍ਰ ਹੋਇਂ। ਬੇਸ਼ਕ ਪਾਹੁਲ ਕਰ ਪਜਾਵੈਂ ਸੋਇ।
ਪੰਜ ਭੁਜੰਗੀਅਨ ਤੇ ਅਰਦਾਸ ਕਰਾਓ। ਜੋ ਮਾਂਗੋ ਸੋਈ ਫਲ ਪਾਓ।੫।
ਗੁਰਦ੍ਵਾਰਨ ਚੜ੍ਹਾਵੈ ਸਿੰਘ ਹੀ ਖਾਹਿਂ। ਜੇ ਬਚ ਰਹੈ ਤਉ ਮੈਂ ਪਹੁੰਚਾਇਂ'।
ਦਏ ਚਿੱਠੇ ਵਲ ਸੰਗਤ ਘੱਲ। 'ਖੰਡੈ ਪਾਹੁਲ ਲਓ ਆਇ ਚੱਲ।੬।
ਖੰਡੈ ਪਾਹੁਲ ਪੀ ਹੋਵੋ ਤੇਜ ਧਾਰੀ। ਲਓ ਤੁਰਕਨ ਕੋ ਅਬ ਤੁਮ ਮਾਰੀ।
ਖੰਡੈ ਪਾਹੁਲ ਮੈਂ ਭਈ ਅਬ ਕਲਾ। ਤੁਰਕ ਜਾਉਗ ਨੱਠ, ਪੰਥ ਅਟਲਾ'।੭।

ਦੋਹਰਾ: ਸਤਿਗੁਰ ਕੀਨੇ ਬਚਨ ਜੋ ਸੋ ਲਏ ਮਝੈਲਨ ਮੰਨ।
ਔਰਨ ਭੀ ਜਿਨ ਕਿਨ ਮੰਨੇ ਭਏ ਭਾਗ ਉਨ ਧੰਨ।੮।

ਚੌਪਈ: ਇਮ ਖਾਲਸੈ ਪੰਥ ਭਯੋ ਉਤਪੰਨ। ਦੇਖ ਸਤਿਗੁਰ ਬਹੁ ਹੋਇ ਪ੍ਰਸੰਨ।
ਸਤਿਗੁਰ ਖਾਲਸੈ ਸ਼ਸਤ੍ਰ ਫੜਾਵੈਂ। ਭਾਂਤੈ ਭਾਂਤ ਪੁਸ਼ਾਕ ਪਹਿਰਾਵੈਂ।੯।
ਮਧ ਸਤਿਗੁਰ ਬਹੈਂ ਮੰਜੀ ਡਹਾਇ। ਚੁਫੇਰੇ ਖੜੈਂ ਸਿੰਘ ਸ਼ਸਤ੍ਰ ਲਗਾਇ।
ਜਿਮ ਗੋਪਨ ਮਧ ਕਾਨ੍ਹ ਬਿਰਾਜੈ। ਤਿਮ ਸਤਿਗੁਰ ਸਿੰਘਨ ਮਧ ਛਾਜੈਂ।੧੦।
ਕਵੈਦ ਕਰਾਵੈਂ ਸਿੰਘਨ ਦੁੜਾਇ। ਕਿਤੈ ਚੁਫੇਰ ਦੇਖੈਂ ਖੜਵਾਇ।
ਕਿਸੈ ਬਹਾਲੈਂ, ਦੇਇਂ ਉਠਾਇ। ਕਿਸੈ ਉਠਾਵੈਂ ਕਿਸ ਦੇਇਂ ਨਸਾਇ।੧੧।
ਕਿਸੈ ਫੜਾਵੈਂ ਮੋਟੇ ਸੋਟੇ। ਕਰੈਂ ਕੁਵਾਇਦ ਦੁਇ ਦੁਇ ਜੋਟੇ।
ਵਾਹਣ ਮਧ ਸਤਿਗੁਰ ਜਾ ਖੜੈਂ। ਚਕਚਕ ਢੀਮਨ ਸੌਂ ਸਿੰਘ ਲੜੈਂ।੧੨।

ਦੋਹਰਾ: ਸੌਂਚੀ ਖੰਡਹਿਂ ਸਿੰਘ ਜਿਮ ਜੜੈਂ ਅੜੈਂ ਸੁ ਘੁਲਾਹਿਂ।
ਸਤਿਗੁਰ ਦੇਖ ਖੁਸ਼ੀਆ ਕਰੈਂ ਦੇਂ ਮੁਲਕ ਜਗੀਰੈਂ ਲਾਇ।੧੩।

ਚੌਪਈ: ਸਤਿਗੁਰ ਕਹਜੋ 'ਮੁਖੋਂ ਮੰਗਹੁ ਜਗੀਰਾਂ। ਮਿਲਗ ਮੁਲਕ ਤੁਮਕੋ ਸੋਊ
ਬੀਰਾ! ਜਹਿਂ ਜਹਿਂ ਤੁਮਰੋ ਮਨ ਪਤੀਆਇ। ਸੋਊ ਸੋਊ ਤੁਮ ਦੇਯ ਗੁਲਾਇ'।੧੪।
ਸੁਨਤ ਬਚਨ ਗਿਰ ਨੇਰੈ ਪਏ। 'ਚਹੈਂ ਪੰਜਾਬ ਅਬ ਹਮ ਮਲ ਲਏ'।
ਸਤਿਗੁਰ ਕਹਜੋ 'ਮੰਗੋ ਦੇਸ ਭਲ ਦੱਖਣ। ਮੰਗੋ ਪਹਾੜ ਔ ਪੂਰਬ ਪੱਛਮ'।੧੫।
ਸਿੰਘ ਕਹੈਂ 'ਹਮ ਦੂਰ ਕਿਮ ਜਾਵੈਂ। ਮੱਧ ਪੰਜਾਬਹ ਰਾਜ ਕਮਾਵੈਂ'।
ਮੁੜ ਮੁੜ ਸਿੰਘ ਬਹੁ ਮੰਗੈਂ ਪੰਜਾਬ। ਆਪਸ ਮੈਂ ਲੜ ਹੋਣ ਖ਼ਰਾਬ।੧੬।
ਸਤਿਗੁਰ ਕਹੈਂ 'ਮੰਗੋ ਜਗੀਰ ਘਨੇਰੀ। ਜਿਤਨੀ ਚਾਹੋ ਸੋਊ ਲਿਹੁ ਘੇਰੀ'।
ਸਿੰਘ ਸ਼ਰੀਕੇ ਮੈਂ ਬਹੁ ਪਚੈਂ। ਕਹੈਂ 'ਲਵੈਂ ਬਦਲੇ ਹਮ ਸਚੈਂ।੧੭।
ਅਪਨੇ ਅਪਨੇ ਘਰ ਕੇ ਨੇਰੈ। ਚਹੈਂ ਮੁਲਕ ਹਮ ਸੋ ਲੇਂ ਘੇਰੈ'।
ਹੁਤੇ ਗਰੀਬਨ ਕੇ ਵਹੁ ਜਾਏ। ਯਾਂਤੇ ਕਰਨ ਨ ਲੰਬੀ ਦਾਏ।੧੮।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਸ਼ਰੀਕ ਮ਼ਰੀਕੀ ਫਿਰ ਫਿਰੈ ਮੰਹੀਂ ਪੰਜਾਬਹ ਪਾਸ।
ਸਤਿਗੁਰ ਦੇਇਂ ਵਿਲਾਯਤਾਂ ਵਹਿ ਕਰੈਂ ਨ ਉਨਕੀ ਖਾਹਸ਼।੧੯।

ਚੌਪਈ: ਸ੍ਰੀ ਸਤਿਗੁਰ ਉਨਕੋ ਕਹਿ ਦਯੋ 'ਤੁਮ ਝਗੜ ਝਗੜ ਪੰਜਾਬ ਰਹਜੋ।
ਤੈ ਜੈ ਸਿੰਘ ਗੈ ਲੋਭਯੋ ਆਈ; ਤਿਸਕੋ ਔਰ ਵਲਾਇਤ ਬਤਾਈ।੨੦।

ਦੋਹਰਾ: ਗੁਰ ਬਿਲਾਸ ਮਧ ਬਹੁ ਲਿਖੀ ਸੋ ਹਮ ਸੂਚ ਲਿਖਾਇ।
ਜੋ ਸੂਚੀ ਸੀ ਸੁਖ ਸਿੰਘੈ* ਸੋ ਮੈਂ ਕਹੂੰ ਪ੍ਰਗਟਾਇ।੨੧।

ਚੌਪਈ: ਜਿਸ ਕਉ ਹੁਇ ਸਭ ਸੁਨਨੈ ਲੋਰ। ਸੋ ਲੇਵੈ ਗੁਰ ਬਿਲਾਸਹਿ ਟੋਰ।
ਜਿਮ ਜਿਮ ਪਹਾੜੀਅਨ ਕਰੀ ਲੜਾਈ। ਤਿਮ ਸਿਰ ਉਨ੍ਹੈਂ ਬੁਰਜਾਈ ਆਈ।੨੨।
ਗੁਰ ਬਿਲਾਸ ਮਧ ਉਨ ਬਹੁ ਕਹੀ। ਸੋਇ ਕਹੂੰ ਮੈਂ ਜੁ ਉਸਤੈ ਰਹੀ।
ਹੈ ਯਹ ਕਥਾ ਖਡ ਅਪਰ ਅਪਾਰ। ਕਬ ਹਮ ਪਾਇ ਸਕੈਂ ਹੈਂ ਪਾਰ।੨੩।
ਸੋਇ ਵਧਾਇ ਕਹੈਂ ਹਮ ਕਥਾ। ਅਬ ਬੁਧ ਹਮਰੀ ਆਵੈ ਜਥਾ।
ਸੋ ਅਬ ਕਥਾ ਸਿੰਘਨ ਪਰ ਆਈ। ਸੁਨੋ ਪਿਆਰੇ ਗੁਰਮੁਖ ਭਾਈ।੨੪।

ਦੋਹਰਾ: ਤੌ ਸਤਿਗੁਰ ਆਗਜਾ ਦਈ ਮਝੈਲਨ ਕੋ ਸਮਝਾਇ।
ਪ੍ਰਿਥਮ ਵਧਾਯੋ ਖਾਲਸੈ ਫਿਰ ਦਈਓ ਦੰਗੇ ਮਚਾਇ।੨੫।

੧੯. [ਨਿਹੰਗ ਸਿੰਘਾਂ ਦਾ ਵਰਤਾਰਾ]

ਚੌਪਈ: ਪ੍ਰਿਥਮ ਭੁਜੰਗੀ ਵਲ ਮਾਝੈ ਘਲਾਏ। ਦੈ ਦੈ ਪਾਹੁਲ ਗੁਰ ਚੱਕ ਬਹਾਏ।
ਯੌ ਭੁਜੰਗ ਨਿਹੰਗਨ ਕੌ ਪੰਥ ਬਹੁ ਭਯੋ। ਹਥ ਸੋਟੈਂ ਗਲ ਖੰਡੇ ਪਯੋ।੨੬।
ਕਈ ਫਿਰੈਂ ਕਈ ਰਹੈਂ ਗੁਰਦ੍ਵਾਰੇ। ਕਿਨ ਧ੍ਰਮਸਾਲਾ ਕਿਨ ਬੁੰਗੇ ਉਸਾਰੇ।
ਭੁਜੰਗੀਅਨ ਨਿਉਤੇ ਭੁਜੰਗੀ ਖੁਲਾਹਿਂ। ਔਰਨ ਸੌਂ ਨਹਿਂ ਮੇਲ ਮਿਲਾਹਿਂ।੨੭।
ਜੋ ਕਿਸੇ ਭੁਜੰਗੀ ਹੁਇ ਲੋੜ ਜ਼ਰੂਰ। ਦੇਖ ਸਿੰਘਨ ਘਰ ਸੋ ਲਏ ਘੂਰ।
ਇਤਨੀਕੁ ਬਸਤ ਸੋ ਲਏ ਉਠਾਇ। ਘਿਉ ਆਟਾ ਲੂਣ ਜੋ ਲਏ ਖਾਇ।੨੮।
ਮੁਖੋਂ ਉਚਾਰੇ 'ਆਏ ਨਿਹੰਗ। ਖੋਲ ਸਿੱਖਨੀ ਬੂਹੇ ਨਿਸੰਗ'।
ਹੋਇ ਸਿੱਖਨੀ ਮੰਨੈ ਸੁ ਬਾਤ। ਹਾਜਰ ਕਰਦੈ ਵਹੁ ਜਿਤਕੁ ਹਹਾਤ।੨੯।

ਦੋਹਰਾ: ਇਮ ਹੀ ਸਿੱਖ ਨਿਤ ਜਾ ਖੜੈਂ ਸਿੰਘਨ ਘਰ ਪੁਛ ਟੋਲ।
ਦੌੜ ਦੌੜ ਸਿਖਨੀ ਦਿਵੈਂ ਸਿੰਘਨ ਕੋ ਕਰ ਬੋਲ।੩੦।

ਚੌਪਈ: ਬਹੁਤ ਪੰਥ ਕਾ ਵਾਧਾ ਭਯੋ। ਬਹੁਤ ਖਰਚ ਤਬ ਉਨਕੋ ਚਹਜੋ।
ਜੋ ਸਿੰਘਨ ਗ੍ਰਿਬਨ ਹੁਇ ਘਰ ਨਾਹੀ। ਸੋ ਔਰਨ ਲੈਂ ਘਰੋਂ ਉਠਾਹੀ।੩੧।
ਖਾਣੇ ਬਸਤ੍ਰ ਸੁ ਲਏਂ ਉਠਾਇ। ਚਾਂਦੀ ਸੋਨੇ ਦੇਇਂ ਹਟਾਇ।
ਲਾਂਭ ਛਾਂਭ ਜਬ ਘੂਰਨ ਡਹੇ। ਬਹੁਤ ਖਾਇ ਇਮ ਦੰਗੇ ਭਏ।੩੨।

*ਸੁਖਾ ਸਿੰਘ (ਕਰਤਾ ਗੁਰਬਿਲਾਸ) ਨੇ ਜੋ ਸੰਕੋਚੀ ਹੈ ਭਾਵ ਨਹੀਂ ਲਿਖੀ।

Sri Satguru Jagjit Singh Ji eLibrary NamdhariElibrary@gmail.com

ਬਹੁਤ ਹੁਤੇ ਤਬ ਲੋਕ ਮੁਲਤਾਨੀ। ਰਖਤ ਸਿੰਘਨ ਸੋਂ ਬਹੁ ਦੰਗ ਖਾਨੀ।
ਉਨ ਮਧ ਹੁਤੋ ਸਿੰਘਨ ਘਰ ਕੋਈ। ਚਾਹੈ ਸਿੰਘਨ ਕੋ ਕੱਢਜੋ ਸੋਈ।੩੩।
'ਤੁਮ ਖਾਤਰ ਹਮ ਘਰ ਸਿੰਘ ਆਵੈਂ। ਇਮ ਕਰ ਹਮ ਕੋ ਬਹੁ ਸੰਤਾਵੈਂ'।
ਸੁਲਤਾਨੀਯਨ ਸਿੰਘਨ ਬੈਰ ਵਧ ਗਯੋ। ਸਿੰਘਨ ਮੁਲਤਾਨੀਯਨ ਦੰਗਾ ਭਯੋ।੩੪।

ਦੋਹਰਾ: ਗੁਰ ਸਿੰਘਨ ਘਰ ਥੀ ਕਮੀ ਔ ਸੁਲਤਾਨੀਯਨ ਢੇਰ।
ਵੜਨ ਨ ਦੇਵੈਂ ਖਾਲਸੈ ਕਿਤ ਵੜੈਂ ਅਵੇਰ ਸਵੇਰ।੩੫।

ਚੌਪਈ: ਥੋੜਨ ਸਿੰਘਨ ਵੜਨ ਨ ਦੇਇਂ। ਤੌ ਉਨਕੋ ਸਿੰਘ ਬਾਹਰ ਘਲੇਇਂ।
ਜਬ ਬਡ ਜਥਾ ਭੁਜੰਗੀਯਨ ਕੀਯੋ। ਦਸ ਬੀਸਨ ਰਲ ਡੇਰਾ ਥੀਯੋ।੩੬।
ਜਾਇ ਡੇਰਾ ਢਿਗ ਗ੍ਰਾਮੀ ਲਾਵੈਂ। ਜੋ ਉਨ ਕੋ ਕੋਈ ਘਨਾ ਸਤਾਵੈ।
ਦੇਵੈਂ ਨਹੀਂ ਤਿਸ ਬਹੁ ਸੰਤਾਹਿਂ। ਖੂਹਨ ਖੇਤ੍ਰ ਉਜਾੜ ਸੁ ਜਾਹਿਂ।੩੭।
ਇਸੀ ਤੌਰ ਖਾਲਸੇ ਫੜ ਲਈ। ਕਈ ਕੁ ਦਿਨ ਇਮ ਗੁਜ਼ਰੈ ਭਈ।
ਔਰ ਪੰਥ ਬਹੁ ਬਾਧੈ ਭਏ। ਸਿੰਘਨ ਲੈਨ ਨਜਰਾਨੇ ਠਏ।੩੮।
ਦਿਨੋ ਦਿਨੈ ਪੰਥ ਬਧਤੋ ਜਾਇ। ਖਾਣ ਪਹਰਨ ਕੀ ਥੁੜ ਭਈ ਆਇ।
ਤੌ ਪੰਥ ਨੈ ਇਮ ਮਤੋ ਮਤਾਯੋ। ਚਹੀਯੈ ਪਿੰਡਨ ਪਰ ਨਜ਼ਰਾਨੋ ਲਾਯੋ।੩੯।

੨੦. [ਸਿੰਘਾਂ ਦਾ ਤੇ ਤੁਰਕਾਂ ਦਾ ਵੈਰ ਤੇ ਖਾਲਸੇ ਦਾ ਝਾੜਾਂ ਵਿਚ ਚਲੇ ਜਾਣਾ]

ਦੋਹਰਾ: ਲੋਕ ਨਜ਼ਰਾਨੋ ਨਹਿਂ ਦੇਹੈਂ ਸਿੰਘ ਲੇਵੈਂ ਦੰਗੋ ਮਚਾਇ।
ਤੁਰਕਨ ਢਿਗ ਤਿਨ ਜਾਇਕੈ ਦਈ ਫਰਜਾਦ ਮੁਨਾਇ।੪੦।

ਚੌਪਈ: ਤੌ ਚੜ੍ਹ ਫੌਜ ਤੁਰਕਨ ਕੀ ਆਈ। ਉਨ ਸਿੰਘਨ ਬਹੁ ਲਯੋ ਫੜਾਈ।
ਫੜਫੜ ਦੀਨ ਲਹੌਰ ਘਲਾਇ। ਤੁਰਕ ਨਵਾਬ ਸੁ ਦਏ ਮਰਵਾਇ।੪੧।
ਐਸੀ ਬਾਤ ਸਿੰਘਨ ਸੰਗ ਭਈ। ਸਿੰਘਨ ਭੀ ਦਯੋ ਰੌਲੋ ਮਚਵਈ।
ਥੋੜਨ ਕੋ ਸਿੰਘ ਭੀ ਲੈਂ ਮਾਰੀ। ਬਹੁਤਨ ਦੇਖ ਸਿੰਘ ਰਲ ਜਇਂ ਝਾੜੀ।੪੨।
ਸਿੰਘ ਤੁਰਕਨ ਬਧ ਗਇਓ ਵਾਦ। ਕਬ ਸਿੰਘਨ ਤੁਰਕਨ ਬਨਜੋ ਥੋ ਸ੍ਵਾਦ?
ਬੇਈਮਾਨ ਹਿੰਦੂ ਉਨ ਵੱਲ ਭਏ। ਯਾਂਤੇ ਅਧਿਕ ਪੰਥਹ ਬੈਰ ਭਏ।੪੩।
ਹੁਤੇ ਸੁਲਤਾਨੀ ਅਧੇ ਮੁਸਲੰਮੇ। ਹਿੰਦੂ ਕਹਾਵੈਂ ਝੂਠੇ ਨਿਕੰਮੇ।
ਓਇ ਸਿੰਘਨ ਦਸ ਦੇਂ ਪਕੜਾਇ। ਸਿੰਘ ਮਾਰੈਂ ਉਨ ਟੋਲ ਘਰ ਜਾਇ।੪੪।

ਦੋਹਰਾ: ਜੋ ਸਿੰਘ ਕਾਬੂ ਉਨ ਆਵੈ ਸੋਇ ਓਇ ਦੇਵੈਂ ਮਾਰ।
ਸਿੰਘਨ ਔ ਸੁਲਤਾਨੀਅਨ ਵਧ ਗਈ ਇਮ ਬਡ ਰਾਰ।੪੫।

ਚੌਪਈ: ਥੋਰਨ ਜਟ ਸਿੰਘ ਕਾਬੂ ਨ ਆਵੈਂ। ਸੋ ਬਹੁਤ ਤੁਰਕਨ ਚਾੜ੍ਹ ਲਿਆਵੈਂ।
ਤੌ ਸਿੰਘਨ ਜਾਇ ਝਾੜੀ ਰਲ ਬਹੈਂ। ਆਗੈ ਪੀਛੈ ਫੜ ਤੁਰਕਨ ਖੋਹਿ ਖਹੈਂ।੪੬।
ਜਬ ਪਰ ਪੰਥਹ ਪੜੈ ਨ ਜੋਰ। ਫੜੇ ਸਿੰਘਨ ਕੈ ਪਿਤ ਮਾਤ ਟੋਰ।
ਔਰ ਸਿੰਘ ਜੋਊ ਕਿਰਤ ਕਮਾਹਿ। ਉਨਕੋ ਪਕੜ ਸੋ ਦੇਂ ਮਰਾਹਿ।੪੭।

. Sri Satguru Jagjit Singh Ji eLibrary NamdhariElibrary@gmail.com .

ਹੁਤੇ ਗੁਰਦ੍ਵਾਰੈ ਜੋ ਸਿੰਘ ਰਹੇ: ਧ੍ਰਮਸਾਲਨ ਮਧ ਬੁੰਗਨ ਬਹੈਂ।
ਸੋ ਭੀ ਤੁਰਕਨ ਦੇਇਂ ਫੜਾਇ। ਤੁਰਕ ਤਿਨ ਮਾਰੈਂ ਸੀਸ ਕਟਾਇ।੪੮।
ਔਰ ਠੌਰ ਕਿਤ ਸਿੰਘ ਹਥ ਆਹਿ। ਤੁਰਤ ਫੁਰਤ ਤਿਤ ਦੇਂ ਮਰਵਾਹਿ।
ਤੌ ਭੀ ਹੋਣੋਂ ਸਿੰਘ ਟਲੈਂ ਸੁ ਨਾਂਹੀ। ਮਰਨੋਂ ਮਝੈਲੈ ਨਾਹਿਂ ਡਰਾਹੀਂ।੪੯।

ਦੋਹਰਾ: ਰਹਤ ਖੂਬ ਬੁਧ ਖੂਬ ਲਖ ਬਾਣੀ ਖੂਬ ਪੜ੍ਹਾਇ।
ਮੁਲਤਾਨੀ ਦਿਵਾਨੀ ਛੋਡ ਆਇ ਸਤਿਗੁਰ ਪੰਥ ਰਲਵਾਹਿ।੫੦।

ਚੌਪਈ: ਦਿਨੇ ਰਾਤ ਪੰਥ ਵਧਤੋ ਆਵਤ। ਘਰ ਤੇ ਲਜਾ ਕਈ ਸਿੰਘਨ ਧੁਲਾਵਤ।
ਕਿਸੈ ਪੁਤ੍ਰ ਪੋਤ੍ਰੈ ਕੋਈ ਆਪ। ਰਲੈ ਖਾਲਸੈ ਲਖ ਬਡ ਪਰਤਾਪ।੫੧।
ਕੋ ਭੂਖੋ ਕੋ ਨੰਗੋ ਹੋਊ। ਰਲ ਖਾਲਸੈ ਸੁਖ ਪਾਵੈ ਸੋਊ।
ਮਾਮਲਜੋਂ ਟੋਟਾ ਜਿਮ ਜੁੰਮੈ ਰਹਾਇ। ਹੁਇ ਘਾਟੋ ਜਿਮ ਸੌਦਜੋਂ ਆਇ।੫੨।
ਜੋਰੋ ਜੋਰੀ ਜਿਮ ਗਲ ਪਾਇ। ਰਹਿਨ ਨ ਮਿਲੈ ਕਹੂੰ ਕਿਤ ਜਾਇ।
ਸੋ ਨਰ ਪੰਥ ਖਾਲਸੈ ਵੜੈ। ਨਹੀਂ ਗ਼ਮ ਫ਼ਿਹਿ ਕਾਹੂੰ ਕਰੈ।੫੩।

ਦੋਹਰਾ: ਇਸੀ ਤੌਰ ਨਿਤ ਖਾਲਸੋ ਜਨਮੋ ਜਨਮ ਵਧਾਇ।
ਸੋ ਪੰਥ ਸਾਗਰ ਜਿਮ ਅਚੱਲ ਕੋ ਇਸ ਸਕੈ ਸੁਕਾਇ।੫੪।

ਚੌਪਈ: ਪੰਥ ਥੋੜ੍ਹੋ ਔ ਥੋੜ੍ਹੋ ਅਸਬਾਬੂ। ਇਸ ਕਰ ਪੰਥਹੁੰ ਪੁਜੈ ਨ ਕਾਬੂ।
ਸਰਬ ਦੇਸ਼ ਤੁਰਕਨ ਕੇ ਪਾਸ! ਬਹੁਤੋ ਔ ਬਹੁਤੀ ਫੌਜ ਖਾਸ।੫੫।
ਬਡੇ ਕੋਟ ਔ ਬਡੇ ਤੋਪਖਾਨੇ। ਨਹੀਂ ਸਿੰਘਨ ਪੈ ਕਛੂ ਸਮਾਨੈ।
ਰਲ ਮੁਲਤਾਨੀਅਨ ਕਰੀ ਖੁਆਰੀ। ਛਡ ਘਰ ਸਿੰਘ ਰਲ ਗਏ ਝਾੜੀ।੫੬।

ਅਨੰਦ ਪੁਰ ਦੀ ਸਾਖੀ

੨੧. [ਮਸੰਦਾਂ ਨੂੰ ਦੰਡ ਕਿਉਂ ਦਿੱਤਾ?]

ਚੌਪਈ: ਅਬ ਸੁਨੀਯੋ ਅਨੰਦਪੁਰ ਕੀ ਬਾਤ। ਰਹੀ ਬਾਤ ਅਬ ਉਤ ਵਲ ਜਾਤ।
ਪਰਜੋ ਬੈਰ ਜਿਮ ਪ੍ਰਬਤੀਯਨ ਸਾਥ। ਲਿਖਤ ਸਭੀ ਵਡ ਗ੍ਰੰਥ ਹੁਇ ਜਾਤ।੧।
ਗੁਰ ਬਿਲਾਸ ਮੱਧ ਬਹੁ ਕਹੀ। ਕਹੀ ਚਹੀਯੈ ਜੋ ਉਸ ਤੇ ਰਹੀ।
ਯਾਤੇ ਬਹੁਤ ਨ ਕਹੂੰ ਪਸਾਰਾ। ਬਹੁਤ ਪਸਾਰੈ ਹੁਇ ਗ੍ਰੰਥ ਭਾਰਾ।੨।
ਬਹੁਤ ਹੋਇ ਜਿਸ ਸੁਨਨੈ ਹੇਤ। ਗੁਰ ਬਿਲਾਸ ਤੇ ਸੋ ਲਵੇ ਭੇਤ।
ਬੀਜ ਮਾਤ੍ਰ ਸੋ ਭੀ ਕਹਿ ਦੇਊਂ। ਪਰਸੰਗ ਅਗਲੋ ਪਿਛੈ ਮਿਲੇਊਂ।੩।

ਦੋਹਰਾ: ਜਬ ਸਤਿਗੁਰ ਖੜਗੋ ਚਕਾ ਪੰਥ ਬਧਾਵਨ ਉਪਾਇ।
ਹੇਤ ਵਧਜੋ ਸੰਗ ਖਾਲਸੈ ਔਰ ਦਏ ਸਭ ਪਿੱਛੈ ਪਾਇ।੪।

ਚੌਪਈ: ਸਤਿਗੁਰ ਕਰੈਂ ਵਡ ਖਾਲਸੈ ਹੇਤ। ਚੰਗੀ ਵਸਤੁ ਗੁਰ ਪੰਥੈ ਦੇਤ।
ਜਹਿਂ ਹੁਤੇ ਮਸੰਦ ਮੇਵੜੇ ਜਾਤ। ਤਹਿਂ ਤਹਿਂ ਸਤਿਗੁਰ ਸਿੰਘਨ ਘਲਾਤ।੫।

Sri Satguru Jagjit Singh Ji eLibrary NamdhariElibrary@gmail.com

ਗੁਰਦ੍ਵਾਰਨ ਔ ਹਜ਼ੂਰਹਿਂ ਪਾਸ। ਖਾਲਸੈ ਸੌਂਪੀ ਕਰਨ ਅਰਦਾਸ।
ਮਾਲ ਮੁਲਖ ਔ ਤੋਸ਼ੇਖਾਨੀ। ਸਭੈ ਚੀਜ਼ ਪਾਸ ਖਾਲਸੈ ਠਾਨੀ।੬।
ਮੇਵੜੇ ਮਸੰਦਨ ਕਹਜੋ 'ਸਿੰਘ ਹੋਵੇ। ਨਹੀਂ ਤਾਂ ਆਪਨੀ ਪਤ ਜਾਨ ਖੋਵੇ'।
ਸੋਉ ਮਸੰਦਨ ਲਾਗੈ ਬੁਰੀ। ਜਨ ਉਨ ਲਾਗੀ ਸੀਨੈ ਛੁਰੀ।੭।
ਤਿਨ ਮਾਤਾ ਪਹਿ ਚੁਗਲੀ ਖਾਈ। ਕਹੈਂ 'ਗੁਰ ਕੋ ਕਮਲ ਤਨ ਆਈ।
ਦੇਵੈਂ ਸਿੰਘਨ ਮਾਲ ਲੁਟਾਇ। ਕਿਮ ਸਿੰਘਨ ਤੇ ਮੁਲਕ ਮਿਲਾਇ।੮।
ਕਜਾ ਜਟ ਬੂਟਨ ਪਤਿਸ਼ਾਹੁ ਖਣਾਵੈਂ। ਕਜਾ ਛੇਲੀ ਸੇਤੀ ਸ਼ੇਰ ਤੁੜਾਵੈਂ।
ਚਿੜੀਯਨ ਤੇ ਮਰਵਾਏਂ ਬਾਜ਼। ਤੌ ਜੱਟ ਬੂਟਨ ਆਵੈ ਰਾਜ।੯।

ਦੋਹਰਾ: ਜੌ ਪਤਸਾਹਿਨ ਯਹ ਸੁਨੀ ਦੇਵੈਂ ਫੌਜ ਚੜ੍ਹਾਇ।
ਠੌਰ ਨ ਲੱਭਊ ਗੁਰ ਲੁਕਨ ਫੜ ਸਭ ਦੇਂ ਮਰਵਾਇ'।੧੦।

ਚੌਪਈ: ਸੋਊ ਬਾਤ ਮਾਤਾ ਮੰਨ ਲਈ। 'ਸਭੀ ਬਾਤ ਤੈਂ ਸੱਚੀ ਕਹੀ'।
ਦਿਵਾਨ ਮੁਸੱਦੀ ਸੱਦ ਲਏ ਸਾਰੇ। ਕਹੈਂ 'ਗੁਰੂ ਗਈ ਬਾਇ ਸੁ ਮਾਰੇ।੧੧।
ਜਿਸ ਦਿਨ ਤੇ ਚੰਡੀ ਜਗਵਾਈ। ਚੰਡੀ ਕੋਪ ਕਰ ਉਲਟੀ ਆਈ।
ਪਤਿਸ਼ਾਹਿਨ ਸੋਂ ਚੱਕਜੋ ਬੈਰ। ਸੋ ਮਾਰਹਿੰਗੇ ਸਬਹਨਿ ਘੇਰ।੧੨।
ਅਬ ਮਿਲ ਸਬਹਨਿ ਕੀਯੋ ਉਪਾਇ। ਜੁਝਾਰ ਸਿੰਘ ਦਯੋ ਟਿੱਕੋ ਬਹਾਇ'।
ਤੌ ਸਤਿਗੁਰ ਸੁਨ ਕੋਪੀ ਧਾਰੀ। ਕਹਜੋ ਬਚਨ 'ਸਭਹਨ ਗਈ ਬਾਇ ਮਾਰੀ'।੧੩।
ਮਸੰਦਨ ਪਰ ਜਬ ਪਰ ਗਈ ਬਾਈ। ਗੁਰੂ ਗ੍ਰੰਥ ਤਿਨ ਦਯੋ ਫੁਕਾਈ।
ਤਿਹਪਰ ਦੀਨੋ ਡੇਹਰੋ ਚਿਨਵਾਇ। ਹੁਤੇ ਪਿੰਡ ਤਿਸ ਤਾਂ ਪਰ ਨਾਇ।੧੪।

ਦੋਹਰਾ: ਗੁਰ ਸੰਗਤ ਉਨ ਤੋੜ ਬਹੁ ਤਿਹ ਥਾਂ ਲਈ ਪਰਸਾਇ।
ਐਸੀ ਐਸੀ ਬਾਤ ਸੁਨ ਦਏ ਮਸੰਦ ਮਰਵਾਇ।੧੫।

ਚੌਪਈ: ਸਤਿਗੁਰ ਹੁਕਮ ਖਾਲਸੈ ਭਯੋ। 'ਮਸੰਦ ਭੇਟ ਚੰਡੀ ਕਰ ਦਯੋ'।
ਕਈ ਸ਼ਸਤ੍ਰੀ ਕਈ ਨੀਹਲ ਚਲਾਇ। ਕਈ ਘਸੀਟ ਮਾਰੇ ਕਈ ਤੇਲ ਤਲਾਇ।੧੬।

ਦੋਹਰਾ: ਔਰ ਬਾਤ ਸਭ ਜੌ ਲਿਖੋਂ ਗ੍ਰੰਥ ਅਧਿਕ ਹੁਇ ਜਾਇ।
ਗੁਰ ਬਿਲਾਸ ਮਧ ਟੋਲਿਕੈ ਲੀਜੋ ਮਨ ਪਤਿਯਾਇ।੧੭।

ਅਨੰਦ ਪੁਰ ਜੰਗ

੨੨. [ਅਨੰਦਪੁਰ ਦਾ ਵੱਡਾ ਜੰਗ। ਅਨੰਦਪੁਰ ਛੱਡਣਾ ਤੇ ਚਮਕੌਰ ਮੱਲਣੀ]

ਦੋਹਰਾ: ਮਾਤਾ ਗੁਜਰੀ ਭੀ ਤਬੈ ਸਤਿਗੁਰ ਮਨੇਂ ਸੁ ਕੀਨ।
'ਪੰਥ ਖਾਲਸੈ ਹੱਥ ਤੈਂ ਸਭ ਕਿਛੁ ਕਜੋਂ ਕਰ ਦੀਨ?।੧।

ਚੌਪਈ: ਏ ਦੰਗੀ ਬਹੁ ਦੰਗੋ ਮਚਾਵੈਂ। ਲਾਇ ਬੁਰਾਈ ਹਮ ਸਿਰ ਜਾਵੈਂ।
ਬਖਤ ਬਣੈ ਕੋਊ ਰਹੁਗ ਨ ਪਾਸ। ਜਿਸਕੋ ਤੂੰ ਕਹੈਂ ਖਾਲਸੋ ਖਾਸ।੨।

. Sri Satguru Jagjit Singh Ji eLibrary NamdhariElibrary@gmail.com .

ਏ ਪੁਤ੍ਰ ਪਰਾਏ ਕਿਮ ਕੰਮ ਆਏ। ਆਪਣੇ ਜਾਏ ਪਿੱਛੈ ਹਟਾਏ'।
ਬਚ ਕਹੇ ਮਾਇ ਮੰਨੇ ਨ ਕਾਇ। ਤੌ ਸਤਿਗੁਰ ਨੇ ਬੈਨ ਅਲਾਇ।੩।
'ਸੁਨ ਮਾਤਾ ਗੁਜਰੀ। ਸੁਣ ਲੋਕਨ ਉਜਰੀ।
ਪੰਥ ਨਿੰਦ ਉਚਾਰੈਂ। ਸੋ ਘਰ ਪਈ ਖਾਰੈ।
ਤੂੰ ਨਿੰਦਕਨ ਡਹਕਾਈ। ਨਿੰਦ ਪੰਥ ਨ ਸੁਣ ਤੂੰ ਕਾਈ'।੪।

ਦੋਹਰਾ: ਤੌ ਸਤਿਗੁਰ ਸ੍ਰੀ ਖਾਲਸੈ ਆਗਜਾ ਯੌਂ ਕਰ ਦੀਨ।
'ਸੰਕ ਨ ਕਰਿਯੋ ਕਿਸੇ ਕੀ ਜੋ ਲੱਭੈ ਸੋ ਖਾਹੋ ਛੀਨ'।੫।

ਚੌਪਈ: ਕਈ ਬਾਰ ਸਿੰਘਨ ਲਏ ਲੂਟ। ਕਮਲੋਟ ਆਦ ਸਭ ਕਰ ਲਈ ਛੂਟ।
ਝੱਖੀ ਕਮਲੋਟ ਪਿੰਡ ਲੀਨੇ ਮਾਰ। ਦੂਣ ਟਿਬੈ ਕਰ ਦੀਨੋ ਖ੍ਵਾਰ।੬।
ਤੌ ਪ੍ਰਬਤੀਯਨ ਆਨ ਮਚਾਈ ਲੜਾਈ। ਸਿੰਘਨ ਦੀਏ ਰਾਜੇ ਭਜਾਈ।
ਹੋਇ ਫਿੱਕੇ ਘਰ ਬੈਠੇ ਜਾਇ। ਮੁਲਕ ਲਯੋ ਉਨ ਸਿੰਘਨ ਉਗਰਾਹਿ।੭।
ਫਰਜਾਦੀ ਕਹਲੂਰੀਏ ਦਿੱਲੀ ਰਾਏ। ਸਭ ਪ੍ਰਬਤੀਯਨ ਪਰਸੁ ਕੈ ਲਏ।
ਹੁਤ ਰਾਜੇ ਜੇ ਬਾਈ ਠਾਣੇ। ਮਤ ਧਾਰਨ ਮਧ ਜਲੰਧ੍ਰੀ ਜਾਣੈ।੮।
ਤੌ ਆਇ ਅਨੰਦਪੁਰ ਘਤੀ ਲੜਾਈ। ਹਾਰ ਭਜੇ ਵੈ ਰਾਜੇ ਬਾਈ।
ਤੌ ਸਭ ਰਾਜੇ ਸ਼ਮਿੰਦੇ ਭਏ। ਟਕੇ ਦੇਨ ਦਿੱਲੀ ਪਤਿ ਸੌਂ ਰਹੇ।੯।
ਕਹੇਂ 'ਹਮਾਰੀ ਮੱਦਤ ਕਰੋ। ਨਹੀਂ ਤ ਮਾਮਲੋ ਉਨਹੀ ਕੋ ਭਰੋਂ।
ਉਨ ਨੈ ਫੌਜ ਬਹੁਤੈ ਕਰ ਲਈ। ਉਨ ਪਹਿ ਦ੍ਰਬ ਆਵਤ ਬਹੁਤਈ।੧੦।
ਵਹੁ ਗੁਰੂ ਕਹਾਵੈ ਸਾਰੀ ਹਿੰਦ। ਵਹੁ ਚਾਹੈ ਮਾਰੈ ਪਤਸ਼ਾਹਨ ਜਿੰਦ।
ਵਹੁ ਆਪ ਸਚਾ ਪਤਿਸ਼ਾਹ ਕਹਾਵੈ। ਵਹੁ ਤੁਮਕੋ ਝੂਠਾ ਸ਼ਾਹੁ ਬਨਾਵੈ।੧੧।
ਉਸ ਦਰਬ ਕਰੋੜਨ ਕੀ ਥੁੜ ਨਾਹਿ। ਕਈ ਰਸਾਇਣੀ ਰਹੈਂ ਸੰਗ ਵਾਇ'।
ਰਾਜੈ ਭੀਮਚੰਦ ਕਹਲੂਰੀਏ ਕਹੀ। ਨੌਰੰਗੈ ਪਤਸ਼ਾਹਿ ਸੁਨ ਚਿੰਤਾ ਪਈ।੧੨।
ਮਤ ਕਤ ਹਮ ਪਰ ਸੋ ਚੜ੍ਹ ਆਏ। ਕੱਚੀ ਬਲਾਇ ਅਬ ਲਈਏ ਦਬਾਏ।

ਦੋਹਰਾ: ਦਸ ਲਖ ਫੌਜ ਕਾਬਲ ਦਰੈ ਪਤਿ ਦਿੱਲੀ ਹੁਤੀ ਰਖਾਇ।
ਦੀਨੈ ਰੁੱਕੇ ਲਿਖ ਉਨੈਂ 'ਪੜੋ ਗੁਰੂ ਪਰ ਧਾਇ'।੧੪।

ਚੌਪਈ: ਚਾਰ ਵੱਲ ਤੈ ਫਉਜ ਸੁ ਦਉੜੀ। ਛੁਰੀ ਦੇਰ ਸੰਗ ਕਾਹਲ ਦੌੜੀ।
ਸਿੱਖ ਹੁਤੇ ਥੇ ਸੋ ਉਨ ਸਾਥ। ਘੱਲੀ ਖਬਰ ਉਨ ਸੁਨ ਸੁਨ ਬਾਤ।੧੫।
ਸੁਣ ਅਨੰਦਪੁਰ ਭਾਜੜ ਪਰੀ। ਲੋਕਨ ਨੱਠਨ ਨ ਲੱਭੈ ਗਰੀ।
ਸਤਿਗੁਰ ਰਹਜੋ ਬਹੁ ਧੀਰ ਪ੍ਰਵਾਇ। ਕਰੁਗੁ ਸਤਿਗੁਰੁ ਆਨ ਸਹਾਇ।੧੬।
ਅਨਪੁੱਛੇ ਲੋਕ ਭੱਜਨ ਪਏ। ਨਾਂਹਿ ਗੁਰੂ ਜੀ ਆਖੈ ਰਹੇ।
ਸਤਿਗੁਰ ਕਹਜੋ 'ਤੁਮ ਦ੍ਰਿੜ੍ਹਤਾ ਧਾਰੋ। ਕਰਤਾਰ ਆਇ ਹਮ ਕਰੁਗੁ ਸਹਾਰੋ'।੧੭
ਆਈ ਆਈ ਚੌਤਰਫੋਂ ਹੋਇ। ਡਾਢ ਸਕੈ ਕਰ ਨਨੈ ਕੋਇ।
ਡੋਗਰੈ ਰਾਜੈ ਬਾਈ ਆਏ। ਜਾਲੰਧਰੀਏ ਤੌ ਬਾਈ ਧਾਏ।੧੮।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਸਰਹੰਦੀ ਔ ਮਲੇਰੀਅਨ ਲਯੋ ਰੋਪੜ ਦਰੋ ਰੁਕਾਇ।
ਦੂਾਬੋ ਹੋਕਜੋ ਲਹੌਰੀਅਨ ਪ੍ਰਬਤੀਅਨ ਪਰਬਤ ਥਾਇ।੧੯।

ਚੌਪਈ: ਚਾਰ ਓਰ ਉਨ ਘੇਰਾ ਲਾਯੋ। ਅੰਨ ਘਾਸ ਕੁਛ ਬੜਨ ਨ ਪਾਯੋ।
ਲੋਕਨ ਕੋ ਬਹੁ ਔਖੀ ਭਈ। ਲੋਕਨ ਤਬ ਨੱਠਨ ਕੀ ਠਈ।੨੦।
ਤਬ ਸਤਿਗੁਰ ਇਮ ਲੋਕਨ ਕਹੀ। 'ਤੁਮ ਨੱਠੇ ਬਚਤੇ ਅਬ ਨਹੀਂ।
ਕੋਈ ਬਿਧ ਦੇ ਭਗਵੰਤ ਬਣਾਇ। ਜਲਤੀ ਅਗਨ ਬਰਖਾ ਬਰਖਾਇ।੨੧।
ਸਿੰਘ ਹੈਂ ਹਮ ਸੰਗ ਚਾਰ ਹਜ਼ਾਰ। ਸਕੈਂ ਨ ਪਰ ਹਮ ਪੈ ਲਖ ਚਾਰ।
ਹੋਵਗੁ ਉਨਕੋ ਜਾਨ ਪਿਆਰੀ। ਹਮ ਪਰ ਸਕੈਂ ਨਿਕਰਨੈ ਵਾਰੀ'।੨੨।
ਤੌ ਲੋਕਨ ਮਾਤਾ ਸਮਝਾਈ।. 'ਤੂੰ ਰਾਜਨ ਸਿਉਂ ਰਲ ਗੱਲ ਬਨਾਈ'।
ਸਤਿਗੁਰ ਸੁਨ ਕਹੀ 'ਪਰਬਤੀ ਦਗੋ ਦਾਰ। ਸੋ ਲੇਵੈਂਗੇਂ ਲੁਟ ਤੁਹਿ ਮਾਰ।੨੩।

ਦੋਹਰਾ: ਇਹ ਦਗੇਦਾਰ ਹੈਂ ਆਦ ਕੇ ਇਨ ਪਰ ਮਤਿ ਪਤੀਯਾਇ।
ਏ ਲੇਵੈਂਗੇ ਸਭਨ ਫੜ ਔ ਦੇਵੈਂ ਕੈਦੇ ਪਾਇ'।੨੪।

ਚੌਪਈ: ਤੌ ਮਾਤਾ ਕਹੀਂ 'ਉਨ ਠਾਕੁਰ ਉਠਾਇ। ਨਹਿੰ ਹਮ ਸੌਂ ਸਕੈਂ ਦਗੋ ਕਮਾਇ।
ਸਤਿਗੁਰ ਕਹਯਾ 'ਤੁਮ ਲੇਹੁ ਪਤਯਾਇ। ਮਾੜ ਮੋਟ ਕਿਛ ਚੀਜ ਧ੍ਰਵਾਇ'।
ਟੂਟੀ ਫੂਟੀ ਜੁ ਸਾਰੀ ਚੀਜਾਂ। ਕਰੀ ਤਯਾਰ ਦੇਖਨ ਕੌ ਮੀਜਾ।
ਭਾਰ ਬ੍ਰਦਾਰੀ ਲੱਦ ਚਲਾਈ। 'ਦਰਬ ਤੋਰੀ' ਇਮ ਗੁਰੂ ਬਜਾਈ।੨੬।
ਯਹ ਬਾਤ ਰਾਜਨ ਕੰਨ ਪਈ। ਕਰ ਹੱਲਾ ਸਭ ਹੂੰ ਲੁਟ ਲਈ।
ਛਲੀਅਨ ਕੋ ਕਰ ਛਲ ਦਿਖਰਾਯਾ। ਛਿਤ੍ਰ ਪੁਰਾਣਨ ਪਰ ਧ੍ਰਮ ਗਵਾਇਆ।੨੭।
ਜੁੱਲੀ ਪਨਹੀ ਪਰ ਉਨ ਹਥ ਪਾਯਾ। ਭਏ ਸ਼੍ਰਮਿੰਦੇ ਹਥ ਦਰਬ ਨ ਆਯਾ।
ਤੌ ਭੀ ਮਾਤਾ ਮੰਨੀ ਨ ਬਾਤ। 'ਮੈਂ ਤੁਰ ਜਾਉਂਗੁ ਹੋਤ ਪ੍ਰਭਾਤ'।੨੮।
ਹੁਤੀ ਮਾਤਾ ਸਭ ਲੋਕਨ ਸਿਖਾਈ। ਮਾਤਾ ਚਲਨੈਂ ਬਾਤ ਠਹਿਰਾਈ।
ਮਾਤਾ ਤੇ ਇਮ ਲੋਕਨ ਅਖਵਾਈ: 'ਹਮਕੋ ਲੇ ਚਲ ਮੁਹਰੇ ਲਾਈ'।੨੯।
ਸੋਓ ਬਾਤ ਸਤਿਗੁਰ ਸੁਨ ਪਾਈ। ਮਨ ਮਧ ਸਤਿਗੁਰ ਇਮ ਠਹਿਰਾਈ।
'ਨਠੇ ਬਚੈਗਾ ਕੋਊ ਨਾਹਿੰ। ਹਮ ਊਪਰ ਜਗ ਕਵਤ ਕਰਾਂਹਿ'।੩੦।
ਕਹਾ ਕਰੈਂ ਗੁਰ ਮੰਨੈ ਨ ਵਾਇ। ਚਾਰ ਓਰ ਲੋਕ ਨੱਠਣ ਜਾਇ।
ਤੌ ਸਤਿਗੁਰ ਚਿੱਤ ਯੌ ਕਰ ਆਈ। 'ਇਨ ਤੇ ਲੀਜੈ ਲਿਖਤ ਕਰਾਈ'।੩੧।

ਦੋਹਰਾ: ਤੌ ਸਤਿਗੁਰ ਏਤੀ ਕਹੀ 'ਯਹ ਹਮ ਜਾਹੋ ਲਿਖਾਇ।
ਸਤਿਗੁਰ ਕਹਿੰਦੇ ਥਕ ਗਏ ਹਮ ਮੰਨੀ ਸਿੱਖ ਨ ਕਾਇ।੩੨।

ਚੌਪਈ: ਔਦੁਈ ਏਤੀ ਦਿਹੁ ਤੁਮ ਲਿੱਖ। ਤੁਮ ਹਮ ਗੁਰੂ ਨਾ ਹਮ ਤੁਮ ਸਿੱਖ'।
ਤੌ ਲੋਕਨ ਇਮ ਹੂੰ ਲਿਖ ਦਯੋ। ਹੁਤ ਗੁਰੂ ਜੀ ਜਿਮ ਥੋ ਕਹਯੋ।੩੩।
ਚਾਕਰ ਨਫਰ ਟਹਿਲੂਏ ਜੋਊ। ਭਯੋ ਸਭੇ ਜਗ ਬੇਮੁਖ ਹੋਊ।
ਐਸੋ ਸਤਿਗੁਰ ਸਾਂਗ ਵ੍ਰਤਾਯੋ। ਬੁਰੋ ਬਖਤ ਇਮ ਲੋਕਨ ਦਿਖਾਯੋ।੩੪।

. Sri Satguru Jagjit Singh Ji eLibrary NamdhariElibrary@gmail.com .

ਲੋਕ ਗਏ ਸਭ ਸਿਦਕੋਂ ਹਾਰ। ਐਸੀ ਭਈ ਸਮੇਂ ਕੀ ਕਾਰ।
ਜਿਮ ਜਿਮ ਸਤਿਗੁਰ ਧੀਰ ਧਰਾਵਹਿਂ। ਤਿਮ ਤਿਮ ਲੋਕ ਸੁ ਨੱਠੇ ਜਾਵਹਿਂ।੩੫।

ਦੋਹਰਾ: ਤੌ ਸਤਿਗੁਰ ਫਿਰ ਸਿੰਘਨ ਪਹਿ ਚੜਜੋ ਲਿਖਾਯੋ ਓਮ।
ਸ੍ਰੀ ਖਾਲਸੈ ਤਬ ਨ ਲਿਖਜੋ 'ਹਮ ਹੁਕਮ ਨ ਮੇਟਜੋ ਕੌਮ'।੩੬।

ਚੌਪਈ: ਕਹਜੋ ਖਾਲਸੈ, 'ਹਮ ਸਿਦਕ ਸੰਭਾਰੈਂ। ਸੀਸ ਉਪਰ ਹਮ ਸਿਦਕ ਨ ਹਾਰੈਂ।
ਏਕ ਸੀਸ ਕਜਾ ਸੌ ਸੀਸ ਤਾਈਂ। ਹਮ ਸਿੱਖੀ ਨਹਿ ਦੇਹਿਂ ਗੁਵਾਈ।੩੭।
ਹਮ ਕੋ ਜਾਵੇ ਜਹਾਂ ਖੜਾਇ। ਜੌ ਲੌ ਸਾਸ ਨ ਪੱਕੈਂ ਪਾਇ'।
ਸ੍ਰੀ ਸਤਿਗੁਰ ਸਿੰਘ ਲਗੇ ਪਿਆਰੇ। ਹੁਇ ਪ੍ਰਸੰਨ ਗੁਰਬਚਨ ਉਚਾਰੇ।੩੮।
'ਧਨ ਖਾਲਸੋ ਧੰਨ ਪੰਚ ਭੁਜੰਗੀ। ਰਖਜੋ ਬੀਜ ਜਾਣ ਸਿੱਖੀ ਚੰਗੀ'।
ਬਹੁਰ ਖਾਲਸੇ ਐਮ ਉਚਾਰਾ। 'ਹਮੈ ਕੋਊ ਦੱਸੋ ਮੋਰਚਾ ਭਾਰਾ'।੩੯।
ਤੌ ਸ੍ਰੀ ਸਤਿਗੁਰ ਐਸੇ ਕਹਜੋ। 'ਜਹ ਹਮ ਹੋਵੈਂ ਤਹ ਤੁਮ ਰਹਜੋ'।
ਬਾਤ ਖਾਲਸੈ ਸੋ ਮੰਨ ਲਈ। ਤੌ ਲੋਕਨ ਸੁਨ ਭਾਜੜ ਕਰ ਦਈ।੪੦।

ਦੋਹਰਾ: ਸਾਹਿਬਜ਼ਾਦਨ ਸਭਨ ਲੈ ਸਾਥ ਤਿਆਰੀ ਕੀਨ।
ਸਮੇਂ ਸੰਝ ਤੈ ਆਨੰਦਪੁਰੋਂ ਤੁਰੇ ਰੋਪੜ ਵੱਲ ਚੀਨ।੪੧।

ਚੌਪਈ: ਕਿਛਕ ਸਿੰਘ ਤੌ ਪੀਛੈ ਲਗਾਏ। ਨਾਮਦਾਰ ਥੇ ਜੋ ਗੁਰ ਭਾਏ।
ਇਮੀ ਤੌਰ ਕੁਛ ਮੁਹਰੇ ਕੀਏ। ਕਿਛਕ ਦੁਵੱਲੀ ਥੇ ਕਰ ਦੀਏ।੪੨।
ਕਬੀਲੇ ਤੋਰੇ ਮੱਧ ਛਪਾਇ। ਸਤਿਗੁਰ ਭਯੋ ਉਨ ਕਰਨ ਸਹਾਇ।
ਪਾਛੇ ਪੜੈ ਪਹਾੜੀਏ ਧਾਇ। ਮਾਰ ਸਿੰਘਨ ਤੇ ਦਏ ਹਟਾਇ।੪੩।
ਆਗੇ ਚੜ੍ਹ ਗਜੋ ਸਰਸੈ ਨੀਰ। ਭਈ ਦੋਇ ਵਲੋਂ ਬਡ ਭੀੜ।
ਤਿਹ ਲੋਕਨ ਕੋ ਛੁਟ ਗਜੋ ਧੀਰ। ਭਯੋ ਕੋਊ ਕਿਤ ਕਿਤੈ ਬਹੀਰ।੪੪।
ਜੋ ਕੋਊ ਮੁੜ ਪਾਛੈ ਗਯੋ। ਸੋ ਤੌ ਲੁੱਟ ਪਹਾੜੀਅਨ ਲਯੋ।
ਵੜਜੋ ਜੁ ਆਗੈ ਮਧ ਦਰਿਯਾਇ। ਸੋ ਰੁੜ੍ਹ ਗਯੋ ਕਿਤ ਹੱਥ ਨ ਆਇ।੪੫।

ਦੋਹਰਾ: ਦਿਵਸ ਚੜ੍ਹਜੋ ਲਾਂਘਾ ਪਰਜੋ ਉਤਰ ਗਯੋ ਕਿਛ ਨੀਰ।
ਕੋ ਆਗੈ ਕੋ ਪਾਛੈ ਵੜਜੋ ਧਰਜੋ ਨ ਕਿਨਹੂੰ ਧੀਰ।੪੬।
ਸਾਹਿਬਜ਼ਾਦੇ ਛਡ ਦੋਊ ਰਹੇ ਸੁ ਸਤਿਗੁਰ ਸਾਥ।
ਛੋਟੇ ਗਏ ਵਡ ਮਾਤ ਸੰਗ ਭਈ ਐਸੀ ਕਛ ਬਾਤ।੪੭।

ਚੌਪਈ: ਵਖਤ ਭਾਰੀ ਅਤ ਸਭ ਪਰ ਆਯੋ। ਕੋਊ ਕਿਤੈ ਕੋਊ ਕਿਤ ਵਲ ਧਾਯੋ।
ਐਸੇ ਸਮੋਂ ਉਹਾਂ ਵਰਤ ਗਯੋ। ਸ੍ਰੀ ਕ੍ਰਿਸ਼ਨ ਪਰ ਜਿਮ ਥੋ ਅਯੋ।੪੮।
ਨਠਜੇ ਭਗਵਾਨ ਕਲ ਜ਼ਮਨਹੁ ਹਾਰੀ। ਲੁਕਜੋ ਜਾਇ ਖਡ ਮੁਚਕੰਦ ਵਾਰੀ।
ਬਹੁਤ ਫੌਜ ਪਹਾੜੀਅਨ ਕੀ ਪਈ। ਚੁੱਕ ਚੌਕੜੀ ਸਬਹਨ ਰਾਈ।੪੯।
ਬਰੂਦ ਰਾਮਜੰਗੇ ਗਿੱਲੇ ਭਏ। ਉਹਾ ਚਲਨ ਤੇ ਸੋ ਰਹਿ ਗਏ।
ਕਿਸੈ ਨ ਪੈਰੀਂ ਪਨਹੀ ਰਹੀ। ਐਸੀ ਬਿਪਤ ਸਬਹਨ ਪਰ ਪਈ।੫੦।

. Sri Satguru Jagjit Singh Ji eLibrary NamdhariElibrary@gmail.com .

ਔਰ ਨਦੀ ਜੋ ਆਗੈ ਬਹਤੀ। ਉਨੈ ਡੁਬੋਈ ਜੋ ਚੀਜ਼ ਰਹਤੀ।
ਅਗੇ ਆਈ ਰੋਪੜ ਤੁਰਕਾਰੀ। ਬਹੁਤ ਪਠਾਨ ਹੋਤ ਜਹਿਂ ਮਾਰੀ।੫੧।
ਤੇ ਹੁਤੇ ਨੌਕਰ ਥੇ ਸਤਿਗੁਰ ਘਣੇ। ਪਾਵਤ ਇਨਾਮ ਸੋਊ ਅਣਗਿਣੇ।
ਘੋੜੇ ਜੋੜੇ ਉਨ ਦੇਤ ਇਨਾਮ। ਭਏ ਬੇਈਮਾਨ ਨ ਆਏ ਕਾਮ।੫੨।

ਦੋਹਰਾ: ਸਤਿਗੁਰ ਉਨ ਸਜੋਂ ਹਿਤ ਰਖਤ ਤਿਨ ਦੇਤ ਵਡੇ ਸਿਰੁਪਾਉ।
ਵਹੁ ਲੜਤ ਪਹਾੜੀਅਨ ਸੰਗ ਗੁਰ ਉਨਕੀ ਕਰਤ ਸਹਾਇ।੫੩।

ਚੌਪਈ: ਸਤਿਗੁਰ ਉਨਕੇ ਘਰ ਕੋ ਗਏ। ਸੱਦੇ ਜਾਇ ਸੁ ਬੇਮੁਖ ਭਏ।
ਹੁਤੀ ਹਵੇਲੀ ਉਨ ਤਕੜੀ ਬਨਾਈ। ਚਹਜੋ ਗੁਰੂ ਵੜ ਕਰੀਏ ਲੜਾਈ।੫੪।
ਉਨ ਵੜਨ ਨ ਦੀਨੇ ਲਏ ਪੱਟ ਅੜਾਈ। ਸੋਈ ਹਵੇਲੀ ਦਰਿਯਾਇ ਰੁੜਾਈ।
ਜਬ ਭਏ ਪਠਾਣ ਲੋਦੀ ਬੇਈਮਾਨ। ਸਤਿਗੁਰ ਕਹਜੋਂ ਤੁਮ ਰਹੈ ਨ ਮਕਾਨ।੫੫।
ਫੇਰ ਗੁਰੂ ਵੱਲ ਕੋਟਲੇ ਗਏ। ਉਨ ਦਰਵਾਜੇ ਖੋਲ੍ਹ ਦਿਖਏ।
ਸੋ ਸਤਿਗੁਰ ਨ ਪਸੰਦੈ ਆਈ। ਹੁਤੀ ਨ ਹਵੇਲੀ ਕਰਨ ਲਰਾਈ।੫੬।
ਤੌ ਸਤਿਗੁਰ ਲੰਘ ਨਦਰ ਪਸਾਰੀ। ਦੇਖੀ ਚਮਕੌਰ ਊਚੀ ਅਟਾਰੀ।
ਸਤਿਗੁਰ ਉਤ ਵਲ ਕਰੀ ਸਵਾਰੀ। ਜਾਇ ਦੇਖੀ ਇਕ ਹਵੇਲੀ ਭਾਰੀ।੫੭।

੨੩. [ਵਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਚਮਕੌਰ ਜੁੱਧ]

ਦੋਹਰਾ: ਰਾਉ ਪਕਰ ਬਾਹਰਹੁੰ ਲਯੋ ਹਵੇਲੀ ਲਈ ਖੁਲ੍ਹਵਾਇ।
ਕਿਛਕ ਸਿੰਘ ਗੁਰ ਸੰਗ ਵੜੇ ਦੁਇ ਸਾਹਬਜ਼ਾਦੇ ਰਲਵਾਇ।੧।

ਚੌਪਈ: ਤੌ ਮਲੇਰੀਅਨ ਆਨ ਘੇਰਾ ਪਾਯੋ। ਨਹਿਂ ਦਾਣਾ ਕਿਛੁ ਉਸ ਮਧ ਥਾਯੋ।
ਨਾਂਹਿ ਹੁਤੀ ਕਛੁ ਜੁਗਤ ਲੜਾਈ। ਫੌਜ ਸਭੀ ਕੰਧ ਪਿਲਚੀ ਆਈ।੨।
ਅਗਰੋਂ ਖਾਲਸੈ ਸ਼ਸਤ੍ਰ ਚਲਾਏ। ਹੁਤੇ ਬਚੇ ਥੇ ਜੋ ਉਨ ਪਾਏ।
ਮਾਰ ਪਠਾਣ ਤਬ ਦਏ ਹਟਾਇ। ਤੌ ਲੌ ਨਾਹਰ ਖਾਂ ਪੜਜੋ ਆਇ।੩।
ਪੁਛਤੋ ਆਯੋ 'ਹੈ ਗੁਰ ਕਹੀਂ। ਮੁਹਿ ਉਸੈ ਬਤਾਵੋ ਪਹੁੰਚੋਂ ਤਹੀਂ'।
ਤੌ ਸਤਿਗੁਰ ਉਸ ਆਖ ਸੁਨਾਯੋ। 'ਹੋ ਤਕੜੋ, ਤੀਰ ਤੈਂ ਵਲ ਆਯੋ'।੪।
ਲਗਜੋ ਛਾਤੀ ਤੋੜ ਲੰਘਜੋ ਸੰਜੋਇ। ਗਯੋ ਦੁਵੱਲੋਂ ਪਾਰ ਸੁ ਹੋਇ।
ਗਿਰਜੋ ਭੂਮ ਪਰ ਝੂਮਹਿ ਸੋਇ। ਲੈ ਲੋਥ ਨਰੈ ਉਸੈ ਸਥੋਇ।੫।

ਦੋਹਰਾ: ਆਏ ਜੁ ਨਾਹਰ ਸਾਥ ਥੇ ਸੋ ਬਹੁ ਦੀਨੇ ਮਾਰ।
ਕਿਛੁ ਸਤਿਗੁਰ ਕੁਛ ਖਾਲਸੈ ਕਰ ਸਾਹਬਜ਼ਾਦਨ ਵਾਰ।੬।

ਚੌਪਈ: ਯਹੀ ਖਬਰ ਉਸ ਭਈ ਬਿਰਾਦਰ। ਖ੍ਵਾਜ ਖਿਜਰ ਬਡ ਕਹਾਤ ਬਹਾਦਰ।
ਸੋ ਆਯੋ ਜਿਮ ਮਸਤੋ ਫੀਲੋ। ਲੋਥ ਭਈ ਪਿਖ ਮੁਖ ਭਯੋ ਪੀਲੋ।੭।
ਆਗੈ ਸਤਿਗੁਰ ਸ਼ੇਰ ਦਿਖਾਯੋ। ਹੁਇ ਸ਼ਰਮਿੰਦੋ ਸੀਸ ਕੰਧ ਲੁਕਾਯੋ।
ਸਤਿਗੁਰ ਉਸੈ ਬਹੁਤ ਲਲਕਾਰਾ। 'ਆਉ ਹਮੈਂ ਤੁਮ ਕਰੈਂ ਦੁਇਬਾਰਾ'।੮।

. Sri Satguru Jagjit Singh Ji eLibrary NamdhariElibrary@gmail.com .

ਉਸੈ ਹਵਾਸ ਤਊ ਉਡ ਗਏ। ਉਨੈਂ ਤੀਰ ਸਤਿਗੁਰ ਲਖ ਲਏ।
ਆਪ ਰਹਜੋ ਵਹਿ ਬਹਿ ਕੰਧ ਓਟ। ਘੱਲ ਲਵਾਵੈ ਔਰਨ ਚੋਟ।੯।
ਤਉ ਬਜੀਰ ਤੁਰਤ ਤਹਿਂ ਆਯੋ। ਆਨ ਉਨੈਂ ਭੀ ਜੰਗ ਮਚਾਯੋ।
ਪਾਛੇ ਪੜੇ ਪਹਾੜੀ ਆਏ। ਉਨ ਨੈ ਭੀ ਬਹੁ ਜ਼ੋਰ ਲਗਾਏ।੧੦।

ਦੋਹਰਾ: ਸਭੈ ਲਾਇ ਬਲ ਥਕ ਰਹੇ ਟੂਟੀ ਸੁ ਜਾਗਾ ਨਾਂਹਿ।
ਡੇਰੇ ਕੀਨੇ ਗਿਰਦ ਤਿਨ ਮਾਨੁਖ ਬਹੁ ਮਰਵਾਇ।੧੧।

ਚੌਪਈ: ਅਬ ਅੰਦਰ ਕੀ ਬਾਤ ਸੁਨਾਊਂ। ਹੁਤੇ ਨ ਅੰਦਰ ਅੰਨ ਕਿਥਾਊਂ।
ਕੰਧ ਚਿਣੀ ਕਿਛ ਆਛੀ ਨਾਹਿਂ। ਹੁਤੇ ਨ ਮੁਰਚੇ ਰੱਖੇ ਮਾਂਹਿ।੧੨।
ਜਿਨ ਸਿੱਧੇ ਕਰ ਸ਼ਸਤ੍ਰ ਚਲਾਏਂ। ਜਿਸੈ ਓਟ ਕਰ ਸੀਸ ਬਚਾਏਂ।
ਨਹਿਂ ਲੱਭੈ ਤਿਹ ਭੁੰਨਣ ਕੋ ਦਾਣਾ। ਜੇ ਲੱਭੈ ਤਾਂ ਕਦ ਮਿਲੈ ਖਾਣਾ।੧੩।
ਦਾਰੂ ਸਿੱਕੋ ਗਯੋ ਮੁਕਾਈ। ਰਹਜੋ ਨ ਤੀਰ ਤੁਨੀਰਨ ਮਾਂਹੀ।
ਜ਼ਖਮੀ ਜੋਰ: ਕਿਤ ਲਭੈ ਨ ਪਾਨੀ। ਐਸੀ ਔਖੀ ਤਹਾਂ ਬਿਹਾਨੀ।੧੪।
ਸ਼ਸਤ੍ਰ ਚਲਾਵਤ ਬਾਂਹਿ ਥਕ ਗਈਂ। ਥਕੀ ਦੇਹ ਸਧ ਸ਼ਕਤਿ ਨ ਰਹੀ।
ਤੌ ਭੀ ਸਿੰਘਨ ਹਠ ਨਹਿਂ ਛੋਰਜੋ। ਪਰੈ ਜੋਰ ਹਿਤ ਵਲ ਨਹਿਂ ਦੌਰਜੋ।੧੫।

ਦੋਹਰਾ: ਤੌ ਸਤਿਗੁਰ ਸਿੰਘਨ ਕਹਜੋ 'ਰਾਜੋ ਦਾਰੂ ਸਿਕੋ ਮੁਕਾਇ।
ਫੜ ਤੇਗੈਂ ਗਿਰਦੈ ਫਿਰੋ ਹੱਵੇਲੀ ਕੇ ਧਾਇ'।੧੬।

ਚੌਪਈ: ਤੌ ਸਿੰਘਨ ਵੈਸੇ ਮੰਨ ਲਈ। ਦੁਇ ਦੁਇ ਨਿਕਸ ਗਿਰਦਾਵਲ ਕਈ।
ਵੈ ਮਰ ਜਾਹਿਂ ਤੌ ਆਵੈਂ ਔਰ। ਐਸੀ ਭਈ ਉਹਾਂ ਕੁਛ ਤੌਰ।੧੭।
ਨਿਕਸ ਨਿਕਸ ਸਿੰਘ ਬਹੁ ਮਰ ਗਏ। ਤੌ ਗੁਰ ਲਖੇ ਸਿੰਘ ਥੋੜੇ ਰਹੇ।
ਕਹੀ ਸਤਿਗੁਰ 'ਅਬ ਬਾਰੁ ਨ ਜਾਵੇ। ਫੜ ਤੇਗੈਂ ਢਿਗ ਕੰਧਨ ਖੜਾਵੋ'।੧੮।
ਸੋ ਤੁਰਕਨ ਗੱਲ ਲੀਨੀ ਜਾਨ। ਭਯੋ ਦਾਰੂ ਸਿੱਕੋ ਸੱਧ ਮੁਕਾਨ।
ਕਰ ਹੱਲੇ ਵੈ ਸਭ ਹੀ ਧਾਏ। ਪਰੇ ਚੁਫੇਰਜੋਂ ਰੌਲ ਮਚਾਏ।੧੯।
ਕੋ ਪਜਾਦੋ ਕੋ ਆਯੋ ਅਸਵਾਰ। ਉਡੀ ਧੂੜ ਭਜੋ ਧੰਧੂਕਾਰ।
ਉਨ ਧਰ ਪੌੜੀ ਹੱਥ ਕੰਧੀਂ ਪਾਏ। ਅਗਜੋਂ ਸਿੰਘਨ ਕਟ ਹੱਥ ਗਿਰਾਏ।੨੦।

ਦੋਹਰਾ: ਚੌਫੇਰਜੋਂ ਚੜ੍ਹ ਰਥ ਘਤੰ ਤਿਮ ਤਿਮ ਸਿੰਘ ਕਟਾਹਿਂ।
ਉਨਕੋ ਦਾਵ ਸੁ ਨਹਿਂ ਲਗਜੋ ਗਿਰ ਗਿਰ ਭੁਮਹਿਂ ਪਾਹਿਂ।੨੧।

ਚੌਪਈ: ਇਕ ਇਕ ਦੁਇ ਦੁਇ ਹੁਤੀ ਖੀ ਗੋਲੀ। ਪਾਸ ਢੁਕੇ ਤਬ ਉਨ ਪਰ ਠੋਲੀ।
ਇਕ ਇਕ ਦੁਇ ਦੁਇ ਤਿਨ ਦਏ ਗੇਰ। ਭਏ ਤੁਰਕ ਕੇ ਤਹਿਂ ਬਹੁ ਢੇਰ।੨੨।
ਐਸੋ ਰੌਰੋ ਜਬ ਊਹਾਂ ਭਯੋ। ਸਾਟਬ ਜੁਝਾਰ ਸਿੰਘ ਮਨ ਮੈਂ ਠਯੋ।
'ਅਬ ਜੀਵਨ ਕੋ ਕੁਛ ਧ੍ਰਮ ਨਾਹੀਂ। ਪੁਤ੍ਰ ਜੀਵੈਂ ਲੜ ਪਿਤਾ ਮਰਾਹੀ।੨੩।

. Sri Satguru Jagjit Singh Ji eLibrary NamdhariElibrary@gmail.com .

ਅਭਿਮੰਨੁ ਮੁਯੋ ਪਿਤ ਅਰਜਨ ਜੀਵਤ। ਮੇਘਨਾਦ ਮੁਯੋ ਰਾਵਣ ਥੀਵਤ।
ਰੀਤਿ ਯਹੀ ਛਤ੍ਰਿਯਨ ਕੀ ਕਹੈਂ। ਪ੍ਰਾਣ ਪਿਤਾ ਹਮ ਮੁਹਰੇ ਦਹੈਂ'।੨੪।
ਫੜ ਤੇਗੋ ਹੁਇ ਬਾਹਰ ਧਾਯੋ। ਅਗੈ ਅੜਜੋ ਸੋ ਮਾਰ ਗਿਰਾਯੋ।
ਉਸ ਪਾਸੈ ਹੁਇ ਗਯੋ ਉਜਾੜਾ। ਉਨ ਜਾਨਜੋ ਦਲ ਆਇ ਪਜੋ ਸਾਰਾ।੨੫।

ਦੋਹਰਾ: ਗਰਦ ਗੁਬਾਰਹਿ ਮੱਧ ਤਹਿੰ ਪਰ ਕੋ ਸੁਝੈ ਨ ਆਪ।
ਰੌਲੇ ਗੌਲੇ ਬਹੁ ਉਹਾਂ ਭਯੋ ਆਪਸ ਮਧ ਖਾਪ।੨੬।
ਕਈ ਸੁ ਤੁਰਕਨ ਮਾਰ ਤਿਹ ਸ੍ਰੀ ਜੁਝਾਰ ਸਿੰਘ ਸ਼ਹੀਦੀ ਲੀਨ।
ਤਿਮ ਮਗਰ ਜੋਰਾਵਰ ਸਿੰਘ ਜੀ ਪਰਜੋ ਸ਼ੇਰ ਜਿਮ ਚੀਨ।੨੭।

ਚੌਪਈ: ਦੇਖ ਭਾਈ ਦੁਖ ਸਹਜੋ ਨ ਗਯੋ। ਫੜ ਖੰਡੇ ਸੋ ਮਗਰੈ ਧਯੋ।
ਜਾਇ ਭਾਈ ਜਿਮ ਸ਼ਮਤ੍ਰਨ ਕਰੇ। ਮਾਰੈ ਉਸੈ ਜੋ ਆਗੈ ਅਰੇ।੨੮।
ਕਿਸੈ ਢਾਲ ਕਿਸ ਭਰੌਤੀ ਛੁਹਈ। ਜਿਸੈ ਛੁਹੀ ਉਸੈ ਕਟ ਕਰ ਗਈ।
ਸਨਮੁਖ ਉਨਕੈ ਅੜਜੋ ਨ ਕੋਇ। ਮਾਰ ਗਿਰਾਏ ਬੰਦੂਕਨ ਸੋਇ।੨੯।
ਐਸੀ ਭਾਂਤ ਤਹਿੰ ਦੋਵੇਂ ਭਾਈ। ਸਾਥ ਪਠਾਣਨ ਸ਼ਹੀਦੀ ਪਾਈ।
ਸਤ੍ਰੈ ਸਏ ਬਾਸਟੇ ਸਾਲ। ਐਸ ਭਈ ਪਰ ਗੁਰ ਦੋਊ ਬਾਲ।੩੦।

ਚਮਕੌਰ ਦਾ ਹੋਰ ਹਾਲ

੨੪. [ਚਮਕੌਰ ਛੱਡਣਾ, ਭਾਈ ਸੰਤ ਸਿੰਘ, ਗ਼ਨੀ ਖਾਂ, ਨਬੀ ਖਾਂ, ਮਾਹੀ]

ਦੋਹਰਾ: ਕਰਤ ਲਰਾਈ ਇਮ ਤਹਾਂ ਸਮਾਂ ਸੰਝ ਭਈ ਆਇ।
ਡੇਰਨ ਗਏ ਸ੍ਰਦਾਰ ਤੁਰ ਚੌਂਕੀ ਚੁਫੇਰ ਕਰਾਇ।੧।

ਚੌਪਈ: ਬਹੁ ਚੁਕਸਾਈ ਚੁਫੇਰੇ ਕਰ ਗਏ। ਮਾਨੁਖਨ ਸੰਗ ਮਾਨੁੱਖ ਖੜਵਏ।
ਔਰਨ ਕੈ ਢਿਗ ਔਰ ਖੜਵਏ। ਤਿਨ ਮਧ ਰਾਤ ਕੌ ਲਖਨ ਨ ਪਏ।੨।
ਏਕ ਕਹੈ 'ਗੁਰ ਰਹੁਗੋ ਨਾਂਹੀ'। ਓਇ ਫਿਰ ਕਹੈਂ 'ਕਿਮ ਜਾਉਗ ਉਡਾਹੀ।
ਚਾਰ ਕੂੰਟ ਉਸ ਫੜਨੈ ਵਾਰੇ। ਲੱਖ ਲੋਕ ਉਸ ਭਏ ਦੁਆਰੇ।੩।
ਓਇ ਲਾਇ ਫੰਘ ਕਿਤ ਜਾਇ ਉਡਾਹੀ। ਉਸ ਜਮੀਨ ਮਧ ਬੜਜੋ ਨਜਾਹੀ'।
ਠੀਕ ਬਾਤ ਗੁਰ ਔਖੀ ਬਣੀ। ਹੁਤੀ ਬਾਤ ਜਿਮ ਲੋਕਨ ਗਿਣੀ।੪।
ਤੌ ਸਤਿਗੁਰ ਕੁਛ ਸੁੱਝੈ ਨਾਹੀ। ਰਹੀ ਨ ਫਉਜ ਕੁਛ ਲੜਨੈ ਵਾਹੀ;
ਸਾਹਬਜ਼ਾਦਨ ਸ਼ਹੀਦੀ ਪਾਈ। ਬਹੁ ਸਤਿਗੁਰ ਇਮ ਭਈ ਸੁਚਾਈ।੫।

ਦੋਹਰਾ: ਤੌ ਸ੍ਰੀ ਸਤਿਗੁਰ ਸੋਚਿਓ 'ਹਮ ਸੁਤ ਦੀਨੇ ਸੌਂਪ ਥਾਇ।
ਹਮ ਦੂਜੈ ਬਚਤੇ ਨਹਿੰ ਦਿਸੈਂ ਕਿਛੁ ਹੋਵਗੁ ਉਨੇ ਰਜਾਇ।੬।

ਚੌਪਈ: ਪਰ ਭਲੀ ਭਈ ਸਿਰ ਤੁਰਕੈ ਲਾਇ। ਖਚਨ ਪੂਰਨ ਹਮ ਬਡਿਅਨ ਭਾਇ।
ਅਬ ਹਮ ਖਾਲਸੈ ਦਯੋ ਗੁਰਾਈ। ਦੱਯੇ ਟਿੱਕੋ ਖਾਲਸੈ ਲਾਈ'।੭।

. Sri Satguru Jagjit Singh Ji eLibrary NamdhariElibrary@gmail.com .

ਜਹਿੰ ਸਤਿਗੁਰ ਥੇ ਬੈਠੇ ਆਪ। ਸੰਤ ਸਿੰਘ ਬੈਠਾਇਆ ਥਾਪ।
ਪਗੜੀ ਅਪਨੀ ਸੀਸ ਸਵਾਰੀ। ਸੰਤ ਸਿੰਘ ਸਿਰ ਆਪ ਸੁਧਾਰੀ।੮।
ਨਿਜ ਕਲਗੀ ਸਿਰ ਦਈ ਲਗਾਇ।ਦਈ ਪੁਸ਼ਾਕ ਅਪਣੀ ਪਹਿਰਾਇ।
ਗੁਰੂ ਤੌਰ ਸਿੰਘ ਰੱਖਿ ਬਹਾਯੋ। ਗੁਰ ਨਾਨਕ ਜਿਮ ਅੰਗਦ ਟਿਕਾਯੋ।੯।
ਸੱਦ ਖਾਲਸੈ ਕੁਨਸ* ਕਰਵਾਈ। ਸਤਿਗੁਰ ਸਿੰਘਨ ਦਈ ਪਾਤਿਸ਼ਾਹੀ।
ਸੰਤ ਸਿੰਘ ਇਮ ਕਹਯੋ ਸਮਝਾਈ। 'ਹੋਈਂ ਸ਼ਹੀਦ ਮਤ ਫੜਿਓ ਜਾਈਂ'।੧੦।

ਦੋਹਰਾ: ਜੀਵਣ ਸਿੰਘ ਰੰਘਰੇਟੜੋ ਬੰਦੂਕੀ ਖੂਬ ਅਖਵਾਇ।
ਏਕ ਬੁਰਜ ਮਧ ਸੋ ਬਹਯੋ ਏਕਲ ਹੀ ਥੇ ਸਾਇ।੧੧।

ਚੌਪਈ: ਠੌਰ ਠੌਰ ਔਰ ਹੁਤੇ ਬਹਾਇ। ਪਰ ਦਾਰੂ ਗਯੋ ਉਸੈ ਮੁਕਾਇ।
ਥਕੇ ਹੁਤੇ ਅਰੁ ਨੀਂਦ ਅਕਾਏ। ਸਭ ਸਿੰਘ ਮੱਧ ਚਾਲੀ ਏਥਾਏ।੧੨।
ਕਿਛ ਜ਼ਖਮੀ ਕਿਛ ਪਰੇ ਥੇ ਮਰੇ। ਇਮ ਕਰ ਸੰਸੋ ਬਹੁ ਗੁਰ ਕਰੇ।
ਹੁਤੋ ਗ਼ਨੀ ਖਾਂ ਗੁਰ ਸੰਗ ਪਠਾਣ। ਪਹੁੰਚਯੋ ਭਾਈ ਤਿਸਕੋ ਆਣ।੧੩।
ਮਾਰ ਵਾਜ ਉਨ ਸੱਦਯੋ ਤਾਹਿੰ। 'ਆਉ ਨਿਕਸ ਹਮ ਰੱਖ ਲੈ ਤਾਹਿੰ।
ਸੋਊ ਬਾਤ ਗੁਰ ਕੈ ਕੰਨ ਪਈ। ਸੱਦ ਪਠਾਣ ਉਸ ਗੱਲ ਸਮਝਈ।੧੪।
'ਲੈ ਚਲ ਹਮ ਕੋ ਅਪਨੇ ਨਾਲ। ਹਮ ਕਰ ਦੇਂਗੇ ਤੁਮੈਂ ਨਿਹਾਲ'।
ਹੁਤੋ ਪਠਾਣ ਸਿਦਕ ਕੋ ਪੂਰੋ। ਉਨ੍ਹੈਂ ਕਹੀ 'ਲੈ ਚਲਗੁ ਜ਼ਰੂਰੋ'।੧੫।

ਦੋਹਰਾ: ਹੁਤੀ ਮੋਰੀ ਇਕ ਬੁਰਜ ਮਧ ਸੋ ਗੁਰ ਦਈ ਖੁਲ੍ਹਾਇ।
ਕਮਰ ਖੰਜਰ ਇਕ ਹਥ ਫੜਯੋ ਹੁਤ ਮੋਟਰੈਂ ਖੀਸੈ ਪਾਇ।੧੬।

ਚੌਪਈ: ਨਿਕਸ ਸਤਗੁਰ ਜਬ ਆਗੈ ਧਾਯੋ। ਖੜੇ ਪਹਿਰੂ ਕਿਤ ਲੰਘਨ ਨ ਪਾਯੋ।
ਤੌ ਸਤਿਗੁਰ ਦਯੋ ਰੌਲੇ ਮਚਾਇ। ਭਾਗਯੋ ਹਿੰਦੂ ਇਮ ਕਹਯੋ ਸੁਨਾਇ।੧੭।
ਗਯੋ ਗਯੋ ਭਜੇ ਚਾਰੋਂ ਓਰ। ਸਤਿਗੁਰ ਭੀ ਕਹਿੰ ਉਸ ਹੀ ਤੌਰ।
ਤੌ ਪਠਾਣ ਗੁਰ ਆਗੈ ਲਾਯੋ। ਵੜ ਮਧ ਤੁਰਕਨ ਦਰਯਾਇ ਵਲ ਧਾਯੋ।੧੮।
ਦੌੜ ਦਪੌੜ ਕਰ ਗਏ ਝੱਲ। ਆਗੈ ਦੇਖਯੋ ਇਕ ਮਾਹੀ ਚੱਲ।
ਉਨ੍ਹੈਂ ਲਯੋ ਥੇ ਗੁਰੂ ਪਛਾਣ। ਵਹੁ ਲਗਯੋ ਤਉ ਡੰਡ ਸਉ ਪਾਣ।੧੯।
ਸਤਿਗੁਰ ਉਸ ਦਈ ਮੋਹਰ ਫੜਾਇ। ਤਿਸਤੇ ਰੌਲਾ ਔਰ ਦਯੋ ਪਾਇ।
ਗੁਰ ਸੋਚੈਂ ਨਾ ਦਏ ਫੜਾਇ। ਨਾ ਮੰਨੇ ਵਹ ਕਿਸ ਹੀ ਦਾਇ।੨੦।

ਦੋਹਰਾ: ਧਾਯੋ ਗੁਰ ਆਗੈ ਕਰੀ ਪੇਟ ਖੰਜਰ ਦਯੋ ਧਸਾਇ।
ਘੋਲ ਘਾਲ ਉਸ ਬਹੁ ਕਰੀ ਛੋਡਯੋ ਪ੍ਰਾਣ ਉਡਾਇ।੨੧।

---

* ਕੋਰਨਿਸ਼, ਡੰਡਉਤ।

. Sri Satguru Jagjit Singh Ji eLibrary NamdhariElibrary@gmail.com .

ਸਾਖੀ ਮਾਛੀਵਾੜੇ ਕੀ ਲਿਖਜਤੇ

੨੫. [ਮਾਛੀਵਾੜੇ, ਭਾਈ ਗੁਲਾਬਾ, ਉੱਚ ਦੇ ਪੀਰ, ਕਰਦ ਭੇਟ]

ਚੌਪਈ: ਤੌ ਸਤਿਗੁਰ ਜਬ ਗਏ ਅਗੇਰੇ। ਢੁੱਕੇ ਮਾਛੀਵਾੜੇ ਨੇਰੇ।
ਸਤਿਗੁਰ ਕੋ ਗਜੇ ਪਠਾਣ ਬਹਾਇ। ਲਜਾਯੋ ਖਤ੍ਰੀ ਗੁਲਾਬੈ ਬੁਲਾਇ।੧।

ਦੋਹਰਾ: ਸੁਨਹੁ ਸਾਖੀ ਮਾਛੀਵਾੜੇ ਗੁਰ ਬਹੇਂ ਖਤ੍ਰੀ ਘਰ ਜਾਇ।
ਪਠਾਣ ਸੱਯਦ ਖਿਜਮਤ ਕਰੀ ਗੁਰ ਤੋਰਹਿੰ ਸਿਰਹੁ ਉਠਾਇ।੨।

ਚੌਪਈ: ਉਨ ਕੁਛ ਧਰਜੋ ਅਗੈ ਪਰਸਾਦਿ। ਸੋ ਮੁਖ ਪਾਯੋ ਕਰ ਗੁਰ ਯਾਦ।
ਸੰਝ ਪੜੀ ਤੌ ਅੰਦਰ ਆਣੇ। ਮੱਧ ਹਵੇਲੀ ਭਏ ਟਿਕਾਣੇ।੩।
ਇੱਕ ਦੋਇ ਤਹਿੰ ਸਿੰਘ ਚਲ ਆਏ; ਤੇ ਭੀ ਗੁਰਹਿ ਛੁਪਾਇ ਬਹਾਏ।
ਇਕ ਦਿਨ ਗੁਰ ਬਕਰੋ ਮੰਗਵਾਯੋ। ਸਿੰਘਨ ਤੈ ਝਟਕੋ ਕਰਵਾਯੋ।੪।
ਜਿਮ ਸਤਿਗੁਰ ਝਟਕੋ ਕਰ ਖਾਵਹਿੰ। ਮੁਟ ਸੰਧੀ ਘਰ ਤੁਰਕ ਗਿਰਾਵਹਿੰ।
ਦੇਖ ਤੁਰਕ ਦੇ ਖੱਤ੍ਰੀ ਗਾਰੈ। 'ਹਮਰੇ ਘਰ ਤੁਹ ਹਡੀਆਂ ਡਾਰੈਂ'।੫।

ਦੋਹਰਾ: ਤੌ ਖੱਤ੍ਰੀ ਸਤਿਗੁਰ ਕਹੀ 'ਮੈਂ ਹੋਂ ਮਾੜੋ ਅੱਤਿ।
ਖਬਰ ਹੋਇ ਕਿਤ ਤੁਰਕ ਕਉ ਮਾਰੈ ਮੋਹਿ ਅਲਖੱਤ'।੬।

ਚੌਪਈ: ਤੌ ਸਤਿਗੁਰ ਦਏ ਰੁਪੱਯੇ ਡਾਰ। ਸੋ ਚੁਗ ਕਾਜੀ ਰਹਜੋ ਮਸ਼ਟ ਮਾਰ।
ਇਸੀ ਭਾਂਤ ਗੁਰ ਦਸ ਦਿਨ ਰਹਜੋ। ਤੌ ਸਤਿਗੁਰ ਤਹਿੰ ਚਲਨੌਂ ਚਹਜੋ।੭।
ਤੌ ਪਠਾਨ ਸਹਿਤ ਸੱਯਦ ਰਲਵਾਯੋ। ਕਹਿ ਸਤਿਗੁਰ ਕੋ ਬਾਣੌਂ ਬਟਵਾਯੋ।
ਡੋਲ ਹਾਜਨ ਕੀ ਲਈ ਬਨਵਾਇ। ਬਾਣੋ ਨੀਲ ਕੇਸ ਖਿੰਡਵਾਇ।੮।
ਤਿਮ ਸਿੱਖਨ ਬਾਣੈ ਬਨਵਾਇ। ਫੜ ਅਸਤਾਵੈ ਪਠਾਣ ਭਏ ਰਾਹਿ।੯।
ਪੀਰ ਉੱਚ ਕੇ ਕਹਿਤੇ ਜਾਇੰ। ਨਬੀ ਗ਼ਨੀ ਖਾਂ ਬੀ ਤਹਿੰ ਨਾਇ।
ਤੁਰੈ ਢਲ ਤਉ ਮੁਲਤਾਨ ਸਦਾਇ; ਜਾ ਪਹੁੰਚੇ ਵਹਿ ਕਨੇਚ ਗਿਰਾਇੰ।੧੦।

ਦੋਹਰਾ: ਤਿਹ ਖਾਂ ਹੁਤੋ ਮਸੰਦ ਇਕ ਫੱਤਾ ਤਾਂਹਿ ਸੁ ਨਾਇ।
ਸਤਿਗੁਰ ਕਹਜੋ ਬੁਲਾਇ ਉਸ 'ਕਿਮ ਹਮ ਅਗੈ ਪੁਜਾਇ।੧੧।

ਚੌਪਈ: ਘੋੜੀ ਘਰ ਕੀ ਹਮ ਕੋ ਦੇਹ। ਹਮ ਤੁਮ ਦਰਬ ਘਣੀ ਭਰ ਦੇਹਿੰ'।
ਬੁਰੈ ਦਿਵਸ ਸੇ ਤਬ ਤਿਹ ਆਏ। ਕਹਜ 'ਘੋੜੀ ਦੇਇ ਹਮ ਚੜੈਂ ਫਾਹੇ'।੧੨।
ਤਬ ਸਤਿਗੁਰ ਐਸੇ ਉਸ ਕਹਜੋ। ਤੂੰ ਮਰਨੋ ਫਾਹਜੋ ਅਬ ਕਥ ਰਹਜੋਂ।
ਸੋ ਲਹੌਰ ਜਾਇ ਫਾਹੈ ਚਰਜੋ। ਸਤਿਗੁਰ ਬਚਨ ਨ ਉਸ ਤੈ ਟਰਜੋ।੧੩।
ਤੁਰ ਸਤਿਗੁਰ ਜਬ ਆਗੈ ਧਏ। ਸ੍ਰਾਇ ਦੁਰਾਹਿ ਤੁਰਕਨ ਘਿਰਵਏ।
ਕਹੈਂ 'ਪੀਰ ਹਮ ਜ਼ਜਾਫਤ ਖਾਏ। ਅਬ ਇਕ ਰਾਤ ਈਹਾਂ ਰਹਿ ਜਾਏ'।੧੪।
ਤੌ ਸੱਯਦ ਪਠਾਣ ਹਿਮ ਗਲ ਬਾਮੰ। 'ਪੀਰ ਹਮਾਰੈ ਰੋਜ਼ੇ ਮੁਦਾਮੰ।
ਇਕ ਜੌਂ ਸੇਤੀ ਰੋਜ਼ੇ ਖੋਲੇਂ। ਫੜ ਤਸਬੀ ਮੁਖੋਂ ਥੋੜੇ ਬੋਲੇਂ।੧੫।

. Sri Satguru Jagjit Singh Ji eLibrary NamdhariElibrary@gmail.com .

ਔਰ ਮੁਰੀਦ ਖਾਇ ਜਾਹਿਂ ਜ਼ਰੂਰ'। ਬਿਧੀ ਬਣਾਈ ਐਸ ਸ਼ਹੂਰ।੧੬।

ਦੋਹਰਾ: ਤੌ ਸਿੱਖਨ ਭੌ ਖਾਇਓ 'ਅਬ ਹਮ ਕੀ ਭਵਗੁ ਹਵਾਲ।
ਅਬ ਧਰਮ ਹਮਾਰੋ ਕਿਮ ਰਹੈ ਗੁਰ ਸੌਂ ਔ ਜਗ ਨਾਲ'।੧੭।

ਚੌਪਈ: ਤੌ ਸਤਿਗੁਰ ਉਨ ਦਯੋ ਫੁਰਮਾਇ। 'ਲਯੋ ਸਰਬ ਲੋਹ ਕਰਦ ਫਿਰਾਇ।
ਜ਼ੋਰ ਜ਼ੁਲਮ ਸੰਗ ਤੁਰਕ ਨ ਹੋਇ। ਤੌ ਹੋ ਤੁਰਕ ਸੰਗ ਤੁਰਕਨੀ ਹੋਇ।੧੮।
ਇਕ ਔਰ ਗਲ ਕਰਤ ਪਤਜਾਈਓ। ਪੱਲੇ ਬਾਂਧ ਕੁਛ ਖਾਣਾ ਲਜਾਈਓ।
ਜੇ ਤੁਮਰੋ ਕੁਝ ਮਨ ਸੰਕਾਇ। ਪੰਜ ਚੁਭੇ ਲਜੋ ਅੰਮ੍ਰਿਤਸਰ ਲਾਇ'।੧੯।
ਸੋਊ ਅਉਰ ਸਿੱਖਨ ਕਰ ਲਈ। ਤੁਰਕਨ ਕਹੀ 'ਕਿਮ ਕਰਦ ਛੁਹਈ'।
ਕਹੀ ਪਠਾਣ 'ਸ਼ਰਾ ਅਈਨਈ। ਧਰਮ ਕੀਯੋ ਅਬ ਹਾਜੀਅਨ ਮਈ'।੨੦।
ਪ੍ਰਾਤ ਖੋਹਲ ਕਰ ਦੇਖਜੋ ਖਾਣਾ, ਕੜਾਹ ਚਾਵਲ ਦਿਖੁ ਮਨ ਪਤੀਆਣਾ।
ਊਹਾਂ ਤੈ ਤੁਰ ਮੋਹੀ ਗਏ। ਜਟ ਪੁਰ ਲੰਮੀ ਲੰਘ ਭਗਤੇ ਠਏ।੨੧।

ਸਾਖੀ ਕਾਂਗੜ ਤਪੇ ਦੀਨੇ ਕਿਆਂ ਕੀ

੨੬. [ਲਖਮੀਰ ਪਾਸ ਡੇਰਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ]

ਦੋਹਰਾ: ਤੌ ਸ੍ਰੀ ਸਤਿਗੁਰ ਤੁਰ ਪੁਜੇ ਕਾਂਗੜ ਤੱਪੈ ਜਾਇ।
ਦੀਨੈ ਕੀ ਢਿਗ ਪਿੰਡ ਮਧੇ ਹੁਤ ਲਖਮੀਰ ਤਿਹ ਰਾਇ।੧।

ਚੌਪਈ: ਤਿਸੈ ਚੁਬਾਰੇ ਜਾ ਸਤਿਗੁਰ ਬਹੇ। ਆ ਲਖਮੀਰ ਚਰਨ ਤਿਹ ਗਹੇ।
ਸਤਿਗੁਰ ਖੁਸੀ ਅਗਜੋਂ ਉਸ ਦਈ। ਔਰ ਹਕੀਕਤ ਉਸ ਯੌਂ ਕਹੀ।੨।
'ਜੌ ਤੂੰ ਟਿਕਾਇ ਸਕੈਂ ਹਮ ਪਾਹਿ। ਤੌ ਹਮ ਕਿਛ ਕਢ ਹੈਂ ਦਿਨ ਯਾਹਿ'।
ਕਹੀ ਲਖੀਮਰ 'ਤੂੰ ਹਮ ਸਿਰ ਕੈ ਸਾਥ'। ਹਾਥ ਜੋੜ ਉਨ ਯੌਂ ਕਹੀ ਬਾਤ।੩।
ਊਹਾਂ ਸਤਿਗੁਰ ਪ੍ਰਗਟ ਹੁਇ ਬਹੇ। ਸੁਨਿ ਸੁਨਿ ਸਿੰਘ ਤਿਹ ਥਾਂ ਬਹੁ ਅਏ।
ਔਰ ਸੁਨੋਂ ਜੋ ਪਿਛਲਨ ਭਈ। ਯੌਂ ਸਾਹਿਬਜ਼ਾਦਨ ਛੋਟਨ ਸਿਰਵਈ।੪।
ਸਰਸਜੋਂ ਭਯੋ ਬਹੁਤੋ ਬਿਚਲਉ। ਤੁਰੈ ਉਹਾਂ ਤੇ ਲੋਕ ਨਿਜ ਨਿਜ ਦਉ।
ਰੋਪੜ ਤਾਕ ਗੁਰ ਰਖੀ ਸੰਭਾਰਾ। ਲਜਾਏ ਸਤਿਗੁਰ ਵਾਰਨ ਨਾਰਾ।੫।

ਦੋਹਰਾ: ਉਹਾਂ ਫੌਜੈਂ ਬਹੁ ਮਿਲੀਂ ਚਾਰ ਤਰਫ ਤੇ ਆਇ।
ਬਡ ਮਾਤਾ ਲੈ ਪੋਤਰਨ ਗਈ ਖਿਛਰ ਕਿਤ ਦਾਇ।੬।

ਚੌਪਈ: ਅਬ ਔਰ ਸਿੰਘਨ ਸੁਨਾਊਂ ਗਾਥ। ਅਏ ਰੋਪੜ ਲੌ ਸਤਿਗੁਰ ਸਾਥ।
ਖੜਿ ਖੜਿ ਲੜ ਲੜ ਭਏ ਸ਼ਹੀਦ। ਕਹੈਂ 'ਗੁਰੂ ਕਿਮ ਜਾਇ ਵਗੀਦ'।੭।
ਸਰਸੈ ਪਰ ਬਹੁ ਪ੍ਰਬਤੀ ਅਕਾਏ। ਇਮ ਕਰ ਪਹੁੰਚੇ ਰੋਪੜ ਆਏ।
ਰੋਪੜੀਯਨ ਦਏ ਬੂਹੇ ਖੋਲ। ਕਹੈਂ 'ਗੁਰੂ ਰਹਿਂ ਹਮਰੇ ਕੋਲ'।੮।
ਦੁਇ ਦੁਇ ਚਾਰ ਚਾਰ ਲਏ ਵਾਰ। ਲੂਟ ਕੂਟ ਦੇਂਹ ਤਿਤਹੀ ਮਾਰ।
ਕਿਛਕ ਸਿੰਘ ਜੋ ਕੋਟਲੈ ਵੜ ਰਹੇ। ਨਹਿਂ ਉਨ ਖੋਹੈ ਔ ਮਾਰੈ ਨਟੇਂ।੯।

. Sri Satguru Jagjit Singh Ji eLibrary NamdhariElibrary@gmail.com .

ਜ਼ਖਮੀ ਹੋਇਤਹ ਬਚਿੱਤ੍ਰ ਸਿੰਘ ਵੜਯੋ। ਪਠਾਣ ਖਾਨ ਉਸ ਚੰਗੋ ਕਰਯੋ।
ਔਰ ਸਿੰਘ ਜੋ ਜ਼ਖਮੀ ਗਏ। ਵੇ ਭੀ ਉਸ ਥੈ ਚੰਗੇ ਕਰਏ।੧੦।

ਦੋਹਰਾ: ਕਈ ਵਾਰ ਵਹੁ ਪਠਾਣ ਥੋ ਜਾਇ ਰਹਤੋ ਗੁਰੂ ਹਜ਼ੂਰ।
ਘੋੜੈ ਜੋੜੈ ਉਸ ਚੰਗੈ ਕਰ ਖੁਸ਼ੀਆਂ ਦੇਤ ਹਜ਼ੂਰ।੧੧।

ਚੌਪਈ: ਅਬ ਅਗੋ ਫੇਰ ਸੁਨਹੁ ਵੈ ਬਾਤ। ਜਿਮ ਕੀਏ ਬਜੀਦੈ ਸ਼ੀਰਖੋਰ ਘਾਤ।
ਰੋਪੜੋਂ ਜੁਦੀ ਮਾਤ ਉਨ ਕੀਨੀ। ਹੁਤੋ ਬਾਹਮਨ ਰਸੋਈਓ ਮਤਹੀਨੀ।੧੨।
ਉਸ ਕੈ ਮਨ ਮੈਂ ਬਡ ਲਬ ਆਯੋ। ਉਨ ਦੇਖਯੋ ਥੋ ਜੁ ਮਾਤ ਚੁਕਾਯੋ।
ਹੀਰੇ ਮੋਤੀ ਮਾਣਕ ਸਬਜ਼ੇ। ਹੁਤੋ ਗਲਯੋ ਬਾਮਣ ਜਿਤ ਗਜਬੈ।੧੩।
ਲੈ ਮਾਤੈ ਨਿਜ ਗਇਓ ਗਰਾਮ। ਸਾਹੇੜੀ ਥੋ ਉਸ ਕੋ ਨਾਮ।
ਜਾਇ ਉਜਾੜ ਮਧ ਢੱਕ ਬਹਾਈ। ਚੀਜ ਸਭੀ ਉਨ ਕਰੀ ਕਬਜਾਈ।੧੪।
ਕਹੈ 'ਮਾਤਾ! ਹਮ ਜ਼ਿਮੀਂ ਦਬਾਈ। ਤੁਮ ਮਨ ਚਿੰਤਾ ਕਰਯੋ ਨ ਕਾਈਂ।
ਮਾਤਾ ਕਹੈ 'ਹਮ ਚਿੰਤਾ ਜਾਨ। ਹਮ ਕੋ ਬਹਾਉ ਕਿਤੇ ਕਲਬ ਮਕਾਨ'।੧੫।

ਦੋਹਰਾ: ਤੇ ਬਾਹਮਨ ਨਿਸ ਘਰ ਨਿਜੈ ਮਾਤਾ ਰਖੀ ਬਹਾਇ।
ਪਰ ਰੰਘੜਨ ਮੋਰੰਡੈ ਕਹਯੋ 'ਮੁਹਿ ਮਿਲਾਉ ਨਿਬਾਬੈ ਜਾਇ।੧੬।

ਚੌਪਈ: ਮੈਂ ਦੇਉਂਗੁ ਗੁਰ ਪੁਤ੍ਰ ਫੜਵਾਇ। ਮੋਕੋ ਦਿਓ ਇਨਾਮ ਦਿਵਾਇ'।
ਜ਼ਿਮੀਦਾਰੋ ਰੰਘੜਨ ਨੇ ਕੀਯੋ। ਤੁਰਤ ਬਾਮਨ ਉਨ ਸੰਗ ਲੈ ਲੀਯੋ।੧੭।
ਬਾਮਣ ਮੋੜ ਸ਼ਤਾਬੀ ਲਯੋ। ਦਏ ਦਿਖਾਲ ਉਨ ਚੌਕਸ ਭਯੋ।
ਜਾਨੀ ਮਾਨੀ ਰੰਘੜ ਦੁਇ ਭਾਈ। ਉਨ ਆਨ ਮੁਰੰਡੇ ਘਰ ਰਖੇ ਬਹਾਈ।੧੮।
ਇਕ ਸਾਂਭੇ ਇਕ ਗਯੋ ਸਿਰਹੰਦ। ਫੜਾਇ ਬਜੀਦੈ ਕਰ ਦਏ ਬੰਦ।
'ਦਿਵੋ ਅਨਾਮ ਗੁਰੂ ਪੁਤ੍ਰ ਫੜਾਵੋਂ। ਦੀਨ ਮਜ਼ਹਬ ਤੁਮ ਮਦਦ ਪੁਚਾਵੋਂ'।੧੯।
ਇਹ ਸੁਨ ਫੌਜ ਨਵਾਬ ਚੜ੍ਹ ਆਈ। ਲਏ ਸਿਰਹਦ ਉਨ ਢਿਗ ਮੰਗ੍ਵਾਈ।
ਚਾੜ੍ਹ ਬੁਰਜ ਸੋ ਤਕੜੇ ਕਰੇ। ਮਾਤਾ ਗੁਜਰੀ ਸਾਥੇ ਫੜੇ।੨੦।
ਔਰ ਖੱਤ੍ਰੀ ਹੁਤੋ ਸੁਚਾਨੰਦ ਨਾਮ। ਕਿਤ ਘੱਲਯੋ ਥੋ ਕਰਣ ਸਾਕ ਗੁਰਧਾਮ।
ਗੁਰੂ ਨ ਮੰਨਯੋ ਉਸ ਰਾਖਯੋ ਯਾਦ। ਇਮ ਕਰ ਸਮਝਯੋ ਉਨ ਵਹਿਬਾਦ।੨੧।
ਉਨ ਕਹਯੋ 'ਨਬਾਬ! ਏ ਸਰਪ ਬਿਮੂਰੇ। ਛੋਟੇ ਬਡੇ ਏ ਡਮਰਾ ਜ਼ਰੂਰੇ।
ਔ ਜੁ ਇਨ ਕੋਊ ਤੁਹਮਤ ਉਠਾਈ। ਤੁਹ ਤੇ ਨਾਂਹਿ ਸੋ ਦਿੱਤੀ ਜਾਈ।੨੨।
ਅਬ ਇਨ ਕੌ ਦੇ ਮਲੇਰੀਯਨ ਸੌਂਪਾਇ। ਮਾਰ ਜਿਨ੍ਹੈਂ ਹੈ ਕਈ ਭਰਾਇ।
ਉਨਕੈ ਹੱਥੀ ਇਨ੍ਹੈਂ ਮਰਵਾਇ'। ਤਊ ਬਜੀਦੇ ਲਏ ਖੁਲਵਾਇ।੨੩।
ਸ਼ੇਰ ਮੁਹੰਮਦ ਬਡ ਉਨ ਥਾਯੋ। ਅਖਵਾਜ ਖਿਜਰ ਭੀ ਸਾਥੋ ਆਯੋ।
'ਤੁਮਰੋ ਮਾਰਯੋ ਗੁਰ ਨਾਹਰ ਖਾਂ ਭਾਈ। ਉਸ ਬੇਟੇ ਤੁਮ ਦੇਹੁ ਮਰਵਾਈ।੨੪।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਸ਼ੇਰ ਮੁਹੰਮਦ ਨਹਿੰ ਗਨੀ, ਬੋਲਜੋ ਸੀਮ ਹਿਲਾਇ।
'ਹਮ ਮਾਰੈਂ ਸ਼ੀਰ ਖੋਰਿਆਂ ਜਗ ਮੈਂ ਔਜਸ[1] ਆਇ।੨੫।

ਚੌਪਈ: ਓਇ ਮੁਏ ਕਰ ਜੰਗ ਲਰਾਈ। ਮਾਰੈਂ ਸ਼ੀਰ ਖੋਰ ਕਜਾ ਬਡਿਆਈ'।
ਉਠੈ, ਨ ਮਾਨੀ, ਹਾਹ ਨਾਰਾ ਮਾਰਾ। ਤੌ ਨਬਾਬ ਔਰ ਠਟਜੋ ਬਿਚਾਰਾ।੨੬।
ਸੱਦ ਬਾਲਕ ਉਨ ਦੇਊ ਬਹਾਏ। 'ਹੋਹੁ ਮੁਸਲਮਾਨ' ਸੁਖਨ ਅਲਾਏ।
'ਨਹਿ ਆਵਨ ਦੀਨ ਤੌ ਦੈਯਗੁ ਮਾਰ। ਜਿਮ ਮਾਰਜੋ ਤੁਮ ਪਿਤ ਕਰ ਖ੍ਵਾਰ'।੨੭।
ਯਹ ਸੁਨ ਬਾਲਕਨ ਗੁੱਸੋ ਆਯੋ। 'ਹਮਰੈ ਪਿਤ ਕੌ ਸਕੈ ਮਰਵਾਯੋ।
ਹਮਰੋ ਪਿਤਾ ਬਡ ਰਖਤ ਹਥਜਾਰ। ਮਾਰਨ ਵਾਰੇ ਵਹੁ ਲਏ ਮਾਰ'।੨੮।
ਸੁਨਿ ਨਿਬਾਬ ਯੌਂ ਸੁਖਨ ਉਚਾਰੇ। 'ਹੈਂ ਏ ਲਰਕੇ ਜ਼ਿਬਹ ਕਰਨੇ ਵਾਰੇ।
ਜੌ ਏਹ ਹੋਹਿੰ ਨ ਮੁੱਸਲਮਾਨ। ਕਰੋ ਜ਼ਿਬਹ ਇਨ ਮਾਰੋ ਜਾਨ'।੨੯।

ਦੋਹਰਾ: ਇਤਕ ਕਹੀ ਜਬ ਦੁਸਟ ਸੁਨਿ ਤੁਰਕ ਭਏ ਪਰਸਿੰਨ।
ਫੜੈਂ ਘਸੀਟੈਂ ਹੋਵਤੈਂ ਆਯੋ ਉਨੈ ਨ ਤਰਸ ਮਨ।੩੦।

ਚੌਪਈ: ਹੁਤੋ ਉਹਾਂ ਥੋ ਛੁਰਾ[2] ਇਕ ਵਾਰੋ। ਦੈ ਗੋਡੇ ਹੇਠ ਕਰ ਜ਼ਿਬਹ ਡਾਰੇ।
ਤੜਫ ਤੜਫ ਗਈ ਜਿੰਦ ਉਡਾਇ। ਇਮ ਸ਼ੀਰਖੋਰ ਦੁਇ ਦਏ ਕਤਲਾਇ।੩੧।
ਯਹੀ ਬਾਤ ਬਡ ਮਾਤ ਸੁਣ ਲਈ। ਗਿਰ ਬੁਰਜੋਂ ਦਏ ਪ੍ਰਾਣ ਉਡਈ।
ਐਸੋ ਭਯੋ ਤਹਾਂ ਬਡ ਕਾਰਾ। ਹਹਾਕਾਰ ਸੁਨ ਜਗਤ ਉਚਾਰਾ।੩੨।

ਦੋਹਰਾ: ਕਹੌਂ ਕਹਾਂ ਉਸ ਵਕਤ ਗਲ ਜੋ ਉਨ ਜ਼ੁਲਮੀ ਕੀਨ।
ਅੰਬਰ ਚਹਿਯਤ ਹੁਤ ਗਿਰਜੋ, ਚਹੀਯਤ ਫਟੀ ਜ਼ਮੀਨ।੩੩।

੨੭. [ਗੁਰੂ ਜੀ ਨੂੰ ਖਬਰ ਪਹੁੰਚੀ, ਜ਼ਫਰਨਾਮਾ]

ਦੋਹਰਾ: ਸੋ ਸੁਨੀਓ ਗਲ ਗੁਰੂ ਜੋ ਜਾ ਬੈਠੇ ਰਾਇ ਕੋਲ।
ਆਯੋ ਤਰਫ ਸਿਰਹੰਦ ਕੇ ਉਨ ਕਹੇ ਜੁ ਰੋਇ ਰੋਇ ਬੋਲ।੧।

ਚੌਪਈ: ਸੁਨ ਸਤਿਗੁਰ ਚੁਪ ਉਸ ਕਰਵਾਯੋ। 'ਕਹੁ ਸਿੱਖਾ ਤੂੰ ਕਿਤ ਤੇ ਆਯੋ।
ਖਬਰ ਕੋਊ ਮਾਤਾ ਕੀ ਆਣੀ। ਕਿ ਸਾਹਿਬਜ਼ਾਦਨ ਸਿਰ ਜ਼ੁਲਮੀ ਵਿਹਾਣੀ'।੨।
ਤੌ ਸਿਖ ਚਕ ਸਿਰ ਘੱਟਾ ਪਾਯੋ। ਤੁਰਕਨ ਅਪਣੋ ਨਾਸ਼ ਕਰਾਯੋ।
ਕਹੌਂ ਕਹਾਂ ਮੁਖੋ ਕਿਹਾ ਨ ਜਾਈ। ਜਿਮ ਸਾਹਿਬਜ਼ਾਦਨ ਕੈ ਸੀਸ ਖਿਹਾਈ।੩।
ਮੱਧ ਕਚਹਿਰੀ ਕਾਰੋ ਕਰਜੋ। ਨਹਿੰ ਵਟਿ ਪਰਵਦਗਾਰੋਂ ਡਰਜੋ'।
ਘੜੀ ਕੁ ਗੁਰ ਕਹੇ ਮਸ਼ਟਹ ਮਾਰ। ਫਿਰ ਬੋਲੇ ਗੁਰ ਜੀ ਦ੍ਰਿੜ ਧਾਰ।੪।
'ਉਹਾਂ ਹੁਤੈ ਕਚਹਿਰੀ ਸਿਖ ਘਨੇਰੈ। ਕਿਨੈ ਨ ਮੋੜੇ ਤੁਰਕ ਉਤ ਵੇਰੈ?
ਹਮ ਤਕਸੀਰ ਪਤਸ਼ਾਹਿ ਭੀ ਥੇ ਨਾਂਹਿ। ਉਸ ਕੋ ਮਾਰਤ ਥਾ ਕੋਊ ਨਾਂਹਿ।੫।

੧. ਅਪਜਸ। ੨. ਹੋਰਨਾਂ ਇਤਿਹਾਸਾਂ ਵਿਚ ਨੀਂਹਾਂ ਵਿਚ ਚਿਣੇ ਗਏ ਬਾਰੇ ਲਿਖਿਆ ਹੈ।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਪਰਸ੍ਵਾਰਥ ਕੇ ਕਾਰਣੈ ਸਿਰ ਸਿਖ ਦੇਤ ਥੇ ਲਾਇ।
ਤਿਹ ਹੁਤੋ ਮਸੰਦ ਸੁਲੱਖਣੋਂ ਸਿਖ ਸੈ ਚੌਦਾਂ ਅਰਥਾਇ।੬।

ਚੌਪਈ: ਰਾਇਪੁਰਜੋ ਥੋ ਕਚਹਰੀ ਮਾਹਿ। ਚਿਨਾਲ ਖਲਜੋ ਬੁਲਾਕੀ ਗਲ ਥੰਭੀ ਨਾਂਹਿ।
ਉਨਿ ਖਾਲ ਮਾਰਨ ਕੇ ਕਜਾ ਥੇ ਦਾਇ। ਬਿਨੈ ਦਾਹਿ ਕਿਸ ਲਗੈ ਨ ਹਾਇ।੭।
ਜਿਨ ਤਨ ਲਗੀ ਸੋ ਤਨ ਜਾਣੈ। ਔਰ ਲੋਕ ਇਕ ਕੂੜ ਬਖਾਣੈ।
ਇਤਨੀ ਕਹਿ ਗੁਰ ਅੰਸੂ ਗਿਰਾਈ। ਤੌ ਸਿੱਖਨ ਇਮ ਅਰਜ਼ ਸੁਨਾਈ।੮।
'ਤੂ ਕਰਤੇ ਪਰ ਪੂਰਨ ਗਜਾਨੀ! ਤੁਮ ਭੀ ਗੇਰਜੋ ਨੈਨ ਤੇ ਪਾਨੀ'?
ਤੌ ਸਤਿਗੁਰ ਇਮ ਬਚਨ ਸੁਨੱਯੋ। ਹਰੈ ਬਿਰਛ ਤੋੜ ਪਤ ਮੰਗਵੱਯੋ।੯।
ਤੁਟਜੋ ਪਤਿ ਤਿਤ ਨੀਰ ਸਿਮਾਯੋ। ਸੋ ਸਿੱਖਨ ਦਿਖਾਇ ਪਤਿਆਯੋ।
'ਜੜ੍ਹ ਬਿਰਛਨ ਸਿੰਮ ਆਵੈ ਨੀਰ। ਯਹਿ ਤੋ ਮਾਨਸ ਚੇਤਨ ਸਰੀਰ'।੧੦।

ਦੋਹਰਾ: ਫਿਰ ਸਤਿਗੁਰ ਉਸ ਸਿਖ ਪੁਛਜੋ 'ਕਿਨ ਹਾਹ ਨਾਰਾ ਮਾਰਜੋ ਨਾਹਿ ?'
ਉਮੀ ਸਿਖ ਤਬ ਇਮ ਕਹੀ 'ਇਕ ਮਲੇਰੀ ਪਠਾਣ ਕਹਾਹਿ'।੧੧।

ਚੌਪਈ: ਤੌ ਸਤਿਗੁਰ ਸ੍ਰੀ ਮੁਖੋਂ ਫੁਰਮਾਯੋ। 'ਅਪੁਨੀ ਜੜ੍ਹਾਂ ਗਯੋ ਵਹੁ ਲਾਯੋ।
ਉਨ ਕਰਨੀ ਸਿਰ ਔਰਨ ਪਈ। ਵਾਜ ਗੁਰੂ ਕੀ ਉਨ ਰਖ ਗਈ'।੧੨।

੨੮. [ਖਿਆਲ ਪਾਤਸ਼ਾਹੀ ੧੦॥]

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥
ਤੁਧ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦਾ ਰਹਿਣਾ॥
ਸੂਲ ਸੁਰਾਹੀ ਖੰਜਰ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭਠ ਖੇੜਿਆਂ ਦਾ ਰਹਿਣਾ॥

ਦੋਹਰਾ: ਦੀਨੈ ਕੇ ਹੀ ਬੈਠ ਗੁਰ ਬੈਂਤਾਂ ਲਿਖੀ ਬਿਚਾਰ।
ਕਿਛ ਜੰਗ ਕਿਛ ਨਸੀਹਤ ਕਿਛ ਉਲਾਂਭੇ ਹਕੀਕਤ ਡਾਰ।੧੩।

ਚੌਪਈ: ਸੋ ਨੁਰੰਗੈ ਵਲ ਦਈ ਘਲਾਇ। ਦਯਾ ਸਿੰਘ ਲੈ ਪਹੁੰਚਜੋ ਜਾਇ।
ਥੋੜ੍ਹੀ ਉਨ ਸੁਣੀ ਬਹੁਤੀ ਰਹੀ। ਜਾਂ ਨਿਸੁ ਨੌਰੰਗੈ ਫੌਤੋ ਭਈ।੧੪।

੨੯. [ਸੀਤ ਪ੍ਰਸ਼ਾਦ ਦਬਾਯਾ, ਦੀਨਿਓਂ ਟੁਰੇ]

ਔਰ ਸੁਨੋਂ ਸਤਿਗੁਰ ਦੀ ਗੱਲ। ਜਿਮ ਦੀਨੇ ਤੋਂ ਗੁਰ ਭਏ ਚੱਲ।
ਇਕ ਦਿਨ ਸਤਿਗੁਰ ਭਏ ਦਿਆਲ। ਦਜੋ ਪ੍ਰਸਾਦਿ ਨਿਕਾਰ ਨਿਜ ਥਾਲ।੧੫।
ਸੋ ਲਖਮੀਰ ਨਿਜ ਘਰ ਲੈ ਗਯੋ। ਜਾਇ ਘਰਨੀ ਕੈ ਪਾਨੈ ਦਯੋ।
ਸੋ ਘਰਨੀ ਕੋਨੈ ਦਬਵਾਯੋ। 'ਹਮ ਸਰਵਰੀ ਕਿਮ ਜੀਐਂ ਖਾਯੋ।੧੬।
ਹਮਰੀ ਜੜ੍ਹ ਅਬ ਹੀ ਤੇ ਜਾਇ'। ਲੀਨੋ ਉਨ ਲਖਮੀਰ ਭੁਲਾਇ।
ਫਿਰ ਸਤਿਗੁਰ ਕੈ ਪਾਸਹਿ ਆਯੋ। ਕਹਜੋ ਉਨੈਂ 'ਹਮ ਟਬਰ ਖੁਲਾਯੋ'।੧੭।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਸਤਿਗੁਰ ਜਾਣੀਜਾਣ ਹੁਤਿ 'ਕਹੀ ਲਖਮੀਰ! ਤੈਂ ਝੂਠੀ ਬਾਤ'।
ਤੌ ਸਤਿਗੁਰ ਗੁੱਸੋ ਕੀਯੋ ਰਹਯੋ ਦੂਰ ਮਨ ਜਾਤ।੧੮।

ਚੌਪਈ: ਓ ਲਖਮੀਰਾ ਯਹ ਕਜਾ ਕੀਯੋ। ਲਿਖਯੋ ਲਿਲਾਰ ਮੇਟ ਕਿਮ ਲੀਯੋ।
ਹਮ ਆਏ ਤੁਹ ਕਰਨ ਨਿਹਾਲ! ਪਤਿਸ਼ਾਹੀ ਤੁਮ ਲਿੱਖਨ ਭਾਲ।੧੯।
ਕਪਟੀ ਕੈ ਸੰਤ ਨੇੜ ਨ ਬਹੈ। ਅਬ ਹਮ ਇਤ ਤੈ ਚਲਿਓ ਚਹੈਂ'।
ਨਹਿੰ ਸ਼ਮਤਰ ਕਿਛ ਬਸਤਰ ਦਯੋ। ਨਹਿੰ ਨਜ਼ਰਾਨੋ ਉਸ ਤੈ ਲਯੋ।੨੦।

ਸਾਖੀ ਬਿਰਾੜਨ ਜਾਲ ਪੀਲੂ ਦ੍ਵਾਰਨ ਕੀ

੩੦. [ਕਪੂਰਾ ਫਾਹੇ ਚੜ੍ਹਿਆ। ਬੇਰਾੜਾਂ ਦਾ ਕੈਰਾਪਨ। ਮਝੈਲਾਂ ਨੂੰ ਵਰ]

ਦੋਹਰਾ: ਯੌ ਕਹਿ ਕੇ ਗੁਰ ਉਠ ਤੁਰੇ ਕੋਟ ਕਪੂਰੇ ਵੱਲ।
ਉਹਿ ਭੀ ਫਾਹੈ ਜਿਮ ਚੜ੍ਹੈ ਸੋਊ ਸੁਣਾਊਂ ਗੱਲ।੧।

ਚੌਪਈ: ਜਬ ਸਤਿਗੁਰ ਧੁਰ ਪਹੁੰਚੇ ਕੋਟ। ਮਿਲਯੋ ਕਪੂਰੋ ਮਨ ਰਖ ਖੋਟ।
ਸਤਿਗੁਰ ਕਹਯੋ 'ਅਸਾਂ ਅੰਦਰ ਉਤ੍ਰਾਇ। ਕਮਰਕਸਾ ਹਮ ਈਹਾਂ ਖੁਲਵਾਇੰ।੨।
ਅਨੰਦਪੁਰ ਤੇ ਹਮ ਜਾ ਦਿਨ ਤੁਰਾਹੀਂ। ਕਮਰਕਸਾ ਹਮ ਖੋਲਯੋ ਨਾਂਹੀ।
ਮੁਗ਼ਲਨ ਕੀ ਹਮ ਸ਼ਾਹੀ ਗੁਵਾਈ। ਹੋਹੁ ਖਾਲਸੋ ਤੂੰ ਲੈ ਪਤਿਸ਼ਾਹੀ'।੩।
ਕਪੂਰੈ ਸਿਰ ਖੋਟੀ ਘਰੀ ਆਈ। ਉਸਦੈ ਮੁਖ ਤੈ ਖੋਟੀ ਅਖਵਾਈ।
'ਹਮ ਬੰਦੇ ਹਾਂ ਤੁਰਕਨ ਕੇਊ। ਫੜ ਦੇਂ ਤੁਰਤ ਫਾਹੈ ਹਮ ਤੇਊ'।੪।
ਤੌ ਸਤਿਗੁਰ ਸੁਨ ਮੁਖੋਂ ਉਚਾਰਾ। 'ਕਪੂਰੋ ਕਤੂਰੋ ਭਯੋ ਨਿਕਾਰਾ।
ਤੂੰ ਫਾਹੋ ਫਾਹੋ ਕਰੈਂ ਜ਼ਰੂਰ। ਤੂੰ ਫਾਹੇ ਚੜ੍ਹ ਮਰਹਿੰ ਜ਼ਰੂਰ'।੫।

ਦੋਹਰਾ: ਇਤਨੀ ਕਹਿ ਗੁਰ ਤੌ ਤੁਰੇ ਅਗਲੀ ਰੋਹੀ ਵੱਲ।
ਮੁਯੋ ਕਪੂਰੋ ਚੜ ਫਾਹੈ ਈਸੈ ਮੰਝ ਘਰ ਵੱਲ।੬।

ਚੌਪਈ: ਔਰ ਕਪੂਰੇ ਸੁਨੋ ਕਹਾਨੀ। ਚੜ ਫਾਹੈ ਜਿਮ ਮੁਯੋ ਅਗਯਾਨੀ।
ਕਪੂਰੇ ਘੋੜੇ ਥੇ ਈਸੈ ਦਏ। ਉਨੈਂ ਟਕੈ ਪਰ ਦ੍ਵਾਬੈ ਲਿਖਏ।੭।
ਜਾ ਰੌਣੀ ਗ੍ਰਾਮ ਉਨ ਖੂਨ ਗੁਜਾਰਯੋ। ਦੈ ਫਾਹੈ ਤਿਨ ਈਸੈ ਮਾਰਯੋ।
ਗੁਰੂ ਬਚਨ ਨਹਿੰ ਖਾਲੀ ਗਯੋ। ਹੁਇ ਬੇਈਮਾਨ ਕਪੂਰੋ ਮੁਯੋ।੮।
ਆਗੈ ਸੁਨੌਂ ਔਰ ਗੁਰ ਬਾਤ। ਤੁਹ ਆਗੇ ਰਹੇ ਰੋਹੀ ਜਾਤ।
ਸਤਿਗੁਰ ਫੌਜ ਊਹਾਂ ਰਖ ਲਈ! ਆਈ ਅਵਾਈ ਤੁਰਕਨ ਕੀ ਭਈ।੯।
ਰੋਕ ਰੁਪੱਯੋ ਕੀਯੋ ਅਸਵਾਰ। ਪਾਵ ਪਿਯਾਦੇ ਜੋ ਰਹਿ ਨਾਲ।
ਜਟ ਬਿਰਾੜ ਥੇ ਟੈਹਨ ਵਾਲੇ। ਮੇਲ ਖੂਹੀ ਫੜ ਭਏ ਗੁਰ ਨਾਲੇ।੧੦।

ਦੋਹਰਾ: ਦਰਬ ਪ੍ਰਦੇਸੋਂ ਸਿਖ ਘਲੈਂ ਸਤਿਗੁਰ ਉਨ ਕੋ ਦੇਹਿੰ।
ਜੋ ਕੁਛ ਆਵਤ ਢਿਲ ਲਗੈ ਦੰਗੋ ਤੁਰਤ ਕਰ ਲੇਹਿੰ।੧੧।

. Sri Satguru Jagjit Singh Ji eLibrary NamdhariElibrary@gmail.com .

ਚੌਪਈ: ਕਦੈ ਕਿਤੈ ਕਦ ਕਿਤ ਲੈ ਜਾਵੈਂ। ਤੁਰਕਨ ਕੀ ਕਹਿਵਾਈ ਸੁਣਾਵੈਂ।
ਅਬਲੂ ਮਹਿਮੈ ਡੋਡੈ ਮੱਤੀ। ਕਦੈ ਕਾਉਣੀ ਕਦ ਝੰਡੈ ਪੱਤੀ।੧੨।
ਕਦੈ ਭਾਈ ਕੇ ਚੱਕੀਂ ਜਾਹਿ। ਕੋਊ ਨ ਆਖੈ 'ਬਹੁ ਇਸ ਥਾਇ'।
ਹੁਤੋ ਰੋਹੀ ਮਧ ਜੇਊ ਗ੍ਰਾਮ। ਕਹਾਂ ਜਾਨੋ ਮੈ ਤਿਨ ਕੈ ਨਾਮ।੧੩।
ਜਾ ਜਾ ਡੇਰਾ ਜਹਿਂ ਜਹਿਂ ਕੀਯਾ। ਓ ਨਾ ਕੁਛ ਚਾੜ੍ਹੈ ਸਗਵੋਂ ਚਹਿਂ ਲੀਯਾ।
ਇਕ ਇਕ ਕੂਨੋ ਇਕ ਇਕ ਪਾਸ। ਦੇਹਿਂ ਨਾ ਔਰੈ ਜੌ ਗੁਰ ਮੰਗੈ ਖਾਸ।੧੪।
ਪਹਲੇ ਲੈਂ ਦਰਬ ਪਾਛੈ ਰਹੈਂ। ਆਯੋ ਆਈ ਬਹੁ ਮੁਖੋਂ ਸੁਨਹੈਂ।੧੫।

ਦੋਹਰਾ: ਉਸੀ ਰੋਹੀ ਮਧ ਇਕ ਦਿਵਸ ਸਤਿਗੁਰ ਲਾਗੀ ਪਯਾਸ।
ਸਤਿਗੁਰ ਭੇਜਯੋ ਲੈਨ ਜਲ ਖਾਨੈ ਬਿਰਾੜ ਸੁ ਪਾਸ।੧੬।

ਚੌਪਈ: ਸੋ ਖਾਨੈ ਨੈ ਨਹਿਂ ਜਲ ਦਯੋ। 'ਨਹਿਂ ਜਲ ਹਮ ਪੈ' ਮੁੱਕ੍ਰਤ ਭਯੋ।
ਗੁਰ ਭੇਜੀ ਦੁਇ ਮੁਹਰ ਨਿਕਾਰ। ਉਨ ਭਰ ਦੀਨ ਬੇਲੂਏ ਚਾਰ।੧੭।
ਤੌ ਸਤਿਗੁਰ ਸੱਦ ਖਾਨੈ ਕਹਯੋ। 'ਪਾਣੀਓਂ ਪਤਲੋ ਖਾਨੋ ਭਯੋ।
ਦੋ ਹਡੀਆਂ ਲੇ ਪਾਨੀ ਦੀਤਾ'। ਐਸ ਸ੍ਰਮਿੰਦੋ ਖਾਨੋਂ ਕੀਤਾ।੧੮।

ਦੋਹਰਾ: ਆਵਤ ਮਝੈਲੈਂ ਗੁਰ ਦਿਖੇ ਭੇਜਯੋ ਬਿਰਾੜ ਦੁੜਾਇ।
ਦੇਖ ਆਇ ਤਿਨ ਕਹਯੋ 'ਯਹ ਮਝੈਲ ਮਾੜੇ ਭਏ ਆਇ'।੧੯।

ਚੌਪਈ: ਸੁਨ ਸਤਿਗੁਰ ਤਿਸ ਐਸ ਫੁਰਮਾਯੋ। 'ਤੈ ਮਝੈਲ ਕਿਮ ਮਾੜੇ ਬਤਾਯੋ।
ਫੇਰ ਮਝੈਲਨ ਮਤ ਕਹਯੋ ਮਾੜੇ। ਅਹੈਂ ਮਝੈਲ ਤੁਮ ਘਰ ਕੇ ਲਾੜੇ'।੨੦।
ਔਰ ਸੂਮੋਂ ਸੁਖੀਯੋ ਬਿਰਾੜ ਹੁਤ ਭਾਈ। ਚਹੈਂ ਗੁਰੂ ਤੇ ਕਰਾਮਾਤ ਪਰਤਾਈ।
ਨਿੱਤ ਲਿਆਵੇ ਮਹਿਂ ਦੁੱਧ ਬੂਰੀ। ਫੇਰ ਲਿਆਏ ਕਾਲੀ ਕੂਰੀ।੨੧।
ਸਤਿਗੁਰ ਹੱਥ ਧਰ ਸੀਸ ਹਿਲਾਯੋ। 'ਕਰਾਮਾਤ ਜਗ ਦੇਖਨ ਆਯੋ।
ਹੇ ਸਿੱਖਾ! ਤੈਂ ਕਜਾ ਕੰਮ ਕੀਯੋ? ਅੰਤ ਗੁਰਨ ਕੋ ਚਾਹਤ ਲੀਯੋ'।੨੨।

ਦੋਹਰਾ: ਜੋੜ ਹਾਥ ਸਿੱਖਨ ਕਹਯੋ 'ਹਮ ਨਾਰਨ ਯਹ ਛਲ ਕੀਨ'।
ਸਤਿਗੁਰ ਕਹੀ 'ਫਿਰ ਨਾ ਕਰਯੋ ਅਬ ਹਮ ਬਖਸ਼ ਦੁ ਦੀਨ'।੨੩।

ਸਾਖੀ ਮੁਕਤਸਰ ਜ਼ੀ ਕੀ ਲਿਖਜਤੇ

੩੧. [ਮੁਕਤਸਰ ਜੁੱਧ। ਟੁਟੀ ਗੰਢੀ। ਬਿਰਾੜਾਂ ਦੀ ਕਾਇਰਤਾ]

ਚੌਪਈ: ਕਪੂਰੇ ਕਤੂਰੇ ਫਿਰ ਗਲ ਆਈ। ਵਲ ਤੁਰਕਨ ਉਨ ਖਬਰ ਘਲਾਈ।
'ਲੇਵੋ ਬੇਸ਼ਕ ਗੁਰੂ ਫੜਾਈ। ਨਹਿਂ ਹਮ ਕਿਛ ਉਸ ਮਦਤ ਕਰਾਈ'।੧।
ਸੋ ਸੁਨ ਤੁਰਕ ਤੁਰਤ ਚੜ੍ਹ ਆਏ। ਇਤ ਵਲ ਭੀ ਦਈ ਖਬਰ ਘਲਾਏ।
ਆਓ ਆਈ ਜਬ ਬਹੁ ਭਈ। ਬੈਰਾੜਨਿ ਬਿਧ ਨਠਨੈ ਕਈ।੨।
ਕੂਨੈ ਜਲ ਕੇ ਲਏ ਭਰਾਇ। ਲੀਨੀ ਰੋਹੀ ਲੰਬੀ ਤਕਾਇ।
ਸੰਜਮ ਔਰ ਮਝੈਲਨ ਕੀਯਾ। ਉਨ ਬਾਂਧਯੋ ਮਰਨੈ ਪੁਰ ਹੀਯਾ।੩।

. Sri Satguru Jagjit Singh Ji eLibrary NamdhariElibrary@gmail.com .

ਬਿਰਾੜਨ ਸਤਿਗੁਰ ਦਈ ਸਲਾਹਿ। 'ਚਲੋ ਰੋਹੀ ਕਿਤ ਲੰਮੈ ਦਾਇ'।
ਸਤਿਗੁਰ ਕਹੀ 'ਕਜਾ ਲੋਕਨ ਹਾਲ। ਆਹਿੰ ਸ਼ਜ਼ਾਦੇ ਜੋ ਹਮ ਨਾਲ'।੪।

ਦੋਹਰਾ: ਫੇਰ ਬਿਹਾੜਨ ਗੁਰ ਕਹੀ 'ਚਹੋ ਸਿਖਨ ਸਾਥ ਨਿਬਾਹੁ।
ਫੜ ਮਾਰਗ ਸੋ ਪੈੜ ਪੜ ਜਾਉਗੇ ਬਡ ਉਤਰਾਹੁ'।੫।

ਚੌਪਈ: ਤਉ ਮਝੈਲਨ ਦਈ ਸਲਾਹਿ। 'ਜਿਮ ਕਰ ਸਤਿਗੁਰ ਹੋਇ ਨਿਬਾਹੁ।
ਜੋ ਸਭ ਹਮ ਤੁਮ ਮਗਰੈ ਜਾਹਿੰ। ਤੌ ਤੁਰਕ ਸਭ ਤੁਮ ਮਗਰੇ ਧਾਹਿੰ।੬।
ਬਿਨਾਂ ਲੜੇ ਏ ਮੁੜਤੇ ਨਾਹਿੰ। ਜਹੀਂ ਜਾਹੋ ਤਹੀਂ ਏ ਜਾਹਿੰ।
ਏਹ ਜੰਗਲੀ ਕਤ ਖਾਹਿੰ ਲੜਾਈ। ਸਿੰਘ ਮਝੈਲ ਲੜਾਈ ਖਾਈ।੭।
ਪੰਥ ਮਝੈਲਨ ਆਗਜਾ ਦੱਯੈ। ਲਰ ਮਰ ਤੁਮ ਮਗਰੋਂ ਹਟਵੱਯੈ'।
ਤੌ ਗੁਰ ਕਹਜੋ 'ਕੁਛ ਆਗੈ ਹੋਵਹੁ। ਭਲ ਜਾਗਾ ਕੋਊ ਦੇਖ ਖਲੋਵਹੁ'।੮।
ਕਰਤ ਬਾਤ ਇਮ ਰਾਤਿ ਬਿਤਈ। ਮਹਿਰੱਖਨ ਖਬਰ ਆਨਿ ਇਮ ਦਈ
'ਤੁਰਕ ਕਸੂਰੀਅਨ ਉਰਾਰ ਡੇਰਾ ਪਾਯਾ। ਮਗਰੇ ਮਗਰ ਹਮ ਹੋਊਗਾ ਆਯਾ'।੯।

ਦੋਹਰਾ: ਇਤਨੀ ਸੁਨ ਸਭ ਨਠ ਤੁਰੇ ਸ੍ਰੀ ਸਤਿਗੁਰ ਭੀ ਛੋਡ।
ਆਪੋ ਅਪਣੀ ਉਨ ਪਈ ਬਿਰਾੜ ਕਹਾਵਤ ਟੋਡ।੧੦।

ਚੌਪਈ: ਕੋਊ ਕਿਤੈ ਕੋਊ ਕਿਤ ਵਲ ਭਯੋ। ਲੁਕਨ ਨਠਨ ਕੋ ਸਭ ਠਭ ਠਯੋ।
ਕੋਊ ਕਹੈ 'ਮੈਂ ਪੱਕੀ ਖਬਰ ਲਿਆਵਾਂ'। ਕੋਈ ਕਹੈ 'ਮੈਂ ਮੁਹਰਖੀ ਜਾਵਾਂ'।੧੧।
ਗਾੜਵੋ ਪੜਜੋ ਸਤਿਗੁਰ ਢਿਗ ਰਹਜੋ। ਕੋਊ ਕਿਤੈ ਕੋਊ ਕਿਤ ਵਲ ਗਯੋ।
ਲੇਤ ਰੁਪਜਾ ਬੈਰਾੜ ਜੁ ਰੋਜ। ਇਤ੍ਰ ਬਿਤ੍ਰ ਭਈ ਸਭ ਉਨ ਫੌਜ।੧੨।
ਹੁਤੇ ਮਝੈਲ ਪਿਆਦੇ ਪੈਰੀਂ। ਰੋਜ਼ ਨ ਮੰਗਦੇ ਖਾਤ ਸੰਗੈਰੀ*।
ਸੋ ਆਗੈ ਗੁਰ ਹਥ ਬੰਨ੍ਹ ਖੜਾਵੈਂ। ਐਸ ਮਨਸੂਬੋ ਗੁਰੂ ਦਿਖਾਵੈਂ।੧੩।
'ਹਮ ਪਾਵੈਂਗੇ ਇਹਾਂ ਲੜਾਈ। ਤੁਮ ਚੜ੍ਹਯੋ ਬਡ ਰੋਹੀ ਜਾਈ।
ਏ ਬਿਨ ਲੜੇ ਹਮ ਛਡੈਂ ਨ ਗੈਲੈ। ਤੁਰਕ ਸੰਗ ਰੋਹੀ ਮਹਿੰ ਰੈਲੈ'।੧੪।

ਦੋਹਰਾ: ਸ੍ਰੀ ਸਤਿਗੁਰ ਸੋਈ ਮੰਨੀ ਜੋਇ ਖਾਲਸ ਦਈ ਸਲਾਹਿ।
ਆਗੋ ਪਾਛੋ ਦੇਖ ਮੁੜ ਆਏ ਬੈਰਾੜ ਗੁਰ ਪਾਹਿ।੧੫।

ਚੌਪਈ: ਉਨ ਆਇ ਮੰਜੋ ਲਿਯੋ ਉਠਾਇ। 'ਕਹਾਂ ਬੈਠੇ ਹੋ ਫੌਜੈਂ ਭਈ ਆਇ'।
ਤੌ ਸਤਿਗੁਰ ਘੋੜੋ ਮੰਗਵਾਯੋ। ਸੱਤਿਨਾਮੁ ਕਹਿ ਆਸਨ ਲਾਯੋ।੧੬।
ਚੜ੍ਹ ਰੋਹੀ ਕੀ ਓਰ ਸਿਧਾਰੇ। ਤੌ ਸੂਰਜ ਕਿਛ ਕੀਯੋ ਉਜਾਰੇ।
ਦਿਸੀ ਗਰਦ ਫੌਜ ਨਿਕਟ ਆਵਤ। ਲਯੋ ਖੋਜ ਓਹਿ ਮਗਰੇ ਧਾਵਤ।੧੭।
ਤੌ ਖਾਲਸੈ ਗੁਰ ਢਿਗ ਹੱਥ ਜੋੜੈ। 'ਹੁਕਮ ਹੋਇ ਇਤ ਹਮ ਖੜੇਂ ਠੌਰੈ'।
ਭਵਾਂ ਸਾਥ ਗੁਰ ਆਗਜਾ ਕਈ। 'ਇਹਾਂ ਚਾਹਤ ਤੁਮ ਸ਼ਹੀਦੀ ਲਈ'।੧੮।

* ਸਿੰਗਰੀ=ਜੰਡ ਦੀਆਂ ਫਲੀਆਂ

. Sri Satguru Jagjit Singh Ji eLibrary NamdhariElibrary@gmail.com .

ਤੁਰਤ ਖਾਲਸੇ ਗਯੋ ਖਲੋਇ। ਝੰਡੈ ਖੜ੍ਹਾਯੋ ਉਹਾਂ ਗਡੋਇ।
ਦਈ ਨਗਾਰੇ ਚੋਬ ਲਗਾਇ। ਕੀਯੋ ਕੜਾਕ ਬੰਦੂਕਨ ਚਲਾਇ।੧੯।

ਦੋਹਰਾ: ਤੁਰਕਨ ਖੜਕੋ ਕੰਨ ਪਯੋ ਪਏ ਚੀਲ ਜਿਮ ਆਇ।
ਤੰਬੂਅਨ ਜਿਮ ਕਪੜੇ ਟੰਗੇ ਝਾੜਨ ਊਪਰ ਪਾਇ।੨੦।

ਚੌਪਈ: ਦੇਖ ਤੰਬੂ ਮਨ ਸੰਸਾ ਆਯਾ। 'ਤੀਰੰਦਾਜ਼' ਗੁਰ ਉਨ ਸੁਨ ਪਾਯਾ।
'ਸਵਾ ਕੋਸ ਉਸ ਮਾਰੇ ਤੀਰ'। ਕੋਊ ਕਹੈ 'ਵਹੁ ਜਾਦੂਗੀਰ'।੨੧।
ਹੁਇ ਹੁਇ ਇਕੱਠੇ ਬਹੁਤੇ ਤੁਰੈਂ। ਕਿਤ ਆਗੈ ਕਿਤ ਪਾਛੈ ਮੁੜੈਂ।
ਜੌ ਲੁਕਯੋ ਛਪਯੋ ਉਨ ਪਾਯੋ। ਸੋ ਗਰੀਬ ਉਨ ਮਾਰ ਗਿਰਾਯੋ।੨੨।
ਆਗੈ ਸੁਨੋਂ ਸਤਿਗੁਰ ਵਲ ਗੱਲ। ਸਿੰਘਨ ਛੋਡ ਖੜੇ ਜਹਿੰ ਚੱਲ।
ਸਵਾ ਕੋਸ ਇਕ ਟਿੱਬੀ ਹੋਤ। ਜਾਇ ਖੜੇ ਔਰ ਤਿਹ ਕੀ ਝੋਤ।੨੩।
ਆਪ ਗੁਰੂ ਚੜ੍ਹ ਉਪਰ ਖੜੋਏ। ਦੇਖੈਂ ਖੜੇ ਜੁ ਉਤ ਵਲ ਹੋਏ।
ਉਨ ਸਿੰਘਨ ਕੀ ਅਬ ਸੁਨ ਗੱਲ। ਪੜੇ ਘਣੇ ਹੁਇ ਇਨ ਪਰ ਚੱਲ।੨੪।

ਦੋਹਰਾ: ਸਿੰਘ ਸੁ ਚਾਲੀ ਕੁਲ ਸਭੀ ਤਿਨ ਇਮ ਮਿਥ ਲਈ ਬਾਤ।
'ਇਕ ਇਕ ਲੜ ਮਰਿ ਮੁਕੈਗੋ ਤੌ ਦੂਰ ਰਹੂ ਗੁਰ ਜਾਤਿ'।੨੫।

ਚੌਪਈ: ਜਿਮੈਂ ਖਾਲਸੈ ਕਰੀ ਸਲਾਹਿ। 'ਇਕ ਇਕ ਨਿਕਲ ਮਰੈਂ ਤਿਹ ਥਾਹਿ'
ਹੁਤੀ ਕਿਛਕ ਤਿਤ ਜਗਾ ਨਿਵਾਨ। ਖੜੇ ਸਿੰਘ ਕਛ ਪੜਦੋ ਤਾਣ।੨੬।
ਇਕ ਇਕ ਮਰੈ ਔ ਕਈਅਨ ਮਾਰੈ। ਪੜੈ ਸ਼ੇਰ ਜਿਮ ਸ਼ਮਸ਼ੇਰ ਉਘਾੜੈ।
ਦੇਖ ਸ਼ਮਸ਼ੇਰ ਤੁਰਕ ਜਾਇੰ ਪਰਾਇ। ਤੀਰ ਗੋਲੀ ਸੰਗ ਮਾਰੇਂ ਆਇ।੨੭।
ਜੌ ਸਿੰਘਨ ਪੈ ਬੰਦੂਕ ਤਿਆਰ। ਦੋ ਦੋ ਗੋਲੀ ਘਤ ਵੈ ਕਰੈਂ ਵਾਰ।
ਉਨ ਨੈ ਭੇਤ ਨ ਸਿੰਘਨ ਪਾਯੋ। ਉਨ ਜਾਨੈ ਸਿੰਘ ਸੈਂਕਰਨ ਮਾਹਜੋ।੨੮।
ਗੁਰੂ ਮੱਧ ਉਨ ਇਨਨੈ ਜਾਨਜੋ। ਇਮ ਕਰ ਰਹੇ ਵਹਿ ਬਹੁਤ ਸੰਕਾਨਜੋ।
ਜਬ ਫਟ ਮਾਰ ਉਨ ਸਭ ਲਖ ਲਏ। ਹੱਲੇ ਕਰ ਮਧ ਛਪੜੀ ਪਏ।੨੯।

ਦੋਹਰਾ: ਜੋ ਜੀਵਨ ਕੋਊ ਬਚਜੋ ਸੋ ਉਨ ਦੀਨੋ ਮਾਰ।
ਸ਼ਸਤਰ ਬਸਤਰ ਉਨ ਹੁਤੈ ਸੋ ਸਭ ਲਏ ਉਤਾਰ।੩੦।

ਚੌਪਈ: ਲਗੀ ਧੂਪ ਕੁਛ ਪਜਾਸ ਸੰਤਾਏ। ਸੌ ਫਿਰ ਨੱਠ ਪਿਛਾਂਹਾਂ ਧਾਏ।
ਉਤ ਵਲ ਕੀ ਅਬ ਸੁਨੋਂ ਕਹਾਨੀ। ਹੁਤੇ ਖੜੇ ਗੁਰ ਟਿਬੀ ਮਕਾਨੀ।੩੧।
ਬਿਰਾੜਨ ਕਹੀ ਗੁਰ 'ਚਲੀਐ ਆਗੈ। ਸਿੰਘਨ ਮਾਰ ਫਿਰ ਹਮਰੈਲ ਲਾਗੈਂ।
ਤੌ ਸ੍ਰੀ ਸਤਿਗੁਰ ਐਸ ਉਚਾਰੀ। 'ਤੁਰਕ ਨਠੈਂ ਉਨ ਆਈ ਹਾਰੀ।੩੨।
ਤੁਰਕ ਨਠਾ ਔ ਅੱਖੀਂ ਘੱਟਾ। ਥਿਰ ਥਿਰ ਤਕੈ ਮੁਖ ਲਾਗੈ ਗੱਟਾ'।
ਯੋ ਕਹਿ ਗੁਰ ਮੁਹਰਖੇ ਦੁੜਾਏ। ਦਈ ਖਬਰ ਉਨ ਤੁਰਕ ਭਏ ਜਾਏ।੩੩।
ਤੌ ਸਤਿਗੁਰ ਪਾਛੈ ਫਿਰ ਆਏ। ਆਇ ਉਤ੍ਰੇ ਉਨਿ ਸਿੱਖਨ ਪਾਹੇ।
ਲੈ ਰੁਮਾਲ ਗੁਰ ਮੁਖ ਉਨ ਪੋਛਾ। ਦੈ ਦੈ ਖੁਸ਼ੀਆਂ ਬਰ ਬਡ ਲੋਚਾ।੩੪।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਮੱਧ ਜਗਾ ਤੇ ਸਤਿਗੁਰੂ ਲੋਥੈਂ ਲਈ ਮਿਣਾਇ।
ਜਿਤੀ ਜਿਤੀ ਕਰਮੈਂ ਭਈ ਦੀ ਤਿਤੀ ਜਗੀਰਹਿਂ ਲਾਇ।੩੫।

ਚੌਪਈ: ਕੋਈ ਬੀਸ ਤੀਸਨ ਪਰ ਪਰਯੋ। ਚਾਲੀ ਕੋਈ ਪਚਾਸਨ ਪਰ ਮਰਜੋ।
ਸੌ ਸੌ ਦੋਇ ਦੋ ਸੌ ਲੌ ਪਏ। ਅਗੇ ਗਿਰੇ ਮਰ ਮੁਖਿ ਪਿਛੈ ਨ ਕਏ।੩੬।
ਦਸ ਭੀ ਪੰਜ ਭੀ ਕਰਮਨ ਖਹੁ ਪਏ। ਤੇਤੇ ਗੁਰੂ ਹਜ਼ਾਰੀ ਕਏ।
ਉਨ ਮਧ ਸਿਖ ਜੀਵਤ ਦੁਇ ਪਾਏ। ਹੁਤ ਹਜ਼ੂਰ ਪੁਰ ਆਨੰਦ ਥਾਏ।੩੭।
ਸਤਿਗੁਰ ਜਾ ਜਬ ਉਨ ਮੁਖ ਝਾੜੇ। ਕਿਛਕ ਨੈਨ ਉਨ ਸਿੰਘਨ ਉਘਾੜੇ।
ਸਤਿਗੁਰ ਜਲ ਉਨ ਮੁੱਖ ਚੁਆਯੋ। ਕਿਛਕ ਸਾਸ ਉਸ ਮੁਖ ਮਧ ਆਯੋ।੩੮।
ਸਤਿਗੁਰ ਕਹੀ 'ਸਿੱਖੋ ਮੰਗ ਲੇਹੌ। ਮੈਂ ਤੁੱਠੇ ਮੰਗ ਲਿਹੋ ਸੁ ਦੈਹੌਂ।
ਤੌ ਉਨ ਅੱਗਜੋਂ ਗੱਲ ਸੁਨਾਈ। 'ਹੋਹੁ ਤੁੱਠੇ ਲਿਹੁ ਟੂਟੀ ਗਠਵਾਈ'।੩੯।

ਦੋਹਰਾ: ਸ੍ਰੀ ਸਤਿਗੁਰ ਗੱਲ ਮੰਨ ਲਈ ਕਾਗਜ਼ ਖ਼ੀਸਜੋਂ ਨਿਕਾਹ।
ਧੰਨਿ ਧੰਨਿ ਗੁਰ ਸਿਖਨ ਕਹਜੇ ਕੀਯੋ ਪ੍ਰਸ੍ਵਾਰਥ ਉਪਕਾਰ।੪੦।

ਸਾਖੀ ਸਾਬੋ ਸਾਦੋ ਦੇਸਕਿਆਂ ਕੀ, ਤਲਵੰਡੀ ਬਿਰਾੜਨ ਕੀ

੩੨. [ਤਲਵੰਡੀ ਡੱਲਾ, ਬਠਿੰਡਿਓਂ ਦੇਉ ਕੱਢਿਆ, ਅੰਮ੍ਰਿਤ ਪ੍ਰਚਾਰ, ਦਮਦਮਾ ਗੁਰੂ ਕਾਸ਼ੀ]

ਦੋਹਰਾ: ਤੌ ਸਤਿਗੁਰ ਸ੍ਰੀ ਜਾਨਜੋ ਯਹ ਕਪੂਰੇ ਕੀ ਕਰਤੂਤ।
ਜਾਲਨਵਾਲ ਬਿਰਾੜ ਛਡ ਤੁਰੈ ਸਾਬੋ ਪੁਜੇ ਮਜਬੂਤ।੧।

ਚੌਪਈ: ਚੜ੍ਹ ਸਤਿਗੁਰ ਗਏ ਸਾਬੋ ਵੱਲ। ਸੋ ਜਾ ਬੈਠੇ ਤਿਲਵੰਡੀ ਚੱਲ।
ਪਿਛਲੇ ਦਏ ਬਿਰਾੜ ਹਟਾਇ। ਇਮ ਕਹਿਕੈ ਤਬ ਡੱਲੈ ਰਾਇ।੨।

ਦੋਹਰਾ: ਜੌ ਹਮਰੇ ਚਲ ਹੈ ਗੁਰੂ ਤੈਸੋ ਹਮ ਗੈਲ ਲਗ ਜਾਇਂ।
ਛੁਟੈਂ ਨਹੀਂ ਹਮ ਗੈਲ ਤੇ ਸਦਹੀ ਰੋਜ ਭਰਾਇਂ।੩।

ਚੌਪਈ: ਹਮ ਸੌਂ ਸਰੈ ਸੁ ਖਿਜਮਤ ਕਰੈਂ। ਤਨ ਮਨ ਧਨ ਸਭ ਗੁਰ ਢਿਗ ਧਰੈਂ।
ਨਿਜ ਪ੍ਰਵਾਰ ਸਦ ਸਭੀ ਲਿਆਇਆ। ਆਇ ਸਤਿਗੁਰ ਕੈ ਚਰਨੀਂ ਲਾਯਾ।੪।
ਕਿਨ੍ਹੈਂ ਮੁਹਰ ਕਿਨੈਂ ਰੁਪੱਯਾ ਖੇਸ। ਕਿਨੈ ਗਉ, ਮੈਂਹ, ਘੋੜੀ ਬੇਸ।
ਕਿਨ੍ਹ ਦਾਣੇਂ ਕਿਨ੍ਹ ਲੰਗਰ ਚਲਾਯਾ। ਕਿਨੈ ਘੀਉ ਕਿਨ੍ਹੇ ਲੂਣ ਘਤਾਇਆ।੫।
ਡੱਲੇ ਸਦ ਸਬ ਸਾਬੋ ਲਈ। ਮਤ ਕਿਤ ਤੁਰਕ ਆਵੈ ਕੁਈ ਧਈ।
ਹੋਇ ਇਕੱਤਰ ਇੱਕ ਪਲ ਹੋਣੇ। ਕਪੂਰੈ ਵਾਂਗ ਨ ਘਰ ਮੈਂ ਸੌਣੇ।੬।

ਦੋਹਰਾ: ਸਤਿਗੁਰ ਤਿਹ ਖੁਸੀਆਂ ਦਈ ਝੁਕਜੋ ਜੰਗਲ ਸਭ ਆਇ।
ਲੈ ਲੈ ਆਵਹਿਂ ਭੇਟ ਸਭ ਬਹੁ ਖੁਸ਼ੀਆਂ ਲੈ ਲੈ ਜਾਇਂ।੭।

ਚੌਪਈ: ਏਕ ਦਿਵਸ ਬਹੁ ਸੰਗਤ ਅਈ ਉਨੈਂ ਬਾਤ ਇਮ ਸਭ ਮਿਲ ਕਹੀ।
'ਸੱਚ ਕਹਿਤ ਜਟ ਮੁਖ ਹੈ ਪਾੜੈ। ਕਿਸੇ ਵਖਤ ਸੰਘ ਖੋਲਜੋ ਕੁਹਾੜੇ'।੮।

Sri Satguru Jagjit Singh Ji eLibrary NamdhariElibrary@gmail.com

ਉਨੈ ਬਚਨ ਗੁਰ ਐਸੇ ਕਹੇ। 'ਹਮ ਘਰ ਗੁਰ ਆਏ ਕਿਮ ਦੁਖ ਰਹੇ।
ਹਮ ਕਰੈਂ ਕਮਾਈ ਭੀ ਬਡ ਘਨੀ। ਰਹਤ ਨਹੀ ਘਰ ਬਰਕਤ ਬਨੀ।੯।
ਬਸਤ ਬਠਿੰਡੇ ਮਧ ਇਕ ਦੇਵ। ਖਾਇ ਜਾਇ ਵਹੁ ਹਮਰੀ ਸੇਵ'।
ਸੋ ਸੁਨ ਸਤਿਗੁਰ ਡੱਲਾ ਸਦਾਯਾ। ਦੈ ਪਾਹੁਲ ਸੋ ਸਿੰਘ ਬਨਾਯਾ।੧੦।
ਕਹਯੋ ਉਸੈ 'ਹਮ ਬਠਿੰਡੈ ਦਿਖਾਯੋ। ਨਿਕਲਾਇੰ ਦੈਂਤ ਲੋਕ ਸੁਖੀ ਬਸਾਯੋ'।
ਸੋਊ ਬਾਤ ਡੱਲੇ ਸਿੰਘ ਕਹੀ। ਬਠਿੰਡੇ ਡੇਰੋ ਲਾਯੋ ਜਈ।੧੧।

ਦੋਹਰਾ: ਬਠਿੰਡੈ ਡੇਰੋ ਕੀਯੋ ਆਇ ਕੀਨੋ ਦੈਤ ਲਖਾਇ।
ਬਹੁ ਅੰਧੀ ਗੋਲੈ ਸੰਗ ਬਟੀ ਬਹੁ ਦੀਨੈ ਲੋਕ ਬਦਲਾਇ।੧੨।

ਚੌਪਈ: ਕਿਸੈ ਤਾਪ ਕਿਸੈ ਚੜਯੋ ਸਿਰਬਾਉ। ਲਗੋ ਕਰਾਵਨ ਮੁਖੋਂ ਬਕਾਉ।
'ਕਿਮ ਆਏ ਹਮ ਕਰਨ ਅਕਾਉ। ਹਮ ਥੇ ਬੈਠੇ ਬਹੁ ਦਿਨ ਕਰ ਥਾਉ'।੧੩।
ਸਤਿਗੁਰ ਕਹੀ 'ਏ ਸਿਖ ਭਏ ਹਮਾਰੇ। ਇਨੈ ਛੋਡ ਕਿਤ ਜਾਉ ਅਗਾਰੇ।
ਨਹੀਂ ਤ ਤੁਮ ਕੋ ਦਾਯਗੁ ਮਾਰ। ਸੌਂਪ ਸ਼ਹੀਦਨ ਬਹੁ ਕਰ ਖ੍ਵਾਰ'।੧੪।
ਏਕ ਪੁਰਸ਼ ਮਧ ਸੋ ਕੈਦ ਕੀਯਾ। ਦੈ ਮੁਸ਼ਕਾਂ ਉਸ ਬਹੁ ਦੁਖ ਦੀਯਾ।
ਕਹਯੋ ਗੁਰੂ 'ਫੂਕ ਮਾਰੀਯੁਗੁ ਤੋਹਿ। ਹੈ ਪੁਤ ਪੋਤ੍ਰੇ ਸਭ ਸੰਗ ਜੋਹਿ'।੧੫।
ਉਨ ਕਹਯੋ 'ਮੈਂ ਮਾਖੇ ਕਾ ਭਾਈ। ਉਸ ਜਿਮ ਹਮ ਕਿਤ ਦੇਹੁ ਘਲਾਈ?
ਮੋਕੋ ਭੀ ਲਯੋ ਸਿੱਖ ਬਨਾਇ। ਕਰੌਂ ਕਾਰ ਮੈਂ ਤੁਮਰੀ ਧਾਇ'।੧੬।
ਤੌ ਸਤਿਗੁਰ ਉਸ ਆਗਜ਼ਾ ਦਈ। 'ਜਾ ਸਿਰਹੰਦ ਕੈ ਮਧ ਤੂੰ ਬਹੀਂ।
ਉਜਾੜ ਸਿਰਹੰਦ ਕੀ ਜੜ੍ਹਾਂ ਪੁਟਾਈ। ਜੋ ਚਹੈ ਬਚਾਈ ਉਸ ਸਾਥ ਖਾ ਜਾਈਂ'।੧੭।

ਦੋਹਰਾ: ਮੱਥਾ ਟੇਕਯੋ ਉਨ ਤਬੈ ਪਰਯੋ ਸਿਰਹੰਦੈ ਰਾਹ।
ਡੱਲੈ ਸਿੰਘ ਸਤਿਗੁਰ ਕਹੀ 'ਦਿਹੋ ਭੈਂਸੋ' ਭਵਾਨੀ ਨਾਇੰ।੧੮।

ਚੌਪਈ: ਡਲੈ ਸਿੰਘ ਤੈ ਲਯੋ ਮੰਗਵਾਇ। ਕਾਟ ਚੁਤਰਫੌਂ ਦਈ ਧਾਰ ਫਿਰਵਾਇ।
ਮਧ ਡੇਰੋ ਗੁਰ ਲੀਨੋ ਲਾਇ। ਭਈ ਬਰਕਤ ਮਧ ਮਾਲਵੇ ਤਾਇ।੧੯।
ਦਿਆਲ ਸਿੰਘ ਫਤੇ ਸਿੰਘ ਭਾਈ। ਖੰਡੇ ਪਾਹੁਲ ਦਈ ਗੁਰੂ ਮੰਗਾਈ।
ਔ ਤਖਾਨ ਭਾਈ ਰੂਪੇ ਪੋਤੇ। ਲਈ ਖੰਡੈ ਪਾਹੁਲ ਪਰਮ ਕਰਮ ਸਿੰਘ ਦੋਤੇ।੨੦।
ਇਕ ਮੋਢੀ ਕੋਠੈ ਕੋ ਕੌਲ ਸਦਾਯੋ। ਸਾਥ ਪੁਤ੍ਰ ਅਭੈ ਰਾਮ ਕਾ ਲਜਾਯੋ।
ਸਤਿਗੁਰ ਉਸ ਪਰ ਭਏ ਦਿਆਲ। ਖੰਡੈ ਪਾਹੁਲ ਦੇ ਰੱਖਯੋ ਨਾਲ।੨੧।
ਇਤਨਕ ਸਤਿਗੁਰ ਬਾਤ ਸੁਨਾਈ। 'ਹੈ ਭਾਂਡਾ ਵਥ ਪੜੈ ਜੁ ਪਾਈ'।
ਸੋਢੀ ਕੌਲ ਕਹੁ ਪਾਸ ਸਦਾਵੈ। ਪ੍ਰਾਤ ਉੱਠ ਨਿਤ ਦਰਸ਼ਨ ਪਾਵੈ।੨੨।

ਦੋਹਰਾ: ਸਤਿਗੁਰ ਬੈਠ ਸੁ ਦਮਦਮੈਂ ਲਿੱਖਨ ਘੜ ਸੁਟ ਦੇਂ।
'ਹਮਰੀ ਕਾਂਸ਼ੀ ਯਹ ਭਈ ਆਖਿ ਮੂਰਖ ਈਹਾਂ ਪੜ੍ਹੈਂ'।੨੩।

ਚੌਪਈ: ਮਹਰਾਜ ਵਾਲੇ ਭੀ ਸਭ ਚਲ ਆਏ। ਭੈਂਸ ਘੋੜੇ ਔਰ ਦਸਵੰਧ ਚੜ੍ਹਾਏ।
ਕੌਲ ਬੇਟੇ ਦੋਊ ਸਿੰਘ ਭਏ। ਰਾਮ ਸਿੰਘ ਔ ਤਿਲੋਕਾ ਸਿੰਘ ਸਦਏ।੨੪।

. Sri Satguru Jagjit Singh Ji eLibrary NamdhariElibrary@gmail.com .

ਬਰਖਾ ਔ ਮਾਲਵੇ ਕੀ ਸਾਖੀ

੩੩. [ਮਾਲਵੇ ਨੂੰ ਵਰ]

ਦੋਹਰਾ: ਏਕ ਸਮੇਂ ਤਹਿੰ ਮਧ ਮੁਲਕ ਹੁਈ ਖਰਪੈ ਕੀ ਲੋੜ।
ਆਇ ਗੁਰੂ ਜੀ ਢਿਗ ਖੜੀ ਸਭ ਸੰਗਤ ਹਥ ਜੋੜ।੧।

ਚੌਪਈ: ਆਇ ਸਭਨ ਇਮ ਬਾਤ ਸੁਣਾਈ। 'ਮਾਂਗਨ ਖਰਖਾ ਸੰਗਤ ਆਈ'।
ਸਤਿਗੁਰ ਦੀ ਅਰਦਾਸ ਕਰਾਇ। ਭਈ ਬਰਖਾ ਬਹੁ ਤਬਹੀ ਆਇ।੨।
ਸਤਿਗੁਰ ਬੈਠ ਦਮਦਮੈ ਆਇ। ਕਹਯੋ ਗੁਰੂ ਉਨ ਔਖੀਂ ਦਿਖਾਇ।
'ਦੇਖੋ ਈਹਾਂ ਆਵਣਾ ਦਰਿਯਾਇ। ਭੂਮ ਭੁਵਗ ਯਹ ਮਾਲਵੈ ਆਇ'।੩।
ਸੁਨ ਬਚ ਜੰਗਲਨ ਦੀਨੋ ਮੋੜ। 'ਜਲ ਜਾਉਗ ਕਲ ਆਪਣੀ ਠੌੜ'।
ਫਿਰ ਸਤਿਗੁਰ ਉਨ ਬਚਨ ਸੁਨਾਏ। 'ਹਮ ਚਾਹੈਂ ਮਾਲਵੈ ਬਣਵਾਏ।੪।
ਕਮਾਦ ਕਣਕ ਚਾਵਲ ਬਿਜਵਾਇ। ਸਿਰਹੰਦ ਭੂਮਕੀ ਬ੍ਰਕਤ ਜਮਾਇ।'
ਤਉ ਡੱਲੈ ਸਿੰਘ ਮੋੜੀ ਬਾਤ। 'ਹਮ ਮੋਠ ਬਾਜਰੀ ਭਲੋ ਲਗਾਤ'।੫।

ਦੋਹਰਾ: ਤਉ ਸਤਿਗੁਰ ਗੁੱਸੋ ਕੀਯੋ 'ਤੁਮ ਮਾਰੈ ਜੰਗਲੀ ਥਾਇ।
ਹਮ ਭੂਮ ਬਨਾਵਨ ਮਾਲਵਾ ਨਿਹਾਲ ਜਾਵੈਂ ਤੁਮੈ ਕਰਾਇ'।੬।

ਦੱਖਣ ਕੇ ਤੁਰਨੇ ਕੀ ਸਾਖੀ

੩੪. [ਦੱਖਣ ਨੂੰ ਟੁਰਨਾ ਤੇ ਡੱਲੇ ਆਦਿਕਾਂ ਦਾ ਮੁੜਨਾ]

ਦੋਹਰਾ: ਸਤਿਗੁਰ ਤਲਵੰਡੀ ਖੜੇ ਧਜਾਨ ਸੁਕੇਤ ਲਗਾਇ।
ਆਇ ਦਖਣੋਂ ਇਕ ਸਿਖ ਕਹੀ 'ਪਜੋ ਨੌਰੰਗ ਦੋਜ਼ਕ ਰਾਹਿ'।੧।

ਚੌਪਈ: ਸੁਨ ਸਤਿਗੁਰ ਯੌ ਬਚਨ ਉਚਾਰੇ। 'ਉਮ ਲੜਾਇ ਸੁਤ ਦੱਯੈ ਮਾਰੇ।
ਅਬ ਦਾਖਣ ਕੀ ਕਰੀਐ ਚੜ੍ਹਾਈ'। ਇਮ ਸਿੰਘਨ ਗੁਰ ਉਚਰ ਸੁਨਾਈ।੨।

ਦੋਹਰਾ: ਸਤਿਗੁਰ ਆਖਯੋ 'ਡੱਲ ਸਿੰਘਾ ਚਲ ਤੂੰ ਹਮਹੈ ਨਾਲ।
ਤੁਮ ਕੋ ਦਿੱਲੀ ਪਤਿ ਕਰੋਂ ਔ ਪਤਿ ਦਿੱਲੀ ਗਾਲ'।੩।

ਚੌਪਈ: ਢਿਗ ਡੱਲੈ ਥੋ ਖੜੋ ਲਘੁ ਭ੍ਰਾਤ। ਕਹੀ ਡੱਲੈ ਵਲ ਮੋੜ ਮੁਖ ਬਾਤ।
'ਦੇਉਗ ਪਾਤਸ਼ਾਹੀ ਤੁਧ ਭੀ ਐਸੀ। ਨਿਜ ਪੁੱਤ੍ਰਨ ਕੋ ਦੀਨੀ ਜੈਸੀ'।੪।
ਯਹੀ ਗੱਲ ਗੁਰ ਪ੍ਰੋਹਤ ਸੁਨੀ। ਬੋਲਯੋ ਗੁਰ ਸੰਗ ਵਹੁ ਸਿਰ ਧੁਨੀ।
'ਮੈਂ ਰਹਯੋ ਬਹੁਤ ਬਾਰ ਸਮਝਾਇ। ਛੋੜ ਜਟਨ ਕਛ ਲਯੋ ਕਹਾਇ।੫।
ਯਹ ਜੰਗਲੀ ਜਟ ਗੁਣ ਨਿਤ ਨਵੇਂ ਚਾਹੈਂ। ਭੀ ਪਿਛੋਂ ਨਿੰਦਾ ਸੁਨਵਾਵਹਿਂ।
ਕਹਯੋ ਗੁਰ 'ਹਮ ਜਟ ਛੋੜੈਂ ਕਾਇ'। ਪ੍ਰੋਹਤ ਕਹਯੋ 'ਪੁਤ ਲਏ ਮੁਏ ਅਖਵਾਇ'।੬।
ਸਤਿਗੁਰ ਕਹੀ 'ਪੁਤ ਇਸ ਮਰ ਗਏ। ਹਮ ਸਿਖ ਪੂਤ ਸੁ ਠਾਂਢੇ ਭਏ'।
ਇਤਨੀ ਕਹਨ ਤੁਰਤ ਡੱਲੇ ਪੁਤ ਮਰਾ। ਤਬ ਡੇਰਾ ਗੁਰ ਕੂਚਹ ਕਰਾ।੭।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਨੌ ਮਹੀਨੇ ਤੇ ਨੌ ਦਿਨੈ, ਤਲਵੰਡੀ ਰਖੈ ਮੁਕਾਮ।
ਡੇਰਾ ਤੇਰਾ ਰੁਖ਼ ਦਖਣ ਛੱਡ ਤੁਰਕਨ ਬਡ ਥਾਮ।੮।

ਚੌਪਈ: ਡੱਲਾ ਗੁਰ ਤੇ ਬੇਮੁਖ ਭਯੋ। ਦੋਇ ਤਿੰਨ ਡੇਰਨ ਤੁਰਤ ਮੁੜ ਪਯੋ।
ਔਰ ਜੰਗਲੀ ਕਿਛ ਸੰਗ ਤੁਰੇ। ਬੇਈਮਾਨ ਹੁਇ ਵਹੁ ਭੀ ਮੁੜੇ।੯।
ਹੁਤੋ 'ਕੌਲ' ਸੋਢੀ ਕੋਠੈ ਵਾਰਾ। ਸੁਨਜੋ ਉਨ੍ਹੈ ਸੁਤ ਲਗਜੋ ਹਮਾਰਾ।
ਉਨ ਮਗਰੋਂ ਦੀਵਾਨ ਦੌੜਾਏ। ਸਣ ਪਲੰਘ ਉਸ ਚੱਕ ਲਿਆਏ।੧੦।
ਜਬ ਸਤਿਗੁਰ ਸੋਢੀ ਬੁਲਵਾਯੋ। ਲੋਕਨ ਡੇਰਾ ਖਾਲੀ ਬਤਾਯੋ।
ਇਸ ਤੌਰ ਬਹੁ ਲੋਕ ਨਠ ਆਏ। ਤੌ ਨਠ ਜੰਗਲੀ ਗੁਰੈ ਤਕਾਏ।੧੧।
ਰਹੇ ਮਜੂਦ ਗੁਰ ਸੰਗ ਘਰ ਚਾਰ। ਮੋਹਨ, ਭਗਤੂ, ਬਹਲੋ, ਰੂਪੇ ਵਾਰ।
ਗਏ ਸਤਿਗੁਰੂ ਸੰਗ ਬਹੁ ਦੂਰ। ਸੋ ਹਟੇ ਖੁਸੀ ਲੈ ਮੁਖੋਂ ਹਜੂਰ।੧੨।

ਪ੍ਰਿਥਮ ਬੰਦੇ ਕੀ ਸਾਖੀ ਲਿਖਜਤੇ

੩੫. [ਦਾਦੂ ਦੁਆਰ ਮਹੰਤ ਜੈਤ ਰਾਮ ਨਾਲ ਮੇਲ]

ਦੋਹਰਾ: ਜਬ ਸਤਿਗੁਰ ਦੱਖਣ ਪੁਜੇ ਜਹਿਂ ਥੋ ਦਾਦੂ ਦ੍ਵਾਰ।
ਡੇਰਾ ਲਾਯਾ ਦੇਖ ਥਾਂਮ ਸੰਗ ਪੰਜ ਸਤ ਸਿੰਘ ਹਜ਼ਾਰ।੧।

ਚੌਪਈ: ਬਜੈਂ ਨਗਾਰੇ ਝੂਲਹਿਂ ਨਿਸ਼ਾਨ। ਪੜ੍ਹੈਂ ਬਾਣੀਆਂ ਕਿਸ ਕਰੈਂ ਨ ਕਾਣ।
ਚੰਡੀ ਚਰਿਤ੍ਰ ਔ ਚੰਡੀ ਕੀ ਵਾਰ। ਅਕਾਲ ਉਸਤਤ ਕੋ ਕਰੈਂ ਉਚਾਰ।੨।
ਜਿਮ ਜੇਠ ਤਪਤ ਮਧ ਬਰਖਾ ਹੋਇ। ਬੋਲੈ ਦਾਦਰ ਸੁਖ ਪਾਵੈ ਸੋਇ।
ਘੋਰ ਘਟਾ ਸੁਨ ਮੋਰ ਪੁਕਾਰੈਂ। ਇਸ ਛਬਿ ਸੋਂ ਸਿਖ ਬਾਣੀ ਉਚਾਰੈਂ।੩।

ਦੋਹਰਾ: ਕਿਤੈ ਗ੍ਰੰਥ ਕਿਤ ਪੁਸਤਕਹਿਂ ਕਿਤੇ ਪੜ੍ਹੈਂ ਮੁਖ ਵਾਕ।
ਕਈ ਪੜ੍ਹੈਂ ਰਬਾਬੀ ਰਬਾਬ ਲੈ ਲਗ ਰਹਜੋ ਇੰਦ੍ਰਾਮਨ ਠਾਠ।੪।

ਸ੍ਵੈਯਾ: ਕਿਤ ਝਾਂਝ ਮ੍ਰਿਦੰਗ ਉਪੰਗ ਬਜੈ, ਕਿਤ ਦੁਇ ਕਰ ਤਾਲ ਰਬਾਬ ਬਜੈਂ।
ਜਲ ਬੀਨ ਸੁ ਬੀਨ ਪ੍ਰਬੀਨ ਸਜੈ, ਕਿਤ ਤਾਰ ਸਤਾਰ ਤੰਬੂਰ ਸਜੈ।
ਜਛ ਕਿੰਨਰ ਨਾਰਦ ਹਾਹਿ ਹੂ ਹੂ, ਧੁਨ ਤੋਮਰ ਉਲੂਕ ਸੁਨ ਸਾਜ ਸਜੈ।
ਇਮ ਠਾਠ ਠਟਜੋ ਸੁ ਹਜ਼ੂਰ ਗੁਰੂ, ਲਖ ਹੋਤ ਇੰਦ੍ਰਾਸਨ ਲਾਜ ਲਜੈ।੫।

ਚੌਪਈ: ਕਈ ਸਤਿਗੁਰ ਕੈ ਆ ਚਰਨੀਂ ਪੜੈਂ। ਲੈ ਸਤਿਗੁਰ ਹੁਕਮ ਕਈ ਡੇਰੇ ਕਰੈਂ।
ਧੂਪ ਧੁਖਾਇ ਕਈ ਗਿਰਦੈ ਫਿਰਾਹਂ। ਜਿਵੈਂ ਧ੍ਰੁਵ ਗਿਰਦ ਤਾਰੈ ਘੁਮਾਹਿਂ।੬।
ਕੋਊ ਚਰਨਨ ਛੁਹ ਮੂਧਾ ਪਰੈ। ਜਨ ਡੰਡੌਤ ਦੇਵ ਇੰਦ੍ਰੈ ਕਰੈ।
ਤੰਬੂ ਚਾਨਣੀ ਕਈ ਫੜ ਖੜੈਂ। ਮੂਲ ਬਿਰਖ ਜਿਮ ਸੋ ਰਹਿਂ ਅੜੈ।੭।
ਜਨਕ ਰਹੈਂ ਥੰਭਾ ਸੇ ਗਾਡ। ਵਾਲ ਧੂਪ ਮੈਂ ਜਾਹਿ ਨ ਛਾਡ।੮।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਸੂਰਜਮੁਖੀ ਸਮ ਸੂਰਜੈ ਬਿਜਨ ਸੁ ਬਿੱਜ ਸਮਾਨ।
ਬਾਦਲ ਜਿਮ ਛਤ੍ਰ ਘੁਮੇ ਬਡ ਤੰਬੂ ਘਟਨ ਸਮਾਨ।੯।
ਇੰਦ੍ਰਹਿ ਜਿਮ ਗੁਰ ਬਹੈਂ ਹਥ ਇੰਦ੍ਰ ਧਨੁ ਜੈਸ ਕਮਾਨ।
ਚੌਰ ਮੁਠੋ ਐਸੋ ਫਿਰੈ ਜਾਨਕ ਮੋਰ ਨਚਾਨ।੧੦।

ਚੌਪਈ: ਤਹਾਂ ਸ਼ਹਿਰ ਮੈਂ ਪਰ ਗਈ ਧਾਕ। ਦੇਖਣ ਲੋਕ ਲੱਗ ਗਈ ਲਾਕ।
ਦਰਸ਼ਨ ਤੇ ਉਨ ਮਨ ਪਤਿਆਯਾ। ਲਈ ਚੜ੍ਹਾਵੈ ਸ਼ਹਰ ਚਲ ਆਯਾ।੧੧।

ਦੋਹਰਾ: ਬਡੋ ਅਚੰਭਾ ਤਿਹ ਲਖਾ ਅਚੰਭਤ ਭਯੋ ਸੰਸਾਰ।
ਆਏ ਦਰਸ਼ਨ ਸਤਿਗੁਰੂ ਛਡ ਛਡ ਦਾਦੂ ਦ੍ਵਾਰ।੧੨।

ਚੌਪਈ: ਦਾਦੂ ਦ੍ਵਾਰੇ ਖਬਰੋ ਪਈ। 'ਨਾਨਕ ਆਯੋ ਦਸਮੋਂ ਜਈ।
ਤਿਸ ਕਉ ਦੱਯੈ ਧਾਮ ਖੁਲਾਈ'। ਮਹੰਤ ਆਯੋ ਸੰਗ ਚੇਲੈ ਲਾਈ।੧੩।
ਸਤਿਗੁਰ ਆਦਰ ਤਿਸ ਖਹੁ ਕੀਯੋ। ਸੰਤ ਸਾਧ ਮਿਰਜਾਦਾ ਥੀਯੋ।
ਦਰਸਨ ਪਰਸਨ ਭਏ ਪ੍ਰਸੰਨ। ਕਹਯੋ 'ਤੂੰ ਨਾਨਕ ਗੁਰੂ ਭਯੋ ਧੰਨ'।੧੪।
ਸਤਿਗੁਰ ਕਰਯੋ 'ਸੰਤ ਸਭ ਏਕ। ਨੀਰ ਛੀਰ ਮਿਲ ਤਜੈ ਬਿਬੇਕ'।
ਜੈਤ ਰਾਮ ਥੋ ਨਾਮ ਮਹੰਤ। ਭਲੋ ਪੁਰਸ਼ ਉਸ ਆਹਿ ਮਹੰਤ।੧੫।

ਦੋਹਰਾ: ਹਾਥ ਜੋੜ ਠਾਂਢੋ ਭਯੋ ਤੌਂ ਉਨ ਕਹੀ ਅਰਦਾਸ।
'ਧੰਨ ਹਮਾਰੇ ਭਾਗ ਹੈਂ ਤੁਮ ਆਏ ਹਮਰੇ ਪਾਸ।੧੬।

ਚੌਪਈ: ਹਮ ਤੇ ਭੋਜ ਸੁ ਇਕ ਡੰਗ ਲੀਜੈ। ਸਾਧ ਸੰਗਤ ਕੋ ਧਰਮ ਰਖ ਲੀਜੈ'।
ਤੌਂ ਸਤਿਗੁਰ ਹਸ ਐਸ ਉਚਾਰਾ। 'ਤੁਮ ਤੇ ਭੋਜਨ ਹਮ ਸਰੈ ਨ ਸਾਰਾ।੧੭।
ਹਮ ਸੰਗ ਹੈਂ ਬਹੁ ਮਾਸ-ਅਹਾਰੀ। ਉਨਕੀ ਖੁਧਜਾ ਮਿਟੈ ਕਿਮ ਸਾਰੀ'।
ਉਨ ਮੁਖ ਤੇ ਤਬ ਐਸ ਉਚਾਰੀ 'ਦਾਦੂ ਸਤ ਹਮ ਖ੍ਵਾਹਿਂ ਜੁਵਾਰੀ'।੧੮।

ਬਾਬੇ ਬੰਦੇ ਦਾ ਦੂਜਾ ਪ੍ਰਸੰਗ

੩੬. [ਮਹੰਤ ਜੈਤ ਰਾਮ ਨੇ ਬੰਦੇ ਦਾ ਪਹਿਲਾ ਹਾਲ ਦੱਸਿਆ]

ਦੋਹਰਾ: ਸਾਧੂ ਸੰਗਤ ਪ੍ਰਤਾਪ ਤੇ ਬਾਜਨ ਖਾਈ ਜ੍ਵਾਰ।
ਧਾਮ ਸੁ ਦੇਖੈ ਖੁਸ਼ ਭਏ ਗੁਰ ਲੈ ਗਏ ਦਾਦੂ ਦ੍ਵਾਰ।੧।

ਚੌਪਈ: ਦਾਦੂ ਦ੍ਵਾਰ ਕੋ ਦਰਸ ਕਰਾਯੋ। ਸਤਿਗੁਰ ਫੂਲਨ ਮੀਂਹ ਬਰਸਾਯੋ।
ਧੰਨ ਧੰਨ ਕਹਯੋ ਸੰਤਨ ਪਰਤਾਪ। ਸੰਤ ਨਿੰਦਕ ਕੋ ਹੋਵੈਂ ਖਾਪ।੨।
ਸੁਖਮਨੀ ਜੀ ਕੀ ਤੁਕ ਸੋ ਪਰੀ। ਸੰਤ ਕੀ ਮਹਮਾ ਥੀ ਜੋ ਧਰੀ।
ਔਰ ਸੁ ਚਰਚਾ ਪਰਚਾ ਕੀਯੋ। ਦੋਊ ਵਲ ਤੇ ਸੁਖ ਸੋਂ ਲੀਯੋ।੩।
ਮਹੰਤ ਗੱਲ ਇਕ ਨਈ ਸੁਨਾਈ। 'ਕਿਮੈ ਗਏ ਥੇ ਹਮ ਉਤ ਖਾਈ।
ਨਰਾਇਣ ਦਾਸ ਥੋ ਤਿਸਕੋ ਨਾਮ। ਪੰਥ ਬੈਰਾਗਨ ਮੈਂ ਉਸ ਧਾਮ।੪।

Sri Satguru Jagjit Singh Ji eLibrary NamdhariElibrary@gmail.com

ਏਕ ਪਲੰਘ ਉਨ ਖੂਬ ਬਨਾਯੋ। ਉਸ ਕੇ ਊਪਰ ਹਮੈਂ ਬਹਾਯੋ।
ਹਮ ਜਾਨ੍ਯੋ ਇਨ ਆਦਰ ਕਰ੍ਯੋ। ਹੁਤੋ ਦੁਸ਼ਟ ਵਹਿ ਮਸਕਰੀ ਭਰ੍ਯੋ।੫।

ਦੋਹਰਾ: ਬੈਠਾਯੋ ਉਸ ਪਲੰਘ ਪੁਰ ਪੁਨ ਉਨ ਦਯੋ ਉਲਟਾਇ।
ਕਰੀ ਮਸਕਰੀ ਹਮ ਘਨੀ ਹਸ ਹਸ ਲਿਟ ਲਿਟ ਪਾਇ।੬।

ਚੌਪਈ: ਖਟ ਦਰਸ਼ਨ ਕੋ ਮਸਕਰੀ ਕਰੈ। ਗੁਰੂ ਪੀਰ ਤੇ ਨਾਂਹਿ ਸੁ ਡਰੈ।
ਆਪ ਕਹਾਵੈ ਵਹੁ ਗੁਰ ਪੀਰ। ਸੰਤ ਨਿੰਦਕ ਵਹੁ ਬੇ ਗੁਰ ਪੀਰ'।੭।
ਮਹੰਤ ਕਹੀ 'ਉਤ ਵਲ ਨਾ ਜਾਈਓ। ਉਸਤੇ ਟਲ ਕੇ ਦੂਰ ਸਿਧਾਈਓ'।
ਸਤਿਗੁਰ ਕਹੀ 'ਜੁ ਸਤਿਗੁਰ ਕਰੈ। ਬਨੈ ਨਹੀਂ ਅਬ ਹਮ ਕੋ ਟਰੈ।੮।
ਸੋਊ ਹਮ ਕੋ ਰਾਹ ਬਤਾਓ। ਨਾਮ ਥਾਮ ਔ ਗ੍ਰਾਮ ਸੁਨਾਓ।
ਜਾ ਦੇਖੈਂ ਹਮ ਉਸਕੀ ਸਿਧੀ। ਕੌਣ ਗੁਰੂ ਜਿਸਤੇ ਭਈ ਬ੍ਰਿਧੀ।੯।
ਅੜੈ ਤੋ ਹਮ ਉਸ ਸਿਧੀ ਗੁਵਾਵੈਂ। ਮਿਲੈ ਤਾਂ ਉਸਕੋ ਰਾਹਿ ਪਾਇ ਜਾਵੈਂ।
ਸਤ ਨਾਨਕ ਉਸ ਕਰਹੈਂ ਦਾਸ। ਕਰੈਂ ਸਿਖ ਉਨ ਅਪਨੋ ਖਾਸ'।੧੦।

ਮਹੰਤ ਬਾਚ–

ਦੋਹਰਾ: 'ਨਦੀ ਗੁਦਾਵਰ ਢਿਗ ਹੁਤੋ ਸ਼ਹਰ ਨਦੇੜ ਸੁ ਨਾਮ।
ਭਲੇ ਸੁ ਦੱਖਣ ਕੂੰਠ ਮੈਂ ਹੈ ਪਰਗਟ ਸੁਭ ਥਾਮ।੧੧।

ਚੌਪਈ: ਵਹੁ ਹੋਤੋ ਥੋ ਪ੍ਰਿਥਮ ਕੰਗਾਲ। ਰਲ ਕਹੂੰ ਤੁਰਯੋ ਸੁ ਸੰਤਨ ਨਾਲ।
ਬਹੁਤ ਸੈਲ ਉਨ ਪ੍ਰਿਥਮੈਂ ਕਰਯੋ। ਸਿੱਧ ਮੰਤਰੀ ਉਸ ਮਿਲ ਪਰਯੋ।੧੨।
ਉਸਕੀ ਸੇਵ ਬਹੁਤ ਇਨ ਕਰੀ। ਵਿਦਯਾ ਦਈ ਇਨੈਂ ਉਸ ਭਲੀ।
ਦਈ ਪੋਥੀ ਔ ਭੇਦ ਦਯੋ ਕੁੱਲ। ਸੋ ਕਰ ਦੀਨੋ ਅਪਨੈ ਤੁੱਲ।੧੩।
ਦੇਕੈ ਪੋਥੀ ਕਹੀ ਤਿਨ ਬਾਤ। 'ਜਗਤ ਕਰੀਂ ਨਾ ਬਹੁ ਬਿਖਯਾਤਿ।
ਗੋਪ ਰਹੈ ਤੋ ਰਹਿ ਹੈ ਪਾਸ। ਪ੍ਰਗਟ ਕਰੈਂ ਤੋ ਲਹਿ ਜਾਇ ਸਾਸ।੧੪।

ਦੋਹਰਾ: ਗੜ੍ਹ, ਨਾਰੀ, ਮਾਯਾ, ਤੁਰਾ, ਸ਼ਸਤਰ, ਪਾਰਸ ਜੋਇ।
ਸਿੱਧ ਔਖਧੀ ਮੰਤ੍ਰ ਤੰਤ੍ਰ ਖੋਹਤ ਰਾਜੇ ਸੋਇ।੧੫।

ਚੌਪਈ: ਸਾਹਿ ਪਤਸਾਹਿ ਨ ਛਾਡੈਂ ਗੈਲ ਮਾਰੈਂ ਤੁਰਤ ਜਿੰਦ ਅਪਨੀ ਭੈਲ।
ਵਹੁ ਜਾਣੈ ਯਹ ਲੈ ਜਗ ਪਤਿਸਾਹੀ। ਕਰਾਮਾਤ ਹੈ ਜਿਸਕੇ ਪਾਹੀ।੧੬।
ਘਰ ਹੀ ਬੈਠੇ ਦੇਵੈ ਮਾਰ। ਯਹ ਇਸ ਭੈ ਤੇ ਵਹਿ ਕਰੇ ਖ੍ਵਾਰ।
ਅਰ ਚਾਹੈ ਵਹ ਨਿਜ ਹਥ ਲੀਯੋ। ਸ੍ਰੀਕਨ ਜਿਮ ਉਸ ਮਾਰਨ ਕੀਯੋ'।੧੭।
ਅਬ ਸੁਨੀਯੋ ਪੋਥੀ ਕੋ ਨਾਮ। ਸਿਧ ਅਨੁਣੀਆਂ ਮੰਤ੍ਰਨ ਥਾਮ।
ਹੁਤੋ ਗੋਰਖ ਕੋ ਚੇਲਾ ਖਾਸ। ਮਹਿਤ ਕਹੀ ਸੁਨ ਬਡਿਅਨ ਪਾਸ।੧੮।
ਪੋਥੀ ਮੈਂ ਥੀ ਵਿਦਯਾ ਸੱਭ। ਜੋਊ ਜਗ ਮੈਂ ਹੁਤੀ ਅਲੱਭ।
ਮੰਤ੍ਰਨ ਵਿਦਯਾ, ਤਤ੍ਰਨ ਮਾਰ। ਜਤ੍ਰ ਜੁਗਤ ਔ ਮਹੂਰਤ ਵਾਰ।੧੯।

. Sri Satguru Jagjit Singh Ji eLibrary NamdhariElibrary@gmail.com .

ਪਾਰਸ ਲਭਣ ਰਸਾਇਣ ਕਾਰ। ਨਾਗਾ ਅਸਜਣੀ ਔ ਸਿਧ ਸਾਰ।
ਰੁਦ੍ਰ ਜਾਲ ਬਿਧ ਇੰਦ੍ਰਹ ਜਾਲ।ਅਧਭੁਤ ਖੇਡ ਔ ਉਡੀਸਹ ਚਾਲ।੨੦।
ਜਲ ਮੈਂ ਮਿਲਨੋਂ ਉੱਪਰ ਜਾਨ। ਔ ਅਕਾਸ਼ ਬੰਦ ਅਕਾਸ਼ ਉਡਾਨ।
ਅਗਨ ਬੁਝਾਵਨ ਲਾਵਨ ਬਿੱਧ। ਵਿਚ ਵੜ ਖੜਨ ਖਾਵਨ ਸਿੱਧ।੨੧।

ਦੋਹਰਾ: ਜਿਸੈ ਜਾਪ ਕੇ ਜਪੇ ਤੇ ਬਚਨ ਸਿਧੀ ਹੁਇ ਜਾਇ।
ਦੁੱਧ ਪੁਤ ਧਨ ਲੱਛਮੀ ਜਿਸੇ ਚਾਹੈ ਲਏ ਦਿਵਾਇ।੨੨।

ਚੌਪਈ: ਭੂਮ ਮੱਧ ਸਭਹੀ ਦਰਸਾਵਨ। ਲੁਕੀ ਢੁਕੀ ਸਭ ਤੁਰਤ ਮੰਗਾਵਨ।
ਬੂਟੀ ਬੁਲਾਵਣ, ਬਨਹ ਜਗਾਵਣ। ਪਾਰਸ ਪੌਰਸ ਬਿਧ ਬਣਾਵਣ।੨੩।
ਔਰ ਇਸਤਰੀ ਹੋਵੈ ਮਰਦ। ਮਰਦੋਂ ਭੀ ਸੋ ਇਸਤ੍ਰੀ ਕਰਦ।
ਲੁਕੀ ਛਿਪੀ ਪਰ ਚਿਤ ਕੀ ਜਾਨਨ। ਮੋਹਨ ਚਾਟਨ ਤੋਰਨ ਬੁਲਾਨਨ।੨੪।
ਦੁਸ਼ਟਹਿ ਮਾਰਨ ਚੇਰਨ ਬਚੈਯੇ। ਤਾਰੇ ਅੰਬਰੋਂ ਤੋੜ ਮੰਗੈਯੇ।
ਅੜਜੋ ਕਿਲੋਂ ਕੀ ਤੋੜਨ ਬਿਧ। ਮਦਾਨ ਲੜਾਈ ਜਿਤ ਹੋਇ ਸਿੱਧ।੨੫।
ਪੌਨ ਵਗਾਵੈ, ਮੀਂਹ ਬਰਸਾਵੈ। ਜਿਧਰੋਂ ਮੰਗਾਵੈ ਜਿਧਰ ਚਲਾਵੈ।
ਗੜਾ ਠਰਾ ਔ ਬਿਜਲੀ ਪਾਵੇ। ਬਰ ਸਰਾਪ ਤਿਸ ਬ੍ਰਿਥਾ ਨ ਜਾਵੈ।੨੬।

ਦੋਹਰਾ: ਭੂਤ ਪ੍ਰੇਤ ਜੋਗਣ ਸੁ ਗਣ ਦੇਵਤ ਸਿਧ ਅਰ ਬੀਰ।
ਜੱਛ ਰੱਛ ਕਿੰਨਰ ਸੁਲੱਛ ਆਵੈ ਪੜੈ ਮਤ ਧੀਰ।੨੭।

ਚੌਪਈ: ਜਿਸੈ ਜਿਤਾਵੈ ਜਿੱਤੈ ਸੋਈ। ਹਰਾਵੈ ਜਿਸੈ ਹਾਰੈ ਵੀ ਓਈ।
ਸ਼ੇਰ ਸਰਪ ਬਿੱਛੂ ਮੱਛਰ ਮੱਖ। ਰਾਜ ਪ੍ਰਜਾ ਤੇ ਹੋਵੈ ਸੁਖ।੨੮।
ਚੋਰ ਠੱਗ ਔ ਬਿਸਚਰ ਬਿਖ। ਸੁਨਤ ਸ਼ਬਦ ਤਿਸ ਹੋਵੈ ਸੁਖ।
ਆਪ ਪਹੂੰਚੇ ਪਹੁੰਚੇ ਕੋਇ। ਮਰੈ ਜੁ ਸਰਪੋਂ ਜਿਵੈ ਭੀ ਸੋਇ।੨੯।
ਗਿੱਦੜ ਕੁੱਤੇ ਹਲਕਾਯਾ ਹੋਇ। ਸੁਨਤ ਬਚਨ ਬਿਸ ਰਹੈ ਨ ਕੋਇ।
ਸ਼ੇਰ ਬਾਘ ਔ ਹੇਲੇ ਬਘਜਾੜ। ਹਾਥ ਮੁੱਖ ਨਹਿੰ ਸਕੈ ਉਘਾੜ।੩੦।
ਬਿਰਛ ਬਿਧੀ ਜੋ ਧਰਨ ਉਪਾਈ। ਅਰਕ ਸੁ ਆਦ ਭੁਲਾਵੈ ਤਾਈਂ।
ਸੰਖੀਓ ਅਫੀਮ ਸ਼ਰਾਬ ਭੰਗਾਈ। ਬਿਖ ਭੱਖੀ ਸਭ ਦੇਹਿ ਹਟਾਈ।੩੧।

ਦੋਹਰਾ: ਅਸ਼ਟ ਸਿਧੀ ਅਣਮੰ, ਮਹਿਮਾ, ਗਰੁਮਾ, ਲਘਮਾ, ਪ੍ਰਾਪਤਿ।
ਕਾਮਹਿ ਔ ਬਸੀਕਰਣ ਸੋ ਈਸ਼ਤ ਹੋਵੈਂ ਸੱਭਿ।੩੨।

ਸੋਰਠਾ: ਭੂਤੈ ਔ ਵ੍ਰਤਮਾਨ ਭਾਵਿੱਖਤ ਭੀ ਕਾਲ ਜੋ।
ਸੋਊ ਦਯੋ ਵਖਾਨ ਜਉ ਵਰਤਜੋ ਥੋ ਇਨ ਮਧੈ।੩੩।

ਦੋਹਰਾ: ਸਭ ਗੁਣ ਪੋਥੀ ਕੇ ਲਿਖੇ ਗ੍ਰੰਥ ਸੁ ਮਿਤ ਬਡ ਹੋਇ।
ਦਰਸ਼ਨ ਹੁਇ ਭਗਵਾਨ ਕੋ ਮੁਕਤ ਮਿਲਾਵਾ ਹੋਇ।੩੪।

Sri Satguru Jagjit Singh Ji eLibrary NamdhariElibrary@gmail.com

ਚੌਪਈ: ਐਸੀ ਪੋਥੀ ਬੰਦੈ ਪਾਈ। ਪਚਾਇ ਨ ਸਕਯੋ ਸੁ ਦਈ ਪ੍ਰਗਟਾਈ।
ਔਰ ਸੰਤਨ ਕੋ ਲੇਵੈ ਅੰਤ। ਹੈ ਨਿੰਦਕ ਵਹਿ ਅਤਿ ਹੀ ਸੰਤ।੩੫।
ਜ਼ਰੂਰ ਨ ਜਾਈਓ ਤੁਮ ਉਤ ਵੱਲ'। ਕਹੀ ਮਹੰਤ ਬਹੁ ਬਾਰ ਇਮ ਗੱਲ।
ਸਤਿਗੁਰ ਕਹਿੰ 'ਹਮ ਮਿਟੈਂ ਨ ਮੂਰ। ਦੇਖ ਜਾਹਿੰਗੇ ਉਸੈ ਜ਼ਰੂਰ।੩੬।
ਜਿਮ ਤੁਮ ਬਾਜਨ ਖਾਈ ਜ੍ਹਾਰ। ਤੁਮ ਆਏ ਹੋ ਉਸ ਤੇ ਹਾਰ।
ਹਮਰੇ ਸਾਥ ਦਯੋ ਇਕ ਚੇਲਾ। ਦੇਖ ਆਵੈ ਵਹੁ ਹਮਰੋ ਮੇਲਾ।੩੭।
ਜੋ ਸਤ ਨਾਨਕ ਕਲਾ ਸਵਾਈ। ਉਸੇ ਲੰਹਿਗੇ ਪੈਰੀਂ ਲਾਈ'।
ਯੌਂ ਕਹਿ ਸਤਿਗੁਰ ਹੁਵਾਂ ਤੇ ਤੁਰੇ। ਪੁਛਯੋ ਰਾਹਿ ਬੰਦੇ ਕੇ ਪੁਰੇ।੩੮।

ਦੋਹਰਾ: ਸਤਿਗੁਰ ਪਹੁੰਚੇ ਜਾਇ ਤਿਹ ਉਤਰੇ ਦੇਖ ਸਥਾਨ।
ਬਿਨ ਬੈਲੀਂ ਹਾਰਟ ਚਲੈ ਲਖੈ ਅਚੰਭ ਜਹਾਨ।੩੯।

ਚੌਪਈ: ਬਹੁਤ ਜਗਾ ਉਨ ਬੇਸ਼ ਬਨਾਈ। ਦੇਖਤ ਚਿਤ ਜਿਸ ਰਹੈ ਲੁਭਾਈ।
ਪਲੰਘ ਅੰਦਰ ਥੋ ਤਹ ਇਕ ਡਹਾ ਗੱਦੀ ਸਿਰਹਾਣੋਂ ਉਪਰ ਅਹਾ।੪੦।
ਸਵਾ ਸੁ ਗਜ ਧਰ ਉੱਚੋ ਰਹੈ। ਨ੍ਰਾਇਣ ਦਾਸ ਤਿਸ ਉੱਪਰ ਬਹੈ।
ਔਰ ਬਹੇ ਤਿਸ ਦੇਇ ਗਿਰਾਇ। ਇਸੇ ਬਿਓਂਤ ਥੇ ਉਨ੍ਹੈ ਬਨਾਇ।੪੧।

ਬੰਦੇ ਦੇ ਮਿਲਣ ਦਾ ਪ੍ਰਸੰਗ

੩੭. [ਬੰਦਾ ਮਿਲਾਪ]

ਦੋਹਰਾ: ਪਹੁੰਚਯੋ ਸਤਿਗੁਰ ਜਿਹ ਸਮੈਂ ਗਯੋ ਬੰਦੋ ਕਹੂੰ ਔਰ।
ਪਲੰਘ ਸ਼ਿੰਗਾਰਯੋ ਦੇਖਿਕੈ ਗੁਰ ਚੜ੍ਹ ਬੈਠੇ ਦੌਰ।੧।

ਚੌਪਈ: ਤਿਸ ਕੇ ਬਕਰੇ ਸਿੰਘਨ ਘਾਏ। ਕਾਟ ਕੂਟ ਦਏ ਦੇਗਨ ਪਾਏ।
ਤਿਸ ਚੇਲੇ ਜਾ ਕਰੀ ਪੁਕਾਰ। ਕ੍ਰਾਇ ਕ੍ਰੋਧ ਲੈ ਆਏ ਨਾਰ।੨।
ਦੇਖਤ ਪਲੰਘ ਸੁ ਅਤਿ ਰੁਹ ਭਰਯੋ। ਕ੍ਰੋਧਤ ਬੀਰਨ ਹੁਕਮ ਕੋ ਕਰਯੋ।
ਜਾ ਬੀਰਨ ਤਬ ਪਲੰਘ ਉਠਾਯਾ। ਸਤਿਗੁਰ ਤੀਰਹਿ ਸਾਥ ਦਬਾਯਾ।੩।
ਫੇਰ ਮਵੱਕਲ ਲਾਯੋ ਤਾਨ। ਤੌ ਫਿਰ ਉਠਯੋ ਨ ਅੰਗੁਲ ਸਮਾਨ।੪।
ਪਲੰਘ ਅਚਲ ਲਖ ਹੁਇ ਗਯੋ ਕੋਇਲਾ। ਕ੍ਰੋਧ ਸਾਥ ਫਿਰ ਮੁੱਕਲਨ ਬੋਲਾ।
'ਤੁਰਤ ਇਸੈ ਕੀ ਜਾਨ ਉਡਾਵੋ। ਇਤੀ ਦੇਰ ਤੁਮ ਕਾਹੇ ਲਾਵੋ'।੫।

ਦੋਹਰਾ: ਤਬੈ ਮਵਕਲਨ ਉਸ ਕਹਯੋ 'ਹਮ ਕਿਛ ਰਖਯੋ ਨ ਤਾਣ।
ਜੌ ਇਨ ਕੋ ਹਮ ਦੁਖ ਦੇਵੈਂ ਸੋ ਪਵੈ ਹਮ ਪਰ ਆਣ।੬।

ਚੌਪਈ: ਜੌ ਉਸ ਕੋ ਹਮ ਦੁਖ ਚਹੈਂ ਲਾਯਾ। ਹੋਤ ਰਿਦੇ ਹਮ ਦੋਖ ਸਵਾਯਾ।
ਜੌ ਹਮ ਇਸ ਕੇ ਨੇੜੈ ਜਾਵੈਂ। ਤੇਜ ਅਗਨ ਸੋਂ ਹਮੈਂ ਜਲਾਵੈਂ।੭।
ਤਦੈ ਮਵਕਲਨ ਐਸ ਉਚਾਰੀ। 'ਇਨ ਕੈ ਆਗੈ ਹਮ ਭਏ ਹਾਰੀ।
ਜਬ ਹਮ ਉਨਕੈ ਨੇੜੈ ਜਾਵੈਂ। ਆਪ ਕੋਪ ਤੇ ਆਪ ਜਲਾਵੈਂ।੮।

Sri Satguru Jagjit Singh Ji eLibrary NamdhariElibrary@gmail.com

ਛੁਟੈਂ ਤਬੈ ਜਬ ਸੀਸ ਨਿਵਾਵੈਂ। ਹੋਹਿਂ ਸੀਤਲ ਤਬ ਅਤਿ ਸੁਖ ਪਾਵੈਂ।
ਐਸੇ ਸੁਨੇ ਉਨ੍ਹੇਂ ਤੇ ਬੈਨ। ਭਯੋ ਅਚੰਭੇ ਅਤਿ ਭੈ ਕੈਨ।੯।
ਜਬ ਉਨ ਸਤਿਗੁਰ ਨੈਨੀ ਦੇਖਾ। ਅਪਨੇ ਬਲ ਤੇ ਅਧਿਕ ਬਹੁ ਲੇਖਾ।
ਫਿਰ ਸਿੱਖਨ ਪ੍ਰਤਿ ਬੀਰ ਚਲਾਏ। ਜਿਨ ਜਿਨ ਨੈ ਥੇ ਬਕਰੇ ਘਾਏ।੧੦।

ਸੋਰਠਾ: ਸੋ ਫਿਰ ਆਏ ਬੀਰ, ਸਿੰਘਨ ਕੈ ਢਿਗ ਸੁਨ ਢੁਕੈ।
ਉਨ ਕੋ ਰੱਛਕ ਤੀਰ, ਫਿਰੈ ਸੁਦਰਸ਼ਨ ਚੱਕ੍ਰ ਜਿਮ।੧੧।

ਦੋਹਰਾ: ਬੀਰ ਫਿਰੇ ਜਬ ਸਿਖਨ ਤੇ ਤਬ ਉਠ ਨਿਸ਼ਚੋ ਆਇ।
'ਏ ਪੂਰੇ ਹੈਂ ਸਤਿਗੁਰੂ, ਇਨ ਸਿਖਨ ਸਮ ਹਮ ਨਾਹਿ'।੧੨।

ਚੌਪਈ: ਤਬ ਅਧੀਨ ਹੁਇ ਚਰਨੀ ਪਰਯੋ। ਤਬ ਸਤਿਗੁਰ ਮੁਖ ਬਚਨ ਉਚਰਯੋ।
'ਕੋ ਤੂੰ ਪੰਖੀ? ਕੋ ਗੁਰ ਤੇਰਾ? ਕਰੇਂ ਮਸਕਰੀ ਸੰਤਨ ਕੇਰਾ।੧੩।
ਕਯਾ ਤੁਮ ਸਮਸਰ ਜਗ ਮੈਂ ਨਾਹੀਂ? ਕਯਾ ਬਡ ਕਲਾ ਇਕ ਤੁਮ ਹੀ ਮਾਂਹੀ?

ਦੋਹਰਾ: ਕਰੇ ਮਸਕਰੀ ਸੰਤ ਜੋ ਸੋਊ ਹੋਹਿ ਖੁਵਾਰ।
ਭਾਂਡ ਭਗਤੀਏ ਡੂਮ ਲੁਕ ਇਨ ਕੀ ਹੈ ਯਹ ਕਾਰ'।੧੫।

ਚੌਪਈ: ਤਬ ਉਨ ਕਹਯੋ 'ਮੈਂ ਬੰਦਾ ਤੋਰਾ। ਮੈਂ ਤੁਹਿ ਸਿੰਘ ਗੁਰੂ ਤੂੰ ਮੋਰਾ।
ਪਿਛਲੀ ਬਾਤ ਮਾਫ ਹਮ ਕੀਜੈ। ਅਬ ਹੁਇ ਫਿਰ ਤੌ ਜੀ ਆਯੋ ਕੀਜੈ।੧੬।
ਅਬ ਮੈਂ ਭਯੋ ਤੁਮਾਰੋ ਦਾਸ। ਸੋ ਮੈਂ ਕਰੌਂ ਹੁਕਮ ਹੋਇ ਖਾਸ।
ਹਮ ਕੋ ਕੀਜੈ ਅਪਨੋ ਦਾਸ। ਦਾਸ ਜਾਨ ਰਾਖੋ ਨਿਜ ਪਾਸ'।੧੭।

੩੮. [ਬੰਦੇ ਪਰ ਗੁਰੂ ਜੀ ਦੀ ਮਿਹਰ ਤੇ ਪੰਜਾਬ ਵਲ ਤੋਰਨਾ]

ਦੋਹਰਾ: ਜਬ ਐਸੇ ਉਨ ਬਚ ਕਹੇ ਹਾਥ ਜੋੜ ਸਿਰ ਨਯਾਇ।
ਭਏ ਪ੍ਰਸੰਨ ਤਬ ਸਤਿਗੁਰੂ ਲੀਨੋ ਚਰਨਨ ਲਾਇ।੧।

ਚੌਪਈ: ਸਤਿਗੁਰ ਕਹੀ 'ਸਿਖ ਬਨਨੋ ਔਖਾ। ਮਨ ਤਨ ਧਨ ਰਖ ਹੋਇ ਨ ਤੋਖਾ।
ਸਿੱਖ ਬਨੈ ਜਬ ਖੋਏ ਭਰਮ। ਸਿੱਖ ਬਨਨ ਕੈ ਕਠਨ ਸੁ ਕਰਮ।੨।
ਸਿੱਖ ਹੋਇ ਜੋ ਆਪਾ ਖੋਵੈ। ਮੇਟ ਕੁਲੈ ਨਿਜ ਗੁਰ ਕੁਲ ਹੋਵੈ।
ਜਿਮ ਕਰ ਕੀਟ ਨਿਜ ਕੁਲੈ ਤਿਆਗੇ। ਭਵੈ ਭਰਿੰਗੀ ਉਸ ਕੁਲ ਲਾਗੇ।੩।

ਦੋਹਰਾ: ਵਾਲੋਂ ਨਿਕੀ ਖੰਨਯੋਂ ਤਿੱਖੀ ਹੈ ਸਿੱਖੀ ਕੀ ਰੀਤਿ।
ਸਿਰ ਤੇ ਪਰੇ ਸੇਵਾ ਕਰੇ ਤਊ ਡਰੇ ਮਧ ਚੀਤ'।੪।
ਜੋ ਆਖੀ ਸਤਿਗੁਰ ਉਸੈ ਸੋ ਉਨ ਲੀਨੀ ਮਾਨ।
ਧਰਯੋ ਸੁ 'ਬੰਦਾ' ਨਾਮ ਤਿਸ ਤਿਨ ਕਰ ਲੀਯੋ ਪ੍ਰਮਾਨ।੫।

ਚੌਪਈ: ਬਾਰ ਬਾਰ ਬੰਦੇ ਪਗ ਪਰਯੋ। ਤੌ ਸਤਿਗੁਰ ਸਿਰ ਪੈ ਹਥ ਧਰਯੋ।
ਬੰਦੈ ਕਹੀਂ 'ਕਿਛ ਆਗਯਾ ਦੇਹੁ। ਖਿਜਮਤ ਹਮੈ ਕੋਊ ਬਖਸ਼ੇਹੁ'।੬।

Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਕਹੀ 'ਤੁਮ ਜੋਗ ਯਹਿ ਕਾਰ। ਜਾ ਸਾਹਿਬਜ਼ਾਦਨ ਘਾਤੀ ਮਾਰ।
ਸ੍ਰਿਹੰਦ ਕੋ ਮਾਰ ਫਿਰ ਮਾਰੀਂ ਪਹਾਰ'। ਸਤਿਗੁਰ ਸੌਂਪੀ ਤਿਸ ਯਹਿ ਕਾਰ।੭।
'ਸਿੱਖਨ ਰੱਖ ਅਸਿੱਖ ਸੰਘਰੀਓ। ਦਾਸ ਹੋਇ ਤਾਂ ਉਸੈ ਉਬਰੀਓ।
ਦਿਲੀਓਂ ਲਗ ਕਰ ਦੰਗਾ ਮਚਾਵੋ। ਪੰਜਾਬ ਪ੍ਰਬਤ ਸਭ ਧੂੜ ਮਿਲਾਵੋ।੮।

ਦੋਹਰਾ: ਬਿਰਛਨ ਕੇ ਸਿਰ ਜੋ ਲਗੈ ਕਹਿ 'ਬੰਦੋ' ਉਸ ਜੱਗ।
ਹਮਰੋ ਬੰਦੋ ਤੂੰ ਬਨ ਸੋ ਤੂੰ ਜਾਇੰ ਪਤਸ਼ਾਹੀ ਲੱਗ'।੯।

ਦੋਹਰਾ: ਸਤਿਗੁਰ ਆਖੀ ਜੋ ਬੰਦੈ ਸੋ ਉਨ ਕਰੀ ਮਨਜ਼ੂਰ।
ਪਰਗਟ ਹੋਈ ਜਗਤ ਗਲ 'ਕੀਯੋ ਬੰਦਾ ਭਰਪੂਰ'।੧੦।
ਬੰਦੇ ਗੁਰ ਖੰਡਾ ਦਯੋ ਲਯੋ ਉਨੈਂ ਗਲ ਪਾਇ।
ਖਾਲਸੋ ਦੇਖ ਸੁ ਵਿਟਰਿਓ ਤਿਨ ਖੰਡੋ ਲਯੋ ਛਿਨਾਇ।੧੧।

ਚੌਪਈ: ਤਬ ਫਰਯਾਦ ਉਨ ਗੁਰ ਪਹਿ ਕਰੀ। ਸਤਿਗੁਰ ਹਸਹਸ ਚਿੱਤ ਬਿਚਰੀ।
'ਚੀਜ ਆਪਨੀ ਇਨ੍ਹੈਂ ਸੰਭਾਰੀ। ਭਯੋ ਖਾਲਸੋ ਅਬ ਕਲ ਧਾਰੀ'।੧੨।
ਬੰਦੈ ਕੋ ਬਖਸ਼ੇ ਪੰਜ ਤੀਰ। ਕਹਯੋ ਸਤਿਗੁਰ 'ਇਹ ਪੰਜ ਹੈਂ ਬੀਰ।
ਪੜੈ ਲੋੜ ਜਿਤ ਵਲ ਤਹਿਂ ਆਇ। ਇਨ ਮੈਂ ਤੇ ਇਕ ਦਈਂ ਚਲਾਇ।੧੩।
ਪੌਨ ਵਗੈ ਔ ਧੂੜ ਉਡਾਇ। ਦੁਸ਼ਮਨ ਦ੍ਰਿਸ਼ਟ ਅੰਧ ਹੁਇ ਆਇ।
ਉਲਟੈ ਫੌਜ ਪੌਨ ਪਲਟਾਇ। ਦੁਸ਼ਮਨ ਮਾਰ ਫਤੇ ਜੰਗ ਪਾਇੰ।੧੪।

ਦੋਹਰਾ: ਜੋਇ ਸਿਖ ਤੁਮ ਆ ਮਿਲੈ ਤਿਨ ਤੂੰ ਲਈਂ ਮਿਲਾਇ।
ਆਦਰ ਦੈ ਦੈ ਭਾਂਤਿ ਭਲ ਆਗੇ ਦਯੋ ਚੜ੍ਹਾਇ।੧੫।

ਚੌਪਈ: ਸਿੰਘ ਮਝੈਲਨ ਲਈਂ ਬੁਲਾਇ। ਉਨ ਕੋ ਮੁਹਰੇ ਲੀਜੋ ਲਾਇ।
ਓਇ ਹੈਂ ਮਹਾਂ ਸੂਰ ਅਤਿ ਹਠੀ। ਉਨਤੇ ਫ਼ੌਜ ਤੁਰਕ ਜਾਇ ਨਠੀ।੧੬।
ਓਇ ਹੈਂ ਸੂਰ ਮਹਾਂ ਬਲਵਾਨ। ਉਨ ਪੈਂ ਹੈਂ ਸਤਿਗੁਰ ਮਿਹਰਵਾਨ।
ਓਇ ਹੈਂ ਗੁਰ ਨਿਜ ਪ੍ਰਣ ਕੇ ਪੂਰੇ। ਓਇ ਸੂਰਨ ਮੈਂ ਹੈਂ ਅਤਿ ਸੂਰੇ।੧੭।
ਓਇ ਨਿਜ ਅਪਨੇ ਗੁਰ ਕੇ ਭਗਤ। ਉਨ ਮੇਂ ਹੈਂ ਸਭ ਹਮਰੀ ਸ਼ਕਤਿ।
ਉਨਕੋ ਹਮ ਬਖਸ਼ੀ ਗੁਰਿਆਈ। ਹਮ ਬਖਸ਼ੀ ਉਨ ਲਈ ਸੰਭਾਈ।੧੮।
ਹਮ ਮੈਂ ਉਨਮੈਂ ਭੇਦ ਕਿਛ ਨਾਹਿ ਉਨ ਮੈਂ ਹਮ ਓਇ ਹਮਰੇ ਮਾਂਹਿ'।
ਐਸੇ ਬੰਦਾ ਦਯੋ ਸਮਝਾਇ। ਚੰਗੀ ਵਿਧ ਵਹਿ ਚਹੈ ਕਮਾਇ।੧੯।

ਦੋਹਰਾ: ਜਬ ਸਤਿਗੁਰ ਆਗਜਾ ਦਈ ਬੰਦੇ ਪੰਜਾਬੇ ਜਾਣ।
ਸਾਹਿਬਜ਼ਾਦੈ ਜਿਨ ਘਏ ਤਿਨ ਕੋ ਕਰਨੋ ਘਾਣ।੨੦।

ਚੌਪਈ: ਜੋ ਜੋ ਆਗਜਾ ਸਤਿਗੁਰ ਦਈ। ਸੋ ਬੰਦੈ ਕਾਗਜ਼ ਲਿਖ ਲਈ।
'ਹਮਰੈ ਸੰਗ ਭੇਜੀਓ ਸੋਊ। ਬਤਾਵੈ ਸਿਖਯਾ ਸਿੱਖੀ ਜੋਊ'।੨੧।

. Sri Satguru Jagjit Singh Ji eLibrary NamdhariElibrary@gmail.com .

ਤਬ ਗੁਰ ਸਿੰਘ ਮਝੈਲ ਰਲਾਏ। ਬਾਬੇ ਬਿਨੋਦ ਸਿੰਘ, ਕਾਨ੍ਹ ਸਿੰਘ ਚੜ੍ਹਾਏ।
ਦਯਾ ਸਿੰਘ ਔਨਿਨ ਸਿੰਘ ਭਲੇ। ਭੇ ਹਜੂਰ ਭੁਜੰਗੀ ਸੰਗ ਬੰਦੈ ਘਲੇ।੨੨।
ਬਾਜ ਸਿੰਘ ਥਲਮੀਰ ਪੁਰ ਪੱਟੀ ਵਾਰੋ। ਸਤਿਗੁਰ ਸੰਗ ਦਏ ਭਾਈ ਚਾਰੋਂ।
ਔਰ ਚੜ੍ਹਾਏ ਬਡ ਸਿਦਕ ਵਾਰੇ। ਰਹਤ ਹਜੂਰ ਥੇ ਗੁਰੂ ਪਿਆਰੇ।੨੩।
ਮਝੈਲ ਸਿੱਖਨ ਕੋ ਲਿਖੀ ਅਰਦਾਸ। 'ਦੇਖਤ ਆਯੋ ਬੰਦੈ ਕੇ ਹੀ ਪਾਸ।
ਜੋ ਹੈਂ ਦੋਖੀ ਖਾਲਸੈ ਭਾਰੇ। ਜਿਨੈ ਸ਼ਾਹਬਜ਼ਾਦੈ ਹੈਂ ਮਾਰੇ।੨੪।
ਕਰਜੋ ਖੋਟ ਨਿਜ ਪਰਬਤ ਵਾਰਨ। ਤਿਨਕੋ ਲੂਟੋ ਖੂਬ ਪਹਾਰਨ।
ਪ੍ਰਿਥਮ ਖਜੀਦੈ ਲੀਜੋ ਮਾਰ। ਬਹੁਤ ਮੁਰਦਾ ਤਿਹਿ ਕਰਜੋ ਖੁਵਾਰ'।੨੫।

ਖਾਲਸੇ ਦੀ ਅਰਦਾਸ

੩੯. [ਬੰਦੇ ਨੂੰ ਖਾਲਸੇ ਦੀ ਸਲਾਹ ਵਿਚ ਤੁਰਨ ਦੀ ਤਗੀਦ]

ਚੌਪਈ: ਤਬੈ ਖਾਲਸੇ ਕਰੀ ਅਰਦਾਸ। ਹਾਥ ਜੋੜ ਸ੍ਰੀ ਸਤਿਗੁਰ ਪਾਸ।
'ਹਜੂਰੋਂ ਪਾਤਿਸ਼ਾਹੀ ਖਾਲਸੇ ਦਈ। ਹਜੂਰੋਂ ਮੁਖੋਂ ਕਈ ਵਾਰ ਬਖਸ਼ਈ।੧।
ਖਾਲਸੋ ਮਾਰੈ ਤੁਰਕਨ ਤੁਮ ਤਾਣੈ। ਤੁਰਕ ਗਏ ਹਮ ਦਰਗਾਹੋਂ ਜਾਣੈ।
ਜੋ ਬੰਦਾ ਪਾਤਸ਼ਾਹੀ ਚਾਹੈ। ਤਬ ਹਮ ਇਨਕੇ ਨਾਲ ਨ ਰਾਹੈਂ'।੨।

ਦੋਹਰਾ: ਸਤਿਗੁਰ ਸੁਨਿਓ ਖੁਸ਼ ਭਏ, ਸੋਊ ਬੰਦੇ ਕਹਿ ਦੀਨ।
'ਤੂੰ ਨਾ ਮੰਨੈ ਜਬ ਖਾਲਸੈ ਤਬ ਹੁਵੈਗੀ ਤੁਮਰੀ ਹੀਨ।੩।
ਜੋ ਤੂੰ ਸਿੰਘਨ ਖੁਸ਼ ਰਖੈਂ ਤੌ ਰਹੈਂ ਸਦਾ ਤੂੰ ਸੁੱਖ।
ਜੇ ਤੂੰ ਸਿੰਘਨ ਦੁਖ ਦੇਵੈਂ ਤੌ ਤੂੰ ਪਾਵੈਂ ਦੁੱਖ'।੪।

ਚੌਪਈ: ਤਬ ਬੰਦੈ ਮਨਜੂਰ ਸੁ ਕਰੀ। ਤੁਰਜੋ ਖਾਲਸਹ ਉਸ ਹੀ ਘਰੀ।
ਚਿੱਠੇ ਹਜ਼ੂਰੀ ਲਏ ਲਿਖਾਇ। ਮੱਧ ਪੰਜਾਬ ਜੁ ਸਿੰਘ ਰਹਾਇਂ।੫।

ਦੋਹਰਾ: 'ਜੋ ਆਇ ਮਿਲੈ ਖਾਲਸੈ ਉਹ ਸੁਖ ਸਾਰਾ ਲੇਹਿ।
ਜੋ ਆਇ ਰਲੈ ਨ ਖਾਲਸੇ ਰੱਯਤ ਤਿਸੈ ਬਣੇਹੁ'।੬।

ਚੌਪਈ: ਬੰਦੈ ਕਹੀ ਬੰਦ ਕਰ ਹਾਥ। 'ਹਮ ਮਾਨੈਂਗਾ ਸਿੰਘਨ ਬਾਤ।
ਭੀੜ ਪੜੈ ਜਹਿਂ ਹਮ ਪਰ ਆਇ। ਤਹ ਤੁਮ ਕਰਨੀ ਬਨਗੁ ਸਹਾਇ।੭।
ਰਿੱਧਿ ਸਿੱਧਿ ਕਿਛ ਹਮ ਭੀ ਦੱਯੈ। ਜਿਮ ਪਤਿਆਰੋ ਜਗ ਮੈਂ ਪੱਯੈ।
ਜੌ ਮੈਂ ਕਰੋਂ ਸਿੰਘਨ ਸੌਂ ਧੋਹੁ। ਤੌ ਮੈਂ ਤੇ ਲਜੋ ਅਗਲੀ ਖੋਹ'।੮।
ਤਿਸ ਕੌ ਸਤਿਗੁਰ ਯੌ ਪੁਨ ਕਹੀ। 'ਸੌਂਪ ਸਭੀ ਹਮ ਖਾਲਸੈ ਦਈ।
ਹਮਨੈ ਖਾਲਸੇ ਤੂੰ ਭੀ ਰਲਾਯਾ। ਤੈਂ ਭੀ ਖਾਲਸਜੋਂ ਵੰਡਾ ਪਾਯਾ।੯।
ਪੰਜ ਸਿੰਘ ਲੈ ਕੇ ਤੂੰ ਸਾਥ। ਕਰ ਅਰਦਾਸ ਪੂਰੀ ਹੋਇ ਬਾਤ'।
ਯੌ ਸੁਨ ਬੰਦੈ ਕਰੀ ਚੜ੍ਹਾਈ। ਡੇਰਾ ਤੋਰਜੋ ਸਿਰਹੰਦੈ ਦਾਈ।੧੦।

. Sri Satguru Jagjit Singh Ji eLibrary NamdhariElibrary@gmail.com .

ਬੰਦੇ ਦਾ ਨਿਸ਼ਚਾ

੪੦. [ਬੰਦੇ ਦਾ ਪ੍ਰਤਾਪ]

ਦੋਹਰਾ: ਤੌ ਚਿਤ ਬੰਦੈ ਇਮ ਅਈ ਅਬ ਲੀਜੈ ਬਚਨ ਪ੍ਰਤੋਇ।
ਸਦ ਸਿੰਘਨ ਦਿਵਾਨ ਲਗਾਇਕੈ ਬਿੱਚੈ ਆਪ ਖਲੋਇ।੧।

ਚੌਪਈ: ਸਤਿਗੁਰ ਬਚਨ ਲੱਯੈ ਪਰਤਾਈ। ਸਿੱਖ ਪੰਜ ਤਿਨ ਲਏ ਬੁਲਾਈ।
ਹਾਥ ਜੋੜ ਵਿਚ ਆਪ ਖਲੋਯੋ। ਸੁਬਤ੍ਰ ਖਾਲਸੋ ਇਕ ਮਨ ਹੋਯੋ।੨।
'ਨਹੀਂ ਖਰਚ ਅਬ ਹਮਰੇ ਪਾਸ। ਆਵੈ ਖਰਚ' ਯੌ ਕਰੀ ਅਰਦਾਸ।
ਅਏ ਲੁਬਾਣੇ ਲਗ ਗਈ ਲਾਰ। ਦਜੋ ਦਸਵੰਧ ਉਨ ਕਈ ਹਜ਼ਾਰ।੩।
ਸੋਊ ਬੰਦੇ ਆਇ ਆਗੈ ਧਰਜੋ। ਕਰਾਇ ਅਰਦਾਸ ਬੰਦੈ ਹਥ ਫਰਜੋ।
ਬੰਦੇ ਬਧੀ ਖਾਲਸੇ ਪ੍ਰੀਤ। ਨਿਸ਼ਚੈ ਭਯੋ ਬੰਦੈ ਮਧ ਚੀਤ।੪।
ਬੰਦੈ ਖਾਲਸੇ ਦਿਵਾਨ ਲਗਾਵੈ। ਅਕਾਲ ਉਸਤਤਿ ਵਾਰ ਚੰਡੀ ਪੜ੍ਹਾਵੈ।
'ਅਕਾਲ ਅਕਾਲ' ਕਾ ਜ਼ਾਪ ਜਪਾਵੈ। 'ਵਾਹਿਗੁਰੂ ਵਾਹਿਗੁਰੂ' ਸਦਾ ਮੁਖ ਗਾਵੈ।

ਦੋਹਰਾ: ਬੰਦਾ ਪੰਜਾਬਹਿ ਕੋ ਚੜ੍ਹਜੋ ਲਯੋ ਖਾਲਸੋ ਸਾਥ।
ਲੈਨ ਬੈਰ ਗੁਰ ਸੁਤਨ ਸੁਨ ਆ ਟੇਕੈਂ ਸਿਖ ਮਾਥ।੬।

ਚੌਪਈ: ਜਹਿਂ ਬੰਦਾ ਆਨ ਪਲਕ ਖਲੋਵੈ। ਰਿਧਿ ਆਨ ਉਹਾਂ ਸਿੱਖਨ ਢੋਵੈਂ।
ਜੋਊ ਬੀਰ ਬੰਦੈ ਥੇ ਪਾਸ। ਆਵੈਂ ਸਿੱਖਨ ਸੁਨ ਅਰਦਾਸ।੭।
ਯੌਂ ਕਰ ਬੰਦੈ ਭਈ ਪ੍ਰਤੀਤ। ਤਬ ਬੰਦਾ ਭਯੋ ਨਿਸ਼ਚਲ ਚੀਤ।
ਪੁਤ ਮੰਗੈ ਤਿਸ ਦ੍ਵਾਏ ਪੂਤ। ਦੁਧ ਮੰਗਤ ਦੇ ਦੁੱਧ ਬਹੂਤ।੮।
ਜੇਕਰ ਕੋਈ ਦੁਖੀਆ ਆਵੈ। ਕਰ ਅਰਦਾਸ ਤਿਸ ਦੂਖ ਮਿਟਾਵੈ।
ਵਾਹਿਗੁਰੂ ਕਾ ਜਾਪ ਜਪਾਵੈ। ਜੌ ਮਾਂਗੈ ਤਿਸ ਸੌਊ ਦਿਵਾਵੈ।੯।
ਐਸੀ ਜਗ ਮੈਂ ਪਰ ਗਈ ਧਾਂਕ। ਆਇ ਮਿਲੈਂ ਰਾਣਾ ਔ ਰਾਂਕ।
ਦੂਰਹਿਂ ਤੇ ਜੋ ਨਿੰਦਤ ਆਵੈ। ਹੁਇ ਨੇੜੈ ਵਹੁ ਚਰਨੀ ਪਾਵੈ।੧੦।
ਜਹਿਂ ਬੰਦਾ ਆਇ ਡੇਰਾ ਕਰੇ। ਕਾਢ ਮੋਹਰ ਸੋ ਤਹਿਂ ਬਹੁ ਧਰੇ।
ਦੀਵੈ ਪਾਵੈ ਤੇਲੀ ਤੇਲ। ਇਕ ਮੋਹਰ ਤਿਹ ਦੇਵੈ ਮੇਲ।੧੧।
ਠੂਠੀ ਭਾਂਡਾ ਲਜਾਵੈ ਘੁਮਜਾਰ। ਦੇਵੈ ਮੋਹਰ ਕਢ ਖੀਸਜੋਂ ਡਾਰ।
ਲਕੜੀ ਚੂਹੜੋ ਲਜਾਵੈ ਜੋਈ। ਮੋਹਰ ਖੀਸਜੋਂ ਦੇਵੈ ਓਈ।੧੨।

ਦੋਹਰਾ: ਖਾਲੀ ਕਿਸੇ ਮੁ ਨਹਿ ਛਡੇ ਮੋਹਰੁ ਸੁ ਦਏ ਫੜਾਇ।
ਜੋ ਆਵੈ ਔ ਸਜੂਦ ਹੁਇ ਤਿਹ ਸੰਗ ਲਏ ਚੜ੍ਹਾਇ।੧੩।

. Sri Satguru Jagjit Singh Ji eLibrary NamdhariElibrary@gmail.com .

ਬਾਬੇ ਬੰਦੇ ਦਾ ਹੋਰ ਹਾਲ

੪੧. [ਕੈਥਲ ਦੇ ਫੌਜਦਾਰ ਨਾਲ ਜੁੱਧ]

ਦੋਹਰਾ: ਬੰਦੈ ਪੈ ਸੁਨ ਮਾਲ ਬਹੁ ਪਰੀ ਰਾਹਿ ਬਡਿ ਧਾਰ।
ਸਿੰਘਨ ਨੇ ਫੜ ਸੋ ਲਏ ਕੂਟ ਲੂਟ ਔ ਮਾਰ।੧।

ਚੌਪਈ: ਜਿਸ ਨਿਸ ਚੋਰ ਧਾੜ ਕੋ ਆਵੈ। ਸੋ ਪਹਿਲੇ ਖਾਲਸੇ ਬੰਦਾ ਬਤਾਵੈ।
ਰਹੈਂ ਤਜਾਰ ਉਸ ਲੇਵੈਂ ਮਾਰ। ਇਮ ਖਾਲਸੇ ਸੌਂ ਵਧਜੋ ਪਿਆਰ।੨।

ਦੋਹਰਾ: ਸੁਣ ਬਾਣੀ ਖੁਸ਼ੀਆਂ ਕਰੈਂ ਸਿੰਘਨ ਕੋ ਹਿਤ ਲਾਇ।
'ਅਬੈ ਬਜੀਦੇ ਮਾਰਹੌਂ ਸਭ ਲੋਕਨ ਦਿਖਲਾਇ'।੩।

ਚੌਪਈ: ਅਬ ਬੰਦਾ ਇਮ ਸਿੰਘਨ ਕਹੈ। 'ਸੱਦੋ ਸਿੰਘ ਜੁ ਪਾਛੇ ਰਹੈ।
ਆਇ ਕਰੈਂ ਜੁ ਗੁਰ ਕਹਜੋ ਕਾਜ। ਫੇਰ ਲੇਹਿੰ ਸੋਈ ਭੂਮਹਿ ਰਾਜ'।੪।
ਤਬ ਬੰਦਾ ਆਇ ਬਾਂਗਰ ਬੜਾ। ਤਾਂਹਿ ਮਾਜ਼ਰਾ ਥਾ ਇਕ ਅੜਾ।
ਆਈ ਮਾਰਨ ਤਿਸ ਇਕ ਧਾੜ। ਸੁਨ ਲਇਓ ਪਿੰਡ ਹੋਣੋ ਉਜਾੜ।੫।
ਬੰਦੇ ਦੇਖ ਦਈ ਬਹੁ ਧੀਰ। ਵੈ ਜਾਣੈ ਕਜਾ ਕਰੁਗੁ ਫਕੀਰ।
ਤੀਮੀਂ ਮਰਦ ਬਹੁ ਝਾੜੀਂ ਬੜੇ। ਰਹੇ ਬੰਦੈ ਪੈ ਸਿਖ ਹੀ ਖੜੇ।੬।

ਦੋਹਰਾ: ਬੰਦੈ ਕੈ ਮੁਖ ਕਹਿਣ ਕੋ ਓਇ ਕਥ ਕਰੈਂ ਪ੍ਰਤੀਤ।
ਸੋ ਬੰਦੈ ਔਰੈ ਠਟੀ ਮੱਧ ਸੁ ਅਪਨੈ ਚੀਤ।੭।

ਚੌਪਈ: ਪਕੜ ਪੈਂਚ ਬੰਦੈ ਨੇ ਲਏ। ਕੋਠੇ ਕੇ ਮਧ ਸੱਭ ਅੜਏ।
ਤੌ ਲੌ ਧਾੜ ਪਿੰਡ ਆਇ ਵੜੀ। ਬੰਦੈ ਵਲ ਸਭ ਦੇਖੈ ਖੜੀ।੮।
ਉਠ ਬੰਦੈ ਕਹੀ 'ਮਾਰੋ ਧਾੜ। ਮਾਰਨ ਅਏ ਇਨੈਂ ਲਜੋ ਮਾਰ'।
ਯੌ ਸੁਨਿ ਸਿੰਘਨ ਹੱਲਾ ਕੀਯੋ। ਪਕੜ ਸ੍ਰਦਾਰ ਧਾੜ ਕੋ ਲੀਯੋ।੯।
ਔ ਜੋ ਉਸੈ ਛਡਾਵਨ ਆਵੈ। ਸੋਊ ਉਹਾਂ ਆਪ ਫਸ ਜਾਵੈ।
ਓਇ ਮਾਰੈਂ ਸੇਲੇ ਤਰਵਾਰ। ਢੀਮਨ ਸੰਗ ਸਿੰਘ ਲੇਵੈਂ ਮਾਰ।੧੦।
ਐਸ ਅਚੰਭਾ ਉਹਾਂ ਭਇਆ। ਉਨਕੋ ਸ਼ਸਤਰ ਨਾਂਹਿ ਚੁਭਇਆ।
ਤੌ ਪਿੰਡ ਲੋਕਨ ਲੀਨੋਂ ਜਾਚ। ਹੈ ਬੰਦੇ ਮੈਂ ਬਰਕਤ ਸਾਚ।੧੧।
ਤਬ ਉਨ ਲੋਕਨ ਸ਼ਸਤ੍ਰ ਸੰਭਾਰੇ। ਲਏ ਧਾੜਵੀ ਉਨ ਬਹੁ ਮਾਰੇ।
ਹੁਤੇ ਪੰਚ ਜੋ ਕੈਦੇ ਕਰੇ। ਛੋਡ ਦਏ ਤੇ ਉਨ ਬਹੁ ਫਰੇ।੧੨।

ਦੋਹਰਾ: ਕਿਛੁ ਪਕੜ ਕਿਛੁ ਮਰ ਗਏ ਕਿਛੁ ਸ਼ਸਤਰ ਗਏ ਖੁਹਾਇ।
ਤਬ ਬੰਦੈ ਫਿਰ ਯੌਂ ਕਹਜੋ 'ਚੜ੍ਹ ਮਾਰੋ ਉਸੈ ਗਿਰਾਇ'।੧੩।

ਚੌਪਈ: ਤਖਹ ਸਿੰਘ ਉਨ ਗੋਲੇ ਗਏ। ਪਿੰਡ ਛੋਡ ਵਹਿ ਅਗੇ ਨਠਏ।
ਲੁਟ ਪਿੰਡ ਉਸ ਡੇਰਾ ਕਯੋ। ਬੰਦੈ ਕੋ ਅਤ ਦਾਬੋ ਭਯੋ।੧੪।

Sri Satguru Jagjit Singh Ji eLibrary NamdhariElibrary@gmail.com

ਬਾਂਧ ਬੰਦੈ ਨੇ ਸਭ ਛਡ ਦਈ। ਉਨੈਂ ਉਤੇ ਫਿਰ ਕਿਰਪਾ ਕਈ।
ਬੰਦੈ ਕਹੀ 'ਇਨ ਚੀਜ ਭੀ ਦੇਵੋ। ਚਾਂਦੀ ਸੋਇਨੋ ਔ ਧਾਤ ਹਥੇਵੋ'।੧੫।

ਦੋਹਰਾ: ਤਖ ਬੰਦਾ ਕੰਧ ਪੈ ਚੜ੍ਹਜੋ ਲਾਤਨ ਕੂਟੀ ਸੋਇ।
'ਆਵਤ ਘੋੜੇ ਦਿਸਤ ਹੈਂ ਕਿੱਲੇ ਘੜਾਵੌਂ ਤੋਇ।੧੬।

ਚੌਪਈ: ਤਬ ਬੰਦੇ ਨੇ ਊਚ ਉਚਾਰੀ। 'ਕਿੱਲੇ ਠੱਸਨ ਕੀ ਕਰੋ ਤਿਆਰੀ।
ਆਵੈਂ ਘੋੜੇ ਆਪਹਿ ਅਬੀ। ਢੀਲ ਨ ਕਰਨੀ ਫੜ ਲਜਾਯੋ ਤਬੀ'।੧੭।
ਕਹਿਤ ਬੰਦਾ ਜਬ ਐਸੇ ਭਯਾ। ਜਤਨ ਖਾਲਸੇ ਸੋਈ ਕਯਾ।
ਲੋਕ ਦੁਫੇਰੇ ਬੰਦੇ ਘੱਲੇ। ਆਇ ਕਰੋ ਹਮ ਸੋਂ ਸਭ ਗੱਲੇ।੧੮।
ਦੂੱਧ ਦਹੀਂ ਘ੍ਰਿਤ ਹਮ ਲੈ ਮਿਲੈਂ। ਔਰ ਨ ਮੰਗੋ ਜੌ ਹਮ ਸਿੰਗ ਭਿਲੈਂ।
ਦੇਊ ਤੁਮਕੋ ਮੁਲਕ ਮਿਲਾਇ। ਹੋਵ ਖਾਲਸੋ ਤੁਮ ਭੀ ਆਇ।੧੯।

ਦੋਹਰਾ: ਕੌਣ ਮੰਨੇ ਬਿਨ ਭਾਗਿਓਂ ਭਏ ਫਰਜਾਦੀ ਜਾਇ।
ਕੈਥਲ ਮੇਂ ਫੁਜਦਾਰ ਦੋ ਲਵਾਏ ਤਿਸੈ ਚੜ੍ਹਾਇ।੨੦।

ਚੌਪਈ: ਕੈਥਲ ਮੇਂ ਖਤ੍ਰੀ ਫ਼ੁਜਦਾਰ। ਕਰਤ ਉਗ੍ਰਾਹੀ ਫੌਜ ਥੋ ਦਾਰ।
'ਫਕੀਰ ਬੰਦੇ ਹਮ ਲੀਨੇ ਮਾਰ'। ਐਸੀ ਲੋਕਨ ਕਰੀ ਪੁਕਾਰ।੨੧।
'ਉਗ੍ਰਾਹੀ ਬੰਦ ਬੰਦੈ ਤੁਹਿ ਕਰੀ'। ਚੜ੍ਹਜੋ ਸੁਨਤ ਵਹਿ ਉਸ ਹੀ ਘਰੀ।
'ਪਕਰੌਂ ਉਸ ਅਰ ਲੇਵੌਂ ਲੂਟ। ਕਹਜੋ ਮੁਲਕ ਤੁਮ ਦੀਨੀ ਛੂਟ'।੨੨।
ਯੌ ਕਹਿ ਚੜ੍ਹਿਓ ਕੀਨੀ ਧਾਈ। ਬੰਦੇ ਢਿਗ ਵਹਿ ਪਹੁੰਚਜੋ ਆਈ।
ਉਠ ਬੰਦਾ ਵਿਚ ਕੰਧਨ ਵਰਜੋ। ਕੋਈ ਨ ਨਠਨ ਜਤਨ ਯੌ ਕਰਜੋ।੨੩।
ਜੋਊ ਜਤਨ ਥੋ ਬੰਦੈ ਕਮਾਯੋ। ਸੋਊ ਬੰਦੈ ਸੋ ਸਿੰਘਨ ਸਮਝਾਯੋ।
ਅਏ ਅਸਵਾਰ ਸਾਥ ਸੈ ਚਾਰ। ਲੂਟਨ ਆਏ ਬਾਂਗਰ ਵਾਰ।੨੪।

ਦੋਹਰਾ: ਟੋਲਤ ਆਪਹਿ ਤਹਿ ਗਯੋ ਜਹਿ ਬੈਠੋ ਬੰਦਾ ਲੁੱਕ।
ਲਗਜੋ ਸੁ ਮੰਦਾ ਬੋਲਣੇ ਰਹਜੋ ਬੰਦਾ ਕਰ ਚੁੱਪ।੨੫।
ਬੰਦੇ ਨੈ ਸਮਝਜੋ ਤਬੈ ਸਭ ਵੜੈ ਇੜੱਕੈ ਆਇ।
ਤਉ ਸਾਰਤ ਸਿੰਘਨ ਕਈ 'ਲੁੱਟੋ ਇਨੈਂ ਬਨਾਇ'।੨੬।

ਚੌਪਈ: ਉਠੇ ਸਿੰਘ ਬਾਗਨ ਲਪਟਾਇ। ਤੁਰੈਂ ਨ ਘੋੜੇ ਰਹੇ ਤੁਰਾਇ।
ਜੋ ਊਪਰ ਤੇ ਸ਼ਸਤ੍ਰ ਚਲਾਵਨ। ਉਨਕੇ ਸ਼ਸਤ੍ਰ ਨ ਸਿੰਘਨ ਘਾਵਨ।੨੭।
ਜੌ ਸਿੰਘ ਮਾਰੈਂ ਸੋਟਾ ਡਲਾ। ਉਨ ਤਨ ਲਾਗੈ ਦੁਖ ਦਾ ਭਲਾ।
ਜੇ ਨੱਠੈਂ ਤੌ ਨਠਨ ਨ ਪਾਵੈਂ। ਵਿਚ ਦੇ ਕੰਧਨ ਘੋੜਜੌਂ ਗਿਰਾਵੈਂ।੨੮।

ਦੋਹਰਾ: ਫੌਜਦਾਰ ਸੋ ਫੜ ਲਯੋ ਘੋੜਜੌਂ ਲਯੋ ਉਤਾਰ।
ਜਿਤਨੋ ਮੰਦਾ ਬੋਲਿਓ ਉਤਨੀ ਕਰੀ ਉਸ ਮਾਰ।੨੯।

Sri Satguru Jagjit Singh Ji eLibrary NamdhariElibrary@gmail.com

ਚੌਪਈ: ਮਿਹਰ ਫੇਰ ਉਸ ਬੰਦੈ ਕਈ। ਫਿਰ ਫੁਜਦਾਰੀ ਉਸਦੀ ਦਈ।
ਐਸ ਅਚੰਭੋ ਊਹਾਂ ਭਯੋ। ਉਹੀ ਹਾਥ ਤੇ ਪੈਸਾ ਲਯੋ।੩੦।
ਤਬੈ ਪਰੀ ਬੰਦੈ ਕੀ ਧਾਂਕ। ਪਰੀ ਉਗ੍ਰਾਹੀ ਮੁਲਕ ਉਸ ਮਾਕ।
ਉਸ ਹੀ ਗੈਲ ਸੁ ਫੌਜ ਲਗਾਈ। ਉਹੀ ਲਗੋ ਫਿਰ ਕਰਨ ਉਗ੍ਰਾਹੀ।੩੧।

ਸਾਖੀ ਪਿੰਡ ਸੇਹਰ ਖੰਡੇ ਕੀ

੪੨. [ਸਿਹਰ ਖੰਡੇ ਤੋਂ ਸਿੰਘਾਂ ਨੂੰ ਚਿੱਠੀ। ਮਝੈਲਾਂ ਦਾ ਰੋਪੜ ਕੋਲ ਰੁਕਣਾ]

ਦੋਹਰਾ: ਤਬ ਬੰਦੋ ਚੜ੍ਹ ਉਤਰਿਓ ਸੇਹਰ ਖੰਡੋ ਗ੍ਰਾਮ।
ਚਿੱਠੇ ਲਿਖੇ ਪੰਜਾਬ ਨੂੰ ਲੈ ਲੈ ਸਿੰਘਨ ਨਾਮ।੧।

ਚੌਪਈ: ਤਬ ਬੰਦੇ ਯੌ ਲਿਖ ਫੁਰਮਾਯੋ। 'ਦੇਸ਼ ਲੈਨ ਗੁਰ ਮੋਰ ਪਠਾਯੋ।
ਸ੍ਰਿਹੰਦੀਯਨ ਕੀ ਜੜ੍ਹ ਪੁੱਟਣ ਧਾਯਾ। ਪ੍ਰਬਤੀਅਨ ਕੋ ਮੈਂ ਮਾਰਨ ਆਯਾ।੨।
ਮੈਂ ਹੌਂ ਉਸੀ ਪੁਰਖ ਕੋ ਦਾਸਾ। ਕਰਜੋ ਖਾਲਸੈ ਜਿਸੈ ਪ੍ਰਕਾਸ਼ਾ।
ਜਿਨ ਗੁਰ ਜੀ ਸੋਂ ਬੈਰ ਕਮਾਯੋ। ਬਦਲੋ ਲੈਨ ਤਿਸੈ ਮੈਂ ਆਯੋ।੩।
ਤਿਨ ਤਿਨ ਕੋ ਮੈਂ ਮਾਰ ਗਵਾਊਂ। ਤੌ ਸਤਿਗੁਰ ਕੋ ਬੰਦਾ ਸਦਾਊਂ'।
ਯੌ ਪੁਨ ਖਾਲਸੈ ਲਿਖੀ ਅਰਦਾਸ। ਭੇਜੇ ਜੋ ਗੁਰ ਨਿਜ ਸਿਖ ਖਾਸ।੪।
ਜੋ ਸਤਿਗੁਰ ਸੋਂ ਸਿਖ ਹੋ ਸਾਬਤ। ਸਾਹਿਬਜ਼ਾਦੇ ਬੈਰਹ ਬਾਬਤ।
ਆਇ ਦਯੋ ਬੰਦੈ ਕੋ ਸਾਥ। ਗੁਰ ਕੋ ਸਿਖ ਸੋ ਸਿੱਖਨ ਭ੍ਰਾਤ।੫।

ਦੋਹਰਾ: ਜੋ ਖਾਲਸੇ ਮੈਂ ਆ ਰਲੈ ਪਤਿਸ਼ਾਹੀਓਂ ਵੱਡਾ ਹੋਇ।
ਜੋ ਖਾਲਸੇ ਸੌਂ ਨਹਿੰ ਮਿਲੈ ਰਹਿ ਪਛੁਤਾਵਤ ਓਇ।੬।

ਦੋਹਰਾ: ਕਾਬਲ ਔ ਕੰਧਾਰ ਲੌ ਠੱਠੈ ਭੱਖਰ ਦਾਇ।
ਪੂਰਬ ਦੱਖਣ ਉਤਰ ਸੁ ਚਿੱਠੇ ਦਏ ਪਹੁੰਚਾਇ।੭।

ਚੌਪਈ: 'ਜੋ ਜੋ ਸਿਖ ਹੈ ਗੁਰ ਕੋ ਪੂਰੋ। ਸ਼ਜ਼ਾਦਨ ਬੈਰ ਲੈਨ ਅਯੋ ਜ਼ਰੂਰੋ।
ਜੋ ਜੀਵਗੁ ਸੋ ਪਾਉਗੁ ਰਾਜ। ਜਾਉਗੁ ਮਰ ਹੋਊਗੁ ਅਗਲੋ ਕਾਜ'।੮।
ਐਸੀ ਭੇਜੀ ਲਿਖ ਅਰਦਾਸ। ਭੇਜੀ ਖਾਲਸੈ ਖਾਲਸੈ ਪਾਸ।
ਸੋ ਸੁਨ ਖਾਲਸੇ ਸਿਰ ਪਰ ਧਰੀ। ਤੁਰਤ ਰਲਨ ਕੀ ਤਯਾਰੀ ਕਰੀ।੯।
ਜਿਸੈ ਸਿਖ ਪਹਿ ਖਰਚ ਨ ਹੋਇ। ਬਿਨਾਂ ਖਰਚ ਬੰਡ ਖਾਵੈ ਸੋਇ।
ਅਸਿਖ ਸਿਖਨ ਕੋ ਦੇਵੈਂ ਨਾਹੀਂ। ਕਹੈਂ 'ਸਿੱਖ ਸਭ ਊਹਾਂ ਮਰਾਹੀਂ'।੧੦।

ਦੋਹਰਾ: ਹਥੀਂ ਪੈਰੀਂ ਪੈ ਲਵੈਂ ਕਰ ਦੂਨੋ ਚੌਨ ਕਰਾਰ।
'ਜੀਵਤ ਆਵੈਂ ਆਇ ਦਿਵੈਂ, ਮੁਏ ਅਗਲੇ ਸੰਸਾਰ'।੧੧।

ਚੌਪਈ: ਕਈ ਸਿੱਖ ਦੇਵੈਂ ਗੁਰ ਸ੍ਵਾਰਥ। 'ਤਨ ਮਨ ਧਨ ਦੇਹੁ ਗੁਰਹਿ ਪ੍ਰਮਾਰਥ'।
ਮਝੈਲ ਰਸਤੇ ਜੋ ਸਿਧੇ ਤਕਾਵੈਂ। ਤੁਰਕ ਫੌਜ ਬਹੁ ਰਾਹਿ ਰੁਕਾਵੈ।੧੨।

. Sri Satguru Jagjit Singh Ji eLibrary NamdhariElibrary@gmail.com .

ਪਹਿਲੋ ਸਿੰਘ ਬਨਜਾਰੇ ਰਲੇ। ਫੜ ਹਥ ਬਰਛੇ ਬੈਲ ਲਦ ਭਲੇ।
ਮਾਲਵੋ ਉਹਾਂ ਥਾ ਨੇੜੇ ਦੇਸ। ਓਇ ਭੀ ਮਿਲੇ ਹੁਇ ਬੰਦੇ ਪੇਸ਼।੧੩।
ਔ ਜੋ ਸਿੰਘ ਮਧ ਮਾਝੈ ਪੰਜਾਬੀ। ਤੁਰਕਨ ਲੰਘਨ ਮਧ ਬਹੁਤ ਖਰਾਬੀ।
ਬੰਧ ਜਥਾ ਵਲ ਪ੍ਰਬਤ ਸਿਧਾਏ। ਬੇਲੌ ਓਲੌ ਪ੍ਰਬਤ ਤਕਾਏ।੧੪।
ਇਮ ਕਰ ਕੀਰਤਿ ਪੁਰ ਵਲ ਆਏ। ਅਗੈਂ ਰੋਪੜੋਂ ਲੰਘਨ ਨ ਪਾਏ।
ਊਹਾਂ ਡੇਰਾ ਦਯੋ ਲਗਾਈ। ਸੋ ਬੰਦੈ ਪੈ ਖਬਰ ਪੁਚਾਈ।੧੫।
ਬੰਦੇ ਕਹਜੋ 'ਰਹੁ ਡੇਰਾ ਲਾਇ। ਹਮ ਆ ਨੇੜੈ ਲੇਹਿਂ ਮਿਲਾਇ'।
ਸੋਊ ਬਾਤ ਖਾਲਸੈ ਮੰਨ ਲਈ। ਰਹਜੋ ਊਹਾਂ ਦਿਨ ਖਾਲਸੋ ਕਈ।੧੬।

ਦੋਹਰਾ: ਅੰਮ੍ਰਿਤਸਰ ਥੋ ਚਲਤ ਲੌ ਔ ਬਹੈ ਜੁ ਬਿੱਚ ਪਹਾਰ।
ਪਿਸ਼ੌਰ ਸਿੰਘ ਰੋੜਾ ਹੁਤੋ ਤਿਨ ਦੀਨੋ ਖਰਚ ਬਿਚਾਰ।੧੭।

ਪ੍ਰਸੰਗ ਸਿਲੋਦੀ ਕੇ ਸਿੰਘਾਂ ਕਾ

੪੩. [ਆਲੀ ਸਿੰਘ ਮਾਲੀ ਸਿੰਘ ਦਾ ਬੰਦੇ ਨੂੰ ਮਿਲਣਾ]

ਚੌਪਈ: ਸ੍ਰਿਹੰਦ ਢਿਗ ਇਕ ਸਿਲੌਦੀ ਗ੍ਰਾਮ। ਹੁਤੇ ਉਹਾਂ ਸਿੰਘਨ ਕੇ ਧਾਮ।
ਤਿਨ ਮੈਂ ਇਕ ਆਲੀ ਸਿੰਘ ਨਾਮ। ਚਾਕ੍ਰੀ ਕਰਤ ਵਜ਼ੀਰੇ ਧਾਮ।੧।
ਨਬਾਬ ਸ੍ਰਿਹੰਦੀ ਉਸੇ ਬੁਲਾਯੋ। ਸੱਦ ਪੁਛਯੋ 'ਤੁਮ ਗੁਰ ਔਰ ਆਯੋ।
ਤੁਮਕੋ ਚਾਹੀਅਤ ਉਸ ਪਹਿ ਜਾਓ। ਉਸਕੋ ਤੁਮ ਈਹਾਂ ਲੈ ਆਓ।੨।
ਈਹਾਂ ਆਇ ਦੇਊਂ ਅਲਖ ਮਿਟਾਇ। ਰਲੈ ਪੁਤ੍ਰਨ ਗੁਰ ਸ਼ਿਤਾਬੀ ਜਾਇ'।
ਸਿੰਘਨ ਕਹੀ 'ਜਿ ਹੁਇ ਗੁਰ ਪੂਰਾ। ਤੌ ਆਪੈ ਆਊਗੁ ਕਜਾ ਤੁਮੈਂ ਜ਼ਰੂਰਾ'।੩।
ਫਿਰ ਉਨ ਕਹਜੋ 'ਤੁਮ ਕੈਦੈ ਪਾਵੈਂ। ਤਬ ਛੋਡੋਂ ਜਬ ਹਮੈਂ ਦਿਖਾਵੈਂ।
ਨਹਿ ਆਵੈ ਮੈਂ ਤੁਮ ਦੇਊਂਗੁ ਮਾਰ'। ਬੇੜੀ ਪਾਈ ਇਤੈ ਕਰਾਰ।੪।

ਦੋਹਰਾ: ਬੇੜੀ ਮੈਂ ਪਗ ਨਹਿਂ ਰਹੈ ਤੁਰਕ ਸੁ ਤੰਗ ਕਰਾਇ।
ਆਇ ਬੀਰ ਸਿੰਘਨ ਕਹੈ 'ਤੁਮ ਤੁਰੋ ਬੰਦੇ ਕੇ ਦਾਇ'।੫।

ਚੌਪਈ: ਤਬ ਸਿੰਘਨ ਕੋ ਮਨ ਪਤਿਆਯਾ। ਕਹਿ ਨਬਾਬ ਤੇ ਹਿਸਾਬ ਕਰਾਯਾ।
ਨਬਾਬ ਕਹੀ 'ਹਮ ਹਸ ਕਰ ਕਹੀ'। 'ਅਬ ਨਹਿ ਰਹੈ' ਸਿੰਘਨ ਉਸ ਕਹੀ।੬।
'ਤੁਹੀਂ ਕਹੈ ਇਹ ਮਰਨੋ ਡਰੈ। ਊਹਾਂ ਹੀ ਗਜੋ ਹਮੈ ਅਬ ਸਰੈ।
ਫੇਰ ਮਿਲੈਂ ਤਬ ਗੁਰਕੇ ਸਾਥ'। ਗੁਰ ਫਤੇ ਬੁਲਾਈ ਸਿਰ ਧਰ ਹਾਥ।੭।
ਸੇਹਰ ਖੰਡੇ ਰਾਹ ਪੁਛ ਲਯੋ। ਖਖਰੋਡ ਪਰਗਣੇ ਮੈਂ ਥੋ ਭਯੋ।
ਦਿੱਲੀ ਤੇ ਵਹਿ ਤੀਹ ਕੁ ਕੋਸ। ਤੁਰੇ ਸਿੰਘ ਦਿਲਕਰ ਇਮ ਹੋਸ।੮।
ਬੰਦੇ ਕੀ ਪਰਤੱਗਜਾ ਲਯੈ। 'ਬਜੀਰੈ ਮਾਰੈ' ਇਮ ਚਿੱਤ ਪਰਤਯੈ।
'ਜੋ ਹਮਕੋ ਵਹੁ ਲੈਹੈ ਨਾਮ। ਤਬ ਸਾਰੈ ਗੋ ਸਭ ਗੁਰ ਕਾਮ'।੯।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਦਸਹੁੰ ਭੁਜੰਗੀ ਥੇ ਤੁਰੇ ਆਲੀ ਮਾਲੀ ਸਿੰਘ ਸਾਥ।
ਦੂਰਉਂ ਬੰਦੈ ਦੇਖਕੈ ਧਰਜੋ ਮਾਥ ਪਰ ਹਾਥ।੧੦।

ਚੌਪਈ: ਵਾਹਿਗੁਰੂ ਕੀ ਫਤੇ ਬੁਲਾਈ। ਅਕਾਲ ਅਕਾਲ ਕੀ ਵਾਜ ਸੁਣਾਈ।
ਅਗੈ ਬੰਦੈ ਯੌ ਬਚਨ ਸੁਣਾਏ। ਚਾਹਤ ਅਪਨੇ ਨਾਮ ਬਤਾਏ।੧੧।
'ਆਲੀ ਮਾਲੀ ਸਿੰਘ ਭਸੌੜੀਏ ਆਏ। ਕਰਾਮਾਤ ਘਰੋਂ ਢੂੰਡਤ ਧਾਏ।
ਕਰਾਮਾਤ ਉਸ ਸਤਿਗੁਰ ਮਾਹੀਂ। ਭੇਜਣ ਵਾਰੋ ਲਾਜ ਰਖਾਹੀਂ'।੧੨।
ਯੌ ਕਹਿ ਉਨ ਕੋ ਨਾਮ ਸੁਨਾਯੋ। ਤੌ ਉਨ ਕੋ ਮਨ ਠੀਕ ਪ੍ਰਤਜਾਯੋ।
ਮਾਲੀ ਆਲੀ ਸਿੰਘ ਬੰਦੈ ਕਹੀ। 'ਉਨਮੈਂ ਤੁਮ ਮੈਂ ਭੇਦੋ ਨਹੀਂ।੧੩।
ਅਬਹ ਕਾਹੇ ਕੋ ਦੇਰ ਲਗਾਈ। ਕਰੋ ਕਾਰ ਕਰਨ ਆਇ ਜਾਹੀ'।
ਫਿਰ ਬੰਦੇ ਨੈ ਉਨ ਸੌਂ ਕਹੀ। 'ਸਿੰਘ ਆਵਤ ਹੈਂ ਮਿਲਨੇ ਕਈ।੧੪।
ਉਨ ਕੋ ਚਹਿਯੈ ਸੰਗ ਰਲਾਏਂ। ਇਮ ਕਰਿਕੈ ਹਮ ਦੇਰ ਲਗਾਏਂ।
ਜਿਨ ਪੈ ਅਗੈ ਚਿਠੈ ਥੇ ਗਏ। ਸੋ ਅਬ ਆਵਤ ਦੂਰੋਂ ਧਏ।੧੫।

ਦੋਹਰਾ: ਉਨ ਕੈ ਦਿਲ ਕੀ ਹਮ ਬੁਝੈਂ ਵੈ ਚਹੈਂ ਫਤੇ ਲਈ ਆਪ।
ਦੱਖਣ ਪੂਰਬ ਪੱਛਮੋਂ ਪਰਬਤਿ ਆਏ ਥਾਪ'।੧੬।

ਚੌਪਈ: ਤੌ ਲੌ ਮਾਲਵਜੋਂ ਖਾਲਸੋ ਆਯੋ। ਫਤੈ ਸਿੰਘ ਭਾਈ ਕਾ ਲਜਾਯੋ।
ਕਰਮ ਧਰਮ ਸਿੰਘ ਰੂਪੇ ਵਾਰੇ। ਆਏ ਤੇ ਭੀ ਗੁਰੂ ਪਿਆਰੇ।੧੭।
ਰਾਮਾ ਤਿਲੋਕਾ ਆਪ ਨ ਆਏ। ਦੇ ਦੇ ਖਰਚ ਉਨ ਭੇਜੇ ਪਟਾਏ।
ਮਹਿਰਾਜ ਵਾਲੇ ਕਿਛ ਲੁੱਟਣ ਆਏ। ਫੂਲ ਪੁਤ੍ਰਨ ਤੇ ਖਹਦ ਲੈ ਧਾਏ।੧੮।
ਕੋਟ ਕਪੂਰੀਏ ਆਏ ਨ ਕੋਈ। ਇਮ ਰਹਜੋ ਕਪੂਰੋ ਖਾਲੀ ਤੋਈ।੧੯।

ਪ੍ਰਸੰਗ ਸ਼ਹਿਰ ਸਮਾਣੇਂ ਕਾ

੪੪. [ਸਮਾਣਾ ਮਾਰਨਾ, ਵਜ਼ੀਰ ਖਾਂ ਨੂੰ ਫਿਕਰ ਕਿ ਬੰਦਾ ਸਿਰਹੰਦ ਆ ਰਿਹਾ ਹੈ]

ਦੋਹਰਾ: ਤਬ ਬੰਦੈ ਨੈ ਦੌੜ ਕਰ ਲਿਯੋ ਸਮਾਣਾਂ ਮਾਰ।
ਫਤੇ ਆਈ ਫਤੇ ਸਿੰਘ ਕੋ ਸੁ ਬੰਦੇ ਕੀਯੋ ਫੁਜਦਾਰ।੨੦।

ਚੌਪਈ: ਲਯੋ ਮਾਰ ਜਬ ਸ਼ਹਿਰ ਸਮਾਣੋ। ਤਬ ਤੁਰਕਨ ਸਿਰ ਕਹਿਰ ਬਿਹਾਣੋਂ।
ਬਿਨ ਬੋਦੀ ਜੋ ਸਿੰਘਨ ਪਾਯੋ। ਤੂੰਬੜਿ ਜਿਮ ਤਿਨ ਸੀਸ ਉਡਾਯੋ।੨੧।

ਦੋਹਰਾ: ਬਜੀਰੈ ਕਾਰਾ ਜਬ ਕੀਓ ਸਮਾਣੀਏਂ ਭੀ ਥੇ ਨਾਲ।
ਫੌਜਦਾਰ ਉਹ ਬੀ ਹੁਤੈ ਪਾਲਕੀ ਬਾਈ ਵਾਰ।੨੨।

ਚੌਪਈ: ਸ਼ਹਿਰ ਸਮਾਣੇਂ ਜਬ ਲਜੋ ਮਾਰ। ਗਯੋ ਦਲਿੱਦ੍ਰ ਦਲਿੱਦ੍ਰਨ ਵਾਰ।
ਤਬ ਬੰਦੈ ਨੇ ਚਿੱਤ ਬਿਚਾਰੀ। ਬਜੀਰੈ ਲੁਟੀਐ ਫੌਜ ਕਰ ਭਾਰੀ।੨੩।
ਉਹਾਂ ਬਜੀਰੇ ਘਲੇ ਹਲਕਾਰੇ। ਬੰਦੈ ਕਹਜੋ ਤਬ ਅਗਮ ਬਿਚਾਰੇ।
'ਇਕ ਹੈ ਕਾਣੋ ਇਕ ਹਥ ਏਕ। ਪਕੜ ਮੰਗਾਵੋ ਖਜਾਰੋਂ ਦੇਖ'।੨੪।

. Sri Satguru Jagjit Singh Ji eLibrary NamdhariElibrary@gmail.com .

ਜਹਿਂ ਢੁੱਸੇ ਸੋ ਤਹਾਂ ਸੇ ਖੜੇ। ਲਜਾਏ ਸਿੰਘ ਉਹਾਂ ਤੇ ਫੜੇ।
ਜੂਤੇ ਮਾਰਤੈ ਰੀਜੇ ਕਰੇ। ਨਾਮ ਬਜੀਰੈ ਲੈ ਲੈ ਖਰੇ।੨੫।
ਲਿਖ ਕੈ ਚਿਠੇ ਉਨ ਹਥ ਦਏ। ਕਹਜੋ 'ਬਜੀਰੇ! ਹਮ ਅਬ ਅਏ'।
ਯਹ ਸੁਨ ਬਜੀਰੇ ਚਿੰਤਾ ਜਾਨੀ। 'ਛਡੈ ਨ ਬੰਦਾ' ਯੌ ਮਤ ਆਨੀ।੨੬।
ਸ਼ਹਿਰ ਮਾਂਹਿ ਪੈ ਗਜੋ ਥਰਥੱਲਾ। ਘਰ ਘਰ ਚਲੀ ਬੰਦੇ ਕੀ ਗੱਲਾਂ।
ਆਯੋ ਆਈ ਬਹੁ ਬੰਦੈ ਭਈ। ਚਹਤ ਕਤਲ ਵਹ ਸ਼ਹਿਰੈ ਕਈ।੨੭।

ਦੋਹਰਾ: 'ਬਜੀਰੈ ਕੀਯੋ ਗਜਬ ਜੋ ਭਯੋ ਸ਼ਹਰ ਕੇ ਨਾਇ।
ਸੋ ਦੁਖ ਸੋ ਮੁਖ ਗੁਰ ਕਹਜੋ ਇਟ ਦਰਿਆਏ ਪਾਇ।੨੮।

ਚੌਪਈ: ਸੋਊ ਵਖਤ ਅਬ ਜਾਨੀਜਤ ਆਯਾ। ਸਤਿਗੁਰ ਬਚਨ ਨ ਖਾਲੀ ਜਾਯਾ।
ਉਸਕੀ ਕਰਨੀ ਹਮ ਸਿਰ ਆਈ'। ਐਸੇ ਆਖੈ ਸ਼ਹਰ ਲੁਕਾਈ।੨੯।

ਦੋਹਰਾ: ਕਹੈਂ ਸਿੱਖ ਪਛੁਤਾਇ ਤਬ ਸੁਲਖਣੈ ਮਸੰਦੈ ਬਾਤ।
'ਜੋ ਤੂੰ ਹਮ ਕੋ ਆਖਤੋ ਮਰਤ ਗੁਰਨ ਸੁਤ ਸਾਥ।੩੦।

ਚੌਪਈ: ਤੂੰ ਕਹ ਹਮਤੇ ਦਰਬ ਦਿਲਾਵਤ। ਸਾਥ ਸੂਰਨ ਔ ਮੋਤੀ ਤੁਲਾਵਤ।
ਸੁਊ ਦਰਬ ਸਭ ਲੁੱਟੀ ਜਾਉਗੁ। ਪ੍ਰਾਣ ਹਮੈ ਲੇ ਸੰਗ ਸਿਧਾਉਗੁ'।੩੧।

ਸਢੌਰੈ ਕਤਲ ਕੋ ਪ੍ਰਸੰਗ

੪੫. [ਸਢੌਰੈ ਦੀ ਕਤਲ ਤੇ ਪੀਰ ਦਾ ਮਕਬਰਾ ਸਾੜਿਆ]

ਚੌਪਈ: ਯੌ ਜਬ ਬੰਦੈ ਚਿੱਤ ਬਿਚਾਰੀ। 'ਬਜੀਰਾ ਲੁਟਾਯੈ ਕਰ ਫੌਜ ਸਾਰੀ।
ਮਤ ਮਝੈਲ ਸਿੰਘ ਰਹੈਂ ਸੁ ਖਾਲੀ। ਸੋ ਆਵੈਂਗੇ ਦੂਰੋਂ ਚਾਲੀ।੧।
ਜਮਨ ਉਵਾਰ ਜੁ ਸ਼ਹਰ ਤੁਰਕਾਣੋ। ਕੁੰਜ ਪੁਰ ਮਾਰੀਏ ਬੈਰ ਪੁਰਾਣੋ।
ਪਹਿਲੋ ਮਾਰ ਉਨੈਂ ਕੋ ਲੀਜੈ। ਤਉ ਲੌ ਮਝੈਲ ਰਲਾਇ ਸੁ ਲੀਜੈ'।੨।
ਸ਼ਹਰ ਸਢੌਰੋ ਤਿਨ ਸੁਨ ਲਯੋ। 'ਪੀਰ ਕਰਮਾਤੀ ਤਿਹ ਮਹਿ ਅਹਿਯੋ।
ਉਸੈ ਪ੍ਰਛਾਵੈਂ ਛੁਹੈ ਨ ਆਗ'। ਕਹਜੋ ਬੰਦੈ 'ਉਸ ਦਜੋਂ ਮੈਂ ਦਾਗ਼।੩।

ਦੋਹਰਾ: ਆਗ ਲਾਗ ਐਸੇ ਜ਼ਰੇ ਜੈਸੇ ਰੂਈ ਜਰਾਇ'।
ਬਿਨ ਹੀ ਆਸਰ ਔਰ ਕੇ ਚਲੈ ਸਮਾਲੈ ਦਾਇ।੪।

ਚੌਪਈ: 'ਜਾਰ ਉਸੈ ਦਜੋਂ ਰਾਖ ਉਡਾਈ। ਤੌ ਜਾਨਜੋ ਹਮ ਕਲਾ ਸਵਾਈ'।
ਯੌ ਕਹਿ ਕੀਨੀ ਬੰਦੈ ਧਾਈ। ਦੀਨੋਂ ਸੋਊ ਸ਼ਹਿਰ ਲੁਟਾਈ।੫।
ਹਿੰਦੂਅਨ ਕੇ ਘਰ ਲੀਨੇ ਰਾਖ। ਮੁਸਲਮਾਨ ਕਈ ਕਤਲੋ ਆਖ।
ਬੋਦੀ ਵਾਲੇ ਨਾਂਹਿ ਸਤਾਯੋ। ਬਿਨ ਬੋਦੀ ਦਿਖ ਮਾਰ ਗਵਾਯੋ।੬।

ਦੋਹਰਾ: ਜੋ ਹਿੰਦੂਅਨ ਘਰ ਜਾ ਛਿਪੇ ਤੇਊ ਲਏ ਉਬਾਰ।
ਜੋ ਸਿੰਘਨ ਕੇ ਹਥ ਚੜ੍ਹੇ ਸੋ ਉਨ ਦੀਨੇ ਮਾਰ।੭।

. Sri Satguru Jagjit Singh Ji eLibrary NamdhariElibrary@gmail.com .

ਚੌਪਈ: ਪੀਰ ਤਬੂਤ ਹੁਤ ਪੌਰ ਟਿਕਾਯਾ। ਤਿਸਕੇ ਹੇਠ ਥੋ ਰਾਹਿ ਚਲਾਯਾ।
ਜੋ ਤਿਸਕੇ ਪਰਛਾਵੇਂ ਆਵੇ। ਉਸ ਕੋ ਅਗਨੀ ਨਾਹਿ ਜਲਾਵੈ।੮।
ਹਿੰਦੂ ਹੁਇ ਭਾਵੇਂ ਮੁਸਲਮਾਨ। ਹੋਇ ਮਰੈ ਸੋ ਤੁਰਕ ਸਮਾਨ।
ਸੋ ਦਰਵਾਜਜੋਂ ਲਯੋ ਉਤਾਰ। ਕੱਢ ਸੰਦੂਖੋਂ ਵਹਿ ਦਜੋ ਜਾਰ।੯।
ਛੁਹੀ ਅਗਨ ਤਿਸ ਘ੍ਰਿਤ ਜਿਉਂ ਜਰਜੋ। ਜਨਕ ਬਰੂਦਹਿਂ ਤੋੜਾ ਧਰਜੋ।
ਭਈ ਰਾਖ ਉਸ ਛੁਹਤੇ ਆਗ। ਭਈ ਖਬਰ ਯਹਿ ਮੱਕੇ ਤਾਗ।੧੦।
ਤਬ ਬੰਦੇ ਯੌਂ ਮੁਖੋਂ ਉਚਾਰਾ। 'ਹਮ ਪੈ ਮੰਤ੍ਰ ਅਲੂਣਾ ਸਾਰਾ।
ਇਸ ਮੇਂ ਮੰਤ੍ਰ ਆਹਿ ਚੌਥਾਈ। ਯਾਂਤੇ ਹੋਤੀ ਅਗਨ ਬੁਝਾਈ'।੧੧।

ਸਾਖੀ ਬਜੀਰੇ ਦੇ ਮਾਰਨੇ ਕੀ

੪੯. [ਬਨੂੜ ਵਲ ਚੜ੍ਹਾਈ, ਵਜ਼ੀਰ ਖਾਂ ਦੇ ਸਿਪਾਹੀ ਧੋਖੇ ਹਿਤ ਭਰਤੀ ਹੋਏ]

ਦੋਹਰਾ: ਭਈ ਧੂਮ ਯਹ ਜਗਤ ਮੇਂ 'ਭਜੋ ਹਿੰਦੂ ਅਵਤਾਰ।
ਨਿਹਕਲੰਕ ਯਹਿ ਹੀ ਭਯੋ ਕਰੈ ਜੁ ਮੁਸਲੇ ਮਾਰ'।੧।

ਚੌਪਈ: ਕੋਊ ਕਹੈ 'ਯਹਿ ਹੈ ਜਾਦੂ ਕਰ'। ਕੋਊ ਕਹੈ 'ਯਹਿ ਹੈ ਰਸਾਇਨਗਰ'।
ਕੋਊ ਕਹੈ 'ਯਹਿ ਹੈ ਹਥ ਬੀਰ'। ਕੋਊ ਕਹੈ 'ਯਹਿ ਸਿਖ ਗੁਰ ਧੀਰ'।੨।
ਖੂਨੀ ਬਜੀਰੇ ਦੇ ਦਿਲ ਆਈ। 'ਹੈ ਹੋਣੀ ਯਹਿ ਹਮ ਸਿਰ ਆਈ'।
ਤਬਹਿ ਬਜੀਰੈ ਚਿੰਤਾ ਪਈ। 'ਹਮ ਕੋ ਬੰਦਾ ਛਾਡਤ ਨਹੀਂ।੩।
ਇਸ ਕੇ ਪਾਸ ਅਹੈਂ ਦੋਊ ਬੀਰ। ਔਰ ਪੰਚ ਗੁਰ ਦੀਨੇ ਤੀਰ।
ਪ੍ਰਿਥਮੈ ਬੰਦਾ ਕਾਲਾ ਨਾਗ। ਤੀਰ ਭਏ ਤਿਸ ਫੰਘੇ ਲਾਗ।੪।
ਇਸ ਪਰਛਾਵੇਂ ਪਰੈ ਨ ਧਰਨ। ਕਹੈਂ 'ਧਰਨ ਉਸ ਲਗੈ ਨ ਚਰਨ।
ਰਿੱਧਿ ਸਿੱਧਿ ਮੈਂ ਹੈ ਸੋ ਪੂਰੋ। ਬਾਨ ਬਾਹਿ ਯਹਿ ਹੈ ਅਤਿ ਸੂਰੋ'।੫।
ਉਤਰੈ ਚੜੈ ਗਟੀ ਮਨ ਮਾਂਹੀ। ਚਪੇ ਚੋਰ ਜਿਮ ਢੀਠ ਕਰਾਹੀ।
'ਸੋ ਹਮਕੋ ਅਬ ਛਾਡਤ ਨਾਹੀਂ। ਨਠ ਕਰ ਬਚਨ ਹਮ ਜਗਾ ਨ ਪਾਹੀ।੬।

ਦੋਹਰਾ: ਜੌ ਬੰਦਜੋਂ ਹਮ ਭਜ ਬਚੈਂ ਪਤਸ਼ਾਹੈ ਤੇ ਕਹਿੰ ਜਾਉਂ।
ਬਾਈ ਮੂਬਨ ਮੈਂ ਕਹੂੰ ਲੁਕਨ ਨ ਮੋਕਉ ਥਾਉਂ'।੭।

ਚੌਪਈ: ਤੌ ਵਹਿ ਪਾਪੀ ਮਨ ਪਛੁਤਾਵੈ। ਬੀਤਜੋ ਵਖਤ ਹਾਥ ਨਹਿੰ ਆਵੈ।
'ਮੈਂ ਭੁਲ ਗਯੋ ਕਹੇ ਸੁਚਿ ਨੰਦ। ਭਏ ਭਾਗ ਤਬ ਮੇਰੇ ਮੰਦ'।੮।
ਤਬ ਇਕ ਛਲੀਯੇ ਬਜੀਰੈ ਕਹਜੋ। 'ਛਲ ਕਰ ਮਾਰੋਂ ਬੰਦੈ ਅਹਜੋ।
ਹਜਾਰ ਸਿਪਾਹੀ ਮੈਂ ਲੈ ਜਾਊਂ। ਸੋ ਬੰਦੇ ਕੇ ਸਾਥ ਰੁਲਾਊਂ।੯।
ਜਬ ਆਇ ਪਰ ਹੈ ਗਾਢ ਲਰਾਈ। ਦਿਹੋਂ ਲੂਟ ਮੈਂ ਖਿਚੇ ਮਚਾਈ।
ਫਿਰ ਬੰਦੈ ਫੜ ਲੈਗੁ ਫਕੀਰ। ਤੌ ਤੁਮ ਤੇ ਵਡ ਲਜੋਂਗੁ ਜਗੀਰ'।੧੦।
ਵਹੀ ਬਜੀਰੈ ਲੀਨੀ ਮਾਨ। ਦਰਬ ਖਰਚ ਕੋ ਦੀਨੀ ਆਨ।
'ਬੰਦੇ ਮਾਰ ਆਵੇਂ ਮੁਹਿ ਪਾਹਿ। ਦੇਉਂਗ ਬਡੀ ਜਗੀਰ ਦਿਵਾਇ'।੧੧।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸੋ ਭਜ ਬੰਦੈ ਆ ਮਿਲਜੋ ਕਹੈ 'ਆਯੋ ਹਿੰਦੂ ਮੈਂ ਜਾਣ'।
ਰੰਘੜ ਬੇਈਮਾਨ ਥੋ ਸੋ ਉਨ ਲਯੋ ਪਛਾਣ।੧੨।
ਤਬ ਬੰਦੈ ਉਸਕੋ ਕਹਜੋ 'ਤੁਮ ਦਿਲ ਸਾਬਤ ਨਾਹਿਂ।
ਜੋ ਤੂੰ ਕਰੈਂ ਸੁ ਪਾਇ ਹੈਂ ਹਮ ਤੁਮ ਫੇਰਤ ਨਾਹਿਂ'।੧੩।

ਚੌਪਈ: ਤਬ ਬੰਦੇ ਖੀਸੇ ਹਥ ਪਾਯੋ। ਕਈ ਮੁਠੀ ਦਈ ਮੁਹਰ ਫੜਾਯੋ।
'ਲੈ ਜੇਤੀ ਤੁਹਿ ਸਾਥ ਸਿਪਾਹ! ਲੂਣ ਹਮਾਰੋ ਤੂ ਪੇਟ ਪਾਇ।੧੪।
ਲੂਣ ਖਾਇ ਜੋ ਕਰੇ ਬੁਰਾਈ। ਮਰੈ ਤੁਰਤ ਸੋ ਛਿਨ ਹੀ ਆਈ'।
ਤਬ ਬੰਦੈ ਨੇ ਕੂਚ ਕਰਾਯਾ। ਮਾਰ ਖਨੂੜ ਆ ਡੇਰਾ ਲਾਇਆ।੧੫।
ਹਿੰਦੂ ਭੀ ਉਸ ਲਏ ਬਚਾਇ। ਮੁਸਲਮਾਨ ਚੁਨ ਦੀਨੇ ਘਾਇ।
ਸਿੰਘ ਮਝੈਲਨ ਲਯੋ ਬੁਲਾਇ। ਕਹਿਓ 'ਆਓ ਪਹਾੜਨ ਦਾਇ'।੧੬।

ਸਾਖੀ ਪ੍ਰਸੰਗ ਮਲੇਰੀਏ ਪਠਾਨ ਅਖਵਾਜਾ ਖਿਦ੍ਰ ਮਰਦੂਦ ਔਰ ਦੋਇ ਭਾਈ ਮਰਨੈ ਕੈ ਜੰਗ ਕੀ

੪੭. [ਰੋਪੜ ਨੇੜੇ ਮਲੇਰੀਆਂ ਨਾਲ ਲੜਾਈ, ਖ੍ਵਾਜਾ ਖਿਜਰ ਆਦਿਕ ਮਰੇ, ਸ਼ੇਰ ਮੁਹੰਮਦ, ਜਿਸ ਹਾਹ ਦਾ ਨਾਅਰਾ ਮਾਰਿਆ ਸੀ, ਬਚਿਆ]

ਦੋਹਰਾ: ਬੰਦੇ ਪਠਾਏ ਸਿੰਘ ਥੇ ਤੇ ਫਿਰ ਲੀਏ ਬੁਲਾਇ।
'ਹਮ ਆਵੈਂ ਸਰਹਿੰਦ ਕੋ ਤੁਮ ਆਵੋ ਰੋਪੜ ਦਾਇ'।੧।

ਚੌਪਈ: ਸੁਨਤ ਸੁ ਚਿੱਠੋ ਖਾਲਸੋ ਚੜਿਓ। ਰੋਪੜ ਦਰੇ ਜਾਇ ਸੋ ਵੜਿਓ।
ਹ ਜਬ ਖਬਰ ਬਜੀਰੇ ਭਈ। ਉਧਰ ਫੌਜ ਮਲੇਰੀਅਨ ਠਈ।੨।
ਤਿਨ ਮੇਂ ਚਾਰ ਸ੍ਰਦਾਰ ਥੇ ਆਈ। ਨਾਹਰ ਖਾਂ ਕੇ ਥੇ ਜੋ ਭਾਈ।
ਅਖ੍ਵਾਜ ਖਿਦਰ ਔ ਮੁਹੰਮਦ ਸ਼ੇਰ। ਔਰ ਭਾਈ ਦੁਇ ਹੁਤੇ ਮਤੇਰ।੩।
ਤੇ ਕਰ ਦੌੜ ਸਿੰਘਨ ਪਰ ਪੜੇ। ਦੇਖ ਫੌਜ ਸਿੰਘ ਹੋ ਪਏ ਖੜੇ।
ਸਿੰਘ ਪਠਾਨਨ ਪੜ ਗਜੋ ਭੇੜ। ਸਿੰਘਨ ਪੈ ਉਨ ਕੀਨੋ ਨੇੜ।੪।
ਸਿੰਘ ਭੀ ਅਗਜੋਂ ਟਰੇ ਸੁ ਨਾਹਿ! ਸਨਮੁਖ ਹੁਇ ਹੁਇ ਜੁੱਧ ਕਰਾਹਿਂ।
ਦੀਨ ਮਜਬ ਇਕ, ਦੂਜੇ ਗੁਰ ਬੈਰ। ਸਿੰਘ ਮਰੇਂ ਕਰ ਆਗੇ ਪੈਰ।੫।

ਕੁੰਡਲੀਆ ਛੰਦ: ਤੋਪ ਜੰਬੂਰੇ ਰਹਕਲੇ ਲਾਗੇ ਚਲਨ ਅਨੇਕ।
ਤਬ ਸਿੰਘਨ ਪ੍ਰਿਥਵੀ ਫੜੀ ਅਗਜੋਂ ਟਰਜੋ ਨ ਏਕ।
ਅਗਜੋਂ ਟਰਜੋ ਨ ਏਕ ਆਨ ਜਖ ਗਾਢ ਸੁ ਪਰਿਓ।
ਤੁਰਕਨ ਫਿਰ ਗਜੋ ਪੈਰ ਸਿੰਘਨ ਨੈ ਆਗੈ ਕਰਿਓ।
ਸਿੰਘ ਲਰੇ ਉਹਾਂ ਅਤਿ ਘਨੇ ਤਉ ਖਾਲਸੈ ਆਯੋ ਕੋਪ।
ਖਾਲਸੈ ਹੱਲਾ ਤਬ ਕੀਯੋ ਛਡ ਗਏ ਘੋੜੇ ਤੁਰਕ ਤੋਪ।੬।

. Sri Satguru Jagjit Singh Ji eLibrary NamdhariElibrary@gmail.com .

ਚੌਪਈ: ਖ੍ਵਾਜ ਖਿਦਰ ਸੁਨ ਆਇਸੁ ਪਯੋ। ਉਨ ਸਿੰਘਨ ਮੁਖ ਆਨ ਫਿਰਯੋ।
ਤਬਹਿ ਖਾਲਸੈ ਬਾਤਿ ਬਿਚਾਰੀ। 'ਨਠ ਕਰ ਬਚੈ ਕਬ ਫੌਜ ਹਮਾਰੀ'।੭।
ਸਿੰਘ ਸੁ ਬੈਠ ਊਹਾਂ ਹੀ ਰਹੇ। ਜਨਕ ਬੈਠ ਕਰ ਡੇਰੇ ਬਹੇ।
ਬਹੁਤ ਜ਼ੋਰ ਤਹਿਂ ਕੀਓ ਪਠਾਣਨ। ਸਿੰਘਨ ਪਕੜਯੋ ਖੂਬ ਮਦਾਨਨ।੮।

ਦੋਹਰਾ: ਸਿੰਘ ਸੁ ਲੰਮੈ ਪੈ ਰਹੈਂ 'ਪੜੈ ਕਬ ਰਾਤ'।
ਤੁਰਕ ਕਹੈਂ 'ਹੋਤ ਦਿਨਹਿ ਕੈਂ ਕਰੀਐ ਸਿੰਘਨ ਘਾਤ'।੯।

ਚੌਪਈ: ਤੌ ਕਿਛੁ ਢੁਕਯੋ ਦਿਖਯੋ ਦਿਨ ਨੇੜੈ। ਤੁਰਕ ਕਹੈ 'ਸਿੰਘ ਮਰੇਂ ਨ ਘੇਰੈ।
ਦਾਰੂ ਸਿੱਕੋ ਇਨ ਮੁਕ ਗਯੌਂ। ਭੁੱਖ ਪਿਆਸੇ ਇਨ ਬਲ ਗਯੋ।੧੦।
ਕਰੋ ਹੱਲਾ ਇਨ ਲਈਏ ਮਾਰ'। ਮਲੇਰੀਯਨ ਨੇ ਇਮ ਕਰੀ ਬਿਚਾਰ।
ਮੁਹਰੇ ਭਯੋ ਅਖਵਾਜ ਮ੍ਰਦੂਦ। ਆਯੋ ਉੱਪਰ ਖਾਲਸੇ ਜ਼ੂਦ।੧੧।
ਇਕ ਇਕ ਦੋ ਦੋ ਗੋਲੀ ਬੀ ਰਹੀ। ਸੋਊ ਸਿੰਘਨ ਦਾਗੇ ਦਈ।
ਅਖ੍ਵਾਜ ਸੀਸ ਇਕ ਲਗ ਗਈ ਕਾਰੀ। ਪੈ ਗਯੋ ਤੁਰਤ ਸੁ ਭੂਮ ਮਝਾਰੀ।੧੨।
ਮੁਯੋ ਅਖ੍ਵਾਜ ਜੁ ਗੁਰ ਕਹਯੋ ਮ੍ਰਦੂਦ। ਮਲੇਰੀਯਨ ਮੈਂ ਥੋ ਬਡੋ ਗਦੂਦ।੧੩।
ਤਿਸਕੋ ਚੁੱਕਨ ਆਏ ਉਸ ਭ੍ਰਾਈ। ਉਨ ਦੋਇਨ ਭੀ ਜਾਨ ਗੁਵਾਈ।
ਸ਼ੇਰ ਮੁਹੰਮਦ ਸੁਨ ਕਰ ਆਯਾ। ਹੁਇ ਕਰ ਜ਼ਖਮੀ ਪਿੱਛੇ ਧਾਯਾ।੧੪।

ਝੂਲਨਾ ਛੰਦ

ਬਚਯੋ ਏਕ ਮੁਹੰਮਦੋ ਸ਼ੇਰ ਓਹੀ, ਜਿਸੈ ਹਾਹ ਦਾ ਨਾਅਰਾ ਮਾਰਿਆ ਸਾ।
ਵੇਲੇ ਸਾਹਿਬਜ਼ਾਦਿਆਂ ਦੇ ਕਤਲ ਕੈ ਸ਼ੀਰ ਖੋਇਰੇ ਮੁਖੋਂ ਉਚਾਰਿਆ ਸਾ।
ਗੁਰਾਂ ਸੁਨਕੈ ਮੁਖੋਂ ਸੀ ਵਾਕ ਕੀਤਾ, 'ਰਹੀ ਜੜ੍ਹ' ਯੌਂ ਓਸ ਨੂੰ ਤਾਰਿਆ ਸਾ।
ਸੋਈ ਅੱਜ ਤਾਈਂ ਗੁਰੂ ਵਾਕ ਫੁਰਦਾ ਜੋਊ ਆਖਕੈ ਫੇਰ ਨਹਿੰ ਹਾਰਿਆ ਸਾ।੧੫।

ਦੋਹਰਾ: ਤਿਨਕੀ ਲੋਥ ਸੁ ਲੈ ਮੁੜੇ ਨਠੇ ਮਲੇਰੇ ਵੱਲ।
ਤੀਨਹੁ ਗੋਰਨ ਮਹਿ ਗਡੇ, ਮਨੁ ਭਯੋ ਬਜੀਰੈ ਤ੍ਰਥੱਲ।੧੬।

ਪ੍ਰਸੰਗ ਦੋਊ ਤਰਫ ਕੀ ਤਿਆਰੀ ਕੀ

੪੮. [ਮਝੈਲਾਂ ਦਾ ਮਿਲਨਾ ਤੇ ਮਿਲਕੇ ਛੱਤ ਨੂੰ ਮਾਰਨਾ]

ਚੌਪਈ: ਬਜੀਰੇ ਮਨ ਅਤਿ ਚਿੰਤਾ ਧਾਰੀ। ਨਜੀਕ ਆਈ ਹਮ ਮਰਨੇ ਵਾਰੀ।
ਸਿੰਘਨ ਕੇ ਦਿਲ ਭਈ ਵਧਾਈ। 'ਪਹਿਲੀ ਫਤੇ ਖਾਲਸੇ ਆਈ'।੧।
ਡੇਰਾ ਸਿੰਘਨ ਊਹਾਂ ਲਗਾਯੋ। ਤਬ ਸਿੰਘਨ ਨੇ ਭੋਜਨ ਪਾਯੋ।
ਭੋਜਨ ਪਾਇ ਕੀਯੋ ਫਿਰਿ ਕੂਚ। ਬੰਦਾ ਮਿਲਿਓ ਅਗੈ ਪਹੂਚ।੨।

ਦੋਹਰਾ: ਬੰਦੈ ਪ੍ਰਿਥਮੈਂ ਥੋ ਕਹਯੋ ਸਿੰਘਨ ਊਚ ਸੁਨਾਇ।
'ਫਤੇ ਮਝੈਲ ਸੁ ਲੈਣਗੇ ਮਲੇਰੀਯਨ ਉੱਤੇ ਪਾਇ'।੩।

Sri Satguru Jagjit Singh Ji eLibrary NamdhariElibrary@gmail.com

ਚੌਪਈ: ਬੰਦੈ ਆਦਰ ਬਹੁ ਮਝੈਲਨ ਕੀਯਾ। ਬਹੁਤ ਖਰਚ ਸਿੰਘਨ ਕੋ ਦੀਯਾ।
ਸਿੰਘਨ ਫਤੇ ਸੁ ਗੁਰੂ ਬੁਲਾਈ। ਹੁਏ ਰਾਜੀ ਮਿਲ ਭਾਈਅਨ ਭਾਈ।੪।
ਬੰਦੈ ਕੇ ਦਿਲ ਭਯੋ ਉਛਾਹਿ। ਕਹਯੋ ਬੰਦੈ 'ਕਰੋ ਸਤਿਗੁਰ ਕੜਾਹੁ।
ਜੋ ਤੁਮ ਔ ਗੁਰ ਹਮ ਫੁਰਮਾਯਾ। ਕਰੋ ਸੋਈ ਅਬ ਵਖਤ ਹੈ ਆਯਾ।੫।
ਅਬ ਤੌ ਲਈਐ ਬਜੀਰੈ ਮਾਰ। ਫੇਰ ਕਰੈਂਗੇ ਪਰਬਤ ਕਾਰ'।
ਸਿੰਘਨ ਲੀਨੀ ਮੰਨ ਸਲਾਹਿ। ਮਝੈਲਨ ਕਿਯੋ ਡੇਰਾ ਇਕ ਦਾਇ।੬।
ਤਬ ਭਯੋ ਪ੍ਰਾਤ ਸੁ ਬੰਦਾ ਚੜ੍ਹਾ। ਮਾਰ ਛੱਤ ਫਿਰ ਡੇਰਾ ਕਰਾ।
ਲੁਟਯੋ ਸ਼ਹਿਰ ਤੌ ਭੁੱਖ ਮਿਟਾਈ। ਤੁਰਕ ਕਟੇ, ਲਏ ਹਿੰਦੂ ਬਚਾਈ।੭।

ਦੋਹਰਾ: ਬੰਦੈ ਡੇਰਾ ਕੂਚ ਕਰ ਅਗੈ ਦੀਨੋਂ ਪਾਇ।
ਊਚੀ ਰੋੜੀ ਦੇਖਕੈ ਬੈਠੋ ਆਸਨ ਲਾਇ।੮।

ਸਾਖੀ ਬਜੀਦੈ ਬਧ ਕੀ ਲਿਖਯਤੇ

੪੯. [ਚਪੜ ਚਿੜੀ ਦੀ ਲੜਾਈ, ਵਜੀਰ ਖਾਂ ਮਾਰਿਆ]

ਚੌਪਈ: ਬੰਦੇ ਕਾ ਡੇਰਾ ਸੁਨਿ ਆਯਾ। ਸਹੌਂ ਬਜੀਰਾ ਲੜਨੈ ਧਾਯਾ।
ਤੋਪ ਜੰਬੂਰੇ ਮੂਹਰੇ ਧਰੇ। ਤਿਸ ਕੇ ਸਾਥ ਪਿਆਦੇ ਕਰੇ।੧।
ਇਕ ਵਲ ਕੀਏ ਸ਼ੁਤਰ ਹਥਨਾਰ। ਇਸ ਬਿਧ ਕਰੀ ਲੜਨ ਕੀ ਕਾਰ।
ਢੁਕ ਬੰਦੇ ਢਿਗ ਸ਼ਲਕ ਚਲਾਈ। ਜਨ ਗੋਲਨ ਬਰਖਾ ਬਰਖਾਈ।੨।
ਤੋਪ ਜੰਬੂਰੇ ਰਹਕਲ ਭਾਰੇ। ਚਲਵਾਏ ਬਜੀਰੈ ਜੋ ਥੇ ਸਾਰੇ।
ਗੋਲੇ ਚਲੇ ਜੰਜੀਰਹਿ ਜੋੜ। ਲਗੈਂ ਬਿਰਛ ਉਸ ਸੁੱਟੈਂ ਤੋੜ।੩।
ਗੋਲੀ ਬਰਸੈ ਜੈਸੇ ਮੇਹਿਂ। ਖੜੇ ਬਹਨ ਕਿਮ ਪੈਂਣ ਨ ਦੇਹਿਂ।
ਧੂਓਂ ਉਠ ਭਈ ਦਿਨ ਤੇ ਰਾਤ। ਘੋੜੇ ਪਗ ਬਹੁ ਧੂੜ ਉਡਾਤ।੪।
ਜਨ ਕਰ ਭਈ ਹਨੇਰੀ ਰਾਤ। ਤੋੜੇ ਚਮਕ ਟਿਣਾਣੇ ਵਾਤ।
ਧੂਓਂ ਧਾਰ ਉਠ ਹੋ ਗਈ ਘਟਾ। ਦਮਕਤ ਪਜਾਲੇ ਜਨੁ ਬਿਜ ਛਟਾ।੫।
ਚਲੇ ਪਾਸੋਂ ਨਠ ਨਠ ਜਾਹਿ। ਬੰਦੇ ਉਹਲੈ ਹੋਇ ਲੁਕਾਹਿਂ।
ਲੁਟੇਰੇ ਲੋਕ ਜਿ ਬੰਦੈ ਰਖੇ। ਲਰਨ ਮਰਨ ਤਜ ਹੁਇ ਗਏ ਵੱਖੇ।੬।
ਕਹੈਂ: 'ਫਕੀਰ ਕਹਾਂ ਹਮ ਗਾਰੈ? ਕਰਤ ਮਜੂਰੀ ਖਾਹਿਂ ਸੁਖਾਰੈ'।
ਚੇਲੇ ਬੰਦੇ ਸਭ ਨਠ ਗਏ। ਸਿੰਘ ਸੂਰਮੇਂ ਠਾਂਢੇ ਰਹੇ।੭।

ਦੋਹਰਾ: ਭਯੋ ਮੁਕਾਬਲਾ ਦੁਇ ਵਲੋਂ ਸਭ ਸਿਰਤੰਤ ਬਜੀਰੈ ਪਾਸ।
ਸੁ ਲੁਟੇਰੇ ਬੰਦੇ ਸਾਥ ਥੇ ਜ਼ਖੀਰੋ ਕੀਯੋ ਨ ਤਾਸ।੮।

ਚੌਪਈ: ਉਤੈ ਬਜੀਰੈ ਸਭ ਕੁਛ ਲੀਆ। ਬੰਦੈ ਨੇ ਕੁਛ ਸੰਜਮ ਨ ਕੀਆ।
ਨਹਿਂ ਕਿਛ ਦਾਰੂ ਸਿੱਕੋ ਬ੍ਰਤਾਯੋ। ਨਹਿਂ ਕਿਛ ਤੋਪ ਜੰਬੂਰਨ ਆਹਯੋ।੯।

Sri Satguru Jagjit Singh Ji eLibrary NamdhariElibrary@gmail.com

ਉਤੇ ਸਿਰਤੰਤ ਅਯੋ ਪਤਸ਼ਾਹੀ। ਇਤ ਲੜ ਡੰਗ ਖਾਨ ਕੋ ਨਾਂਹੀ।
ਉਤਵਲ ਮੋਹਰ ਰੁਪਏ ਤੁੜਾਏ। ਇਤ ਲੁਟਿ ਮਿਲੈ ਤੌ ਡੰਗ ਲੰਘਾਏ।੧੦।
ਦੇਖੋ ਕਲਾ ਪ੍ਰਭੂ ਕੀ ਨਜਾਰੀ। ਜਿਤੈ ਫਕੀਰ, ਸ਼ਾਹਿ ਜਾਇ ਹਾਰੀ।
ਪ੍ਰਭ ਚਾਹੇ ਮੇਰੁ ਤਿਣੇ ਉਠਾਇ। ਪ੍ਰਭ ਚਾਹੈ ਸਮੁੰਦ੍ਰ ਘੜਯੋਂ ਸੁਕਾਇ।੧੧।
ਆਲੀ ਸਿੰਘ ਬਾਜ ਸਿੰਘ ਹਥ ਜੋੜੈ। 'ਬੈਠੇ ਹੋ ਕਿਮ ਚੜੋ ਨ ਘੋੜੈ?'
ਤਬ ਬੰਦੇ ਉਨ ਸਬਹਨ ਕਹਯੋ। 'ਏਕ ਪਹਿਰ ਤੁਮ ਤਕੜੇ ਰਹਯੋ।੧੨।
ਤੌ ਮਾਲਕ ਫਿਰ ਹਮ ਵਲ ਕਰੈ। ਸਭ ਤੁਰਕਨ ਕੌ ਮਾਰ ਸੁ ਡਰੈ'।
ਤਬ ਸਿੱਖਨ ਮਿਲ ਬਿਨਤੀ ਕਰੀ। 'ਹਮ ਤੇ ਸਰਤ ਨ ਕਾਚੀ ਘਰੀ।੧੩।

ਦੋਹਰਾ: ਬਾਜ ਸਿੰਘ ਔ ਸ਼ਜਾਮ ਸਿੰਘ ਸਤਿਗੁਰ ਦਏ ਜੁ ਸਾਥ।
ਸਬਹਿਨ ਮਿਲਕੈ ਯੌ ਕਹਯੋ ਜੋਗ ਜੋੜ ਕੇ ਹਾਥ।੧੪।

ਚੌਪਈ: 'ਤੁਮ ਬਿਨ ਹਮ ਤੇ ਲਰਯੋ ਨ ਜਾਈ। ਸੀਸ ਸੁ ਤੁਮ ਢਿਗ ਦੇਹਿੰ ਲਗਾਈ।
ਖੜਯੋ ਖਾਲਸੋ ਔਰ ਗਏ ਪਰਾਈ। ਭਾਵੈਂ ਰਾਖੋ ਭਾਵੈਂ ਦੇਹੁ ਮਰਾਈ।੧੫।
ਹਮ ਭਜ ਜਾਵਨ ਨਹਿੰ ਕਹੂੰ ਠੌਰ। ਹਮ ਮਰ ਰਹੈਂਗੇ ਤੁਮ ਪਗ ਕੌਰ'।੧੬।

ਦੋਹਰਾ: ਫਿਰ ਬੰਦੈ ਖਾਲਸੈ ਕਹਯੋ 'ਤੁਮ ਘੜੀਆਂ ਚਾਰ ਲੜਾਉ।
ਮਾਲਕ ਤੇ ਹਥ ਜੋੜਕੈ ਔਰ ਮੈਂ ਲੈਗੁ ਬਖਸ਼ਾਇ'।੧੭।

ਚੌਪਈ: ਸਿੱਖਨ ਕਹਯੋ 'ਘੜੀ ਇੱਕ ਭਾਰੀ। ਹਮ ਤੇ ਪਲ ਨਹਿ ਸਕੈਂ ਸੰਭਾਰੀ।
ਮਾਲਕ ਹਥ ਬਿਨ ਸਿਰ ਹਮ ਆਏ। ਹਮ ਕਿਮ ਬਚੈਂ ਤੁਰਕ ਆਗੇ ਪਾਏ।੧੮।
ਹਮ ਪਰਯੋ ਜਹਾਜ ਸਮੁੰਦਰ ਮਾਂਹੀ। ਭਾਮੈਂ ਰਾਖੋ ਭਾਮੈਂ ਦੇਹੋ ਡੁਬਾਈ।
ਤੁਮ ਮਾਲਕ ਹੁਇ ਰਖੋ ਬਚਾਈ। ਤੁਰਕ ਆਟਾ ਹਮ ਲੂਣੋਂ ਨਾਹੀਂ।੧੯।
ਕਿਮ ਹਮ ਇਨ ਸੰਗ ਪੁਜੈ ਲਰਾਈ। ਮਾਰੇ ਤੋਪਨ ਕੇ ਅਬ ਉਡ ਜਾਂਹੀ।
ਚਾਰ ਘੜੀ ਹਮ ਕਬ ਇਨ ਠੱਲ੍ਹੈਂ। ਤੁਮ ਬਿਨ ਬਚੈਂ ਨ ਹਮ ਇਕ ਪਲੈ।੨੦।
ਤੁਮ ਬਿਨ ਘੜੀ ਨ ਇਕ ਹਮ ਲੜੈਂ। ਤੁਮ ਬਿਨ ਏਕ ਘੜੀ ਮੈਂ ਮਰੈਂ।
ਤੁਮ ਬਿਨ ਹਮ ਲਰ ਸਕੈਂ ਸੁ ਨ੍ਹਾਹੀਂ। ਤੋਪ ਜੰਬੂਰਨ ਸੋਂ ਉਡ ਜਾਹੀਂ।੨੧।

ਦੋਹਰਾ: ਜਿਮ ਤੁਮ ਪ੍ਰਿਥਮੇ ਥੇ ਕਹਯੋ-ਹਮ ਤੋਪਨ ਲਗਨ ਨ ਦੇਹਿੰ।
ਉਨ ਕੇ ਸ਼ਸਤ੍ਰ ਸੁ ਉਨ ਲਗੈਂ-, ਉਨਕੇ ਨਾਸ਼ ਕਰੇਹਿੰ'।੨੨।

ਚੌਪਈ: ਸਿੰਘ ਮਝੈਲਨ ਬੰਦੈ ਕਹਿਓ। 'ਹਮ ਲਰ ਹੈਂ ਤੁਮ ਬੈਠੇ ਰਹਿਓ'।
ਬੰਦੈ ਛਡਕੇ ਚੇਲੇ ਭਾਗੇ। ਲੜੇ ਖਾਲਸੇ ਹੁਇ ਹੁਇ ਆਗੇ।੨੩।

ਦੋਹਰਾ: ਉੱਚੀ ਰੋੜੀ ਦੇਖਿਕੇ ਬੰਦਾ ਬੈਠਯੋ ਜਾਇ।
ਬਜੀਰੈ ਗੋਲਨਦਾਜ ਸੱਦਿ ਆਖਯੋ 'ਦੇਹੁ ਉਡਾਇ।੨੪।
ਚੁਪ ਕਰ ਬੰਦਾ ਬਹਿ ਰਹਯੋ ਪਰਯੋ ਲੜਾਈ ਗਾਢ।
ਗੋਲੀ ਗੋਲੈ ਬਹੁ ਪਵੈਂ ਬੰਦਾ ਭਯੋ ਨ ਠਾਢ।੨੫।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਲੋਕਨ ਕੋ ਚਿੰਤਾ ਪਰੀ। 'ਬੰਦਾ ਬੈਠ ਇਹਾਂ ਰਹਿ ਮਰੀ'।
ਚੇਲੇ ਨਠ ਓਟ ਬੰਦੇ ਲੁਕੈਂ। ਗੋਲੈ ਸ਼ੂੰਕਤ ਸੁਨਤ ਨ ਸਕੈਂ।੨੬।
ਕੋਊ ਕਹੈ 'ਇਹ ਇਹਾਂ ਮਰ ਜਾਉਗ'। ਕੋਊ ਕਹੈ 'ਯਾ ਫਕੀਰ ਲੁਕ ਜਾਉਗ'।
ਕੋਊ ਕਹੈ 'ਹਮ ਹੀ ਕੋ ਖ੍ਵਾਰੀ। ਜਿਨਕੇ ਆਹਿਂ ਅਡੰਬਰ ਭਾਰੀ'।੨੭।
ਤਬੈ ਖਾਲਸੈ ਉਪਜਯੋ ਰੋਹਿ। ਲੜੈ ਖਾਲਸੋ ਆਗੈ ਹੋਹਿ।
ਕਹਯੋ ਖਾਲਸੈ 'ਤੁਮ ਟਿਕ ਬਹਿ ਰਹੋ। ਹਮ ਜੀਵਤ ਤੁਮ ਚਿੰਤ ਨ ਗਹੋ'।੨੮।
ਤਬ ਉਨ ਕੀਯੋ ਦਗਾ ਦਗ ਬਾਜ। ਡਾਰ ਲੂਟ ਚਲਯੋ ਪਿੱਛੈ ਭਾਜ।
ਘੋੜੇ ਤੇ ਗਿਰ ਸੋ ਮਰਿ ਗਯੋ। ਉਨ ਜੋ ਕੀਤੋ ਸੋ ਉਨ ਪਯੋ।੨੯।

ਦੋਹਰਾ: ਹਸਿ ਬੰਦੇ ਘੋੜੋ ਮੰਗਯੋ ਕਹਿ 'ਮਾਲਕ ਪਹੁੰਚਯੋ ਆਇ।
ਮਾਰੋ ਲੇਵੋ ਲੂਟ' ਕਹਿ ਦਯੋ ਸੁ ਤੀਰ ਚਲਾਇ।੩੦।

ਚੌਪਈ: ਚਲਤ ਤੀਰ ਉਨ ਘਟਾ ਉਠਾਯੋ। ਤੁਰਕਨ ਕੀ ਸੋ ਅੱਖੀਂ ਪਾਯੋ।
ਉਸੀ ਘਟੇ ਸੋਂ ਅੰਧੇ ਭਏ। ਆਪਸ ਮੈਂ ਲਰਿ ਕੈ ਮਰਿ ਗਏ।੩੧।
ਤਹੀਂ ਹਕਾਰ ਖਾਲਸੈ ਦਯੋ। ਜਨੁ ਸਿਧਿ ਖਿਜਰ ਮੇਰ ਸੁ ਭਯੋ।
ਜੋ ਤੁਰਕਨ ਕੇ ਲਭੇ ਸਰਦਾਰ। ਤੇਊ ਖਾਲਸੈ ਦੀਨੇ ਮਾਰ।੩੨।
ਤਹਾਂ ਬਜੀਰਾ ਸਸਕਤਿ ਪਾਯਾ। ਕਿਲਾ ਗਾਡ ਕੋਊ ਅਗੈ ਗਾਯਾ।
ਬੰਦੇ ਵਹੜਨ ਸਾਥ ਘਿਸੜਾਯਾ। ਫੇਰ ਅਗਨ ਮੈ ਉਸੈ ਸੜਾਯਾ।੩੩।

ਦੋਹਰਾ: ਇਤੀ ਬਜ਼ੀਰਾ ਮਾਰਿਓ ਜੇਠ ਸੁਦੀ ਕੇ ਮਾਹਿ।
ਸੱਤ੍ਰਾਂ ਸੈਅ ਸਤਾਸਠੇ ਚਪੜ ਚਿੜੀ ਕੇ ਪਾਹਿ।੩੪।

ਬੰਦੇ ਸ਼ਹਿਰ ਦਾਖਲ ਹੋਣਾ

੫੦. [ਸਰਹੰਦ ਵਿਚ ਦਾਖਲ ਹੋਏ ਪਰ ਸਰਹੰਦ ਨਾ ਲੁੱਟੀ]

ਦੋਹਰਾ: ਸ਼ਹਰ ਮਾਂਹਿ ਦਾਖਲ ਕੀਯੋ ਬਾਜ ਸਿੰਘ ਜਿਹ ਨਾਮ।
ਜਾਤਿ ਬੱਲ ਜਟ ਬੰਸ ਥੋ ਮੀਰ ਪੱਟੀ ਉਸ ਗ੍ਰਾਮ।੧।

ਚੌਪਈ: ਥੋ ਬੰਦੇ ਨੇ ਦਿਵਾਨ ਬਣਾਯਾ। ਲਭਯੋ ਮਾਲ ਸਭ ਉਸ ਸੌਂਪਾਇਆ।
ਚਾਰੇ ਭਾਈ ਥੇ ਅਤਿ ਸੂਰੇ। ਦੁਇ ਠਾਣੀ ਦੁਇ ਰਹੈਂ ਹਜ਼ੂਰੇ।੨।

ਦੋਹਰਾ: ਬਾਜ ਸਿੰਘ ਔ ਰਾਮ ਸਿੰਘ ਕੋਇਰ ਸਿੰਘ ਸਿਆਮ।
ਤਿਨ ਕੋ ਬਾਵਨੀ ਸਭ ਦਈ ਔ ਦਯੋ ਬੰਦੈ ਸਭ ਕਾਮ।੩।

ਚੌਪਈ: ਆਲੀ ਸਿੰਘ ਨਾਇਬ ਠਹਿਰਾਯਾ। ਮੁਲਕ ਬਾਵਨੀ ਉਨ ਉਗਰਾਯਾ।
ਬੰਦਾ ਸ੍ਰਿਹੰਦੈ ਦਾਖਲ ਭਯੋ। ਬਜੀਰੈ ਮਾਲ ਸੁ ਬੰਦੁਬਸਤ ਕਯੋ।੪।

Sri Satguru Jagjit Singh Ji eLibrary NamdhariElibrary@gmail.com

ਸ਼ਹਰ ਰੁਕਯੋ ਸੋ ਲੁੱਟਯੋ ਨਾਹੀ। ਚੂਕ ਗਯੋ ਸੁ ਵਖਤ ਪਛੁਤਾਹੀ।
ਸਤਿਗੁਰ ਬਚਨ ਥੋ ਸ਼ਹਿਰ ਉਜੜਾਵਨ। ਲੂਟਕੂਟ ਭੁਇ ਸੰਗ ਮਿਲਾਵਨ।੫।

ਸੋਰਠਾ: ਭੂਲ ਗਯੋ ਵਹਿ ਕਾਰ ਸਤਿਗੁਰਿ ਭੇਜਯੋ ਜਿਮ ਕਹੀ।
ਤੌ ਹੀ ਭਯੋ ਖੁਆਰ ਸ਼ਹਿਰ ਸ੍ਰਾਪ ਉਨ ਰੱਖਿਓ।੬।

ਚੌਪਈ: ਬੰਦੇ ਸ਼ਹਿਰ ਸੁ ਰਖਯੋ ਬਚਾਈ। ਦਈ ਟਕਿਅਨ ਉਗਰਾਹੀ ਪਾਈ।
ਹਿੰਦੂ ਕਾਰ ਸੁ ਦਾਰ ਬਨਾਏ। ਮੁਸਲਮਾਨ ਲੁਕਿ ਛੱਪਿ ਬਚਾਏ।੭।

ਦੋਹਰਾ: ਬਾਜ ਸਿੰਘ ਘੋੜੈ ਚੜ੍ਹੈ ਪਗੁ ਤੁਰਕੇ ਸੀਸ ਟਿਕਾਇ।
ਸ਼ਹਰ ਬਾਵਨ ਮਧ ਬਾਵਨੀ ਤਹਿੰ ਤੁਰਕ ਦਏ ਭਜਾਇ।੮।
ਛੱਤੀ ਲਖ ਕੇ ਪਰਗਣੇ ਪਲ ਮੈਂ ਲਿਯੋ ਛੁਡਵਾਇ।
ਬੰਦੇ ਕਹਯੋ ਸਦ ਖਾਲਸੇ 'ਲੁਟ ਤੁਰਕਨ ਕੌ ਲਿਓ ਖਾਇ'।੯।

ਰਾਮਰਈਅਨ ਔ ਭੁਜੰਗੀਅਨ ਕੀ ਸਾਖੀ

੫੧. [ਰਾਮਰਈਆਂ ਨੂੰ ਘੁੜਾਣੀ ਜਾਕੇ ਬੰਦੇ ਨੇ ਸੋਧਣਾ]

ਦੋਹਰਾ: ਬੁਲਾਕਾ ਸਿੰਘ ਇਕ ਸਿੰਘ ਹੁਤੋ ਰਹਿ ਆਲੀ ਸਿੰਘ ਪਾਸ।
ਹਾਥ ਜੋੜ ਠਾਂਢੋ ਭਯੋ ਕਰ ਬੰਦੇ ਪੈ ਅਰਦਾਸ।੧।

ਚੌਪਈ: 'ਪਾਇਲ ਪਾਸ ਘੁੜਾਣੀ ਗ੍ਰਾਮ। ਤਹਾਂ ਬਹੁਤ ਹੈਂ ਖਤ੍ਰੀਅਨ ਧਾਮ।
ਰਾਮਰੱਯਨ ਕੇ ਮਸੰਦ ਕਹਾਵੈਂ। ਕਰੈਂ ਮਸਕਰੀ ਖਾਲਸੈ ਖਿਝਾਵੈਂ।੨।
ਮੈਂ ਊਹਾਂ ਸ਼ਬਦ ਚੌਕੀ ਠਈ। -ਬੋਲੋ ਵਾਹਿਗੁਰੂ-ਅਰਦਾਸ ਯੌਂ ਕਹੀ।
ਸੁਨਤ ਦੁਤਾਰੋ ਉਨ ਭੰਨ ਦਯੋ। ਮੁਖ ਤੇ ਵਾਕ ਤਿਨ ਖੋਟੇ ਕਹਯੋ।੩।
ਔ ਸਤਿਗੁਰ ਕੀ ਨਿੰਦਯਾ ਕਰੀ। ਹਮ ਕੌ ਨਹਿੰ ਵਹਿ ਬਿਸਰਤ ਘਰੀ।
ਥੀ ਹਮ ਕੌ ਬਹੁ ਕੀਨੀ ਮਾਰ। ਸੋ ਤੋ ਹਮਨੈ ਦਈ ਵਿਸਾਰ।੪।

ਦੋਹਰਾ: ਪੁਤ੍ਰ ਮੁਏ ਆਪੈ ਮੁਯੋ ਅਬ 'ਮੁਯੋ ਨ ਵਾਹਿਗੁਰੂ ਬੋਲ-'
ਯੌ ਕਹਿ ਦੁਤਾਰੋ ਭੰਨਯੋ ਤੌ ਮਾਰਯੋ ਕੇਸ ਮੁਹਿ ਧੋਲ।੫।
-ਤੁਮ ਜੱਟਨ ਹੁਇ ਏਕਠੇ ਲਯੋ ਥੋ ਗੁਰੂ ਬਣਾਇ।
ਗੋਬਿੰਦੈ ਗੋਬਿੰਦ ਸਿੰਘ ਕਹੈਂ, ਕਹੈਂ ਸਚੋ ਪਾਤਿਸ਼ਾਹਿ-'।੬।

ਚੌਪਈ: ਯੌ ਸੁਨ ਬੰਦੇ ਗੁੱਸਾ ਕੀਯੋ। ਪਾਇਲ ਠਾਣਾ ਤਿਸ ਲਿਖ ਦੀਯੋ।
'ਜਾ ਕਰ ਤਿਸ ਤੇ ਬਦਲੇ ਲੇਹੁ। ਮਾਰ ਲੂਟ ਉਸ ਪਿੰਡ ਫੜੇਹੁ'।੭।

ਦੋਹਰਾ: ਪਾਇਲ ਠਾਣਾ ਪਾਇਕੈ ਲੀਨੇ ਮਸੰਦ ਫੜਾਇ।
ਕਿਛ ਕੂਟੇ ਸਭ ਲੁੱਟ ਲਏ ਦੀਨੇ ਪਿੰਡੋਂ ਕਢਾਇ।੮।

ਮਲੇਰ ਕਾ ਪ੍ਰਸੰਗ

੫੨. [ਮਲੇਰ ਕੋਟਲਾ ਸੋਧਿਆ, ਲੁਟਿਆ ਨਾ ਪਰ ਟਕੇ ਲੈ ਲਏ]

ਚੌਪਈ: ਬੰਦੇ ਮਲੇਰਹਿ ਚੜ੍ਹਤੀ ਕਰੀ। ਸੋਊ ਮਲੇਰਹਿ ਧਾਕ ਤਿਮ ਪਰੀ।
ਲੂਟ ਕਤਲ ਕੀ ਉਠੀ ਅਵਾਜ਼। ਤੁਰੇ ਲੁਟੇਰੇ ਬਹੁ ਤਿਸ ਕਾਜ।੧।
ਸਤਿਗੁਰ ਵਾਕ ਉਹਾਂ ਆਇ ਅੜੇ। ਆਵਤ ਜਮ ਦਲ ਕਰ ਦੀਓ ਖੜੇ।
ਔਰ ਚਹਿਯਤ ਗੁਰ ਔਰ ਬਣਾਈ। ਦੇਖਹੁ ਸਤਿਗੁਰ ਉਲਟ ਬਡਾਈ।੨।

ਦੋਹਰਾ: ਏਕ ਸਮੈਂ ਬੰਦਾ ਤਹਾਂ ਥੋ ਰਹਯੋ ਮਹੀਨੇ ਚਾਰ।
ਕਿਸ਼ਨ ਦਾਸ ਸੇਵਾ ਕਰੀ ਬਣੀਏਂ ਵਿੱਚ ਬਜ਼ਾਰ।੩।

ਚੌਪਈ: ਸੁਨਤ ਸੁ ਬਣੀਓਂ ਆਇ ਸੁ ਮਿਲਯੋ। ਉਸਕੋ ਬੰਦੇ ਆਦਰ ਕਰਯੋ।
ਕਹਯੋ 'ਮਾਂਗ ਜੋ ਮਾਂਗਨ ਜੋਗਾ'। ਉਸ ਮਾਂਗਯੋ 'ਦੁਖ ਦੇਹ ਨ ਲੋਗਾ।੪।
ਸ਼ਹਰ ਕਤਲ ਤੇ ਸਭ ਰਖ ਲੇਹੋ। ਪੈਸਾ ਚਾਹੋ ਤੇਤਾ ਲਹੋ'।
ਪਿਛਲ ਸਜਾਣ ਉਨ ਆਨ ਸੁਨਾਈ। ਇਮ ਗੁਰ ਬਚ ਤਬ ਅੜਯੋ ਆਈ।੫।
ਭਾਜ ਪਠਾਣ ਗਏ ਤਹਿਂ ਸਾਰੇ। ਬਚੇ ਲੜਾਈਓਂ ਜੋ ਨਹਿਂ ਮਾਰੇ।
ਜਾਇ ਰਲੇ ਵਹਿ ਦਿਲੀ ਲਹੌਰ। ਉਰੇ ਬਚੈਂ ਨਹਿਂ ਕਿਸ ਹੀ ਠੌਰ।੬।
ਪਠਾਣਨ ਮਾਲ ਸੁ ਜਪਤੀ ਕਰੀ। ਸ਼ਹਿਰ ਉਗਰਾਹੀ ਪੈਸੇ ਧਰੀ।
ਲੈ ਸਿੰਘਨ ਕੋ ਦੀਨੋਂ ਬਾਂਟ। ਸਿੰਘਨ ਆਛੈ ਦਿਨ ਭਏ ਕਾਟ।੭।

ਦੋਹਰਾ: ਫੌਜ ਟਕਿਅਨ ਸੋਂ ਸੁਧੀ ਭਈ ਔ ਮੁਲਕ ਉਗਰਾਹੇ ਔਰ।
ਆਕੀ ਰਹਯੋ ਸੁ ਨਹਿਂ ਛਡਯੋ ਸੋ ਮਾਰਯੋ ਕਰ ਧੌਰ।੮।

ਚੌਪਈ: ਅਖਵਾਜ ਖਿਦਰੁ ਜੋ ਹੁਤ ਮਰਦੂਦ। ਪਠਾਣਨ ਮੈਂ ਥੋ ਬਡੋ ਗਦੂਦ।
ਕੱਢਿ ਗੋਰ ਤੇ ਖੜੋ ਕਰਾਯੋ। ਸਾਥ ਕੰਧ ਕੈ ਉਸੈ ਟਿਕਾਯੋ।੯।
ਬੰਦੈ ਕਹਯੋ 'ਥੋ ਬਡੋ ਜੁਆਨ। ਸਿੰਘਨ ਮਾਰਯੋ ਗਿਦੜ ਸਮਾਨ'।
ਆਗ ਲਗਾਇ ਫੂਕ ਉਸ ਦਯੋ। ਔਰ ਦੂਜੋ 'ਸ਼ੇਖ ਸੱਦੋ' ਫੁਕਵਯੋ।੧੦।
ਬੁੱਢੋ ਪੀਰ ਜੁ ਮਲੇਰ ਸਦਾਯੋ। ਤ੍ਰਿਯਾ ਪੁਰਸ਼ ਉਸ ਦੇਹਿਂ ਪਹਿਰਾਯੋ।
ਉਸ ਕੀ ਜਾਗਾ ਦਈ ਢਹਾਇ। ਓਇ ਭੀ ਕੱਢ ਦੀਯੋ ਗੋਰੋਂ ਫੁਕਾਇ।੧੧।
ਤੁਰਕ ਮੁਲਕ ਸਭ ਲੀਯੋ ਉਗਰਾਹਿ। ਦਿਯੋ ਮਲਵਈਅਨ ਮਿਲੇ ਜੁ ਆਇ।
ਭਾਈ ਫਤੇ ਸਿੰਘ ਕੀਓ ਮੁਹਿਰੈਲ। ਮਲਵਈ ਲਗਾਏ ਸਭ ਉਸ ਗੈਲ।੧੨।
ਮਲਵਈਅਨ ਕੋ ਸੁ ਕੀਓ ਨਿਬਾਬ। ਬੰਦੈ ਦੀਨੋ ਉਸੈ ਖਿਤਾਬ।੧੩।

ਦੋਹਰਾ: ਹਿਸਾਰ ਬਾਵਨੀ ਪਰਗਣੇ ਲੀਨੇ ਕਈ ਮਿਲਾਇ।
ਕੈਂਥਲ ਜੀਂਦ ਪਾਣੀਪਤੋ ਮੂਣਕ ਕਰਨਾਲ ਰਲਾਇ।੧੪।

. Sri Satguru Jagjit Singh Ji eLibrary NamdhariElibrary@gmail.com .

ਚੌਪਈ: ਪਾਣੀਪਤ ਝੰਡੇ ਬੰਦੈ ਗਡਵਾਏ। ਤੁਰਕ ਫੌਜ ਕੋਊ ਲੰਘਣ ਨ ਪਾਏ।
ਚੋਰੀ ਜੋਰੀ ਸੋ ਪੱਟੈ ਜੋਊ। ਤਿਮ ਤਿਮ ਬਹੁ ਡੂੰਘੋ ਅਤਿ ਹੋਊ।੧੫।
ਕਟੈ ਡੋਰੀ ਕੋਊ ਮੰਗ ਹਥਿਆਰ। ਗਿਰੇ ਬਾਹਿੰ ਤਿਹ ਪਹਿਲੇ ਵਾਰ।
ਰਖਯੋ ਨ ਰਾਖੇ ਉਸ ਪਹਿ ਕੋਇ। ਤੁਰਕ ਢੁਕਤ ਅਗਤਨ ਲਗੈ ਸੋਇ।੧੬।

ਪ੍ਰਸੰਗ ਦੁਆਬੇ ਕੋ ਲਿਖਯਤੇ

੫੩. [ਦੁਆਬਾ ਜਿੱਤਿਆ। ਬੰਦੇ ਦੀ ਸ਼ਕਤੀ ਤੇ ਕਰਤਵਜ]

ਦੋਹਰਾ: ਬੰਦਾ ਮਲੇਰੈ ਮਲ ਚੜਯੋ ਵੜਯੋ ਦੁਆਬੇ ਜਾਇ।
ਮੁਲਕ ਛੋਡ ਹਾਕਮ ਗਯੋ ਲੜਾਈ ਕੋਇ ਨ ਖਾਇ।੧।

ਚੌਪਈ: ਰਾਹੁ ਜਲੰਧਰ ਪੁਰ ਹੁਸ਼ਿਆਰ। ਤੁਰਕ ਛਾਡ ਕੈ ਹੁਇ ਗਏ ਪਾਰ।
ਬੰਦੁਬਸਤ ਤਬ ਬੰਦੈ ਕੀਓ। ਸਿੱਖਨ ਸੌਂਪ ਮੁਲਕ ਸਭ ਦੀਓ।੨।
ਦੁਾਬੇ ਲੋਗ ਭਏ ਬਹੁ ਸਿੱਖ। ਬੰਦੇ ਰੀਤ ਚਲਾਈ ਵੱਖ।
ਜੋ ਭੂਖੇ ਆਯੇ ਬੰਦੈ ਪਾਹਿ। ਬੰਦੈ ਦੀਨੋਂ ਸੋਊ ਰਜਾਇ।੩।
ਫਗਵਾੜੇ ਵਾਲੇ ਮਿਲੇ ਸੁ ਆਈ। ਉਨ ਕੋ ਦੀਨੀ ਮੁਲਕ ਉਗਰਾਹੀ।
ਔਰ ਮੁਲਕ ਕੇ ਆਇ ਮਿਲੇ ਖੈਂਚ। ਦਯੋ ਦਿਲਾਸੋ ਲਯੋ ਪੈਸੋ ਖੈਂਚ।੪।
ਹਿੰਦੂਅਨ ਨੇ ਤੋ ਬਡ ਸੁਖ ਪਾਯੋ। ਮੁਸਲਮਾਨ ਨੇ ਵਖਤ ਕਟਾਯੋ।
ਹਿੰਦੂਅਨਿ ਓ ਲੇਵੈ ਭੀ ਜਾਵੈ। ਹੁਇ ਰਈਅਤ ਸੋ ਮੁਲਕ ਬਸਾਵੈ।੫।

ਦੋਹਰਾ: ਪਾਣੀਪਤਿ ਹਿੰਸਾਰ ਲੌਂ ਔ ਮਾਝੋ ਪੱਟੀ ਤਾਂਹਿ।
ਨਿਵਾਜ ਨਗਾਰਾ ਤੁਰਕ ਕੋ ਔ ਬਾਂਗ ਦੇਵੈ ਕਹੂੰ ਨਾਹਿ।੬।

ਚੌਪਈ: ਸਿਠਾਲ ਬੁਤਾਲ ਵਾਲੇ ਸਿੰਘ ਵੱਲ।ਪਠਾਣਨ ਵਤਨ ਲੀਆ ਸਭ ਮੱਲ।
ਦੂਣ ਜਸਵਾਲੀ ਚੜ੍ਹ ਮਲ ਲਈ।ਪੜੋਲ ਬਸੋਲੀ ਸਭ ਰੱਯਤ ਕਈ।੭।
ਪਤਿਸ਼ਾਹਿ ਉਗਰਾਹੀ ਦਈ ਹਟਾਇ। ਉਨ ਸਿਰ ਅਪਨੀ ਲਈ ਠਹਿਰਾਇ।
ਆਇ ਮਿਲੈ ਤਿਸ ਰੱਯਤ ਹੋਇ। ਛਡਯੋ ਨ ਆਕੀ ਖਾਲਸੈ ਕੋਇ।੮।

ਦੋਹਰਾ: ਤੁਰਕ ਜ਼ਬੈ ਨਿਰਬਲ ਲਖੇ ਪੰਜਾਬ ਨ ਪੈਸਾ ਦੇਇ।
ਕਸ਼ਮੀਰ ਬਹਾਵਲ ਭਖਰ ਲੁਟੀ ਕਿਛ ਹੱਥ ਦੁਕਾਵੇ ਲੇਇ।੯।

ਚੌਪਈ: ਬੰਦੈ ਗਰਦੀ ਪਰੀ ਪੰਜਾਬ। ਧਾਂਕ ਪਰੀ ਬਾਈ ਸੂਬੇ ਤਾਕ।
ਮਧ ਕਾਬਲੈ ਸੋਚਾਂ ਕਰੈਂ। 'ਮਤ ਹਮ ਪਰ ਬੰਦਾ ਆਇ ਪਰੈ'।੧੦।

ਦੋਹਰਾ: ਬੰਦੈ ਦੁਆਬੋ ਮੱਲਿਓ ਸਭ ਮਿਲੇ ਪੰਜਾਬੀ ਆਇ।
ਆਪ ਨ ਆਯੋ ਜੋ ਕੋਊ ਉਨ ਦੀਨੇ ਵਕੀਲ ਘਲਾਇ।੧੧।

ਚੌਪਈ: ਗੱਡ ਖਾਲਸੈ ਝੰਡੇ ਝੁਲਾਏ। ਤੁਰਕਨ ਕੇ ਸੋ ਪੱਟ ਗਿਰਾਏ।
ਸ੍ਰਿਹੰਦ ਨਬਾਬੀ ਬਾਜ ਸਿੰਘ ਭਈ। ਦੁਆਬੇ ਕੀ ਓਸੁ ਪੂਜੇ ਤਈਂ।੧੨।

. Sri Satguru Jagjit Singh Ji eLibrary NamdhariElibrary@gmail.com .

ਪਠਾਣ ਕੋਟ ਔ ਅਚਲ ਬਟਾਲਾ। ਮਾਰਜੋ ਸੂਬਾ ਉਸ ਮੁਲਕੈ ਵਾਲਾ।
ਤੀਜੋ ਭਾਉ ਉਹਾਂ ਉਨ ਬਹਜੋ। ਚੌਥੇ ਹਜ਼ੂਰ ਬੰਦੈ ਇਕ ਰਹਜੋ।੧੩।
ਦਿਲੀ ਲਹੌਰ ਬਡ ਭਯੋ ਦਾਬਾਉ। ਅਰੈ ਤੁਰਕ ਕਢ ਸਕੈ ਨ ਪਾਉ।
ਲੀਕ ਬੰਦੇ ਕੀ ਲਖੈ ਕੋ ਨਾਹੀ। ਏਕਲ ਝੰਡੇ ਪਾਣੀਪਤ ਝੁਲਾਹੀ।੧੪।

ਦੋਹਰਾ: ਬੰਦੈ ਬਿਧ ਤਬ ਯੌਂ ਠਈ ਵਿਚ ਕਿਲਿਅਨ ਠਾਣੇ ਪਾਇ।
ਇਕ ਇਕ ਜਾਗਾ ਆਪਨੀ ਲੀਨੀ ਵਿੱਚ ਚਿਣਾਇ।੧੫।

ਚੌਪਈ: ਪਾਣੀਪਤ ਲੌ ਪਠਾਣ ਸੁ ਕੋਟ। ਕਾਇਮ ਕਿਲੇ ਕੀਏ ਹੈਂ ਜੋਟ।
ਬੰਦਾ ਕਦੇ ਕਿਤੇ ਗੜ ਜਾਵੈ। ਖਬਰ ਕਰੈ ਨਹਿੰ ਇਕਲੋ ਧਾਵੈ।੧੬।
ਵੜੈ ਅਚਾਨਕ ਜਾਨਜੋ ਨ ਜਾਇ। ਕੁੰਡੇ ਜੰਦੇ ਅੜੈ ਦਸਾਇ।
ਜਿਮੀ ਵੜੇ ਕਦੇ ਉਤੇ ਅਕਾਸ਼। ਦਿਸੇ ਨਹੀਂ ਵਹਿ ਜਾਵੈ ਪਾਸ।੧੭।
ਪੀਏ ਨ ਪਾਣੀ ਅੰਨ ਨ ਖਾਇ। ਜਹਾਂ ਚਹੇ ਤਹਿੰ ਪਹੁੰਚੇ ਜਾਇ।
ਸਭ ਗੜ੍ਹੀਅਨ ਮੈਂ ਫਿਰ ਕਰ ਆਵੈ। ਸਬਹਨ ਕੀ ਜਾ ਖਾਤ੍ਰ ਕਰਾਵੈ।੧੮।
ਸਬਹਨ ਮਨ ਕੀ ਬਾਤ ਬਤਾਵੈ। ਸਬਹਨ ਕੀ ਵਹਿ ਚਿੰਤ ਮਿਟਾਵੈ।
ਸਬਹਨ ਕੀ ਵਹੁ ਪੂਰੇ ਆਸ। ਸਬਹਨ ਕੇ ਆ ਬਹੈ ਸੁ ਪਾਸ।੧੯।

ਦੋਹਰਾ: ਜਿਮ ਗੋਪੀਅਨ ਕੇ ਕ੍ਰਿਸ਼ਨ ਜੀ ਕਹੋ ਰਹੈਂ ਸਭ ਪਾਸ।
ਤਿਮ ਬੰਦਾ ਕਿਲਿਅਨ ਫਿਰੈ ਨਿਤਪ੍ਰਤਿ ਪੁਜਾਵੈ ਆਸ।੨੦।

ਚੌਪਈ: ਸਵੇਂ ਨਹੀਂ ਵਹੁ ਸਾਰੀ ਰਾਤ। ਬਿਨਾਂ ਸੁਨੀ ਸੁ ਬਤਾਵੇ ਬਾਤ।
'ਦੂਰ ਦਰਸ਼ੀ' ਜੋ ਸਿਧਿ ਕਹਾਵੈ। ਬੰਦੇ ਨੂੰ ਸੋ ਸਿੱਧੀ ਆਵੈ।੨੧।
'ਅਣਿਮਾ' 'ਮਹਿਮਾ' ਥੀ ਤਿਹ ਪਾਸ। ਰਿੱਧਿ ਬ੍ਰਿਧ ਕੋ ਥੋ ਪਰਕਾਸ਼।
ਉਡਨਿ ਸਿਧੀ ਸਾਧੀ ਥੀ ਵਾਹਿ। ਬਹੁਤ ਸਿਧੀ ਥੀ ਤਿਸਕੇ ਪਾਹਿ।੨੨।
ਜਲ ਖੂਹਾਂ ਤੇ ਬਾਹਰ ਆਵੈ। ਬਿਨ ਹੀ ਅਗਨੇ ਅਗਨ ਜਗਾਵੈ।
ਚਹੈ ਤੋ ਲੇਵੈ ਮੀਂਹ ਬਰਸਾਇ। ਖੜੇ ਕਰੇ ਜਲ ਚਲਤ ਦਰਜਾਇ।੨੩।
ਪਵਨ ਵਗਤ ਸੋ ਦਏ ਹਟਾਇ। ਆਵਤ ਸੌਂ ਹੀ ਪਲਟ ਵਗਾਇ।
ਐਸੀ ਜੁਗਤਨਿ ਔਰ ਅਚੰਭ। ਸਿਖਨ ਦਿਖਾਵੈ ਤਜੈ ਬਿਲੰਬ।੨੪।

ਸਲੌਂਦੀ ਵਾਲਿਆਂ ਕਾ ਪ੍ਰਸੰਗ

੫੪. [ਆਲੀ ਸਿੰਘ ਦੇ ਪੁਤ੍ਰ ਮਰੇ ਤੇ ਬੰਦੇ ਨੇ ਹੋਰ ਪੁਤ੍ਰਾਂ ਦਾ ਵਰ ਦਿਤਾ]

ਚੌਪਈ: ਏਕ ਦਿਵਸ ਆਲੀ ਸਿੰਘ ਆਯੋ। ਦੇਖ ਬੰਦੇ ਨੇ ਸੀਸ ਹਿਲਾਯੋ।
ਤੋ ਆਲੀ ਸਿੰਘ ਦੁਇ ਕਰ ਜੋੜੇ। 'ਹਜ਼ੂਰ ਨੇਤ੍ਰ ਕਿਮ ਹਮ ਸੋਂ ਮੋੜੇ।੧।'
ਹਮਕੋ ਬਹੁਤ ਸੁ ਚਿੰਤਾ ਪਈ। ਹਮ ਤੇ ਕਜਾ ਤਕਸੀਰ ਸੁ ਭਈ?।
ਤਬ ਬੰਦੇ ਨੇ ਬਚਨ ਉਚਾਰੇ। 'ਪੁਤ੍ਰ ਮਰੈਂ ਦਿਨ ਬਾਈਅਨ ਥਾਰੇ।੨।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਲਗੇ ਗੋਲੀ ਇਕ ਸੀਸ ਮੈਂ ਦੂਜੇ ਇਮੀਂ ਮਰਾਇ।
ਸੋ ਸੁਨਿ ਕੈ ਅਚਰਜ ਭਯੋ ਕਰੀ ਤਕੜਾਈ ਵਾਇ।੩।

ਚੌਪਈ: ਦਿਨ ਬਾਈ ਜਬ ਪੁਜਯੋ ਆਇ। ਹੁਤੋ ਬਹਾਲਯੋ ਤੰਬੂ ਮਾਂਹਿ।
ਖਾਖ ਤੋਦੋ ਕਿਤੈ ਸਿੰਘ ਮਰਾਵੈਂ। ਫੜ ਫੜ ਬੰਦੂਕਨ ਗੋਲੀ ਚਲਾਵੈਂ।੪।
ਸੋ ਹੋਣੀ ਨੇ ਖੜਾ ਕਰਾਯਾ। ਉਤ ਵਲ ਹੁਇ ਉਨ ਝਾਕਾ ਲਾਯਾ।
ਛੁਟੀ ਗੋਲੀ ਉਸ ਸੀਸੇ ਵੜੀ। ਹੋਣੀ ਕਹੋ ਕਹਾਂ ਕਿਮ ਟਰੀ।੫।

ਦੋਹਰਾ: ਖਾਨੂੰ ਸਿੰਘ ਐਸੇ ਮੁਯੋ ਔ ਬਚਯੋ ਮਾਨ ਸਿੰਘ ਨਾਹਿੰ।
ਹੁਤੀ ਜੁ ਅੱਵਲ ਏਕ ਉਸ ਇਮ ਕਰ ਦੋਊ ਮਰਾਇ।੬।

ਚੌਪਈ: ਤਬ ਬੰਦੈ ਸਿੰਘ ਆਲੀ ਬੁਲਾਯਾ। 'ਮਾਰੋ ਉਸੈ ਜਿਨ ਤਵ ਸੁਤ ਘਾਯਾ'।
ਜਬ ਬੰਦੈ ਨੇ ਐਸ ਫੁਰਮਾਯਾ। ਉਲਟ ਆਲੀ ਸਿੰਘ ਉਨੈਂ ਸੁਨਾਯਾ।੭।
'ਹਮਰੈ ਸੁਤ ਨਹਿ ਕਿਨੈ ਮਰਾਏ। ਮੁਏ ਸੁ ਅਪਨੀ ਉਮਰ ਬਿਤਾਏ।
ਅਬ ਹਮ ਕਿਮਕੋ ਦੇਂ ਕਿਮ ਦੋਸ। ਨਹਿ ਕਿਨ ਮਾਰਯੋ ਫੜ ਕਰ ਓਸ'।੮।
ਮਿਹਰਵਾਨ ਹੁਇ ਬੰਦੈ ਕਹਯੋ। 'ਹਮ ਨੈ ਤੁਮ ਕੋ ਔਰ ਜੁਗ ਦਯੋ।
ਵੇ ਭੀ ਜਨਮੈਂ ਜੌੜੈ ਦੋਊ। ਮਾਹੀ ਸਿੰਘ ਔ ਬਲੋ ਸਿੰਘ ਸੋਊ'।੯।

ਦੀਪ ਸਿੰਘ ਕੋ ਦੰਦ ਦੇਨੇ ਕੋ ਪ੍ਰਸੰਗ

੫੫. [ਦੀਪ ਸਿੰਘ ਨੂੰ ਬੰਦੇ ਨੇ ਦੰਦ ਦਿੱਤੇ]

ਦੋਹਰਾ: ਦੀਪ ਸਿੰਘ ਚੁਕੋਹੀਏ ਦਾਣੇ ਚਬੇ ਨ ਜਾਹਿੰ।
ਜਿਮ ਤਿਸ ਕੋ ਦਾੜੈਂ ਦਈ ਸੋ ਮੈਂ ਦੇਹੁਂ ਬਤਾਇ।੧।
ਇਕ ਦਿਨ ਛੋਲੇ ਲਜਾਇਓ ਕੋਈ ਬੰਦੈ ਦਿਵਾਨ।
ਔਰ ਸਭੈ ਚਾਬਤ ਭਏ ਇਕ ਚਬੈ ਨ ਸਿੰਘ ਜੁਵਾਨ।੨।

ਚੌਪਈ: ਔਰ ਸਭਨ ਨੇ ਮੁਖਹੁਂ ਅਲਾਯਾ। 'ਦੀਪ ਸਿੰਘ ਨੇ ਦਾਣਾ ਨਖਾਯਾ'।
ਦੇਖ ਬੰਦੇ ਨੇ ਉਸ ਕੋ ਕਹਯੋ। 'ਕਿਮ ਤੂੰ ਛੋਲੇ ਚਬਨੋ ਰਹਯੋ?'।੩।
ਉਸੈ ਕਹਯੋ 'ਹਮ ਦਾੜ ਦੰਤ ਨਾਹੀਂ। ਹਮ ਸੋਂ ਦਾਣਾ ਚਬਯੋ ਨ ਜਾਹੀ'।
ਬੰਦੈ ਕਹਯੋ 'ਮੈਂ ਦਈ ਤੁਮ ਦਾੜ੍ਹ'। ਉਨ ਮਾਰਯੋ ਫੱਕੋ ਚਬਯੋ ਕੜਕਾੜ।੪।
ਐਸੀ ਐਸੀ ਕਰਾਮਾਤ ਲਗਾਈ। ਦੁਨੀਆਂ ਬਹੁਤ ਉਸ ਗੈਲ ਲਗ ਆਈ।
ਐਸੀ ਐਸੀ ਅਨਿਕ ਸਿਧਾਈ। ਕਿਤਕ ਕਹੌਂ ਥੀ ਜੋ ਸੁਨ ਪਾਈ।੫।

੫੬. [ਸੂਬੇ ਤੇ ਤੁਰਕਾਂ ਦਾ ਬੰਦੇ ਤੋਂ ਡਰਨਾ। ਤੁਰਕਾਂ ਦੇ ਝੰਡੇ ਪਾਣੀਪਤ]

ਦੋਹਰਾ: ਅਸਲਮ ਖਾਂ ਸੂਬੋ ਹੁਤੋ ਸੁ ਲਹੌਰੋਂ ਬਾਹਰ ਨ ਜਾਇ।
ਨਿਸ ਦਿਨ ਸੋ ਸੋਚਿਤ ਰਹੈ ਥਰਥਰ ਮਨ ਕੰਪਾਇ।੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਲੋਕ ਕਹੈਂ 'ਯਹਿ ਵਹਿ ਅਵਤਾਰ ਜਿਨ ਦੇਣੇ ਸਭ ਮੁਮਲੇ ਮਾਰ'।
ਯਿਹ ਸੁਨ ਸੋਚ ਸਭ ਤੁਰਕਨ ਪਈ। ਓਰ ਚਾਰ ਗੱਲ ਯੌਂ ਚਲ ਗਈ।੨।

ਦੋਹਰਾ: ਤੁਰਕ ਸੁਨੈਂ ਯਹਿ ਬਾਤ ਜਬ ਘਰ ਹੀ ਅੰਦਰ ਡਰਾਹਿੰ।
'ਮਤ ਮਾਰੇ ਹਮ ਆਇ ਘਰ ਬੰਦਾ ਬੁਰੀ ਬਲਾਇ'।੩।

ਚੌਪਈ: ਪਤਿਸ਼ਾਹਿ ਭੀ ਮਨ ਮੈਂ ਇਮ ਡਰੈ। ਬਜੀਰ ਯਹੀ ਮਨ ਸੋਚਾਂ ਕਰੈ।
ਸੂਬੇਦਾਰੀ ਕੋਈ ਨ ਲੇਇ। ਬੰਦੇ ਵੱਲ ਪਗ ਅਗੈ ਨ ਦੇਇ।੪।
ਝੰਡੇ ਪਾਣੀਪਤ ਖਾਲੀ ਘੜਵਾਏ। ਤੁਰਕ ਪਾਸ ਕੋਊ ਦੇਖਣ ਨ ਪਾਏ।
ਖਾਲਸੇ ਬੁੰਗਾ ਅੰਮ੍ਰਿਤਸਰ ਲਾਯਾ। ਤਿਨ ਕੋ ਸਕੈ ਨ ਕੋਊ ਭਵਾਯਾ।੫।

ਅਥ ਪਰਬਤ ਕਾ ਪ੍ਰਸੰਗ

੫੭. [ਕਹਿਲੂਰੀਏ ਦੀ ਬੰਦੇ ਤੇ ਚੜ੍ਹਾਈ]

ਦੋਹਰਾ: ਪੰਜਾਬ ਬੰਦੇ ਜਬ ਜਿੱਤ ਲਈ ਚੜ੍ਹਯੋ ਸੁ ਪਰਬਤ ਵੱਲ।
ਡੇਰਾ ਕੀਰਤਪੁਰ ਕੀਯੋ ਅਨੰਦਪੁਰੈ ਕੁਛ ਤੱਲ[1]।੧।

ਚੌਪਈ: 'ਅਬ ਹਮ ਜਿੱਤ ਸੁ ਲਈ ਪੰਜਾਬ। ਅਬ ਚੜ੍ਹ ਪਰਬਤ ਕਰਿਯੈ ਖ੍ਰਾਬ।
ਮਿੱਤ੍ਰਨ ਸੁਖ ਔ ਦੁਸ਼ਮਨ ਦੁੱਖ। ਦਜੋਂ ਪਛਾਣ ਤਿਮ ਰੱਜ ਯੌ ਭੁਖ।੨।
ਜਿਨ ਜਿਨ ਸਤਿਗੁਰ ਕੌ ਦੁਖ ਦਯੋ। ਸੋ ਉਨ ਚਹੀਯਤ ਉਧਾਰ ਉਤਰਜੋ।
ਸਿਰ ਕਹਿਲੂਰਨ ਕੈ ਬਹੁ ਬਦੀ। ਸਭੋ ਲੜਾਈ ਇਨ ਤੇ ਵਧੀ।੩।
ਜਾਇ ਦਿੱਲੀ ਇਨ ਕਰੀ ਪੁਕਾਰ। ਪਤਿਸ਼ਾਹਿ ਭਖਾਯੋ ਇਨ ਕਈ ਬਾਰ।
ਲਿਖਾਯੋ ਲਹੌਰ ਸ੍ਰਿਹੰਦ ਪ੍ਰਵਾਨੇ। ਲਜਾਯੋ ਚੜ੍ਹਾਇ ਸਭ ਸੂਬੇ ਮੁਸਲਮਾਨੇ।੪।
ਦਸ ਲਖ ਫੌਜ ਰਹਿ ਦਰੈ ਕੰਧਾਰ। ਲਿਖਾਇ ਲਜਾਯੋ ਯਹਿ ਮੱਦਤ ਕਾਰ।
ਸਾਹਿਬਜ਼ਾਦੇ ਇਨ੍ਹੈਂ ਮ੍ਰਵਾਏ। ਇਨ ਦੀਨੇ ਦੁਖ ਸਭਿ ਗੁਰ ਪਾਏ।੫।
ਪਹਿਲੋਂ ਕਤਲ ਕਰੋ ਕਹਿਲੂਰ। ਬਿਲਾਸ ਪੁਰੋ ਫਿਰ ਲੁਟੋ ਜ਼ਰੂਰ।
ਸਪਤ ਧਾਰ ਮਧ ਧੂਰ ਮਿਲਾਓ। ਹੋਇ ਸਿਖ ਤਿਹ ਰੱਖਜ ਕਰਾਓ'।੬।

ਦੋਹਰਾ: ਤੌ ਬੰਦੈ ਕਹਿਲੂਰੀਅਨ ਕਹੀ 'ਖਬਰ ਹੋਹੁ ਦਾਰ।
ਅਕੈ ਤਾਂ ਹਮ ਰੱਯਤ ਬਨੋ ਅਕੈ ਲਰੋ ਹਮ ਨਾਰ।੭।

ਚੌਪਈ: ਮੈਂ ਆਯੋ ਅਬ ਪ੍ਰਬਤ ਲੁਟਾਵਨ। ਗੁਰ ਕਹੀ ਧੂੜ ਸਤਧਾਰ ਮਿਲਾਵਨ।
ਜੋ ਕਿਛੁ ਹੁਇ ਕਰ ਲਿਹੁ ਤਕੜਾਈ। ਮਾਰੂੰ ਤੁਮ ਕੋ ਢੋਲ ਬਜਾਈ'।੮।
ਸੋ ਸੁਨ ਰਾਜੇ ਗਰਹਾ[2] ਕੀਆ। 'ਹਮ ਬਸੈਂ ਪ੍ਰਬਤੀ ਬਡ ਉੱਚੇ ਥੀਆ।
ਮੰਤ੍ਰ ਜੰਤ੍ਰ ਤੁਹਿ ਪੁਜੈ ਹਮ ਪੁਰ ਨਾਹਿ। ਬਹੁ ਦੇਵ ਦੇਵੀ ਰਹਿੰ ਪਰਬਤ ਮਾਂਹਿ।੯।

---

੧. ਤਲੇ, ਹੇਠ। ੨. ਗਰਬ, ਹੰਕਾਰ।

. Sri Satguru Jagjit Singh Ji eLibrary NamdhariElibrary@gmail.com .

ਜੱਟ ਬੂਟ ਕਰ ਲਜਾਯੋ ਸਿਪਾਹਿ। ਹਮ ਤੇਗ ਅਗੈ ਕਹੁ ਕਬ ਟਿਕੈ ਵਾਹਿ
ਔ ਜਿਸ ਗੁਰੂ ਤੁਮ ਭੇਜੇ ਆਏ। ਉਨ ਕੋ ਦੇਖ ਹਮ ਕਸ ਹਥ ਲਾਏ।੧੦।
ਪ੍ਰਬਤ ਚੜ੍ਹੇ ਬਿਨ ਅਲਖ ਨ ਲਹਜੇ'। ਇਮ ਬਚ ਅਗੋਂ ਕਹਿਲੂਰੀ ਕਹਜੇ।
ਤੌ ਜਾ ਜੇਜੌਂ ਚੜਿ ਬੰਦੋਜੀ ਬਹਜੋ। ਤਿਹ ਇਥ ਖੜਾ ਬੰਦੇਜੀ ਕਯੋ।੧੧।
ਸੱਦ ਲੋਕਨ ਤਹਿਂ ਹੋਕੋ ਦਿਵਾਯੋ। 'ਜਿਸ ਹੁਇ ਦੁਖ ਸੁਖ ਇਸਤੈ ਪਾਯੋ।
ਹਮ ਪ੍ਰਬਤੀਅਨ ਸਿੱਧੀ ਖੋਸ ਆਣੀ। ਦੇਵ ਦੇਵੀ ਲਜਾ ਈਹਾਂ ਪ੍ਰਗਟਾਣੀ'।੧੨।

ਦੋਹਰਾ: ਬਹੁ ਦੁਖੀਏ ਚਲ ਤਿਹ ਅਏ ਗਏ ਸੁ ਦੁਖ ਗਵਾਇ।
ਦੂਧ ਪੂਤ ਤਿਹ ਬਹੁ ਮਿਲੇ ਮਨ ਇੱਛੇ ਫਲ ਪਾਇਂ।੧੩।

ਚੌਪਈ: ਰਾਜੇ ਕਹਿਲੂਰੀ ਫਿਕਰ ਬਡ ਕੀਯਾ। ਸਭ ਜਲੰਧ੍ਰੀਅਨ ਲਿੱਖਸੁ ਦੀਆ।
'ਇਕ ਉਠਜੇ ਅਬੈ ਹੈ ਔਰ ਸ਼ਿਕਾਰ। ਅਬ ਰਲ ਲੁਟੀਐ ਉਸ ਕੋ ਮਾਰ।੧੪।
ਹੈ ਕੱਚੀ ਅਬ ਸੋਇ ਬਲਾਇ। ਹੁਇ ਪੱਕੀ ਤਬ ਮਰਗ ਹਥ ਲਾਇ।
ਗੋਬਿੰਦ ਸਿੰਘ ਜਿਮ ਕਰੂ ਖੁਆਰੀ। ਜੋ ਦਸ ਲਖ ਰਲ ਕਢਜੋ ਥੋ ਮਾਰੀ।੧੫।
ਵਹੀ ਅੰਡ ਖਚ ਟਿਡ ਜਿਮ ਛਡ ਗਯੋ। ਅਬ ਵਹੀ ਪਰਾਹਿਤ ਹਮ ਲਗਅਯੋ।
ਵੋ ਭੀ ਕਹਾਵਤ ਗੁਰ ਜਿਮ ਕ੍ਰਾਮਾਤੀ। ਪਰਹੈ ਰਸਾਇਣੀ ਹਮ ਇਮ ਜਾਤੀ।੧੬।
ਅਕੈ ਪਾਰਸ ਅਕੈ ਪੌਰਸ ਪਾਸੇ। ਕੱਢ ਦੇਤ ਬਹੁ ਮੁਹਰੈਂ ਖਾਸੇ।
ਅਬ ਉਸਕੋ ਕਿਮ ਲਈਐ ਫਰੈ। ਤੌ ਹਮ ਪ੍ਰਬਤੀਅਨ ਕਾ ਕੰਮ ਸਰੈ।੧੭।
ਹੈ ਪਰਬਤ ਬਹੁ ਲੋਹੇ ਖਾਣ। ਲੇ ਪਾਰਸ ਕਰੀਜੈ ਸੁਰਣ ਠਾਣਿ।
ਔ ਜੁ ਹੈ ਰਸਾਇਨ ਉਸ ਪਾਹਿ। ਸਿਖ ਲਉਗੁ ਤੌ ਛਡੀਅਗੁ ਤਾਂਹਿ।੧੮।

ਦੋਹਰਾ: ਜੌ ਹੋਹਿ ਨ ਪਾਰਸ ਰਸਾਇਣੋ ਵਹੁ ਕਹਿਂ ਤੇ ਦਰਬ ਲਿਆਇ।
ਪਹਿ ਉਸ ਰਾਜਨ ਵਣਜ ਹੈ ਵਹੁ ਇਤੋ ਖਰਚ ਕਹਿਂ ਖਾਇ'।੧੯।

ਚੌਪਈ: ਯੌ ਸੁਨ ਰਾਜੇ ਬਹੁ ਚਲ ਆਏ। ਜੋ ਆਪ ਨ ਆਏ ਤਿਨ ਖਜੀਰ ਘਲਾਏ।
ਤੌ ਆਇ ਸਭਨ ਮਿਲ ਮਤੋ ਮਤਾਏ। 'ਕਿਮ ਜੀਵਤ ਉਸ ਕੋ ਲਯੈ ਫੜਾਏ।੨੦।
ਤੌ ਰਸਾਇਣ ਦੱਸੈ ਔ ਪਾਰਸ ਦਏ। ਜੋ ਵਹਿ ਮਾਰਿ ਲਈਐ ਹਮੈਂ ਕੌਣ ਬਤਾਏ।
ਕਿਮ ਛਲ ਸੌਂ ਉਸ ਜੀਵਤ ਫੜੋ। ਉਸ ਸਿਉਂ ਪਹਿਲੋ ਇਮੈ ਨ ਲੜੋ'।੨੧।
ਕੋਊ ਕਹੈ 'ਉਸ ਮਾਰੋ ਸਭ ਖੂਨੀ'। ਕੋ ਕਹੈ 'ਬਚਾਉ ਉਸ ਤੈ ਜਾਨ ਅਪਨੀ।'
ਕੋਊ ਕਹੈ 'ਉਸ ਮਾਰੋ ਮੈਦਾਨੇ। ਘੇਰ ਚੁਤਰਫੋਂ ਮਤ ਪਾਵੈ ਜਾਨੇ'।੨੨।
ਜਿਮ ਚਿਤ ਆਵੈ ਤਿਮਹੀ ਭਾਖੈਂ। ਜਿਤਨਕ ਮੁਖ ਵਹੁ ਤਿਤਨਕ ਆਖੈਂ।
ਆਗੈ ਸੁਨੋ ਬੰਦੇ ਕੀ ਬਾਤ। ਵਕੀਲ ਰਾਜਨ ਕੇ ਘਲੇ ਸਦਾਤ।੨੩।

. Sri Satguru Jagjit Singh Ji eLibrary NamdhariElibrary@gmail.com .

੫੮. [ਬੰਦੇ ਨੇ ਵਜ਼ੀਰਾਂ ਨੂੰ ਕਰਾਮਾਤ ਦਿਖਾਉਣੀ ਤੇ ਆਪਣੇ ਆਪਣੇ ਸਿਪਾਹੀਆਂ ਦੇ ਬਲ ਪਰਖਣੇ]

ਦੋਹਰਾ: ਉਨਕੋ ਸੱਦ ਐਸੇ ਕਹਯੋ 'ਤੁਮ ਕਾਹਲ ਕਾਹਿ ਕਰਾਹੁ।
ਤੁਮ ਕਾਹਲ ਕੀਤੇ ਨਹਿੰ ਬਚੋ ਕੁਈ ਬਚਨੌ ਜਤਨ ਕਮਾਹੁ।੨੪।

ਚੌਪਈ: ਔ ਜੁ ਚਟੋ ਲਜਾਈ ਫੌਜ ਪਤਿਸ਼ਾਹੀ। ਸੋਊ ਮਾਰ ਹਮ ਪ੍ਰਿਥਮ ਗਵਾਈ।
ਇਮ ਲੁਕ ਲੁਕ ਜੋ ਮਤੇ ਮਤਾਏ। ਹਮ ਤੇ ਛਾਨੇ ਰਹੇ ਨ ਵਾਏ।੨੫।
ਚਹੋ ਜਿ ਤੁਮ ਸਭ ਖੂਨੀ ਮਾਰੇ। ਤੌ ਪਰੇ ਰਹੋਗੇ ਖੇਤ ਮਝਾਰੇ।
ਚਹੋ ਰਸਾਇਣ ਪਾਰਸ ਫੜ ਲੈਹੋ। ਮੈਂ ਏਕਲ ਆਵੌਂ ਤੌ ਫੜਯੋ ਨ ਜੈਹੋਂ।੨੬।
ਮੈਂ ਛਲਬਲ ਤੁਮ ਆਵੌਂ ਨ ਦਾਇ। ਮੋਕੋ ਲੇਵੋ ਘਰੇ ਬੁਲਾਇ।
ਬੈਠ ਇਕਲ ਤੁਮ ਕਹੀ ਸਲਾਹਿ। ਸਭ ਤੁਮ ਮਨ ਕੀ ਦਈ ਬਤਾਇ'।੨੭।
ਤੌ ਵਕੀਲ ਉਨ ਅਗਯੋਂ ਕਹੀ: 'ਹਮਰੇ ਦੇਸ ਭੀ ਹੈਂ ਚੇਲੇ ਅਸ ਕਈ'।
ਤੌ ਬੰਦੇ ਬਚ ਐਸ ਉਚਾਰੇ। 'ਉਨਿ ਦੇਖੋ ਲੜਾਇ ਇਕ ਹਮ ਸਿੰਘ ਨਾਰੇ।੨੮।

ਦੋਹਰਾ: ਹਮ ਕਰੈਂ ਪ੍ਰਤਗਜਾ ਪ੍ਰਿਥਮ ਇਮ ਤੁਮ ਪੰਜਨ ਆਨ ਘੜਾਉ।
ਹਮ ਇਕ ਸਿੰਘ ਸੋਂ ਜਿਮ ਲੜੈਂ ਮੈਂ ਦੇਊਂ ਤਿਵੈਂ ਲੜਾਇ'।੨੯।

ਚੌਪਈ: ਤਬ ਉਨ ਵਕੀਲਨ ਐਸ ਉਚਾਰਾ। 'ਹਮ ਜਿੱਤੈਂ ਤੌ ਕਿਆ ਦੇਹੋ ਭਾਰਾ?
ਹਮ ਹਾਰੈਂ ਤੌ ਤੁਮ ਕਯਾ ਲੇਹੋ? ਦੋਊ ਬਾਤ ਹਮ ਕੋ ਲਿਖ ਦੇਹੋ'।੩੦।
ਝਟ ਬੰਦੈਜੀ ਯੌਂ ਲਿਖ ਦੀਯੋ। 'ਜੋ ਤੁਮ ਜਿਤੇ ਦੂਰ ਦਾਰਿਦ ਕਰਾ ਲੀਯੋ।
ਜਿਤਕ ਦਰਬ ਹੁਇ ਤੁਮਕੋ ਲੋੜ। ਮੈਂ ਭਰ ਦੇਊਂ ਤਿਤੌ ਕਰੋੜ।੩੧।
ਪਾਰਸ ਰਸੈਣੋਂ ਸਾਇਨੋ ਹੋਇ। ਮੋਤੀ ਜੁਵਾਹਰ ਕਰ ਦੇਊਂ ਤੋਇ'।
ਇਤਨਕ ਕਹਿ ਹਥ ਖੀਸੈ ਪਾਇ। ਮੋਤੀ ਜੁਵਾਹਰ ਕਰ ਦਏ ਖਿੰਡਵਾਇ।੩੨।
'ਮੈਂ ਜੀਤੌਂ ਲਿਉਂ ਰੱਯਤ ਬਨਾਇ। ਪੈਸਾ ਪਾਤਿਸ਼ਾਹੀ ਲਉਂਗੁ ਭੂਵਾਇ।
ਮਾਇ ਤੁਮਰੀ ਕਾ ਕਯਾ ਖਰਚ ਹੋਇ। ਮੈਂ ਲੈਂਗੁ ਮਾਰ ਪਤਿਸਾਹੀ ਯੌ ਸੋਇ।੩੩।

ਦੋਹਰਾ: ਤੁਮੈਂ ਲਿਖਾਉਂ ਮੈਂ ਨਹੀਂ ਮੈਂ ਲਊਂਗਾ ਅਪਨੇ ਜੋਰ।
ਯਹੀ ਪ੍ਰਤੱਗਜਾ ਦੇਖ ਕੈ ਫਿਰ ਦੇਖਯੋ ਕੋਊ ਔਰ'।੩੪।

ਚੌਪਈ: ਤੌ ਵਕੀਲਨ ਲਿਖ ਨਿਰਪ ਘਲਾਏ। ਪੰਜ ਜੁਵਾਨ ਬਡ ਘੱਲੋ ਚੁਰਾਏ।
ਸੋ ਪ੍ਰਬਤੀਅਨ ਪੰਜ ਦਏ ਘਲਾਇ। ਹੁਤੇ ਮੀਏਂ ਸੋ ਬਡ ਕਦ ਵਾਇ।੩੫।
ਸਾਥ ਉਨ੍ਹੈਂ ਬਹੁ ਘਲੀ ਸਿਪਾਹਿ। ਮਤ ਬੰਦਾ ਉਨਿ ਛਲੋਂ ਝੁਠਾਹਿ।
ਤਬ ਬੰਦੈ ਸਿੰਘ ਪੰਜ ਮੰਗਾਏ। ਕਹਯੋ ਬੰਦੇ 'ਤੁਮ ਕੋ ਕੋ ਭਾਏ?'।੩੬।
ਦੇਖਤ ਨਿਕਸ ਬਾਘੜ ਸਿੰਘ ਫਰਾ। ਸੱਦ ਬੰਦੇ ਪਿੱਠ ਤਿਸ ਹਥ ਧਰਾ।
ਅੰਗਦ ਜਿਮ ਬਲ ਤਿਸ ਮਹਿੰਧਾਰਾ। ਤੌ ਬਾਘੜ ਸਿੰਘ ਐਸ ਉਚਾਰਾ।੩੭।
'ਇਨ ਪਾਂਚਨ ਕੋ ਅਬ ਕਯਾ ਕਾਮ। ਰਖਯੋ ਪਿਛੈ ਕਿਮ ਪੰਜ ਸੌ ਥਾਂਮ।
ਸਤਿਗੁਰ ਨੇ ਹੈ ਐਸ ਉਚਾਰਾ। ਮੈਂ ਸਵਾ ਲਖ ਸੋਂ ਲੜਾਉਂ ਇਕ ਪਜਾਰਾ'।੩੮।

Sri Satguru Jagjit Singh Ji eLibrary NamdhariElibrary@gmail.com

੫੯. [ਬਾਘੜ ਸਿੰਘ ਦਾ ਪੈਰ ਪਹਾੜੀ ਸਿਪਾਹੀ ਚੁੱਕ ਨਾ ਸਕੇ]

ਦੋਹਰਾ: ਉਤ ਥੈ ਪੰਜ ਜੇਊ ਅਏ ਦਿਯੋ ਇਤ ਤੇ ਇਕ ਤੁਰਵਾਇ।
ਜਾਇ ਤਿਨੈ ਕੈ ਮਧ ਖੜਯੋ ਸ੍ਰੀ ਸਤਿਗੁਰ ਫਤੇ ਬੁਲਾਇ।੩੯।

ਚੌਪਈ: ਤੌ ਬਾਘੜ ਸਿੰਘ ਪੈਰ ਪਸਾਰਾ। ਅੰਗਦ ਜਿਮ ਉਨਕੋ ਲਲਕਾਰਾ।
'ਹਮਰੇ ਚਰਨ ਕੋ ਪ੍ਰਿਥਮ ਉਠਾਓ। ਪਿਛੈ ਚਹੋ ਸੋ ਔਰ ਕਰਵਾਓ'।੪੦।
ਤੌ ਪ੍ਰਖਤੀਅਨ ਐਸੇ ਫੁਰਮਾਯੋ। 'ਪ੍ਰਿਥਮੈ ਹਮ ਤੇ ਪੈਰ ਛੁਹਾਯੋ।
ਹਮ ਸੌਂ ਦਸਤ ਪੋਸ਼ੀ ਕਰ ਲਯੋ'। ਉਨੈ ਕਹੇ ਆਗੇ ਹਥ ਕਯੋ।੪੧।
ਉਨ ਮਧ ਹੁਤੋ ਇਕ ਬਡੋ ਜੁਵਾਨ। ਕਰਯੋ ਹੱਥ ਤਿਨ ਆਗੈ ਆਨ।
ਏਕ ਹਾਥ ਤਿਹ ਫੜ ਜਬ ਲੀਨਾ। ਤੜਫਯੋ ਜੈਸੇ ਜਲ ਬਿਨ ਮੀਨਾ।੪੨।
ਇਕ ਹਥ ਤੇ ਫੜ ਸਿੰਘ ਦਬਾਯੋ। ਭਯੋ ਚੂਰਨ ਤੌ ਵਹੁ ਬਿਲਲਾਯੋ।
'ਹਾਇ ਹਾਇ' ਕਰ ਮਹੋਂ ਉਚਾਰੀ। 'ਛਡੋ ਖਾਲਸਾ ਸ਼ਰਣਿ ਤੁਮਾਰੀ'।੪੩।
ਛਡ ਬਾਘੜ ਸਿੰਘ ਉਸ ਯੌ ਕਹਯੋ। 'ਇਮ ਚਾਹਤ ਚਰਨਨ ਲਗਵਯੋ।
ਜੋ ਉਠਗੁ ਨਹੀਂ ਤੌ ਮਰੋ ਤੌ ਨਾਹੀਂ। ਚਰਨ ਛੁਹੈ ਘਰ ਜੀਵਤੌ ਜਾਹੀ।੪੪।
ਪ੍ਰਿਥਮੇ ਏਕ ਲਗੋ ਚਰਣ ਆਨ। ਫਿਰ ਦੂਏ ਤੀਏ ਲਾਯੋ ਤਾਨ।
ਫਿਰ ਚੌਥੇ ਉਨ ਲੀਓ ਖੁਲਾਇ। ਪੰਜਮੋਂ ਬਹਯੋ ਹੁਤ ਹੱਥ ਤੁੜਾਇ।੪੫।

ਦੋਹਰਾ: ਜਿਮ ਜਿਮ ਘੁਮ ਝੁਮ ਝੁਕ ਝੁਕੈਂ ਤਿਮ ਤਿਮ ਡੂੰਘ ਗਡਾਹਿ।
ਜੈਸੇ ਅੰਗਦ ਪਦ ਭਯੋ ਗਾਢ ਸੁ ਲੰਕਾ ਮਾਹਿ।੪੬।

੬੦. [ਬੰਦੇ ਦਾ ਗਡਾਯਾ ਝੰਡਾ ਤਰਕ ਕੱਟ ਪੁੱਟ ਨਾ ਸਕੇ]

ਚੌਪਈ: ਤੌ ਬਾਘੜ ਸਿੰਘ ਐਸ ਉਚਾਰਾ। 'ਸਭ ਚਲ ਆਵੋ ਤੁਮ ਬਲਸਾਰਾ'।
ਹੁਇ ਸ਼੍ਰਮਿੰਦੇ ਸੁ ਮੁੜ ਗਏ ਡੇਰੇ। ਭੱਜੇ ਇਮ ਜਿਮ ਛੁਟ ਅਜ ਸ਼ੇਰੇ।੪੭।
ਔਰ ਬਚਨ ਬੰਦੇ ਫੁਰਮਾਯਾ। 'ਔਰ ਬਾਤ ਕੋਊ ਲੇਹੁ ਪੁਤਾਯਾ।
ਹਮ ਅਬ ਦੇਤ ਹੈਂ ਧਜਾ ਗਡਾਈ। ਤੁਮ ਬਲ ਕਰ ਸਭ ਦਿਹੋ ਗਿਰਾਈਂ।੪੮।
ਸੋਊ ਬਾਤ ਉਨ ਯੌ ਮੰਨ ਕਹੀ। 'ਸੋ ਚਹੀਏ ਦੂਰ ਤੁਮ ਡੇਰਯੋਂ ਗਡਵਈ।
ਤੌ ਸਭ ਰਾਜੇ ਹਮ ਦੇਖਨ ਆਏਂ। ਸਾਚ ਝੂਠ ਤੁਮ ਲੇਹਿੰ ਪ੍ਰਤਾਏ'।੪੯।
ਫਿਰ ਬੰਦੇ ਜੀ ਐਸ ਉਚਾਰੀ। 'ਤੁਮ ਆਓ ਸਭ ਲੈ ਤਲਵਾਰੀ।
ਜੇਕਰ ਤੁਮ ਤੇ ਪਟੀ ਨ ਜਾਇ। ਉਸਕੋ ਤੇਗਨ ਸਜੋਂ ਸੁਟੋ ਕਟਾਇ।੫੦।

ਦੋਹਰਾ: ਜੌ ਤੁਮ ਪਟ ਸਭ ਨਹਿੰ ਸਕੋ ਤੌ ਇਕ ਤੌ ਕਟ ਦਯੋ ਲਾਸ*।
ਪਰ ਧਜਾਨਨਿ ਜੇ ਸਿਰ ਵਲ ਕਰਯੋ ਮਤ ਤੁਮਰੋ ਸਿਰ ਹੁਇ ਨਾਸ਼'।੫੧।

---

* ਰੱਸੀ ਝੰਡੇ ਦੀ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਜਾਇ ਵਕੀਲਨ ਨ੍ਰਿਪਨ ਸੁਨਾਈ। 'ਇਤ ਘਲ ਬੰਦੇ ਧਜਾ ਗਡਾਈ'।
ਸੋ ਸੁਨ ਰਾਜੇ ਅਚੰਭਤ ਭਏ; ਕਹੈਂ 'ਬੰਦੋ ਕੁਛ ਡਿਠ ਬੰਦ ਕਏ'।੫੨।
ਦੇਵ ਦੇਵੀ ਨਿਜ ਲਗੇ ਮਨਾਵਨ; ਨਿਜ ਮੰਤ੍ਰਨ ਕੋ ਜਾਪ ਜਪਾਵਨ।
ਕਹੈਂ 'ਸਵਾ ਪਹਰੋ ਬਾਦਹ ਆਵਹਿਂ। ਬਦੈ ਮੰਤ੍ਰਨ ਕੋ ਬਿਹੋ ਕਰਾਵਹਿਂ।'੫੩।
ਕਹੈਂ 'ਪੁਟੈਂ ਹਮ ਕਲ ਕੋ ਆਣ'। ਹੁਤੋ ਬੰਦੋ ਜੀ ਜਾਣੀ ਜਾਣ।
'ਤੁਸੀਂ ਰਾਤ ਲੁਟਕੈ ਪਟਜੋ ਚਾਹੋ। ਹਮ ਤੁਮਕੋ ਦੇਉਂ ਯਹ ਭੀ ਰਾਹੋਂ'।੫੪।

ਦੋਹਰਾ: ਨਿਸ ਉਨ ਦੁਸ਼ਟਨ ਆਨ ਕਰ ਲਾਇ ਲਯੋ ਸਭ ਜ਼ੋਰ।
ਪਟਿ ਘੁਟਿ ਅਰ ਦਬਿ ਚੱਕ ਸਭ ਬਿਧ ਮੋਂ ਰਹਿਓ ਤੋੜ।੫੫।

ਚੌਪਈ: ਲਾਸ ਕਟਨ ਹਿਤ ਤੇਗ ਚਲਾਈ। ਸੋਊ ਤੇਗ ਉਨ ਗਲ ਵਲ ਆਈ।
ਸੋਊ ਮੋੜ ਵਹੁ ਮਜਾਨ ਕਰਾਹਿਂ। ਕਰ ਨਮਸਕਾਰ ਹੁਇ ਦੂਰ ਖੜਾਹਿਂ।੫੬।
ਕਹਿਂ 'ਲਾ ਦੇਖੋ ਆਏ ਜੁ ਹੋਰ। ਟਹਿ ਨਹਿਂ ਜਾਵੈ ਕਿਸ ਮਧ ਜੋਰ'।
ਦੇਖ ਜੋਹਿ ਸਭ ਸ਼ੁਮਿੰਦ ਭਏ। ਨਾਰ ਨਿਵਾਇ ਨਾਰਿਨ ਜਿਮ ਧਏ।੫੭।

ਦੋਹਰਾ: ਜੈਸੇ ਦ੍ਵਾਰੇ ਜਨਕ ਕੇ ਭਯੋ ਧਨੁਖ ਅਤਿ ਠਾਢ।
ਚਕ ਥਕ ਸਭ ਰਾਜੇ ਨਠੇ ਭਈ ਧਜਾ ਤਿਮ ਗਾਢ।੫੮।

ਚੌਪਈ: ਪੁਨ ਕਹਿਲੂਰ ਐਸ ਫੁਰਮਾਯਾ। 'ਗੜਬਢ ਅਪਨ ਕਰੋ ਤਕੜਾਯਾ।
ਜੇਤਿਕ ਫੌਜ ਵੜੈ ਲਜੋ ਵਾੜ। ਔਰ ਬਾਈ ਰਾਜਨ ਲਜੋ ਪਾਸ ਖਾੜ'।੫੯।

ਦੋਹਰਾ: ਹਾਥੀ ਖੜ੍ਹਾਯੋ ਕੰਸ ਜਿਮ ਤਖਤੇ ਖੂਬ ਅੜਾਇ।
ਬਾਘਰ ਸਿੰਘ ਇਕ ਤੀਰ ਸੋਂ ਦੇਵੈ ਸਭਨ ਗਿਰਾਇ।੬੦।

੬੧. [ਮੰਡੀ ਵਾਲੇ ਰਾਜੇ ਦੇ ਮਹਿਲਾਂ ਨੂੰ ਅੱਗ]

ਦੋਹਰਾ: ਤੌ ਬੰਦੇ ਜੀ ਇਮ ਕਹਜੋ ਮੰਡੀ ਵਾਲ ਵਜ਼ੀਰ ਬੁਲਾਇ।
'ਲੱਗੂਗੁ ਕਲ ਕੋ ਘਰ ਤੁਮੈ ਅਗਨ ਅਕਾਸ਼ੋਂ ਆਇ।੬੧।

ਚੌਪਈ: ਨਿਜ ਰਾਜੈ ਪੈ ਖਬਰ ਕਰ ਦੇਹਿ। ਕਰ ਉਪਾਉ ਰਖ ਪਾਣੀ ਭਰ ਤੇਹਿ।
ਗ੍ਰਿਬਨ ਕੈ ਘਰ ਲਗੈ ਨ ਆਗ। ਤੌ ਰਾਜੇ ਘਰ ਸਭ ਜਲ ਜਾਗ'।੬੨।

ਦੋਹਰਾ: ਤੌ ਬਜੀਰ ਸੁਨਿ ਸਭ ਕਹੀ ਰਾਜੇ ਜਤਨ ਸੁ ਕੀਨ।
ਰਾਤ ਅਧੀ ਵਡਵਾਉ ਵਗੀ ਮਿਲ ਦੋਇਅਨ ਛਾਰ ਸੁਕੀਨ।੬੩।

ਚੌਪਈ: ਔਰ ਲੋਕਨ ਵਲ ਜਬ ਅਗ ਗਈ। ਪਰਜੋ ਮੀਂਹ ਤਬ ਸੋ ਬੁਝ ਗਈ।
ਸਿੱਧ ਸੈਨ ਮਨ ਚਿੰਤਾ ਅਈ। ਕਰਾਮਾਤ ਬੰਦੇ ਪਿਖ ਲਈ।੬੪।
ਘਲ ਹਲਕਾਰੇ ਲਜੋ ਬਜ਼ੀਰ ਬੁਲਾਇ। 'ਸਾਥੋਂ ਬੰਦਜੋਂ ਲੜਜੋ ਨ ਜਾਇ।'
ਤੌ ਉਨ ਮਿਥਜੋ ਮਿਲਨ ਕੌ ਸਾਜ। ਗਈ ਕਲੂਹੋਂ ਫੌਜ ਉਸ ਭਾਜ।੬੫।

. Sri Satguru Jagjit Singh Ji eLibrary NamdhariElibrary@gmail.com .

ਕਹਲੂਰੀਆਂ ਦਾ ਪ੍ਰਸੰਗ

੬੨. [ਕਹਲੂਰੀਆਂ ਦਾ ਆਕੀ ਕਿਲ੍ਹਾ ਪੰਜਾਂ ਸਿੰਘਾਂ ਤੋਂ ਤੁੜਵਾਇਆ]

ਦੋਹਰਾ: ਆਗੈ ਸੁਨਹੁ ਪ੍ਰਸੰਗ ਫਿਰ ਜੋ ਕਹਿਲੂਰੀਅਨ ਸੀਸ ਵਿਹਾਇ।
ਤੇਰਾਂ ਸੌ ਮੀਏਂ ਚੀਏਂ ਕੱਟੇ ਖੂਬ ਬਣਾਇ।੧।

ਚੌਪਈ: ਤਬ ਬੰਦੇ ਕਲੂਰੀਅਨ ਫੁਰਮਾਯੋ। 'ਤੁਮ ਭੀ ਅਪਨੇ ਕਰਤਬ ਦਿਖਾਓ।
ਕੋ ਅਪਨੋ ਗੜ੍ਹ ਆਕੀ ਕਰੋ। ਬਾਈ ਜਲੰਧ੍ਰੀਏ ਸਭ ਮਧ ਵੜੋ।੨।
ਪੰਜ ਭੁਜੰਗੀ ਤੁਮ ਲਏਂ ਮਾਰ। ਤੌ ਤੁਮ ਛਡ ਫਿਰ ਜਾਓ ਪਹਾਰ।
ਜੌ ਤੁਮ ਉਨ ਤੇ ਮਰੋ ਸੁ ਨਾਂਹਿ। ਤੌ ਹਮ ਪ੍ਰਬਤਨ ਕੋ ਛਡ ਜਾਹਿਂ।੩।
ਜੋ ਮਾਂਗੋ ਸੋ ਦੇਉਂ ਮੈਂ ਤਾਂਹਿ। ਇਮ ਹਮ ਸੌਂ ਤੁਮ ਲਜੋ ਠਹਿਰਾਇ'।
ਤੌ ਕਲੂਰੀਅਨ ਸੋਊ ਕੀਆ। ਗੜ੍ਹ ਕਲੂਰ ਕਰ ਆਕੀ ਲੀਆ।੪।

ਦੋਹਰਾ: ਡਰੋਲ,[1] ਮਝੇਲੂ, ਠਾਗਲੂ, ਨੰਡੇ, ਸੁਹਲ, ਝੰਡਵਾਲ।
ਕਨੇਤਿ, ਡਿਛੰਨ, ਚਿਲਾਹਿਲੇ, ਬਲੜ[1] ਪੰਮੇ, ਡਢਵਾਲ।੫।
ਤੇਰਾਂ ਸੌ ਮੀਏਂ ਚੀਏਂ ਮਧ ਗੜ੍ਹ ਲੀਏ ਸੁ ਵਾੜ।
ਸਪਤ ਗਜਨ ਸਿਰ ਬੰਧ ਤਵੇ ਕੀਨੇ ਰਸਤੇ ਧਾੜ।੬।

ਚੌਪਈ: ਜੈਸ ਖੜੇ ਕੰਸਕੁ ਬਲੀ ਗਜ ਕੀਨੋ। ਪਿਲਾਇ ਸ਼ਰਾਬ ਬਹੁਤ ਉਨ ਦੀਨੋ।
ਬਹੁ ਦ੍ਰਬ ਦੇਣ ਮਹਾਵਤਨ ਕਹਜੋ। 'ਆਵਤ ਸਿੰਘਨ ਮਾਰ ਸੁਟਯੋ'।੭।

ਦੋਹਰਾ: ਰਾਜੇ ਔਰ ਰਜੌਰੀਆਂ ਲਏ ਸੁ ਗਿਰਦ ਬਹਾਇ।
ਦਾਰੂ ਸਿੱਕੇ ਬ੍ਰੇਤਾਇ ਕਰ ਔਰ ਖਰਚ ਬਹੁ ਪਾਇ।੮।

ਚੌਪਈ: ਇਤ ਬੰਦੈ ਜੀ ਪੰਜ ਸਿੰਘ ਤੋਰੇ। ਘਤ ਆਪਨ ਬਚਨਨ ਕੋ ਜੋਰੇ।
ਉਨ ਪਾਂਚਨ ਕੋ ਨਾਮ ਸੁਨਾਊਂ। ਭਿੰਨ ਭਿੰਨ ਉਨ ਪੌਰਖ ਗਾਊਂ।੯।

ਦੋਹਰਾ: ਬਾਘੜ ਸਿੰਘ, ਸਿੰਘ ਕੇਹਰੋ, ਸਿੰਘ ਰਣਜੀਤ ਰਣਜੋਰ।
ਬਜਰ ਸਿੰਘ ਪੰਚਮ ਸਦਜੋ, ਬਿਨ ਸਦਜੋ ਚੜ੍ਹਜੋ ਪੰਥ ਔਰ।੧੦।

ਚੌਪਈ: ਪਾਂਚਨ ਕੋ ਸੱਦ ਯੋ ਬਰ ਦਯੋ। 'ਤੁਮ ਕੋ ਮੌਤ ਨ ਸ਼ਮਤ੍ਰਨ ਪਯੋ।
ਤੁਮੈ ਅਮੋਘ ਬਾਣ ਹਮ ਦਯੋ! ਹੋਹਿ ਕਾਜ ਜੋ ਮਨ ਚਿਤ ਮਯੋ'।੧੧।
ਬਾਘੜ ਸਿੰਘ ਕੋ ਐਸ ਬਤਾਯੋ। 'ਰਸਤੈ ਫੌਜ ਲੜੈ ਉਸ ਘਾਯੋ'।
ਕੇਹਰ ਸਿੰਘ ਕੋ ਦ੍ਵੈਹਸਤੀ ਸੌਂਪਾਏ। 'ਇਕੈ ਬਾਣ ਸੌਂ ਦਯੋ ਗਿਰਾਏ'।੧੨।

ਦੋਹਰਾ: ਰਣਜੋਰ ਸਿੰਘ ਰਣਜੀਤ ਸਿੰਘ ਬਾਕੀ ਤਿਨ ਦਯੋ ਡਾਲ[2]।
'ਇਕ ਇਕ ਸਿੰਘ ਇਕ ਬਾਣ ਛਡਿ ਦਿਖਾਓ ਅਦਭੁਤ ਖਜਾਲ'।੧੩।
ਬਜਰ ਸਿੰਘ ਕੋ ਇਮ ਕਹਜੋ 'ਤੂੰ ਇਮ ਬਾਣ ਚਲਾਉ।
ਤਖਤੈ ਚਾਰੋਂ ਚੂਲ ਸੌਂ ਇਕ ਹੀ ਚੋਟ ਤੁੜਾਉ'।੧੪।

---

੧ ਪਾਠਾਂਤ੍ਰ-ਬਲੋਚੜ। ੨. ਭਾਵ ਬਾਕੀ ਪੰਜ ਹਾਥੀ ਮਾਰਨੇ ਉਨ੍ਹਾਂ ਨੂੰ ਸੌਂਪੇ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਉ ਸਿੰਘ ਉਠਿ ਪੰਚ ਸਿਧਾਰੇ। ਭਈ ਖਬਰ ਯੌਂ ਪੰਥ ਮਧ ਸਾਰੇ।
ਸ਼ੋਰਮਿਸ਼ੋਰਾ ਉਠ ਸਬਹਨ ਕੀਓ। ਪੰਥ ਬੰਦੈ ਅੱਗੇ ਆ ਕਹਿਓ।੧੫।
'ਲਰਨ ਮਰਨ ਠੌਰ ਹਮ ਪਲਚਾਯੋ। ਫਤੈ ਓਰ ਅਬ ਉਨ੍ਹੈ ਤੁਰਾਯੋ।
ਹਮ ਕੋ ਕਿਮ ਅਬ ਕੀਯੋ ਨਕਾਰੇ। ਹਮ ਭੀ ਜਾਵੈਂ ਉਨ ਹੀ ਨਾਰੇ'।੧੬।
ਮਗਰੇ ਪੰਥ ਹੱਲਾ ਕਰ ਦਿਯੋ। ਹਲਾ ਹਲਾ ਕਰ ਪੰਥ ਚੜ੍ਹ ਗਜੋ।
ਪ੍ਰਥਮ ਪੰਜੇ ਸਿੰਘ ਪਹੁੰਚੇ ਜਾਇ। ਰਸਤੇ ਦਾਰ ਸੋ ਰਹੇ ਦੜਾਇ[1]।
ਕਹੈਂ 'ਜਾਂਦੀ ਕਿਮ ਗਲ ਪਾਵੇਂ ਬਲਾਇ'।੧੭।

ਦੋਹਰਾ: ਕੇਹਰ ਸਿੰਘ ਆਗੈ ਟੁਰਜੋ ਔਰ ਸਿੰਘ ਦੁਇ ਸਾਥ।
ਇਕ ਇਕ ਤੀਰ ਤੀਛਨ ਛਡੇ ਭੰਨੇ ਸਤ ਫੀਲਨ ਮਾਥ।੧੮।

ਚੌਪਈ: ਬਜਰ ਸਿੰਘ ਤਉ ਅਗੈ ਸਿਧਾਯੋ। ਇਕੈ ਬਾਨ ਦੋ ਕਪਾਟ ਗਿਰਾਯੋ।
ਖਾਰੋਂ ਚੂਲਜੋਂ ਤੋੜ ਸੁ ਗਯੋ। ਗੜ੍ਹੀ ਮੱਧ ਥਰਥੱਲੋ ਪਯੋ।੧੯।
ਤੌ ਲੌ ਦਲ ਖਾਲਸੈ ਕੋ ਆਯੋ। ਜੋ ਉਨਿ ਲਭਜੋ ਸੁ ਕੱਟ ਗਿਰਾਯੋ।
ਦੇਖਿ ਭਜਤ ਤਿਨ ਲੀਨੇ ਘੇਰ। ਜਿਉਂ ਹੁਤੇ ਮਹਰਮ ਸਿੰਘ ਸਰਸੇ ਬੇਰ।੨੦।

ਦੋਹਰਾ: ਤਿਉਂ ਸਿੰਘਨ ਸ਼ਮਸ਼ੇਰ ਫੜ ਕੱਟ ਦੋਧਰ ਕਰ ਦੀਨ।
ਔਰਨ ਕੇ ਹਥ ਜੋ ਲਭੇ ਜਾਨ ਛੋਡ ਲਏ ਛੀਨ।੨੧।

ਚੌਪਈ: ਤੌ ਬੰਦੋ ਜੀ ਗੈਲ ਚਢ ਆਯੋ। ਰਾਜਾ ਨਠੋ ਦੇਖ ਦਲ ਗੈਲੋ ਖੜਾਯੋ।
'ਨਠੈ ਗੇਲ' ਕਹਜੋ 'ਪੜਨੋ ਨਾਂਹਿ'। ਮਾਰੇ ਤੇਰਾਂ ਸੈ ਕਲੂਰੀਏ ਤਾਂਹਿ।੨੨।
ਖਾਤੇ ਤੇਰਾਂ ਤਹੀਂ ਪੁਟਾਇ। ਸੌ ਸੌ ਗਿਨ ਕੈ ਦਏ ਦਬਾਇ।
ਤਬ ਬਿਲਾਸਪੁਰੇ ਵਲ ਬੰਦਾ ਧਾਯੋ। ਮਾਰ ਲੂਟ ਤਉ ਫੂਕ ਗਿਰਾਯੋ।੨੩।
ਸਪਤ ਧਾਰ ਮਧ ਪਰ ਗਈ ਧਾਂਕ। ਸਭਨ ਮਿਲਨ ਕਹਿ ਘੱਲਜੋ ਵਾਕ।
'ਹਮ ਤੌ ਹੁਤੇ ਘਰ ਸਿਖ ਗੁਰ ਕੇਰੇ। ਹੁਤੇ ਕੀਏ ਗੁਰ ਕਲੂਰੀਅਨ ਭੇਰੇ।੨੪।
ਇਮ ਕਹਿਕੇ ਸਭ ਹੀ ਮਿਲ ਪਏ।[2] ਟਕੇ ਪਤਸ਼ਾਹੀ ਸਭ ਭੇਜਤ ਭਏ।
ਹੋਇ ਸਿੱਖ ਜੋ ਪੈਸਾ ਦੇਇ। ਬੰਦੇ ਤੇ ਵਹਿ ਮੁਹਰਾਂ ਲੇਇ।੨੫।
ਦੁੱਧ ਸੁਖੇ ਤਿਸ ਮਿਲੈ ਸੁ ਦੁੱਧ। ਪੁਤ ਮੰਗੇ ਪੁਤ ਆਵੈ ਸੁੱਧ।
ਦੁਖੀਏ ਦੁਖ ਹੋਵੈ ਤਿਸ ਦੂਰ। ਧਨ ਮਾਂਗੈ ਘਰ ਹੁਇ ਭਰਪੂਰ।੨੬।
ਸਿਖ ਪੰਜਨ ਤੇ ਅਰਦਾਸ ਕਰਾਵੈ। ਜੋਊ ਮਾਂਗੈ ਸੋਊ ਦਿਵਾਵੈ।
ਦੇਵ ਭੂਤ ਮੁਖ ਦੇਖੈ ਜਾਇ। ਰਹੈ ਨਹੀਂ ਜੋ ਹੋਵੈ ਬਲਾਇ।੨੭।

---

੧ ਦੜ ਵਟ ਰਹੇ, ਭਾਵ ਸਿੰਘਾਂ ਨੂੰ ਉਨ੍ਹਾਂ ਨੇ ਨਾ ਰੋਕਿਆ।

੨ ਇਥੋਂ ਤੋਂ ਲੈਕੇ ਅਗੇ ਅੰਕ ੩੩ ਤੱਕ ਪਾਠਾਂਤ੍ਰ ਇਉਂ ਬੀ ਹੈ:- ਟਕੇ ਪਤਿਸ਼ਾਹੀ ਦੇਨ ਮੰਨ ਗਏ। ਬੰਦੇ ਪਰਬਤ ਮੱਲ ਕਹਾਯੋ ਪਤਿਸ਼ਾਹ। ਲਏ ਟਕੇ ਪਤਿਸ਼ਾਹੀ ਬੰਦੇ ਉਗਰਾਹ।੨੫। ਦੋਹਰਾ-ਬੰਦਾ ਪਰਬਤ ਛੋਡ ਬਹਿ ਗੁਰੂ ਕਹਾਯੋ ਆਪ। ਕਿਤੇ ਕਹਾਯੋ ਜੁਝਾਰ ਸਿੰਘ ਕੋਉ ਆਪ ਠੌਰ ਬਹਯੋ ਬਾਪ॥੨੬॥

. Sri Satguru Jagjit Singh Ji eLibrary NamdhariElibrary@gmail.com .

ਸਿਧ ਪਰਖਤੀ ਰਹੇ ਸਿਧ ਲਾਇ। ਬੰਦਾ ਸਭ ਤੇ ਅਧਿਕ ਸਦਾਇ।
ਜੋ ਚਿਤਵਤ ਕੋ ਦੂਰੋਂ ਆਵੈ। ਬੰਦਾ ਚਿਤ ਕੀ ਬਾਤ ਬਤਾਵੈ।੨੮।

ਦੋਹਰਾ: ਆਇ ਮਿਲੈ ਜੋ ਪ੍ਰਥਮ ਹੀ ਤਿਹ ਬੰਦਾ ਸੁਖੁ ਦੇਇ।
ਆਇ ਮਿਲੇ ਭਿੜ ਲੜ ਜੋਊ ਤਿਸ ਕੁਛ ਬਖਸ਼ੈ ਕੁਛ ਲੇਇ।੨੯।

ਚੌਪਈ: ਗੁਰੂ ਕੋਟ ਲੌ ਬੰਦਾ ਗਯੋ। ਤਿਹ ਥਾਂ ਖਾਣਾ ਬੰਦੇ ਕਯੋ।
ਸੁਖੇਤੜ ਆਇ ਬੰਦੈ ਜੀ ਮਿਲੇ। ਭਏ ਨਦੌਣੀ ਵਕੀਲ ਤਹਿਂ ਭਲੇ।੩੦।
ਹੁਤ ਢੁਕੋ ਪਾਤਿਸਾਹੀ ਸੋਊ ਲੀਓ ਖਜਾਨੋ। ਕੋਊ ਚੜ੍ਹਾਵੈ ਦੇਇ ਬਹਾਨੋ।
ਤਿਨਕੈ ਬੰਦਾ ਕਿਰਪਾ ਕਰੇ। ਵਕੀਲ ਰਹੇ ਤਿਸ ਪਾਸੈ ਖਰੇ।੩੧।

ਦੋਹਰਾ: ਨਿੱਤ ਨਕੀਬ ਬੁਲਾਇ ਸੋ ਇਤ ਬਿਧ ਹੋਕਾ ਦੁਾਇ।
'ਇਤਨੇ ਕਰੋ ਨ ਕੰਮ ਤੁਮ ਸੋ ਮੈਂ ਦਿਓਂ ਬਤਾਇ।੩੨।

ਚੌਪਈ: ਇਸਤ੍ਰੀ ਤਨ ਜੋ ਗਹਿਣਾ ਹੋਈ। ਤਾਂਕੋ ਹਾਥ ਨ ਲਾਓ ਕੋਈ।
ਪੁਰਸ਼ ਪੁਸ਼ਾਕ ਔ ਸਿਰ ਕੀ ਪਾਗ। ਇਨ ਭੀ ਕੋਈ ਹੱਥ ਨ ਲਾਗ'।੩੩।

ਮੰਡੀ ਵਾਲੇ ਰਾਜੇ ਕਾ ਪ੍ਰਸੰਗ

੬੩. [ਮੰਡੀ ਵਾਲਾ ਸੁਧ ਸੈਣ ਰਾਜਾ ਭੇਟਾ ਲੈਕੇ ਮਿਲਿਆ]

ਦੋਹਰਾ: ਮੰਡੀ ਵਾਲੋ ਸੁੱਧ ਸੈਣ ਰਾਜਾ ਬਡਾ ਸਦਾਇ।
ਸੋਊ ਮਿਲਿਓ ਭਾਂਤਿ ਜਿਉਂ ਸੋ ਮੈਂ ਦਿਊਂ ਬਤਾਇ।੧।

ਚੌਪਈ: ਮੰਡੀ ਵਾਲੇ ਯੌਂ ਸੁਣ ਪਾਯਾ। 'ਹੈ ਕਰਮਾਤੀ ਬੰਦਾ ਆਯਾ।
ਕਰਾਮਾਤ ਗੁਰ ਗੋਬਿੰਦ ਸਿੰਘ ਦਈ। ਅਕਾਲ ਕ੍ਰਿਪਾ ਹੈ ਜਿਨ ਪਰ ਭਈ।੨।
ਬੰਦੈ ਕੋ ਸਤਿਗੁਰ ਇਮ ਕਹੀ। ਔਰ ਮਜਾਨ ਤਲਵਾਰ ਹੈ ਵਹੀ।
ਤਿਸ ਕਾ ਦਰਸ਼ਨ ਚਹੀਯੈ ਪਾਯਾ। ਹੈ ਕਰਾਮਾਤੀ ਬੰਦਾ ਆਯਾ।੩।
ਬਣੈ ਨ ਤਿਨ ਸੋਂ ਬੈਰ ਕਮਾਯਾ। ਹੈ ਅਵਤਾਰ ਜਨੁ ਬੰਦਾ ਆਯਾ।
ਲਿਉਗ ਲੜਾਈ ਸੋਊ ਹਿਰਾਇ। ਕਿਆ ਜਾਣੋਂ ਫਿਰ ਕਰਿਹੈ ਕਜਾਇ'।੪।
ਜਹਾਂ ਬੰਦਾ ਥੋ ਕਰਤ ਚੜ੍ਹਾਈ। ਮੁਹਰੇ ਉਤਰਯੋ ਰਾਜਾ ਆਈ।
ਬੰਦੇ ਪੈ ਦਏ ਘੱਲ ਵਕੀਲ। 'ਮਿਲਨ ਅਯੋ ਮੈਂ ਤੁਹਿ ਬਿਨ ਢੀਲ।੫।
ਮੈਂ ਸਿਖ ਥੋ ਗੁਰ ਨਾਨਕ ਘਰ ਕੋ। ਮੈਂ ਦਿਓਂ ਚੜ੍ਹਾਵੋ ਬੈਠੋ ਧੁਰ ਕੋ।
ਟਕੇ ਪਤਿਸ਼ਾਹੀ ਮੈਥੋਂ ਲੇਉ। ਮੋਕੋ ਅਪਨੋ ਸਿੱਖ ਬਨੇਉ'।੬।

ਦੋਹਰਾ: ਆਪ ਝੜ੍ਹਾਵੋ ਲੈ ਅਗੇ ਬੰਦੈ ਮਿਲਿਓ ਆਇ।
ਤਬ ਬੰਦੇ ਖੁਸ਼ੀਆਂ ਦਈ ਸੁਊ ਲਯੋ ਗਲ ਲਾਇ।੭।

. Sri Satguru Jagjit Singh Ji eLibrary NamdhariElibrary@gmail.com .

ਚੌਪਈ: ਬੰਦੈ ਕਹਜੋ 'ਸੁਨ ਸੁਧ ਮੈਨ ਰਾਜਾ। ਤੁਮ ਦੇਸ਼ੋ ਨਹਿਂ ਹੋਗੁ ਬਿਰਾਜਾ[1]।
ਰਹੈ ਨਹੀਂ ਤੁਹਿ ਦੋਖੀ ਮੁਖਾਲੋ। ਨਹਿਂ ਪਰਿਹੈ ਤੁਹਿ ਦੇਸ ਕੁ ਕਾਲੋ।੮।
ਜੋ ਕੁਛ ਹੋਵਗੁ ਤੁਮ ਕੋ ਲੋਰ। ਰਖ ਪੁਸਤਕ ਸਭ ਕੰਮ ਹੁਇ ਤੋਰ।
ਹੈ ਬਿਦਜਾ ਸਭ ਇਸਕੇ ਮਾਂਹਿ। ਜੋ ਚਾਹੋ ਸੋ ਲੈਹੁ ਕਮਾਹਿ'।੯।

੬੪. [ਬੰਦੇ ਦੀ ਇਸਤ੍ਰੀ ਦੀ ਸ਼ਕਤੀ]

ਦੋਹਰਾ: ਉਸ ਪੁਸਤਕ ਕੋ ਇਕ ਪਤਰੋ ਉਸ ਮਾਈ ਹਥ ਆਇ।
ਜਿਨ ਬਾਬੈ ਸਾਹਿਬ ਸਿੰਘ ਕੋ ਦੀਨੋ ਪ੍ਰਚੋ ਲਗਾਇ।੧੦।

ਚੌਪਈ: ਉਸ ਮਾਈ ਕੋ ਇਮ ਹਥ ਆਈ। ਬੰਦੈ ਨਾਰੀ ਉਨ ਟਹਲ ਕਮਾਈ।
ਹੁਤੀ ਬੰਦੈ ਨਾਰੀ ਕਿਤੇ ਜੇਜੋਵਲਿ। ਤਿਹ ਕਰੀ ਸੇਵਾ ਥੀ ਰੋੜੀ[2] ਚੱਲ।੧੧।

ਦੋਹਰਾ: ਬੰਦੈ ਨਾਰੀ ਕੋ ਪਰਚੋ ਇਕ ਮੈਂ ਦਿਊਂ ਲਿਖਾਇ।
ਔਰ ਅਨੇਕ ਪਰਚੇ ਲਿਖੈਂ ਗ੍ਰੰਥ ਬਡੋ ਬਢਿ ਜਾਇ।੧੨।

ਚੌਪਈ: ਜੇਜੋ ਵਲ ਜਸਵਾਲ ਹੁਤ ਰਾਜਾ। ਬਿਨਾਂ ਪੁਤ੍ਰ ਸੌਂ ਜਾਤ ਅਕਾਜਾ।
ਰਾਜਾ ਪੰਡੋਰੀ ਮਹੰਤੈ ਢਿਗ ਗਯੋ। ਉਸਕੋ ਕਾਜ ਨ ਉਸਤੈ ਭਯੋ।੧੩।
ਹੁਤਿ ਵਡਭਾਗ ਸਿੰਘ ਘਰ ਗੁਰਿਆਣੀ। ਤਹਾਂ ਘੱਲੀ ਉਸ ਰਾਜੈ ਰਾਣੀ।
ਔਰ ਅਨੇਕ ਸਿੱਧਨ ਘਰ ਗਈ। ਉਲਾਦ ਨ ਉਨਕੋ ਕਿਸਤੈ ਅਈ।੧੪।
ਉਨਕੀ ਚਿੰਤ ਨ ਕਿਨ੍ਹੈ ਮਿਟਾਈ। ਅਹਿਨਿਸ ਚਿੰਤਾ ਉਸ ਜੀਉ ਖਾਈ।
ਬਡੋ ਹੰਦੇਸੋ ਯਹਿ ਜਗ ਮਾਂਹਿ। ਬਿਨ ਔਲਾਦ ਘਰ ਬਿਰਥੇ ਜਾਹਿਂ।੧੫।

ਦੋਹਰਾ: ਉਹਾਂ ਕਿਸੈ ਨੇ ਆਇ ਕਹੀ 'ਇਕ ਬੰਦੈ ਨਾਰ ਅਖਾਇ।
ਜੋ ਮੁਖ ਤੇ ਵਹ ਬਚ ਕਹੈ ਸੋਊ ਨ ਬਿਰਥੋ ਜਾਇ'।੧੬।

ਚੌਪਈ: ਤੌ ਉਨ ਸੁਨਤ ਐਸ ਚਿਤਅਈ। ਜਿਮ ਅਤਹਿ ਪਿਆਸੇ ਨੀਰ ਦਿਸਈ।
ਪਰ ਉਨ ਕਉ ਬਹੁ ਸੋਚੈਂ ਹੋਈ। 'ਕਿਮ ਹਮ ਉਸੈ ਮਿਲਾਵੈ ਕੋਈ'।੧੭।

ਦੋਹਰਾ: ਢੂੰਡ ਭਾਲ ਮੋਂ ਤਹਿਂ ਪੁਜੀ ਜਹਿਂ ਹੁਤੀ ਬੰਦੈ ਜੀ ਜੋਇ।[3]
ਜਾਇ ਚੜ੍ਹਾਵੋ ਉਨ ਧਰਜੋ ਆਗੈ ਰਹੀ ਖਲੋਇ।੧੮।

ਚੌਪਈ: ਤਊ ਸੰਤਨੀ ਐਸ ਉਚਾਰਾ। 'ਹਮ ਲਾਇਕ ਕਜਾ ਕੰਮ ਤੁਹਾਰਾ?
ਬਡੇ ਮਹੰਤ ਗੁਰੂਅਨ ਪਹਿ ਜਾਹੋ। ਹਮ ਗ੍ਰੀਬਨ ਤੇ ਤੁਮ ਕਜਾ ਚਾਹੋ।੧੯।
ਉਨ ਹੀ ਕੀ ਤੁਮ ਸੇਵਾ ਕਰੋ। ਉਨਹੀ ਆਗੈ ਚੜ੍ਹਤੀ ਧਰੋ।
ਉਨ ਹੀ ਕਉ ਬਹੁ ਦਰਬ ਪਿਆਰੀ। ਅਸੀਂ ਰੁੱਖੀ ਮਿੱਸੀ ਖਾਇ ਸੋਇਂ ਸੁਖਾਰੀ'।੨੦।

---

੧. ਤੇਰਾ ਦੇਸ਼ ਰਾਜਾ ਤੋਂ ਬਿਨਾ-ਬੇਰਾਜਾ-ਨਹੀਂ ਹੋਵੇਗਾ ਭਾਵ ਤੇਰਾ ਰਾਜ ਕਾਇਮ ਰਹੇਗਾ।
੨. ਭਾਵ ਓਹ ਮਾਈ ਜੋ ਜਾਤ ਦੀ ਰੋੜੀ ਸੀ।
੩ .ਜੋਰੂ, ਇਸਤ੍ਰੀ।

. Sri Satguru Jagjit Singh Ji eLibrary NamdhariElibrary@gmail.com .

ਦੋਹਰਾ: ਯੌ ਸੁਨ ਰਾਨੀ ਦ੍ਵੈ ਉਸੈ ਗਹਿ ਪਦ ਪਰੀ ਲਪਟਾਇ।
ਹਮ ਕਰ ਬਚਨ ਸੁ ਕਰ ਦੀਯੋ 'ਮਾਲਕ ਆਸ ਪੁਜਾਇ'।੨੧।

ਚੌਪਈ: ਦੋਊਅਨ ਕੈ ਸਿਰ ਹੱਥ ਲਗਾਏ। ਦੋਊਅਨ ਆਦਰ ਸਾਥ ਉਠਾਏ।
ਇਮੀ ਖਰਮ ਉਨ ਅੰਦਰ ਬਿਤਾਓ; ਸਤ ਬੰਦੈ ਬਚਨ ਦੋਊ ਬਾਲਕ ਖਿਡਾਓ'।੨੨।

ਦੋਹਰਾ: ਖੁਸ਼ੀਅਨ ਸੌਂ ਵਹੁ ਘਰ ਗਈ ਪੁਜੀ ਰਾਜੇ ਢਿਗ ਜਾਇ।
ਆਸਾਵੰਤੀ ਦੁਇ ਭਈ ਸੁਤਿ ਇਕਹੀ ਨਿਸ ਦੁਇ ਜਾਇ।੨੩।
ਅਭਰਾਜ ਸਿੰਘ ਜਗਰੂਪ ਸਿੰਘ ਧਰਿਓ ਉਨਕੋ ਨਾਇ।
ਔਰ ਬਾਤ ਬਹੁਤੀ ਲਿਖੀ ਗ੍ਰੰਥ ਬਡੋ ਹੁਇ ਜਾਇ।੨੪।

ਅਥ ਕੁੱਲੂ ਦੀ ਸਾਖੀ ਤੁਰੀ

੬੫. [ਬੰਦੇ ਦਾ ਕੁੱਲੂ ਕੈਦ ਹੋਣਾ ਤੇ ਪਿੰਜਰੇ ਸਮੇਤ ਉਡ ਕੇ ਮੰਡੀ ਪੁੱਜਣਾ]

ਦੋਹਰਾ: ਤਬ ਬੰਦੇ ਕੇ ਦਿਲ ਅਈ ਕੁੱਲੂ ਦੇਖੀਏ ਜਾਇ।
ਸ੍ਰੀ ਮਹੇਸ਼ ਕੋ ਦਰਸ ਕਰ ਔਰ ਸਿਧਨ ਦਰਸ ਪਾਇ।੧।

ਚੌਪਈ: ਤਬ ਬੰਦੇ ਨੇ ਸੋਈ ਕਈ। ਜੋ ਬੰਦੇ ਦਿਲ ਰਾਤਹਿ ਠਈ।
ਬੰਦਾ ਕੁੱਲੂ ਮੈਂ ਵੜਿਓ ਜਾਏ। ਸੋਊ ਰਾਜੇ ਉਨ ਲਯੋ ਫੜਾਏ।੨।
ਬੰਦਾ ਕਹੈ 'ਮੈਂ ਫੜਯੋ ਨ ਰਹੋਂ। ਕੈਸੇ ਕਰ ਤੁਮ ਭਾਵੈਂ ਗਹੋ।
ਬੰਦਾ ਮੁੱਠੀ ਪਰਾਂ ਕੀ ਭਾਈ। ਜਬ ਚਾਹੇ ਤਬ ਹੀ ਉਡ ਜਾਈ'।੩।
ਜਿਮ ਜਿਮ ਬੰਦਾ ਮੁਖੋਂ ਪੁਕਾਰੈ। ਤਿਮ ਤਿਮ ਵਹਿ ਤਕੜਾਈ ਧਾਰੈ।
ਪ੍ਰਿਥਮ ਕਰਾਯੋ ਨਜ਼ਰੈ ਬੰਦ। ਅਪਨ ਜ਼ੁਬਾਨੀ ਪਰਯੋ ਸੁ ਫੰਦ।੪।
ਲੋਹ ਪਿੰਜਰੋ ਤਿਨੈ ਘੜਾਯੋ। ਕਹੈ ਬੰਦਾ 'ਮੈਂ ਰਹੋਂ ਨ ਪਾਯੋ।
ਮੈਂ ਪਿੰਜਰੋ ਲੈ ਜਾਊਂ ਉਡਾਯੋ'। ਉਨ ਸੁਨ ਪਿੰਜਰੋ ਕੋਠੇ ਪਾਯੋ।੫।

ਦੋਹਰਾ: 'ਬੰਦਾ ਫੜਿਓ' ਜਬ ਸੁਨੀ ਸਿੱਖਨ ਪਰ ਗਈ ਸੋਚ।
ਤੁਰਕਨ ਮਨ ਸ਼ਾਦੀ ਭਈ ਮੁਲਕ ਛੁਡਾਯੋ ਲੋਚ।੬।

ਚੌਪਈ: ਸ਼ਾਹਿ ਬਹਾਦਰ ਫੁਜਦਾਰ ਬਹਾਏ। ਬੰਦੈ ਕਿਲਨ ਉਪਰ ਚੜ੍ਹ ਧਾਏ।
ਕਹੈਂ 'ਕਰਾਮਾਤ ਗਈ ਬੰਦਜੋਂ ਅਬੈ! ਹੁਤੀ ਕਰਾਮਾਤ ਬੰਦੀਖਾਨੇ ਸੋਪਰੈ ਕਬੈ ?'।੭।
ਤਬ ਸਿੰਘਨ ਪਰ ਫੌਜ ਜੁ ਆਈ। ਮੁਲਕ ਛਡ ਸਿੰਘ ਗਏ ਪਰਾਈ।
ਤੌ ਬਹੁਤ ਪਰੀ ਸਿੰਘਨ ਪਰ ਭੀਰ। ਤਬ ਬੰਦੈ ਨੇ ਕਰੀ ਤਤਬੀਰ।੮।

ਦੋਹਰਾ: ਤਬ ਰਾਜੇ ਸੁਧ ਸੈਨ ਨੇ ਸੁਨਿਓ ਕੀਨੋ ਕੋਪ।
'ਮੇਰੋ ਗੁਰ ਦਰਸ਼ਨ ਚੜਿਓ ਤੈਂ ਕਿਮ ਕੀਨੋ ਲੋਪ ?'।੯।

ਚੌਪਈ: ਸਿੱਧ ਸੈਣ ਤਬ ਉੱਦਮ ਕੀਓ। ਕਰੀ ਮੁਹਿੰਮ ਛੁਡਾਵਣ ਲੀਓ।
ਤਬ ਬੰਦੇ ਨੇ ਮਨੈ ਬਿਚਾਰੀ, 'ਇਨੈ ਛੁਡਾਏ ਪਤ ਨ ਹਮਾਰੀ।੧੦।

Sri Satguru Jagjit Singh Ji eLibrary NamdhariElibrary@gmail.com

ਹਮਰੀ ਸਿੱਧੀ ਫਿਰ ਕਬ ਰਹੀ। ਕਤ ਉਸਤਤਿ ਹਮ ਗੁਰ ਕੀ ਕਹੀ।
ਹਮ ਅਬ ਅਪਨੇ ਪੌਰਖ ਛੁਟੈਂ। ਫਿਰ ਇਨਕੌ ਨਿਜ ਹਾਥਨ ਕੁਟੈਂ।੧੧।
ਮਤ ਹਮਰੀ ਕੁਛ ਨਿੰਦਾ ਹੋਇ'। ਬੰਦੇ ਕੀਨਾ ਉੱਦਮ ਤੋਇ।
ਤੌ ਬੰਦੇ ਯੌ ਕੁਲੂਅਨ ਕਹਿਓ। 'ਚਲਜੋ ਬੰਦੋ ਤੁਮ ਦੇਖਤ ਰਹਿਓ'।੧੨।
ਉਨ ਦੇਖਤ ਪਿੰਜ੍ਰ ਖੂਬ ਉੜੈਯੋ। ਫੇਰ ਕੋਠੜੀ ਮੱਧ ਟਿਕੈਯੋ।
ਤਬ ਬੰਦੇ ਨੇ ਬੀਰ ਬੁਲੋਏ। ਆਇ ਬੰਦੇ ਕੇ ਪਾਸ ਖਲੋਏ।੧੩।
ਬੰਦੇ ਕਹਜੋ 'ਅਬ ਲੇ ਚਲੋ ਮੰਡੀ। ਚਲੋ ਦੁਆਬੇ ਜਗੀ ਜਹਿਂ ਚੰਡੀ।
ਜਾ ਸਿੰਘਨ ਕੀ ਕਰੀਏ ਸਹਾਇ। ਮਾਰ ਤੁਰਕਨ ਕੋ ਦਈਏ ਗਲਾਇ'।੧੪।

ਦੋਹਰਾ: ਬੰਦੇ ਆਖਜੋ ਬੀਰ ਉਨ 'ਪਿੰਜਰੋ ਲਿਹੋ ਉਠਾਇ।
ਲੈ ਸੁ ਉਤਾਰੋ ਹਦ ਮੰਡੀ ਸਿੱਧ ਸੈਣ ਕੀ ਜਾਇ'।੧੫।

ਚੌਪਈ: ਤੌ ਬੀਰਨ ਨੇ ਸੋਈ ਕਰੀ। ਉਡਿਓ ਪਿੰਜਰੋ ਤਿਸ ਹੀ ਘਰੀ।
ਰਾਜੇ ਕੋ ਮੁਖ ਹੋ ਗਜੋ ਫੂਕ। ਪਿੰਜਰੋ ਚੜ੍ਹਜੋ ਅਸਮਾਨ ਸੁ ਘੂਕ।੧੬।
ਤਬ ਰਾਜਾ ਨਠ ਅੰਦਰ ਵੜਾ। ਜਾਣੇ ਪ੍ਰਬਤ ਅਸਮਾਨੇ ਚੜਾ।
ਕੋਠੜੀ ਕੀ ਇਟ ਇਟ ਉਡ ਗਈ। ਕਜਾ ਜਾਨੋ ਵਹੁ ਕਿਤ ਜਾ ਪਈ।੧੭।

ਦੋਹਰਾ: 'ਕੁੱਲੂ ਕੁਇਲੇ ਕਰੇਗਾ ਆਇ ਖਾਲਸਾ ਆਪ।
ਹੁਇ ਰਈਯਤ ਫਿਰ ਬਸਹੁਗੇ।' ਯੌ ਦਿਓ ਬੰਦੇ ਜੀ ਸ੍ਰਾਪ।੧੮।
ਜਹਾਂ ਮੰਡੀ ਕੀ ਹੱਦ ਹੁਤੀ ਸਿੱਧ ਸੈਣ ਕੇ ਰਾਜ।
ਜਾ ਪਰਿਓ ਤਹਿਂ ਸੁਖ ਸਹਿਤ ਭਏ ਸਿਖਨ ਕੇ ਕਾਜ।੧੯।

ਚੌਪਈ: ਸਿੱਧ ਸੈਣ ਸੁਨ ਤੁਰਤਹਿ ਆਯੋ। ਸਹਿਤ ਪਿੰਜਰੇ ਬੰਦਾ ਪਾਯੋ।
ਕੁਲਫ ਪਿੰਜਰੇ ਦਏ ਤੁੜਾਈ। ਫੂਲਨ ਕੀ ਬਰਖਾ ਕਰਵਾਈ।੨੦।
ਰਾਜੇ ਮਨ ਮੈਂ ਭਈ ਵਧਾਈ। 'ਔਤਾਰ ਬੰਦਾ ਭਯੋ' ਕਹੈ ਲੁਕਾਈ।
ਬੰਦੈ ਕੋ ਤਹਿਂ ਡੇਰਾ ਕੀਓ। ਚੜ੍ਹੈਂ ਚੜ੍ਹਾਵੇ ਸੁਖਨਾ ਲੀਓ।੨੧।
'ਗੁਰੂ ਗੁਰੂ' ਤਬ ਬੰਦਾ ਕਹਾਯੋ। ਗੁਰੂ ਕੋਟ ਮਧ ਪ੍ਰਬਤ ਬਣਾਯੋ।
ਔਰ ਸਿਧਨ ਕੀ ਪੂਜਾ ਮਿਟੀ। ਸਭ ਲੁਕਾਈ ਢਿਗ ਬੰਦੇ ਜੁਟੀ।੨੨।
ਕਿਤੇ ਬੰਦਾ ਤੁਰ ਏਕਲ ਜਾਵੈ। ਚਹੈ ਉਹਾਂ ਤਹਿਂ ਫੌਜ ਬਨਾਵੈ।
ਕੱਢ ਮੁਹਰ ਤੁਰਤ ਖੀਸਜੋਂ ਦੇਵੈ। ਕੋ ਨਹਿਂ ਜਾਣੈ ਕਹਾਂ ਤੇ ਲੇਵੈ।੨੩।

ਦੋਹਰਾ: ਕਿਤੇ ਬਹੈ ਔ ਕਿਤ ਲੁਕੈ ਕਿਤੇ ਦੇਸ਼ ਉਡ ਜਾਇ।
ਜਹਿਂ ਚਾਹੈ ਪ੍ਰਗਟੈ ਤਹਾਂ ਰਹਿ ਕੁੰਡੇ ਜੰਦੈ ਅੜਵਾਇ।੨੪।
ਬੰਦੈ ਨੀਹਲ ਆਇ ਕੈ ਮੁੜ ਚੜ੍ਹਜੋ ਸਾਰ ਸਭ ਕਾਮ।
ਪਰਬਤ ਪਜਾਰੋ ਉਸ ਲਗੈ ਪਿਖ ਸਿਧ ਪੁਰਸ਼ਨ ਕੇ ਧਾਮ।੨੫।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਬੰਦਾ ਮੁੜ ਚੜ੍ਹਜੋ ਪਹਾੜੀ। ਉਤਰ ਕੋਣ ਉਸ ਲਗੀ ਪਿਆਰੀ।
ਡੇਰਾ ਕੀਨਸ ਤਿਸ ਹੀ ਜਾਈ। ਬੈਠ ਤਹਾਂ ਮਨ ਖੁਸ਼ੀ ਜੁ ਆਈ।੨੯।

ਅਥ ਸਾਖੀ ਚੰਬੇ ਕੀ ਤੁਰੀ

੬੬. [ਚੰਬਾ ਦੇਖਣਾ ਤੇ ਘੋੜੇ ਸਮੇਤ ਨਦੀ ਉਪਰ ਤੁਰਨਾ]

ਦੋਹਰਾ: ਤਬ ਬੰਦੈ ਦਿਲ ਇਉਂ ਅਈ 'ਅਬ ਚੰਬੇ ਕਰੀਐ ਸੈਲ'।
ਤਬ ਤਿਸ ਰਾਜੇ ਕੋ ਲਿਖਜੋ 'ਅਬ ਚਹੀਐ ਹਮ ਤੁਮ ਮੇਲ'।੧।

ਚੌਪਈ: ਤਬ ਰਾਜੇ ਨੇ ਸਦਜੋ ਵਜ਼ੀਰ। 'ਬੰਦੇ ਮਿਲੀਐ ਕਿਤ ਤਤਬੀਰ?'
ਵਜੀਰ ਕਹੀ ਮੈਂ ਦੇਖੋਂ ਜਾਈ। ਤਾਂਕੇ ਦਿਲ ਮੇਂ ਹੈ ਕਜਾ ਆਈ।੨।
ਬੈਰ ਭਾਵ ਕੇ ਹੈ ਮਿੱਤ੍ਰਾਈ। ਹਟੈ ਕਿਮੇਂ ਤੂੰ ਦੇਉਂ ਹਟਾਈ।
ਨਹਿੰ ਚਹਿਯਤ ਉਸ ਚੰਬਾ ਦਿਖਾਯੋ। ਹੈ ਬੰਦਾ ਵਹਿ ਬੁਰੀ ਬਲਾਯੋ'।੩।
'ਹਛਾ' ਕਹਿਓ 'ਤੁਮ ਜਾਹੁ ਵਜੀਰ! ਟੂਟਤ ਜੂਟਤ ਕਰੀਓ ਧੀਰ।
ਵਹਿ ਕਰਮਾਤੀ ਹੈ ਭਰਪੂਰ। ਦਿਓ ਦਰਬ ਔ ਰਖੀਓ ਦੂਰ'।੪।
ਸੋ ਵਜ਼ੀਰ ਤਹਿੰ ਪਹੁੰਚਜੋ ਜ਼ਾਇ। ਜਹਿੰ ਬੰਦਾ ਥਾ ਬੈਠਾ ਆਇ।
ਜਾ ਬੰਦੇ ਕੋ ਚੜ੍ਹਾਵਾ ਦੀਓ। ਬੰਦੇ ਖੁਸ਼ੀਆਂ ਸਾਥੇ ਲੀਓ।੫।

ਦੋਹਰਾ: ਕਹਜੋ ਬੰਦੇ 'ਤੁਮ ਜਿਨ ਡਰੋ ਹਮ ਆਵੈਂ ਹੋਇ ਫਕੀਰ।
ਮੁੜ ਜਾਵੈਂਗੇ ਸੈਲ ਕਰ ਰਾਜੇ ਕਹੋ ਵਜ਼ੀਰ!'।੬।

ਚੌਪਈ: ਔਰ ਬਾਤ ਫਿਰ ਬੰਦੇ ਕਹੀ। 'ਫੌਜ ਛੋਡਿ ਮੈਂ ਆਵੋਂ ਤਹੀਂ।'
ਤਬ ਵਜ਼ੀਰ ਨੇ ਲੀਨੀ ਮਾਨ। ਕਲਾਧਾਰੀ ਚਿਤ ਔਰੇ ਠਾਨ।੭।
ਜਹਿੰ ਕਠਨ ਰਾਹੁ ਇਕ ਹੁਤ ਅਤਿ। ਤਿਸੇ ਰਾਹੁ ਲੈ ਚਲਿਓ ਤਿਤ।
ਕਦ ਤੀਖਨ ਪਬ* ਉਪਰ ਚੜ੍ਹਾਵੈ। ਜਿਸੈ ਦੇਖ ਅਤਿਸੈ ਭੈ ਖਾਵੈ।੮।
ਹੁਤੀ ਨਦੀ ਜਹਿੰ ਬਹੁਤੀ ਤੇਜ। ਗਿਰੈ ਊਚ ਤੇ ਜਲ ਬਹੁ ਹੇਜ।
ਨਹਿੰ ਮੱਛੀ ਤਹਿੰ ਧਾਰਹਿ ਧਾਵੇ। ਜੋਊ ਪਨਾਲਜੋਂ ਕੋਠੈ ਪਰ ਜਾਵੈ।੯।
ਦਜੋ ਬੰਦੇ ਨੇ ਘੋੜਾ ਧਵਾਈ। ਗਯੋ ਪਾਰ ਜਨ ਤਲਾਵ ਮੁਰਗਾਈ।
ਫਿਰ ਬੰਦੇ ਨੇ ਘੋੜਾ ਮੁੜਾਯਾ। ਜਨ ਕਰ ਕਬੂਤਰ ਉਡਤੋ ਆਯਾ।੧੦।

ਦੋਹਰਾ: ਘੋੜਾ ਘੜਾਯੋ ਪੱਥਰ ਇਕ ਸੋ ਤਹਿੰ ਦਯੋ ਖੜਾਇ।
ਭਯੋ ਅਚੰਭੋ ਜਗਤ ਮੇਂ ਹੈ ਅਬ ਲੌਂ ਤਿਹ ਥਾਇ।੧੧।

ਚੌਪਈ: ਜਗਤ ਸਰਬ ਅਚਰਜ ਤਿਹ ਭਯੋ। ਖੜਾ ਘੋੜਾ ਮਧ ਬੰਦੈ ਕਯੋ।
ਯੌਂ ਜਬ ਦੇਖੀ ਕਲਾ ਵਜ਼ੀਰ। ਸੋ ਡਰਪਜੋ ਮਨ ਕੰਪਜੋ ਸਰੀਰ।੧੨।
ਚਰਨੀ ਪਰਕੇ ਬਚਨ ਸੁ ਕਹਜੋ। 'ਹਮਰੀ ਖਤਾ ਸੁ ਤੁਮ ਬਖਸ਼ਯੋ।
ਯੌਹੀ ਤੁਮਕੋ ਚਹੀਯਤ ਕਈ: ਹਮਕੋ ਤਿਉਂ ਹੀ ਚਹਿਤ ਬਖਸ਼ਈ'।੧੩।

---
* ਪਹਾੜ, ਪਰਬਤ।

Sri Satguru Jagjit Singh Ji eLibrary NamdhariElibrary@gmail.com

ਚੰਬੇ ਦਾ ਹੋਰ ਪ੍ਰਸੰਗ।

੬੭. [ਬੰਦੇ ਨੇ ਚੰਬੇ ਦੇ ਵਿਆਹ ਕਰਾਏ ਤੇ ਡਿਹਰਾ ਰਚਿਆ]

ਦੋਹਰਾ: ਬੰਦਾ ਚੰਬੇ ਜਾ ਵੜਯੋ ਭਯੋ ਰਾਜੇ ਸਿਉਂ ਮੇਲ।
ਰਾਜਾ ਤਿਹਿਂ ਸੇਵਕ ਭਯੋ ਕਰਿਓ ਚੰਬੇ ਸੈਲ।੧।

ਚੌਪਈ: ਤਬ ਰਾਜੇ ਯੌ ਲਯੋ ਪਰਚਾਈ। ਦਏ ਤਹਾਂ ਦੁਇ ਬਯਾਹ ਕਰਾਈ।
ਤਹਾਂ ਡੇਹਰੋ ਦਯੋ ਚਿਣਾਈ। ਮੱਥਾ ਟੇਕਤ ਤਹਾਂ ਲੁਕਾਈ।੨।
ਬਹੁਤ ਚੜ੍ਹਤ ਅਤਿ ਬੰਦੇ ਬਨੀ। ਰਾਜਾ ਭੀ ਕਰੇ ਪੂਜਾ ਘਨੀ।
ਤਿਹ ਬੰਦੇ ਕੇ ਬੇਟਾ ਭਯੋ। ਚੱਲਣ ਚਿਤ ਬੰਦੈ ਤਬ ਕਯੋ।੩।
ਬੰਦਾ ਸਾਲ ਪ੍ਰਬਤ ਤਿੰਨ ਬਹਯੋ। ਥੌ ਦੂਣ ਦੁਆਬੇ ਮਲ ਖਾਲਸਾ ਬਹਯੋ।
ਤੁਰਕ ਨਠੇ ਕਿਤ ਲਭੇ ਨ ਪਾਹਿਂ। ਨੀਹਲ ਪਹਾੜੀ ਦੁਾਬੇ ਮਾਂਹਿ।੪।

ਅਥ ਬਾਬੇ ਬੰਦੇ ਔਰ ਬਹਾਦਰ ਸ਼ਾਹ ਕਾ ਪ੍ਰਸੰਗ

੬੮. [ਵਜ਼ੀਰ ਖਾਂ ਦੇ ਪੁਤ੍ਰ ਨੇ ਬਹਾਦਰ ਸ਼ਾਹ ਪਾਸ ਬੰਦੇ ਖਿਲਾਫ ਫਰਯਾਦ ਕੀਤੀ]

ਦੋਹਰਾ: ਬਾਜ ਸਿੰਘ ਬਹੁ ਲੁਟ ਧਰੀ ਲੈ ਸਾਥ ਖਾਲਸੈ ਸੱਭ।
ਸ਼ਹਿਰ ਤੁਰਕ ਕੇ ਜੋ ਸੁਨੈ ਲੇਹਿ ਦੂਰ ਤੇ ਦੱਬ।੧।

ਚੌਪਈ: ਬਾਜ ਸਿੰਘ ਜਬ ਹ੍ਵੈ ਅਸਵਾਰ। ਸੀਸ ਤੁਰਕ ਇਕ ਪਗ ਧਰਿ ਮਾਰ।
ਜਬ ਯਹਿ ਭਈ ਗੱਲ ਮਸ਼ਹੂਰ। ਤੁਰਕ ਸਰਹੰਦੋ* ਜਾਤ ਭਏ ਦੂਰ।੨।
ਜੋ ਅੜਿਓ ਸੋ ਲੀਨੋ ਮਾਰ। ਐਸੀ ਭਈ ਤੁਰਕਨ ਕੀ ਹਾਰ।
ਬਜੀਰੇ ਕੋ ਸੁਤ ਖਚਯੋ ਥੋ ਏਕ। ਸਾਥ ਪੰਜਾਬੀ ਰਲੇ ਅਨੇਕ।੩।
ਬਹਾਦਰ ਸ਼ਾਹਿ ਥੋ ਦੱਖਣ ਮਾਂਹਿ। ਕਰੀ ਫਰਯਾਦ ਉਹਾਂ ਉਨ ਜਾਇ।
'ਮੁਲਕ ਪਤਿਸ਼ਾਹੀ ਸਭ ਲੁਟ ਲਯੋ। ਪਿਕੰਬਰ ਕੋ ਉਨ ਦੀਨ ਗਾਵਯੋ।੪।

ਦੋਹਰਾ: ਦਿੱਲੀ ਲਹੌਰ ਭੀ ਨਹਿਂ ਰਹਿਗੁ ਜੌ ਤੁਮ ਉਹਾਂ ਨ ਜਾਹਿਂ।
ਮੁਲਕ ਪੰਜਾਬ ਸਭ ਫਿਰ ਗਯੋ ਨੀਹਲ ਔ ਉਪਰਾਹਿ।੫।

ਚੌਪਈ: ਬੰਦੇ ਕੀ ਫਿਰ ਗਈ ਦੁਹਾਈ। ਗੁਰ ਗਰਦੀ ਬਹੁ ਬੰਦੈ ਮਚਾਈ।
ਰੌਲਾ ਦੀਆ ਦੇਸ਼ ਮਹਿਂ ਪਾਇ। ਮਾਰ ਕੂਟ-ਦਈ ਧੂਮ ਮਚਾਇ'।੬।
ਸ਼ਾਹਿ ਪੁਛਿਓ 'ਗੁਰ ਬੰਦੋ ਕੋਇ'। ਲੋਕ ਬਤਾਯੋ 'ਸਤਿਗੁਰ ਸਿਖ ਓਇ।
ਭੇਜਿਓ ਗੁਰ ਸੁਤ ਬਦਲੇ ਲੈਨ। ਮਾਰਯੋ ਬਜੀਰਾ ਪਲ ਇਕ ਸੈਨ।੭।
ਮਾਰੇ ਮਲੇਰੀਏ ਚਾਰੇ ਭਾਈ। ਜਿਨ ਖੀ ਗੁਰ ਕੀ ਚੀਜ ਘਰ ਆਈ।
ਉਨ ਥੋ ਇਕ ਹਾਹ ਨਾਰਾ ਮਾਰਾ। ਇਮ ਕਰ ਉਨਕੋ ਸ਼ਹਿਰ ਨ ਜਾਰਾ।੮।
ਮਾਰਯੋ ਸਮਾਣੋਂ ਸਹਿ ਫੁਜਦਾਰ। ਥਾਈ ਪਾਲਕੀ ਥੇ ਜੇ ਵਾਰ।
ਲੁੱਟ ਮਢੌਰੇ ਪੀਰ ਸੁ ਜਾਰਾ। ਜਿਹ ਜਰੈ ਨ ਹਿੰਦੂ ਹੇਠ ਲੰਘ ਦੁਾਰਾ।੯।

* ਪਾ:-ਸਰਦਾਰ।

Sri Satguru Jagjit Singh Ji eLibrary NamdhariElibrary@gmail.com

ਸ਼ਸਤ੍ਰ ਧਾਰ ਬੰਦੇ ਬੰਧ ਲਏ। ਜਹਾਂ ਚਹੇ ਵਹੁ ਉਡ ਭੀ ਜਏ।
ਤੋਪ ਤੀਰ ਨ ਲਗੈ ਤਲਵਾਰ। ਉਂਗਲੀ ਕਰੈ ਅਰ ਦੇਵੈ ਮਾਰ।੧੦।

ਦੋਹਰਾ: ਨਹਿਂ ਪਗ ਪ੍ਰਿਥਵੀ ਉਸ ਲਗੈ, ਨਹਿਂ ਅਖ ਪਲਕ ਹਿਲਾਇ।
ਨਹਿਂ ਪਰਛਾਵਾਂ ਭੁਇਂ ਦਿਸੈ', ਯੋ ਲੋਕਨ ਦੀਓ ਸੁਨਾਇ।੧੧।

ਸੋਰਠਾ: ਸੁਨਤ ਬਹਾਦਰ ਸ਼ਾਹ, ਮਨ ਮਹਿਂ ਬਹੁ ਤਰਸਤ ਭਯੋ।
ਫਰਜਾਦ ਸੁਨੀ ਉਸ ਨਾਂਹਿ, ਕਹਜੋ ਸੁ 'ਸਤਿਗੁਰ ਉਸ ਬਲੀ'।੧੨।

ਚੌਪਈ: ਹੁਤੋ ਸ਼ਾਹਿ ਵਹਿ ਗੁਰਕੋ ਗਜਾਨੀ। ਇਸਤੇ ਉਨ ਫਰਯਾਦ ਨ ਮਾਨੀ!
ਕਰਾਮਾਤ ਬਹੁ ਬੰਦੈ ਸੁਨੀ। ਇਮ ਸੁਨ ਸ਼ਾਹ ਬਹੁ ਮੁੰਡੀ ਧੁਨੀ।੧੩।
'ਜੌ ਮੈਂ ਉਸ ਸਿਉਂ ਕਰੋਂ ਲਰਾਈ। ਮਤ ਮੋਕੋ ਵਹੁ ਦੇਇ ਮਰਾਈ।
ਮੈਂ ਸਤਿਗੁਰ ਤੇ ਝੂਠੋ ਪਾਊਂ। ਅਰ ਮੈਂ ਸ਼ਾਹੀ ਤੇ ਭੀ ਜਾਊਂ'।੧੪।
ਦੋਨੋਂ ਬਾਤੈਂ ਕਠਨ ਬਿਚਾਰੈ। ਪਤਸ਼ਾਹੀ ਲਾਲਚ ਭੀ ਪਜਾਰੈ।
'ਲਰੈ ਬੰਦਾ ਮੁਹਿ ਛੋਡੈ ਨਾਹੀਂ। ਕਰਾਮਾਤ ਬਹੁ ਉਸ ਕੇ ਮਾਂਹੀ।੧੫।
ਉਸ ਕੈ ਪਾਸ ਮੁਵੱਕਲ ਆਵੈਂ। ਮਤ ਮੋਕੌ ਵਹਿ ਮਾਰ ਗਿਰਾਵੈਂ'।
ਯਾਂਤੇ ਉਸ ਨ ਮੰਨੀ ਫਰਯਾਦ। ਤਰਫ ਲਹੌਰ ਕੁਛ ਕਰੈ ਨ ਯਾਦ।੧੬।

ਦੋਹਰਾ: 'ਪਾਣੀ ਪਤਿ ਝੰਡੇ' ਸੁਨੇ 'ਬੰਦੈ ਦਏ ਗਡਾਇ।
ਤੁਰਕ ਫੌਜ ਆਗੈ ਲਖੈ ਆਪੈ ਸੋ ਮਰਿ ਜਾਇ'।੧੭।

ਚੌਪਈ: ਐਸੀ ਬਾਤਨ ਸੁਨਿ ਸੁਨਿ ਡਰੈ। ਨਹਿਂ ਪੰਜਾਬ ਵਲ ਮੁਹਰੋ ਕਰੈ।
ਫਰਯਾਦੀ ਪੰਜਾਬੀ ਰਹੇ ਕੁਰਲਾਇ। ਔਰ ਲੋਕ ਨਹਿਂ ਕਰੈਂ ਸਹਾਇ।੧੮।
ਸਗਵਾਂ ਦੇਵੈਂ ਗੱਲ ਮਿਟਾਇ। 'ਮਤ ਮੋਕੋ ਹੀ ਘਲੇ ਪਤਿਸ਼ਾਹਿ'।
ਬੰਦੈ ਤੇ ਆਵੈ ਸੀਹਆਣ*। ਬੈਠ ਡਰੈਂ ਘਰ ਮੁਸਲਮਾਨ।੧੯।
ਵਜ਼ੀਰ ਕਹੈ 'ਜੋ ਮੈਂ ਕਹਹੁ ਬਾਤ। ਮਤ ਮੋਹਿ ਸ਼ਾਹ ਘਲਾਵੈ ਬਾਤ'।
ਫੁਜਦਾਰ ਫੁਜਦਾਰੀ ਕਰੈ ਨ ਕੋਇ। ਹੁਤੇ ਜਾਗਦੇ ਤੇ ਰਹੇ ਸੋਇ।੨੦।
ਨਿੱਤ ਕਚਹਿਰੀ ਲਾਵੈਂ ਨਾਂਹਿ। 'ਮਤ ਪਤਿਸ਼ਾਹਿ ਹਮ ਊਹਾਂ ਘਲਾਇ'।
ਕਹੈਂ 'ਬੰਦਾ ਹੈ ਜਾਣੀ ਜਾਣ। ਹਮ ਚਿਤਵੈਂ ਤੌ ਮਾਰੈ ਆਣ'।੨੧।

ਦੋਹਰਾ: ਤੌ ਪੰਜਾਬੀਅਨ ਕੱਪੜੇ ਟੰਗੇ ਦਿਨੈਂ ਮਸਾਲਾਂ ਕੀਨ।
ਤਊ ਬਾਦਸ਼ਾਹਿ ਸੁ ਨਹਿਂ ਸੁਨੈ ਪਕੜਿ ਸੁ ਬਹਜਾ ਜ਼ਮੀਨ।੨੨।
ਮੁੱਲਾਂ ਕਾਜ਼ੀ ਫਕਰ ਮਿਲ ਹਾਜੀ ਪੀਰ ਮਿਲਾਇ।
ਆਖੈਂ 'ਕਾਫਰ ਤੂੰ ਭਯਾ ਉਨ ਰੌਲੋ ਦੀਯੋ ਮਚਾਇ'।੨੩।

ਚੌਪਈ: ਕੋਉ ਕਹੈ 'ਤੈਂ ਦੀਨ ਗਵਾਯਾ। ਉਮਤ ਪਿਕੰਬਰ ਤੂੰ ਨਹੀਂ ਆਇਆ।
ਭਰੈ ਨ ਪਿਕੰਬਰ ਤੋਰ ਸ਼ਫਾਤ। ਪਰੈ ਦੋਜ਼ਕ ਮੈਂ ਤੁਮਰੀ ਜ਼ਾਤਿ।੨੪।

* ਸ਼ੇਰ ਵਰਗਾ ਭੈ।

Sri Satguru Jagjit Singh Ji eLibrary NamdhariElibrary@gmail.com

ਤੂੰ ਕਜ਼ਾ ਹਿੰਦੂਅਨ ਲੈ ਲਜੋ ਮੋਲ। ਦਈ ਕਜ਼ਾ ਸ਼ਾਹੀ ਉਨ ਲੜੇਂ ਖੋਲ।
ਦੀ ਪਤਿਸ਼ਾਹੀ ਪਿਕੰਬਰ ਹਮਾਰੈ। ਸੋ ਲਿਖ ਗਯੋ ਪਿਸ਼ਾਨੀ ਤੁਮਾਰੈ।੨੫।
ਦੇਨ ਲਾਇਕ ਥੋ ਪੀਰ ਹਮ ਨਾਹੀਂ। ਹਮ ਪੀਰਨ ਤੂੰ ਪਤਿ ਗਵਾਹੀਂ।
ਤੂੰ ਕਹੈਂ ਬਦਸ਼ਾਹੀ ਹਮ ਹਿੰਦੂਓਂ ਪਾਈ। ਦੇਣ ਜੋਗ ਪੀਰ ਹਮ ਥੇ ਨਾਹੀਂ।੨੬।
ਫੜਿ ਫੜਿ ਛੁਰੀਯਨ ਰਸਤੇ ਰੋਕੈਂ। ਮਾਰੈਂਗੇ ਸ਼ਾਹਿ ਛਾਤੀ ਕਹਿ ਝੋਕੈ।
ਹੋਗੁ ਨਿੰਦ ਤੁਯ ਮੱਕੇ ਤਾਈਂ। ਸ਼ਫਾਤਿ ਭਰੂਗੁ ਤੈਂ ਪਿਕੰਬਰ ਨਾਂਹੀਂ'।੨੭।
ਕੋਊ ਕਹੈ 'ਮੈਂ ਮੱਕਜੋਂ ਆਯਾ। ਜਿਕਰ ਕਾਬੇ ਮੋਂ ਮੈਂ ਸੁਨ ਪਾਯਾ।
ਹਿੰਦੂਅਨ ਸ਼ਾਹਿ ਬਹਾਦਰ ਭ੍ਰਮਾਯੋ। ਸ਼ਾਹੀ ਖਾਤ੍ਰ ਉਨ ਦੀਨ ਗੁਵਾਯੋ।੨੮।
ਕਹੈ ਪਤਿਸ਼ਾਹੀ ਮੈਂ ਹਿੰਦੂਓਂ ਪਾਈ। ਪਿਕੰਬਰ ਅਪਨੇ ਪਤਿ ਗਵਾਈ'।
ਇਉਂ ਕਹਿ ਕਹਿ ਕੈ ਸ਼ਾਹ ਭਰਮਾਯਾ। ਕਹਿ ਕਰ ਬਹੁ ਭਾਂਤੀ ਸਮਝਾਯਾ।੨੯।

੬੯. [ਬਹਾਦਰ ਸ਼ਾਹ ਨੇ ਬੰਦੇ ਤੋਂ ਲਾਹੌਰ ਦਾ ਰਾਹ ਮੰਗਿਆ। ਤ੍ਰਾਵੜੀ ਜੰਗ]

ਦੋਹਰਾ: ਐਸੇ ਐਸੇ ਖਉਫ ਤੇ ਮਿਹਣੇ ਦਏ ਅਨੇਕ।
ਹਾਜੀ ਪੀਰ ਇਕਠੇ ਭਏ ਕਰਾਨ ਸੁ ਹਾਥਨ ਟੇਕ।੩੦।

ਚੌਪਈ: ਪੀਰ ਕਹੈਂ 'ਹਮ ਜਿੰਮਾ ਕਰੈਂ। ਕਲਾਮ ਸੈਫੀ ਪੜ ਮੁਹਰੇ ਤੁਰੈਂ।
ਮੁਹਰੇ ਤੁਰੈਂ ਲੈ ਕੁਰਾਨੈ ਹਾਥ। ਆਉ ਪਿਛੈ ਤੂੰ ਫੌਜਨ ਸਾਥ'।੩੧।
ਤਬ ਕਿਛੁਕ ਸ਼ਾਹਿ ਨੈ ਮੰਨੀ ਬਾਤ। ਕਹਯੋ 'ਤੁਰੋਂ ਮੈਂ ਅਗਰੇ ਤਾਕ[1]।
ਆਗੇ ਦੇਖ ਆਵੈਂ ਹਲਕਾਰੇ! ਤੌ ਆਗੇ ਮੈਂ ਕਰੂੰਗੁ ਸਿਧਾਰੇ।੩੨।
ਦੇਵਤਿ[2] ਹੈ ਕੈ ਹੈ ਸੋ ਬੰਦਾ। ਦੇਖ ਸੁ ਆਵੈਂ ਤਾਕੇ ਫੰਧਾ।
ਪਾਸ ਮੁਵੱਕਲ ਹੈ ਕੇ ਨਾਹੀਂ। ਕਰਾਮਾਤ ਸੱਚ ਹੈ ਕੇ ਨਾਂਹੀਂ।੩੩।
ਕਹੈਂ ਉਸ ਪੈਰ ਚਿਹਨ ਨਹਿ ਧਟਨਾ। ਹੈ ਉਸ ਆਂਖ ਕੈ ਨਾਂਹਿ ਫਰਕਨਾ।
ਜੋ ਦਿੱਸੈ ਉਸ ਤਨ ਪਰਛਾਂਵਾ। ਤੌ ਆਗੇ ਮੈਂ ਪਾਵਨੁ ਪਾਵਾ'।੩੪।

ਦੋਹਰਾ: ਯੌਂ ਕਹਿ ਹਲਕਾਰੇ ਤੋਰਿਕੈ ਮਗਰ ਤੁਰਿਓ ਸੋਊ ਆਪ।
ਆਗਰੇ ਡੇਰਾ ਆ ਕਰਾ ਅਗਜੋਂ ਲਗੇ ਤਨ ਤਾਪ।੩੫।

ਚੌਪਈ: ਤੁਰੇ ਹਲਕਾਰੇ ਭੇਖ ਵਟਾਏ। ਹਿੰਦੂ ਹੁਤੇ ਥੇ ਚਾਕਰ ਸਾਏ।
ਡਰਤ ਡਰਤ ਤੇ ਪਹੁੰਚੇ ਜਾਇ। ਦੇਖਯੋ ਉਨ ਬਹੁ ਧਯਾਨ ਲਗਾਇ।੩੬।
ਧਰਨ ਚਿਹਨ ਤਿਨ ਲਾਗਤ ਦੇਖਾ। ਪਰਤ ਪ੍ਰਛਾਵਾਂ ਭੂ ਪਰ ਪੇਖਾ।
ਆਂਖ ਫੁਰਤ ਬਹੁ ਗੁੱਸੇ ਮਾਂਹਿ। ਆਹਿ ਮਨੁਖ ਸੋ ਦੇਵਤ ਨਾਂਹਿ।੩੭।
ਕਰਾਮਾਤ ਦੇਖੀ ਅਵਰ ਘਨੀ। ਮਾਤਬਰਨ ਤੇ ਭੀ ਉਨ ਮੁਨੀ।
ਸੋ ਹਲਕਾਰਨ ਆ ਕੈ ਕਹੀ। ਬਹਾਦਰ ਸ਼ਾਹ ਮੋ ਮਾਨੀ ਸਹੀ।੩੮।

---

੧ ਆਗਰੇ ਸ਼ਹਿਰ ਤਕ।

੨.ਦੇਵਤਾ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਫਿਰ ਫਰਿਯਾਦ ਪੰਜਾਬੀਅਨ ਕਰੀ ਤੌ ਸ਼ਹਿ ਉੱਦਮ ਕੀਨ।
ਬਾਹਰ ਡੇਰਾ ਕਾਢਿ ਕੈ ਫਿਰ ਦਾਖਲ ਕਰ ਲੀਨ।੩੯।

ਚੌਪਈ: ਜਬ ਫਰਜਾਦ ਸੀ ਲੋਕਨ ਕਰੀ। ਸ਼ਾਹਿ ਤਜਾਰੀ ਥੀ ਤੌਲੌ ਕਰੀ।
ਮੁਹਰੇ ਕੁਰਾਨ ਕਰੇ ਕਈ ਹਜ਼ਾਰ। ਝੰਡਾ ਹੈਦਰੀ ਤੋਰਿਓ ਨਾਰ।੪੦।
ਫਕੀਰ ਮੁਲਾਣੇ ਮੁਹਰੇ ਤੋਰੇ। ਪੜ੍ਹ ਪੜ੍ਹ ਸੈਫੀ ਕਲਾਮਨ ਹੋਰੇ।
ਤੌ ਭੀ ਸ਼ਾਹਿ ਮਨ ਚਿੰਤਾ ਧਰੈ। ਨਹਿੰ ਪਤਿਆਵੈ ਥਰ ਥਰ ਕਰੈ।੪੧।
ਤਬਹਿ ਸ਼ਾਹ ਮਨ ਐਸ ਬਿਚਾਰੀ। 'ਬੰਦੇ ਸੌਂ ਨਹਿੰ ਬਨੈ ਬਿਗਾਰੀ।
ਬੰਦਾ ਉਸ ਗੁਰ ਕੋ ਹੈ ਦਾਸ। ਮੁਹਿ ਪਤਿਸ਼ਾਹੀ ਦੀਨੀ ਜਾਸ।੪੨।
ਕਰਾਮਾਤ ਮੈਂ ਹੈ ਅਤਿ ਭਾਰੇ। ਕਜਾ ਜਾਣੋ ਵਹਿ ਕਜਾ ਕਰ ਡਾਰੇ।
ਹਕ ਤਾਲਾ ਜੁ ਮੁਵੱਕਲ ਘਲਾਵੈ। ਪਾਸ ਪਿਕੰਬਰ ਥੇ ਜੋ ਆਵੈ।
ਸੋਊ ਇਨ ਪੈ ਆਵਤ ਕਹੈਂ। ਮਤਿ ਮੋਕੋ ਵਹਿ ਮਾਰ ਗਵਹੈਂ'।੪੩।

ਦੋਹਰਾ: ਸੋ ਬੰਦੇ ਕੇ ਖੌਫ ਤੇ ਮੁੜ ਵੜਜੋ ਆਗਰੇ ਜਾਇ।
ਮਨ ਹੀ ਮੈਂ ਚਿੰਤਾ ਕਰੇ ਭੇਦ ਨ ਕਿਸੈ ਬਤਾਇ।੪੪।
ਤੌ ਸ਼ਾਹਿ ਮਨਹਿ ਬਿਚਾਰਿਆ 'ਹਮ ਭੇਜੈਂ ਬੰਦੇ ਪੈ ਲਿੱਖ।
ਹਮ ਤੁਹਿ ਮਿਲਨੇ ਆਇ ਹੈਂ ਹਮ ਤੁਮ ਇਕ ਗੁਰ ਸਿੱਖ'।੪੫।

ਚੌਪਈ: ਯੌ ਲਿਖ ਸ਼ਾਹੇ ਸਿੱਖ ਘਲਾਯਾ। 'ਭਲਾ ਕੀਆ ਤੈਂ ਬਜੀਰਾ ਘਾਯਾ।
ਔਰ ਪਹਾੜੀਏ ਜੋ ਤੈਂ ਮਾਰੇ। ਹੁਤੇ ਦੁਸ਼ਟ ਵੈ ਸਤਿਗੁਰ ਭਾਰੇ।੪੬।
ਚਾਹਿਤ ਥੋ ਮੈਂ ਇਨ ਕੋ ਮਾਰੇ। ਭਲਾ ਕੀਯਾ ਤੈਂ ਆਪ ਸੰਭਾਰੇ।
ਹਮ ਤੌ ਦਾਸ ਗੁਰੂ ਕੇ ਆਹੀਂ। ਉਨ ਕੀ ਕ੍ਰਿਪਾ ਤੇ ਹਮ ਪਤਿਸ਼ਾਹੀ।੪੭।

ਦੋਹਰਾ: ਤੁਰਬਤ ਹਮਰੇ ਬਡਨ ਕੀ ਆਹ ਲਹੌਰ ਕੇ ਮਾਂਹਿਂ।
ਤਿਨ ਕੀ ਜ਼ਾਰਤ ਕਰਨ ਕੋ ਹਮ ਅਬ ਊਹਾਂ ਆਹਿਂ।੪੮।

ਚੌਪਈ: ਕਹੋ ਤੋ ਤੁਮ ਪੈ ਪਹਿਲੇ ਆਵੈਂ। ਕਹੋ ਤੋ ਹਟਿ ਤੁਮ ਦਰਸ਼ਨ ਪਾਵੈਂ।
ਸਿਰਹੰਦ ਰਾਹਿ ਹਮ ਜਾਯਾ ਲੋਰੈਂ। ਦਿਹੋ ਰਾਹ ਤੁਮ ਲਾਕ ਲਹੌਰੇਂ।੪੯।
ਮੁਲਕ ਪੰਜਾਬ ਹਮ ਆਧਾ ਦੇਹੁ। ਪਰਬਤ ਸਭੀ ਆਪ ਰਖ ਲੇਹੁ।
ਹਮ ਕੋ ਸੱਦੋ ਤੋ ਮਿਲਨੇ ਆਵੈਂ। ਨਹੀਂ ਤੋ ਲਾਂਭੇ ਲਾਂਭੇ ਜਾਵੈਂ।੫੦।
ਹਮ ਕੋ ਰਾਹਿ ਲਹੌਰੇ ਦੱਯੈ। ਸਿਰਹੰਦ ਮਧਿ ਕਰ ਰਾਹਿ ਪਹੰਚਯੈ'।
ਯੌ ਕਹਿ ਸ਼ਾਹ ਦਿਯੋ ਸਿਖ ਘੱਲ। ਹਥ ਜੋੜ ਸਿੰਘ ਜਾ ਕਹੀ ਗੱਲ।੫੧।
ਆਗੈ ਬੰਦੇ ਥੋ ਜਾਣੀ ਜਾਣ। ਸਭੇ ਬਾਤ ਉਨ ਲਈ ਪਛਾਣ।
'ਬਹਾਦੁ ਮਿਲਨੋ ਪੱਜ ਬਣਾਵੈ। ਹਮ ਤੇ ਡਰਦੋ ਲਹੌਰ ਨ ਆਵੈ'।੫੨।

ਦੋਹਰਾ: ਬੰਦੇ ਮਿਲ ਤਬ ਯੌ ਠਟੀ 'ਅਬ ਯਾ ਕੋ ਦਈਐ ਜਾਨ।
ਫੇਰ ਸੁ ਇਸ ਕੋ ਮਾਰਿਹੈਂ ਜੁ ਹੁਇ ਹੈ ਪਿਸ਼ੇਮਾਨ।੫੩।

Sri Satguru Jagjit Singh Ji eLibrary NamdhariElibrary@gmail.com

ਚੌਪਈ: ਬੰਦੈ ਕਹੀ 'ਅਬ ਲਈ ਹਮ ਮਾਨ। ਸਾਬਤ ਰਹੈ ਨ ਤੁਮਹੋ ਇਮਾਨ।
ਝੂਠੇ ਕਰ ਫਿਰ ਤੁਮਤੇ ਲੇਹਿਂ। ਗੁਰਸਿਖ ਕਹੇ ਹਮ ਤੁਮ ਰਾਹੁ ਦੇਹਿਂ'।੫੪।
ਉਨ ਸਿੱਖ ਮੁੜ ਆਇ ਸ਼ਾਹ ਸੋਂ ਕਹੀ। ਸ਼ਾਹਿ ਸੁਨਤ 'ਕੁਛ ਚਿੰਤਨ' ਕਹੀ।
ਸੁਨ ਤੁਰਕਨ ਮਨ ਵਧਾਈ ਭਈ। ਕਿਛ ਕਿਛ ਜੀਵਣ ਆਸਾ ਠਈ।੫੫।

ਦੋਹਰਾ: ਪਹਾੜ ਤਲੀ ਬੰਦੈ ਰਖੀ ਔਰ ਦਈ ਪੰਜਾਬ ਸੁ ਛੱਡ।
ਬੰਦਾ ਚੜ੍ਹਜੋ ਪਹਾੜ ਕੌ ਕਿਲੈ ਨੀਹਲ ਤ੍ਰੈ ਗੱਡ।੫੬।

ਚੌਪਈ: ਸਿਢੌਰੇ ਢਿਗ ਇਕ ਗੜ੍ਹੀ ਬਨਾਈ। ਲੋਹਿ ਗੜ੍ਹੀ ਉਸ ਨਾਮ ਸਦਾਈ।
ਦਈ ਦੁਆਬੇ ਢਿਗ ਜੋ ਦੂਣ। ਸਿਰ ਜਾਮਵਾਲਨ ਕਹਿਲੂਰਨ ਬੂਣ।੫੭।
ਜੰਮੂ ਢਿਗ ਥੇ ਪਠਾਣ ਸੁ ਕੋਟਿ। ਸਿੰਘ ਸੁ ਵੜ ਰਹੇ ਕਰ ਕਰ ਜੋਟ।
ਮੁਨਜੋ ਪਹਾੜ ਜਬ ਬੰਦਾ ਵੜਾ। ਸ਼ਾਹਿ ਬਹਾਦਰ ਅਗਾਜੋਂ ਚੜ੍ਹਾ।੫੮।
ਸ਼ਾਹਿ ਅਗਾਰੀ ਤੋਰੀ ਫੌਜ। ਦੇਖਨ ਬੰਦੈ ਦਿਲ ਕੀ ਮੌਜ।
ਕਿੱਸ ਤਰ੍ਹਾਂ ਹੈ ਉਸ ਕੀ ਮਰਜ਼ੀ। ਦੇਖਨ ਹੇਤ ਸ਼ਾਹ ਕੀ ਗ਼ਰਜੀ।੫੯।

ਦੋਹਰਾ: ਪਾਨੀ ਪਤਿ ਲੌ ਪ੍ਰਿਥਮ ਹੀ ਗਜੋ ਬੰਦਾ ਝੰਡੇ ਗੱਡ।
ਤੁਰਕ ਨ ਉਹਾਂ ਢੁਕ ਸਕੈਂ ਕਹਜੋ ਬੰਦੈ ਆਓ ਪੱਟ।੬੦।

ਚੌਪਈ: ਸੋ ਨਿਸ਼ਾਨ ਕਹਿ ਬੰਦੈ ਗਿਰਾਏ। ਤੁਰਕ ਪਾਣੀਪਤ ਤੌ ਲੰਘ ਆਏ।
ਆਇ ਕ੍ਰਨਾਲੂ ਕੀਏ ਉਨ ਡੇਰੇ। ਤ੍ਰਾਵੜੀ ਹੁਤੇ ਸਿੰਘ ਮੋ ਘੇਰੇ।੬੧।

ਦੋਹਰਾ: ਸਿੰਘਨ ਠਾਣੋਂ ਥੋ ਹੁਤੋ ਤ੍ਰਾਵੜੀ ਮੱਧ ਸਿਰਾਇ।
ਤੁਰਕਨ ਘੇਰੇ ਆਇ ਜਬ ਲਰ ਭਿਰ ਗਏ ਪਰਾਇ।੬੨।

ਚੌਪਈ: ਮਗਰੇ ਫੌਜ ਤ੍ਰਾਵੜੀ ਜੁ ਆਈ। ਤਿਨ ਸ੍ਰਹਿੰਦ ਆਕਰੀ ਲੜਾਈ।
ਬੰਦੈ ਮਦਤ ਕਰੀ ਉਨ ਨਾਹਿ। ਉਡੀਕ ਬੰਦੈ ਕੋ ਛਡ ਗਏ ਵਾਹਿ।੬੩।
ਬਰਸ ਤੀਨਕ ਥੀ ਸ੍ਰਹਿੰਦ ਉਗਰਾਹੀ। ਇਸ ਬਿਧ ਸਿੰਘਨ ਤੇ ਸੁ ਛੁਡਾਈ।
ਲੋਹਗੜ੍ਹੀ ਜਾਇ ਆਕੀ ਕਈ। ਫੌਜ ਸ੍ਰਹਿੰਦ ਵੜ ਆਗਜੋ ਠਈ।੬੪।

ਪ੍ਰਸੰਗ ਫੌਜਦਰਾਨ ਕੇ ਨਾਂਮ ਦੱਸਨ ਕੋ

੭੦. [ਬਹਾਦਰ ਸ਼ਾਹ ਲਾਹੌਰੋਂ ਹੋਕੇ ਗਿਆ, ਉਸ ਦੇ ਪੁਤ੍ਰਾਂ ਦੀ ਗੜਬੜ]

ਦੋਹਰਾ: ਤਿੰਨ ਸਰਦਾਰ ਪਤਸ਼ਾਹਿ ਥੇ ਕਸੂਰੀ ਕੀਏ ਮੁਹਿਰੈਲ।
ਸ਼ੰਮਸ ਖਾਨ, ਜਾਲੀ ਦੀਅਨ, ਬਜੀਦੈ ਖਾਂ ਫੌਜ ਗੈਲ।੧।

ਚੌਪਈ: ਤ੍ਰਾਵੜੀ ਕੇ ਭੀ ਹੁਤੇ ਫੁਜਦਾਰ। ਸਿੰਘਨ ਲੁਟ ਕਰ ਕੀਏ ਖੁਵਾਰ।
ਖਾਨ ਮਹਾਵਤ, ਫਰਜੂਲ ਖਾਨ। ਕਹਾਵਤ ਥੇ ਉਇ ਬਡੇ ਜੁਆਨ।੨।
ਉਇ ਭੀ ਹੁਤੇ ਬਜੀਦੇ ਨਾਰ। ਉਨ ਘਰ ਲੁਟ ਇਮ ਕਰੇ ਖੁਆਰ।
ਔ ਸਰਦਾਰ ਜੇ ਕੁੰਜਪੁਰੇ ਤਾਈਂ। ਸਮਾਣੀਏਂ ਸਢੌਰੀਏ ਜਮਨਾ ਉਵਾਈ।੩।

Sri Satguru Jagjit Singh Ji eLibrary NamdhariElibrary@gmail.com

ਆਇ ਕੀਓ ਥੋ ਬਜੀਰੈ ਸਾਥ। ਜੋ ਮਾਰੇ ਥੇ ਬੰਦੇ ਨਾਥ।
ਰਲ ਫਰਿਆਦੀ ਆਇ ਥੇ ਸਾਰੇ। ਭੇਜੇ ਆਗੈ ਸ਼ਾਹਿ ਬਿਚਾਰੇ।੪।

ਦੋਹਰਾ: ਏਈ ਭੇਜੇ ਦੇਖਣੇ ਬੰਦੈ ਕੀ ਪਰਤੀਤ।
ਬੰਦੇ ਰਾਹ ਛੋਡਯੋ ਸੁਨਯੋ ਖੁਸ਼ੀ ਆਈ ਸ਼ਾਹ ਚੀਤ।੫।

ਚੌਪਈ: ਬਹਾਦਰ ਸ਼ਾਹ ਦਿਲ ਆਈ ਧੀਰ। ਪੁਜਯੋ ਲਹੌਰ ਦਿਲ ਖੁਸ਼ੀ ਗੁਜੀਰ।
ਥੋੜੇ ਦਿਨ ਰਹਿਕੈ ਮੁੜ ਗਯੋ। ਫਿਰ ਦਿੱਲੀ ਨਹਿੰ ਪਹੁੰਚਤ ਭਯੋ।੬।
ਤਿਸਕੇ ਪੁਤ੍ਰ ਰਹੇ ਥੇ ਚਾਰ। ਸੋ ਲਰ ਮਰ ਕਰ ਭਏ ਖੁਆਰ।
ਕਈ ਬਰਸ ਯੌ ਰੌਲੋ ਰਹਾ। ਰਤਨ ਸਿੰਘ ਸੁਨ ਐਸੇ ਕਹਾ।੭।

੭੧. [ਫਰੁਖ਼ਸੀਅਰ ਦਾ ਰਾਜ ਸ਼ੁਰੂ]

ਦੋਹਰਾ: ਮੁਯੋ ਬਹਾਦਰ ਸ਼ਾਹਿ ਸੌ ਸਤ੍ਰੈ ਚੌਰਾਸੀਏ ਸਾਲ।
ਫਰੁਖ਼ਸੀਅਰ ਉਸ ਪੋਤਰੋ ਤਿਸਕੋ ਸੁਨੋ ਹਵਾਲ।੧।

ਚੌਪਈ: ਫਰੁਖ਼ਸੀਅਰ ਜਬ ਤਖਤੇ ਬਹਯੋ। ਚੁਗਲਨ ਆਨ ਉਸੈ ਯੌ ਕਹਯੋ:-
'ਗੁਰੂ ਬੰਦੈ ਕਰ ਰਖੀ ਖੁਆਰੀ। ਔਰ ਪਤਿਸ਼ਾਹੀ ਸੁਖ ਹੈ ਸਾਰੀ।੨।
ਬਾਈ ਸੂਬਨ ਤੇ ਟਕੇ ਚਲਿ ਆਵੈਂ। ਹੁਕਮ ਸ਼ਾਹਿ ਨਹਿ ਕੋ ਪਲਟਾਵੈ।
ਉਸਕੋ ਚੜ੍ਹ ਤੂੰ ਦੇਹ ਤਿਦਾਰਕ। ਰਹਯੋ ਦਾਦੇ ਤੈਥੋਂ ਕੰਮ ਸਾਰਕ'।੩।

ਦੋਹਰਾ: ਫਰੁਖ਼ਸੀਅਰ ਉਨ ਆਖਿਆ 'ਹਮ ਦਾਦਾ ਗਯੋ ਸਮਝਾਇ।
ਗੁਰ ਨਾਨਕ ਕੋ ਘਰ ਜੋਊ ਤਿਨ ਸੌਂ ਤੂੰ ਨ ਬਿਗਰਾਇ।੪।

ਚੌਪਈ: ਨੌਰੰਗ ਪੜਦਾਦੋ ਜਬੈ ਰਿਸਾਯੋ। ਸਤਿਗੁਰ ਊਪਰ ਦਾਦੋ ਚੜ੍ਹਾਯੋ।
ਹਮ ਦਾਦੇ ਨਹਿੰ ਕਰਯੋ ਬਿਗਾਰ। ਘਲ ਅਹਦੀਅਨ ਕੰਮ ਦਏ ਸਵਾਰ।੫।
ਉਸ ਦਿਨ ਥੀ ਗੁਰ ਬਾਤਹ ਕਹੀ। ਹਮ ਤੁਮ ਕਉ ਅਬ ਸ਼ਾਹੀ ਦਈ।
ਸੋ ਸਤਿਗੁਰ ਸੰਗ ਹੋ ਕਰ ਦਈ। ਬਿਨ ਉਨ ਹਮ ਕਬ ਸਕਤੇ ਲਈ।੬।
ਆਜ਼ਮ ਸ਼ਾਹਿ ਥੋ ਹਮ ਤੇ ਭਾਰੀ। ਉਸੈ ਮਗਰ ਥੀ ਬਹੁ ਫੌਜ ਸ਼ਾਰੀ।
ਸੋ ਕਬ ਹੁਤੋ ਥੋ ਹਮ ਤੇ ਮਾਰੀ। ਉਸ ਘਰ ਕਿਮ ਅਬ ਕਰੈਂ ਖੁਆਰੀ'।੭।
ਯੌ ਕਹਿ ਬਾਤ ਦਈ ਉਸ ਮੋੜ। ਨਹਿੰ ਗੁਰ ਘਰ ਸਿਉਂ ਕਰੀ ਅਜੋੜ।
ਯੌ ਕਰਕੇ ਕਈ ਦਿਨੈ ਬਿਤਏ। ਫੇਰ ਚੁਗਲ ਆਇ ਕਹਤੇ ਭਏ।੮।

ਔਰ ਪ੍ਰਸੰਗ ਲਿਖਯਤੇ

੭੨. [ਚੁਗਲਾਂ ਨੇ ਚੁਗਲੀ ਲਾਈ]

ਦੋਹਰਾ: ਤੌ ਚੁਗਲਨ ਫਿਰ ਆ ਕਹੀ 'ਹਮ ਬੰਦੈ ਬਹੁ ਦੁਖ ਦੀਨ।
ਦੀਨ ਉਠਾਇਓ ਸੋ ਚਹੈ ਸਾਰੀ ਹਿੰਦ ਜ਼ਮੀਨ।੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸੋ ਅਬ ਖਬਰ ਬੰਦੇ ਕੀ ਆਈ। ਬੰਦਾ ਲੀਨੋ ਕੁਲੁ ਫੜਾਈ।
ਅਬ ਕਿਛ ਤੁਮ ਕੋ ਲਗੈ ਨ ਦੋਸ਼। ਖਾਲੀ ਮੁਲਕ ਪਰਜੋ ਨਿਹਜੋਸ਼'।੨।

ਪ੍ਰਸੰਗ ਜਾਲੀ ਦੀਨ ਖਪਨੇ ਕਾ

੧੩. [ਫੌਜਦਾਰਾਂ ਦਾ ਸਿੰਘਾਂ ਤੇ ਧਾਵਾ। ਬਾਜ ਸਿੰਘ ਨੇ ਜਾਲੀਦੀਨ ਨੂੰ ਮਾਰਨਾ]

ਦੋਹਰਾ: ਕੁੱਲੂ ਫੜਜੋ ਬੰਦਾ ਸੁਨਜੋ ਤੌ ਭਯੋ ਸ਼ਾਹਿ ਉਤਮਾਹਿ।
ਤੋਰੀ ਫੌਜ ਮੁਲਕ ਲੈਨ ਕੋ ਲੱਗੋ ਪੁਗਲਨ ਸਲਾਹਿ।੧।

ਚੌਪਈ: ਬਾਤ ਜਗਤ ਥੀਯੋਂ ਉਡ ਗਈ। 'ਕਰਾਮਾਤ ਦੂਰ ਬੰਦਿਅਉਂ ਭਈ।
ਬਹੁਤ ਸਿੱਧ ਥੇ ਪਰਬਤ ਮਾਂਹਿਂ। ਉਨ ਨੇ ਸਿੱਧੀ ਛੋਡੀ ਨਾਂਹਿਂ।੨।
ਔਰ ਤ੍ਰਿਯਾ ਬੰਦੇ ਕਈ ਚਾਰ। ਇਸ ਕਰ ਜਤੋਂ ਬੰਦਾ ਗਯੋ ਹਾਰ।
ਬੀਰ ਹੁਤੇ ਥੇ ਸੋ ਨਠ ਗਏ। ਬੰਦਾ ਕੈਦ ਸੁ ਯਾਂਤੇ ਪਏ।੩।
ਦੂਰ ਭਯੋ ਯੌਂ ਬੰਦੇ ਖੋਫ। ਭਯੋ ਸਿਖਨ ਕੋ ਯਹ ਅਫਸੋਸ'।
ਯੇ ਚਲ ਬਾਤ ਸ਼ਾਹਿ ਲੌ ਅਈ। ਫੌਜਦਾਰਨ ਸ਼ਾਹ ਆਗਜਾ ਦਈ।੪।
ਸ਼ੰਮਸ, ਬਜੀਦਾ, ਜਾਲੀਦੀਨ। ਹੁਤੇ ਕਸੂਰੀ ਪਠਾਨ ਸੁ ਤੀਨ।
ਕਰੀ ਫੁਜਦਾਰਨ ਤਿੰਨਨ ਧਾਈ। ਸਿੰਘਨ ਸੋਂ ਜਾ ਕਰੀ ਲੜਾਈ।੫।

ਦੋਹਰਾ: ਲੋਹਗੜੀ ਬਾਜ ਸਿੰਘ ਅੜਾ ਤਹਿਂ ਪੜਾ ਸ਼ੰਮਸ ਖਾਂ ਧਾਇ।
ਤਿਨ ਮੈਂ ਯਾਕੀ ਲਗ ਰਹਾ ਨਿਤ ਪ੍ਰਤਿ ਯੁੱਧ ਮਚਾਇ।੬।

ਚੌਪਈ: ਬਜੀਦਾ ਪੜਜੋ ਪਠਾਣਕੋਟ ਲਾਗ। ਜਾਲੀਦੀਨ ਪਰਜੋ ਹਿਠਲੁ ਬਾਗ।
ਹੁਤੀ ਤੀਨਨ ਕੀ ਇਕ ਸਲਾਹਿ। ਮੁਲਕ ਲੁਟਜੋ ਔ ਲਿਓ ਉਗਾਰਾਹਿ।੭।
ਰਹਿਤ ਜਹਾਂ ਥੇ ਥੋੜੇ ਸਿੱਖ। ਨਿਕਲ ਗਏ ਵੈ ਬਹੁ ਫੌਜ ਪਿੱਖ।
ਸਿੰਘਨ ਭੀ ਸੁਨਿਓ ਥੋ ਫੜਜਾ। ਇਮ ਕਰ ਔਰ ਕੋਊ ਨਹਿਂ ਅੜਜਾ।੮।
ਬਾਜ ਸਿੰਘ ਦਿਲ ਇਤਨੀ ਆਈ। 'ਮੈਂ ਨਠ ਜਾਊਂ ਤੌ ਗੀਦੀ ਸਦਾਈ।
ਜਾਇ ਬੰਦੇ ਕਜਾ ਮੁੱਖ ਦਿਖਾਊਂ। ਸਭਾ ਸੂਰਨ ਕਬ ਬੈਠਨ ਪਾਊਂ'।੯।
ਸਿੰਘ ਬਾਜ ਔ ਖਾਂ ਸ਼ੰਮਸੋਊ। ਏ ਫਸ ਗਏ ਸੁ ਇਕ ਥਾਂ ਦੋਊ।
ਜਾਲੀ ਦੀਨ ਬਹੁ ਖੁਸ਼ੀਆਂ ਕਰੇ। ਲੁਟੇ ਕੁਟੇ ਮੁਲਕ ਦ੍ਵਾਬੇ ਉਘਰੇ।੧੦।

ਦੋਹਰਾ: ਭਯੋ ਗੁਮਰਾਹਿ ਬਹੁ ਫੌਜ ਸੋਂ ਕਹਿ 'ਸਿੰਘ ਅਬ ਨਦਰੀ ਪਾਇ।
ਮਾਰੋਂ ਸਸੇ ਸ਼ਿਕਾਰ ਜਿਮ ਤੌ ਸ਼ੀਹਣੀ ਬੰਡੇ ਖੁਦਾਇ'।੧੧।

ਚੌਪਈ: ਫੌਜ ਚੁਫੇਰੇ ਦਈ ਖਿੰਡਾਇ। ਲਾਲਚ ਪੈਸੇ ਲਗਿਓ ਵਾਇ।
ਬੇਗਮ ਹੁਇ ਆਪ ਬਹਿ ਰਹਿ ਡੇਰੇ। ਕਹੈ 'ਸਿੰਘ ਸਭ ਸ਼ੰਮਸਖਾਂ ਘੇਰੇ'।੧੨।
ਬਾਜ ਸਿੰਘ ਨੇ ਸਭ ਸੁਨ ਪਾਈ। ਸੋ ਚਾਹਤ 'ਉਸ ਪਰ ਕਰੋਂ ਧਾਈ'।
ਬਾਜ ਸਿੰਘ ਜਬ ਉੱਦਮ ਕਰਾ। ਲੋਹਿਗੜ੍ਹੀ ਛਡ ਉਸ ਵਲ ਤੁਰਾ।੧੩।

Sri Satguru Jagjit Singh Ji eLibrary NamdhariElibrary@gmail.com

ਤਊ ਰਾਤ ਕੋ ਕੀਨੀ ਧਾਈ। ਸਿਖਰ ਦੁਪਹਿਰੇ ਪਹੁੰਚਯੋ ਜਾਈ।
ਅਚਾਣਚੱਕ ਤਿਸ ਪਰ ਜਾ ਪੜਾ। ਮਾਰ ਲਯੋ ਵਹਿ ਡਰੇ ਖੜਾ।੧੪।

ਦੋਹਰਾ: ਬਾਜ ਸਿੰਘ ਪਯੋ ਬਾਜ ਜਿਉਂ ਲਯੋ ਜਾਲੀ ਬਟੇਰੋ ਦੱਖ।
ਸਿੰਘਨ ਮਾਰਤ ਸੋ ਮੁਯੋ ਦੇਖੋ ਰੱਬ ਸਬੱਬ।੧੫।

ਪ੍ਰਸੰਗ ਸ਼ੰਮਸ ਖਾਨ ਔਰ ਬਜ਼ੀਦ ਖਾਨ ਕਾ

੭੪. [ਬੰਦੇ ਨੇ ਸ਼ੰਮਸ ਖਾਂ ਤੇ ਵਜੀਦ ਖਾਂ ਨੂੰ ਮਾਰਿਆ]

ਚੌਪਈ: ਜਿਨ ਜਹਿਂ ਸੁਨਾ ਜਾਲੀਦੀਨ ਮਾਰਾ। ਸੋ ਨੱਠ ਚਲਯੋ ਨ ਆਪ ਸੰਭਾਰਾ।
ਭੂਪ ਬਿਨਾ ਕੋ ਕਰੇ ਲਰਾਈ। ਇਮ ਕਰ ਸਬਹਨ ਨਠਨ ਤਕਾਈ।੧।
ਕਹਿ 'ਅਸਮਾਨੋਂ ਕਜਾ ਬਿਜ ਪਰੀ। ਆਨ ਮਾਰੇ ਸਭ ਬਿਚ ਇਕ ਘਰੀ'।
ਸਿੰਘ ਪੰਜ ਸੈ ਥਾ ਉਸ ਸਾਥ। ਕਹਾਂ ਲਗੇ ਤੇ ਮਾਰੇ ਹਾਥ।੨।
ਮੁਲਕ ਚੌਫੇਰਯੋਂ ਲੁੱਟਨ ਪੜਾ। ਤੁਰਕਨ ਲੁਟ ਕਰ ਸੋ ਰੱਜ ਖੜਾ।
ਤੁਰਕਨ ਸੰਗ ਥੇ ਕਈ ਲੁਟੇਰੇ। ਅਏ ਜੁ ਲੁੱਟਨ ਘਰੋਂ ਘਨੇਰੇ।੩।
ਸ਼ੰਮਸ ਖਾਨ ਥੋ ਮਗਰੇ ਜਾਤ। ਆਨ ਪਰੀ ਤਿਸ ਕੰਨ ਯਹਿ ਬਾਤ।
ਕਹਯੋ 'ਉਸੈ ਥੋ ਵਕੂਫ ਕੁਛ ਨਾਹਿਂ। ਪਾਸੋਂ ਸਭ ਫੌਜ ਦਈ ਚੜ੍ਹਾਇ।੪।

ਦੋਹਰਾ: ਦੇਖੋ ਹਮ ਉਸ ਮਾਰਿ ਹੈਂ ਜੁ ਹਮ ਤੇ ਨਠ ਗਯੋ ਹਾਰ'।
ਤਬ ਲੋਕਨ ਉਸ ਕੋ ਕਹਾ 'ਲਿਖ ਚਾਚੇ ਕਰ ਖਬ੍ਰਦਾਰ।੫।

ਚੌਪਈ: ਮਤ ਇਮ ਉਸ ਕੋ ਲੇਵੈ ਮਾਰ। ਚਲੋ ਰਲੋ ਤੁਮ ਉਸ ਕੇ ਨਾਰ'।
ਤਬ ਤਿਸ ਕੋ ਬਹੁ ਚਿੰਤਾ ਪਰੀ। ਘਲ ਹਲਕਾਰੇ ਚੌਕਸੀ ਕਰੀ।੬।
'ਹਮ ਤੁਮ ਰਲ ਕੈ ਕਰੈਂ ਲਰਾਈ। ਹਮ ਬਿਨ ਅਗੈ ਤੂੰ ਪੈਰ ਨ ਪਾਈਂ'।
ਐਸੋ ਖੌਫ ਬਾਜ ਸਿੰਘ ਕਾ ਪੜਾ! ਸਭ ਤੁਰਕਨ ਕੋ ਕਾਂਬਾ ਚੜ੍ਹਾ।੭।
ਤਬ ਵੈ ਦੋਨੋਂ ਇੱਕ ਠਾਂ ਹੋਏ। ਚਾਚੇ ਭਤੀਜੇ ਤੌਂ ਕੁਛ ਸੋਏ।
ਡਰਤ ਸਿੰਘਨ ਤੇ ਤੇ ਰਹਿਂ ਖੜੇ। 'ਮਤ ਕਿਤ ਆਇ ਹਮੈਂ ਪਰ ਪੜੇ'।੮।
ਆਗੈ ਸੁਣੋਂ ਬੰਦੇ ਕੀ ਬਾਤ। ਦੁਇ ਫੁਜਦਾਰ ਕੀਏ ਜਿਮ ਘਾਤ।
ਜਬ ਸਿੰਘਨ ਪਰ ਪਰੀ ਥੀ ਭੀਰ। ਬੰਦੈ ਕੀਨੀ ਯੌਂ ਤਦਬੀਰ।੯।
ਬੀਰਨ ਕਹਯੋ 'ਹਮ ਲੈ ਚਲੁ ਮੰਡੀ: ਨੀਹਲ ਚਲ ਖੜਕਾਵੈਂ ਚੰਡੀ'।
ਤਬ ਬੀਰਨ ਨੇ ਸੋਊ ਕਰਿਓ। ਲੋਹ ਪਿੰਜ੍ਰੋ ਲੈ ਮੰਡੀ ਧਰਿਓ।੧੦।
ਨਿਕਲ ਸ਼ਿਤਾਬ ਨੀਹਲ ਕੋ ਦੌੜਾ। ਪਾਸ ਉਸੈ ਥੋ ਤਬ ਦਲ ਥੋੜਾ।
ਨਹੀਂ ਰਖਤ ਥੋ ਦਲ ਪਰਵਾਹਿ। ਦੌੜ ਪੜਾ ਸੋ ਨੀਹਲ ਰਾਹਿ।੧੧।
ਇਹ ਜਬ ਬਾਤ ਸਿੰਘਨ ਸੁਨ ਪਾਈ। ਸਿੰਘਨ ਕੇ ਦਿਲ ਭਈ ਵਧਾਈ।
ਲੁਕੇ ਛਿਪੇ ਤੇ ਸਭਿ ਆ ਮਿਲੇ। ਭਯੋ ਹੁਲਾਸ ਸਿੰਘਨ ਬਹੁ ਦਿਲੇ।੧੨।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤੁਰਕਨ ਸੁਨ ਚਿੰਤਾ ਪਰੀ ਜਨੁ ਉਨ ਪਰ ਗਈ ਮੌਤ।
ਉਨ ਮਨ ਮਰਨੋਂ ਦਿਢ ਕੀਓ ਛੁਟ ਖਾਣ ਪੀਣ ਗਈ ਸੌਤ।੧੩।

ਚੌਪਈ: ਤੌ ਬੰਦਾ ਦਲ ਅਪਣੇ ਬੜਾ। ਦਲ ਬਾਗੀਚੇ ਜਨ ਜਲ ਪੜਾ।
ਜੇਠ ਮਾਂਹਿ ਜਨ ਬਡ ਮੀਂਹ ਪਰਾ। ਮੁਕਤ ਬਾਗ਼ ਭਯੋ ਜਨੁ ਠਹਾ।੧੪।
ਸਿੱਖ ਸੰਗਤ ਕਰੋ ਜੈ ਜੈ ਕਾਰ। ਜਨੁ ਡੱਡੂ ਬੋਲੈਂ ਕਈ ਹਜ਼ਾਰ।
ਔਕ ਜੁ ਆਹਿਂ ਸਮ ਤੁਰਕ ਹੋਇ। ਸਾਬਤ ਹਿੱਸੈ ਔ ਬਲ ਗਜੋ ਖੋਇ।੧੫।
ਤਬ ਬੰਦੇ ਚੜ੍ਹ ਦੁਆਬੇ ਵੜਾ। ਬਡੀ ਜਗਾ ਮਾਰ ਤੁਰਕਨ ਧਰਾ।
ਮਗਰੇ ਤੁਰਕ ਉਸੇ ਕੋ ਟੋਲੈਂ। ਢੁਕੈਂ ਨ ਨੇੜੈ ਦੂਰੋਂ ਰੌਲੈਂ।੧੬।
ਜੋ ਕਿਤ ਫੌਜ ਬੰਦੇ ਵਲ ਆਵੈ। ਕਰ ਝਟ ਉਨ ਸਿੰਘ ਮਾਰ ਲੈ ਜਾਵੈਂ।
ਆਗੈ ਪੀਛੈ ਪਰੇਂ ਬਿੱਜ ਸਮਾਨ। ਇਮ ਕਰ ਕੀਨੇ ਤੁਰਕ ਹਿਰਾਨ।੧੭।

ਦੋਹਰਾ: ਡਰਤ ਨਿਜੈ ਪਤਿਸ਼ਾਹਿ ਤੇ ਤੁਰਕ ਗੈਲੋ ਨਾਂਹ ਰਹਾਇਂ।
ਔ ਬੰਦੈ ਪਰ ਬਡ ਧਾਵਨੀ ਕਰ ਭੀ ਸੋਊ ਨ ਪਾਇਂ।੧੮।

ਚੌਪਈ: ਸ਼ਮਸਦੀਨ ਕੀ ਹੋਣੀ ਆਈ। ਹੁਤੀ ਉਸੇ ਕੀ ਪਿਛਲ ਸਗਾਈ।
ਨਿਕਾਹਿ ਬਹਾਨੇ ਮੁੜਿਓ ਕਸੂਰ। ਸੁਨੀ ਬਾਤ ਯੌ ਬੰਦੇ ਹਜੂਰ।੧੯।
ਬੰਦੈ ਕਹਜੋ 'ਵਹੁ ਜਾਨ ਨ ਪਾਵੈ। ਹੈ ਕੋ ਸੂਰ ਜੋ ਮਾਰ ਲਿਆਵੇ?'।
ਕਹਜੋ ਸਭਨ 'ਤੂੰ ਐਸੋ ਆਪ। ਔਰ ਘੱਲ ਜਿਸ ਦੇਹਿਂ ਪ੍ਰਤਾਪ'।੨੦।
ਯੌ ਸੁਨਿ ਬੰਦੋ ਆਪੇ ਚੜ੍ਹਜੋ। ਚਾਲੀ ਅਸਵਾਰ ਸਭੀ ਸੰਗ ਖੜਜੋ।
ਦੌੜ ਬੰਦੇ ਨੈ ਧਾਵੋ ਕੀਯੋ। ਆਗੈ ਕਸੂਰੈ ਰਾਹ ਰੁਕੈਯੋ।੨੧।
ਉਸ ਕੈ ਦਿਲ ਗ਼ਮ ਹੁਤੋ ਨ ਕੋਈ। ਚਲਜੋ ਹਾਥੀ ਚੜ੍ਹ ਘਰ ਕੋ ਸੋਈ।
ਸੋ ਬੰਦੈ ਦੂਰੋਂ ਲਖ ਲਯੋ। ਵਾਂਗਰ ਬਿੱਜਲੀ ਉਸ ਪਰ ਪਯੋ।੨੨।
ਕਿਨ ਜਾਨਜੋਂ ਕਿਨ ਜਾਨਜੋ ਨਾਂਹਿ। ਦਯੋ ਤੀਰ ਮੋਂ ਉਪਰੋਂ ਫਟਿਵਾਹਿ।
ਫਿਰ ਨੇਜਾ ਚੁਕ ਬੰਦੈ ਲਗਾਯਾ। ਕਰ ਜ਼ਖਮੀ ਹੇਠ ਹਾਥੀਓਂ ਗਿਰਾਯਾ।੨੩।
ਸੀਸ ਕਾਟ ਲਯੋ ਬੰਦੈ ਚੁਕਾਇ। ਮੁੜ ਵੜਯੋ ਵਹੁ ਨਿਜ ਫੌਜ ਆਇ।
ਇਸ ਬਿਧ ਲੀਨੋ ਸ਼ਮਸੂ ਮਾਰ। ਅੱਗੈ ਸੁਨੋ ਬਜੀਦੈ ਹਵਾਰ।੨੪।

ਦੋਹਰਾ: ਹੁਤੋ ਬਜੀਦੋ ਜਹਿਂ ਪੜੋ ਬੰਦੋ ਉਦਾਲੋ ਜਾਇ।
ਫੌਜ ਛੋਡ ਭਜ ਉਸ ਗਈ ਕਹਿ 'ਨਿਹਕਲੰਕ ਭਜੋ ਆਇ'।੨੫।

ਚੌਪਈ: ਉਮ* ਕੌ ਨੱਠਨੋ ਔਖੋ ਭਯੋ। ਮਗਰ ਸ਼ਾਹਿ ਤੈ ਉਨ ਗਮ ਖਯੋ।
ਲਰਤ ਭਿਰਤ ਵਹੁ ਜ਼ਖਮੀ ਭਯੋ। ਘਰ ਕੋ ਜਾਤ ਵਹੁ ਭੀ ਮਰ ਗਯੋ।੨੬।

ਦੋਹਰਾ: ਫੇਰ ਘੇਰ ਕੈ ਉਨੈ ਕੋ ਬੰਦੈ ਜੀ ਲਏ ਮਾਰ।
ਤੁਰਕ ਸਭੀ ਬੈਠੇ ਤਬੈ ਬੰਦੈ ਕੋਲੋਂ ਹਾਰ।੨੭।

Sri Satguru Jagjit Singh Ji eLibrary NamdhariElibrary@gmail.com

ਅਬ ਬੰਦੇ ਕੋ ਆਖਰੀ ਪ੍ਰਸੰਗ ਲਿਖਜਤੇ

੭੫. [ਤੁਰਕਾਂ ਨੇ ਮਾਤਾ ਜੀ ਤੋਂ ਬੰਦੇ ਨੂੰ ਚਿੱਠੀ ਲਿਖਾਈ ਤੇ ਉਸ ਦਾ ਉਤਰ]

ਦੋਹਰਾ: ਤਿੰਨ ਫੁਜਦਾਰ ਮਾਰੇ ਜਬੈ ਪਰੀ ਬਡੀ ਤਬ ਧਾਂਕ।
ਕੋਊ ਤੁਰਕ ਬੀ ਨਹਿਂ ਸਕੇ ਬੰਦੈ ਸਨਮੁਖ ਝਾਂਕ।੧।

ਚੌਪਈ: ਤਬ ਦਿੱਲੀ ਮੈਂ ਕਹਿਬਤ ਭਈ। ਆਵਤ ਬੰਦਾ ਦਿੱਲੀ ਤਈਂ।
ਲਹੌਰ ਕਹੈਂ ਵਹਿ ਆਵੈ ਲਹੌਰ। ਕਸ਼ਮੀਰ ਮੁਲਤਾਨ ਤਿਉਂ ਕੰਪੈ ਪਿਸ਼ੌਰ।੨।
ਤਬ ਸੱਦ ਪੁੱਛਜੋ ਬਜੀਰ ਸਲਾਹਿ। ਆਪ ਸੱਦਿਕੈ ਢਿਗ ਪਤਿਸ਼ਾਹਿ*।
ਪਾਨਾ ਬੀਰਾ ਧਰੀ ਸ਼ਮਸ਼ੇਰ। 'ਚਰੈ ਬੰਦੇ ਪੈ ਹੈ ਕੋਈ ਸ਼ੇਰ'।੩।

ਦੋਹਰਾ: ਤੁਰਕ ਰਹੇ ਚੁੱਪ ਹ੍ਵੈ ਸਬੈ ਉੱਤਰ ਕੋਊ ਨ ਦੇਇ।
ਬੰਦੈ ਪੈ ਨਹਿਂ ਕੋ ਚੜੈ ਮਰਣੋਂ ਸਭ ਡਰੇਇ।੪।

ਚੌਪਈ: ਤਬ ਤੁਰਕਨ ਨੇ ਯੌਂ ਕਰੀ ਬਾਤ। 'ਹੈ ਸਤਿਗੁਰ ਕੋ ਯਹਿ ਉਤਪਾਤਿ।
ਜਿਸੈ ਕਬੀਲੇ ਹੈਂ ਤੁਮ ਪਾਸ। ਕਰਾਯੋ ਹੈ ਜਿਹ ਮੁਲਕੈ ਨਾਸ।੫।
ਉਨ ਹੀ ਤੇ ਉਨ ਮਨੈਂ ਕਰਾਵੋ। ਉਨ ਕੋ ਹੈ ਸਿੱਖ ਕਹਿ ਹਟਵਾਵੋ।
ਜੇ ਮਾਤਾ ਉਨੈ ਹਟਾਵੈ ਨਾਂਹੀ। ਕੈਦ ਕਰਾਵੋ ਹਮਰੇ ਪਾਹੀਂ'।੬।
ਤਬੈ ਸ਼ਾਹਿ ਨੈ ਐਸੇ ਸੁਨੀ। 'ਨਹਿਂ ਯਹਿ ਆਛੀ ਤੁਮ ਜੋ ਗੁਨੀ।
ਹੈ ਉਸ ਕੋ ਹਮ ਸਿਰੈ ਹਸਾਨ। ਦਈ ਪਤਿਸ਼ਾਹੀ ਹਮਹਿ ਉਨ ਆਨਿ'।੭।
ਤਬ ਭਾਈ ਨੰਦਲਾਲ ਬੁਲਾਯੋ। ਤੈਂ ਪਤਿਸ਼ਾਹੈ ਯੌਂ ਸਮਝਾਯੋ।
'ਤੁਮ ਜਾਯੋ ਮਾਤਾ ਜੀ ਪਾਸ। ਹਾਥ ਜੋੜ ਯੌਂ ਕਰੋ ਅਰਦਾਸ।੮।
ਬੰਦੈ ਤੁਮਰੋ ਸਭ ਕੰਮ ਕੀਯੋ। ਸਾਹਿਬਜ਼ਾਦਨ ਬਦਲਾ ਲੀਯੋ।
ਪਰਬਤੀਅਨ ਕੌ ਦਈ ਸਜਾਇ। ਉਨ ਕੀਨੋ ਸੋਊ ਲੀਨੋ ਪਾਇ।੯।
ਅਬ ਹਮ ਪਾਸ ਉਮ ਲੇਹੁ ਬੁਲਾਇ। ਉਸ ਕੀ ਗੁਜਰ ਉਸੇ ਦੇਵੈਂ ਲਾਇ।
ਨਾਲੇ ਆਵੈਂ ਪਰਬਤੀ ਚੱਲ। ਉਨਕੀ ਤੁਮ ਸਜੋਂ ਕਰਾਵੈਂ ਗੱਲ'।੧੦।
ਇਸ ਲਪੇਟ ਸੋਂ ਮਾਤੈ ਕਹਜੋ। ਮਾਤਾ ਨੇ ਇਮ ਉੱਤਰ ਦਯੋ।
'ਵਹਿ ਹਮਰੀ ਕਬ ਮਾਨੇ ਬਾਤ। ਬਹੁਤ ਫੌਜ ਵਹਿ ਰਖਤਾ ਜਾਤ।੧੧।

ਦੋਹਰਾ: ਵਹਿ ਸੱਦਜੋ ਕਬ ਆਇ ਹੈ ਜੋ ਪਤਿਸ਼ਾਹੀ ਚੋਰ।
ਬਿਨ ਪਕੜਜੋ ਕਬ ਆਇ ਹੈ ਫੌਜਨ ਕੇ ਬਿਨ ਜੋਰ'।੧੨।

ਚੌਪਈ: ਤਬ ਨੰਦ ਲਾਲ ਸੁਨਤ ਯੌਂ ਭਾਖੀ। 'ਮੰਨੈ ਨ ਮੰਨੈ ਤੁਮ ਬਨ ਹੈ ਆਖੀ।
ਮੰਨੈ ਨਹੀਂ ਜੋ ਤੁਮਰੀ ਬਾਤ। ਨਿਕਸ ਜਾਇ ਤਿਸ ਕੀ ਕਰਾਮਾਤ।੧੩।
ਜੌ ਨ ਲਿਖੋ ਤਉ ਸ਼ਾਹਿ ਰਿਸਾਵੈ। ਵਹੁ ਜਾਨਹਿ ਇਨ ਸੱਦਜੋ ਆਵੈ।
ਤੁਮ ਲਿਖ ਭੇਜੋ ਅਪਨੀ ਓਰ। ਮੰਨੈ ਨ ਮੰਨੈ ਵਹਿ ਅਪਨੈ ਜੋਰ।੧੪।

* ਪਾਠਾਂਤ੍ਰ-ਤੇ ਸਭ ਸੂਰਮੇਂ ਲਏ ਬੁਲਾਏ।

Sri Satguru Jagjit Singh Ji eLibrary NamdhariElibrary@gmail.com

ਤੁਮ ਅਪਨੀ ਸੁਰਖਰੋਈ ਕਰੋ। ਭਾਵੈਂ ਮੰਨੇ ਭਾਵੇਂ ਵਹੁ ਲਰੋ'।
ਤੌ ਮਾਤਾ ਨੰਦ ਲਾਲਹ ਭਾਖੀ। 'ਲਿਖ ਭੇਜੋ ਹਮ ਨਾਂਵਹਿ ਰਾਖੀ'।੧੫।
ਮਾਤਾ ਕਹਯੋ 'ਅਬ ਤੂੰ ਲਿਖ ਦੇਹਿ! ਮੁਹਰ ਗੁਰੂ ਕੀ ਤੂੰ ਲਾ ਦੇਹਿ'।
ਤਯੋਂ ਹੀ ਕੀਨ ਭਾਈ ਨੰਦ ਲਾਲ। ਜੋ ਪਤਿਸ਼ਾਹੀ ਹੁਤੇ ਸਵਾਲ।੧੬।

ਦੋਹਰਾ: ਤੁਰਤ ਹੁਕਮ ਸ੍ਰੀ ਗੁਰੂ ਕਾ ਭੇਜਯੋ ਭਾਈ ਨੰਦ ਲਾਲ।
ਸਿੱਖ ਲੇਇ ਪਹੁੰਚਤ ਭਯੋ ਬੰਦੈ ਢਿਗ ਦਰਹਾਲ।੧੭।
ਬੰਦੈ ਚਿੱਠਾ ਸੁਨਿ ਕਹਯੋ। 'ਕਿਆ ਤਿਰੀਆ ਕੀ ਬਾਤ!
ਹਮ ਤੁਰਕਨ ਕੌ ਹਥ ਲੱਗੇਂ ਛਡੇਂ ਨ ਹਮਰੀ ਜਾਤ'।੧੮।
ਜੋ ਉੱਤਰ ਬੰਦੈ ਕਹਯੋ ਦਯੋ ਸ਼ਾਹਿ ਪੈ ਘੱਲ।
ਸ਼ਾਹੈ ਸਭਾ ਲਗਾਇ ਕੈ ਸੁਨਾਈ ਸਬਹਨ ਗੱਲ।੧੯।

ਚੌਪਈ: ਬੰਦੈ ਕਹਯੋ 'ਮੈਂ ਤਵ ਸਿੱਖ ਨਾਂਹੀ। ਮੈਂ ਬੈਰਾਗੀ ਬੈਸਨੋ ਆਹੀਂ।
ਹਮ ਔ ਤੁਮ ਕੋ ਇਤਨੋ ਮੇਲ। ਲੇਂ ਪਤਿਸ਼ਾਹੀ ਹਮ ਅਪਨੇ ਖੇਲ।੨੦।
ਮੈਂ ਅਬ ਦਰਸ਼ਨ ਫਤੇ ਬੁਲਾਊਂ। ਫਤੇ ਗੁਰੂ ਕੀ ਦੂਰ ਕਰਾਊਂ।
ਜਿਮ ਹਮ ਬਕਰੇ ਸਿੰਘਨ ਮਾਰੇ; ਤਿਮ ਹਮ ਇਨ ਕੋ ਕਰੈਂ ਖੁਵਾਰੇ'।੨੧।
ਬੰਦਾ ਤੁਰਕਨ ਮਾਰਨ ਡਹਯੋ। ਤੁਰਕਨ ਤੇ ਕੁਛ ਬੰਦ ਨ ਪਯੋ।
ਬੰਦੇ ਸਾਥ ਤੁਰਕ ਲਰ ਹਾਰੇ। ਕਰੀ ਬੰਦੇ ਸਭ ਪੰਜਾਬ ਖੁਵਾਰੇ।੨੨।

੭੬. [ਬੰਦੇ ਦਾ ਤੇ ਤੱਤ ਖਾਲਸੇ ਦਾ ਅਡ ਅਡ ਹੋਣਾ]

ਦੋਹਰਾ: ਜਬ ਬੰਦੈ ਤੁਰਕ ਜਿਤ ਲਏ ਲੜ ਨਹਿ ਸੱਕੈ ਕੋਇ।
ਤੌ ਚੁਗਲਨ ਫਿਰ ਆਖਿਓ ਫਰੁਖਮੀਅਹ ਸੰਗ ਜੋਇ।੧।

ਚੌਪਈ: 'ਮਾਤਾ ਬੰਦੈ ਕਹਤੀ ਨਾਹੀਂ। ਇਮ ਹੀ ਤੁਮ ਕੌ ਦੇ ਪਰਚਾਹੀ।
ਉਨ ਕੇ ਘਰ ਕੇ ਹੈਂ ਵਹਿ ਖਾਦਮ। ਬਿਨਾਂ ਗੁਰੂ ਕਬ ਹੁਇ ਬਡ ਆਦਮ'।੨।
ਮਾਤ ਕਹਯੋ 'ਕਿਮ ਮੰਨੈ ਵਹਿ ਨਾਹਿ। ਜੌ ਮਾਤਾ ਕਹਿ ਜੋਰ ਲਗਾਇ'।
ਚੁਗਲ ਕਹੈ 'ਵਹਿ ਜੋਰ ਨ ਲਾਵੈ। ਤੁਮ ਕੋ ਬਾਤਨ ਹੀ ਪਰਚਾਵੈ।੩।
ਆਪ ਲਗਾਯਾ ਉਨ ਨੇ ਪਾਪ! ਤੁਰਕ ਪਤਿਸ਼ਾਹੀ ਕਰੈ ਨ ਥਾਪ।
ਆਪ ਚਤੁਰ ਓਇ ਆਪੇ ਚੋਰ। ਹੈ ਬੰਦੇ ਮੇਂ ਸਭ ਉਨ ਜੋਰ।੪।

ਦੋਹਰਾ: ਅਬ ਨੰਦ ਲਾਲ ਭਿਜਾਇਕੈ ਅਖਵਾਵੋ ਦੁਇ ਬਾਤ।
ਕਹੇ ਬੰਦੇ ਪੈ ਨਹਿੰ ਰਹੈ ਜਿਤਨੀ ਹੈ ਕਰਮਾਤਿ।੫।

ਚੌਪਈ: ਔਰ ਜੁ ਤੁਮਰੇ ਸਿੰਘ ਮਜੂਦ। ਨਹਿੰ ਬੰਦੇ ਕੇ ਰਹੈਂ ਮਜੂਦ।
ਹੈ ਜੁ ਲੜਾਈ ਬੰਦੇ ਪਾਸ। ਸੋ ਸਭ ਤੁਮਰੇ ਸਿੰਘਨ ਖਾਸ'।੬।
ਤਬ ਮਾਤਾ ਨੇ ਇਮ ਹੀ ਭਾਖੀ। 'ਬੰਦੇ ਨ ਮਾਨੀ ਹਮਰੀ ਆਖੀ!
ਕਰਾਮਾਤ ਬੰਦਯੋਂ ਤਜ ਜਾਇ। ਰਹੈ ਖਾਲਸੋ ਹਮਰੇ ਆਇ'।੭।

Sri Satguru Jagjit Singh Ji eLibrary NamdhariElibrary@gmail.com

ਜੋ ਮਾਤਾ ਖਾਲਸੈ ਲਿਖ ਪਠਈ। ਖਾਲਸੈ ਸੀਸ ਸੋਊ ਧਰ ਲਈ।
ਬੰਦਾ ਰਖਤ ਥੋ ਖਾਲਸੈ ਕੋ ਤੰਗ। ਸੁਨ ਬਚ ਮਾਤ ਖਾਲਸੇ ਲਗਯੋ ਰੰਗ।੮।
ਤਬ ਖਾਲਸੇ ਇਮ ਮਾਤ ਉਚਾਰਾ। 'ਕਿਮ ਕਰ ਹੋਵਗ ਹਮੈ ਗੁਜਾਰਾ?'
ਕਹਯੋ ਮਾਤਾ ਨੇ 'ਚੜ੍ਹਾਵੈ ਖਾਵੋ। ਪਟਨੇ ਤੇ ਅਬ ਇਹਾਂ ਮੰਗਾਵੋ।੯।
ਤੋਸ਼ੇ ਖਾਨੇ ਲੈ ਜਾਓ ਸੱਭ'। ਸਭ ਗੁਰਦੁਆਰੇ ਸੌਂਪ ਦਏ ਤਬ।
'ਸੋਕੋਇ ਦਿਨ ਇਮ ਸਰਬ ਲਿਖਯੋ। ਫਿਰ ਗੁਰ ਖਚਨੀ ਪਤਿਸ਼ਾਹੀ ਪਾਯੋ।੧੦।
ਬਿਨ ਸਿੰਘਨ ਹਮ ਪਜਾਰੋ ਨ ਕੋਈ। ਪੁੱਤ ਹਮਾਰੇ ਸਿੰਘ ਸੁ ਹੋਈ।
ਦਾਵਾ ਹਮਰਾ ਸਿੰਘਨ ਤਾਂਈਂ। ਸਿੰਘ ਹੀ ਪੈਨਹਿਂ ਸਿੰਘ ਹੀ ਖਾਹੀਂ'।੧੧।

ਦੋਹਰਾ: ਤਬੈ ਖਾਲਸੇ ਫਿਰ ਕਹੀ ਮਾਤਾ ਪੈ ਅਰਦਾਸ।
'ਲੂਟੇ ਔ ਕੂਟੇ ਬਿਨਾਂ ਕਿਮ ਖਾਲਸੈ ਹੋਗ ਪ੍ਰਗਾਸ?'।੧੨।

ਚੌਪਈ: ਤਬੈ ਮਾਤਾ ਫਿਰ ਤਿਨਸੋਂ ਕਹਯੋ। 'ਜਿਮ ਬਨਿ ਆਵੈ ਤਿਮ ਫਿਰ ਬਨਯੋ।
ਅਬ ਬੰਦੈ ਕੋ ਦੇਖੋ ਤਾਨ। ਬੰਦਾ ਭਯੋ ਹਮ ਤੇ ਬੇਈਮਾਨ।੧੩।
ਦੇਨਦਾਰ ਹਮ ਤੁਰਕਨ ਨਾਹੀਂ। ਲੈਣਦਾਰ ਬੈਠੇ ਇਨ ਪਾਹੀ।
ਜਿਮ ਹਮ ਬਡਿਅਨ ਸੀਸ ਚਢਾਯੋ। ਹਮ ਭੀ ਤੁਰਕਨ ਸਿਰ ਚਹੈਂ ਲਾਯੋ।੧੪।

ਦੋਹਰਾ: ਬੰਦੈ ਕੋ ਖਿਜਮਤ ਦਈ ਦਈ ਪਤਿਸ਼ਾਹੀ ਨਾਹਿ।
ਦਈ ਪਤਿਸ਼ਾਹੀ ਪੰਥ ਨਿਜ ਆਪ ਸਚੇ ਪਤਿਸ਼ਾਹਿ'।੧੫।

ਚੌਪਈ: ਜਬ ਮਾਤਾ ਸਰਾਪ ਕਰ ਦੀਆ। ਬਜਾਕੁਲ ਬੰਦਾ ਤਿਸ ਦਿਨ ਤੇ ਥੀਆ।
ਮੰਡੀ ਤੇ ਇੱਕ ਰੰਡੀ ਮੰਗਾਈ। ਨਾਲ ਆਪਨੇ ਸੋ ਪਰਨਾਈ।੧੬।
ਬੰਦੇ* ਥੇ ਦੁਇ ਕਰੇ ਬਿਆਹੁ। ਤੌ ਬੰਦੇ ਜਤ ਲਯੋ ਗਵਾਇ।
ਸਿਰੜ ਕਰੈ ਔ ਸੀਸ ਹਿਲਾਵੈ। ਮੁਹੋਂ ਬਕੈ ਕਛੁ ਸਮਝ ਨ ਆਵੈ।੧੭।
ਇਮ ਬੰਦੇ ਕੀ ਅਕਲ ਬਿਕਾਈ। ਸਿੰਘਨ ਸੇਤੀ ਬਾਦ ਕਰਾਈ।
'ਮੇਰੋ ਹੈ ਪਤਿਸ਼ਾਹੀ ਦਾਵਾ। ਮੈਂ ਰਾਖੋਂ ਤੁਮ ਚਾਕਰ ਭਾਵਾ।੧੮।
ਮੈਂ ਅਬ ਤਖਤ ਸੁ ਬਹੌਂ ਲਹੌਰ। ਦਯੋਂ ਚਾਕਰੀ ਤੁਮ ਅਪਨੀ ਤੌਰ'।
ਯਹਿ ਸੁਨ ਖਾਲਸੇ ਲੱਗੀ ਆਗ। ਜਨ ਸੂਤੋ ਸ਼ੇਰ ਸੁ ਭਯੋ ਜਾਗ।੧੯।

ਦੋਹਰਾ: ਸਤਿਗੁਰ ਖਾਲਸੈ ਬਚ ਹੁਤੋ ਹੰਨੇ ਹੰਨੇ ਹੋਨ ਮੀਰ।
ਬੰਦੈ ਬਚਨ ਸੁ ਯੌਂ ਲਗਾ ਜੈਸ ਕਾਲਜੇ ਤੀਰ।੨੦।

ਦੋਹਰਾ: ਬੰਦੇ ਕੇ ਦਾਮਨ ਤਬੈ ਬੰਦਾ ਦਯੋ ਭਰਮਾਇ।
'ਤੂੰ ਕਰਤਾ ਹਰਤਾ ਨਿਜੈ ਤੂੰ ਅਪਨੋਂ ਪੰਥ ਚਲਾਇ'।੨੧।

ਚੌਪਈ: ਤਬ ਬੰਦਾ ਭਰਯੋ ਬਹੁ ਹੰਕਾਰ। 'ਜੀਤਯੋ ਮੈਂ ਹੈ ਨੀਹਲ ਪਹਾਰ।
ਸੋਢੀਅਨ ਤੇ ਮੋ ਮੈਂ ਬਡ ਕਲਾ। ਕਯਾ ਜਾਣੋਂ ਕਿਮ ਮੰਜਾ ਨ ਹਲਾ'।੨੨।

---

੧. ਪਠਾਂਕੂ–ਚੰਬੇ

Sri Satguru Jagjit Singh Ji eLibrary NamdhariElibrary@gmail.com

ਜਿਮ ਨਿੰਦਕ ਉਸ ਬਾਤ ਸੁਨਾਵੈਂ। ਤਿਮ ਤਿਮ ਬੰਦਾ ਫੂਲਤਾ ਜਾਵੈ।
ਬੰਦੇ ਸਾਯਤ ਖੋਟੀ ਆਈ। ਕਰਨ ਲਗਯੋ ਖਾਲਸੈ ਖੁਟਿਆਈ।੨੩।
ਕਹਿ 'ਬਕਰੇ ਮੇਰੇ ਜਿਮ ਘਾਏ। ਤਿਮ ਇਨ ਕੇ ਦੇਊਂ ਸੀਸ ਕਟਾਏ'।
ਕਦੇ ਕਹੈ 'ਮੋਹਿ ਕਹੇ ਨ ਲਾਗੈਂ। ਦਯੋਂ ਸਜਾਇ ਇਨੇ ਬਡ ਆਗੈ'।੨੪।

ਦੋਹਰਾ: ਬਦੀਆਂ ਦੇਵਨ ਸੋ ਲਗਾ ਹੋਤਿ ਅਨਹੋਵਤ ਨਿੱਤ।
ਤਬੈ ਖਾਲਸੈ ਯੌ ਕਹਯੋ 'ਯਹ ਕਬ ਹਮਰੋ ਮਿੱਤ।੨੫।

ਚੌਪਈ: ਕਿਸੈ ਕਹੈ 'ਯਹ ਮਾਰਨ ਜੋਗ'। ਕਿਸੈ ਕਹੈ 'ਪੰਥ ਖੋਟੋ ਲੋਗ।
ਅਬ ਮੈਂ ਅਪਨੋ ਪੰਥ ਚਲਾਊਂ। ਪੰਥ ਖਾਲਸੇ ਦੂਰ ਕਰਾਊਂ'।੨੬।
ਕਦੇ ਕਹੈ 'ਮੈਂ ਤਖਤੇ ਬਹੌਂ। ਵਾਹਿਗੁਰੂ ਕੋ ਜਾਪ ਨ ਕਹੌਂ।
ਕਰੌਂ ਕੁਠਾਰੀ ਖਾਲਸੇ ਗਾਰੌਂ। ਗੁਰਦਾਸਪੁਰੇ ਇਨ ਅੰਦਰ ਵਾਰੌਂ।੨੭।
ਸਵਾ ਲੱਖ ਪੈ ਸੀਸ ਦਿਵਾਊਂ। ਮੈਂ ਇਸ ਜੋਗਨ ਖਪਰ ਭਰਾਉਂ।
ਸੀਸ ਸਿੰਘਨ ਕੇ ਕਾਲੀ ਅਘਾਊਂ। ਤਬ ਮੈਂ ਅਪਨੋ ਪੰਥ ਚਲਾਊਂ।੨੮।
ਬਿਨ ਕਾਲੀ ਕੇ ਖਪਰ ਭਰਾਏ। ਤਿਸਕੋ ਪੰਥ ਨ ਅਗੇ ਤੁਰਾਏ'।
ਬੰਦੇ ਨੀਤ ਜਬੈ ਫਿਟ ਗਈ। ਤਊ ਖਾਲਸੇ ਨੇ ਲਖ ਲਈ।੨੯।
'ਅਬ ਬੰਦਾ ਬਹੁ ਭਰਯੋ ਹੰਕਾਰ। ਅਯੋ ਨੇੜ ਇਸ ਮਰਨੇਵਾਰ।
ਕਰ ਆਯੋ ਥੋ ਹਜ਼ੂਰ ਕਰਾਰ। ਸੋਊ ਅਬ ਯਹਿ ਚਲਿਓ ਹਾਰ।
ਸੋ ਅਬ ਇਸਕੈ ਸਾਥ ਨ ਰਹੋ। ਹੁਇ ਨਜਾਰੇ ਗੁਰਦਰਬਾਰੇ ਬਹੋ'।੩੦।

ਦੋਹਰਾ: ਤਬ ਬੰਦੈ ਪੰਥ ਖੁਦ ਰਚਯੋ ਖਾਲਸੈ ਸੋਂ ਕਰ ਬਾਦ।
ਸਿੰਘਨ ਵੇਖ ਸੁ ਨਹਿੰ ਸਕੈ ਕਰੈ ਸੁ ਬਹੁਤ ਬਿਖਾਦ।੩੧।

ਚੌਪਈ: ਮੂਹੋ ਥੋ ਜੋ ਗੁਰੂ ਹਟਾਯੋ। ਸੋਊ ਜ਼ਿਦ ਕਰ ਉਨ ਪਹਿਰਾਯੋ।
ਵਾਹਿਗੁਰੂ ਕੀ ਫਤੈ ਹਟਾਈ। ਦਰਸ਼ਨ ਫਤੇ ਉਸ ਆਪ ਠਹਿਰਾਈ।੩੨।
ਨੀਲ ਪਹਰਨ ਤੇ ਦੂਰ ਕਰਾਯੋ। ਸਮਰਾ ਸੂਹਾ ਸੀਸ ਬੰਧਾਯੋ।
ਮਹਾਂ ਪ੍ਰਸ਼ਾਦ ਕੈ ਨੇੜ ਨ ਆਵੈ। ਧੋ ਕੇ ਲਕੜੀ ਚੌਂਕੇ ਪਾਵੈ।੩੩।
ਭੁਜੰਗਨ ਰੀਤਿ ਸੁ ਦਈ ਹਟਾਇ। ਵਖਤ ਭੀੜ ਮੈਂ ਜੋ ਥੀ ਸੁਖਦਾਇ।
ਵਖਤ ਕੁਵਖਤ ਥੋ ਗੁਰੂ ਖਿਚਾਰਜਾ। ਦੂਰਹਿ ਤੇ ਸੋ ਥੋ ਗੁਰੂ ਸੰਭਾਰਜਾ।੩੪।
ਭੀੜ ਭੁੱਖ ਉਨ ਸਿਰ ਨਹਿੰ ਜਾਨੀ। ਰਾਜਨੀਤ ਕੋ ਹੁਤੋ ਨ ਗਜਾਨੀ।
ਭੁੱਖ ਭੀੜ ਕੌ ਜਤਨ ਨ ਲਖਾ। ਪੰਥ ਕਰਨ ਚਹਯੋ ਉਨ ਸੁ ਵਖਾ।੩੫।

ਦੋਹਰਾ: ਸਤਿਗੁਰ ਖੂਬ ਬਿਚਾਰ ਥੀ ਕਰੀ ਸਰਬੰਗੀ ਰੀਤ।
ਚਾਰੋਂ ਬਰਨ ਮਿਲਾਇਕੈ ਕਰੀ ਪਾਂਚਵੀਂ ਰੀਤ।੩੬।
ਜੰਗ ਦੌੜ ਔ ਸੌੜ ਮੈਂ ਭੁੱਖ ਭੀੜ ਬਹੁ ਹੋਇ।
ਤਹਿੰ ਬਿਸ਼ਨੋਈ ਕਿਮ ਚਲੈ ਜਹਾਂ ਯੁਧਿ ਨਿਤ ਹੋਇ।੩੭।

Sri Satguru Jagjit Singh Ji eLibrary NamdhariElibrary@gmail.com

ਚੌਪਈ: ਬੰਦੈ ਕਹਜੋ 'ਹਮ ਆਪੇ ਗੁਰੂ। ਹਮਰੈ ਮਗਰ ਸਭੀ ਲਗ ਤੁਰੂ।
ਹਮ ਤੁਮਰੇ ਗੁਰ ਸੁਤਨ ਬੇਰ ਲੀਆ। ਹਮਹੀ ਤੁਮਕੌ ਖਾਲਸੋ ਕੀਆ।੩੮।
ਹਮ ਨੈ ਤੁਮ ਕੋ ਮੁਲਕ ਮੱਲ ਦੀਯਾ। ਹਮ ਨੈ ਤੁਮ ਕੌ ਰਾਜੈ ਕੀਯਾ'।
ਖਾਲਸੋ ਕਹਜੋ 'ਹਮ ਪੂਤ ਪਰਾਯਾ। ਤੂੰ ਹਮਰੋ थੋ ਬਨਿਓਂ ਦਾਯਾ।੩੯।
ਕਜਾ ਹੋਯਾ ਤੈ ਹਮੈਂ ਖਿਲਾਯਾ। ਹਮ ਪਿਤ ਤੂੰ ਖਿਜਮਤਗਾਰ ਲਾਯਾ।
ਨਿਜ ਪਿਤ ਲੇਵੈ ਸੁਤਹਿ ਸੰਭਾਲ। ਤੈਂ ਮੂੰਹ ਭਰਾਯੋ ਲਾਲਨ ਨਾਲ।੪੦।
ਕ੍ਰਿਸ਼ਨ ਪਲਜੋ ਥੋ ਗੋਪਨ ਮਾਂਹਿ। ਹੁਇ ਸਜਾਨੋ ਮਿਲਿਓ ਪਿਤ ਆਇ।
ਕਾਕ ਘਰ ਦੇਵੈ ਕੋਇਲ ਆਂਡੇ। ਅਪਨੀ ਕੁਲ ਕਬ ਦੇਵੈ ਛਾਡੇ'।੪੧।
ਤਬ ਖਾਲਸੈ ਨੇ ਮਤੋ ਮਤਾਯਾ। 'ਯਾ ਕੌ ਮਰਨ ਨਿਕਟ ਹੈ ਆਯਾ'।
ਜੁਦੋ ਦੇਸ਼ ਸਿੰਘ ਮੱਲਨ ਡਹੇ। ਆਪਸ ਮੈਂ ਇਮ ਪਰ ਗਈ ਖਹੇ।੪੨।
ਲੱਭੈ ਖਾਲਸੇ ਕੋ ਜੋ ਬੰਦਈ। ਮਾਰ ਕੂਟ ਉਸ ਲੇਹਿਂ ਖੁਹਈ।
ਬੰਦਈਅਨ ਕੋ ਭੀ ਖਾਲਸੋ ਹਥ ਆਵੈ। ਵੈ ਭੀ ਖਾਲਸੈ ਮਾਰ ਗਿਰਾਵੈਂ।੪੩।
ਤਬ ਖ਼ਾਲਸੋ ਉਠ ਲੁੱਟਨ ਡਹਿਆ। ਬੰਦੇ ਮਨੈਂ ਕੀਆ ਨਹਿਂ ਰਹਿਆ।
ਜਿਧਰ ਜਾਇ ਆਪ ਲਜਾਵੈਂ ਲੂਟ। ਦੇਨ ਨ ਕਰਨ ਬੰਦਈਅਨ ਛੂਟ।੪੪।
ਬੰਦਈਅਨ ਸਿੰਘਨ ਪਰ ਗਜੋ ਬੈਰ। ਲਰੀ ਚਲਨ ਇਨ ਮੈਂ ਸ਼ਮਸ਼ੇਰ।
ਸਿੰਘ ਨ ਉਨਕਾ ਕਰੈਂ ਬਿਸਾਹ। ਰਹੈਂ ਸੁਚੇਤ ਸੁ ਆਪਸ ਮਾਂਹਿ।੪੫।

ਦੋਹਰਾ: ਤਬੈ ਖਾਲਸੋ ਕੂਚ ਕਰ ਉਤਰਜੋ ਗੁਰ ਚਕ ਪਾਸ।
'ਬੇਸਾਹਿ ਨ ਕਰਨੋ ਕਬਿ ਬੰਦੈ' ਇਮ ਕਰ ਲੀ ਅਰਦਾਸ।੪੬।

ਚੌਪਈ: ਤਬ ਬੰਦੈ ਨੇ ਯੌ ਚਿਤ ਠਯੋ। 'ਭਲੋ ਭਯੋ ਹਮ ਸੰਗ ਛੁਟ ਗਯੋ।
ਅਬ ਹਮ ਚਲ ਮਲ ਲਹੈਂ ਲਹੌਰ। ਨਹਿਂ ਛਡਹੈਂ ਕਸ਼ਮੀਰ ਪਸ਼ੌਰ।੪੭।
ਹਮ ਨੈ ਰਾਜੇ ਸਿੰਘ ਬਨਾਏ। ਏਹ ਹਮ ਬਿਨ ਗਿਰ ਬਹਿਂ ਇਕ ਥਾਏ।
ਹਮ ਬਿਨ ਤੁਰਕ ਲੈਹੈਂ ਇਨ ਮਾਰ। ਹਮੈਂ ਆਇ ਮਿਲਹੈਂ ਹੁਇ ਖ੍ਵਾਰ।੪੮।
ਹਮ ਬਿਨ ਸਰੈ ਨ ਕੌਡੀ ਕਾਮ। ਆਇ ਪਰੈਂਗੇ ਹਮਰੀ ਸਾਮ।
ਹਮ ਪੈ ਬੀਰ ਆਹਿਂ ਦੋਇ ਪੂਰੇ। ਰਿਧਿ ਸਿਧਿ ਹਮ ਰਹੈ ਹਜ਼ੂਰੇ।੪੯।
ਹਮ ਕੋ ਕਾਨ ਕਿਸੇ ਕੀ ਨਾਹਿ। ਹਮ ਪ੍ਰਤਾਪ ਥੋ ਸਿੰਘਨ ਪਾਹਿ।
ਹਮ ਬਿਨ ਤੁਰਕ ਦੇਤ ਪੰਥਹ ਗਾਰ'। ਇਮ ਬੰਦੈ ਦ੍ਰਿੜ੍ਹਾਈ ਦਾਸਨ ਕਾਰ।੫੦।

੭੭. [ਬੰਦੇ ਨੂੰ ਤੱਤ ਖਾਲਸੇ ਨੇ ਹਾਰ ਦਿੱਤੀ]

ਦੋਹਰਾ: ਬੰਦੇ ਕੈ ਦਾਸਨ ਕਰੀ ਬੰਦੈ ਸੋਂ ਅਰਦਾਸ।
'ਮੱਲੋ ਚੱਲ ਲਹੌਰ ਅਬ ਕਰੋ ਪਤਿਸ਼ਾਹੀ ਆਸ।੫੧।

ਚੌਪਈ: ਹਮ ਪਹਿਲੋਂ ਸਿੰਘ ਲੇਵੇਂ ਮੱਲ। ਲੈਨ ਹੋਗ ਫਿਰ ਔਖੀ ਗੱਲ'।
ਗੁਰਦਾਸਪੁਰਜੋਂ ਉਠ ਬੰਦਾ ਤੁਰਜਾ। ਅੰਮ੍ਰਿਤਸਰ ਲੰਘ ਅਗੈ ਉਤਰਜਾ।੫੨।

Sri Satguru Jagjit Singh Ji eLibrary NamdhariElibrary@gmail.com

ਪਿੰਡ ਖੋਹਾਲੀ ਡੇਰਾ ਕੀਯਾ। ਫਿਰਿ ਆਗੈ ਵਣੀਏਂ ਕੀ ਥੀਯਾ।
ਤਬ ਬੰਦਾ ਮਨ ਮੈਂ ਗਰਖਾਯਾ। 'ਭਲਾ ਭਯੋ ਗੈਲੋਂ ਖਾਲਸਾ ਲਾਹਜਾ।੫੩।
ਵੈ ਕਥਿ ਤਖਤੈ ਹਮ ਚੜ੍ਹਨ ਦੇਤੇ। ਜੰਗ ਕਰਤ ਹਮ ਤਖਤੇ ਬਹਿਤੇ'।
ਸਿੰਘ ਕਹੈਂ 'ਦੇਖੋ ਬੰਦੇ ਤਾਣ। ਹੋਊ ਖਾਲਸੇ ਬਿਨ ਪਸ਼ੇਮਾਨ।੫੪।
ਜੌ ਖਾਲਸੇ ਮੈਂ ਹੈ ਬਡ ਕਲਾ। ਤੁਰਕਨ ਤੇ ਸੋ ਆਵਗੁ ਚਲਾ।
ਜੌ ਹਮ ਗੁਰ ਪਤਿਸ਼ਾਹੀ ਦੇਣੀ। ਜਾਗ ਬੰਦੈ ਕੀ ਗੁਲ ਹੋਗੁ ਪੈਣੀ'।੫੫।

ਦੋਹਰਾ: ਤੁਰਕਨ ਭੀ ਖਬਰੋ ਭਈ 'ਸਿੰਘ ਬੰਦਜੋਂ ਹੋ ਗਏ ਦੂਰ।
ਕਰਾਮਾਤ ਬੰਦਜੋਂ ਗਈ ਭਯੋ ਮਾਤਾ ਬਚਨ ਜ਼ਰੂਰ'।੫੬।

ਚੌਪਈ: ਤੁਰਕਨ ਕੈ ਘਰ ਭਈ ਬਧਾਈ। ਭੇਜੇ ਬਕੀਲ ਸਿੰਘਨ ਕੇ ਪਾਹੀ।
'ਹਮ ਤੁਮ ਹੈਂ ਗੁਰ ਨਾਨਕ ਸਿੱਖ। ਜਿਮ ਹੈਂ ਤੁਮਰੇ ਬਡ ਗਏ ਲਿਖ।੫੭।
ਬਾਬੇ ਔ ਬਾਬਰ ਕੇ ਦੋਊ। ਆਪ ਕੀਏ ਪਰਮੇਸ਼ੁਰ ਸੋਊ।
ਬੰਦੋ ਪੂਜਕ ਪੱਥਰਨ ਵਾਰੋ। ਹਮ ਤੁਮ ਪੱਥਰਨ ਤੋੜਨ ਹਾਰੋ।੫੮।

ਯਥਾ ਸ੍ਰੀ ਮੁਖ ਵਾਕ–

ਮਨਮ ਕੁਸ਼ਤਨਮ ਕੋਹੀਆਂ ਬੁਤ ਪਰਸਤ।
ਕਿ ਓ ਬੁਤ ਪਰਸਤੰਦੋ ਮਨ ਬੁਤ ਸ਼ਿਕਸਤ।੧।

ਚੌਪਈ: ਸਿੰਘਨ ਪੈਸੇ ਟਕੇ ਲਿਆਏ। ਤੇ ਲੈ ਸਿੰਘਨ ਔਰ ਠਹਿਰਾਏ।
ਅਸਲਮ ਖਾਂ ਥੋ ਲਹੌਰ ਨਿਬਾਬ। ਕਾਹਨ ਸਿੰਘ ਕੇ ਭਏ ਥੇ ਤਾਬ।੫੯।

ਦੋਹਰਾ: ਕਾਹਨ ਸਿੰਘ ਔ ਬਚਨ ਸਿੰਘ ਬਾਬੇ ਟਿਹਨ ਭੁਜੰਗ।
ਦਯਾ ਰਾਮ ਮੱਲੋ ਹੁਤੋ ਜੋ ਲੜਯੋ ਭੰਗਾਣੀ ਜੰਗ।੬੦।

ਚੌਪਈ: ਮੀਰੀ ਸੁਤ ਕਾਹਨ ਸਿੰਘ ਕੋ ਜੋਊ। ਸਾਥ ਬੰਦਈਅਨ ਘੁਲਿਓ ਥੋਊ।
ਹਜੂਰ ਸਤਿਗੁਰ ਵੈਰਹਿਤੋ ਥਈ। ਖੰਡੇ ਪਾਹੁਲ ਨਿਜ ਹਜ਼ੂਰਹਿਂ ਦਈ।੬੧।
ਨੀਲ ਬਸਤ੍ਰ ਰਖ ਚੱਕ੍ਰ ਸਿਰ ਧਾਰੈ। ਮੀਣੇ ਮਸੰਦੀਏ ਤਜੇ ਬੇਟੀ ਜੋ ਮਾਰੈ।
ਰਮਰਈਯੇ ਕੈ ਬ੍ਰਤੈ ਨ ਸੰਗ। ਮਾਰ ਬੰਦਈਅਨ ਵੈ ਕਰੈ ਤੰਗ।੬੨।
ਔਰ ਰਹਿਤ ਜੋ ਸਤਿਗੁਰ ਕਹੀ। ਉਸੀ ਰਹਿਤ ਸੋਂ ਰਹਿਤਾ ਵਹੀ।
ਪ੍ਰਿਥਮ ਬੰਦੇ ਤੇ ਲਰ ਭਏ ਨਜਾਰੇ। ਪੰਜ ਸੈ ਸਿੰਘ ਉਸਗਜੋ ਥੋ ਨਾਰੇ।੬੩।
ਉਨ ਤੁਰਕਨ ਸੋਂ ਲਈ ਬਨਾਇ। ਟਲਯੋ ਆਪ ਸੋਰਾ ਤੁਰਕਨ ਜਾਇ।
ਔਰ ਖਾਲਸੋ ਅੰਮ੍ਰਿਤਸਰ ਬਹਯੋ। ਤੱਤ ਖਾਲਸੋ ਜੋਊ ਕਹਯੋ।੬੪।
ਕਾਨ੍ਹ ਸਿੰਘ ਕੇ ਲੱਗੇ ਤੁਰਕ ਸਲਾਹਿ। ਢਿਮ ਢਾਣੀ ਉਨ ਲਈ ਬਨਾਇ।
ਲਹੌਰ ਬਾਹਰ ਤਿਨ ਡੇਰੋ ਪ੍ਰਾਯੋ। ਤੋਪ ਜੰਬੂਰਨ ਅਟੈ ਖੜਾਯੋ।੬੫।

ਦੋਹਰਾ: ਬੰਦੋ ਚਾਮਲ ਥੋ ਚੜਯੋ ਪੜਯੋ ਉਨ੍ਹੈਂ ਪਰ ਧਾਇ।
ਅਰਜੋਂ ਸ਼ਲਕੈਂ ਉਨ ਛਡੀਂ ਭਯੋ ਬੰਦੈ ਪੈਰ ਮੁੜਾਇ।੬੬।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਬੰਦੋ ਰਹਯੋ ਜਤਨ ਕਰਾਇ। ਬੰਦਈਅਨ ਲਲਕਾਰ ਅਰ ਬੀਰਨ ਬੁਲਾਇ।
ਟਿਕੀ ਨ ਫੌਜ ਪਿੱਛੈ ਮੁੜ ਧਈ। ਐਸ ਕਲਾ ਸਤਿਗੁਰ ਕੀ ਭਈ।੬੭।
ਜਹਿਂ ਤੇ ਚੜੀ ਤਹਾਂ ਮੁੜ ਪਈ। ਐਸੀ ਬੰਦਈਓਂ ਸੱਤਜਾ ਗਈ।
ਤਹਿਂ ਭੀ ਉਨਕੇ ਲਗੇ ਨ ਪੈਰ। ਕਰੀ ਨ ਤੁਰਕਨ ਕੁਛ ਉਨ ਗੈਰ।੬੮।
ਨਿਕਲ ਗਯੋ ਯੌਂ ਬੰਦੇ ਪੋਲ। ਬੰਦੇ ਰਹਯੋ ਨ ਫਿਰ ਵਹਿ ਤੋਲ।
ਬੰਦੈ ਜਾਣਯੋਂ ਸਤਿਗੁਰ ਭਾਣਾ। 'ਸਤਿਗੁਰ ਖਾਲਸੈ ਮੱਧ' ਪਛਾਣਾ।੬੯।
ਢਿਰਾ ਡੇਰਾ ਆ ਖਾਲਸੈ ਲਾਯਾ। ਪਾਸ ਖਾਲਸੋ ਆਖ ਘਲਾਯਾ।
'ਤੁਮ ਬਿਨ ਅਸੀਂ ਅਸਾਂ ਬਿਨ ਤੁਸੀਂ। ਬਚੈਂ ਨਹੀਂ ਯੌ ਹਮ ਦਿਲ ਖਸੀ'।੭੦।

ਦੋਹਰਾ: ਤੱਤ ਖਾਲਸੈ ਉਸ ਕਹਯੋ 'ਅਸੀਂ ਕਰੈਂ ਨ ਤੇਰੀ ਆਸ।
ਜੋ ਮਾਲਕ ਇਸ ਪੰਥ ਕਾ ਸੋ ਰਹੈ ਅਸਾਡੇ ਪਾਸ'।੭੧।

ਚੌਪਈ: ਕਹਯੋ ਖਾਲਸੇ 'ਤੂੰ ਬੇਮੁਖ ਭਯੋ। ਤੂੰ ਚਹੈਂ ਅਸਾਂ ਸੋਂ ਦਗੋ ਕਮਯੋ।
ਤੂੰ ਜੁ ਕਹੈਂ ਮੈਂ ਹੀ ਕਰਾਮਾਤੀ। ਸਤਿਗੁਰ ਸ਼ਕਤ ਨ ਨਿਜ ਬਿਚ ਜਾਤੀ।੭੨।

ਦੋਹਰਾ: ਜੈਸੇ ਰਵਿ ਕੇ ਤੇਜ ਤੇ ਬਾਰੂ ਅਤਿ ਤਪਤਾਇ।
ਰਵਿ ਬਲ ਛੁਦ੍ਰ ਨ ਜਾਨ ਹੀ ਆਪਨ ਹੀ ਗਰਖਾਇ।੭੩।

ਚੌਪਈ: ਆਪ ਕਹਾਵੈਂ ਤੂੰ ਕਲ ਧਾਰੀ। ਕਹਾਂ ਗਈ ਅਬ ਤੋ ਕਲ ਸਾਰੀ।
ਤੱਤ ਖਾਲਸੈ ਆਪ ਲੜਾਈ। ਸਤਿਗੁਰ ਤੇ ਮੰਗ ਕੈ ਗਲ ਪਾਈ।੭੪।
ਲੜਨੋਂ ਮਰਨੋਂ ਹਮ ਨ ਸੰਕਾਂਹੀਂ। ਬਿਨ ਲੜੇ ਮਰੇ ਕਿਮ ਮਿਲੈ ਪਤਿਸ਼ਾਹੀ।
ਜਾਨ ਬਾਜੀ ਖੇਡ ਖਾਲਸੋ ਖੇਡੈ। ਮਰੈ ਗਲੈ ਪਤਿਸ਼ਾਹੀ ਨ ਛੋਡੈ।੭੫।
ਹਮ ਤੁਮ ਬਾਤ ਬਨੈ ਅਬ ਕੈਸੇ। ਤੂੰ ਚਹਿਂ ਲਹੌਰ ਕੇ ਤਖਤੇ ਬੈਸੇ।
ਆਯੋ ਹੈ ਤੈਂ ਦਿਲ ਹੰਕਾਰ। ਅਬ ਆਈ ਤੈਂ ਮਰਨੇ ਵਾਰ'।੭੬।

ਦੋਹਰਾ: ਤਬਹਿ ਖਾਲਸੈ ਫਿਰ ਕਹਯੋ 'ਰਲ ਖਾਲਸੇ ਸੋਂ ਕਰ ਕਾਜ।
ਹਮ ਤੁਮਕੋ ਪਰਬਤ ਦੀਯੋ ਹੁਇ ਖਾਲਸੇ ਕਰ ਉਹਾਂ ਰਾਜ'।੭੭।
ਸਿੰਘ ਕਹੈਂ 'ਬਣ ਖਾਲਸੋ' ਸੋ ਕਹਿ 'ਧੈਮਨੋਂ ਪੰਥ ਚਲਵਾਹਿ'।
ਯੌਂ ਬੰਦੇ ਕੀ ਔ ਸਿੰਘ ਕੀ ਬਨੈ ਸੁ ਮੀਜੈ ਨਾਂਹਿ।੭੮।

ਚੌਪਈ: 'ਕਿਲੈ ਮੱਧ ਤੂੰ ਹਮੈਂ ਅੜਾਵੈਂ?। ਸ਼ੇਰਨ ਘੇਰ ਤੂੰ ਪਿੰਜਰੇ ਪਾਵੈਂ?
ਹਮ ਤੇ ਚਹੈਂ ਬਕਰਨ ਬੈਰ ਲੀਯਾ? ਹਮੈ ਚਹੈਂ ਚੰਡੀ ਭੇਟ ਕੀਯਾ?'।੭੯।

ਦੋਹਰਾ: ਬੰਦੋ ਚੜ੍ਹਕੈ ਤਬ ਗਯੋ ਗੁਰਦਾਸ ਪੁਰੇ ਕੇ ਰਾਹੁ।
ਅੰਮ੍ਰਿਤਸਰ ਖਾਲਸੋ ਬਹਯੋ ਸਤਿਗੁਰ ਓਟ ਤਕਾਹੁ।੮੦।
ਜਬ ਸਭ ਗਲ ਤਿਨ ਥੀ ਸੁਨੀ ਫੱਰੁਖਸੀਅਰ ਪਤਿਸ਼ਾਹਿ।
ਲਹੌਰ ਬਚਾਈ ਫੂਟ ਸਿੰਘਨ ਬੰਦਾ ਦਯੋ ਭਜਾਇ।੮੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਯੌ ਸੁਨ ਦਿਲ ਸ਼ਾਹਿ ਸ਼ਾਦੀ ਆਈ। ਬੰਦੇ ਖ਼ੌਫ ਸੁ ਗਯੋ ਪਰਾਈ।
ਕਹਯੋ ਸ਼ਾਹਿ 'ਲੋਹਿ ਲੋਹੈ ਕਟਾਯੋ। ਉਨ ਰਖੋ ਸਿੰਘਨ ਕਿਮ ਅਪਨ ਬਨਾਯੋ'।੯੨।
ਦਯੋ ਨਿਗਾਰੋ ਨਿਸ਼ਾਨ ਘਲਾਇ। ਲਿਖਯੋ ਦਿਲਾਸੋ ਬਹੁ ਬਾਤ ਬਨਾਇ।
'ਜੋ ਬੰਦੈ ਤੇ ਮੁਲਕ ਛੁਡਾਇ। ਸੋ ਦਯੋਂ ਤੁਮੈਂ ਜਗੀਰਹਿ ਲਾਇ'।੯੩।

੭੯. [ਤੁਰਕਾਂ ਦੀ ਤੱਤ ਖਾਲਸੇ ਨਾਲ ਮੇਲ ਦੀ ਕੋਸ਼ਸ਼ ਤੇ ਬੰਦੇ ਦੀ ਚੜ੍ਹਾਈ]

ਚੌਪਈ: ਸ਼ਾਹੁ ਕਹੈ 'ਮਾਤਾ ਨੇ ਬਚਾਯੋ। ਬੰਦਯੋਂ ਖਾਲਸੋ ਜੁਦਾ ਕਰਾਯੋ।
ਔ ਜੁ ਦਯੋ ਜਿਮ ਬੰਦੈ ਸ੍ਰਾਪ। ਤੇਊ ਗਯੋ ਬੰਦਯੋਂ ਪਰਤਾਪ।੧।
ਭੇਜੋ ਔਰ ਪਤਿਸ਼ਾਹੀ ਫੌਜ। ਮਾਰੋ ਬੰਦੈ ਅਬ ਕਰ ਮੌਜ'।
ਬਜ਼ੀਰ ਕਹੀ 'ਕੋਊ ਭੇਜੋ ਸਜਾਣੇ। ਕਰੈਂ ਜੋ ਛਲਬਲ ਮਤਲਬ ਪਛਾਣੇ।੨।
ਅਗੈ ਬੰਦੋ ਹੈ ਬੁਰੀ ਬਲਾਇ। ਲੜ ਕਰ ਫੌਜ ਨ ਲਯੋ ਮਰਵਾਇ।
ਸਿੰਘਨ ਸੌਂ ਭੀ ਤੁਟੈ ਨ ਜਾਈ। ਸੱਚ ਝੂਠ ਸੌਂ ਕਰੈਂ ਸਿੰਘਨਿ ਧਿਜਾਈ।੩।
ਅੱਗਯੋਂ ਬਿਗਰ ਸਿੰਘ ਜੇ ਪਾਹਿਂ। ਆਪ ਉਨ੍ਹੈਂ ਸੋ ਬਿਗਰੈ ਨਾਂਹਿ।
ਦਿਓ ਟਕੈ ਔ ਰਖੋ ਉਨ ਪਾੜ। ਮਤ ਫਿਰ ਸਿੰਘ ਰਲੈਂ ਉਨ ਨਾਰ'।੪।

ਦੋਹਰਾ: ਸੱਦਯੋ ਬਹੁਤ ਬਿਚਾਰਿ ਕੈ ਕਸੂਰੀਆ ਹਿੰਮਤ ਖਾਨ।
ਬੰਦੈ ਮਾਰਨ ਕੋ ਕਹਯੋ ਕਰ ਲਖ ਕਸਮ ਕੁਰਾਨ।੫।

ਚੌਪਈ: ਫਰੁਖਸੀਅਰ ਉਸ ਯੌਂ ਸਮਝਾਯੋ। 'ਜਿਮ ਤਿਮ ਬੰਦੈ ਮਾਰ ਗਵਾਯੋ'।
ਬਹੁ ਸਮਝਾਯੋ ਬਾਰਹ ਬਾਰ। 'ਕਸਮ ਕਰਯੋ ਤੁਮ ਕਈ ਹਜ਼ਾਰ।੬।
ਬਾਹਿ ਡੁਬਾਈਅਹਿ ਤੇਲਹ ਮਾਹਿ। ਜਿਤਨੇ ਤਿਲ ਉਸ ਸੰਗ ਲਗਾਹਿਂ।
ਇਤੀ ਕਸਮ ਕਰ ਹਿੰਦੂ ਮਰਈਏ। ਤੌ ਭੀ ਕਸਮਨ ਤੇ ਨ ਡਰਈਏ।੭।
ਹਿੰਦੂ ਕਸਮਨ ਪਰ ਜਾਵੈਂ ਭੁੱਲ। ਮਰੈਂ ਸ਼ਿਤਾਬ ਹਿੰਦੂ ਇਤ ਗੱਲ।
ਸਿੰਘਨ ਪੈ ਭੀ ਵਕੀਲ ਘਲਾਯੋ। ਦੇਨ ਲੈਨ ਕਰ ਉਨ੍ਹੈਂ ਧਿਜਾਯੋ।੮।
ਤੁਮ ਸਿਖ ਜਿਸਕੈ ਕਹਯੋ ਹਮ ਸਿੱਖ। ਗੁਰ ਪਤਨੀ ਹਮ ਸੇਵੈਂ ਨਿੱਤ।
ਤਿਸ ਕੌ ਹਮ ਅਬ ਦੇ ਬਡ ਦੇਸ਼। ਰਹਯੋ ਸੁਖਾਲੇ ਕਰ ਗੁਰ ਭੇਸ'।੯।

ਦੋਹਰਾ: ਐਸੀ ਐਸੀ ਬਾਤ ਦਸ ਭੇਜਯੋ ਤਰਫ ਲਹੌਰ।
ਸੋਊ ਜੁਗਤਿ ਤਿਨ ਆ ਕਰੀ ਕਹੂੰ ਸੁ ਆਰੈ ਤੌਰ।੧੦।

ਚੌਪਈ: ਪ੍ਰਿਥਮ ਸਿੰਘਨ ਕੋ ਦਯੋ ਦਿਲਾਸਾ। ਭੇਜਯੋ ਸਿੰਘਨ ਪੈ ਵਕੀਲ ਕਰ ਖਾਸਾ।
'ਤੁਮ ਹਮ ਤੇ ਅਬ ਟੋਜ ਬੰਧਾਯੋ। ਬੈਠ ਅੰਮ੍ਰਿਤਸਰ ਸੁਖ ਸੌਂ ਖਾਯੋ।੧੧।
ਆਪ ਦੁੱਖ ਕਿਮ ਹਮੈਂ ਦੁਖਾਯੋ। ਮੁਲਕ ਚਹੌ ਤੌ ਮੁਲਕ ਦਿਵਾਯੋ।
ਖੇਤੀ ਕਰੋ ਸੁ ਮਾਫ ਲਿਖਾਯੋ। ਬਣਜ ਕਰੈ ਤਿਸ ਜ਼ਕਾਤ ਮਾਫ ਕਰਾਯੋ'।੧੨।
ਚਿੱਤੈਂ ਜਿਮ ਤੁਰਕ ਖਲ ਬਲ ਕਰੈਂ। ਮ੍ਰਿਗ ਜਿਮ ਸਿੰਘਨ ਸੌਂ ਢਹਿਂ ਫਰੈਂ।
ਸਿੰਘ ਕਹੈਂ 'ਅਸੀਂ ਆਪੇ ਸ਼ੇਰ। ਤੁਰਕਨ ਗਲ ਲਗ ਹੋਹਿਂ ਨ ਘੇਰ'।੧੩।

Sri Satguru Jagjit Singh Ji eLibrary NamdhariElibrary@gmail.com

ਟਕੇ ਦਏਂ ਤੋ ਲੇ ਭੀ ਲੇਇਂ। ਇਕ ਥਾਂ ਡੇਰਾ ਤਊ ਨ ਕਰੇਇਂ।
ਸਿੰਘ ਨਿਤ ਡੇਰਾ ਕੂਚ ਰਖਾਹਿਂ ਇਮ ਕਰ ਤੁਰਕਨ ਹੱਥ ਨ ਆਹਿਂ।੧੪।

ਦੋਹਰਾ: ਸਿੰਘਨ ਕੌ ਉਨ ਜੋਹਿਕੈ ਸਿਖ ਲਯੋ ਬੰਦਈ ਬੁਲਾਇ।
ਦੇ ਲਾਲਚ ਕਿਛ ਤਾਸ ਕੋ ਸੋ ਲੀਨੋ ਭਰਮਾਇ।੧੫।

ਚੌਪਈ: ਤੁਰਕਨ ਬੰਦੇ ਪੈ ਘਲੇ ਵਕੀਲ। 'ਤੁਮਰੇ ਹੈਂ ਏਹ ਸਿੰਘ ਬਖੀਲ।
ਤੁਮ ਇਨਕੀ ਕਿਮ ਮਿੰਨਤ ਕਰੋ। ਤੁਰਕਨ ਤੇ ਅਬ ਤੁਮ ਕਿਮ ਡਰੋ?।੧੬।
ਸਿੰਘਨ ਕੇ ਤੈਂ ਕੰਮ ਸਵਾਰੇ। ਸਿੰਘ ਚਹੈਂ ਅਬ ਤੁਮ ਦੀਏ ਮਾਰੇ।
ਹਮ ਤੁਮ ਹੋਵਨ ਆਏ ਦਾਸ। ਲੈਕੇ ਟਕੇ ਆਵੈਂ ਤੁਹਿ ਪਾਸ'।੧੭।
ਯੌ ਬੰਦੇ ਕੌ ਬਾਤਨ ਲਾਯਾ। ਲਾਖ ਟਕਾ ਉਨ ਦੇਨ ਠਹਰਾਯਾ।
'ਮੁਰੀਦ ਹੋਨ ਤੁਮ ਨਿਬਾਬ ਚਹੈ ਆਯਾ'। ਇਮ ਕਰ ਤੁਰਕਨ ਲਯੋ ਪ੍ਰਚਾਯਾ।੧੮।
ਕਈ ਹਜ਼ਾਰ ਦਏ ਟਕੇ ਘਲਾਇ। ਬੰਦੋ ਲੀਨੋ ਬਾਉਲੀ ਲਾਇ।
ਬੰਦੇ ਕੀ ਤਬ ਅਕਲ ਬਿਕਾਈ। ਜਬ ਤੈ ਮਾਤਾ ਦਈ ਗਵਾਈ।੧੯।

ਦੋਹਰਾ: ਆਮ ਭੇਦ ਮਾਲੂਮ ਕਰ ਪਰਤੇ ਤੁਰਤ ਵਜ਼ੀਰ।
ਵਜੀਰ ਵਕੀਲ ਤਬ ਭੇਜਿਆ ਲਿਖ ਸਭ ਹੀ ਤਤਬੀਰ।੨੦।

ਚੌਪਈ: ਮੁੜ ਸੋ ਵਕੀਲ ਲਹੌਰਹਿ ਆਏ। ਦੋਊ ਵੱਲ ਕੋ ਭੇਦ ਬਤਾਏ।
ਨਿਬਾਬ ਕਹਯੋ 'ਅਬ ਬੰਦੇ ਮਾਰੋ। ਉਸ ਬਿਨ ਸਿੰਘ ਆਪ ਹੋਹਿਂ ਖ੍ਵਾਰੋ।੨੧।
ਬੰਦੈ ਊਪਰ ਕਰੀ ਦੜ੍ਹਾਈ। ਬਹੁਤ ਫੌਜ ਥੀ ਦਿਲੀਓਂ ਆਈ।
ਔ ਜੁ ਤੁਰਕ ਥੇ ਮੁਲਖੋਂ ਨਿਕਾਰੇ। ਕਸੂਰ ਲਹੌਰ ਆਇ ਬਹੇ ਥੇ ਸਾਰੇ।੨੨।
ਮੁਹਰੇ ਨਿਬਾਬ ਨੇ ਸਭ ਧਰ ਲਏ। ਡੋਗਰ ਥੱਟੂ ਔ ਭੱਟੀ ਮੰਗਏ।
ਦੀਨ ਦੀਨ ਕਰ ਸਭ ਰਲ ਤੁਰੇ। ਆਇ ਲਹੌਰ ਕੇ ਸੋ ਢਿਗ ਜੁਰੇ।੨੩।
ਕਾਜੀ ਮੁੱਲਾਂ ਸੱਯਦ ਘਨੇ। ਪੀਰ ਫਕੀਰ ਬਹੁ ਜਾਹਿਂ ਨ ਗਨੇ।
ਰਸਤ ਖਾਨ ਕੇ ਮੁਹਰੇ ਆਵੈਂ। ਮੁਹਰੈ ਤੁਰਨੋ ਪਿਛੈ ਲੁਕਾਵੈਂ।੨੪।

੭੯. [ਤੁਰਕਾਂ ਨੇ ਵਿਮਾਹ ਕੇ ਘੇਰਾ ਪਾਉਣਾ]

ਦੋਹਰਾ: ਰਲ ਲਹੌਰ ਡੇਰੇ ਕਰੇ ਅਗੈ ਤੁਰੈ ਕੋਊ ਨਾਹਿ।
ਕਹੈਂ ਸੁ ਬੰਦਾ ਆ ਪੜੈ ਕਰੂਗੁ ਸਭਨ ਫਨਾਹਿ।੧।

ਚੌਪਈ: ਸਭਨ ਅਗੈ ਤੇ ਆਵੈ ਸ਼ੀਂਹ ਆਨਿ। ਸਭ ਸੇ ਪਜਾਰੀ ਅਪਣੀ ਜਾਨ।
ਨਾਲ ਜਾਨ ਹੈ ਸੱਭ ਜਹਾਨ। ਜਾਨ ਨਾਲ ਹੈ ਦੀਨ ਇਮਾਨ।੨।

ਦੋਹਰਾ: ਜਾਨ ਪਿਆਰੀ ਸੱਭ ਤੇ ਜਾਨੇ ਨਾਲ ਜਹਾਨ।
ਅੱਗੇ ਬੰਦੇ ਜਮ ਦਿਸੈ ਪਿਛੈ ਮਾਰੇ ਸ਼ਾਹੁ ਜਾਨਿ।੩।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਨਿਬਾਬ ਯੌਂ ਕਰੀ ਸਲਾਹਿ। ਮੁਹਰੈ ਮੁਲਾਣੇ ਤੋਰੇ ਲਾਇ।
ਕਲਾਮ ਮਜੀਦਵੈ ਪੜ੍ਹਤੇ ਜਾਹਿੰ। ਡਾਰ ਕੂੰਜਨ ਜ਼ਿਮ ਪਾਂਤ ਬਣਾਹਿ।੪।
ਉਨ ਕੈ ਅੱਗੈ ਕਰੇ ਫਕੀਰ। ਓਇ ਭੀ ਕਰੈਂ ਸੁ ਅਪਨ ਤਤਬੀਰ।
ਢੋਲ ਬਜਾਇ ਔ ਧਮਾਲ ਸੁ ਪਾਵੈਂ। ਅਲੀ ਅਲੀ ਕਹਿ ਬਾਂਹ ਉਠਾਵੈਂ।੫।
ਨਿਬਾਬ ਗਿਰਦ ਕਰ ਰੱਖੈਂ ਪੀਰ। ਪੜ੍ਹੈਂ ਸੈਫੀਆਂ ਅਪਨ ਤਤਬੀਰ।
ਪੜ੍ਹ ਪੜ੍ਹ ਸੈਫੀਆਂ ਫੂਕਾਂ ਮਾਰੈਂ। ਰਹੈਂ ਪਹਿਰ ਅਠ ਨਿਬਾਬ ਦੁਵਾਰੇ।੬।
ਇਸੀ ਭਾਂਤ ਕਰ ਤੁਰਜੋ ਨਿਬਾਬ। ਡਰ ਨਿਜ ਜਾਨਜੋ ਯੌ ਕਰੈ ਬਾਬ।
ਕੋਈ ਕਹੈ 'ਮੈਂ ਸੋ ਬਿਧਿ ਜਾਣੋ। ਕਰੈ ਜੁ ਤੁਮਕੋ ਸੋ ਮੁੜ ਉਸ ਪਾਣੋ'।੭।

ਦੋਹਰਾ: ਕੋਊ ਕਹੈ 'ਉਸ ਬੀਰ ਜੋ ਸੋ ਮੈਂ ਕੀਨੇ ਕੈਦ'।
ਕੋਈ ਕਹੈ 'ਮੈਂ ਪੀਰ ਬਡ ਜਪੀਆ ਤਪੀਆ ਸੈਦ'।੮।

ਚੌਪਈ: ਯੌ ਕਹਿ ਕਹਿ ਸਭ ਰਿਜਕ ਲੇ ਖਾਹਿੰ। ਬੰਦੇ ਕੋ ਡਰ ਸੌਂ ਕਿਤੈ ਨ ਜਾਹਿੰ।
ਵਹਿ ਆਖੈਂ 'ਜਹਿੰ ਹੋਗ ਨਿਬਾਬ। ਆਊਗ ਆਪ ਸੁ ਊਹਾਂ ਤਾਬ'।੯।
ਕੋਊ ਕਹੈ 'ਉਸ ਪੈ ਹੈਂ ਬੀਰ'। ਕੋਊ ਕਹੈ 'ਉਸ ਗੁਰ ਦਏ ਤੀਰ।
ਵਹਿ ਭੀ ਨਾਨਕ ਕੋ ਘਰ ਭਾਰੀ। ਕਦੇ ਨ ਹੋਗਾ ਤੁਰਕਨ ਤੇ ਹਾਰੀ'।੧੦।
ਇਮ ਉਸ ਲੋਕ ਸੁ ਕਹਿਤੇ ਜਾਇੰ। ਜੋ ਜਿਹ ਆਵੈ ਮਨ ਹੀ ਮਾਂਹਿ।
ਫੇਰ ਨਿਬਾਬ ਨੇ ਘਲੇ ਵਕੀਲ। ਸਾਥ ਮਾਯਾ ਦਈ ਲਦਿ ਕੈ ਫੀਲ।੧੧।
ਤਬ ਬੰਦੈ ਕੇ ਦਾਮਨ ਕਹਜੋ। 'ਭਲੀ ਭਈ ਤੁਰਕ ਹਮ ਮਿਲ ਪਯੋ'।
ਵੈ ਮੂਰਖ ਇਮ ਸਮਝ ਨ ਕਈ। ਬਿੱਲੇ ਜਿਮ ਤੁਰਕ ਆਵਤ ਛਈ।੧੨।

ਦੋਹਰਾ: ਵਕੀਲ ਸੁ ਬੰਦੈ ਕੋ ਕਹਜੋ 'ਤੁਮ ਕਹਜੋ ਨਿਬਾਬ ਸਲਾਮ।
ਮੈਂ ਕਰਨੈ ਆਯੋ ਪੀਰ ਤੁਮ ਹੁਇ ਸਿਖ ਕਰੂੰ ਤੁਹਿ ਕਾਮ'।੧੩।

ਚੌਪਈ: ਫਿਰ ਵਕੀਲ ਬੰਦੇ ਸੌਂ ਕਹਜੋ। 'ਤੂੰ ਅਬ ਪੀਰ ਫਕੀਰ ਬਡ ਲਹਜੋ।
ਹਮ ਆਵੈਂ ਤੁਹਿ ਕਰਨ ਸਲਾਮ। ਤੂੰ ਇਕ ਥਾਂ ਅਬ ਰੱਖ ਮੁਕਾਮ।੧੪।
ਨਜਾਜ਼ ਆਪ ਤੁਹਿ ਘਲੀ ਪਤਿਸ਼ਾਹਿ। ਜਹਾਂ ਕਹੈਂ ਤਿਹ ਲਜਾਵੈਂ ਪਾਹਿ।
ਜਿਤਨੋ ਮੁਲਕ ਚਾਹੋ ਸੋ ਲੇਹੁ। ਕਰੋ ਉਗ੍ਰਾਹੀ ਮੁਲਕ ਬਸੇਹੁ।੧੫।
ਲੋਕ ਗਰੀਬਨ ਕਿਉਂ ਦੁਖ ਦੇਹੁ। ਉਨ ਸੁਖ ਦੇਹੁ ਆਪ ਸੁਖ ਲੇਹੁ।
ਕਹੈਂ ਤੁ ਖਾਲਸੇ ਹਮ ਕਢ ਦੇਵੈਂ। ਤੁਮ ਸੌਂ ਫਿਰ ਨਹਿੰ ਦੰਗੋ ਕਰੇਵੈਂ।੧੬।
ਜੇ ਵੈ ਤੁਮਰੈ ਚਰਨ ਆਇ ਪਰੈਂ। ਤੌ ਇਤ ਦੇਸ਼ ਮੰਗ ਗੁਜਰੈ ਕਰੈਂ।
ਕਈ ਹਜ਼ਾਰ ਹਮ ਲਜਾਏ ਕੁਰਾਨ। ਕਸਮ ਕਰਨ ਤੁਮਰੇ ਸੰਗ ਜਾਨ'।੧੭।

ਦੋਹਰਾ: ਐਸੀ ਐਸੀ ਬਾਤ ਕਰ ਭੇਜਜੋ ਬਹੁ ਸਮਝਾਇ।
ਬੰਦੈ ਕੇ ਜੋ ਸਿੱਖ ਹੁਤੇ ਸੋ ਲੀਨੇ ਭਰਮਾਇ।੧੮।

ਚੌਪਈ: ਉਨਤੇ ਬਾਤਾਂ ਬਹੁਤ ਕਹਾਈਆਂ। ਕਈਕ ਗੱਲਾਂ ਉਨ ਮਨੌਂ ਬਨਾਈਆਂ।
ਕਈ ਸੁਲਤਾਨੀ ਹਿੰਦੂ ਭ੍ਰਮਾਏ। ਬੰਦੇ ਹੋਣ ਸਿਖ ਆਖ ਘਲਾਏ।੧੯।

Sri Satguru Jagjit Singh Ji eLibrary NamdhariElibrary@gmail.com

ਕਹੈਂ 'ਡੇਰੋ ਹਮ ਕਿਸ ਵਲ ਲਾਵੈਂ?'। ਬੰਦਾ ਕਹੈ 'ਤੁਮ ਜਿੱਧਰ ਭਾਵੈ'।
ਐਸੀ ਤੌਰ ਸੇ ਬੰਦਾ ਭੁਲਾਯੋ। ਆਪ ਚੁਤਰਫੈ ਡੇਰਾ ਲਵਾਯੋ।੨੦।
ਐਸੀ ਐਸੀ ਬਾਤਨ ਲਾਏ। ਡੇਰਾ ਕੀਨਾ ਢਿਗ ਢਿਗ ਜਾਏ।
ਔਰ ਦਰਬ ਤਿਨ ਦਈ ਘਲਾਇ। ਆਟਾ ਦਾਣਾ ਕਿਛਕ ਦਿਵਾਇ।੨੧।
ਬੰਦੈ ਕਾ ਦਲ ਜਹਿਂ ਕਹੀਂ ਜਾਵੈ। ਉਤ ਵਲ ਤੁਰਕ ਨ ਕੋਈ ਧਾਵੈ।
ਬੰਦੈ ਕੈ ਕਰੇਂ ਤੱਦੀ ਲੋਕ। ਸੋ ਟਲ ਜਾਵੈ ਕਰ ਦਿਲ ਸ਼ੋਕ।੨੨।

੮੦. [ਤੁਰਕਾਂ ਨੇ ਘੇਰੇ ਵਿਚ ਬੰਦੇ ਨੂੰ ਤੰਗ ਕਰਨਾ]

ਦੋਹਰਾ: ਤੁਰਕਨ ਦਿਲ ਬਡ ਖੌਫ ਥੋ ਕਿਮ ਕਿਮ ਅਗੈ ਤੁਰਾਹਿਂ।
ਵਹਿ ਜਾਣੈਂ 'ਹਮ ਨਹਿਂ ਬਚੈਂ' ਥਰ ਥਰ ਰਿਦੈ ਕੰਪਾਹਿਂ।੧।

ਚੌਪਈ: ਅਗੈ ਸੁਨੋ ਬੰਦੇ ਕੀ ਬਾਤ। ਸਮਝਯੋ ਨ ਕੁਛ ਵਹਿ ਤੁਰਕਨ ਘਾਤ।
ਨਾਹਿ ਕਿਲੋ ਵਡ ਠਾਂਢੋ ਕਰਾ। ਨਾਂਹਿ ਜ਼ਖੀਰਾ ਉਸ ਬਹੁ ਭਰਾ।੨।
ਲਰਨ ਭਿਰਨ ਕਛੁ ਕੀਓ ਨ ਕਾਜ। ਹੁਤੋ ਫਕੀਰ ਕਰ ਜਾਣੈ ਕਜਾ ਰਾਜ।
ਕਹੈ 'ਤੁਰਕ ਮੋ ਤੇ ਗਏ ਹਾਰ; ਮਾਰ ਡਰੇ ਮੈਂ ਵਡੇ ਸਿਰਦਾਰ।੩।
ਮੇਰੇ ਮੈਂ ਇਨ ਲਖੀ ਕਰਾਮਾਤ। ਅਬ ਬੰਨ੍ਹ ਆਏ ਮੋ ਪੈ ਹਾਥ।
ਕਹਾਂ ਭਯੋ ਜੁ ਤੁਰਕ ਬਹੁ ਅਏ। ਕਿਆ ਭਯੋ ਜੁ ਸਿੰਘ ਨਠ ਗਏ।੪।
ਜੋ ਹਮ ਸੇ ਵੈ ਦਗਾ ਕਮਾਵੈਂ। ਏਕ ਘੜੀ ਮੈਂ ਸਬਹ ਹਿਰਾਵੈਂ।
ਇਨ ਕੇ ਸ਼ਮਤ੍ਰ ਇਨ ਪਰ ਪਾਂਹਿ। ਹਮਰੀ ਮੌਤ ਏਹੀ ਮਰ ਜਾਂਹਿ।੫।

ਦੋਹਰਾ: ਐਸੀ ਬੰਦੇ ਬਾਤ ਕਹਿ ਮਨ ਮੈਂ ਬਹੁ ਗਰਬਾਇ।
ਧੀਰੀ ਧੀਰੀ ਭਾਂਤ ਸੋਂ ਲਈ ਤੁਰਕਨ ਜੁਗਤ ਬਨਾਇ।੬।

ਚੌਪਈ: ਰਸਤ ਵੜਨ ਤੁਰਕਨ ਉਤਨੀਕੁ ਦੇਹਿ। ਜਿਤਨੀਕ ਨਿਤਪ੍ਰਤਿ ਖਾਇਵੈ ਲੈਹਿਂ।
ਚਾਰ ਤਰਫ ਉਨ ਡੇਰੇ ਲਾਏ; ਦੇ ਦੇ ਦਿਲਾਸੇ ਕੰਮ ਬਨਾਏ।੭।
ਝੂਠੀ ਬਾਤਨ ਬੰਦੋ ਲਾਯੋ। ਵਹੁ ਜਾਨੈ ਇਨ ਸੱਚ ਕਮਾਯੋ।
ਕਦੇ ਕਹੈਂ 'ਪਰਵਾਨੇ ਸ਼ਾਹ ਆਯਾ। ਤੁਮ ਕੋ ਮੁਲਕ ਪਹਾੜ ਲਿਖਾਯਾ।੮।
ਸਾਥ ਦੂਨ ਤੁਹਿ ਦਈ ਹੈ ਸਾਰੀ। ਜੰਮੂੰ ਲਾਕ ਔ ਲਾਕ ਹਰਿਦੁਵਾਰੀ।
ਔਰ ਕੋਊ ਲੇਹੁ ਜੋ ਲੋੜਿਓ। ਅਬ ਲੈ ਲਓ ਨ ਫਿਰ ਕੁਛ ਛੋੜਿਓ'।੯।

ਪ੍ਰਸ਼ਨ: ਜੋ ਕੋਊ ਆਖੈ ਪ੍ਰਸ਼ਨ ਯਹਿ ਥੋ ਬੰਦੋ ਸੋ ਜਾਨੀ ਜਾਨ।
ਦੋਹਰਾ ਅਬ ਤੁਰਕਨ ਕੋ ਛਲਨ ਕੋ ਕਰੀ ਕਿਮ ਨਾਹਿ ਪਛਾਨ?।੧੦।

ਉੱਤ੍ਰ: ਬੰਦੈ ਤੇ ਇਹ ਚੂਕ ਸੁ ਭਈ। ਪ੍ਰਿਥਮ ਸੁ ਮਾਤਾ ਗੁੱਸੇ ਕਈ।
ਚੌਪਾਈ ਦੂਜੇ ਲਯੋ ਉਨ ਜਤ ਗਵਾਇ। ਨਾਰਨ ਬਹੁ ਪਰਵਿਰਤਯੋ ਜਾਇ।੧੧।
ਤੀਜੇ ਬੀਰਨ ਵਿੱਦਯਾ ਗਈ। ਉੱਡਨ ਕੀ ਸ਼ਕਤੀ ਬੀ ਖਈ।
ਚੌਥੀ ਪੋਥੀ ਰਹੀ ਮੰਡੀ ਮਾਹਿ। ਸੁਧ ਸੈਨ ਕੋ ਸੌਂਪੀ ਵਾਹਿ।੧੨।

Sri Satguru Jagjit Singh Ji eLibrary NamdhariElibrary@gmail.com

ਪੰਜਮ ਸਤਿਗੁਰ ਨਿੰਦਜਾ ਕਰੀ। ਛੇਵੇਂ ਪੰਥ ਗੁਰ ਬਿਗੜ ਸੁ ਪਰੀ।
ਸਤਵੈਂ ਉਨ ਪੰਥ ਆਪ ਚਲਾਯੋ। ਅਠਵੈਂ ਬੇਟੀ ਉਸ ਤ੍ਰੀਯਾ ਦਬਾਯੋ।੧੩।
ਨੌਮੇਂ ਸਿੱਧੀ ਥੀ ਮੁਖਤ ਉਨ ਪਾਈ। ਦਸਮੈਂ ਬਹਜੋ ਵਹਿ ਛੋਡ ਕਮਾਈ।
ਮੁਖਤ ਨਿਆਮਤ ਮੁਖਤਹਿ ਜਾਏ। ਮਹਿੰਗ ਖਰੀਦੀ ਮਹਿੰਗ ਬਿਕਾਈ।੧੪।

ਦੋਹਰਾ: ਜੋ ਜਾਦੂ ਕੀ ਸਿੱਧ ਹੁਤੀ ਅਪਨੀ ਮਿਹਨਤ ਬਗੈਰ।
ਉਹ ਭੀ ਦਗੋ ਸੁ ਦੇਤ ਹੈ ਔਸੁਰ ਅੰਤਹਿ ਬੇਰ।੧੫।

ਚੌਪਈ: ਭਗਵਾਨ ਭਗਤੀ ਤੇ ਜੋ ਕੁਛ ਪਾਵੈ। ਸੋ ਤੌ ਸਾਸਾਂ ਸਾਥ ਨਿਬਾਹਵੈ।
ਜਾਦੂ ਦਾ ਬਲ ਸੇਵਾ ਤਾਂਈਂ। ਸੇਵ ਛਡੀ ਤੇ ਸੋ ਛਡ ਜਾਹੀ।੧੬।
ਬੰਦੇ ਭੀ ਮਸਤੀ ਥੀ ਆਈ। ਮਿਹਨਤ ਦੀ ਥੀ ਬੰਦੇ ਭੁਲਾਈ।੧੭।

ਦੋਹਰਾ: ਚਾਕਰ, ਰਾਜ, ਗੁਮਾਸ਼ਤੇ, ਜੰਤਰ ਸਿੱਧੀ, ਛਾਮ।
ਪ੍ਰਤੀਤ ਨ ਇਨਕੀ ਕੀਜੀਏ ਜੈਸ ਬਨੇਰੇ ਕਾਮ।੧੮।

੮੧. [ਬੰਦਈਆਂ ਦੀ ਅਰਦਾਸ ਤੇ ਬੰਦੇ ਦਾ ਉੱਤਰ]

ਦੋਹਰਾ: ਜਬ ਤੁਰਕਨ ਘੇਰੋ ਕੀਯੋ ਬੜ ਨਿਕਲਨ ਨਹਿਂ ਦੇਹਿਂ।
ਤਬ ਲੋਗਨ ਦੁਖ ਪਾ ਕਹਜੋ 'ਇਹ ਹਮ ਸੌਂ ਦਗਾ ਕਮੇਹਿਂ'।੧।

ਚੌਪਈ: ਬਾਜ ਸਿੰਘ ਥੋ ਬਡ ਮੁਖਤਜਾਰ। ਇਨ ਪੈ ਕਰੀ ਸਿਖ ਗ੍ਰੀਬਨ ਪੁਕਾਰ।
'ਕਹਿਤ ਨਹੀਂ ਤੂੰ ਬੰਦੇ ਪਾਸ। ਕਹਾਂ ਭਯੋ ਤੁਮ ਭੀ ਬੁਧਿ ਨਾਸ।੨।
ਤੁਰਕ ਕਰਤ ਹੈਂ ਹਮ ਸੋ ਛੱਲ। ਕਹੋ ਨ ਸਚ ਤੁਮ ਬੰਦੇ ਸੌਂ ਚੱਲ।
ਹਮਕੋ ਤੁਮ ਕਿਮ ਅਕਾਰਥ ਮ੍ਰਵਾਓ। ਲੜਨ ਨ ਦੇਹੋ ਇਮ ਕੈਦ ਕਰਾਓ।੩।
ਜਿਨ ਕੀ ਖਾਤਰ ਇਹ ਕੰਮ ਬਨਾਯੋ। ਉਨ ਮੈਂ ਕੋਈ ਨਾਂਹਿ ਫਸਾਯੋ।
ਸੋ ਨਠ ਗਏ ਇਸ ਤੌਰ ਪਛਾਨੇ। ਹਮ ਆਇ ਫਸੇ ਸੋ ਗਰੀਬ ਇਆਨੇ।੪।
ਜੰਬੈ ਪਰੂਗੁ ਬੰਦੇ ਪਰ ਭਾਰੀ। ਸੋ ਨਠ ਜਾਊਗ ਕਰ ਬੀਰਨ ਅਸ੍ਵਾਰੀ।
ਸੌ ਪਚਾਸ ਕੋਹ ਇਹ ਉਡ ਜਾਊਗ। ਤੁਰਕਨ ਕੇ ਜਹਿਂ ਹੱਥ ਨ ਆਊਗ।੫।

ਦੋਹਰਾ: ਹਮੈ ਖੁਵਾਰੀ ਬਣ ਗਈ ਫਸੇ ਗਰੀਬ ਸੁ ਆਇ।
ਤੁਮ ਤੋ ਬਹੁਤ ਕਮਾਇਓ ਲਿਓ ਪਹਿਰ ਔ ਖਾਇ'।੬।

ਚੌਪਈ: ਤਬ ਸੁਨ ਉਨ ਮੁਖਤਜਾਰਨ ਭਾਖੀ। 'ਵਹੁ ਜਾਣੀਜਾਣ ਹਮ ਬਨੈ ਨ ਆਖੀ।
ਕਜਾ ਜਾਨੈ ਉਸ ਕਜਾ ਦਿਲ ਆਈ। ਹਮਕੋ ਬਨੈ ਨ ਗਲ ਪਲਟਾਈ।੭।
ਦੇਵੈਂਗੇ ਉਸ ਅੱਗੇ ਸੀਸ। ਹਮ ਗੁਰ ਧਾਰਜੋ ਬਿਸਵੇ ਬੀਸ।
ਤੁਮਰੀ ਖਾਤਰ ਇਤਨੀ ਆਖੈਂ।-ਆਪ ਚੱਲ ਸਭ ਦੇਖੋ ਆਂਖ'।੮।
ਉਨ ਕੋ ਮੁਹਰੈ ਕਰ ਕੈ ਤੁਰੈ। ਹਾਥ ਜੋਰ ਜਾ ਉਨ ਪੈ ਖਰੈ।
ਜਾ ਅਰਦਾਸੀਅਨ ਕਰੀ ਅਰਦਾਸ। ਹਾਥ ਜੋੜ ਖੜ ਹਜੂਰੀ ਪਾਸ।੯।

Sri Satguru Jagjit Singh Ji eLibrary NamdhariElibrary@gmail.com

ਬੰਦੈ ਕਹਜੋ 'ਜਿਮ ਕਹਿਓਂ ਆਇ। ਹਮ ਜਾਨਜੋ ਤੁਮ ਲੋਕਨ ਬਹਿਕਾਇ।
ਹਮਕੋ ਤੁਰਕ ਇਟ ਮਾਰਨ ਆਏ। ਬੰਦੇ ਨ ਸਮਝੀ ਤੁਮ ਚਹੋ ਸਮਝਾਏ।੧੦।

ਦੋਹਰਾ: ਤੁਮ ਜੁ ਕਹਜੋ ਛਡ ਜਾਇਗੋ ਬੰਦਾ ਪੜੀ ਅਤ ਭੀਰ।
ਯਹਿ ਤੋ ਬਾਤ ਨ ਹੋਇਗੀ ਸਾਖੀ ਬਚ ਯਹਿ ਬੀਰ।੧੧।

ਚੌਪਈ: ਭਲੀ ਬੁਰੀ ਤੁਮ ਸੰਗ ਨਿਬਾਹੋਂ। ਸੱਤਿ ਬਚਨ ਅਬ ਉਡ ਨਹਿੰ ਜਾਵੇਂ;
ਯਾਂਤੇ ਬੰਦੇ ਉਡਨੋ ਛੋਡਜੋ। ਮਰ ਸੁ ਗਯੋ ਅਰ ਪ੍ਰਣ ਨਹਿੰ ਛੋਡਜੋ।੧੨।
'ਇਹ ਜੁ ਤੁਰਕ ਹਮ ਮਾਰਨ ਆਯੋ। ਇਨ ਨੈ ਹਮਸੋਂ ਦਗਾ ਕਮਾਯੋ।
ਹਮ ਭੀ ਆਖਰ ਮਰਨੋ ਆਹਿ। ਜਿਨ ਨਹੀਂ ਮਰਨੋਂ ਸੋ ਨਠ ਜਾਹਿ।੧੩।
ਹਮ ਭੀ ਤੁਰਕਨ ਸਿਰ ਸਿਰ ਲਾਵੈਂ। ਸਿਰ ਆਈ ਕਿਮ ਅਬ ਨਠ ਜਾਵੈਂ;
ਆਗੈ ਭੀ ਸਿਰ ਗੁਰੂਅਨ ਦੀਓ। ਹਮ ਭੀ ਚਹੈਂ ਉਮ ਸਾਕੋ ਕੀਯੋ।੧੪।
ਤਲਵਾਰਨ ਤੇ ਤੁਰਕ ਮੁਕਤੇ ਨਾਹੀਂ। ਸੀਸ ਲਗਾਇ ਇਨ ਦ੍ਰਗਾਹੋਂ ਗਿਰਾਹੀਂ।
ਹਮਕੋ ਭੀ ਅਬ ਸਿਰ ਪਰ ਆਯੋ। ਹਮ ਭੀ ਚਹੈਂ ਤੁਰਕਨ ਕੋ ਗਵਾਯੋ'।੧੫।

ਦੋਹਰਾ: ਐਸੀ ਐਸੀ ਬਾਤ ਕਰ ਫਿਰ ਬੰਦਾ ਚੁਪ ਕੀਨ।
ਸੋ ਵਹੁ ਚੁਬਾਰੇ ਵੜ ਬਹਜੋ ਬਾਰ ਸੁ ਤਖਤੇ ਦੀਨ।੧੬।

ਬੰਦੇ ਨੇ ਕਹੀ ਮਾਰੀ

੮੨. [ਤੁਰਕਾਂ ਨੇ ਛਲ ਕਰਕੇ ਬੰਦੇ ਦੀ ਫੌਜ ਤੇ ਆ ਪੈਣਾ ਤੇ ਘਮਸਾਣ ਹੋਣਾ]

ਦੋਹਰਾ: ਬੰਦਾ ਕਾਬੂ ਅਬ ਭਯੋ ਤੁਰਕਨ ਯੌ ਲਖਿ ਲੀਨ।
'ਅਬ ਇਨ ਮਾਰ ਘਟਾਈਏ' ਸਲਾਹਿ ਬੈਠ ਉਨ ਕੀਨ।੧।

ਚੌਪਈ: ਅਗੇ ਸੁਣੋ ਤੁਰਕਨ ਕੋ ਘਾਤ। ਉਨ ਜੋਹਿ ਲਈ ਬੰਦੇ ਸਭ ਬਾਤ।
ਗਈ ਲਖੀ ਬੰਦਜੋਂ ਕਰਾਮਾਤ। ਉਸੇ ਨਾਲ ਅਬ ਅਕਲ ਰਹੀ ਜਾਤ।੨।
ਰਸਤ ਘੱਲਨ ਤੇ ਦਈ ਹਟਾਇ। 'ਨਾਂਹਿ ਜ਼ਖ਼ੀਰੋ ਹੈ ਉਸ ਪਾਹਿ।
ਅਨਾਜ ਬਿਨਾਂ ਲੋਕ ਔਖੇ ਹ੍ਵੈ ਹੈਂ। ਨੀਰੇ ਬਿਨਾਂ ਘੋੜ ਮਰ ਜੈ ਹੈਂ।੩।
ਅੱਗਜੋਂ ਬੰਦਾ ਬੂਹਾ ਨ ਖੋਲੈ। ਬਹੁਰ ਬੁਲਾਯੋ ਮੁਖੋਂ ਨ ਬੋਲੈ।
ਜੋ ਲਜਾਵਤ ਥੇ ਬਾਹਰੋਂ ਰਸਤ। ਸੋ ਇਨਕੀ ਕਰ ਲਜੋ ਬੰਦਖਸਤ'।੪।
ਇਮ ਤੁਰਕਨ ਕਰ ਲਈ ਸਲਾਹਿ। ਮਾਰ ਲੋਕਨ ਯੌ ਦਏ ਘਟਾਇ;
ਤਬ ਸਜਾਨਨ ਨੇ ਅਸ ਠਹਿਰਾਯੋ। 'ਮਾਰੋ ਸਹੀ ਪਰ ਬਹੁਤ ਰੁਲਾਯੋ'।੫।

ਦੋਹਰਾ: ਤਬ ਸਜਾਨਨ ਐਸੇ ਕਹਜੋ 'ਅਬ ਇਨ ਦੈਂ ਚਮਲਾਇ।
ਜਬ ਇਹ ਨਿਕਸੈਂ ਹੁਇ ਘਨੇ ਤਬ ਸਭ ਲਈਏ ਘਾਇ'।੬।

ਚੌਪਈ: ਤਬ ਨਿਬਾਬ ਨੇ ਦਯੋ ਦਿਲਾਸਾ। 'ਮੈਂ ਅਬ ਕਰਵਾਯੋ ਪ੍ਰਵਾਨੋ ਖਾਸਾ।
ਤੁਮਕੋ ਪਤਿਸ਼ਾਹਿ ਲਿਖਦਏ ਪਹਾੜ। ਮੈਂ ਹੀ ਲਿਖਾਏ ਕਰ ਬਹੁ ਕਰਾਰ।੭।

Sri Satguru Jagjit Singh Ji eLibrary NamdhariElibrary@gmail.com

ਮੈਂ ਆਖਯੋ ਬੰਦਾ ਕਰਮਾਤੀ। ਤੈਂ ਉਸ ਕੀ ਕਿਮ ਸਾਰ ਨ ਜਾਤੀ।
ਤੁਮ ਨਿਜ ਮਾਤਬਰ ਦਿੱਲੀ ਤੋਰੋ। ਮੁਲਕ ਦਿਵਾਊਂ ਰਲਾਇ ਕੁਛ ਔਰੋ।੮।
ਸੋ ਅਬ ਬੇਸ਼ਕ ਚੜ੍ਹਾਓ ਕਹੀਆ। 'ਲਓ ਖਰੀਦ ਖਾਨੇ ਜੋ ਚਹੀਆ'।
ਮੁਲਤਾਨੀ ਭਏ ਥੇ ਸਿਖ ਜੋ ਆਏ। ਉਨ ਕਰ ਦਗੋ ਸਿੱਖ ਭਰਮਾਏ।੯।
ਸੋਊ ਬਾਤ ਸਿੱਖਨ ਮੰਨ ਲਈ। ਸੁਨਤ ਕਹੀ ਉਨ ਛੋੜੇ ਦਈ।
ਮਨਸਾ ਤੁਰਕਨ ਕੀ ਭਈ ਪੂਰੀ। ਜਿਮ ਚਾਹਤ ਥੇ ਤੁਰਕ ਜ਼ਰੂਰੀ।੧੦।

ਦੋਹਰਾ: ਦੀਨੀ ਕਹੀ ਚੜ੍ਹਾਇ ਉਨ ਲਖਯੋ ਨ ਉਨਕੋ ਪੇਚ।
ਬੈਰੀ ਦਗਾ ਸੁ ਮਭ ਕਰੇ ਮਾਰਨ ਵਾਲੇ ਜੇਚ।੧੧।
ਹੂੰਡੋ ਜਿਮ ਪਾਛੇ ਹਟੇ ਸਿੰਘ ਸੁੰਗੱਚੀ ਖਾਇ।
ਬੈਰੀ ਜੋ ਆਦਰ ਕਰੇ ਇਨ ਤੇ ਨਹਿਂ ਪਤਿਆਇ।੧੨।

ਚੌਪਈ: ਕਹੀ ਛਿੜੀ ਤੁਰਕਨ ਲਖ ਲਈ। ਕਈ ਕੋਸ ਲੌ ਦੂਰ ਸੁ ਗਈ।
ਤਬ ਤੁਰਕਨ ਗੈਲ ਹੱਲੋ ਕਰਾਯੋ। ਸਿੱਖਨ ਦੇਖਯੋ ਤੁਰਕ ਦਲ ਆਯੋ।੧੩।
ਚੜ੍ਹੇ ਬਹੁਤ ਘੋੜੇ ਰਹੇ ਡੇਰੇ। ਹੁਇ ਚਉਤਰਫੋਂ ਸਿੱਖ ਉਨ ਘੇਰੇ।
ਸਿੱਖਨ ਨੇ ਭੀ ਯਾਹ ਮਨ ਮਾਨੀ। 'ਅਬ ਨਹਿਂ ਛੂਟਤ ਹਮਰੀ ਜਾਨੀ।੧੪।
ਹੁਵੇ ਸ਼ਹੀਦ ਮਰਨੋਂ ਨ ਸੰਕਾਵੇ। ਗੁਰ ਕੇ ਅਰਥ ਸੁ ਜਾਨ ਗਵਾਵੇ।
ਦੀਨ ਮਜ਼ਬ ਕੋ ਜੁੱਧ ਭੀ ਆਹਿ। ਅਬ ਹਮ ਨਠੇ ਛੁਟੈਂ ਭੀ ਨਾਂਹਿ'।੧੫।
ਅਗਾਜੋਂ ਭੀ ਸਿੱਖ ਸਨਮੁਖ ਹੋਏ। ਬੰਦੂਕ ਕਮਾਨ ਫੜ ਤੇਗ ਖਲੋਏ।
ਮਾਰ ਦੁਤਰਫੋਂ ਹੋਨੈ ਲਾਗੀ। ਫਿਰੈਂ ਸੂਰ ਹਥ ਤੇਗਨ ਨਾਂਗੀ।੧੬।

ਦੋਹਰਾ: ਸਿੰਘ ਸੁ ਪਿੱਛੇ ਤੌ ਫਿਰੈਂ ਜੌ ਕਹੂੰ ਠਿਕਾਨਾ ਹੋਇ।
ਜੀਵਨ ਨ ਜਾਪੈ ਉਨ ਕਿਸੈ ਮਰੈਂ ਅਗੇ ਹੁਇ ਹੋਇ।੧੭।

ਚੌਪਈ: ਖੜ ਸਿੱਖਣ ਤੇ ਸ਼ਸਤ੍ਰ ਚਲਾਏ। ਹਟੇ ਨ ਪਿੱਛੇ ਪਗ ਅੱਗੇ ਧਾਏ।
ਭਰੀ ਬੰਦੂਕ ਸੋ ਦਈ ਚਲਾਇ। ਫੇਰ ਨ ਨਿਕਸਨ ਦੀਨੀ ਕਾਇ।੧੮।
ਤਬ ਸਿੰਘਨ ਫੜ ਲਈ ਤਲਵਾਰ। ਜਿਸੈ ਚਲਾਈ ਤਿਸ ਕਰ ਗਈ ਪਾਰ।
ਤੀਰਨ੍ਦਾਜਨ ਤੀਰ ਚਲਾਏ। ਨੇਜਨ ਵਾਲਨ ਨੇਜੇ ਖੁਭਾਏ।੧੯।
ਖਟਛਨ ਵਾਲਨ ਬਰਛੀ ਲਾਈ। ਇਕ ਇਕ ਦੁਇ ਦੁਇ ਪਾਰ ਲੰਘਾਈ।
ਤੁਰਕ ਭੀ ਮਾਰੇਂ ਲਾਲਾ ਤਾਣ। ਇਮ ਖਡਮਚ ਗਜੋ ਉਹਾਂ ਘਮਸਾਣ।੨੦।
ਸਿੰਘ ਤੋ ਜਿੰਦ ਨਿਜ ਸੰਕ ਨ ਕਰੈਂ। ਤੁਰਕ ਲਰੈਂ ਅਰ ਜਾਹਿਂ ਭੀ ਟਰੈਂ।
ਸਿੰਘ ਤੋ ਸ਼ਸਤਰ ਮੁਖ ਪਰ ਲੇਹਿਂ। ਤੁਰਕ ਪੈਰ ਕੁਛ ਪਿੱਛੈ ਦੇਹਿਂ।੨੧।

ਦੋਹਰਾ: ਤੁਰਕ ਤੌ ਪਿੱਛੈ ਮੁੜ ਬਚੈਂ ਸਿੰਘਨ ਪਿੱਛੈ ਨ ਥਾਨ।
ਸਿੰਘਣ ਆਸਾ ਛਟ ਗਈ ਤੁਰਕ ਤੌਂ ਆਸ ਰਖਾਨ।੨੨।
ਇਕ ਡਿਗੇ ਤੁਰਕ ਦੁਇ ਆਵੈਂ ਦੁਇ ਡਿੱਗਜੋਂ ਆਵੈ ਚਾਰ।
ਚਾਰ ਮਰੇ ਅੱਠ ਆ ਖੜੈਂ, ਕਿਮ ਹੋਵੈ ਉਨਕੀ ਹਾਰ।੨੩।

Sri Satguru Jagjit Singh Ji eLibrary NamdhariElibrary@gmail.com

ਚੌਪਈ: ਜੋ ਸਿੱਖ ਓਥੇ ਸਨਮੁਖ ਧਾਵੈ। ਮੱਥੇ ਉੱਪਰ ਚੋਟਾਂ ਖਾਵੈ।
ਜਬ ਲੌਂ ਸਾਸ ਉਨ ਤਨ ਮੈਂ ਰਹੈ। ਆਉ ਕਰੈ ਔ ਮਾਰ ਮਾਰ ਕਹੈ।੨੪।
ਅਧ ਸਸਕਤ ਲੌਂ ਟਲੈ ਸੁ ਨਾਂਹਿ। ਉਇ ਭੀ ਸਸਕਤ ਛੋਡ ਨ ਜਾਹਿਂ।
ਦੀਨ ਮਜ਼ਹਬ ਕੋ ਜੁਧ ਇਮ ਭਯੋ। 'ਰਖਲੈ' ਮੂੰਹੋਂ ਨ ਯੌ ਕਿਨ ਕਹਯੋ।੨੫।
ਸਿੱਖਨ ਕਰੀ ਨ ਪਾਣੀ ਆਸ। ਦੀਓਂ ਨ ਲੀਓ ਇਮ ਛੋਡ ਦਏ ਸਾਸ।
ਇਕ ਇਕ ਸਿੱਖ ਕੋ ਦਸ ਦਸ ਘੇਰੈਂ। ਕਿਤ ਦੌੜੈਂ ਮੁਖ ਕਿਤ ਵਲ ਫੇਰੈਂ।੨੬।
ਜਿਮ ਸੌਂਚੀ ਮੈਂ ਇਕ ਪਿੜ ਮੱਲੈ। ਦਸ ਪੜੈ ਚੁਤਰਫੋਂ ਦੇਖ ਇਕੱਲੈ।
ਜਿਤ ਵਲ ਸਿੰਘ ਕਰੈਂ ਵਹਿ ਦੌੜ। ਤੁਰਕ ਪਿੱਠ ਦੇ ਨੱਠੈਂ ਕਰ ਧੌੜ।੨੭।

ਦੋਹਰਾ: ਸਿੱਖ ਥੋੜੇ ਬਹੁਤੇ ਤੁਰਕ ਮਾਰਤ ਥਕ ਗਏ ਹਾਥ।
ਇਕ ਕੇ ਮਾਰੇ ਦਸ ਆਵੈਂ ਫਿਰਨ ਨ ਦੇਵੈਂ ਮਾਥ।੨੮।
ਇਕ ਕੀ ਦਾਰੂ ਦੁਇ ਕਹੈਂ ਦੁਇ ਕੀ ਆਖੈਂ ਚਾਰ।
ਜਦ ਕਦਿ ਥੋੜਨ ਕੋ ਘਣੇ ਲੇਵਤ ਹੈਂ ਸੋਊ ਮਾਰ।੨੯।

ਚੌਪਈ: ਬਹੁਤਨ ਥੋੜੇ ਮਾਰ ਸੁ ਦਏ। ਇਮ ਕਰ ਸਿੱਖ ਊਹਾਂ ਮਰ ਗਏ।
ਇਕ ਇਕ ਦੁਇ ਦੁਇ ਉਇ ਲੈ ਮੁਏ। ਸਿੰਘ ਮੜੈਲ ਨ ਖਾਲੀ ਵਏ।੩੦।

ਦੋਹਰਾ: ਜੋ ਨਿਕਸਯੋ ਸੋ ਨਹਿਂ ਵੜਯੋ ਖਬਰ ਬੀ ਕਰਨ ਨ ਜੋਗ।
ਉਸ ਦਿਨ ਤੇ ਚਾਮਲ ਚੜੇ ਤੁਰਕਨ ਕੇ ਸਭ ਲੋਗ।੩੧।

ਪ੍ਰਸੰਗ ਤੁਰਕਨ ਕੈ ਹੱਲੈ ਕੀਯੋ ਕੋ ਲਿਖਯਤੇ

੮੩. [ਗੜ੍ਹੀ ਵਾਲਿਆਂ ਨਾਲ ਘਮਸਾਣ]

ਦੋਹਰਾ: ਤੁਰਕਨ ਕਹੀ ਮਾਰੀ ਜਬੈ ਮਨ ਮੈਂ ਬਹੁ ਗਰਬਾਹਿਂ।
'ਕਰ ਹੱਲੋ ਮਾਰੋ ਗੜ੍ਹੀ ਅਬ ਕਿਮ ਚੁਪ ਬਹਾਹਿਂ'।੧।

ਚੌਪਈ: ਤਬ ਨਿਬਾਬ ਨਹਿਂ ਪੌੜੀ ਘੜਾਈ। ਔਰ ਪਿੰਡਨ ਤੇ ਚੱਕ ਮੰਗਾਈ।
ਦਾਰੂ ਸਿੱਕਾ ਦੀਓ ਬਰਤਾਇ। ਤੋਪ ਜੰਬੂਰਨ ਦੀਨੇ ਲਾਇ।੨।
ਫ਼ੌਜ ਕਹੀ 'ਲੁਟ ਮਾਫ ਕਰ ਦੇਹੋ। ਗੜ੍ਹੀ ਘੜੀ ਮੇਂ ਹਮ ਤੇ ਲੇਹੋ।
ਫੌਜ ਚੰਗੇਰੀ ਲਈ ਹੈ ਮਾਰ। ਰਹੀ ਪਈ ਹੈ ਭੂਖੀ ਹਾਰ।੩।
ਤੱਤ ਖਾਲਸੋ ਹੁਤੋ ਭੁਜੰਗੀ। ਉਇ ਛਡ ਗਏ ਬਾਤ ਭਈ ਚੰਗੀ।
ਉਨ ਬਿਨ ਬੰਦੋ ਜਹਿਂ ਜਹਿਂ ਲੜਿਓ। ਭਯੋ ਨੱਠ ਤਿਸਕਹੂੰ ਨ ਅੜਿਓ।੪।

ਦੋਹਰਾ: ਕਹੀ ਮਾਰ ਹਮ ਤੋ ਲਈ ਗਈ ਬੰਦੇ ਕਰਾਮਾਤ।
ਅਬ ਲੇਵੈਂਗੇ ਫੜ ਉਸੈ ਲੜੇ ਕਰੈਂ ਉਸ ਘਾਤ'।੫।

ਚੌਪਈ: ਯੌ ਕਹਿ ਤੁਰਕਨ ਕਰੀ ਚੜ੍ਹਾਈ। ਸਿੱਖਨ ਨੇ ਤੇਊ ਸੁਨ ਪਾਈ।
ਸਿੱਖਨ ਨੇ ਭੀ ਭਲੀ ਮਨਾਈ। ਸ਼ਹੀਦ ਹੋਨ ਕੀ ਬਿਧੀ ਤਕਾਈ।੬।

Sri Satguru Jagjit Singh Ji eLibrary NamdhariElibrary@gmail.com

ਦੋਹਰਾ: 'ਹੁਵੋ ਸ਼ਹੀਦ ਬੰਦੇ ਅਗੇ ਬਹਿ ਭੂਖੇ ਕਾਹਿ ਮਰਾਹਿ'।
ਫੜ ਤਲਵਾਰਨ ਹੁਇ ਖੜੇ ਬੂਹੇ ਦਏ ਖੁਲ੍ਹਾਇ।੭।

ਚੌਪਈ: ਘੋੜੇ ਚੜ੍ਹ ਚੜ੍ਹ ਤੁਰਕ ਬਹੁ ਆਏ। ਮੁਹਰੇ ਚਹੈਂ ਪਿਆਦੇ ਜਾਏ।
ਕਹੈਂ 'ਮਾਲ ਬਹੁ ਬੰਦੈ ਪਾਹਿ। ਲੇਉਗੰ ਸੋਊ ਜੋ ਪਹਿਲੋਂ ਜਾਇ'।੮।
ਉਸ ਤੈ ਆਗੈ ਉਇ ਚਾਹੈਂ ਦੌੜੇ। ਘੋੜਨ ਉਪਰ ਚੜ੍ਹਾਵੈਂ ਘੋੜੇ।
ਆਪਨ ਸੋਂ ਆਪੇ ਭਿੜ ਪਰੈਂ। ਅਗਲਨ ਪਰ ਪਿਛਲਨ ਪਗ ਧਰੈਂ।੯।
ਗਰਦੋ ਧੂੰਓਂ ਭਯੋ ਅੰਧੇਰੋ। ਚਾਰ ਤਰਫ ਤੇ ਉਨ ਗੜ੍ਹ ਘੇਰੋ।
ਚਾਰ ਲਖ ਕਹੈਂ ਤੁਰਕ ਜੀਯ ਜੰਤ। ਹਜਾਰ ਚਾਰ ਬੰਦੈ ਸਿਰਤੰਤ।੧੦।
ਭੂਖ ਮਰੇ ਔ ਸੋਏ ਨਾਂਹਿ। ਹੁਤੋ ਨ ਉਜ਼ਰ ਉਨ੍ਹੈਂ ਤਨ ਮਾਂਹਿ।
ਪਰ ਤਤਛਿਨ ਕਛੁ ਹਿੰਮਤ ਆਈ। ਕਰਤੇ ਕੀ ਗਤਿ ਕਿਨੈ ਨ ਪਾਈ।੧੧।

ਦੋਹਰਾ: ਉਸ ਤੈ ਆਗੈ ਉਹ ਖੜੈਂ ਹੋਨ ਸ਼ਹੀਦ ਸ਼ਿਤਾਬ।
ਜਿਸ ਹਥ ਚੜ੍ਹਯੋ ਹਥਯਾਰ ਜੋ ਸੋ ਲੈ ਖੜਯੋ ਸ਼ਿਤਾਬ।੧੨।

ਚੌਪਈ: ਉਧਰੋਂ ਤੁਰਕਨ ਹੱਲੇ ਕੀਯੋ। ਇਤ ਤੈ ਸਿੱਖਨ ਮੁਹਰੋ ਲੀਯੋ।
ਤੁਰਕ ਫੌਜ ਢੁਕ ਪਈ ਦਰਵਾਜਨ। 'ਮਾਰ ਮਾਰ' ਹੁਵਾਂ ਕਰਨ ਵਾਜਨ।੧੩।
'ਅਲੀ ਅਲੀ' ਉਤ ਤੁਰਕ ਪੁਕਾਰੈਂ। 'ਗੁਰੂ ਗੁਰੂ' ਇਤ ਸਿੱਖ ਉਚਾਰੈਂ।
ਆ ਤੁਰਕਨ ਢੁਕ ਸ਼ਸਤ੍ਰ ਚਲਾਏ। ਸਿਖ ਰਹੇ ਖੜ ਉਸਹੀ ਥਾਏ।੧੪।
ਭਟੀ ਬੰਦੂਕ ਬੀ ਦਾਰੂ ਨਾਲ। ਦੁਇ ਦੁਇ ਗੋਲੀ ਥੀ ਰੱਖੀ ਡਾਲ।
ਕਹਯੋ ਸਿੰਘਨ 'ਅਬ ਦੇਹੁ ਦਗਾਇ। ਇਸਤੋਂ ਪਰੈ ਵਖਤ ਹੈ ਕਾਇ'।੧੫।
ਧਰ ਕੰਧੇ ਸੋ ਦਈਂ ਦਗਾਇ। ਇਕ ਇਕ ਦੁਇ ਦੁਇ ਦਏ ਗਿਰਾਇ।
ਇਕ ਕੋ ਬਰਮ ਦੁਏ ਤਨ ਬਰਮੋ। ਹਾਡ ਤੋੜ ਸੋ ਲੰਘ ਗਈ ਚਰਮੋਂ।੧੬।

ਦੋਹਰਾ: ਮੁਹਰੇ ਆਏ ਕਰ ਹਲੋ ਸੋ ਬਹੁ ਦਏ ਗਿਰਾਇ।
ਲੋਥਨ ਪਰ ਲੋਥੈਂ ਗਿਰੀਂ ਘੋੜੈ ਤੁਰਤ ਸੰਕਾਇ।੧੭।

੮੪. [ਇਸੇ ਘਮਸਾਨ ਦਾ ਹੋਰ ਹਾਲ]

ਦੋਹਰਾ: ਸਿੰਘ ਭੀ ਮਰਨੋਂ ਕਹਿੰ ਡਰੈਂ ਟੋਲੈਂ ਨ ਦੂਸਰ ਸਾਥ।
ਜਿੱਧਰ ਮੁਹਰੋ ਕਰ ਤੁਰੈਂ ਮਾਰੈਂ ਉਸੈ ਸੁ ਹਾਥ।੧।

ਚੌਪਈ: ਔਰ ਤਰਫ ਕੀ ਕਹੌਂ ਸੁ ਗੱਲ। ਤੁਰਕ ਗਏ ਥੇ ਜੋ ਉਤ ਵੱਲ।
ਮੀਚ ਅਖੀਂ ਬਹੁ ਦੌੜੇ ਜਾਨ*। ਹਲੁਵੋ ਅਗੈ ਪ੍ਰੇਸਯੋ ਖਾਨ*।੨।
ਕੰਧਾਂ ਹੁਤੀ ਸੁ ਤੋਪਨ ਢਾਹੀ। ਦੀਨੇ ਖੀ ਥੇ ਬੁਰਜ ਗਿਰਾਈ।
ਦੌੜ ਚੜਨ ਕੋ ਬਹੁ ਭਯੋ ਰਾਹੁ। ਔਰ ਪੌੜੀ ਬਹੁ ਦਈ ਧਰਾਇ।੩।

* ਪਾਠਾ:-ਕਰ ਹੱਲਾ ਸੋਊ ਵਹਿ ਧਾਏ। ਦੇ ਲਲਕਾਰੇ ਉਚ ਸੁਨਾਏ।

Sri Satguru Jagjit Singh Ji eLibrary NamdhariElibrary@gmail.com

ਇਮ ਕਰ ਕੁਛਕੁ ਸੁ ਅੰਦਰ ਵੜੇ। ਉਤ ਵੱਲੋਂ ਭਏ ਸਿਖ ਭੀ ਖੜੇ।
ਕੋਊ ਕਹੈ 'ਅਬ ਬੰਦੇ ਪੈ ਜਾਹੋ'। ਕੋਊ ਕਹੈ 'ਅਬ ਬੇਲਾ ਨਾਹੋ।੪।
ਅਬ ਨਠ ਮਰਨ ਬੰਦੈ ਢਿਗ ਜਾਈਐ। ਆਗੈ ਦਰਗਾਹੋਂ ਠੌਰ ਨ ਪਾਈਐ।
ਅਬ ਲੜ ਮਰਨੌਂ ਵੇਲਾ ਆਹਿ। ਕਹਨ ਫਰਜਾਦ ਨ ਵੇਲੋ ਯਾਹਿ।੫।
ਜਬ ਖਾਵਿੰਦ ਪਰ ਪਰੈ ਆ ਭਾਰ। ਨਹਿੰ ਮਰਦਨ ਕੀ ਫਰਜਾਦ ਤਬਕਾਰ।
ਜੋ ਖਾਵਿੰਦ ਕੀ ਜਗਾ ਸੁ ਮਰੀਐ। ਬਹੁਤ ਦਰਸ ਸੁਖਸ੍ਰ ਗਹਿਭਰ ਐ।੬।

ਦੋਹਰਾ: ਅਬ ਲੜ ਮਰਨੋ ਕਾਮ ਹੈ ਫਰਿਯਾਦ ਕਾਮ ਅਬ ਨਾਂਹਿ।
ਅਬ ਤੇ ਰਹੈ ਜੁ ਜੀਵਤੇ ਫਿਰ ਫਰਿਆਦ ਜਾਹਿ'।੭।
ਸਿੱਖਨ ਹਿੰਮਤ ਕਰ ਤਬੈ ਵੜੇ ਸੁ ਲੀਨੋ ਮਾਰ।
ਹੋਰ ਹੋਰ ਜੋਊ ਚੜੈ ਤਿਨ ਕੋ ਸੁਨੌਂ ਹਵਾਰ।੮।

ਚੌਪਈ: ਧਰ ਪੌੜੀ ਕੰਧਨ ਹਥ ਪਾਏ। ਅਰਜੋਂ ਉਨ ਦਏ ਹੱਥ ਕਟਾਏ।
ਉਪਰੋਂ ਗਿਰ ਗਿਰ ਭੂ ਮਹਿ ਪੜੇ। ਉਨ ਕੀ ਸੁਨੇ ਜੁ ਬਾਹਰ ਖੜੇ।੯।
ਕਰ ਕਰ ਤੁੰਮਨ ਦ੍ਰਵਾਜਨ ਆਏ। ਦੌੜ ਮੁੜੇ ਕਛੁ ਅਗਜੋਂ ਸੰਕਾਏ।
ਅਗਜੋਂ ਗੋਲੀ ਛੁਟਤ ਬੰਦੁਕਤਿ। ਤੀਰ ਕਮਾਨੋਂ ਜਾਵੈ ਸ਼ੂੰਕਤ।੧੦।
ਸ਼ਮਸ਼ੇਰ ਨੰਗੀ ਫੜ ਬੇ ਕੋਊ ਖੜੇ। ਦੋਊ ਤਰਫ ਕੇ ਮੱਥੇ ਅੜੇ।
ਦੋਊ ਤਰਫ ਤੇ ਸ਼ਲਕੈਂ ਚਲੀ। ਮੁਹਰੈ ਢੋਇ ਢੋਇ ਲੇਵੈਂ ਰਲੀ।੧੧।
ਧੂੰਓ ਧੂਰ ਊਹਾਂ ਮਿਲਿ ਰਹਜੋ। ਅਪਨ ਪਰਾਯੋ ਸਮਝ ਨ ਭਯੋ।
ਦੋਊ ਤਰਫ ਤੇ ਇਕ ਤਰਫ ਭਈ। ਉਹਾਂ ਪਛਾਣ ਨ ਕਿਸ ਕੀ ਰਹੀ।੧੨।

ਦੋਹਰਾ: ਪਿਛਲੇ ਅਗਲਨ ਕੋ ਮਰੈਂ ਕਰੈ ਨ ਕੋਇ ਪਛਾਣ।
ਭਾਈਅਨ ਕੋ ਮਾਰੈਂ ਭਾਈ ਮਚ ਗਜੋ ਯੌਂ ਘਮਸਾਣ।੧੩।

ਚੌਪਈ: ਲੋਥਨ ਪੈ ਇਮ ਲੋਥਹਿੰ ਪਈ। ਜਨੁ ਕਿਨ ਕੰਧ ਉਸਾਰਨ ਠਈ।
ਜਨ ਕੋਈ ਬਨੀਆਂ ਉਤਰਜੋ ਆਇ। ਬੋਰਨ ਪੈ ਦਈ ਬੋਰਿ ਟਿਕਾਇ।੧੪।
ਘੋੜਨ ਪੈ ਗਿਰ ਘੋੜੇ ਪਏ। ਜਨ ਬਾਢੀਅਨ ਖਢ ਬਿਰਛ ਗਿਰਏ।
ਸੀਸ ਗਿਰੇ ਉਸ ਖੇਤਨ ਮਾਂਹਿ। ਜਨ ਤਰਬੂਜ ਖੇਤ ਥੇ ਵਾਹਿ।੧੫।
ਲਹੂਅਨ ਕੇ ਤਹਿੰ ਵਗ ਗਏ ਖਾਲ। ਜਨ ਸੀਂਚਤ ਤਹਿੰ ਬਾਗੋ ਵਾਲ।
ਰਕਤੋ ਪਿਰਥੀ ਲਾਲ ਸੁ ਲਾਗੈ। ਜਨ ਗੁਲਾਲ ਥੇ ਯੇ ਸਭ ਬਾਗੈ।੧੬।
ਲੋਥਨ ਸੋਂ ਮੁੰਦ ਗਏ ਦਰਵਾਜੇ। ਤਖਤੇ ਲਾਲ ਨਏ ਜਨ ਸਾਜੇ।
ਜਿਤ ਵਲ ਤੁਰਕ ਮੁਵੜਿਓ ਲੋੜਨ। ਤਿਤ ਵਲ ਸਿਖ ਆਇ ਹਥ ਮੋੜਨ।੧੭।

ਦੋਹਰਾ: ਦੂਰੋਂ ਆਵੈਂ ਕਰ ਹਲਾ ਸਿੰਘ ਨੇੜਜੋਂ ਦੇਹਿੰ ਗਿਰਾਇ।
ਸਿੰਘ ਮੁ ਆਗੈ ਹੁਇ ਮਰੈਂ ਤੁਰਕ ਮਰੈਂ ਪਿਛਾਹਾਂ ਜਾਇ।੧੮।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸਿੱਖਨ ਕੋ ਥੋ ਮਰਨੇ ਚਾਉ। ਸਿੱਖਨ ਲੱਭਜੋ ਤਬ ਸੋ ਦਾਉ।
ਸਿੱਖਨ ਨੇ ਬੀ ਜਾਨ ਬਿਸਾਰੀ। ਕਰੈਂ ਸਿਖ ਸ਼ਹੀਦਨ ਸਿਉਂ ਤਜਾਰੀ।੧੯।
ਸਰੀਰ ਚੀਰ ਕੀ ਪੀਹ ਨ ਜਾਨੇ। ਮਾਰੈਂ ਸ਼ਸਤ੍ਰ ਮਰਨ ਮਨ ਮਾਨੈ।
ਤੁਰਕ ਆਏ ਥੇ ਲੁੱਟਣ ਮਾਲ। ਐਸੋ ਭਯੋ ਉਨ੍ਹੈ ਕੋ ਹ੍ਵਾਲ।੨੦।
ਜਿਤ ਵਲ ਤੱਕੈਂ ਸਿਖ ਉਤ ਵਲ ਖੜੇ। ਦਸ ਪੰਜਨ ਸਿਉਂ ਇਕ ਸਿਖ ਲੜੇ।
ਟਪ ਟਪ ਸਿਖ ਕੰਧਨ ਤੇ ਪਾਵੈਂ। ਤੁਰਕਨ ਮਾਰੈਂ ਪਿਛੈ ਨ ਆਵੈਂ।੨੧।
ਤੁਰਕ ਬਚਜੋ ਸੋਊ ਮੁੜ ਪਯੋ। ਐਸਾ ਜੁੱਧ ਊਹਾਂ ਕੁਛ ਭਯੋ।
ਲੋਥਨ ਉਪਰ ਲੋਥ ਸੁ ਪਰੀ। ਗੋਣਨ ਪਰ ਜਨ ਗੋਣ ਸੁ ਪਰੀ।੨੨।

ਦੋਹਰਾ: ਤੁਰਕਨ ਲਾਗੇ ਜ਼ਖਮ ਇਕ ਮੁੜ ਡੇਰਨ ਨੱਠੈਂ ਚਾਰ।
ਕੋ ਚੱਕੈ ਬੰਧੈ ਕੋਊ ਦੁਇ ਇਮ ਹੀ ਤੁਰੈਂ ਹੁਇ ਨਾਰ।੨੩।

ਚੌਪਈ: ਥਕ ਪਕ ਤੁਰਕ ਪਿਛੈ ਮੁੜ ਪਏ। ਅਗਜੋਂ ਸਿਖਨ ਦੰਦ ਖੱਟੇ ਕਏ।
ਤੁਰਕ ਮਨੀ ਤਬ ਅੱਧੀ ਹਾਰ। ਤਬੈ ਨਿਬਾਬੈ ਕਰੀ ਬਿਚਾਰ।੨੪।
'ਕਾਹੇ ਲੀਜੈ ਮਰਵਾਇ ਸਿਪਾਹਿ। ਕਰ ਭੂਖਾ ਇਸ ਲਈਐ ਹਰਾਇ।
ਨਹੀਂ ਅੰਨ ਨੀਰੋ ਇਸ ਕੋਲ। ਮਿਲੂਗੁ ਆਪ ਭੂਖੇ ਕਰ ਬੋਲ'।੨੫।
ਤੌ ਤੁਰਕ ਲਾਗੇ ਕਰਨ ਤਕੜਾਈ। ਦਿਹੈਂ ਤਲਾਵੇ ਖਾਈ ਪੁਟਾਈ।
ਰਾਤ ਨਿਕਲ ਕਛੁ ਸਿਖ ਥੇਲਜਾਵਤ। ਛਿਲਪਾਤ ਕਿਛੁ ਲਜਾਇ ਸੁਖਾਵਤ।੨੬।
ਸੋ ਭੀ ਉਨ ਕੋ ਲੈਨ ਨ ਪਾਈ। ਐਸੀ ਦਸ਼ਾ ਸਿਖਨ ਪੈ ਆਈ।
ਫਾਕੇ ਊਪਰ ਫਾਕੇ ਜਾਇ। ਆਇ ਹਾਥ ਤੌਂ ਰਿਜਕ ਢਿਡ ਪਾਹਿੰ।੨੭।

ਦੋਹਰਾ: ਸੇਰ ਪਾਉ ਕੀ ਕਜਾ ਕਹੀ ਅੰਨ ਮਾਸਾ ਨ ਉਹਾਂ ਲਭਾਇ।
ਪੱਤ ਛਿੱਲ ਜੜ ਨਹਿੰ ਲਭੈ ਘਾਸ ਭੀ ਨਦਰ ਨ ਪਾਇ।੨੮।

ਚੌਪਈ: ਖਾਣੈ ਵਸਤ ਨ ਸਿਖਨ ਲਭਾਈ। ਕਈ ਕੁ ਦਿਨ ਉਨ ਮਿੱਟੀ ਖਾਈ।
ਫਿਰ ਸਿਖ ਬੰਦੇ ਕੇ ਢਿਗ ਗਏ। ਪਾਸ ਚੁਬਾਰੇ ਪੁਕਾਰਤ ਭਏ।੨੯।
'ਤੁਮ ਹੀ ਹੋ ਆਪ ਜਾਣੀ ਜਾਣੋਂ। ਤੁਹੀਂ ਆਪ ਵਰਤਾਯੋ ਭਾਣੋਂ।
ਇੱਕ ਬਾਰ ਦੇਖ ਹਮਰੋ ਹ੍ਵਾਲ। ਹਮ ਪਰ ਪਾਯੋ ਭੁਖ ਬਡ ਜ਼ਵਾਲ।੩੦।
ਅਬ ਉਡ ਚਲ ਤੂੰ ਔਰਹਿ ਠੌਰ। ਜੀਵਤ ਰਹੈਂ ਤੁਹਿ ਲੇਵੈਂ ਟੋਲ'।
ਤਬ ਉਨ ਬੰਦੇ ਉੱਤਰ ਦਯੋ। 'ਅਬ ਹਮ ਕੌ ਤੁਮ ਚਹੈਂ ਉਡਯੋ।੩੧।
ਅਬ ਹਮ ਕਰਾਵੋ ਬਚਨੋ ਹਾਰ। ਖਾਤਰ ਜ਼ਿੰਦਗੀ ਕਿਤ ਸੰਸਾਰ।
ਉਡਨੋ ਮਨ੍ਹੈਂ ਤੁਮੈਂ ਕਰਵਾਯੋ। ਅਬ ਹਮਕੋ ਤੁਮ ਚਾਹਤ ਝੁਠਾਯੋ।੩੨।

ਦੋਹਰਾ: ਸਾਪ, ਸਤੀ ਅਰ ਸੂਰਮਾ ਗਯਾਨੀ ਔ ਗਜਦੰਤ।
ਏ ਮੁਖ ਨਿਕਲਜੋ ਨਹਿੰ ਫਿਰੈ ਜੌ ਜੁਗ ਜਾਇ ਅਨੰਤ।੩੩।
ਬਚਨਨ ਖ਼ਾਤਰ ਸਰਪ ਭੀ ਪਰੈ ਕੁੰਡ ਮੈਂ ਆਇ।
ਹਮ ਅਬ ਬਚਨ ਸੁ ਹਾਰ ਕੈ ਕੈਸੇ ਪੁਰਸ਼ ਅਖਾਹਿੰ।੩੪।

Sri Satguru Jagjit Singh Ji eLibrary NamdhariElibrary@gmail.com

ਚੌਪਈ: ਬਚਨ ਖਾਤ੍ਰ ਖਲ ਦੇਹਿ ਗਵਾਈ। ਦ੍ਰਬਾਨ ਭਯੋ ਬਚ ਦੇ ਜਗ ਸਾਈਂ:
ਬਚਨ ਕਿਯੋ ਥੋ ਹਰੀਚੰਦ ਰਾਇ! ਬਿਕ ਰਾਜ ਚੂਹੜੇ ਦੇ ਘਰ ਜਾਇ। ੩੫।
ਬਦਨ ਖਾਤ੍ਰ ਪਾਂਡਵ ਤ੍ਰਿਯ ਹਾਰੀ। ਬਚਨ ਦੇਇ ਬਨ ਸਹੀ ਖੁਆਰੀ।
ਬਚਨਨ ਖਾਤ੍ਰ ਪੁਰਸ਼ ਸਿਰ ਦੇਵੈਂ। ਬਚਨਨ ਖ਼ਾਤਰ ਨਿਜ ਦੁਖ ਲਵੈਂ। ੩੬।
ਬਚਨ ਖਾਤਰ ਤ੍ਰਿਯ ਚਿਖ ਚੜ ਸੜੈ। ਟਲੇ ਨਹੀਂ ਗਲ ਲਗਨੋ ਮੜ੍ਹੈ।
ਬਚਨਨ ਖਾਤ੍ਰ ਚਾਕ੍ਰ ਮਰ ਰਹੈ। ਆਟਹ ਲੀਏ ਉਇ ਭੀ ਲੜ ਰਹੈ। ੩੭।
ਪਿਤ ਬਚਨਨ ਪਰ ਘਰ ਜਾਇ ਬੇਟੀ। ਕਰਾਵੈ ਨ ਨਿਜ ਕੁਲ ਕੀ ਹੇਠੀ।
ਤੇਗ ਬਹਾਦਰ ਨਿਜ ਬਚ ਕਿਯੋ। ਕਹਿ ਬਿੱਪ੍ਰਨ ਸਿਰ ਦਿੱਲੀ ਦਿਯੋ। ੩੮।

ਦੋਹਰਾ: ਆਨ ਚਿਤ ਬਾਬੈ ਬਚ ਕਹੇ ਤਾਂਕੀ ਪੜ ਗਈ ਲਾਜ।
ਪ੍ਰਾਣ ਉਣਹਤਰਨ ਮੈਂ ਤਜੇ ਹੀਣ ਹੋਇ ਮਤਵਾਜ'। ੩੯।

ਚੌਪਈ: ਤਬ ਸਿੱਖਨ ਨੇ ਬੰਦੇ ਪੂੰਛਾ। 'ਬਾਬੇ ਬਚਨ ਕੌਣ ਕੀਯੇ ਊਛਾ?'।
ਕਹੀ ਬੰਦੈ 'ਮਧ ਗੁਰ ਗ੍ਰੰਥ ਬਾਣੀ। ਸੱਤ੍ਰਨ ਮੈਂ ਮਤ ਹੀਣ ਬਖਾਣੀ। ੪੦।
ਜੋ ਸੱਤ੍ਰਨ ਮੈਂ ਹਮ ਜੀਵਤ ਰਹੈਂ। ਤੌ ਮਤਿ ਹੀਣ ਹਮਹਿ ਭੀ ਕਹੈਂ।
ਉਹੀ ਬਚਨ ਮੁੜ ਲਾਗੈ ਮੋਹਿ। ਤੌ ਸ਼ਰਮਿੰਦਗੀ ਹਮ ਕੋ ਹੋਹਿ। ੪੧।
ਇਸੀ ਉਲਾਮਜੋਂ ਨਿਜ ਤਜੈਂ ਪਰਾਣ। ਸਤਿਗੁਰ ਬਚਨ ਨਿਜ ਕੀਏ ਪ੍ਰਮਾਣ।
ਜੋ ਵੈ ਬਚਨਨ ਨਿਜ ਸਦ ਠਾਣਤ। ਤੌ ਗ੍ਰੰਥ ਵਾਕ ਉਨ ਝੂਠ ਪਛਾਣਤ। ੪੨।
ਹਮ ਨੈ ਤੁਮ ਸੋ ਬੰਧਜੋ ਕਰਾਰ। ਲੋਕਨ ਕੈ ਮਧ ਊਚ ਪੁਕਾਰ।
ਜੋ ਅਬ ਮੈ ਬਚ ਜਾਊਂਗੁ ਹਾਰ। ਕਿਮ ਢੋਈ ਉਸ ਮਿਲੈ ਦ੍ਰਬਾਰ'। ੪੩।

ਪ੍ਰਸੰਗ ਕਾਲੀ* ਕੇ ਭੱਛ ਕਾ ਲਿਖਜਤੇ

੮੫. [ਦੇਵੀ ਰਜਾਉਣੀ]

ਚੌਪਈ: ਔਰ ਕਹੀ ਇਕ ਬੰਦੇ ਬਾਤ। 'ਸਵਾ ਲੱਖ ਕਰਨੋ ਥੋ ਘਾਤ।
ਸੋ ਪੂਰੋ ਹਮ ਤੇ ਨਹਿੰ ਭਯੋ। ਬਾਕੀ ਦੇਣੋ ਬਹੁ ਹਮ ਰਹਜੋ। ੧।
ਜਿਮ ਸਵਾ ਕੋਟ ਕਹਜੋ ਸਤਿਗੁਰ ਦੇਣਾ। ਸੋਊ ਉਧਾਰ ਰਹਜੋ ਪੰਥ ਪੈ ਪੈਣਾ।
ਇਤਨੇ ਮਰੇ ਜੁ ਸ਼ਸਤ੍ਰਨ ਨਾਰ। ਤੌ ਕਾਲੀ ਕੋ ਪੁਜੂ ਅਹਾਰ*। ੨।
ਪੰਝੀ ਲਖ ਥੋ ਪਿਥੋਰੇ ਮ੍ਰਵਾਏ। ਕਾਲੀ ਰੱਜੀ ਨ ਵਹਿ ਲਜੋ ਖਾਏ।
ਦੀਨ ਖਾਤ੍ਰ ਥੀ ਮੁਹੰਮਦ ਜਗਾਈ। ਆਲ ਉਲਾਦ ਉਸੈ ਭੀ ਖਾਈ। ੩।
ਜੋਊ ਜਗਾਵੈਂ ਰਜਾਵੈ.. ਨਾਂਹਿ। ਵਹਿ ਭੀ ਉਸਕੋ ਛੋਡੈ ਨਾਹਿੰ।
ਜੋਊ ਜਗਾਵੈਂ ਰਜਾਵੈ ਭੀ ਓਹੀ। ਅੰਸ ਬੰਸ ਉਸ ਸੁਖ ਰਹਿੰ ਦੋਈ। ੪।

---

* ਦੇਵੀ ਦੇ ਪ੍ਰਸੰਗ ਬਾਬਤ ਪੜ੍ਹੋ 'ਦੇਵੀ ਪੂਜਨ ਪੜਤਾਲ' ਨਾਮੇ ਪੁਸਤਕ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸਤਿਜੁਗ ਮੈ ਦੇਵਨ। ਜਗੀ ਪ੍ਰਸੰਨ ਕਰ ਪੋਖੀ ਤੋਇ।
ਤ੍ਰੇਤੇ ਰਜਾਈ ਰਾਮ ਜੀ ਸਣ ਪਰਵਾਰੀ ਸੋਇ।੫।
ਦੁਆਪਰ ਜਗਾਇ ਸੁ ਪੰਡਵਨ ਕਾਲੀ ਕਰਾਯੋ ਅਹਾਰ।
ਦੀਨੋ ਉਨ ਰਜਾਇ ਸਭ ਜੋ ਕਾਲੀ ਪਰਵਾਰ।੬।
ਕਾਲੀ ਜਗਾਈ ਨਹਿੰ ਭਲੀ ਬਿਨ ਜਗੇ ਸਰੈ ਨਹਿੰ ਕਾਜ।
ਕਾਲੀ ਰਜਾਵੈ ਜੋ ਕੋਊ ਹੋਇ ਚੱਕ੍ਰਵਰਤ ਤਿਸ ਰਾਜ।੭।

ਚੌਪਈ: ਕਲਜੁਗ ਮੈ ਜਿਨ ਕਿਨ ਜਗਵਾਈ। ਰਜੀ ਨ ਕਿਸਤੇ ਉਨ ਪੈ ਪਈ ਆਈ।
ਮੈਂ ਧਾਰਜੋ ਚਿਤ ਸਿੰਘਨ ਖੁਵਾਊਂ। ਸੋ ਟਰੀ ਉਨੈਂਤੇ ਪਰੀ ਹਮ ਆਊ'।੮।

ਦੋਹਰਾ: ਤਬ ਬੰਦੈ ਸਿਖਨ ਕਹਜੋ 'ਇਤਨੈ ਕੰਮ ਕਰ ਜਾਹੁ।
ਬਾਕੀ ਸਵਾ ਜੁ ਲਾਖ ਕੀ ਸਿਰ ਉਤਨੇ ਚੜ੍ਹਵਾਹੁ'।੯।

ਚੌਪਈ: ਉਨ ਸਿੱਖਨ ਇਮ ਹੀ ਮੰਨ ਲਈ। ਊਠ ਘੋੜਨ ਸਿਰ ਮਾਰਹਿ ਦਈ।
ਖਾਕੀ ਕੁੱਤੇ ਬਿਲੇ ਕਟਾਏ। ਮੁਰਦੇ ਖਾਣ ਨੂੰ ਜੋ ਥੇ ਆਏ।੧੦।
ਤੌ ਭੀ ਮਰੇ ਊਹਾਂ ਕਿਛੁ ਥੋੜੇ। ਪੁਜੇ ਨਹੀਂ ਉਨ ਲੇਖੇ ਜੋੜੇ।
ਤੌ ਬੰਦੇ ਉਨ ਦੀਨੋ ਆਖ। 'ਮਾਰੋ ਮਖੀਆਂ ਹੋਹਿੰ ਸਵਾ ਲਾਖ'।੧੧।
ਤਬ ਕਈ ਲੋਕਨ ਯੌਂ ਮਨ ਆਈ। 'ਬੰਦਾ ਦਿਵਾਨੋ ਅਬ ਭਯੋ ਭਾਈ'।
ਕਈਅਨ ਕਰੀ ਜੁ ਬੰਦੈ ਕਹੀ। ਸੁਨਤ ਅਚੰਭੋ ਨਠ ਗਏ ਕਈ।੧੨।
ਸਿੱਖ ਸਿਦਕੀ ਜੋ ਪ੍ਰਣ ਕੇ ਪੂਰੇ। ਸੋ ਆਖੈਂ 'ਹਮ ਮਰੈਂ ਹਜੂਰੇ।
ਕਰੈ ਸੰਗ ਗੁਰ ਕਿਉਂ ਛਡ ਜਾਹਿੰ।' ਕਈਅਨ ਨਠਤ ਨ ਪੁੱਛੀ ਸਲਾਹਿ।੧੩।

੮੯. [ਗੁਰਦਾਸਪੁਰ ਘਿਰਿਆਂ ਦੀ ਦੁਖ ਦਸ਼ਾ]

ਦੋਹਰਾ: ਸਿਖ ਜੋ ਸਿਦਕੀ ਥੇ ਰਹੇ ਤਿਨ ਚਿਤ ਯੌਂ ਲਈ ਧਾਰ।
'ਔਰ ਬਾਤ ਅਬ ਨਹਿੰ ਭਲੀ ਭਲੀ ਮੌਤ ਇਸ ਨਾਰ'।੧੪।
ਭੁੱਖਨ ਕੇ ਤਨ ਸੁਕ ਗਏ ਰਹੇ ਸੁ ਸਸਕਤ ਪ੍ਰਾਣ।
ਲਖੀ ਨ ਹਿੰਮਤ ਸਿਖਨ ਮੇਂ ਤੁਰਕ ਢੁਕੇ ਢਿਗ ਆਣ।੧੫।

ਚੌਪਈ: ਤੌ ਢਿਗ ਢੁਕ ਉਨ ਪਾਯੋ ਘੇਰੋ। ਨੀਹਲ ਕੰਧ ਢੁਕ ਬਹੇ ਚੁਫੇਰੋ।
ਸੋ ਸੁਨੀਓਂ ਅਬ ਭੁਖ ਕਹਾਣੀ। ਗੁਰਦਾਸਪੁਰੈ ਮਧਜਿਮੈਂ ਬਿਹਾਨੀ।੧੬।
ਇਕ ਟੁਕੜੋ ਕੋਈ ਬਾਹਰੋਂ ਗੇਰੈ। ਤਿਸਕੌ ਚਿਮਰੈਂ ਚਾਰ ਚੁਫੇਰੈ।
ਜੂਠ ਸੂਚ ਕੋਊ ਪੁਛੈ ਨ ਬਾਤ। ਨੀਚੋਂ ਖੋਸ ਊਚ ਲੇ ਖਾਤ।੧੭।
ਤ੍ਰਬੁਜ ਖ੍ਰਬੁਜ ਕੋ ਖੋਪਰ ਬਗਾਹੈਂ। ਇਕ ਇਕ ਪਰ ਗਿਰ ਦਸ ਦਸ ਪਾਹੈਂ।
ਜੋ ਕੋਊ ਨੀਚਜੋਂ ਟੁਕੜਾ ਦਿਖਾਵੈ। ਕੰਧੋਂ ਡਿਗ ਡਿਗ ਉਸ ਵਲ ਪਵੈਂ।੧੮।
ਰੋਟੀ ਸੋ ਉਨ ਚੰਦ ਦਿਸਾਵੈ। ਹੱਥ ਉਠਾਵੈਂ ਹਥ ਨਹਿੰ ਆਵੈ।
ਜਿਤੀ ਬਾਤ ਊਹਾਂ ਭੁਖ ਕੀ ਭਈ। ਸੋ ਸਭ ਹਮ ਤੇ ਲਿਖੀ ਨ ਗਈ।੧੯।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸੋ ਭੀ ਬੰਦੈ ਤੇ ਸੰਗੈਂ ਅੰਦਰ ਦੇਹਿੰ ਨ ਪੈਰ।
'ਮਤ ਕਤ ਕਰੈ ਸੁ ਛਲ ਕੋਊ ਹੁਇ ਜਾਇ ਬਿੱਲਿਓਂ ਸ਼ੇਰ'।੨੦।

ਚੌਪਈ: ਤੌ ਭੀ ਬੰਦੇ ਨਿਕਟ ਨ ਆਵੈਂ। ਜਨ ਉਨ ਭੂਖੇ ਬੰਦੋ ਹੀ ਖਾਵੈ।
ਬੰਦੇ ਤੇ ਯੌ ਡਰੈਂ ਤੁਰਕਾਨ। 'ਮਰਜੋ ਸ਼ੇਰ ਮਤ ਲੈ ਉਠੇ ਪ੍ਰਾਨ'।੨੧।
ਬੰਦੇ ਤੇ ਇਤਿ ਬਿਧਿ ਵੈ ਡਰੈਂ। 'ਮਤ ਕਤ ਔਰ ਬੰਦਈ ਆ ਪਰੈਂ'।
ਕਈ ਕਹੈਂ 'ਕੁੰਡ ਬੰਦੈ ਬਣਾਈ। ਸੁਪਨ ਜਿਮ ਆਪ ਮਰੈਂ ਸਿੰਘ ਆਈ।੨੨।
ਜੇ ਕੋ ਬੰਦੇ ਪੈ ਖਰਚ ਪੁਚਾਵੈ। ਫਿਰ ਬੰਦੋ ਨਹਿੰ ਹਮ ਹਥ ਆਵੈ।
ਜੈਸੇ ਪਿਆਸੇ ਮੁਖ ਪਰੇ ਪਾਨੀ। ਪਯਾਸ ਮਿਟੈ ਹੋਵੈ ਸਵਧਾਨੀ।੨੩।

ਦੋਹਰਾ: ਜੈਸੇ ਡਡੂ ਹੁਇ ਪਰਜੋ ਜੇਠ ਘਾਮ ਮੁਰਝਾਇ।
ਬਰਖਾ ਪਰਤੇ ਸਾਰ ਹੀ ਹੋਵਤ ਸਭ ਜੀਵਾਇ'।੨੪।

ਤੁਰਕ ਦਲੀਲਾਂ ਬਹੁ ਕਰੈਂ ਕਰ ਕਰ ਯੌ ਸੰਕਾਹਿੰ।
'ਮਤ ਕਤ ਖਾਲਸ ਆ ਰਲੈ ਆਕੀ ਹੁਇ ਗੜ੍ਹ ਮਾਂਹਿ।੨੫।

ਚੌਪਈ: ਅਬ ਇਨ ਕੋ ਕਿਮ ਥੋੜੇ ਕਰੋ। ਮਾਰ ਕੂਟ ਕਰ ਬਾਹਰ ਨਿਕਰੋ।
ਥੋੜੇ ਕਰ ਬੰਦੇ ਫੜ ਲਯੋ। ਤੌ ਦਿੱਲੀ ਫੜ ਭੇਜਹਿ ਦਯੋ'।੨੬।
ਯੌ ਤੁਰਕਨ ਮਿਲ ਗਲ ਠਹਿਰਾਈ। 'ਏਕ ਓਟ ਦਜੋ ਰਾਹ ਕਢਾਈ'।
ਇਮ ਕਹਿ ਤੁਰਕ ਦਿਵਾਯੋ ਹੋਕੋ। 'ਰਸਤੋ ਲਿਹੋਐ ਨਿਕਲ ਜਾਹੁ ਲੋਕੋ!'।੨੭।
ਛਡ ਛਡ ਸ਼ਸਤਰ ਲਾਗੇ ਜਾਣ। ਭੁਖ ਕੀਏ ਥੇ ਲੋਕ ਹਰਾਣ।
ਸਿਖ ਸਿਦਕੀ ਕਛੁ ਥੋੜੇ ਰਹੇ। ਛਡ ਹਥਿਆਰ ਸੋਊ ਪੈ ਰਹੇ।੨੮।
ਜੋ ਕੋਊ ਉਨ ਛੇੜਜੋ ਚਹੈ। ਇਕ ਕੀ ਜਗਾ ਅਗਜੋਂ ਦਸ ਕਹੈਂ।
ਮਝੈਲ ਅੜਬਾਈ ਛੋਡੈਂ ਨਾਂਹਿ। ਲੜਨ ਮਰਨ ਤੇ ਨਹਿੰ ਸੰਕਾਹਿ।੨੯।

ਦੋਹਰਾ: ਰੱਸੀ ਜਲੀ ਨ ਵਟ ਜਲਜੋ ਬਲ ਗਯੋ ਨ ਗਯੋ ਗੁਮਾਨ।
ਸ਼ਸਤਰ ਛੁਟੇ ਨ ਬਲ ਛੁਟਜੋ। ਐਮ ਮਝੈਲ ਜੁਆਨ।੩੦।
ਲਰਨੇ ਤੇ ਵੈ ਕਜ਼ਾ ਡਰੈਂ ਰਹੇ ਸਾਸ ਉਨ ਢੂਕ।
ਇਮ ਭੀ ਉਨਕੋ ਨਹਿੰ ਛਡੈਂ ਯਾ ਮੈਂ ਥੋ ਨਹਿੰ ਲੂਕ।੩੧।

ਚੌਪਈ: ਉਨਕੀ ਸੂਰਤ ਤੇ ਡਰ ਲਾਗੇ। ਜਨ ਕਰ ਗੋਰੋਂ ਨਿੱਕਲ ਭਾਜੇ।
ਊਪਰ ਹਡ ਨਹਿੰ ਦੀਸੈ ਮਾਸ। ਜਨ ਏ ਮੁਏ ਭਰਤ ਹੈਂ ਸਾਸ।੩੨।
ਬਿਨ ਸਾਸਨ ਜਨੁ ਮੁਰਦੇ ਤੋਰੇ। ਭਾਨਮਤੇ ਜਨ ਜਾਦੂ ਜੋਰੇ।
ਤਨ ਕੀ ਹੱਡੀ ਸਭ ਦਿਸ ਪਾਹਿੰ। ਫੂਕ ਮਾਰੀ ਤੇ ਜਨੁ ਉਡ ਜਾਹਿੰ।੩੩।
ਜਨ ਕਰ ਕਾਗਜ ਗੁਡੀ ਬਨਾਈ। ਸਾਥ ਪਵਨ ਕੇ ਉਡ ਉਡ ਆਈ।
ਕਈ ਕਹੈਂ 'ਉਨ ਮੈਂ ਨਹੀਂ ਮਾਸ। ਹਮ ਦੇਖ ਆਯੌ ਉਨ ਜਾਕਰ ਪਾਸ।੩੪।
ਐਸੀ ਦਸ਼ਾ ਉਨ੍ਹੈਂ ਪੈ ਆਈ। ਮਰਨੋਂ ਪਰੇ ਜੀਵਤ ਗਤ ਪਾਈ'।
ਔਰ ਲਿਖਤ ਕਿਛ ਬਨੈ ਨ ਬਾਤ। ਹਿਯ ਤੜਫੈ ਸੁਨ ਚਿਤ ਕੰਪਾਤ।੩੫।

ਬੰਦੈ ਕੀ ਗਤ ਹਮ ਨਹਿੰ ਜਾਨੀ। ਕਬ ਖਾਇ ਅਨਾਜ, ਕਬ ਪੀਐ ਪਾਨੀ।
ਜੋ ਕੋਊ ਪੁਛੈ ਕਹਿ 'ਬ੍ਰਤ ਮੈਂ ਰਾਖਾ'। ਦੇਖਤ ਲੋਕਨ ਉਨ ਕੁਛਚਾਖਾ।੩੬।
ਕੋਈ ਕਹੈ 'ਉਸ ਦੇ ਜਾਹਿੰ ਬੀਰ'। ਕੋਊ ਕਹੈ 'ਉਸ ਤਪੀਓ ਸਰੀਰ'।
ਕੋਊ ਕਹੈ 'ਉਸ ਬੂਟੀ ਖਾਈ। ਜਾਂਤੇ ਉਸ ਭੁਖ ਗਈ ਤਜਾਈ'।੩੭।

ਪ੍ਰਸੰਗ ਬੰਦੇ ਕੈ ਫੜਨੇ ਕੋ ਲਿਖ੍ਯਤੇ

੮੭. [ਬੰਦਾ ਕੈਦ ਕਰਕੇ ਦਿਲੀ ਭੇਜਿਆ]

ਦੋਹਰਾ: ਤਬ ਬੰਦੇ ਸੱਦ ਸਿੱਖ ਸਭ ਐਸੇ ਕਹਯੋ ਉਚਾਰ।
'ਅਬ ਹਮ ਤੁਰਕਨ ਸਿਰ ਦੇਵੈਂ ਸੁਟ ਦੇਵੋ ਹਥਿਆਰ'।੧।

ਚੌਪਈ: ਸੋਊ ਬਾਤ ਸਿੱਖਨ ਮੰਨ ਲਈ। ਕਿਨੈ ਨ ਅਗਯੋਂ ਗਲ ਉਲਟਈ।
ਜਾਇ ਸਕਯੋ ਜੋ ਬੰਦੈ ਪਾਸ। ਧਰੇ ਸ਼ਸਤ੍ਰ ਜਾ ਅੱਗੇ ਤਾਸ।੨।
ਬਡੈ ਦ੍ਵਾਜੇ ਸੋ ਦਏ ਖੋਲ। 'ਕੋਊ ਮਾਰੋ ਹਮ' ਉਨ ਕਹਯੋ ਬੋਲ।
ਕਈਅਨ ਸ਼ਸਤਰ ਉਨ ਵਲ ਫੈਂਕੇ। ਕਈਅਨ ਭੰਨ ਸਾੜੇ ਠੈਂਕੇ।੩।

ਦੋਹਰਾ: ਤਬ ਨਿਬਾਬ ਨੇ ਸੁਨ ਲਈ ਕਹੀ ਜੁ ਬੰਦੈ ਬਾਤ।
ਖੁਸ਼ੀ ਭਈ ਸ਼ਾਦੀ ਅਈ ਮਨ ਮੈਂ ਸੋ ਗਰਬਾਤ।੪।

ਛੰਦ: ਸ਼ਸਤ੍ਰ ਸੁਟਾਏ। ਨਵਾਬ ਸੁਨ ਪਾਏ।
ਨਿਬਾਬ ਗ੍ਰਬਾਯੋ। ਨਹਿੰ ਅੰਗ ਸਮਾਯੋ।੫।
ਤਿਨ ਲੋਕ ਸਦਾਏ। ਵਲ ਬੰਦੈ ਘਲਾਏ।
'ਬੰਦੈ ਫੜ ਲਯਾਓ। ਨਹਿੰ ਦੇਰ ਲਗਾਓਂ'।੬।

ਦੋਹਰਾ: ਫਿਰ ਨਿਬਾਬ ਸਭ ਸਦ ਕਹਯੋ ਥੇ ਜਿਤਨੇ ਫੁਜਦਾਰ।
'ਬੰਦੈ ਸ਼ਸਤਰ ਸੁਟ ਦਏ, ਉਸ ਮਾਰਨ ਨਹਿੰ ਦਰਕਾਰ'।੭।

ਛੰਦ: ਸੋ ਸੁਨ ਕੇ ਦੌੜੇ। ਕਈ ਲੁੱਟਨ ਧੌੜੇ।
ਉਨ ਇਮ ਸਿਖ ਜਾਤੇ। ਜਨ ਊਂਘੇ ਮਾਤੇ।੮।

ਚੌਪਈ: ਲੀਯੋ ਚੁਫੇਰਿਯੋਂ ਚੁਬਾਰੋ ਘੇਰ। ਤੌ ਭੀ ਦਿਸੇ ਉਸ ਸਮਕਤਿ ਸ਼ੇਰ।
ਡਰ ਕਰ ਕੋਊ ਨੇਰ ਨ ਆਵੈ। ਭੈ ਕਰ ਮਨ ਮੈਂ ਬਹੁ ਸੰਕਾਵੈਂ।੯।

ਦੋਹਰਾ: ਢੁੱਕ ਚੁਬਾਰੇ ਢਿਗ ਖੜੇ ਅੰਦਰ ਬੜਨੋ ਸੰਕਾਹਿੰ।
ਚੁਪ ਕੀਤੇ ਬੰਦੇ ਦੇਖ ਕੈ ਤੌ ਜਾਇ ਫੜੀ ਤਿਹ ਬਾਂਹਿ।੧੦।

ਚੌਪਈ: ਫੜ ਬੰਦੇ ਕੋ ਬਾਹਰ ਲਯਾਏ। ਲੋਹ ਪਿੰਜਰੇ ਤਬ ਲਯੋ ਪਾਏ।
ਔਰ ਸੰਗਲ ਥਾਇ ਚਾਰ ਅੜਾਏ। ਪਗ ਬੇੜੀ ਗਲ ਤਖਕ ਘਤਾਏ।੧੧।
ਹੱਥ ਹਥੌੜੀ ਲੱਕ ਜੰਜੀਰ। ਬੰਦਾ ਬੰਧਯੋ ਇਤ ਤਤਬੀਰ।
ਦੋਇ ਤਰਫ ਦੁਇ ਮੁਗਲ ਖਹਾਏ। ਨਾਲ ਉਸੈਕੇ ਉਇ ਨਰੜਾਏ।੧੨।

Sri Satguru Jagjit Singh Ji eLibrary NamdhariElibrary@gmail.com

ਕਹੈਂ 'ਬੰਦਾ ਮਤ ਜਾਵੈ ਉੱਡ'। ਨਾਲ ਹੱਡੈ ਦਏ ਸੰਗਲ ਰੱਡ।
ਤੋਰ ਦੀਓ ਸੋ ਦਿੱਲੀ ਰਾਹੁ। 'ਛੋਟੀ ਖੜੀ ਲਜੋ ਮਜਲੀਂ ਲਾਹਿ'।੧੩।
ਸਿੱਖ ਬੰਦੈ ਸੰਗ ਬੰਧ ਜੋ ਤੋਰੇ। ਦੁਇ ਦੁਇ ਇਕ ਇਕ ਬੇੜੀ ਜੋੜੇ।
ਇਕ ਪਾਸਨ ਉਨ ਕੇ ਹਥ ਜੋੜੇ। ਇਕ ਇਕ ਛੋਡੇ ਕਿਹਿਆ ਲੋੜੇ।੧੪।

ਦੋਹਰਾ: ਤੌ ਭੀ ਗੱਡਜਨ ਪਰ ਬੰਦੇ ਦੀਨੋਂ ਰਿਜਕ ਲਗਾਇ।
ਭੁੱਨਾਂ ਕੱਚਾ ਜਿਮ ਬਨੈ ਤਿਮ ਸਿਖ ਲਵੈਂ ਖਾਇ।੧੫।

ਚੌਪਈ: ਸਬ ਹੀ ਪਕੜੇ ਸਾਥੇ ਜਾਇਂ। ਪੜ੍ਹੈਂ ਬਾਣੀਆਂ ਨਹਿਂ ਸੰਕਾਹਿਂ।
ਇਕਤ ਹਥ ਤੇ ਰਬਾਬ ਬਜਾਵੈਂ। ਸ਼ਸਤ੍ਰ ਗਿਰੇ ਉਨ ਚੁਕੇ ਨ ਜਾਵੈਂ।੧੬।
ਸਬਦ ਪੜ੍ਹੈਂ ਜੋ ਮਰਨੇ ਵਾਰੇ। ਜੀਵਣ ਝੂਠੋ ਸਬਦ ਉਚਾਰੇਂ।
'ਸਾਧੋ ਯਹ ਮੁਰਦਨ ਕੋ ਗਾਉਂ; ਯਾ ਜਗ ਮੈਂ ਕੋਊ ਰਹਨ ਨ ਪਾਊ।੧੭।
ਸਿਦਕ ਸਬੂਰੀ ਜਿਸ ਪੈ ਰਹੀ। ਸੱਦ ਮਜੂਰੀ ਤਿਸੈ ਕਮਈ'।
ਇਮ ਕਰ ਦੁਖਕੋ ਸੁਖ ਕਰ ਮਾਨਾ। ਜੀਵਨ ਤਜ ਬਹਿ ਮਰਨ ਮਨ ਠਾਨਾ।੧੮।
ਸ਼ਬਦਨ ਪੜ੍ਹੈਂ ਕਰੈਂ ਅਰਦਾਸ। ਦੁਸ਼ਟ ਤੁਰਕਨ ਕੋ ਆਖੈਂ ਨਾਸ਼।
'ਜਹਿਂ ਜਹਿਂ ਖਾਲਸੇ ਹੁਇ ਪਰਗਾਸ। ਖਾਲਸੈ ਨਿਬਾਹੁ ਹੈ ਕੇਸੀਂ ਸਾਸ'।੧੯।
ਤੁਰਕ ਸੁਣੈਂ ਸੁਣ ਗੁੱਸਾ ਕਰੈਂ। ਮਰਨ ਮੰਗੈਂ ਸਿੰਘ ਸੋ ਕਤ ਡਰੈਂ।
ਕਮਾਵੈਂ ਸਿਦਕ ਨ ਕਿਸ ਤੇ ਡਰਹੀਂ। ਏਕ ਆਸ ਪਰਮੇਸ਼ਰ ਕਰਹੀਂ।੨੦।

ਦੋਹਰਾ: ਢਿਗ ਸੂਹਿੰਦ ਡੇਰੋ ਪਯੋ ਸਿੰਘ ਤੋਰੇ ਮੱਧ ਬਜਾਰ।
ਜਿਨਕੇ ਸਿੰਘਨ ਘਰ ਲੁਟੇ ਤਬ ਦੇਖ ਦੇਹਿਂ ਉਨ ਗਾਰ।੨੧।

ਚੌਪਈ: ਸ਼ਬਦ ਪੜ੍ਹਤ ਸਿੰਘ ਜਾਹਿਂ ਬਜਾਰ। ਲੋਕ ਦੇਖ ਉਨ ਦੇਵੈਂ ਗਾਰ।
ਸਿੰਘਨ ਕਬ ਨਿਜ ਬਾਨ ਬਿਸਾਰੀ। ਇਕ ਕੀ ਸੌ ਸਿੰਘ ਦੇਵੈਂ ਗਾਰੀ।੨੨।
ਫਿਰ ਸ਼ਹਿਰੀ ਫੜ ਢੀਮਨ ਡਟੇ। 'ਹਮਰੇ ਘਰ ਤੁਮ ਲੂਟ ਸੁ ਲਏ'।
ਸਿੰਘ ਕਹੈਂ 'ਹਮ ਅਬ ਕਬ ਟਲੈਂ'। ਡਿਗ ਪੜ ਗੱਡਜਨ ਤੇ ਭਏ ਖਲੇ।੨੩।
ਮਰਨ ਕੀਓ ਥੋ ਸਿੰਘਨ ਪ੍ਰਵਾਨ। ਨਹਿਂ ਸਿੰਘ ਛਡਤ ਦੰਗੇ ਕੀ ਬਾਣ।
ਦੰਗਾ ਸਿੰਘਨ ਜਾਤ ਸੁ ਗੋਤ; ਦੰਗਾ ਸਿੰਘਨ ਕੀ ਓਤ ਪੋਤਿ।੨੪।
ਬਿਨ ਦੰਗਜੋ ਸਿੰਘ ਗੁਜਰ ਕਬ ਹੋਇ; ਕਰੇ ਦੰਗਾ ਜੋ ਸਿੰਘ ਭਏ ਸਇ।
ਸ਼ੇਰ ਬਘਜਾੜ ਔ ਬਹਰੀ ਬਾਜ। ਬਿਨ ਦੰਗਜ ਕਥਿ ਹੁਇ ਇਨ ਕਾਜ।੨੫।

ਦੋਹਰਾ: ਹੁਤੀ ਸ਼ੀਰਣੀ ਜਿਹ ਹਟੀ ਸਿੰਘ ਟੱਪ ਸੁ ਤਹਿਂ ਗਿਰ ਪਾਹਿਂ।
ਮਾਰਤ ਕੂਟਤ ਲੋਕ ਉਨ ਰੌਲੋ ਮਚਾਵਤ ਜਾਹਿਂ।੨੬।

ਚੌਪਈ: ਸਿਪਾਹੀਅਨ ਸੋਟੇ ਮਾਰ ਲਏ ਘੇਰ। ਕਈ ਸਿੰਘ ਭਏ ਪ੍ਰਾਣ ਬਿਗੇਰ।
ਤਹਿਂ ਤੇ ਤੁਰ ਫਿਰ ਸ਼ਹਰਨ ਬਾਹ੍ਰੈ। ਸਰਾਂ ਰਸਤੇ ਮੈਂ ਡੇਰਾ ਡਾਰੈਂ।੨੭।

Sri Satguru Jagjit Singh Ji eLibrary NamdhariElibrary@gmail.com

ਇਸੀ ਭਾਂਤ ਲੇ ਡੇਰੇ ਪਹੁੰਚੇ। ਫਰੁਖਸੀਅਰ ਬਹੁ ਮਨ ਮੈਂ ਸੋਚੇ।
'ਹੈ ਬਦੋ ਯਹਿ ਬੁਰੀ ਬਲਾਇ। ਮਤ ਕਛੁ ਕਰੈ ਈਹਾਂ ਕਛੁ ਆਇ'।੨੮।
ਆਪ ਸ਼ਾਹਿ ਮਧ ਰਹਜੋ ਦਰਜਾਇ। ਜਬ ਲਗ ਬੰਦੋ ਮੁਯੋ ਨ ਥਾਇ।
ਬਹੁਤ ਕੁਰਾਨ ਕੋ ਪਾਸ ਪੜ੍ਹਾਵੈ। ਦਰੂਦ ਫਾਇਤੇ ਬਹੁਤ ਦਿਵਾਵੈ।੨੯।

ਬੰਦੇ ਕੋ ਮਰਨੇ ਕੋ ਪ੍ਰਸੰਗ

੮੮. [ਬੰਦੇ ਦੀ ਮੌਤ]

ਦੋਹਰਾ: ਨਲਿਏਰੇ ਬੰਦੋ ਜਬ ਪੁਜਜੋ ਸ਼ਾਹੁ ਸੁ ਬਹੁ ਕੰਪਾਇ।
'ਇਸੈ ਨ ਦਿੱਲੀ ਲਜਾਈਐ ਯਹਿ ਹੈ ਬੁਰੀ ਬਲਾਇ।੧।

ਚੌਪਈ: ਆਪ ਜਮਨਾ ਕੇ ਮਧ ਜਾ ਰਹਜੋ। ਬੰਦਾ ਜਮਨੈ ਉਰਾਰ ਰਖਯੋ।
ਊਹਾਂ ਬੰਦੇ ਕੋ ਅੰਧਾ ਕਰਾਯਾ।' ਤੌ ਨਲਏਰਜੌਂ ਅਗੈ ਤੁਰਾਯਾ।੨।
ਫਰੁਖਸੀਅਰ ਦਿਲ ਆਈ ਬਾਤ। 'ਬੰਦੇ ਮੁਏ ਬਿਨ ਸੁਖ ਨ ਬਿਹਾਤ।
ਸ਼ਾਹਿ ਬੰਦੇ ਪੈ ਮਨੁਖ ਘਲਾਏ। 'ਜੋ ਤੈਂ ਖਾਣੌਂ ਸੋ ਲੈ ਖਾਏ।੩।
ਅਪਨੀ ਮੌਤ ਦੇਹ ਤੂੰ ਆਖ। ਜਿਮ ਤੈਂ ਮਰਨੌਂ ਤਿਮ ਦੇਹਿ ਭਾਖ'।
ਤਬ ਬਦੈ ਯੌ ਉਤ੍ਰ ਬਤਾਯੋ। 'ਜਿਮ ਤੈ ਮਰਨੌਂ ਉਮ ਮੋਹਿ ਮਰਵਾਯੋ'।੪।
ਯੌ ਕਹਿ ਬੰਦਾ ਚੁਪ ਕਰ ਰਹਜੋ। ਕਹਿਣ ਵਾਲੇ ਤਿਸ ਉਮ ਆ ਕਹਜੋ।
ਬੰਦੈ ਕਹਜੋ ਸੁ ਉਨ ਸੁਨਿ ਲਯੋ। ਅਗੈ ਸੁਨੌਂ ਜਿਮ ਸਿਰ ਦੂਹੂ ਭਯੋ।੫।

ਦੋਹਰਾ: ਅੰਧਾ ਕਰ ਬੰਦਾ ਰਖਜੋ ਫਰੁਖਸੀਅਰ ਬਹੁ ਰੋਜ।
ਜਿਮ ਪਾਛੇ ਦੋਊ ਮਰੇ ਸੁਨੌਂ ਸੁ ਵਾਂਕੇ ਖੋਜ।੬।
ਫਰੁਖਸੀਅਰ ਕਾਜੀ ਹੁਤੋ ਉਸੈ ਬਜੀਰੈ ਭ੍ਰਾਇ।
ਬੰਦੇ ਮਾਰਜੋ ਥੋ ਜੋਊ ਬੈਲਨ ਗੈਲ ਘਿਸਟਾਇ।੭।

ਚੌਪਈ: ਫਰੁਖਸੀਅਰ ਕਾਜੀ ਬਹਿਕਾਯੋ। 'ਬੰਦੈ ਮਾਰੇ ਬਿਨ ਹੋਗੁ ਪਛਤਾਯੋ।
ਹੁਇੰ ਬੰਦੈ ਸਿੱਖ ਜਗ ਮੈਂ ਰਹੇ। ਅਪਨੇ ਜੈਸੇ ਇਨ ਬਹੁ ਕਏ।੮।
ਉਡਨ ਵਿੱਦਜਾ ਇਨ ਕਈਅਨ ਦਈ। ਇਸ ਕੇ ਪੁਤ੍ਰ ਭੀ ਰਹਿ ਹੈਂ ਕਈ।
ਇਸ ਕੇ ਬਚੇ ਵੈ ਚਾਮਲ ਆਵੈਂ। ਇਮ ਮਾਰੇ ਵੇ ਲੁਕ ਛੁਪ ਜਾਵੈਂ।੯।
ਬੰਦੇ ਕੇ ਬਹੁ ਹੁਤੇ ਮੁਦਈ। ਇਕ ਕੀ ਗਲ ਉਨ ਬਨਾਈ ਕਈ।
ਫਰੁਖਸੀਅਰ ਤਬ ਕਾਜੀ ਬੁਲਾਏ। ਉਸੈ ਕਿਤਾਬੋਂ ਮਸਲੈ ਕਢਾਏ।੧੦।
ਤਬ ਕਾਜੀ ਨੈ 'ਬਦਲੋ' ਬਤਾਯੋ। ਵਾਂਗ ਬਜੀਰੈ ਚਹੀਐ ਘਿਸਟਾਯੋ।
ਮਗਰ ਘੋੜੇ ਕੇ ਦਿਹੋ ਬੰਧਾਇ। ਗਿਰਦ ਫਿਰਾਵੌਂ ਸ਼ਹਿਰੇ ਦਾਇ।੧੧।

ਦੋਹਰਾ: ਗਿਰਦੋ ਸ਼ਹਰ ਘੁਮਾਇਕੈ ਫਿਰ ਉਸ ਦੀਜੋ ਡਾਲ।
'ਐਸੋ ਕਾਮ ਸੁ ਜੋ ਕਰੇ ਉਸ ਹੋਵਣਾ ਯਹੀ ਹਵਾਲ'।੧੨।

Sri Satguru Jagjit Singh Ji eLibrary NamdhariElibrary@gmail.com

ਚੌਪਈ: ਕਾਜੀ ਕਹੀ ਕਰੀ ਸੋਊ ਸ਼ਾਹਿ। ਮਗਰ ਘੋੜੇ ਵੈ ਦਜੋ ਘਿਸਟਾਇ।
ਕਹੈ 'ਬੰਦੈ ਜਿਉਂ ਕੋਊ ਕਰੂਰ। ਵਾਂਗ ਬੰਦੈ ਦੇ ਸੋ ਫ਼ਿਰ ਭਰੂਰ'।੧੩।
ਇਮ ਕਹਿ ਬੰਦੋ ਦਜੋ ਮਰਵਾਇ। ਜਿਮ ਹਮ ਸੁਨਜੋ ਸੁ ਧਰਜੋ ਲਿਖਾਇ।
ਕੋਊ ਕਹੈ 'ਬੰਦੋ ਨਹਿੰ ਮੁਯੋ। ਭਈ ਨ ਮੜੀ ਸੋਊ ਉਡ ਗਯੋ'।੧੪।
ਹਮਰੈ ਦਿਲ ਯਿਹ ਬਾਤ ਨ ਆਈ। ਹੁਤੋ ਜੀਵਤ ਤੌ ਦੇਤ ਦਿਖਾਈ।
ਮਗਰੈ ਸਿਖ ਸਭ ਦੀਨੇ ਮਾਰ। ਘਸੀਟ ਕੂਟ ਔ ਕਰਿਕੇ ਖ੍ਵਾਰ।੧੫।
ਬਾਜ ਸਿੰਘ ਨੇ ਭਲੀ ਨਿਬਾਹੀ। ਮੁਏ ਬੰਦੈ ਸੰਗ ਚਾਰਉਂ ਭਾਈ।
ਆਲੀ ਸਿੰਘ ਔ ਸਲੋਦੀ ਵਾਲੇ। ਉਹ ਭੀ ਮੁਏ ਬੰਦੈ ਕੈ ਨਾਲੇ।੧੬।

ਦੋਹਰਾ: ਰਤਨ ਸਿੰਘ ਨੇ ਜੋ ਸੁਨੀ ਸੋ ਤੌ ਦੀਨੀ ਆਖ।
ਸਤ੍ਰੈ ਸੈ ਅਠੱਤਰੋ ਮਧ ਭਈ ਬੰਦੇ ਇਮ ਸਾਖ॥੧੭॥

੮੯. [ਬੰਦੇ ਦੇ ਲੋਪ ਹੋਣ ਬਾਬਤ ਪ੍ਰਸੰਗ*]

ਦੋਹਰਾ: ਅੱਗੈ ਰਹੀ ਸੁ ਕਹਾਂਗਾ ਸਾਖੀ ਬੰਦੇ ਕੀ ਲੋਪ।
ਜਿਮ ਮਰਕੈ ਭਜੋ ਜੀਵਤੋ ਗਯੋ ਰਹਜੋ ਜਿਮ ਗੋਪ।੧।

---

*ਇਨ੍ਹਾਂ ਦੋਹੁੰ ਛੰਦਾਂ ਦੀ ਥਾਵੇਂ ਇਕ ਲਿਖਤੀ ਨੁਸਖੇ ਵਿਚ ਹੇਠ ਲਿਖਿਆ ਲੰਬਾ ਪ੍ਰਸੰਗ ਹੈ ਜੋ ਇਸ ਪੁਸਤਕ ਦੀ ਪਹਿਲੀ ਐਡੀਸ਼ਨ ਵਿਚ ਨਹੀਂ ਸੀ, ਇਸ ਵਿਚ ਲੇਖਕ ਜੀ ਜੋ ਹਾਲ ਦੇਂਦੇ ਹਨ ਉਸ ਦੇ ਅੰਤ ਵਿਚ ਇਹ ਦੋਹਾ ਲਿਖਦੇ ਹਨ:-

ਜਿਤਨੀ ਖਾਤ ਅਸਾਂ ਸੁਨੀ ਸੋ ਤੋ ਧਰੀ ਲਿਖਾਇ।
ਕਿਛ ਔਰਨ ਕਿਤ ਅਪਨ ਤੇ ਵਡਿਅਨ ਤੇ ਸੁਨ ਪਾਇ।

ਸਾਰਾ ਪ੍ਰਸੰਗ ਇਸ ਪ੍ਰਕਾਰ ਹੈ-

ਦੋਹਰਾ: ਸੁਨੋ ਕਹਾਨੀ ਅਦਭੁਤੈ ਆਗੈ ਭਈ ਨ ਜੋਇ।
ਮੁਯੋ ਜੀਯੋ ਔਰ ਨਹਿੰ ਮੁਨਜੋ ਜੀਯੋ ਬੰਦੋ ਸੀਸ ਕਟੋਇ॥੧॥

ਚੌਪਈ: ਕਹੈਂ ਦਿੱਲੀ ਮੈਂ ਹਿੰਦੂ ਯੌਂ ਬਾਤ। 'ਮੁਯੋ ਨ ਬੰਦੋ ਕਿਤ ਗਯੋ ਉਡਾਤ।
ਹੁਤੀ ਸ਼ਕਤੀ ਸੋ ਮਨ ਮਾਂਹੀ। ਜੀਵਤ ਗਯੋ ਨਹਿੰ ਠੌਰ ਲਭਾਹੀ'।੨।
ਸੋ ਅਬ ਠੌਰ ਹਮੈਂ ਦਿਸ ਆਹੀ। ਤਿਸ ਮਿਲੇ ਪੋਤਰੇ ਜਿ ਜਨਮੇ ਜਾਈ।
ਫਤੇ ਸਿੰਘ ਔ ਭਾਗ ਸਿੰਘ ਦੋਈ। ਤਿਨਸੌਂ ਭੀ ਅੰਮ੍ਰਿਤਸਰ ਗੋਸ਼ਟ ਮੋਹੀ।੩।
ਹਮ ਕੋ ਹੁਤੀ ਅਤਿ ਚਿੰਤਾ ਭਾਰੀ। ਭਾਗ ਸਿੰਘ ਮਿਲ ਹਮੈਂ ਨਿਵਾਰੀ।
ਕਹੀ ਉਨੇ ਹਮ ਐਸੇ ਸੁਨੀ। ਸ਼ਹਰ ਨ ਨੇਰੇ ਐਸੇ ਹੁਨੀ।੪।
ਤੁਰਕਨ ਸਿਰ ਸਿਰ ਬੰਦੈ ਲਾਯੋ। ਜਿਮ ਚਾਹਜੋ ਤਿਮ ਕਾਟ ਗਿਰਾਯੋ।
ਪੁਨ ਤਿਨ ਚਹਜੋ ਦਯੈ ਦੇਸਨ ਖਿੰਡਵਾਇ। ਬੰਦ ਬੰਦ ਧਰੇ ਜੁਦੇ ਕਰਿਵਾਇ।੫।

[ਬਾਕੀ ਟੂਕ ਪੰਨਾ ੧੨੩ 'ਤੇ]

Sri Satguru Jagjit Singh Ji eLibrary NamdhariElibrary@gmail.com

ਚੌਪਈ: ਸੋ ਮੈਂ ਦੇਵਗੁ ਅਗੈ ਲਿਖਾਈ। ਜਿਹ ਠੌਰ ਢੂੰਡਤੇ ਮੈਨੋ ਪਾਈ।

[ਪੰਨਾ ੧੨੨ ਦੀ ਬਾਕੀ ਟੂਕ]

ਦੋਹਰਾ: ਜਹਿਂ ਹੁਤ ਖੌਫ ਬਡੋ ਸੁਨਜੋ ਦੇਸ਼ ਦਿਸੰਤਰ ਮਾਂਹਿ।
ਅਬ ਤਹਿਂ ਘਲ ਦਿਖਲਾਈਏ ਬੰਦੈ ਬੰਦ ਪਹੁੰਚਾਇ।੬।

ਚੌਪਈ: ਯਹੀ ਹੁਕਮ ਫਰਖਸ਼ੇਰਹ ਦਯੋ। ਯੌਂ ਕਹਿ ਮੱਧ ਸੰਦੂਕਨ ਠਯੋ।
ਉਸ ਪਰ ਦ੍ਰੋਗੇ ਕੀਏ ਨਿਗਵਾਨ। ਦੇਸ਼ ਵੰਡ ਕਹਜੋ ਤੋਰਜੋ ਅਗੁਵਾਨ।੭।
ਸੋ ਸੁਨੋ ਰਾਤ ਬੰਦੈ ਜੀ ਠਈ। ਬੋਲ ਦਰੋਗਨ ਸੌਂ ਯੌਂ ਕਹੀ:-
'ਯਹ ਸੰਦੂਕ ਅਬ ਹੀ ਫਟ ਜਾਇ। ਹਮਰੀ ਦੇਹ ਤੁਮ ਦੇਹੁ ਬਨਾਇ।੮।
ਨਹਿ ਬਨਵੋ ਤੌ ਅੰਧੇ ਹੋਵਹੁ। ਹੁਇ ਦੁਖੀਏ ਤੁਮ ਪ੍ਰਾਣ ਗੁਵੋਵਹੁ'।
ਸੋ ਸੁਨ ਉਨ੍ਹੈ ਕੁਛ ਆਕੜ ਕਈ। ਭਈ ਅੰਧੇ ਤੋ ਸਭ ਭੂਲ ਗਈ।੯।
ਤੌ ਦ੍ਰੋਗਨ ਕਹਜੋ 'ਹਮ ਆਂਧੇ ਦੱਯੈ। ਔਹ ਲੋਗਨ ਕੋ ਨਦਰ ਨ ਪੱਯੈ'।
ਸੋਊ ਬਾਤ ਬੰਦੈ ਜੀ ਕਈ। ਉਨ ਕੋ ਤਊ ਪ੍ਰਤੀਤਹਿ ਅਈ।੧੦।

ਦੋਹਰਾ: ਬੰਦੈ ਜੀ ਜਿਮ ਉਨ ਕਹਜੋ ਤਿਮ ਤਿਨ ਦਯੋ ਬਨਾਇ।
ਮੱਧ ਹਨ੍ਹੇਰੇ ਨਹਿਂ ਦਿਸੈ ਇਮ ਹਥ ਪਗ ਲਗੇ ਪਲਟਾਇ।੧੧।

ਚੌਪਈ: ਔਰ ਬੰਦੈ ਜੀ ਐਸ ਬਿਚਾਰੀ। ਜੌ ਹਮ ਬਨਾਵਹਿਂ ਦੇਹ ਸਭ ਕਾਰੀ।
ਤੌ ਲੋਕ ਕਹੈਂ ਕੋਊ ਹੈ ਪਾਖੰਡੀ। ਯੌ ਉਲਟੀ ਦੇਹ ਦਿਖਾਈ ਮੰਡੀ।੧੨।

ਦੋਹਰਾ: ਹੁਤੀ ਬੰਦੈ ਯੌਂ ਦਿਲ ਬਸੀ ਸਤਿਗੁਰ ਕਹਜੋ ਸਭ ਕੀਨ।
ਰਹੀ ਹੁਤੀ ਜੰਬੂ ਦਿਸੈ ਅਬ ਦਿਯੋ ਪਤਿਆਰੋ ਚੀਨ।੧੩।
ਬੰਦੋ ਜੀ ਤਹਿਂ ਤੇ ਉਡਜੋ ਫਿਰ ਪੁਜਜੋ ਜੰਮੂ ਕੈ ਸੋਇ।
ਜਗਾ ਖੂਬ ਮਨ ਮਾਨਤੀ ਲਖ ਬੈਠੋ ਤੁਰਤਹਿ ਤੋਇ।੧੪।

ਚੌਪਈ: ਤਹਾਂ ਜਾਇ ਕੁਛ ਗੁਪਤ ਬੀ ਰਹਜੋ। ਹੁਤੇ ਭੇਤੀ ਤੇ ਸੱਦ ਮਿਲਯੋ।
ਹੁਤੋ ਤਕਰਾਰ ਜਿ ਉਨਕੈ ਸਾਥਿ। ਸੱਭਿ ਪੁਜਾਈ ਉਨਕੀ ਬਾਤਿ।੧੫।
ਤਹਾਂ ਬੈਠ ਬਹੁ ਪਰਚੇ ਲਾਏ। ਬਹੁ ਲੋਕਨ ਕੇ ਮਨ ਪਤਿਆਏ।
ਜਿਸ ਹੁਤੇ ਬਚਨ ਕਹੇ ਆਪ ਹਜ਼ੂਰ। ਤਿਨਕੀ ਭੀ ਦਈ ਮਨਸਾ ਪੂਰ।੧੬।
ਕਿਤੈ ਹਜ਼ੂਰ ਖੀ ਆਪ ਕਹਾਵੈ। ਕਿਤੈ ਜ਼ੋਰਾਵਰ ਸਿੰਘ ਅਖਵਾਵੈ।
ਸ਼ਬਦੀ ਸਾਖੀ ਗੁਰ ਕੀ ਜੋਈ। ਪ੍ਰਗਟ ਬਨਾਇ ਸੁਨਾਵੈ ਤੋਈ।੧੭।

ਦੋਹਰਾ: ਅਗਮ ਨਿਗਮ ਕੀ ਬਾਤ ਜੋ ਮੋ ਸਭ ਦਏ ਬਤਾਇ।
ਬਹੁਤ ਪ੍ਰਚੇ ਤਿਸ ਥਾਂ ਲਏ ਗੁਰ ਬੀ ਆਪ ਅਖਾਇ।੧੮। ਇਤੀ।

[ਬਾਕੀ ਦੀ ਟੂਕ ਪੰਨਾ ੧੨੪ 'ਤੇ]

Sri Satguru Jagjit Singh Ji eLibrary NamdhariElibrary@gmail.com

ਜੱਸੂ ਢਿਗ ਹੁਤ ਫਲਾਨ ਗ੍ਰਾਮ। ਜਹਿ ਸੋਢੀ ਬਾਵੈ ਫਤੇ ਸਿੰਘ ਭਾਗ ਸਿੰਘ ਨਾਮ।

[ਪੰਨਾ ੧੨੩ ਦੀ ਬਾਕੀ ਟੂਕ]

ਦੋਹਰਾ: ਸੁਨੋ ਸਾਖੀ ਅਬ ਔਰ ਇਕ ਜਿਮ ਬੰਦੇ ਕੀਓ ਬਿਆਹ।
ਭਏ ਜੁ ਪੁੱਤਰ ਦੁਇ ਉਸੈ ਤੇਊ ਸੋਢੀ ਬੰਸ ਸਦਾਹਿ।੧।

ਚੌਪਈ: ਊਹਾਂ ਢਿਗ ਇਕ ਗ੍ਰਾਮ ਬਸਾਤ। ਭਯੋ ਬੰਦੋ ਜੀ ਤਹਿੰ ਕਿਤ ਜਾਤ।
ਤਹਾਂ ਬਸਤ ਥੋ ਕੋਊ ਹਾਛੀ ਕੁਲਹ। ਲਿਖੀ ਪੁੱਤਰੀ ਤਿਸ ਘਰ ਭਲਹਿ।੨।
ਤਿਮਕੈ ਮਾਤ ਪਿਤਹਿ ਸੱਦ ਕਹਿਓ। 'ਅਪਨੀ ਪੁੱਤ੍ਰੀ ਤੁਮ ਹਮਕੋ ਦਇਓ'।
ਯਹ ਸੁਨਿਕੈ ਉਨ ਗੁੱਸੇ ਕੀਓ। ਹਮ ਫਕੀਰਨ ਕੋ ਕਿਮ ਸਾਕ ਚਹੈਂ ਦੀਓ'।੩।
ਤੌ ਬੰਦੈ ਜੀ ਐਸ ਉਚਾਰੋ। 'ਤੁਮ ਹੋਵੋ ਅੰਧੇ ਹਮ ਬਚਨ ਨਿਵਾਰੋ।
ਜਬ ਲਗ ਤੁਮ ਮੋ ਮੰਨੋ ਨ ਸਾਕ। ਮਿਲੈਂ ਨ ਨੇਤਰ' ਯੌ ਦੀਓ ਆਖਿ।੪।
ਹੁਇ ਦੁਖੀਓ ਸਭ ਟੱਬਰ ਪਯੋ। ਤਊ ਸਾਕ ਉਨ ਨੈ ਮੰਨਿ ਲਯੋ।
ਬੰਦੇ ਜੀ ਯੌਂ ਕਹਯੋ ਉਚਾਰੇ। ਲਜਾਵੋ ਡੋਲਾ ਹਮਰੇ ਬਾਰੇ।੫।

ਦੋਹਰਾ: ਉਸ ਦਿਨ ਤੇ ਯੌ ਟਿਕ ਭਯੋ, ਪਰ ਘਰ ਬਜਾਹਨ ਨ ਜਾਹਿੰ।
ਆਗੈ ਉਨੈ ਉਲਾਦ ਬੀ ਘਰ ਹੀ ਡਲੇ ਮੰਗਾਂਹਿੰ।੬।

ਚੌਪਈ: ਜੋ ਬੰਦੈ ਜੀ ਭਈ ਉਲਾਦ। ਗੋਤ ਉਚਾਰੈਂ ਸੋਢੀ ਤਾਦ।
ਹਮ ਗੁਰੂ ਗੋਬਿੰਦ ਸਿੰਘ ਬੰਸੀ ਆਹੀਂ। ਇਮ ਕਰ ਸੋਢੀ ਬੰਸ ਅਖਾਹੀਂ।।੭।
ਤੌ ਬੰਦੇ ਘਰ ਬੇਟਾ ਭਯੋ। ਔਰ ਦਾਸੀ ਕੈ ਬੀ ਇਕ ਠਯੋ।
ਤੌ ਦਾਸੀ ਸੁਤ ਖੇਡਤ ਆਯੋ। ਬੰਦੈ ਜੀ ਉਸ ਯੌਂ ਫੁਰਮਾਯੋ।੮।
'ਤੂ ਭੀ ਖੇਡ ਜਾ ਭਾਈਅਨ ਸਾਥ'। ਯੌ ਸੁਨ ਦਾਸੀ ਬੋਲੀ ਬਾਤ।
'ਸੁਨੋ ਬਚਨ ਸੰਗਤ ਤੁਮ ਸਾਰੀ। ਭਾਈ ਸੌਂ ਖੇਲੋ ਯੌ ਮਾਲਕ ਉਚਾਰੀ।੯।
ਯਾ ਮੈ ਸੰਕ ਨ ਕੋਈ ਧਾਰਜੋ। ਸੱਤਿ ਬਚਨ ਯਹ ਮਾਲਕ ਉਚਾਰਜੋ'।
ਯੌ ਕਰ ਭੀ ਪਰਤੀਤਹਿ ਭਈ। ਉਸ ਭੀ ਸੁਤਹਿ ਬਡਜਾਈ ਭਈ।੧੦।

ਦੋਹਰਾ: ਜਿਤਨੀ ਬਾਤ ਅਸਾਂ ਸੁਨੀ ਸੋ ਤੋ ਧਰੀ ਲਿਖਾਇ।
ਕਿਛ ਔਰਨ ਕਿਛ ਅਪਨ ਤੇ ਵਡਿਅਨ ਤੇ ਸੁਨ ਪਾਇ।੧੧।

-o-

Sri Satguru Jagjit Singh Ji eLibrary NamdhariElibrary@gmail.com

ਫਰੁਖ਼ਸੀਅਰ ਪਾਤਿਸ਼ਾਹ ਕੇ ਮਾਰਨੇ ਕਾ ਪ੍ਰਸੰਗ

੯੦. [ਫਰੁਖ਼ਸੀਅਰ ਦੀ ਮੌਤ]

ਦੋਹਰਾ: ਸੋ ਭਈ ਗਲ ਪਾਤਿਸ਼ਾਹ ਕੀ ਬੰਦੈ ਆਖੀ ਸਾਤ।
ਫਰੁਖ਼ਸੀਅਰ ਅੰਧਾ ਕੀਯੋ ਰਲ ਦੁਇ ਸੱਯਦ ਭ੍ਰਾਤ।੧।

ਚੌਪਈ: ਹਸਨ ਖਾਨ, ਅਬਦੁੱਲਾ ਖਾਨ। ਕੀਯੋ ਕੈਦ ਓ ਤਖਤਹਿ ਠਾਨ।
ਕਿਤਕ ਰੋਜ ਇਸ ਭਾਂਤ ਬਿਤਏ। ਨੇੜੇ ਮਰਨ ਸ਼ਾਹਿ ਦਿਨ ਅਏ।੨।
ਬੰਦੈ ਬਚਨ ਹੋਣ ਬਿਧ ਸਾਤ। ਆਈ ਸ਼ਾਹ ਕੈ ਯਹ ਦਿਲ ਬਾਤ।
'ਲਈ ਘੋੜੀ ਥੀ ਲਾਇ ਜੁ ਪ੍ਰੀਤ। ਰਹਜੋ ਚੜ੍ਹਨ ਉਸ ਮੱਧੈ ਚੀਤ।੩।
ਇਕ ਦਿਨ ਕੀ ਅਸਵਾਰੀ ਨ ਕਰੀ। ਰਹੀ ਮਨੈ ਕੀ ਮਨ ਮੈਂ ਪਰੀ'।
ਲੋਕ ਕੁਸ਼ਾਮਦੀਅਨ ਕਹਿ ਦੀਯੋ। 'ਗਿਰਦੇ ਤਖਤ ਅਸਵਾਰੀ ਕਰ ਲਯੋ।੪।
ਅਗਜੋਂ ਪਕੜ ਲੇਵੈਂਗੇ ਹੋਰ। ਤਿਸ ਕੋ ਤੁਮ ਚੜ੍ਹ ਦੇਖਜੋ ਤੋਰ'।
ਫਰੁਖ਼ਸੀਅਰ ਕੈ ਸੋ ਦਿਲ ਆਈ। ਜ਼ੀਨ ਪਾਇ ਸੋ ਲਈ ਮੰਗਾਈ।੫।

ਦੋਹਰਾ: ਫਿਗ ਸ਼ਾਹਿ ਖੂਬ ਪੜਾਇ ਕੈ ਰਕਾਬੈ ਪੈਰ ਅੜਵਾਇ।
ਬੈਠੋ ਆਸਣ ਜਾਇ ਸੋ ਤੌ ਧੀਰੈ ਧੀਰ ਤੁਰਵਾਇ।੬।

ਚੌਪਈ: ਬੰਦੈ ਅਵਾਜ ਹੋਨਿ ਬਿਧਿ ਫੁਰੀ। ਛੁਟਿ ਘੋੜੀ ਇਮ ਹਥ ਤੇ ਤੁਰੀ।
ਉਪਰੋਂ ਆਨ ਇੱਲ ਇਕ ਪਰੀ। ਉਸਕੈ ਖੜਕ ਘੋੜੀ ਬਹੁ ਡਰੀ।੭।
ਘੋੜੀ ਉਪਰੋਂ ਸ਼ਾਹਿ ਗਿਰ ਪਰਾ। ਬਿੱਚ ਰਕਾਬੈ ਪੈਰ ਰਹਜੋ ਅੜਾ।
ਘੋੜੀ ਨੱਠੀ ਅੱਗੈ ਜਾਵੈ। ਮਗਰੇ ਸ਼ਾਹ ਘਸੀਟ ਪਲਮਾਵੈ।੮।
ਦੌੜੇ ਲੋਕ ਚੁਫੇਰਜੋਂ ਪਰੇ। ਤਿਮ ਤਿਮ ਘੋੜੀ ਬਹੁਤੀ ਡਰੇ।
ਘੋੜੀ ਕਰਿ 'ਮੁਹਿ ਦੇਉ ਲਗ ਰਹਜ'। ਸ਼ਾਹਿ ਘਸੀਟਤ ਹੀ ਮਰਿ ਗਯੋ।੯।
ਬੰਦੇ ਬਚਨ ਸੁ ਬਿਧ ਬਣਿ ਆਈ। ਦੋਇਨ ਮੌਤ ਸੁ ਇਕ ਸਮ ਪਾਈ।
ਰਤਨ ਸਿੰਘ ਥੀ ਜਿਮ ਕੰਨ ਪਰੀ। ਲਿਖ ਕਾਗਤ ਮੇਂ ਤਿਮ ਗਲ ਧਰੀ।੧੦।

ਦੋਹਰਾ: ਸੱਤ੍ਰੇ ਸੇ ਇਕਾਸੀਏ ਸਾਲ ਸੁ ਬਿੱਕ੍ਰਮ ਰਾਇ।
ਫਰੁਖ਼ਸੀਅਰ ਐਸੇ ਮਰਾ ਕੀਯੋ ਅਪਨੋ ਪਾਇ।੧੧।
ਮਾਲੀ ਨੇ ਜਬ ਸਭ ਸੁਨਜੋ ਬੰਦੇ ਕੋ ਪਰਸੰਗ।
'ਸੁਨੋਂ ਸੁ ਆਗੈ ਔਰ ਗਲ' ਉਨ ਚਿਤ ਵਧੀ ਉਮੰਗ।੧੨।
ਗਜਾਰਾਂ ਸੌ ਸੰਨ ਤੇਤੀਏ ਯੌ ਮੁਯੋ ਫਰੁਖ਼ਸੀਅਰ ਸ਼ਾਹਿ।
ਬਿੱਕ੍ਰਮ ਸਾਲ ਮਿਲਾਇਕੈ ਲੀਜੋ ਹਿਸਾਬ ਬਨਾਇ।੧੩।

Sri Satguru Jagjit Singh Ji eLibrary NamdhariElibrary@gmail.com

ਖਾਲਸੇ ਦਾ ਪ੍ਰਸੰਗ

੯੧. [ਬੰਦੇ ਦੇ ਪਿਛੋਂ ਖਾਲਸੇ ਦਾ ਹਾਲ]

ਦੋਹਰਾ: ਮਾਲੀ ਨੇ ਮੁਹਿ ਪੁੱਛਿਓ 'ਯਹ ਭੀ ਮੋਹਿ ਸੁਨਾਇ।
ਬੰਦੈ ਕੋ ਮਰਵਾਇ ਕੈ ਕਿਹ ਰਹਜੋ ਖਾਲਸੋ ਜਾਇ?'।੧।

ਚੌਪਈ: ਤੌ ਮਾਲੀ ਸੋਂ ਮੈਂ ਯੌਂ ਕਹਜੋ:-ਇਸੀ ਦੇਸ਼ ਮੈਂ ਖਾਲਸਾ ਰਹਜੋ।
ਖਾਜ ਦੇਸ਼ਨ ਜਿਮ ਪੰਛੀ ਰਹੇਂ। ਸਿੰਘ ਅਰਨ* ਮੈਂ ਜਿਮ ਮ੍ਰਿਗ ਬਹੈਂ।੨।
ਕਿਛੁ ਚਾਕਰ ਕਿਛ ਜਗੀਰੀ ਲਾਏ। ਕਿਛ ਧ੍ਰਮਸਾਲਨ ਕਿਛੁ ਬੁੰਗੇਂ ਬਹਾਏ।
ਕਿਤਨਨ ਖੇਤੀ ਮਾਫ ਕਰਾਈ। ਇਮ ਭੀ ਤੁਰਕਨ ਲਏ ਕਿਤਕੁ ਛਲਾਈ।੩।

ਦੋਹਰਾ: ਤੱਤ ਖਾਲਸੋ ਜੋ ਹੁਤੇ ਤਿਨ ਖਾਈ ਛਲਾਈ ਨਾਂਹਿ।
ਨੰਗ ਭੁੱਖ ਦੁਖ ਸਿਰ ਸਹੈ ਮਰਨੋਂ ਨਾ ਸੰਕਾਹਿਂ।੪।

ਚੌਪਈ: ਹੁਤੇ ਭੁਜੰਗੀ ਜੋਊ ਸ਼ੇਰ। ਭਏ ਨ ਤੁਰਕਨ ਤੇ ਵਹਿ ਘੇਰ।
ਰਹੇ ਝਾੜਨ ਔ ਝੁੰਡਨ ਮਾਂਹਿ। ਤੁਰਕਨ ਲੂਟ ਸੁ ਮਾਰਹਿਂ ਖਾਹਿਂ।੫।
ਹਾਹਿ ਤੁਰਕਨ ਕੋ ਤੁਰਨ ਨ ਦੇਹਿਂ। ਉਰਾਰ ਪਾਰ ਮਧ ਦਰਜਾਇ ਨ ਰਹਹਿਂ।
ਤੱਤ ਖਾਲਸੋ ਜੋਊ ਸਦਾਵੈ। ਮਰਨ ਮਾਰਨ ਤੇ ਨਹਿ ਸੰਕਾਵੈ।੬।

ਦੋਹਰਾ: ਹੁਤੇ ਬੰਦਈ ਜੁ ਬਚ ਰਹੇ ਤੁਰਕਨ ਕੋਲੋਂ ਲੁੱਕ।
ਸ਼ਰਨ ਆਏ ਤੇ ਰਖ ਲਏ ਭਏ ਜੁ ਖਾਲਸੈ ਰੁੱਕ।੭।

ਚੌਪਈ: ਪਰ ਬੰਦਈਅਨ ਦਿਲ ਕਪਟੋ ਰਹਜੋ। ਚਹੈਂ ਪੰਥ ਵਹੁ ਜੁਦੋ ਰਖਜੋ।
ਪੰਥ ਬੰਦਈਅਨ ਚਹੈਂ ਬਧਾਈ। ਸਿੰਘਨ ਸੋਂ ਰਹਿਂ ਵੈਰ ਕਮਾਈ।੮।

ਜੰਗ ਭੁਜੰਗੀਆਂ ਅਤੇ ਬੰਦਈਆਂ ਦਾ

੯੨. [ਭੁਜੰਗੀਆਂ ਤੇ ਬੰਦਈਆਂ ਦੀ ਨਾਚਾਕੀ]

ਦੋਹਰਾ: ਬੰਦਈਅਨ ਔਰ ਭੁਜੰਗੀਅਨ ਬਡੋ ਭਯੋ ਜਿਮ ਜੰਗ।
ਮਾਰੇ ਕੂਟੇ ਬਹੁ ਲੁਟੇ ਸੋ ਅਬ ਸੁਨੋਂ ਪ੍ਰਸੰਗ।੧।

ਚੌਪਈ: ਕਾਨ੍ਹ ਸਿੰਘ ਕਈ ਬੰਦਜੋਂ ਜੁਦਾਈ। ਲਈ ਤੁਰਕਨ ਸਜੋਂ ਬਾਤ ਬਨਾਈ।
ਰੁਪਜੋ ਪੰਜ ਸੈ ਨਿਤ ਲੈਣ ਠਹਿਰਾਯੋ। ਅਸਵਾਰ ਪੰਜ ਸੈ ਸਾਥ ਰਖਾਯੋ।੨।
ਨੀਲ ਬਸਤ੍ਰੀ ਸਿਰ ਚੱਕ੍ਰ ਸਜਾਵੈ। ਰਹਿਤ ਭੁਜੰਗੀ ਰੀਤ ਰਖਾਵੈ।
ਪੜ੍ਹੈ ਬਾਣੀ ਅਰਦਾਸੋ ਕਰੈ। ਦੰਗਜੋਂ ਫੰਗਜੋਂ ਨਹਿਂ ਸੋ ਟਰੈ।੩।
ਬਾਂਗੀ ਕਸਾਈ ਡੇਰੇ ਨ ਆਵੈ। ਦੂਰ ਤੁਰਕਨ ਤੇ ਡੇਰੋ ਰਖਾਵੈ।
ਰਹਿਣ ਅੰਮ੍ਰਿਤਸਰ ਥੋ ਕਰ ਲਯੋ। ਮੇਲਾ ਲਾਵਨ ਭੀ ਲਿਖ ਲਯੋ।੪।

*ਸ਼ੇਰਾਂ ਦੇ ਬਨ ਵਿਚ।

Sri Satguru Jagjit Singh Ji eLibrary NamdhariElibrary@gmail.com

ਟਕੇ ਆਵੈਂ ਜੁ ਚੜ੍ਹਤੀ ਮਾਂਹਿ। ਦੇਨੈ ਖਾਲਸੇ ਮੁਜਰੇ ਤਾਂਹਿ।
ਸਮੇਂ ਮੇਲੇ ਕੋ ਪਹੁੰਚਜੋ ਆਈ। ਕਾਹਨ ਸਿੰਘ ਲਿਖਜੋ ਸੰਗਤ ਤਾਈਂ।੫।
'ਹਮ ਤੁਰਕਨ ਸੋਂ ਕਰ ਲਈ ਗੱਲ। ਬੇਸ਼ਕ ਆਓ ਸ੍ਰੀ ਅੰਮ੍ਰਿਤਸਰ ਚੱਲ।'
ਲਹੌਰ ਪਸ਼ੌਰ ਔ ਦਿੱਲੀ ਤਾਈਂ। ਆਈ ਸੰਗਤ ਚੁਤਰਫੋਂ ਧਾਈ।੬।

ਦੋਹਰਾ: ਤੁਰਕਨ ਕੋ ਮੁਖ ਬੰਨ੍ਹ ਲਯੋ ਯੌ ਗਲ ਭਈ ਮਸ਼ਹੂਰ।
ਕਸਮ ਕੁਰਾਨ ਤੁਰਕ ਨ ਕਰੀ ਭਯੋ ਸਿਖਨ ਭਉ ਦੂਰ।੭।
ਸਿੰਘਨ ਔ ਤੁਰਕਨ ਨੇ ਜਬ ਕਰ ਲਯੋ ਕਰਾਰ।
'ਸੰਗਤ ਕੀ ਰਾਖੀ ਰਖੋਂ ਦੇਸ਼ ਤੁਰਕਨ ਲਿਖੇ ਇਸ਼ਤਿਹਾਰ।੮।

ਚੌਪਈ: ਤੁਰਕਨ ਲਿਖਜੋ ਨਿਜ ਠਾਣੇਦਾਰਨ। 'ਹੁਇ ਨਦੰਗੋ ਕਹੂੰ ਸੰਗਤ ਵਾਰਨ।
ਅੰਮ੍ਰਿਤਸਰ ਇਨ ਦਿਓ ਪਹੁੰਚਾਇ। ਰਖੋ ਹਿਫਾਜ਼ਤ ਇਨ ਕੋ ਰਾਹੁ।੯।

ਦੋਹਰਾ: ਦਸ ਹਜ਼ਾਰ ਦਮ ਲਿਖ ਹੁਤੇ ਸੋ ਜੋ ਮੇਲੇ ਮਾਂਹਿ।
ਦਸ ਦਿਨ ਲੌ ਮੇਲਾ ਰਹੈ ਰਖਜੋ ਹਿਫਾਜ਼ਤ ਤਾਂਹਿ'।੧੦।

ਸੋਰਠਾ: ਠਟੀ ਸਿਖਨ ਚਿਤ ਧਾਰ ਯਾਹੂ ਤੇ ਸੰਸੋ ਗਯੋ।
'ਮਰੈ ਜੁ ਸਤਿਗੁਰ ਦ੍ਵਾਰ ਜੀਵਨ ਤੇ ਮਰਨੋ ਭਲੋ'।੧੧।

ਚੌਪਈ: ਤਬ ਸਿਖ ਸੰਗਤ ਬਹੁ ਚਲਿ ਆਏ। ਆਨ ਚੜ੍ਹਾਵੈ ਬਹੁਤ ਚੜ੍ਹਾਏ।
ਦਰਬ ਬਹੁਤ ਸੋ ਚੜਤੀ ਕਰੀ। ਦੈ ਤੁਰਕਨ ਬਹੁ ਬਾਕੀ ਧਰੀ।੧੨।
ਦੇਖ ਬੰਦਈਅਨ ਜਲਤੀ ਆਵੇ। ਲਗੇ ਮੰਗਨ ਕਰ ਚੜ੍ਹਤੀ ਦਾਵੇ।
ਕਹਜੋ ਖਾਲਸੇ 'ਤੁਮ ਦਾਵੋ ਕਾਹਿ। ਤੁਮ ਹਮ ਮੇਲ ਰਖਜੋ ਕੋਊ ਨਾਂਹਿ।੧੩।
ਤੁਮ ਫਤੇ ਦਰਸ਼ਨੀ, ਹਮ ਗੁਰ ਕਹਿੰ ਫਤੇ। ਤੁਮ ਬਿਸਨੋਈ, ਹਮ ਚਾਰ ਬਰਨ ਮਤੇ।
ਤੁਮ ਸੂਹੇ ਪਹਿਰੋ, ਹਮ ਲਾਵੈਂ ਨ ਅੰਗ। ਹਮ ਪਹਿਰੈਂ ਸੁਰਮਈ, ਤੁਮ ਰਹੋ ਸੰਗ।੧੪।
ਨਹੀਂ ਅੰਮ੍ਰਿਤਸਰ ਤੁਮ ਕਹੂੰ ਥਾਂਇੰ। ਨਹਿੰ ਲਯੋ ਚੜ੍ਹਾਵੋ ਅਰੈ ਤੁਮਾਹਿ।
ਹੁਤੋ ਬੰਦਈਅਨ ਚਿਤ ਬਡ ਗਰਬ। 'ਖਨੁ ਗੁਬਿੰਦੇ ਕੀ ਸੰਗਤ ਸਰਬ।੧੫।
ਸਤਿਗੁਰ ਦੇ ਗਜੋ ਬੰਦੈ ਕਰਾਮਾਤ। ਕੋ ਰਹਜੋ ਨ ਸੋਢੀ ਕਰਨ ਜੋਗ ਬਾਤ'।
ਸਮਝੈਂ ਨ ਮੂਰਖ ਪੰਥ ਕੀਓ ਖਲਾ। ਯਾ ਮੈਂ ਪਾਈ ਸਭ ਗੁਰ ਕਲਾ।੧੬।

ਦੋਹਰਾ: ਤਬ ਗਲ ਉਨ ਕੀ ਨਹਿੰ ਪੁਜੀ ਭਈ ਦੂਏ ਮੇਲੇ ਪਰ ਗੱਲ।
ਦੰਗੇ ਕਰਨੋਂ ਉਨ ਠਟਜੋ ਬੰਦਈ ਉਤਰੇ ਤੌ ਇਕ ਵੱਲ।੧੭।

ਚੌਪਈ: ਬੰਦੱਯਨ ਡੇਰਾ ਇਕ ਵਲ ਲਾਯਾ। ਝੰਡੇ ਬੁੰਗੇ ਢਿਗ ਬਗਲ ਬਗਲਾਯਾ[1]।
ਕਿਤ ਰੌਣੀ ਕਿਤ ਬਾੜ ਗਡਵਾਈ। ਦਰਸ਼ਨੀ ਦਰਵਾਜੇ ਕੀ ਦਬ ਬਾਹੀ।੧੮।
ਕਿਤਨਨ ਛਾਏ ਛੱਪਰ ਛੰਨ। ਬਹੇ ਬੰਦਈ ਆਇ ਕਰ ਫੰਨਾਂ[2]।
ਉਤਵਲ ਡੇਰੇ ਬੰਦਈਅਨ ਕਰੇ। ਲਵੈਂ ਰਲਾਇ ਜੁ ਉਨ ਮੈਂ ਰਲੇ।੧੯।
ਬੰਦਈ ਸੰਗਤ ਯੌ ਬਧਤੀ ਭਈ। ਬਹੁ ਕਰਾਮਾਤ ਬਦਿਓਂ ਲਈ।
ਦੁਨੀਆਂ ਹੁਇ ਸਿਖ ਪ੍ਰੋਜਨ ਕਾਰਕ। ਗੁਰੂ ਕਰੋ ਹੁਇ ਪ੍ਰੋਜਨ ਸਾਰਕ।੨੦।

---

੧. ਵਲਗਣ ਵਲ ਲਿਆ।   ੨. ਆਕੜ ਨਾਲ।

Sri Satguru Jagjit Singh Ji eLibrary   NamdhariElibrary@gmail.com

ਬਹੁਤ ਸੰਗਤ ਬੰਦੇ ਕੀ ਭਈ। ਦੇਖ ਬੰਦਈਅਨ ਨਜ਼ਰ ਫੁਲ ਗਈ।
ਕਹੈਂ 'ਜੁਦੀ ਹਮ ਸੰਗਤ ਪੁਜਾਵੈਂ'। ਕਹੈਂ 'ਜੁਦੀ ਹਮ ਚੜ੍ਹਤੀ ਲਾਵੈਂ'।੨੧।

ਦੋਹਰਾ: ਤਬ ਖਾਲਸੈ ਯੌ ਮਨ ਮਥੀ 'ਏ ਭਏ ਦੰਗੇ ਨੂੰ ਤਯਾਰ।
ਅਕੈ ਤੌ ਲੜ ਇਨ ਕੋ ਮਾਰੋ ਅਕੈ ਤੌ ਮਨ ਬਹੋ ਹਾਰ'।੨੨।

ਚੌਪਈ: ਤੌ ਇਮ ਸਯਾਨਨ ਖਾਤ ਉਚਾਰੀ। ਭੁਜੰਗੀ ਦੰਗਈਅਨ ਯੌ ਚਿਤਧਾਰੀ।
'ਬੰਦਈਅਨ ਮੋਂ ਹਮ ਕਿਮ ਬਨੈ ਟਰਨੋ। ਰਖੇਂ ਪਾਤਸ਼ਾਹਨ ਸੌਂ ਹਮ ਲਰਨੋ।੨੩।
ਇਨ ਦੈ ਕੈ ਅਬ ਲਾਇ ਲੈਂ ਲੀਕ। ਇਨੌਂ ਹਿੱਸਾ ਟਿਕੈ ਗੁਰਦ੍ਵਾਰ ਨ ਠੀਕ।
ਨਵੀਂ ਗੱਲ ਹਮ ਲਗਨ ਨ ਦੇਹਿਂ।ਮਰਨ ਲਰਨ ਤੈ ਸੰਕ ਨ ਕਰੇਹਿਂ।੨੪।

ਦੋਹਰਾ: ਕਹੀ ਸਿਆਨਨ ਨੈ ਇਮੈ 'ਅਬ ਯੌਂ ਧੀਰ ਧਰਾਇ।
ਮੇਲੈ ਸੰਗਤ ਜੋ ਅਈ ਇਨ ਘਲ ਦੰਗਾ ਕਹਾਇ'।੨੫।

ਚੌਪਈ: ਤੌ ਬੰਦਈਅਨ ਸੌਂ ਖਾਲਸੇ ਕਹੀ। 'ਬਨੈ ਨਹੀਂ ਅਬ ਹਮ ਤੁਮ ਖਹੀ।
ਤੁਮ ਹਮ ਲੜ ਜੋ ਹੋਵਹਿਂ ਖ੍ਵਾਰ। ਤੁਰਕ ਲੇਹਿਂ ਸਭ ਸੰਗਤ ਮਾਰ।੨੬।

ਦੋਹਰਾ: ਜੈਸੇ ਚਿੜੀਆਂ ਦੁਇ ਲਰਤ ਲਏ ਬਿੱਲੀ ਮੁਹਿਂ ਪਾਇ।
ਤੈਸੇ ਹਮ ਤੁਮ ਲਰਤ ਲਖ ਤੁਰਕ ਪਰੈਂਗੇ ਆਇ'।੨੭।

ਚੌਪਈ: ਜਬ ਬੰਦਈਅਨ ਯੌ ਸੁਨ ਪਾਈ। ਉਨ ਚਿਤ ਆਈ ਅਤਿ ਗਰਬਾਈ।
'ਸਿੰਘ ਅਏ ਹੈਂ ਅਬ ਹਮ ਦਾਇ। ਤੁਰਕਨ ਸੌਂ ਇਨ ਦਈਏ ਤੁੜਾਇ।੨੮।
ਟਕੇ ਦੂਨੇ ਦੱਯੇ ਤੁਰਕਨ ਲਿਖਵਾਇ। ਇਮ ਕਰ ਦੱਯੇ ਇਨ ਪਿਠ ਤੁੜਵਾਇ।
ਤੁਰਕ ਲਾਲਚੀ ਦਰਬਹਿਂ ਕੇਰੇ। ਇਤ ਲਾਲਚ ਦੇ ਸਿੰਘਨ ਗੇਰੈਂ'।੨੯।

ਦੋਹਰਾ: ਤਬੈ ਬੰਦਈਅਨ ਲਿਖ ਦੀਓ ਲਾਲਚ ਤੁਰਕਨ ਲਾਇ।
'ਟਕੈ ਸੁ ਦੂਣੇ ਹਮ ਦਿਵੈਂ ਹਮ ਚੜ੍ਹਤੀ ਸਾਂਝ ਦਿਵਾਇ'।੩੦।

ਚੌਪਈ: ਤੁਰਕਨ ਚਹੀਅਤ ਥੀ ਇਹ ਬਾਤ। ਟਕੇ ਵਧੈਂ ਔ ਪੰਥ ਹੁਇ ਘਾਤ।
ਇਹ ਲਰ ਮਰੈਂ ਔ ਹੋਵਹਿਂ ਖ੍ਵਾਰ। ਇਤ ਲਾਲਚ ਲਗ ਗਜੋ ਠਾਣੇਦਾਰ।੩੧।
'ਮਿਟੈਂ ਬੰਦਈ ਜੁ ਦੰਗਜੋ ਨਾਂਹਿ'। ਸਿੰਘਨ ਜਾਨ ਲਈ ਮਨ ਮਾਂਹਿਂ।
'ਇਕੋ ਇਕੀ ਬਿਨ ਇਨ ਸੰਗ ਹੋਈ। ਹਮਰੋ ਖਯਾਲ ਨ ਛਾਡੈ ਕੋਈ।੩੨।

ਦੋਹਰਾ: ਭੁਜੰਗਨ ਸਿੰਘਨ ਯੌ ਠਟੀ ਜੋ ਕਿਛੁ ਹੋਇ ਸੁ ਹੋਇ।
ਕਰੋ ਸੁ ਚੰਡੀ ਭੇਟ ਇਨ ਤੁਰਕ ਬੰਦਈਅਨ ਦੋਇ।੩੩।

ਚੌਪਈ: ਕਾਨ੍ਹ ਸਿੰਘ ਜੀ ਫਿਰ ਬਚ ਕਹੈ। 'ਪ੍ਰਤੀਤ ਹਮਾਰੀ ਨਹਿਂ ਦੰਗੈ ਕੀਏ ਰਹੈ।
ਹਮ ਸੌ ਕੋਸਨ ਤੇ ਸਿਖ ਮੰਗਵਾਏ। ਦੰਗ ਮਹਿਂ ਵਹਿ ਜਾਇਂ ਮਾਨ ਗਵਾਏ।੩੪।
ਵਾਧ ਘਾਟ ਸਿਰ ਸਭ ਸਹਿ ਲੀਜੈ। ਮੇਲੇ ਮੈਂ ਨਹਿਂ ਦੰਗੋ ਕੀਜੈ।
ਜਬ ਮੇਲੋ ਹੁਇ ਰੁਖਸਦ ਭਾਈ। ਸੋ ਕਰ ਲੀਜੈ ਜੋ ਚਿਤ ਆਈ'।੩੫।

Sri Satguru Jagjit Singh Ji eLibrary NamdhariElibrary@gmail.com

ਦੰਗੇ ਦਾ ਪ੍ਰਸੰਗ

੬੩. [ਚਿਠੀਆਂ ਪਾਈਆਂ ਤੇ ਖਾਲਸੇ ਦੀ ਚਿੱਠੀ ਤਰੀ]

ਦੋਹਰਾ: ਮੇਲੋ ਰੁਖਸਦ ਜਬ ਭਯੋ ਚੜ੍ਹਤੀ ਚੜ੍ਹਾਇ ਦਰਬਾਰ।
ਬੰਦਈ ਸੁ ਮਾਂਗੈਂ ਅੱਧ ਹਿੱਸਾ ਤੁਰਕਨ ਕਰੀ ਸਹਾਰ।੧।

ਚੌਪਈ: ਹੁਤੋ ਦਰੋਗਾ ਤੁਰਕਨ ਜੋਈ। ਕਹਿ ਲਾਲਚ ਕੀਯੋ ਅਪਨੋ ਤੋਈ।
ਸੋਊ ਵਧਾਵਨ ਲਾਗੋਲਾਗ[1]। ਏ ਲਰ ਮਰੈਂ ਤਾਂ ਹਮ ਬਨੈਂ ਕਾਗ[2]।੨।
ਹੋਣ ਹਾਰ ਢੁਕ ਬੰਦਈਅਨ ਆਈ। ਸੁਨੋ ਸਿੱਖ ਤੁਮ ਗੁਰਮੁਖ ਭਾਈ।
ਜਿਮ ਜਿਮ ਖਾਲਸੋ ਟਰਤੋ ਜਾਵੇ। ਤਿਨ ਤਿਮ ਬੰਦਈ ਸਿਰ ਪਰਨੇ ਧਾਵੈ।੩।
ਕਹੈਂ 'ਖਾਲਸੋ ਅਬ ਜਾਇ ਹਾਰ। ਤੁਰਕਨ ਸੌਂ ਮਿਲ ਹਮ ਲੇਹਿੰ ਮਾਰ।
ਸਭ ਗੁਰਦ੍ਵਾਰਨ ਅੱਧ ਟਿਕਾਵੈਂ'। ਇਮ ਮਨ ਮਿਥਿ ਵਹਿ ਬਹੁ ਗਰਬਾਵੈਂ।੪।
'ਆਧਾ ਚੜ੍ਹਾਵਾ ਹਮ ਸੰਗਤ ਕੋ ਚੜ੍ਹਜੋ। ਇਮ ਹਮ ਦਾਵ੍ਹਾ ਆਧਾ ਕਰਜੋ'।
ਸਿੰਘ ਕਹੈਂ 'ਹਮ ਗੁਰ ਦਰਖਾਰ। ਇਹਾਂ ਬਨੇ ਨਹਿੰ ਤੁਮਰੀ ਕਾਰ।੫।

ਦੋਹਰਾ: ਫਤੇ ਦਰਸ਼ਨ ਤੁਮ ਛਡ ਰਲੋ ਪਾਹੁਲ ਪੀਓ ਸਰਬੰਗ।
ਬਰਨ ਸੰਗ ਮਿਲ ਬਹਿ ਛਕੋ ਕਹਾਵੋ ਪੰਥ ਭੁਜੰਗ'।੬।

ਚੌਪਈ: ਬੰਦਈਅਨ ਕੈ ਮਲ ਗਰਬੋ ਔਰ। ਉਇ ਚਾਹੈਂ ਬਿਸ਼ਨੋਈ ਚਲਾਯੋ ਤੌਰ।
'ਹਮਰੇ ਗੁਰ ਮੈਂ ਬਡ ਕਰਾਮਾਤ। ਹਮ ਸਰ੍ਹੋਂ ਜਮਾਵੈਂ ਊਪਰ ਹਾਥ।੭।
ਹੁਤੋ ਗੁਰੂ ਹਮ ਬਡ ਕਲਧਾਰੀ। ਸੌ ਕੌਸਨ ਕਰ ਜਾਇ ਉਡਾਰੀ।
ਦਰਸ਼ਨ ਛੈ ਜਗ ਮੱਧੇ ਆਦਿ। ਗੁਰੂ ਕਹਾਵੈਂ ਪਾਛਲ ਬਾਦ'।੮।
ਸਿੰਘਨ ਕਹੈਂ 'ਹਮ ਮੰਨੈਂ ਨ ਮੰਤ੍ਰ। ਤੇਗ ਆਗੈ ਕੋਊ ਚਲੈ ਨ ਤੰਤ੍ਰ।
ਹਮ ਸੌਂ ਲਰੋ ਮਦਾਨਹਿ ਮਾਂਹਿ। ਹਮ ਮੰਤ੍ਰ ਜੰਤ੍ਰ ਪਤਿਆਵੈਂ ਨਾਂਹਿ'।੯।
ਬਧਜੇ ਬਿਖਾਦ ਇਨ ਦੋਇਨ ਮਾਂਹਿ। ਘਰੀ ਪਲਕ ਮੈਂ ਜਨੁ ਮਰ ਜਾਂਹਿ।
ਭਾਈ ਬੁੱਢੇ ਕੇ ਔ ਸਾਲੋ ਕੇ ਹੋਤੇ। ਭਾਈ ਭਗਤੂ ਬਹਲੋ ਕੇ ਪੋਤੇ।੧੦।

ਦੋਹਰਾ: ਔਰ ਮਸੰਦਨ ਮੇਵੜਨ ਕਹਿ ਵਰਤਾਈ ਸ਼ਾਂਤ।
'ਹਿੰਦੂ ਲਰ ਮਰ ਜਾਇੰ ਜਿਮ ਤੁਰਕ ਚਹੈਂ ਵਹ ਬਾਤ'।੧੧।

ਚੌਪਈ: ਦੋਊ ਓਰ ਕੇ ਸਜਾਨੇ ਬੋਲੈਂ। 'ਜਿਮ ਸਭ ਖਚੈਂ ਬਾਤ ਕੋਊ ਟੋਲੈਂ।
ਜੋ ਤੁਮ ਮੰਨੋਂ ਹਮਾਰੀ ਸਲਾਹਿ। ਦੋਊ ਓਰ ਬਹੁ ਸ਼ਾਂਤ ਵਰਤਾਹਿੰ।੧੨।
ਕਰਤੇ-ਪੁਰਸ਼ ਪਰ ਰਾਖੋ ਖਾਤ। ਕਰਤਾ ਕਰੈ ਸੋਊ ਮੰਨ ਲਜੋ ਬਾਤ
ਹੈ ਸਭ ਹੱਥ ਸੁ ਕਰਤੈ ਜਾਨੋ। ਕਾਹੇ ਲਰ ਕਰ ਮਰਨੋ ਠਾਨੋ।੧੩।
ਲਿਖ ਦੁਇ ਚਿਠੀ ਦ੍ਰਬਾਰ ਰਖਾਵੋ। ਅਕੈ ਸੁ ਮੱਧ ਤਲਾਵਹਿ ਪਾਵੋ।
ਫਤੇ ਗੁਰੂ ਫਤੇ ਦਰਸ਼ਨਿ ਵਾਰੀ। ਜੋ ਤਰ ਆਵੈ ਸੋ ਲਜੋ ਧਾਰੀ।੧੪।

---

੧. ਪਾਠਾਂਤ੍ਰ—ਗਾਰ। ੨. ਪਾਠਾਂਤ੍ਰ—ਕਾਰ।

Sri Satguru Jagjit Singh Ji eLibrary NamdhariElibrary@gmail.com

ਡੂਬ ਜਾਇ ਤਿਸ ਦੂਰਹਿ ਕਰਜੋ। ਨਹਿਂ ਉਮ ਕੈ ਕੋਊ ਪੰਥ ਪ੍ਰਚੁਰਿਓ'।
ਤੁਰਕ ਕਹੈਂ 'ਜਾਵੈਂ ਦੋਊ ਡੂਬ। ਤੌ ਹਮਰੋ ਕੰਮ ਹੁਇ ਸਭ ਖੂਬ'।੧੫।

ਦੋਹਰਾ: ਦੁਇਨ ਬਾਤ ਇਹ ਮੰਨ ਲਈ ਉਪਰ ਰਖੀ ਕਰਤਾਰ।
ਪਤਿਸ਼ਾਹੀ ਕਰਨੀ ਖਾਲਸੇ ਸੋ ਕਿਮ ਹੋਵਗੁ ਟਾਰ।੧੬।

ਚੌਪਈ: ਹੋਈ ਖਾਲਸੈ ਦ੍ਰਿੜ੍ਹਤੋ ਚੀਤ। 'ਹਮ ਕੋ ਗੁਰ ਕੀ ਸੱਤਿ ਪ੍ਰਤੀਤ।
ਵਧੈ ਖਾਲਸੇ ਦਿਨ ਦਿਨ ਕਲਾ। ਸਗਨ ਸੌਨ ਸਭ ਹੋਊਗੁ ਭਲਾ'।੧੭।

ਸੋਰਠਾ: ਚਿੱਠੀ ਲਿਖੀ ਬਨਾਇ ਜਿਮ ਜਿਮ ਆਖੀ ਮੁਨਸਬਾਂ।
ਧਰੀ ਦ੍ਰਬਾਰ ਸੁ ਜਾਇ ਹਾਥ ਜੋੜ ਦੁਊ ਦਲ ਖੜੇ।੧੮।

ਚੌਪਈ: 'ਹੇ ਸਤਿਗੁਰ ਸਭ ਜਾਨੀ ਜਾਨ। ਭੂਤ ਭਵਿੱਖਤ ਔ ਬ੍ਰਤਮਾਨ।
ਜੌ ਤੂੰ ਪੰਥ ਵਧਾਯਾ ਲੋੜੈਂ। ਲਾ ਕਰ ਪ੍ਰਿਥਮੀ ਜੋ ਨਿਬੈ ਓੜੈ।੧੯।
ਤਾਂਕੀ ਚਿੱਠੀ ਅਬ ਤਰ ਆਵੈ। ਜਿਸ ਪੰਥ ਘਟਨੋਂ ਉਸ ਬੁਡ ਜਾਵੈ।
ਤੁਮ ਤੈ ਛਾਨੀ ਕੋਊ ਨ ਬਾਤੈ। ਤੁਮ ਨਿਜ ਕਰਤੈ ਨਿਜੈ ਬਿਧਾਤੈਂ'।੨੦।
ਹੁਤ ਕੰਨਜਾਂ ਤੈ ਸੂਤ ਕਤਾਯਾ। ਦੋਇ ਚਿਠਨ ਕੇ ਉਪਰ ਬੰਧਾਯਾ।
ਸਦ ਬਾਲਕ ਹਥ ਦਈ ਧਰਾਇ। ਮਧ ਦਰਬਾਰ ਟਰਿ ਪੌੜੀ ਥਾਇ।੨੧।
ਇੱਕ ਬਾਰ ਦੋਊ ਹਿਠਾਹੈਂ ਗਈ। ਦੋਊ ਤਰਫ ਕੋ ਚਿੰਤਾ ਪਈ।
'ਮਤ ਕਤ ਜਾਵੈਂ ਦੋਊ ਬੂਡੈਂ। ਤੌ ਰਹੈ ਨ ਹਿੰਦੂ ਕਹੂੰ ਕਿਤ ਢੂੰਡੈ'।੨੨।

ਸੋਰਠਾ: ਇਮ ਭੀ ਆਖੈਂ ਬਹੁਤ, ਖੜੇ ਸਿਆਨ ਨਰ ਤਹੀਂ।
'ਜੌ ਚਿੱਠੀ ਦੋਊ ਤਰਤ, ਰਹੈਂ ਪੰਥ ਦੋਊ ਅਮਰ'।੨੩।

ਦੋਹਰਾ: ਠਾਂਢ ਭਏ ਕਰ ਜੋਰ ਸਭ ਊਚੋ ਕਰ ਅਰਦਾਸ।
'ਚਿੱਠੀ ਤਿਸੈ ਤਰਾਈਓ ਕਰਨੋ ਜਿਸੇ ਪ੍ਰਗਾਸ'।੨੪।

ਤੌ ਡੁਬਕੀ ਲੈ ਇਕ ਤਰਜੋ ਚਿੱਠੀ ਗੋਲੋ ਏਕ।
ਤੌ ਸਿੱਖਨ ਕੁਛ ਜਿੰਦ ਪਰੀ 'ਰਖੀ ਗੁਰੂ ਅਬ ਟੇਕ'।੨੫।

ਚੌਪਈ: ਦੋਊ ਓੜ ਤੇ ਪਕੜਨ ਦੌੜੇ। ਫੜ ਫੜ ਸ਼ਸਤਰ ਆਗੇ ਧੌੜੇ।
ਤਹਿਂ ਟੂਤੇ ਦਰੋਗੇ ਤੁਰਕਨ ਕੇਊ। ਕਹੀ ਮੁਨਸਬੈਂ 'ਦੇਖੈਂ ਤੇਊ'।੨੬।
ਤੁਰਤ ਦਰੋਗਨ ਪਕੜ ਮੰਗਾਯੋ। ਪਕੜ੍ਹ ਕਰ ਖਾਲਸੇ ਹੱਥ ਫੜਾਯੋ।
'ਫਤੇ ਗੁਰੂ ਕੀ ਹੈ ਤਰ ਆਈ'। ਦੋਊ ਓਰ ਉਨ ਆਖ ਸੁਨਾਈ।੨੭।
ਯੌ ਸੁਨ ਖਾਲਸੈ ਸ਼ਾਦੀ ਭਈ। ਜਨਕ ਬੰਦਈਅਨ ਮਾਂ ਮਰ ਗਈ।
ਸੁਨਤ ਚਿਠੀ ਉਨ੍ਹ ਬਧਜੋ ਹੰਦੇਸਾ। ਜਨ ਨਿਜ ਨ੍ਰਿਪੈ ਗਯੋ ਛੁਟ ਦੇਸਾ।੨੮।
ਸਰਪ ਸੀਸ ਤੇ ਜਿਮ ਮਣਿ ਜਾਵੈ। ਮੀਨ ਤ੍ਰਫੈ ਜਿਮ ਨੀਰ ਨ ਪਾਵੈ।
ਸੋਚ ਕਰੈਂ ਔ ਕਰੈਂ ਪਛੁਤਾਵਾ। ਉਭੈ ਸਾਸ ਕਰ ਲੇਵੈਂ ਹਾਵਾ।੨੯।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਦਏ ਨ ਪ੍ਰਿਥੀ ਬਿਆੜ* ਤਿਨ ਔ ਅਕਾਸ਼ੈ ਉਡਜੋ ਨ ਜਾਇ।
ਹੱਥ ਮਰੋਰੈਂ ਸਿਰ ਧੁਨੈਂ ਜਗਾ ਲੁਕਨ ਨਹਿੰ ਪਾਇੰ।੩੦।

ਚੌਪਈ: ਖਾਲਸੈ ਕੀਨੋ ਜੈ ਜੈ ਕਾਰੇ। ਊਚੇ ਕਰ ਕਰ ਫਤੇ ਉਚਾਰੇਂ।
ਫੜ ਫੜ ਖੰਡੇ ਖੁਸ਼ੀਆਂ ਕਰਨ। ਕਰ ਅਰਦਾਸ ਖੜ ਬਾਣੀਆਂ ਪੜ੍ਹਨ।੩੧।
ਭਜੋ ਉਤਸਾਹਿ ਪੰਥ ਖਾਲਸੇ ਸਾਰ। ਜਿਤਜੋ ਖਾਲਸਾ ਸਚੈ ਦਰਬਾਰ।
ਐਸ ਖੁਸ਼ੀ ਸਿੰਘਨ ਪੰਥ ਭਈ। ਦੈਂਤ ਮਾਰ ਜਿਮ ਦੇਵਨ ਕਈ।੩੨।
ਹੁਤੋ ਖਾਲਸੋ ਵੱਲ ਬੰਦੱਯਨ ਗਯੋ। ਤਿਨ ਆਇ ਡੇਰੋ ਸਿੰਘਨ ਵਲ ਕਯੋ।
ਕਿਛੁ ਨਠ ਗਏ ਕਿਛੁ ਹੁਇ ਰਹੇ ਮੁੰਨ। ਜਨੁ ਕਰ ਮੋਨ ਧਾਰ ਬਹਿ ਮੁੰਨ।੩੩।
ਹੁਤੇ ਜਿ ਕਿਛ ਤਿਨ ਮੱਧ ਹੰਕਾਰੀ। ਤਿਨ੍ਹ ਮਰਨੈ ਪਰ ਮਨਸਾ ਧਾਰੀ।
ਜਿਮ ਜਿਮ ਮੌਤ ਤਿਨ੍ਹੈ ਸਿਰ ਆਈ। ਆਗੈ ਸੁਨੌਂ ਤਿਮੈ ਤੁਮ ਭਈ।੩੪।

੯੪. [ਮੀਰੀ ਸਿੰਘ ਤੇ ਸੰਗਤ ਸਿੰਘ ਦਾ ਘੋਲ]

ਦੋਹਰਾ: ਹੁਤੇ ਜੁ ਮੁਨਸਬ ਕੋ ਕੀਓ ਲਹੌਰੋ ਸਿੰਘ ਕਲਾਲ।
ਭੇਜਜੋ ਬੰਦੱਯਨ ਕਰਨ ਕੋ ਸਿੰਘਨ ਸਿਉਂ ਕਿਛੁ ਸ੍ਵਾਲ।੧।

ਚੌਪਈ: ਸਾਥ ਉਸੈ ਥੋ ਬੇਟਾ ਆਯਾ। ਨਾਮ ਸੰਗਤ ਸਿੰਘ ਤਿਸ ਕੋ ਪਾਯਾ।
ਕਾਹਨ ਸਿੰਘ ਬਾਬਾ ਉਸ ਬੋਲਜੋ। 'ਤੁਮ ਪਰ ਖਾਲਸਾ ਹਥ ਚਹਿ ਖੋਲਜੋ।੨।
ਕਹਜੋ ਨ ਕਿਨੈ ਹਮ ਖਬਰ ਨ ਕਈ। ਹਮ ਨੇ ਖਬਰ ਤੁਮ ਕੋ ਕਰ ਦਈ'।
ਮੀਰੀ ਸਿੰਘ ਸਦ ਬੇਟੋ ਲਯੋ। ਸਾਥ ਸੰਗਤ ਸਿੰਘ ਘੁਲਾਵਤ ਭਯੋ।੩।
ਮੱਲਨ ਜਿਮ ਦੋਊ ਘੁਲਨੈ ਡਹੇ। ਮੁਖੋਂ ਬਚਨ ਤਿਨ ਇਮ ਮਰ ਲਏ:-
'ਜੋ ਜੀਤੈ ਤਿਨ ਪੰਥ ਲਿਆਏ'। ਇਮ ਕਰ ਲੀਨੇ ਬਚਨ ਪਕਾਏ।੪।

ਦੋਹਰਾ: ਮੀਰੀ ਸਿੰਘ ਸਿੰਘ ਕਾਹਨ ਕੋ ਔ ਸੰਗਤ ਸਿੰਘ ਕਲਾਲ।
ਬੁੰਗੇ ਘੁਲੇ ਅਕਾਲ ਤਲ ਸਭ ਪੰਥ ਦੇਖਨ ਵਾਲ।੫।

ਚੌਪਈ: ਮੀਰੀ ਸਿੰਘ ਜਬ ਹੱਥ ਛੁਹਾਯਾ। ਤੁਰਤ ਸੰਗਤ ਸਿੰਘ ਹੇਠਾਂ ਆਯਾ।
ਝਟ ਕਰ ਝਟਕੋ ਲਯੋ ਮੰਗਾਇ। ਸੂਰ ਡਲਾ ਮੁਖ ਛੱਡਜੋ ਪਾਇ।੬।
ਇਮ ਕੀਯੋ ਭੁਜੰਗੀ ਉਸ ਕੋ ਪੂਤ। ਬਚਜੋ ਲਹੌਰਾ ਸਿੰਘ ਕਰ ਸੂਤ।
ਹਾਥ ਜੋੜ ਉਸ ਪਿਤਾ ਖਲੋਯਾ। ਮਹਾਂ ਪ੍ਰਸ਼ਾਦ ਉਨ ਨਿਜ ਬਖਸ਼ੋਯਾ।੭।
ਅੱਗੇ ਸੁਨੋ ਮਹੰਤ ਉਸ ਬਾਤ। ਜਿਮ ਕਰ ਹੋਇਆ ਉਸ ਕੋ ਘਾਤ।
ਕਹਜੋ ਖਾਲਸੈ 'ਛਡ ਜਾਹੁ ਡੇਰਾ'। ਮੰਨੀ ਨ ਗੱਲ ਉਸ ਮਚ ਗਜੋ ਰੌਰਾ।੮।

ਦੋਹਰਾ: ਦੁਹੂੰ ਓਰ ਰੌਰਾ ਭਯੋ ਮਾਰਹਿ ਮਾਰ ਸੁ ਹੋਇ।
ਹਾਥ ਉਠਜੋ ਤਬ ਖਾਲਸੈ ਰੋਕ ਨ ਸੱਕਜੋ ਕੋਇ।੯।

* ਧਰਤੀ ਵਿਹਲ ਨਹੀਂ ਦੇਂਦੀ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਅਕਾਲ ਅਕਾਲ ਕਹਿ ਉਠੇ ਸਿੰਘ ਧਾਈ। ਬਾੜੇ ਕੀ ਜਾ ਬਾੜ ਪੁਟਾਈ।
ਦੋਊ ਵੱਲ ਤੇ ਸ਼ਸਤਰ ਝੜੇ। ਤਹਿੰ ਨ ਬੰਦਈ ਸਕੇ ਹੁਇ ਖੜੇ।੧੦।
ਕਰ ਮਹੰਤ ਜੋ ਉਨੈ ਬਠਾਯੋ। ਪਹੁੰਚ ਖਾਲਸੈ ਤਿਹ ਥਾਂ ਘਾਯੋ।
ਹੁਤੀ ਗਡੇ ਪਰ ਗੱਦੀ ਖਨਾਈ। ਦੌੜ ਸਿੰਘ ਚੜ੍ਹ ਬੈਠੇ ਧਾਈ।੧੧।
ਹੁਤੋ ਮਹੰਤ ਥੋ ਖੇਮਕਰਨ ਵਾਰੋ। ਜਾਤ ਕਮੋਇ ਨਾਮ ਮਹੰਤ ਸਿੰਘ ਧਾਰੋ।
ਜਿਨ ਜਿਨ ਹਥ ਤੈ ਸ਼ਸਤ੍ਰ ਨ ਗੇਰੇ। ਮਾਰ ਕਰੇ ਤਹਿੰ ਖਾਲਸੇ ਢੇਰੇ।੧੨।
ਜਿਨ ਕਿਨ ਸ਼ਸਤ੍ਰ ਦਏ ਤਹਿੰ ਡਾਰ। ਰੱਖ ਰਲਾਏ ਪੰਥਹਿ ਨਾਰ।
ਦੋਹੀ ਖਾਲਸੇ ਕੀ ਤਹਿੰ ਭਈ। ਬਚਜੋ ਸੋਊ ਜਿਨ ਫਤੈ ਗੁਰ ਕਹੀ।੧੩।

ਦੋਹਰਾ: ਦੋਹੀ ਫਿਰੀ ਅਕਾਲ ਕੀ ਬੰਦਈ ਬਚਜੋ ਨਹਿੰ ਕੋਇ।
ਲੁਕਜੋ ਛਪਜੋ ਜੋ ਥੋ ਬਚਜੋ ਹਾਰ ਰਲਜ ਪੰਥ ਸੋਇ।੧੪।

ਚੌਪਈ: ਜਹਿੰ ਬੰਦੱਯਨ ਥੀ ਗੱਦੀ ਲਗਾਈ। ਤਿਹ ਥਾਂ ਬੈਠਜੋ ਮਨੀ ਸਿੰਘ ਭਾਈ।
ਆਇ ਸ਼ਰਨ ਜੋ ਉਨਕੀ ਪਰੈ। ਲਾਇ ਤਨਖਾਹਿ ਤਿਹ ਖਾਲਸੋ ਕਰੈ।੧੫।
ਨਾਨੂ ਸਿੰਘ ਹੁਤ ਢੇਸੀਏ ਵਾਲੋ। ਲਹੌਰਾ ਸਿੰਘ ਤੇ ਸਜਾਮ ਸਿੰਘ ਕਲਾਲੋ।
ਔ ਬਖਸ਼ੀਸ਼ਸਿੰਘ ਭੀ ਮਿਲਤੀ ਕੇਈ। ਪਿੰਡ ਚਮਾਰੀ ਤਿਸ ਘਰ ਥੇਈ।੧੬।
ਭਾਈ ਭਗਤੂ ਕੇ ਪੋਤ੍ਰੇ ਦੋਊ। ਕੀਏ ਨਬਾਬ ਬੰਦੇ ਥੇ ਸੋਊ।
ਤਊ ਖਾਲਸੈ ਫੜ ਕਰ ਓਇ। ਨੀਲ ਬਸਤ੍ਰ ਕਰ ਛੱਡੇ ਸੋਇ।੧੭।

ਦੋਹਰਾ: ਸਭ ਭਾਈਅਨ ਮਿਲ ਇਮ ਕਹਜੋ 'ਹਮ ਤੈ ਉਜ਼ਰ ਨ ਹੋਇ।
ਗੋਲੀ ਹੋਇ ਜੁ ਖ਼ਸਮ ਕੀ ਬਸਤ੍ਰ ਪਹਿਰਾਵੈ ਕੋਇ'।੧੮।
ਬੰਦਈਅਨ ਔ ਭੁਜੰਗੀਅਨ ਐਸੀ ਬੀਤੀ ਬਾਤ।
ਰਤਨ ਸਿੰਘ ਨੈ ਜਿਮ ਸੁਨੀ ਲਿਖੀ ਤਿਸੈ ਹੀ ਭਾਂਤਿ।੧੯।

੯੫. ਪ੍ਰਸੰਗ ਬਾਬੇ ਬਨੋਦ ਸਿੰਘ ਔ ਕਾਹਨ ਸਿੰਘ ਟੇਹਣ ਔ ਭੁਜੰਗੀਅਨ ਕੋ

ਦੋਹਰਾ: ਅੰਗਦ ਗੁਰ ਔ ਅਮਰ ਕੋ ਤ੍ਰਿਹਣ ਭਲੇ ਕੁਲ ਦੋਇ।
ਖੰਡੇ ਪਾਹੁਲ ਜਿਨ ਲਈ ਭਏ ਭੁਜੰਗੀ ਸੋਇ।੧।

ਚੌਪਈ: ਟੇਹਣ ਬਿਨੋਦ ਸਿੰਘ ਕੋ ਭਾਈ ਕਾਨ੍ਹ ਸਿੰਘ। ਕਾਨ੍ਹ ਸਿੰਘ ਕੋ ਸੁਤ ਮੀਰੀ ਭੁਜੰਗ।
ਲਈ ਤੁਰਕ ਸੋਂ ਉਨ ਜੁਗਤ ਮਿਲਾਇ। ਦਈ ਸਭੀ ਉਸ ਗਲ ਸਮੁਝਾਇ।੨।

ਸਾਖੀ ਗੁਲਾਬ ਰਾਇ ਕੀ ਗੁਰਿਆਈ ਕੀ

੯੬. [ਗੁਲਾਬ ਰਾਇ ਨੇ ਗੁਰੂ ਸਦਵਾਣ ਤੇ ਮਹਿਰੀ ਨੂੰ ਦੋ ਪੁਤ੍ਰਾਂ ਦਾ ਵਰ ਦੇਣਾ]

ਦੋਹਰਾ: ਸਾਖੀ ਸੁਨ ਅਖ ਉਨੋ ਕੀ ਸ੍ਰੀ ਗੁਰ ਗੈਲ ਜੁ ਗੁਰੂ ਅਖਾਇ।
ਤਤ ਖਾਲਸੇ ਸੋਂ ਬੈਰ ਰਖ ਮੁਏ ਹਾਰ ਪਛੁਤਾਇ।੧।

Sri Satguru Jagjit Singh Ji eLibrary NamdhariElibrary@gmail.com

ਕੁੰਡਲੀਆ: ਦੇਖ ਚਰਿਤ ਤਿਯ ਚਤਰ ਕਜਾ ਹੁਨਰ ਗੁਰ ਸੌਂ ਕੀਨ।
ਹੁਤੀ ਨ ਲਿਖਤ ਉਲਾਦ ਉਸ, ਕਰ ਚਤੁਰਾਈ ਲੀਨ।
ਚਤੁਰਾਈ ਸੌਂ ਸੁਤ ਲੀਨ ਉਨੈ ਕਾ ਨਾਮ ਸੁਨਾਊਂ।
ਇਕੈ 'ਭਵਾਨੀਓਂ' ਕਹੈਂ ਦੂਜੈ ਕੋ 'ਗੁਰੀਓਂ' ਬਤਾਊਂ।
ਮਹਿਰੀ ਕਹਿੰ ਉਸ ਇਮਤਰੀ ਜਿਹ ਸੁਤ ਹੁਤ ਨਹਿੰ ਲੇਖ।
ਦੇਤੇ ਪੁੱਤਰ ਸਭਨ ਕੋ ਗੁਲਾਬ ਰਾਇ ਕੋ ਪੇਖ।੨।

ਦੋਹਰਾ: ਗਈ ਸੋਢੀ ਰਾਇ ਗੁਲਾਬ ਪੈ ਜਬ ਬੈਠੋ ਮੰਜੀ ਲਾਇ।
ਦੂਧ ਪੂਤ ਸੰਗਤ ਦਏ ਸੁਨਿ ਮਹਿਰੀ ਆਈ ਧਾਇ।੩।

ਚੌਪਈ: ਜਹਿੰ ਦਮਦਮੈ ਗੁਰੂ ਗੋਬਿੰਦ ਸਿੰਘ ਬੈਠੇ। ਲਾਇ ਮੰਜੀ ਗੁਲਾਬ ਰਾਇ ਐਠੇ।
ਸੋ ਤਹਿੰ ਜਾਇ ਮਹਿਰੀ ਠਾਢੀ ਭਈ। ਹਾਥ ਜੋੜ ਤਿਨ ਬਿਨਤੀ ਕਈ।੪।
'ਮੇਰੀ ਸਾਂਝ ਜਗ ਮਾਂਹਿ ਕਰਾਵੋ। ਦੈ ਪੁੱਤਰ ਮੋਹਿ ਜਗਤ ਰਲਾਵੋ।
ਪੁੱਤ੍ਰਨ ਤੇ ਹੋਵੈ ਜਗ ਸਾਂਝ। ਬਿਨ ਪੁਤ੍ਰ ਅਕਾਰਥ ਜਨਮ ਜਗ ਮਾਂਝ।੫।
ਇਹੀ ਪੁਜਾਵੋ ਹਮਰੀ ਆਸ। ਮੁਹਿ ਪੁੱਤ੍ਰਨ ਕੀ ਹੈ ਬਡ ਖਾਸ਼।
ਜੀਵਣ ਜੋਗੇ ਦੁਇ ਸੁਤ ਦੱਯੈ। ਹਮਰੀ ਸਾਂਝ ਜਗ ਮਹਿੰ ਰਲਵੱਯੈ'।੬।

ਦੋਹਰਾ: ਭਾਈ ਮਸੰਦ ਸੁਲੱਖਣੋਂ ਔ ਮੇਵੜ ਖੜੇ ਅਨੇਕ।
ਕਰੀ ਫੁਰਮਾਇਸ਼ ਸਭਨ ਮਿਲ ਵਲ ਮਹਿਰੀ ਕੀ ਵੇਖ।੭।
ਰਲ ਸਿਖ ਸੰਗਤ ਜਬ ਕਹੀ ਤਬ ਗੁਰੁ* ਕੀਓ ਧਿਆਨ।
'ਲੇਖ ਨ ਲਿਖਿਓ ਇਸ ਪੁਤਰ' ਊਚੈ ਕਹੀ ਬਖਾਨ।੮।

ਚੌਪਈ: ਹੁਤੀ ਸੁਨਤ ਥੀ ਮਹਰੀ ਖੜੀ। 'ਨਹਿੰ ਲਿਖਿਓ' ਗਲ ਉਸ ਕੰਨ ਪੜੀ।
ਦੌੜ ਜਾਇ ਕਲਮ ਕਾਗਜ ਆਣਾ। ਕਲਮਦਾਨ ਲਜਾਇ ਅਗੈ ਠਾਣਾ।੯।
ਹਾਥ ਜੋੜ ਫਿਰ ਬਿਨਤੀ ਕਹੀ। 'ਜੌ ਲਿਖੀ ਨ ਆਗੈ ਅਬ ਲਿਖ ਦੇ ਸਹੀ।
ਇਤੈ ਉਤੇ ਤੁਮਹੀ ਲਿਖਨਹਾਰੇ। ਅਗੇ ਨਾ ਲਿਖਜੋ ਅਬ ਲਿਖੋ ਹਮਾਰੇ।੧੦।
ਲੇਖ ਲਿਖਜੋ ਜੌ ਪਿਛਲੋ ਪਈਐ। ਤੌ ਕਿਮ ਗੁਰ ਕੀ ਸੇਵ ਕਮਈਐ।
ਜੌ ਗੁਰੁ ਹੋਇ ਨ ਦੇਨੇ ਜੋਗੁ। ਤੌ ਉਸ ਕੋ ਸਿਖ ਕਬ ਕੋ ਹੋਗੁ'।੧੧।

ਦੋਹਰਾ: ਦੇਖ ਢਿਠਾਈ ਨਾਰ ਕੀ, ਸੰਗਤ ਹਸੀ ਹਸਾਇ।
ਦੇਖ ਸੁ ਸੰਗਤ ਵਲ ਗੁਰੂ ਲੀਨੀ ਕਲਮ ਉਠਾਇ।੧੨।

ਚੌਪਈ: ਹਸੇ ਬਚਨ ਸੁਨ ਗੁਲਾਬੈ ਰਾਇ। ਗੁਰੀਓ ਪੁਤ੍ਰ ਉਸ ਲਿਖ ਦਯੋ ਨਾਇ।
ਟੇਕ ਮਥੋ ਉਨ ਕਾਗਦਿ ਹਥ ਫਰਜੋ। ਕਾਗਜ ਫੜ ਸਿਰ ਊਪਰ ਧਰਜੋ।੧੩।
ਸੋ ਕਾਗਜ ਜਾ ਖੂਬ ਧਰਜੋ ਮੰਦਰ। ਭਜੋ ਬੇਟੋ ਉਸ ਇਕ ਬਰਸ ਅੰਦਰ।
ਨਾਮ ਭਵਾਨੀਓਂ ਉਸਕੋ ਧਰਜੋ। ਯਹੀ ਸਭ ਮੌਂ ਮਸ਼ਹੂਰ ਸੁ ਕਰਿਓ।੧੪।

* ਲੇਖਕ ਆਪ ਉਹਨਾਂ ਨੂੰ ਗੁਰੂ ਨਹੀਂ ਮੰਨ ਰਿਹਾ, ਲੋਕਾਂ ਦੇ ਕਹੇ ਮੂਜਬ ਕਹਿ ਰਿਹਾ ਹੈ, ਕਿਉਂਕਿ ਇਸੇ ਪ੍ਰਸੰਗ ਦੇ ਪਹਿਲੇ ਦੋਹੇ ਵਿਚ ਇਨ੍ਹਾਂ ਦੀ ਨਖੇਧੀ ਕਹਿ ਆਇਆ ਹੈ।

Sri Satguru Jagjit Singh Ji eLibrary NamdhariElibrary@gmail.com

ਫਿਰ ਮਹਿਰੀ ਕੋ ਆਇਓ ਖਜਾਲ। ਗੁਰੀਓ ਲੈਣ ਫਿਰ ਕਹ੍ਯੋ ਸਵਾਲ।
ਸਤਿਗੁਰ ਕਹੀ 'ਤੁਮ ਗੋਦੀ ਹੈ ਕੋਇ?' ਮਹਰੀ ਕਹੀ 'ਯਹ ਭਵਾਨੀਓਂ ਮੋਇ।੧੫।
ਤੁਮ ਅਪਨੋ ਲਿਖ੍ਯੋ ਵਾਚੋ ਆਪ। ਭਵਾਨੀਓਂ ਲਿਖ੍ਯੋ ਕਿ ਗੁਰੀਓ ਥਾਪ'।
ਸਤਿਗੁਰ ਕਹ੍ਯੋ ਹਸ 'ਮਹਰੀ ਚਰਿਤ੍ਰਹਾਰੀ। ਲੈ ਗੁਰੀਓ ਔਰ ਦੂਜੇ ਵਾਰੀ'।੧੬।

ਦੋਹਰਾ: ਫਿਰਿ ਗੁਰੀਓ ਦੂਜੋ ਭਯੋ ਕਰ ਹੁਨਰ ਦੁਏ ਸੁਤ ਲੀਨ।
ਚਹਿਤ੍ਰਨ ਕੋ ਘਰ ਨਾਰ ਹੈ ਜਿਨ ਚਰਿਤ੍ਰ ਗੁਰੂ ਸੌਂ ਕੀਨ।੧੭।

ਦੂਜੀ ਸਾਖੀ ਗੁਲਾਬ ਰਾਇ ਕੀ

੯੭. [ਗੁਲਾਬ ਰਾਇ ਗੁਰੂ ਕਿਵੇਂ ਸਦਾਯਾ। ਉਸ ਦਾ ਐਸ੍ਵਰਜ। ਬਹਾਦਰ ਸ਼ਾਹ ਨਾਲ ਮੇਲ]

ਦੋਹਰਾ: ਜੇ ਕੋ ਆਖੈ ਪ੍ਰਸ਼ਨ ਯਹਿ 'ਗੁਰ ਕਬ ਹੋਇ ਗੁਲਾਬ'।
ਤਾਂਹੀ ਕੋ ਸੋ ਚਾਹੀਏ ਲਿਖਿਓ ਯਹੀ ਜੁਬਾਬ।੧।

ਚੌਪਈ: ਬਹਾਦੁਸ਼ਾਹਿ ਜਬ ਅਯੋ ਸ੍ਰਹੰਦ। ਬੁਲਾਇ ਪੁਛ੍ਯੋ ਉਨ ਸੁਲਖਣੋਂ ਮਸੰਦ।
'ਜੋ ਸਤਿਗੁਰ ਕੌ ਬੰਸੀ ਹੋਇ। ਮੁਲਾਕਾਤ ਉਸ ਕਰਾ ਦ੍ਯੋ ਮੋਹਿ'।੨।
ਸੁਲਖਨੋ ਗੁਲਾਬਰਾਇ ਲੈ ਆਯਾ। ਬਹਾਦੁਸ਼ਾਹਿ ਸੋਂ ਮਿਲਨ ਠਹਿਰਾਯਾ।
ਜੋ ਗੱਦੀ ਸ੍ਰੀ ਨਾਨਕ ਬਹੈ। ਸ਼ਾਹਿ ਉਸੈ 'ਰਾਮਦਾਸ' ਮੁਖੋਂ ਕਹੈ।੩।
ਖਹਾਦੁ ਸ਼ਾਹਿ ਨੇ ਸਤਿਗੁਰ ਕਹੇ। ਪਤਿਸ਼ਾਹੀ ਦਿਵਾਵਤ ਜਬਤੈ ਭਏ।
ਸੁਲਖਣੇ ਭੀ ਮੁਲਾਕਾਤ ਠਹਿਰਾਈ। ਸੁਧਿ ਆਮਦ ਜਿਮ ਹੋਤੀ ਆਈ।੪।
ਗੁਰ ਸ਼ਾਹਿ ਦੋਊ ਉਠ ਖੜ ਹੋਵੈਂ'। ਅਗੈ ਕਦਮ ਕਰ ਅਗੇ ਆਵੈਂ ਦੋਵੈ।
ਸ਼ਾਹ ਹਾਥ ਜੋੜ ਅਗੈ ਕਰੈ। ਗੁਰੂ ਹੱਥ ਮਧ ਹਥ ਲਏ ਫਰੈ।੫।

ਦੋਹਰਾ: ਖੈਰ ਖ਼ਰੀਅਤ ਸਤਿਗੁਰ ਪੁਛੈਂ, ਤਿਮ ਪੁਛੀ ਗੁਲਾਬਹਿ ਰਾਇ।
ਸ਼ਾਹ ਕਹੀ 'ਤੁਮ ਦਿਦਾਰ ਤੈ' ਕਹਿਕੈ ਦੁਇ ਮੁੜ ਜਾਇਂ।੬।

ਚੌਪਈ: ਸੁਧ ਆਮਦ ਜਿਮ ਹੋਤੀ ਆਈ। ਉਸੀ ਤੌਰ ਤਹਿਂ ਦਈ ਬਨਾਈ।
ਸ਼ਾਹਿ ਥੋ ਸ੍ਰੀ ਸਤਿਗੁਰ ਕੋ ਸਿਖ। ਸੁਲਖਨੈ ਕਹ੍ਯੋ ਤਿਮ ਮਿਲ੍ਯੋ ਬਲਿਖ।੭।
ਹੁਇ ਨਚਿੰਤ ਇਮ ਮੰਜੀ ਲਾਈ। ਦੋ ਇਕ ਬਰਸ ਇਮ ਗੁਰਤਾ ਪਾਈ।
ਸੁਲਖਣੋ ਮਸੰਦ ਕੋ ਪੋਤ੍ਰੈ ਜੋਈ! ਭਾਖ ਗਜੋ ਥੋ ਰਤਨ ਸਿੰਘ ਪਹਿਸੋਈ।੮।
'ਭਾਈ ਹਜ਼ੂਰੀ' ਉਸ ਥੋ ਨਾਇ। ਜਿਮ ਉਨ ਆਖੀ ਦਈ ਲਿਖਾਇ।
ਤਿਨ ਚੇਲੋ ਅਬ ਸੁੱਖਣ ਦਾਸ। ਮਿਲਤ ਹਿਲਤ ਹਮ ਓਇ ਰਹਿਂ ਖਾਸ।੯।
ਔਰ ਸੁਨੋ ਗੁਲਾਬ ਰਾਇ ਕਹਾਨੀ। ਜਿਮ ਉਨਕੀ ਕੁਲ ਗੁਰਨ ਮਿਲਾਨੀ।
ਸ੍ਰੀ ਹਰਿਗੋਬਿੰਦ ਕੇ ਪੰਜ ਸੁਤ ਸਾਦਰ। ਪ੍ਰਿਥਮੇ ਗੁਰਦਿੱਤੋ ਦੁਯੋ ਤੇਗ ਬਹਾਦਰ।੧੦।

ਸੋਰਠਾ: ਤੀਜੋ ਅਣੀ ਸੁ ਰਾਇ, ਰਾਇ ਅਟਲ ਚੌਥੇ ਕਹੈਂ।
ਸੂਰਜ ਮੱਲ ਭਿਰਾਇ, ਇਮ ਪਾਂਚੈ ਸੁਨਿ ਗਿਨਿ ਲਿਖੈਂ।੧੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਇਹਾਂ ਚਾਰਨ ਕੀ ਲਿਖਤਿ ਨ ਲੋਰੀ। ਇਕ ਸੂਰਜ ਕੀ ਚਹੀਐ ਤੋਰੀ।
ਸੂਰਜ ਮਲ ਕੇ ਦੁਇ ਸੁਤ ਭਏ। ਗੁਲਾਬ ਰਾਇ ਦੂਜੋ ਸ਼ਜਾਮ ਚੰਦ ਥਏ।੧੨।
ਗੁਲਾਬਰਾਇ ਕੀ ਸਭੀ ਕਹਾਨੀ। ਜਿਮ ਕਰ ਭਈ ਤਿਮ ਦੈਯੁਗ ਬਖਾਨੀ।
ਔਰ ਸਜਾਮ ਚੰਦ ਕੀ ਭੀ ਜੋਊ। ਸੋ ਨਹਿੰ ਚਹੀਐ ਇਹਾਂ ਲਿਖੇਊ।੧੩।
ਆਗੈ ਹੋਵਗੁ ਜਹਿੰ ਕਿਤ ਠੌਰ। ਲਿਖ ਦਿਖੈਯਗੁ ਕਰ ਤਹਿੰ ਗੌਰ।
ਅਬ ਸੁਨੀਐ ਗੁਲਾਬਰਾਇ ਕਹਾਨੀ। ਜਿਮ ਕਰ ਉਨਕੈ ਸੀਸ ਬਿਹਾਨੀ।੧੪।

ਦੋਹਰਾ: ਗੁਲਾਬ ਰਾਇ ਸੋਢੀ ਸੰਦਾ ਬਹੁਤ ਸੁ ਬਧਯੋ ਪਸਾਰ।
ਪੁਤ੍ਰ ਪੌਤ੍ਰੇ ਬਹੁ ਭਏ ਔ ਦਰਬਹਿ ਅੰਤ ਨ ਪਾਰ।੧੫।

ਚੌਪਈ: ਦਲੇਲ ਸਿੰਘ ਔ ਜੋਧ ਸਿੰਘ ਦੋਊ। ਔਰ ਪੁਤ੍ਰਨ ਕੈ ਔਰ ਨਾਮ ਥੋਊ।
ਔਰ ਸਭਨ ਕੇ ਨਾਮ ਬਤਈਐ। ਗ੍ਰੰਥ ਵਧੇ ਕਿਛ ਮੜਕ ਨ ਪਈਐ।੧੬।
ਕਹੈਂ ਅੰਸ ਉਸ ਭਏ ਅਠਾਰਹਿ। ਕਈ ਬਿਆਹੇ ਕਈ ਗਏ ਕੁਆਰਹਿ।
ਬਹੁਤ ਗਰਬਤ ਗੁਲਾਬ ਰਾਇ ਪਾਯਾ। ਬਹੁਤ ਦਰਬ ਤਬ ਉਸ ਘਰ ਆਯਾ।੧੭।
ਬੈਠ ਮੰਜੀ ਪਰ ਮੇਲੇ ਲਾਵੈ। ਚਾਰ ਕੁੰਟ ਤੇ ਦਰਬ ਚਲ ਆਵੈ।
ਦੇਖ ਦਰਬ ਉਸ ਮਤਿ ਫਿਰਿ ਗਈ। ਖੋਟੀ ਘਰੀ ਉਸ ਆਵਤ ਭਈ।੧੮।
ਬਰਸ ਦੋ ਇਕ ਮੈਂ ਸੋ ਮਰ ਗਯੋ। ਤਿਮ ਹੀ ਉਸੇ ਪ੍ਰਵਾਰ ਮੈਂ ਕਯੋ।
ਜੋ ਉਨ ਕੀਨੀ ਸੋ ਲਯੋ ਪਾਇ। ਭਈ ਬਾਤ ਯੌਂ ਗੁਲਾਬਹ ਰਾਇ।੧੯।

ਸਾਖੀ ਗੁਲਾਬ ਰਾਇ ਕੀ

੬੮. [ਗੁਲਾਬ ਰਾਇ ਦੀ ਉਲਾਦ ਦਾ ਨਾਸ਼, ਸੰਤ ਗੁਰਬਖਸ਼ ਨਾਲ ਵਿਰੋਧ]

ਦੋਹਰਾ: ਜੇ ਕੋ ਆਖੈ ਪ੍ਰਸ਼ਨ ਯਹਿ 'ਵਹੁ ਗੁਰ ਭਜੋ ਥੋ ਆਪ।
ਦੇਵੈ ਉਲਾਦ ਵਹਿ ਔਰ ਕੋ ਉਸ ਰਹੀ ਨ ਕਹੋ ਕਿਤ ਪਾਪ?'।੧।

ਚੌਪਈ: ਸੁਨੋ ਅਵੱਗਜਾ ਉਸ ਜੋ ਕਈ। ਦਰਬ ਬਹੁਤ ਥੀ ਜਬ ਉਸ ਅਈ।
ਤਬ ਵਹਿ ਬੈਠੋ ਅਨੰਦਪੁਰ ਜਾਇ। ਜੋ ਥੀ ਜਗਾ ਦਸਮੇ ਪਤਿਸ਼ਾਹਿ।੨।

ਦੋਹਰਾ: ਅਦਬ ਕੀਯੋ ਨ ਗੁਲਾਬ ਰਾਇ ਗੁਰ ਜਾਗਾ ਥੀ ਜੋਇ।
ਗੁਰ ਗੱਦੀ ਕੇ ਊਪਰੇ ਬੈਠੋ ਪਾਂਵ ਟਿਕੋਇ*।੩।

ਚੌਪਈ: ਟਕੇ ਦੇਨ ਕਰੇ ਸੱਠ ਹਜ਼ਾਰ। ਲਈ ਘੁਮਾਇ ਸੱਠ ਚੱਕ ਲਿਖ ਵਾਰ।
ਲਈ ਚੱਕ ਉਸ ਗਰਬਾ ਆਯਾ। ਖਾਲਸੈ ਮੌਂ ਉਨਿ ਦੰਗਾ ਰਚਾਯਾ।੪।
ਜਹਿੰ ਜਹਿੰ ਸਤਿਗੁਰ ਜਗਾ ਥੀ ਆਹੀ। ਤਿਹ ਠਾਂ ਬੈਠਕ ਤਿਸਨੇ ਲਾਈ।
ਹੁਤੀ ਪਾਹੁਲ ਨਹਿੰ ਖੰਡੈ ਵਾਹਿ। ਦੇਤ ਚਰਨਨ ਥੋ ਗੁਲਾਬੈ ਰਾਇ।੫।

---

* ਇਸ ਦੋਹੇ ਦੀ ਥਾਂਵੇਂ ਪਾਠਾਂਤ੍ਰ ਇਹ ਚੌਪਈ ਹੈ:-
ਅਦਬ ਕੀਓ ਨਾ ਲਖ ਗੁਰ ਥਾਇ। ਕਰੇ ਬਰਾਬਰੀ ਭੈ ਨਹਿ ਖਾਇ।
ਗੁਰੂ ਕਹਾਵੈ ਅਪਨੇ ਜੋਰ। ਮਨ ਮੈਂ ਭੈ ਨਾਹੀ ਕਿਸ ਹੋਰ।੩।

Sri Satguru Jagjit Singh Ji eLibrary NamdhariElibrary@gmail.com

ਔਰ ਅਵਗਜਾ ਉਸ ਤੇ ਭਈ। ਸੋ ਭੀ ਇਹਾਂ ਮੈਂ ਦੇਊਂਗੁ ਲਿਖਈ।
ਜਬ ਸਤਿਗੁਰ ਦੇਸ ਚਾਲ ਕਰ ਗਏ। ਊਹਾਂ ਲੋਕ ਥੇ ਕੋਊ ਨ ਰਹੇ।੬।
ਸੰਤ ਗੁਰਬਖਸ਼ ਤਿਹ ਰਹਜੋ ਉਦਾਸੀ। ਗੁਰ ਤੇਗ ਬਹਾਦਰ ਜਗਾ ਜਹਾਂ ਸੀ।
ਤਿਸ ਕਰ ਦਾਵਾ ਵਹਿ ਭੀ ਰਾਖੇ। ਦੂਰ ਕਰਨ ਤਿਸ ਗੁਲਾਬ ਰਾਇ ਭਾਖੇ।੭।

ਦੋਹਰਾ: ਉਸ ਇਸ ਕੋ ਇਮ ਬਧ ਗਇਓ ਬੋਲਤ ਅਧਿਕ ਕਲੇਸ਼।
ਉਹ ਕਰੈ ਦਾਵੋ ਗੁਰ ਥਾਨ ਕੋ ਵਹਿ ਕਹੈ 'ਲਯੋ ਮੁਲ ਦੇਸ਼'।੮।

ਪਉੜੀ: 'ਸਿੱਖਾਂ ਪੁੱਤਾ ਭਾਈਆਂ ਭਾਉ ਇੱਕੋ ਜੇਹਾ'।
ਸੰਤ ਗੁਰਬਖਸ਼ ਯੌਂ ਆਖਦਾ ਮੈਂ ਦਾਵਾ ਏਹਾ।੯।

ਚੌਪਈ: ਖਹੋ ਖਹੀ ਵਹਿ ਦੋਊ ਕਰੈਂ। ਲਰੈ ਘੁਲੈਂ ਅਰ ਦੋਊ ਅਹੈਂ।
ਗੁਲਾਬ ਰਾਇ ਲਏ ਪੁਤ੍ਰ ਬੁਲਾਇ। ਗੁਰਬਖਸ਼ ਸੰਤ ਕੋ ਦਏ ਪਿਲਚਾਇ।੧੦।
ਉਨ ਬਾਲਨ ਬੇ-ਅਦਬੀ ਕਈ। ਸੀਸ ਜਟਾ ਥੀ ਸੋ ਪਟ ਲਈ।
ਤਬਹਿ ਸੰਤ ਉਨ ਦਯੋ ਸਰਾਪ। 'ਰਹੇ ਨ ਤੁਮਰੇ ਉਲਾਦ ਸੁ ਬਾਪ'।੧੧।
ਗੁਲਾਬ ਰਾਇ ਸੁਨ ਅੱਗਜੋਂ ਕਹੀ। 'ਤੁਮਰੀ ਭੀ ਨ ਉਲਾਦ ਚਹਿ ਰਹੀ'।
ਤਿਨ ਕਹਜੋ 'ਹਮਰਾ ਬਹਰਾ ਬਾਜਾ ਕੋਊ। ਹਮਰੀ ਧੂਈ ਫੇਲੈਗੋ ਸੋਊ।੧੨।
ਤੁਮਰੀ ਰਹੈ ਨ ਜੜ ਮੁਨਿਆਦ'। ਕ੍ਰੋਧ ਸਾਥ ਤਿਸ ਦੀਓ ਸਰਾਪ।
ਇਮਹੀ ਉਲਾਦ ਦੁਇਨ ਕੀ ਨਾਂਹਿ। ਬਚਨ ਤਗ ਵਗ ਗਈ ਦੂਊ ਮਾਂਹਿ*੧੩।

ਦੋਹਰਾ: ਹੀਰੇ ਬੇਧੇ ਹੀਰ ਜਿਮ ਲੋਹੋ ਲੋਹ ਕਟਾਇ।
ਤਿਨ ਦੋਇਨ ਕੇ ਬਿਚ ਵਗੀ ਖਾਲੀ ਗਈ ਨ ਕਾਇ।੧੪।
ਗੁਰਬਖਸ਼ ਸੁ ਫੇਰ ਰਾਇਪੁਰ ਅਹੈ ਪਤਾਲਪੁਰੀ ਗੁਲਾਬ ਰਾਇ।
ਰਤਨ ਸਿੰਘ ਨੇ ਜਿਮ ਸੁਨੀ ਤੈਸੋ ਦਈ ਲਿਖਾਇ।੧੫।

ਸਾਖੀ ਦਸਮੇ ਪਾਤਸ਼ਾਹ ਕੀ

੯੯. [ਇਕ ਸਿਖ ਦੇ ਕੱਚੇ ਘਰ ਪੱਕੇ ਬਣੇ]

ਦੋਹਰਾ: ਏਕ ਸਮੇਂ ਸ੍ਰੀ ਸਤਿਗੁਰੂ ਦਏ ਖੁਸ਼ੀਆਂ ਪੁਰਹਿ ਅਨੰਦ।
ਊਪਰ ਬਿਰਾਜੈਂ ਦਮਦਮੈ ਜੈਸੇ ਸਸਿ ਰਵਿ ਚੰਦ।੧।

ਚੌਪਈ: ਤੌ ਇਕ ਸਿਖ ਨੈ ਉਠ ਹਥ ਜੋਰੇ। 'ਹੈ ਮੁਹਿ ਘਰ ਪੱਕਨ ਕੀ ਲੋਰੇ।
ਫੂਸ ਪਲਰਨ ਮਧ ਹਮ ਹਾਂ ਰਹਤ। ਬਹੁ ਹਮਰੀ ਘਰ ਪੱਕੇ ਚਹਿਤ'।੨।

---

* ਪਾਠਾਂਤ੍ਰ ਦੋਹਾਂ ਤੁਕਾਂ ਦਾ ਇਉਂ ਭੀ ਹੈ:-
ਗੁਲਾਬ ਰਾਇ ਕੀ ਇਮ ਰਹੀ ਉਲਾਦ ਨਾਹਿ।
ਗੁਰਬਖਸ਼ ਕੀ ਧੂਣੀ ਪਰ ਕੋਊ ਬਹਰਾ ਬਾਜਾ ਟਿਕਾਹਿ।੧੩।

ਬਹਿਰਾ ਬਾਜਾ=ਵਿਰਲਾ ਵਾਂਝਾ।

Sri Satguru Jagjit Singh Ji eLibrary NamdhariElibrary@gmail.com

ਤੌ ਸਤਿਗੁਰ ਉਸ ਹਸ ਫੁਰਮਾਯੋ। 'ਫੂਸ ਪਲਰ ਦੈਹੁ ਅਗਨ ਲਗਾਯੋ'।
ਸੁਨਤ ਸਿੱਖ ਘਰ ਕੋ ਉਠ ਧਾਯਾ। ਲੋਕ ਗੁਵਾਂਢਨ ਆਖ ਸੁਣਾਯਾ।੩।
'ਫੋਟ ਫੋਟ' ਉਸ ਲੋਕਨ ਕਹਜੋ। 'ਅਪਨੋ ਘ੍ਰ ਕਿਮ ਫੂਕਨ ਡਹਜੋ?'
ਤਬ ਸਿਖ ਨੇ ਸਭ ਬਾਤ ਜਤਾਈ। 'ਹਮਰੇ ਗੁਰ ਇਮ ਦਜੋ ਫੁਰਮਾਈ।੪।
ਮੁਹਿ ਘਰ ਕਚਜੋਂ ਪਕੇ ਹੁਇ ਆਵੈਂ। ਹਮ ਤੋ ਅਬਹੀ ਅਗਨ ਲਗਾਵੈਂ'।
ਸਿੱਖ ਗੁਵਾਂਢਨ ਝਗਰਾ ਪਰਜੋ। ਤੌ ਲੋ ਸਿਖ ਉਸ ਕੂਚਾ ਫਰਜੋ।੫।

ਦੋਹਰਾ: ਲੈ ਲੈ ਨੱਠੇ ਸੌਜ ਸਭ ਕਰਕੇ ਬੜੀ ਪੁਕਾਰ।
ਕਿਛ ਨਿਕਲੀ ਕਿਛ ਮਧ ਰਹੀ ਭਈ ਘਰਨ ਕੀ ਛਾਰ।੬।

ਚੌਪਈ: ਘਰ ਕੋ ਫੂਕ ਸਿਖ ਗੁਰ ਪਹ ਧਾਯੋ। ਗਿਰਜੋ ਰਾਹ ਕਿਛ ਦਰਬ ਉਨ ਪਾਯੋ।
ਦੇਖ ਭਾਲ ਉਨ ਸੋਊ ਉਠਾਯੋ। ਤਾਕੋ ਮਾਲਕ ਕੋਊ ਨ ਆਯੋ।੭।
ਸੈ ਲੈ ਸਿਖ ਸਤਿਗੁਰ ਪੈ ਗਯੋ। ਆਗੈ ਧਰ ਸਿਖ ਠਾਂਢਾ ਭਯੋ।
ਤਬ ਸਤਿਗੁਰ ਤਿਸ ਕਹਜੋ ਉਚਾਰ। 'ਜਾਇ ਸੁਦਾਮੇ ਜਜੋਂ ਧਾਮ ਸੁਵਾਰ'।੮।
ਤਬ ਸਿਖ ਨੇ ਆਇ ਆਵੇ ਲਗਾਏ। ਰਾਜ ਸੱਦ ਗ੍ਰਿਹ ਤੁਰਤ ਚਿਣਾਏ।
ਜਿਨ ਗ੍ਰਿਹ ਸੰਗ ਕੱਚੇ ਜਲ ਗਏ। ਸਬੱਬ ਪਾਇ ਓ ਇਮਕੇ ਭਏ।੯।
ਅਗਨ ਸੇਕ ਜਿਸ ਘਰ ਕੋ ਆਯੋ। ਤਿਸ ਕੋ ਭੀ ਤਿਹ ਮਹਲ ਬਣਵਾਯੋ।
ਲੋਕ ਕਰੈਂ ਕਈ ਪੱਛੋਤਾਈ। 'ਹਮ ਨੈ ਕਜੋਂ ਨਾ ਅਗਨ ਲਗਾਈ'।੧੦।

ਸਾਖੀ ਸ਼ਹੀਦੋਂ ਸਿੰਘੋਂ ਕੀ

੧੦੦. [ਸਿੱਖੀ ਪਰਖੀ, ਪੰਜ ਸੀਸ ਮੰਗੇ ਤੇ ਪਜਾਰਿਆਂ ਨੂੰ 'ਸ਼ਹੀਦ' ਪਦ ਦਿਤਾ]

ਦੋਹਰਾ: ਜੋ ਕੋਊ ਪੂਛੈ ਪ੍ਰਸ਼ਨ ਯਹ ਕਿਮ ਕਹੈਂ ਸ਼ਹੀਦ ਵਖਜਾਤ?
ਯਹ ਭਯੋ ਖਿਤਾਬ ਹਜੂਰ ਤੇ ਕੈ ਪਿੱਛੈ ਕਹੀ ਕਿਨੈ ਬਾਤ?।੧।

ਚੌਪਈ: ਤਾਂਕੋ ਉੱਤਰ ਐਸੇ ਦੱਯੈ। ਜੈਸੇ ਸੁਨਿਓ ਤੈਸ ਬਤੱਯੈ।
ਜਿਉਂ ਮੈਂ ਸੁਨੀ ਬਡਨ ਤੇ ਸਾਖੀ। ਬੁਧਿ ਅਨੁਸਾਰ ਸੋਊ ਕਰ ਭਾਖੀ।੨।

ਦੋਹਰਾ: ਇਕ ਦਿਨ ਸਤਿਗੁਰ ਦਮਦਮੇਂ ਬੈਠੇ ਮੰਜੀ ਲਾਇ।
ਸ਼ਬਦ ਉਚਾਰਤ ਆਇਓ ਇਕ ਸਿਖ ਸਤਿਗੁਰ ਪਾਹਿ।੩।

ਅੜਿੱਲ: 'ਸਿੱਖਾਂ ਸੰਦੇ ਪੁੱਤਰ ਸਾਕਤ ਹੁਇ ਗਏ।
ਕਲਿਜੁਗ ਕੈ ਪ੍ਰਸਾਦਿ ਸਿਖੀਓਂ ਅਸਿਖ ਭਏ'।
ਯਹ ਸੁਨ ਸਿਖ ਕੇ ਬਚਨ ਸ੍ਰੀ ਗੁਰੁ ਯੌ ਕਹੇ:-
'ਹੋ ਕੱਚੇ ਗਏ, ਅਚੱਲ ਸਚੇ ਸੁਖ ਲੈ ਗਏ।੪।
ਹਮਰੀ ਸੰਗਤ ਮਾਂਹਿ ਸਿੱਖ ਅਬ ਹੈ ਕਹੀਂ।
ਸਤਿਜੁਗ ਜੈਸੀ ਰੀਤਿ ਉਨੈ ਕਲਿ ਮਧ ਠਈ'।

Sri Satguru Jagjit Singh Ji eLibrary NamdhariElibrary@gmail.com

ਤੌ ਸ੍ਰੀ ਗੁਰ ਸੋਂ ਕਹਯੋ 'ਸਿਖਨ ਕੋ ਹਮੈਂ ਦਿਖਾਈਏ।
ਹੋ ਹੋਵੈ ਪਾਪ ਹਮ ਦੂਰ ਜਿਮ ਸੁਧਾ ਸੁ ਨ੍ਹਾਈਏ।੫।'

ਚੌਪਈ: ਕਰਯੋ ਚਰਿੱਤ੍ਰ ਸਿਖਨ ਕੇ ਕਾਰਨ। ਪੱਕੇ ਕੱਚੇ ਸਿੱਖ ਦਿਖਾਰਨ।
ਸ੍ਰੀ ਗੁਰ ਬਚਨ ਮੁਖੋਂ ਥੋ ਕਹਯੋ। ਲੈਨ ਪਰੀਖਯਾ ਤਿਮ ਹੀ ਚਹਯੋ।੬।
ਤਬ ਸ੍ਰੀ ਸਤਿਗੁਰ ਖੰਡੋ ਮੰਗਵਾਯੋ। ਸਦ ਮਾਰਵਾੜੀਅਨ ਸਾਨ ਚੜ੍ਹਾਯੋ।
ਲਯੋ ਖੜਗ ਗਹਿ ਭੁਜਾ ਉਠਾਯੋ। ਪੰਜ ਸਿਖਨ ਚਹਯੋ ਸੀਸ ਝਟਕਾਯੋ।੭।

ਦੋਹਰਾ: ਸਭ ਸੰਗਤ ਇਕੱਠੀ ਕਰੇ ਕਹੀ ਸ੍ਰੀ ਗੁਰ ਸਭਨ ਸੁਨਾਇ।
'ਹੈ ਕੋਈ ਐਸੋ ਸਿੱਖ ਅਬ ਲੇਵੈ ਸੀਸ ਕਟਾਇ'।੮।

ਚੌਪਈ: ਸੁਨਤ ਬਚਨ ਤਨ ਲੋਕਨ ਤ੍ਰਾਸ। ਸਤਿਗੁਰ ਕੋ ਬਹੁ ਛਡਗੇ ਪਾਸ।
ਕਈਅਨ 'ਸਤਿਗੁਰ ਸਿਰਰੀ' ਕਹਯੋ। ਸਿੱਖੀ ਤੋੜਨ ਉਨੈ ਚਿਤ ਚਹਯੋ।੯।
ਕਈ ਸੁਨਤ ਘਰ ਕੋ ਹੀ ਦੌੜੇ। ਕਈ ਆਵਤ ਮਿਲ ਰਸਤਯੋਂ ਮੋੜੇ।
ਕੋਊ ਮਿਲ ਕੋਊ ਅਨਮਿਲ ਗਯੋ। ਵੇਗ ਭਜਤ ਉਨ ਮਗਰ ਨ ਤਕਯੋ।੧੦।
ਕੋਊ ਕਹਿ 'ਇਨ ਮਸੰਦਨ ਸੁਤ ਮਾਰੇ'। 'ਆਦਿ ਨਿਰਦਈ' ਯਹਿ ਐਸ ਪੁਕਾਰੇ।
ਰਹੀ ਖਾਤ ਮਝੈਲਨ ਸਿਰ ਆਇ। ਹੁਤੋ ਅੰਮ੍ਰਿਤਸਰ ਜਿਨੈ ਸਹਾਇ।੧੧।
ਭਾਈ ਗੁਰਦਾਸ ਤਿਨ ਬਚਨ ਬਿਚਾਰੇ। ਗੁਰ ਸਾਂਗ ਬ੍ਰਤਾਵੈ ਸਿਖ ਸਿਦਕ ਨ ਹਾਰੇ।
ਗੁਰੂ ਭੂਵਾਸੇ ਸਿਖ ਜੋ ਰਹੈ। ਮਾਨੈ ਹੁਕਮ ਗੁਰੂ ਜੋ ਕਹੈ।੧੨।

ਦੋਹਰਾ: ਜਬ ਤੇ ਮਾਝੇ ਦੇਸ ਮੈਂ ਸ੍ਰੀ ਗੁਰ ਲਵਾਯੋ ਤਾਲ।
ਪਾਪ ਕਰੈ ਜੋ ਕੋਊ ਸਿਖ ਨ੍ਹਾਵਤ ਹੋਤ ਨਿਹਾਲ।੧੩।

ਸ੍ਰੀ ਸਤਿਗੁਰਵਾਕ:-ਸੋਰਠਿ ਮ:੫॥

ਵਿਚਿ ਕਰਤਾ ਪੁਰਖੁ ਖਲੋਆ॥ ਵਾਲ ਨ ਵਿੰਗਾ ਹੋਆ॥
ਮਜਨੁ ਗੁਰ ਆਂਦਾ ਰਾਸੇ॥ ਜਪਿ ਹਰਿ ਹਰਿ ਕਿਲਵਿਖ ਨਾਸੇ॥੧॥
ਸੰਤਹੁ ਰਾਮਦਾਸ ਸਰੋਵਰੁ ਨੀਕਾ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀਕਾ॥੧॥ਰਹਾਉ॥
ਜੈ ਜੈ ਕਾਰੁ ਜਗੁ ਗਾਵੈ॥ ਮਨਿ ਚਿੰਦਿਅੜੇ ਫਲ ਪਾਵੈ॥
ਸਹੀ ਸਲਾਮਤਿ ਨਾਇ ਆਏ॥ ਅਪਣਾ ਪ੍ਰਭੂ ਧਿਆਏ॥੨॥
ਸੰਤ ਸਰੋਵਰ ਨਾਵੈ॥ ਸੋ ਜਨੁ ਪਰਮਗਤਿ ਪਾਵੈ॥
ਮਰੈ ਨ ਆਵੈ ਜਾਈ॥ ਹਰਿ ਹਰਿ ਨਾਮੁ ਧਿਆਈ॥੩॥
ਇਹੁ ਬ੍ਰਹਮ ਬਿਚਾਰੁ ਸੁ ਜਾਨੈ॥ ਜਿਸੁ ਦਇਆਲੁ ਹੋਇ ਭਗਵਾਨੈ॥
ਬਾਬਾ ਨਾਨਕ ਪ੍ਰਭ ਸਰਣਾਈ॥ ਸਭ ਚਿੰਤਾ ਗਣਤ ਮਿਟਾਈ॥੪॥੫੭॥

ਚੌਪਈ: ਉਸ ਪਰਤਾਪ ਉਨ੍ਹੈ ਮਤਿ ਠਈ। ਉਨ੍ਹੈ ਕਾਇਰਤਾ ਤਨ ਤੇ ਗਈ।
ਜਿਗਰੋਂ ਮੈਲ ਨ੍ਹਾਵਤ ਤਨ ਜਾਵੈ। ਉੱਜਲ ਰਿਦੇ ਉਨ੍ਹੈ ਬੁਧਿ ਆਵੈ।੧੪।

Sri Satguru Jagjit Singh Ji eLibrary NamdhariElibrary@gmail.com

ਇਹ ਸਿੱਖਨ ਉਨ ਸੁਨੀ ਮਝੈਲਨ। ਆਏ ਸਿੱਖ ਸੁਨਤ ਚਿਤ ਚੈਲਨ।
ਉਸਤੇ ਆਗੇ ਹੁਇ ਚਹੈਂ ਖੜਨੋ। ਸੀਸ ਕਟਾਇ ਬਹੁ ਸਿਖ ਚਹਿਂ ਮਰਨੋ।੧੫।

ਦੋਹਰਾ: ਸਤਿਗੁਰ ਤੰਬੂ ਵਡ ਗਡਜੋ ਕਨਾਤ ਸੁ ਗਿਰਦ ਲਵਾਇ।
ਗੁਪਤਹਿ ਬਕਰੇ ਆਇ ਧਰਿ ਬਜੋਰੋ* ਕਿਸੇ ਨ ਲਖਾਇ।੧੬।
ਸਤਿਗੁਰ ਮਾਂਗੇ ਸੀਸ ਜਿਮ ਨਿਤਰੇ ਆਇ ਮਝੈਲ।
ਕਰ ਸ਼ਨਾਨ ਔ ਧੂਪ ਅੰਗ ਕਰ ਖੁਸ਼ੀ ਸੁ ਅਏ ਬਾਡ ਛੈਲ।੧੭।

ਚੌਪਈ: ਹੁਤ ਸਤਿਗੁਰ ਪੰਜ ਸਿੱਖ ਬੁਲਾਏ। ਉਨਕੋ ਯੌਂ ਸਭ ਜਤਨ ਜਤਾਏ।
ਬੰਧ ਅਖੀਂ ਕੀਏ ਖੜੇ ਨਿਆਰੇ। ਉਨਕੀ ਠੌਰ ਦਏ ਬਕਰੇ ਮਾਰੇ।੧੮।
ਬਕਰਨ ਰਕਤ ਬਾਹਰ ਚਲਿ ਆਈ। ਦੇਖ ਰਕਤ ਨਠ ਗਈ ਲੁਕਾਈ।
ਸਤਿਗੁਰ ਰਾਖੇ ਸਿੱਖ ਬਚਾਇ। ਉਨੈਂ ਸ਼ਹੀਦੀ ਪਦ ਦਜੋ ਲਾਇ।੧੯।

ਸਾਖੀ ਮੇਹਰ ਸਿੰਘ ਭੁਜੰਗੀ, ਗੰਗੂ ਸ਼ਾਹੀਆਂ ਔਰ ਖੜਕ ਸਿੰਘ ਕੀ

੧੦੧. [ਗੰਗੂ ਸ਼ਾਹੀਆਂ ਤੇ ਭੁਜੰਗੀਆਂ ਦੀ ਅਜੋੜ। ਸਤਮਾਹਾਂ ਪੁਤ੍ਰ ਬਖਸ਼ਿਆ]

ਦੋਹਰਾ: ਮੇਹਰ ਸਿੰਘ ਇਕ ਸਿੰਘ ਹੁਤੋ ਦਿੱਲੀ ਮਧ ਘੁਮਿਆਰ।
ਬਾਵਨੀ ਆਯੋ ਸਿਰਹੰਦ ਕੀ ਸਿੰਘ ਦਸ ਕੁ ਰਹੈਂ ਉਸ ਨਾਰ।੧।

ਚੌਪਈ: ਵਹੀ ਭੁਜੰਗਨ ਤੌਰ ਸੁ ਰਹੈ। ਰਮਰਈਅਨ ਗੰਗੂ ਸ਼ਾਹੀਅਨ ਸੋਂ ਖਹੈ।
ਸਾਥ ਜੋੜੀ ਕੇ ਰਬਾਬ ਬਜਾਵੈ। ਚਾਰ ਵਕਤ ਸ਼ਬਦ ਗੁਰ ਕੇ ਗਾਵੈ।੨।
ਕਰੈ ਅਰਦਾਸ ਗੁਰੂ ਫਤੇ ਖੁਲਾਵੈ। ਵਾਹਿਗੁਰੂ ਬੋਲ ਸੁ ਜਾਪ ਜਪਾਵੈ।
ਹੱਥ ਸੋਟੇ ਗਲ ਰਖੈ ਤਲਵਾਰ। ਡੇਰਾ ਕਰੈ ਜਾ ਸਿੱਖਨ ਬਾਰ।੩।
ਨੀਲ ਬਸਤ੍ਰ ਗਜ ਸਵਾ ਕਛਹਿਰੇ। ਕੇਸਿ ਨਹਾਇ ਪ੍ਰਾਤ ਉਠ ਪਹਿਰੇ।
ਕਰੈ ਅਰਦਾਸ ਬਾਣੀ ਨਿਤ ਪੜੇ। ਰਹੈ ਸੁਚੇਤ ਨ ਕਿਸ ਤੇ ਡਰੇ।੪।

ਦੋਹਰਾ: ਜਹਿਂ ਸੰਗਤ ਸੁਨੈ ਗੁਰ ਦਸਮ ਕੀ ਤਹਿਂ ਡੇਰਾ ਲਾਇ ਸੁ ਜਾਇ।
ਰਮਰਈਅਨ, ਰੰਗਾਈ, ਕੁੜੀ ਘੁਟ, ਮੀਣੈ ਮਸੰਦ ਖੜਾਇ।੫।

ਚੌਪਈ: ਸਮਾਂ ਏਕ ਦਿਨ ਐਸਾ ਭਯੋ। ਗੰਗੂ ਦਾਸੀਅਨ ਕੋ ਤਹਿਂ ਡੇਰਾ ਭੀ ਅਯੋ।
ਖੜਕ ਸਿੰਘ ਗੁਰੂ ਬਡੋ ਅਖਾਵੈ। ਕਰਾਮਾਤ ਮਧਿ ਸੰਗਤ ਦਿਖਾਵੈ।੬।
ਬੱਸੀ ਗੋਤ ਮੰਜੀ ਜਿਨ ਕੋਲ। ਗੁਰੂ ਅਮਰਦਾਸ ਉਨ ਕੋ ਦਈ ਬੋਲ।
ਟਹਲ ਬਾਵਲੀ ਉਨ ਕੁਛ ਕਈ। ਇਮ ਕਰ ਉਨ ਪਰ ਕ੍ਰਿਪਾ ਥੀ ਭਈ।੭।

ਦੋਹਰਾ: ਜਬ ਮੋਢੀ ਕੋਊ ਨਾ ਰਹਜੋ ਮੰਜੀ ਲਾਵਨ ਜੋਗ।
'ਸਿਖ ਸੰਗਤ ਰੰਡੀ ਕਹੈ' ਘੇਰ ਲਏ ਉਨ ਲੋਗ।੮।

---
* ਵੇਰਵਾ

Sri Satguru Jagjit Singh Ji eLibrary NamdhariElibrary@gmail.com

ਚੌਪਈ: ਬਿਨ ਗੁਰ ਸੰਗਤ ਰੰਡੀ ਬਤਾਵੈ। ਯੌ ਕਹਿ ਕਹਿ ਵਲ ਅਪਨ ਭ੍ਰਮਾਵੈ।
ਰਿੱਧਿ ਸਿੱਧਿ ਦੁਧ ਪੁਤ ਭੀ ਦੇਵੈ। ਤੋੜ ਖਾਲਸੇ ਸੌਂ ਆਪ ਭ੍ਰਮੇਵੈ।੯।

ਦੋਹਰਾ: ਸੋ ਸੁਨ ਖਾਲਸੈ ਚਿਪ ਲਗੀ ਸਿੰਘ ਦੰਗੋ ਫੰਗੋ ਕਰਾਹਿਂ।
ਪਰ ਬਿਨਾਂ ਦਿਖਾਏ ਬਰਕਤੈਂ ਕੋਈ ਪਤਿਆਵੈ ਨਾਂਹਿ।੧੦।
ਖਾਲਸੈ ਔ ਗੰਗੂ ਸ਼ਾਹੀਅਨ ਐਸੋ ਰਹੈ ਤਕਰਾਰ।
ਸਿੰਘ ਕਹੈਂ ਖਾਲਸੋ ਜਿਤਯੋ ਗੰਗਈ ਕਹੈਂ ਗਯੋ ਹਾਰ।੧੧।

ਚੌਪਈ: ਜਿਨ ਬਿਧ ਤਿਨੈ ਬਿਬਾਦੋ ਭਯੋ। ਕਹੈ ਰਤਨ ਸਿੰਘ ਸੋ ਸੁਨ ਲਯੋ।
ਜਿਨ ਦੇਖੇ ਜੀਵਤਿ ਸਿਖ ਵਾਹਿ। ਉਨੇ ਕਹਯੋ ਥੋ ਹਮਰੇ ਪਾਹਿ।੧੨।
ਇਕ ਸਿਖ ਥੋ ਗੁਰਦਸਮ ਕੋ ਪੂਰੋ। ਬਜਾਹਯੋ ਘਰ ਗੰਗੂ ਸ਼ਾਹੀਅਨ ਕੇਊਰੋ।
ਅੰਨ ਧਨ ਉਸ ਕਮੀ ਨ ਕਾਈ। ਇਕ ਲੋੜ ਪੁਤ੍ਰ ਕੀ ਉਸੈ ਰਹਾਈ।੧੩।
ਅੰਨ ਧਨ ਮੈਂ ਉਸ ਬਡ ਨਫੇ ਆਯੋ। ਉਸ ਕੋ ਦਸੌਂਧ ਉਨ ਸਿੱਖ ਕਢਾਯੋ।
ਸਿੱਖ ਸਿੱਖਣੀ ਯੌਂ ਕਰੀ ਸਲਾਹਿ। 'ਦਸੌਂਧ ਚੜ੍ਹਾਯੈ ਘਰ ਸਿਖਨ ਬੁਲਾਇ।੧੪।
ਪ੍ਰਸ਼ਾਦਿ ਛਕਾਇ ਅਰਦਾਸ ਕਰਾਯੈ। ਹੁਇ ਉਲਾਦ ਇਮ ਬਚਨ ਕਰਾਯੈ।
ਇਮ ਬਚਨ ਗੋਬਿੰਦ ਸਿੰਘ ਕਰ ਗਏ। ਜੋ ਚਾਹੈ ਪੰਜ ਸਿੱਖਨ ਤੇ ਲਏ' ।੧੫।
ਸੁਭ ਦਿਨ ਪੁਛਿਕੈ ਲਯੋ ਠਹਿਰਾਇ। ਦਯੋ ਸਿੱਖਨ ਕੋ ਬੋਲ ਪਠਾਇ।
ਸਿੱਖਨ ਕੋ ਚਹਿ ਚਰਨ ਘਰ ਪਾਯੋ। ਸਾਕ ਸ਼ਰੀਕ ਭੀ ਸੱਦ ਬੁਲਾਯੋ।੧੬।

ਦੋਹਰਾ: ਸਮੋਂ ਸਾਲ ਐਸੋ ਭਯੋ ਹੁਇ ਸਸੁਰੈ ਪਏ ਤਿਆਰ।
ਰਸਤੇ ਮੈਂ ਉਨ ਗੁਰ ਮਿਲਯੋ ਖੜਕ ਸਿੰਘ ਗੰਗਿਆਰ।੧੭।

ਚੌਪਈ: ਸੋ ਉਨ ਨੈ ਲਯੋ ਉਤੈ ਮੁੜਾਇ। ਸਿੱਖ ਕਰਨ ਉਨ ਲਯੋ ਠਹਿਰਾਇ।
ਆਗੈ ਹੁਤੋ ਮੇਹਰ ਸਿੰਘ ਆਯੋ। ਦਸਕੁ ਸਿੰਘਨ ਸਜੋਂ ਸ਼ਸਤ੍ਰ ਸਜਾਯੋ।੧੮।
ਭਯੋ ਤਿਆਰ ਜਬ ਉਸੈ ਪ੍ਰਸਾਦਿ। ਆਨ ਮਚਾਯੋ ਖੜਕ ਸਿੰਘ ਬਾਦ।
ਕਹਯੋ ਉਨੈਂ 'ਚਰਨ ਪਾਹੁਲ ਲੇਵੈਂ। ਹੋਵੋ ਹਮ ਸਿਖ ਤਬ ਪ੍ਰਸਾਦਿ ਜੇਵੈਂ'।੧੯।
ਹੁਤੋ ਜੋਰ ਬਡ ਸਾਹੁਰ ਵਾਰੀ। ਬੋਲ ਉਠੀ ਤਿਸ ਤਿਮ ਹੀ ਨਾਰੀ।
ਸਿੱਖ ਕਹੈ 'ਹਮ ਆਦਿ ਪਾਹੁਲ ਖੰਡੇ। ਕਿਮੈਂ ਮੁੜੈਂ ਹਮ ਸਤਿਗੁਰ ਚੰਡੇ' ।੨੦।
ਤ੍ਰਿਯਾ ਕਹੈ 'ਮੋ ਲਜਾਏ ਪੇਕੇ। ਹਮ ਚਹੀਐ ਉਨ ਅਗੈ ਮਥਾ ਟੇਕੇ।
ਨਹੀਂ ਤ ਮੈਂ ਮਰ ਈਹਾਂ ਰਹੂੰਗ। ਕੀਤਾ ਕਰਾਯਾ ਸਬ ਬਿਥਾਰਸੁ ਦੇਊਂਗ' ।੨੧।
ਤ੍ਰਿਯਾ ਆਈ ਤਿਰੀਆ ਕੇ ਹੱਠ। ਭਈ ਸਿੱਖ ਕੋ ਔਖੀ ਸੱਟ।
ਜਿਵੇਂ ਸਰਪ ਚਕਚੂੰਧਰ ਫਰੈ। ਛਡੈ ਲਯੈ ਔ ਖਾਇ ਅੰਧ ਮਰੈ।੨੨।
ਸਸੁਰਾ ਭੀ ਉਸ ਇਮ ਹੀ ਕਹੈ। 'ਲੇ ਚਰਨ ਪਾਹੁਲ ਤੋ ਹਮ ਇਤ ਰਹੈਂ'।
ਭਈ ਸਿੱਖ ਕੋ ਔਖੀ ਗੱਲ। ਕਰੀ ਭਲੀ ਥੀ ਭਈ ਬਿਲੱਲ।੨੩।

Sri Satguru Jagjit Singh Ji eLibrary NamdhariElibrary@gmail.com

ਤਬ ਖਾਲਸੇ ਕੋ ਗੁੱਸਾ ਆਯਾ। ਬਾਂਧ ਕਮਰ ਸਾਜ ਲੜਨ ਬਨਾਯਾ।
'ਜੋ ਜੀਵੇ ਸੋ ਸਿੱਖ ਕਰਾਵੈ। ਜੋਊ ਮਰੈ ਕਜ਼ਾ ਪਾਹੁਲ ਦਿਵਾਵੈ।੨੪।
ਹਮਰਾ ਤੁਮਰਾ ਇਹੀ ਕਰਾਰ। ਹਮ ਆਏ ਤੁਮ ਕਰੋ ਸੰਭਾਰ'।੨੫।

ਦੋਹਰਾ: ਏਤੀ ਸੁਨ ਸਸੁਰੇ ਨਠੇ ਲਯੋ ਖੜਕੈ ਸਿੰਘ ਚੜ੍ਹਾਇ।
ਜਾਇ ਮੇਹਰ ਸਿੰਘ ਅਗੈ ਖੜਜੋ 'ਨਹਿੰ ਲੜੈ ਬਿਨਾਂ ਨਠ ਜਾਇ'।੨੬।

ਚੌਪਈ: ਫੜ ਸ਼ਮਸ਼ੇਰ ਸਿੰਘ ਗਏ ਖਲੋਇ। ਖੜਗ ਸਿੰਘ ਮੁੜ ਵੜਿਓ ਤੋਇ।
ਸਿੰਘ ਇੱਕੀ ਇੱਕੀ ਕੇ ਖਿਨ ਹੋਇ। ਰਹੈਂ ਕੈਸੇ ਲੜ ਜੀਵਤ ਦੋਇ।੨੭।
ਸਸੁਰਾਰੀਅਨ ਕੈ ਮੁਖ ਭਏ ਪੀਲੇ। ਪਾਉਣ ਲਗੇ ਸੱਦ ਵਿਚ ਵਸੀਲੇ।
ਸਿੰਘ ਕਹੈਂ 'ਹਮ ਛਡ ਨਹਿੰ ਜਾਵੈਂ। ਹਮ ਦੇਖਤ ਕਿਤ ਮੰਜੀ ਨ ਲਾਵੈਂ'।੨੮।

ਦੋਹਰਾ: ਤਬਹਿ ਬਕੀਲਨ ਆ ਕਹਜੋ 'ਤੁਮ ਈਹਾਂ ਸ਼ਾਂਤ ਬ੍ਰਤਾਉ।
ਔਰ ਜਗਾ ਤੁਮ ਜਾਇ ਕੈ ਇਕ ਦੂ ਇੱਕ ਕ੍ਰਾਉ'।੨੯।
ਸਿਖ ਸਿੱਖਨ ਏਕਾ ਕੀਏ, ਗਲ ਇਮ ਦਈ ਠਹਿਰਾਇ।
'ਜੋ ਇਨ ਕੋ ਪੁੱਤਰ ਦਏ ਸੋ ਇਨ ਸਿੱਖ ਕਰਾਇ'।੩੦।

ਚੌਪਈ: ਰੰਗੱਯਨ ਇਮ ਹੀ ਮੰਨ ਲਈ। ਚਹੈਂ ਜਾਨ ਬਚਾਵਨ ਵਖਤ ਟਲਈ।
'ਬਰਸ ਅੰਦਰ ਹਮ ਇਸ ਸੁਤ ਦਿਵਾਵੈਂ। ਇਸੀ ਦਿਵਸ ਆ ਪਾਹੁਲ ਪਿਲਾਵੈਂ'।੩੧।
ਤਬ ਸਿੰਘਨ ਸੋ ਭੀ ਮੰਨ ਲਈ। ਉਨ ਤੈ ਯਹੀ ਲਿਖਾਇ ਸੁ ਲਈ।
ਬਹੁਰ ਸਿੰਘਨ ਇਮ ਬਚਨ ਉਚਾਰੇ। 'ਸੁਨੋ ਬਚਨ ਗੁਰਸਿੱਖ ਪਜਾਰੇ।੩੨।
ਇਨੈ ਕਹਜੋ ਦਯੋ ਪੁਤ੍ਰ ਪੁਕਾਰੇ। ਹਮ ਦੇਨੋ ਬੋ ਸੋਊ ਮਾਰੇ।
ਪਰ ਸਿਖ ਕੇ ਹਿਤ ਸਿਖਨੀ ਕੋ ਅਹੇਤ। ਜਿਉਂ ਅੱਧੋ ਕੰਚਨ ਅੱਧੋ ਰੇਤ'।੩੩।

ਦੋਹਰਾ: ਪੰਜ ਸਿੰਘਨ ਮਿਲ ਇਮ ਕਹਜੋ ਧਰ ਗੁਰ ਚਰਨਨ ਧਜਾਨ।
'ਇਸ ਸੁਤ ਸਤਮਾਹਾਂ ਦੀਜੀਏ ਸਤਿਗੁਰ ਜਾਣੀ ਜਾਣ'।੩੪।

ਚੌਪਈ: ਇਹੀ ਬਾਤ ਲਈ ਸਿੰਘਨ ਲਿਖਾਏ। 'ਕਰੈਂ ਸਿੰਘ ਹਮ ਇਸੀ ਦਿਨ ਆਏ।
ਦਸਵੰਧ ਰਹਜੋ ਸਿੱਖ ਪੁਤ ਹੋਇ। ਜੋ ਜੀਵੈ ਤੌ ਆਇ ਲਏ ਸੋਇ'।੩੫।
ਦੋਊ ਵਲਨ ਕੇ ਲਿਖੇ ਕਰਾਰ। ਪ੍ਰਸ਼ਾਦਿ ਛਕਾਇ ਦਏ ਬਾਹਰ ਨਿਕਾਰ।
ਸੱਤ ਮਹੀਨੇ ਬੀਤਤ ਜਬ ਭਏ। ਉਸੀ ਨਾਰ ਨੇ ਪੁਤ੍ਰ ਦਯੋ ਜਏ।੩੬।

ਕੁੰਡਲੀਆ: ਉਸੀ ਸਿਖ ਮਨ ਆਨੰਦ ਭਯੋ ਟੰਮਕ ਦਜੋ ਬਜਵਾਇ।
ਇਕ ਖੁਸ਼ੀ ਪੁਤ੍ਰ ਭਏ ਕੀ ਦੂਈ ਗੁਰ ਲਗੀ ਪੈਜ ਬਧਾਇ।
ਦੂਈ ਗੁਰੂ ਲਈ ਪੈਜ ਬਧਾਇ ਸਿਖਨ ਕੀ ਦਸਮ ਪਤਿਸ਼ਾਹੀ।
ਪੰਜ ਸਿੰਘਨ ਕੀ ਅਰਦਾਸ ਭਾਂਤ ਉਸੇ ਰਾਸ ਆਈ।
ਰੰਗੂ ਦਾਸੀਅਨ ਗਲ ਹਲਕੀ ਭਈ ਔ ਖਾਲਸੇ ਆਈ ਬਹੁ ਖੁਸ਼ੀ।
ਭਯੋ ਜੈ ਜੈਕਾਰ ਘੁਮਜਾਰ ਸਿੰਘ ਲਯੋ ਦਸਵੰਧ ਆਇ ਉਨ ਦਿਨ ਉਸੀ।੩੭

Sri Satguru Jagjit Singh Ji eLibrary NamdhariElibrary@gmail.com

ਅਥ ਸਾਖੀ ਰੰਗੂ ਸ਼ਾਹੀਅਨ ਕੀ ਉਤਪਤੀ

੧੦੨. [ਰੰਗੋ ਖਤਰੀ ਤੀਸਰੇ ਪਾਤਸ਼ਾਹ ਦੇ ਹਜ਼ੂਰ ਆਯਾ ਤੇ ਬਖਸ਼ਿਸ਼ ਪਾਈ]

ਦੋਹਰਾ: ਲਾਗ ਦੁਆਬੇ ਦੇਸ ਕੇ ਪਰਬਤ ਬੀਤ ਕਹਾਇ।
ਤਿਹ ਢਿਗ ਘਾਗੋ ਪਿੰਡ ਹੁਤੋ ਖਤ੍ਰੀ ਰੰਗੂ ਬਸਾਇ।੧।

ਚੌਪਈ: ਉਸ ਪਹਿ ਰਿਜਕ ਹੁਤੋ ਅਤਿ ਥੋੜੋ। ਸੋ ਬਾਂਧ ਡਗੀ ਚੌਗਿਰਦੋ ਦੌੜੋ।
ਤਬ ਸੰਗਤ ਥੀ ਗੁਰ ਢਿਗ ਜਾਵਤ। ਭਈ ਭੇਟ ਤਿਸ ਫੇਰੋ ਪਾਵਤ।੨।
ਤਿਨਹਿ ਪੁਛਜੋ 'ਤੁਮ ਕਹਾਂ ਸਿਧਾਰੋ'। 'ਸ੍ਰੀ ਸਤਿਗੁਰ ਢਿਗ' ਉਨੈ ਉਚਾਰੋ।
'ਸ੍ਰੀ ਸਤਿਗੁਰ' ਪੁਛਜੋ ਉਨ 'ਕੈਸੋ'? 'ਮੁਕਤ ਭੁਗਤ ਦੇਨ ਜੋਗਹਿ' ਕਹਿਸੋ।੩।
'ਮੁਕਤ ਲੋੜ ਹਮ ਕੋ ਕੁਛ ਨਾਹੀਂ। ਭੁਗਤ ਦਿਵਾਵੇ ਤੌ ਸੰਗ ਜਾਂਹੀ'।
ਉਨੈਂ ਕਹਜੋ 'ਉਹਾਂ ਦੋਊ ਘਨੀ। ਦਰਸ਼ਨ ਪਾਵਤ ਹੋਤ ਸੁ ਧਨੀ।੪।
ਦੇਨਹਾਰ ਔਰਨ ਕੋ ਹੋਵੈ। ਨਿਸਚੋ ਧਰ ਗੁਰ ਚਰਨਨ ਜੋਵੇ'।
ਉਨੈਂ ਕਹਜੋ 'ਮੋ ਪੈ ਭੇਟ ਨਾਹੀਂ। ਕਿਮ ਕਰ ਮਸਤਕ ਚਰਨ ਛੁਹਾਹੀ'।੫।

ਦੋਹਰਾ: ਔਰ ਕਹੀ ਉਨ 'ਮੋਹਿ ਪੈ ਖਰਚ ਖਾਨ ਕੋ ਨਾਂਹਿ'।
ਸਿੱਖਨ ਕਹਜੋ 'ਤੁਹਿ ਹੋਇ ਆਵ ਗੁਜਾਰੋ ਔਰ ਖੁਲਾਹਿ'।੬।

ਚੌਪਈ: ਸੋ ਸੁਨਿ ਸਾਥ ਉਨੇ ਕੇ ਰਲਾ। ਪਹੁੰਚਜੋ ਗੋਂਦਵਾਲ ਵਹਿ ਚਲਾ।
ਸੰਗਤ ਦਰਸ਼ਨ ਸ੍ਰੀ ਗੁਰ ਪਾਯੋ। ਕਰ ਪਰਦੱਖਣਾ ਭੂ ਮਾਥ ਟਿਕਾਯੋ।੭।
ਧਰ ਭੇਟਾ ਗੁਰ ਬਚਨ ਸੁਨਾਯੋ। 'ਮਨ ਇੱਛਤ ਫਲ ਸੰਗਤ ਪਾਯੋ'।
ਜਜੋਂ ਜਜੋਂ ਸੰਗਤ ਚੜ੍ਹਾਵੇ ਧਨੋ। ਹੁਇ ਸ਼ਰਮਿੰਦੇ ਰੰਗੋ ਘਨੋ।੮।
ਹੁਤੋ ਰੰਗੋ ਪਹਿ ਗੁੜ ਅਤਿ ਢੀਲਾ। ਧਰ ਨ ਸਕੇ ਮੁਖ ਹੋਇਓ ਪੀਲਾ।
ਸੋ ਸਤਿਗੁਰ ਸੇ ਜਾਨੀ ਜਾਣ। ਸੰਸੇਵਾਨ ਸਿੱਖ ਲਯੋ ਪਛਾਣ।੯।
ਕਹਜੋ ਸਤਿਗੁਰ 'ਸਿੱਖ! ਆਗੇ ਆਵਹੁ। ਧਰੋ ਭੇਟ ਨਹਿਂ ਮਨ ਸੰਕਾਵੋ।
ਈਹਾਂ ਸੁਦਾਮੇਂ ਤੰਦੁਲ ਲੋੜ। ਯੇਹੀ ਹਮ ਕੋ ਲਾਖ ਕਰੋੜ'।੧੦।

ਦੋਹਰਾ: ਗੁੜ ਰੰਗੋ ਢਿਗ ਧਰ ਕਹਜੋ 'ਸ੍ਰੀ ਗੁਰ ਜਾਨੀ ਜਾਣ।
ਮੋ ਕੋ ਰਿਜਕ ਸੁ ਦੀਜੀਏ ਕੋਇ ਸੌਂਪੀਏ ਟਹਿਲ ਪਛਾਣ'।੧੧।

ਚੌਪਈ: ਸ੍ਰੀ ਸਤਿਗੁਰ ਤਿਸ ਅਸ ਫੁਰਮਾਯੋ। ਟਹਲ ਬਾਉਲੀ ਕਹਾ ਸੋ ਲਾਯੋ।
ਖੋ ਕੜੇ ਬਾਉਲੀ ਟੁਟਤੋ ਨਾਂਹਿ। ਸਿਖ ਸੰਗਤ ਸਭ ਟਹਿਲ ਕਮਾਹਿ।੧੨।
ਸੋ ਸਮੇਂ ਪਹੁੰਚਜੋ ਨੇਰੈ ਆਇ। ਜਿਮ ਸਤਿਗੁਰ ਥੋ ਕੜੋ ਤੁੜਾਇ।
ਗੜ੍ਹ ਚਿਤੌੜ ਅਕਬਰ ਚਹਿ ਤੋੜਜੋ। ਸ੍ਰੀ ਗੁਰ ਹੁਤੋ ਕੜਾ ਸੰਗ ਜੋੜਜੋ।੧੩।
ਸਮੇਂ ਇਕੈ ਦੋਊ ਤੁੱਟ ਗਏ। ਰੰਗੂ ਗੁਰੂ ਫਤੇਦਾਰ ਕਏ।
ਸਤਿਗੁਰ 'ਮਾਂਗ' ਉਸੇ ਸੋਂ ਕਹੀ। 'ਹੁੰਡੀ ਵਾਲ' ਉਨੈ ਮੰਗ ਲਈ।੧੪।

Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਭੇਜਯੋ ਦਿੱਲੀ ਵਾਇ। ਹੁੰਡੀ ਵਾਲ ਭਯੋ ਤਿਹ ਜਾਇ।
ਚਲੀ ਹੁੰਡੀ ਤਬ ਬਾਧਾ ਭਯੋ। ਬਧੀ ਦਰਖ ਤਿਸ ਗਰਬਾ ਅਯੋ।੧੫।

ਦੋਹਰਾ: ਸ੍ਰੀ ਗੁਰ ਭੇਜੀ ਹੁੰਡੀ ਰੀਂਗੂ ਮਾਨੀ ਨਾਹਿ।
ਤਿਸ ਕਰ ਤਿਸ ਕੋ ਤੁਰਤ ਹੀ ਘਾਟਾ ਆਯਾ ਤਾਂਹਿ।੧੬।

ਚੌਪਈ: ਮੁੜ ਗੁਰ ਕੀ ਉਸ ਟਹਿਲ ਕਮਾਈ। ਫਿਰ ਸਤਿਗੁਰ ਮਨ ਕਿਰਪਾ ਆਈ।
ਤੌ ਭਈ ਬੀਬੀ ਕੇ ਬਜਾਹ ਤਯਾਰੀ। ਭੇਜਯੋ ਗੁਰ ਘ੍ਰਿਤ ਲੈਣ ਪਹਾੜੀ।੧੭।
ਰੀਂਗੂ ਕਹੀ ਗੁਰ ਸੋਂ ਹਥ ਜੋਰ। 'ਤੁਸੀਂ ਕਾਰਨ ਉਗਰਾਹੀ ਭੇਜੋ ਮੋਰ।
ਤਹਿਂ ਦੇਵੀ ਦੇਵ ਕਰਾਮਾਤੀ ਘਨੇ। ਊਹਾਂ ਉਗਰਾਹੀ ਹਮ ਕਿਮ ਬਨੇ।੧੮।
ਊਹਾਂ ਹੈਂ ਪ੍ਰਬਤੀ ਬੁਰੀ ਬਲਾਇ। ਸਕੈ ਉਨੈਂ ਕਿਮ ਕੋ ਪਤਿਆਇ।
ਹਮ ਕੋ ਦੀਜੈ ਐਸੀ ਕਲਾ। ਜਿਉਂ ਘ੍ਰਿਤ ਆਵੈ ਪ੍ਰਬਤੀ ਚਲਾ'।੧੯।

ਦੋਹਰਾ: ਤੌ ਸਤਿਗੁਰ ਰੀਂਗੋ ਕਹਯੋ 'ਤੌ ਰਸਨਾ ਹਮ ਬਾਸ।
ਜਿਉਂ ਤੂੰ ਚਾਹੈਂ ਤਿਉਂ ਹੁਵੈ ਤੂੰ ਰਖੈਂ ਕਰੈਂ ਨਾਸ਼*'।੨੦।

ਚੌਪਈ: ਇਤੋ ਬਚਨ ਲੈ ਪ੍ਰਫੱਲਤ ਭਯੋ। ਪਹੁੰਚ ਪ੍ਰਬਤਿ ਉਨ ਸਭ ਜਿਤ ਲਯੋ।
ਲਾਇ ਮੰਜੀ ਗੁਰ ਆਪ ਹ੍ਵੈ ਬਹਯੋ। ਘਿਰਤਿ ਘਨੋ ਵਲ ਗੁਰ ਘਲ ਦਯੋ।੨੧।
ਬੀਬੀ ਭਾਨੀ ਕੇ ਬਜਾਹਨ ਆਯਾ। ਬਚਨ ਗੁਰੂ ਮਤ ਲੇਵੈ ਹਟਾਇਆ।
ਸੋ ਸੁਨਿ ਸਤਿਗੁਰ ਗੁੱਸਾ ਕੀਯਾ: 'ਮੁਖ ਕਾਲਾ ਰੀਂਗੂ' ਕਹਿ ਦੀਆ।੨੨।
ਰੀਂਗੂ ਬਚਨ ਸੁਨ ਸ਼ੀਸ਼ਾ ਲੀਆ। ਮੁਖ ਕਾਲਾ ਨਿਜ ਦਰਸ਼ਨ ਕੀਆ।
ਬਚ ਸਤਿਗੁਰ ਕਉ ਮਿਟਤੇ ਨਾਂਹਿ। ਸੋ ਝੂਰੇ ਬਹੁ ਮਨ ਕੇ ਮਾਂਹਿ।੨੩।
ਔਰ ਕਥੋਂ ਨਹਿਂ ਅਗੈ ਕਹਾਨੀ। ਗ੍ਰੰਥ ਵਧਨ ਤੇ ਸੰਕ ਮਨ ਆਨੀ।
ਬਚਨ ਰਹੇ ਦੋਊ ਉਨ ਪਾਹਿ। ਮੁਖ ਕਾਲੋ ਔ ਬਚਨ ਸਹਾਇ।੨੪।

ਸਾਖੀ ਚੰਡਿਆਲੀਆਂ ਜੰਡਿਆਲੀਆਂ
ਔ ਨਿਜ ਗੁਰ ਲੋਪੀ, ਪੰਥ ਘਾਤੀਅਨ ਕੀ

੧੦੩. [ਸਾਖੀ ਹੰਦਾਲ ਦੀ]

ਦੋਹਰਾ: ਸਾਖ ਸੁਨੋ ਬਡ ਉਨ ਦੁਸ਼ਟਨ ਹੋਹਿ ਆਦਿ ਦੁਸ਼ਟਨ ਮੈਂ ਲਿੱਖ।
ਗੁਰ ਲੋਪੀ ਕੋਪੀ ਪੰਥੈ ਨਿੰਦੈਂ ਜਿਨ ਗੁਰ ਸਿੱਖ।੧।
ਮੁਖਤ ਨਿਆਮਤ ਗੁਰ ਦਈ ਸਕਯੋ ਨ ਸੋਊ ਪਚਾਇ।
ਜਿਸ ਜਲ ਤੇ ਪੈਦਾ ਭਯੋ ਚਹਿ ਸੋਊ ਜਲਹ ਜਲਾਇ।੨।

* ਪਾ:-ਤੁਰਤ ਹੋਵੈ ਤੋਹਿ ਪਰਕਾਸ਼।

Sri Satguru Jagjit Singh Ji eLibrary NamdhariElibrary@gmail.com

ਚੌਪਈ: ਪ੍ਰਿਥਮ ਉਸਕੀ ਉਤਪਤੀ ਸੁਨਾਊਂ। ਪਾਛੈ ਉਸਕੇ ਲਛਨ ਬਤਾਊਂ।
ਜਟ ਘਣੱਗ ਸੁ ਜੰਡਜਾਲੇ ਸੁਲਤਾਨੀ ਰਹੈ। ਨੰਗ ਭੁੱਖ ਉਸ ਤਨਕੋ ਦਹੈ।੩।
ਉਨਿ ਸੁਨਿਓਂ 'ਗੁਰ ਲੰਗਰ ਚਲਾਵੈਂ। ਉਹਾਂ ਜਾਇ ਲੋਕ ਪੇਟ ਭਰ ਖਾਵੈਂ।
ਕਰੇ ਟਹਿਲ ਭਾਵੈਂ ਨਾਂਹਿ ਕਰਾਹਿ। ਤਹਾਂ ਰਿਜਕ ਕੀ ਕਮੀ ਸੁ ਨਾਂਹਿ'।੪।
ਇਮ ਸੁਨਿ ਕੈ ਵਹਿ ਤਹਾਂ ਪਧਰਯੋ। ਜਾਇ ਲਾਂਗਰੀਅਨ ਮੱਧ ਸੰਚਰਯੋ।
ਭਰੈ ਪੇਟ ਔਰ ਜ਼ਬਹੂੰ ਖਾਇ। ਆਟਾ ਗੁੰਨ੍ਹੈ ਬਹੁ ਚੁਲ੍ਹੇ ਤਪਾਇ।੫।
ਮਗਜ਼ੋਂ ਬੋਇ ਨ ਸੁਲਤਾਨੀਯਨ ਗਈ। ਸਿੱਖੀ ਰੀਤ ਕਿਛ ਜਿਗਰ ਨ ਠਈ।
ਜਿਗਰ ਮੋ ਰਚੈ ਤਬ ਹੀ ਜਾਇ। ਹੋਇ ਸਿਕਲ ਬਹੁ ਮਸਕਲਨ ਤਾਹਿ।੬।
ਪਰ ਭਲੈ ਮੌਣ ਸੋ ਘਰੋਂ ਸਿਧਾਯਾ। ਮੁਖਤ ਝਾਕਾ ਸ੍ਰੀ ਸਤਿਗੁਰ ਲਾਯਾ।
ਉਸੇ ਝਾਕੇ ਮਧ ਕੀਯੋ ਨਿਹਾਲ। ਜਰ ਨ ਸਕ੍ਯੋ ਵਹਿ ਜੱਟ ਹਿੰਦਾਲ।੭।

ਦੋਹਰਾ: ਇਕ ਦਿਨ ਉਠ ਸ੍ਰੀ ਸਤਿਗੁਰੂ ਗਏ ਸੁ ਲੰਗਰ ਦਾਇ।
ਉਠੇ ਸਿੱਖ ਚਰਨੀ ਲਗੇ, ਹਿੰਦਾਲ ਭੀ ਆਯੋ ਧਾਇ।੮।

ਚੌਪਈ: ਔਰ ਸਿੱਖ ਚਰਨੀਂ ਹਥ ਲਾਏ। ਹੁਤ ਹਿੰਦਾਲ ਆਟੇ ਹਥ ਲਿਬੜਾਏ।
ਸੋ ਉਨ ਸੋਚ ਇਤਨਕ ਲਈ ਧਾਰ। ਮਤ ਆਟੋ ਲਗ ਗੁਰ ਪਗ ਹੋਹਿਂ ਖ੍ਵਾਰ।੯।
ਹਾਥ ਜੋੜ ਉਨ ਪਿਠ ਪਰ ਧਰੇ। ਸੀਸ ਝੁਕਾਇ ਪਰ ਚਰਨੀ ਧਰੇ।
ਦੇਖ ਸਤਿਗੁਰ ਉਸ ਚਿਤ ਕੀ ਸੋਚ। ਕਰੀਸੁ ਦ੍ਰਿਸ਼ਟ ਗੁਰ ਉਸ ਵਲ ਲੋਚ।੧੦।
ਇਤਨਕ ਸੋਚ ਪਰ ਭਏ ਦਿਆਲ। ਕਰ ਦੀਨੋ ਹਿੰਦਾਲ ਨਿਹਾਲ।
ਤਨਕ ਸੋਚ ਤੇ ਬਡ ਮੌਜ ਦਈ। ਮੁਖਤ ਨਿਆਮਤ ਉਸ ਇਮ ਅਈ।੧੧।
ਮੁਖਤ ਨਿਆਮਤ ਹਥ ਤੇ ਆਇ। ਹੁਇ ਭਲ ਭਾਂਡੋ ਤਉ ਰਖੈ ਪਚਾਇ।
ਕੱਚੇ ਬਾਸਨ ਰਹੈ ਨ ਨੀਰ। ਜੇ ਕਰ ਰਾਖੇ ਬਹੁ ਤਤਬੀਰ।੧੨।

ਸਾਖੀ ਰਜਬ ਕੀ

੧੦੪. [ਹਿੰਦਾਲੀਆਂ ਤੇ ਨਿਰੰਜਨੀਆਂ ਦੇ ਬੇਮੁਖ ਵਡਕੇ, ਜਨਮ ਸਾਖੀ ਦਾ ਵਿਗਾੜਨਾ ਤੇ ਹੋਰ ਬੇਮੁਖਤਾ]

ਦੋਹਰਾ: ਮੁਖਤ ਨਿਆਮਤ ਗੁਰੁ ਬਚਨ ਕੋਊ ਰਾਖੈ ਗਹਰ ਗੰਭੀਰ।
ਕਨਕ ਕਟੋਰੈ ਬਾਹਿਰੋ ਟਿਕੈ ਨ ਬਾਘਨ ਛੀਰ।੧।

ਚੌਪਈ: ਦਈ ਸੰਗਤ ਸ੍ਰੀ ਗੁਰ ਤਿਹ ਲਾਇ। ਗਿਰਦ ਜਿੰਡਾਲੇ ਬੀਸ ਤੀਸ ਗਿਰਾਂਇ।
'ਇਸੀ ਤੌਰ ਲਈ ਮਥੋ ਟਿਕਾਇ। ਇਸੀ ਤੌਰ ਆਈ ਹਮਰੇ ਪਾਹਿ।੨।
ਮਤ ਕਤ ਬਹਿ ਆਪੇ ਗੁਰ ਹੋਇ। ਹੁਇ ਜਾਵੈ ਫਿਰ ਸਿਖੀਓਂ ਅਢੋਇ।
ਵਾਹਿਗੁਰੂ ਧੰਨ ਗੁਰੂ ਜਾਪ ਜਪਾਯੋ'। ਯੌਂ ਸਤਿਗੁਰ ਉਸ ਬਚਨ ਫੁਰਮਾਯੋ।੩।

ਦੋਹਰਾ: ਵਹੁ ਮੁਖਤਿ ਨਿਆਮਤ ਬੇਕਦਰ ਸਕ੍ਯੋ ਨ ਸੋਊ ਪਚਾਇ।
ਜਯੋਂ ਗਧਹਿ ਬਘੰਬਰ ਲੱਭਿਓ ਖਾਇ ਖੇਤੀ ਪ੍ਰਾਈ ਡਰਾਇ।੪।

Sri Satguru Jagjit Singh Ji eLibrary NamdhariElibrary@gmail.com

ਚੌਪਈ: ਐਸੋ ਆਹਿ ਜਗਤ ਕੋਈ ਕੋਈ। ਬਿਭੌ ਪਾਇ ਜਿਸ ਗਰਬ ਨ ਹੋਈ।
ਉਸ ਮੂਰਖ ਕੋ ਗਰਬਾ ਆਯੋ। ਦੇਨਿ ਵਾਰੋ ਉਨ ਗੁਰੂ ਭੁਲਾਯੋ।੫।
ਕਹਿ 'ਪਿਛਲ ਦੀਓ ਅਬ ਹੈ ਹਮ ਲੀਆ। ਦੇਣ ਜੋਗ ਗੁਰ ਕਿਨ ਥੋ ਕੀਆ'।
ਗੁਰੂ ਤਾਲ ਉਨ ਸੁਣ ਚਿਣਵਾਯੋ। ਘਰ ਕੀ ਛਪੜੀ ਨਾਉਂ ਗੰਗਾ ਧਰਾਯੋ।੬।
ਗਊ ਹਤਿਆਰਨ ਮਿਲਾਵੈ ਨੁਲ੍ਹਾਇ। ਉਨ ਚਕਯੋ ਸ਼ਰੀਕੋ ਗੁਰਇਤ ਦਾਇ।
ਔਰ ਗੁਰ ਲੋਪੀਓ ਦਿਉਂ ਬਤਾਈ। ਭਯੋ ਨਿਰੰਜਨੀਓਂ ਨਾਮ ਸਿਖੀ ਮਿਟਾਈ।੭।
'ਸ੍ਰੀ ਨਾਨਕ' ਕਹਿ ਜਨਕ ਔਤਾਰ' ਉਨ ਲਿਖਯੋ ਸਾਖੀ ਮਧ ਖਿਜਮਤਦਾਰ।
ਆਪ ਬਨਯੋ ਲਿਖਯੋ ਜਨਕ ਜਵਾਈ ਭਯੋ ਸ੍ਰੀਰਾਮ ਕੋ ਸਾਢੂਵਾਈ।੮।

ਦੋਹਰਾ: ਕਦੇ ਕਹੈ 'ਇਕ ਸਾਧ ਕੀ ਕਿਨ ਕਰੀ ਸੇਵ ਥੀ ਔਰ।
ਵਹ ਵਖਤ ਨ ਪਹੁੰਚਯੋ ਮਿਹਰ ਕੀ ਹਮ ਜਾਇ ਲਈ ਛਲ ਤੌਰ'।੯।

ਚੌਪਈ: ਕਦੇ ਕਹੈ 'ਹਮ ਆਪੇ ਭਯੋ। ਦੇਨ ਜੋਗ ਗੁਰ ਕਿਨ ਥੋ ਕਿਯੋ।
ਹਮ ਨੇ ਇਸ ਕੋ ਜਾਨਯੋਂ ਮਰਮ। ਇਕ ਮੂਰਖ ਲੋਕ ਕਰਤ ਹੈਂ ਭਰਮ'।੧੦।

ਦੋਹਰਾ: ਐਸੇ ਐਸੇ ਝੂਠ ਲਿਖ ਜਨਮ ਸਾਖੀ ਮੱਧ ਮਿਲਾਇ।
ਜਹਾਂ ਨ ਪਹੁੰਚਯੋ ਪ੍ਰਹਲਾਦ ਧ੍ਰੂ ਹਿੰਦਾਲ ਪਹੁੰਚਯੋ ਲਿਖਵਾਇ।੧੧।

ਚੌਪਈ: ਔਰ ਕਰੀ ਲੋਪੀ ਗੁਰ ਜਾਨੋ। ਜਿੰਦੋ ਗੁਰ ਉਨ ਅਪਨ ਬਖਾਨੋ।
ਉਸ ਮਧ ਔਰ ਉਨ ਗਜਬ ਕਮਾਯੋ। ਸ੍ਰੀ ਗੁਰ ਨਾਨਕ ਜਿੰਦਾ ਲਿਖਾਯੋ।੧੨।
ਕੋਈ ਹੁਤੋ ਜਿੰਦੋ ਸਿਕੰਦ੍ਰ ਗੁਲਾਮ। ਗੁਰ ਨਾਨਕ ਕੀਏ ਇਮ ਘਟ ਥਾਮ।
ਸ੍ਰੀ ਕਬੀਰ ਨਾਨਕ ਜੀ ਕੋ ਬਨਯੋਂ ਭਾਈ ਤੀਜਾ। ਇਮ ਜਨਮਸਾਖੀ ਲਿਖ ਕਰੀ ਮੀਜਾ।

ਦੋਹਰਾ: ਇਮ ਬਾਤ ਉਸਕੀ ਭਈ ਜਿਮ ਬਣ ਦਿੱਲੀਓਂ ਤੁਰੇ ਸ੍ਵਾਰ।
ਅਗੇ ਰਸਤੇ ਮਧ ਕੋਊ ਰਲ ਤੁਰਿਓ ਗਧਹੇ ਵਾਰ।੧੪।

ਚੌਪਈ: ਜੋ ਕੋਊ ਪੂਛੈ ਰਸਤੇ ਵਾਇ। ਸਭ ਤੇ ਪਹਿਲੇ ਗੱਲ ਵਹਿ ਬੋਚ ਜਾਇ।
'ਹਮ ਪੰਚੇ ਅਸ੍ਵਾਰ ਦਿਲੀਓਂ ਆਏ'। ਵਹ ਗਧੇਵਾਲ ਸਭ ਕੋ ਵਲ ਜਾਏ।੧੫।
ਐਸੀ ਭਈ ਹਿੰਦਾਲੇ ਬਾਤ। ਸੁਨਹੁ ਗੁਰਮੁਖ ਹਮਰੇ ਗੁਰ ਭ੍ਰਾਤ।
ਅਗੇ ਭਈ ਜੋ ਹਿੰਦਾਲ ਉਲਾਦ। ਜੋ ਬਡ ਗਜਬ ਗਏ ਲਿਖ ਬਾਦ।੧੬।
ਸੋ ਭਿੰਨ ਭਿੰਨ ਉਨਕੇ ਨਾਮ ਸੁਨਾਊਂ। ਜਿਮ ਮੁੱਕੇ ਵਹਿ ਤਿਮੈ ਲਿਖਾਊਂ।
ਮੁਖਤ ਨਿਆਮਤ ਝੱਲੀ ਨ ਗਈ। ਉਸੀ ਭਾਂਤ ਦਯੋ ਬਹੁਰ ਲਿਖਈ।੧੭।

ਦੋਹਰਾ: ਹਿੰਦਾਲ ਪੁਤ੍ਰ ਤੇ ਜੋ ਭਏ ਤਿਨ ਕਛੁ ਰਖਯੋ ਸਿੱਖੀ ਤੌਰ।
ਆਗੇ ਭਏ ਜੁ ਪੋਤਰੇ ਤੇ ਗਏ ਸਿੱਖੀਓਂ ਚੌੜ।੧੮।

ਚੌਪਈ: ਆਗੇ ਭਏ ਪੋਤਰੇ ਜੋਊ। ਕਹਾਵੈਂ ਆਪ ਨਿਰੰਜਨੀਏਂ ਸੋਉ।
ਸ੍ਰੀ ਗੁਰਦੁਵਾਰਨ ਮੰਨੈਂ ਸੁਨਾਹੀਂ। ਸਗੋਂ ਚੁਰਾਇ ਗੁਰਦ੍ਵਾਰਨ ਖਾਹੀਂ।੧੯।

Sri Satguru Jagjit Singh Ji eLibrary NamdhariElibrary@gmail.com

ਸ੍ਰੀ ਅੰਮ੍ਰਿਤਸਰ ਚੰਦੋਏ ਦਰਬਾਰ। ਸੋ ਲਾਹਿ ਮੰਗਾਇਓ ਉਲ ਕਈ ਬਾਰ।
ਕਰਤਾਰ ਕਰਤਾਰ ਕਰ ਆਪਸ ਮੈਂ ਕਹੈਂ। ਵਾਹਿਗੁਰੂ ਨਾਮ ਚੁਪ ਕਰ ਰਹੈਂ।੨੦।
ਕਿਤੈ ਕਹੈਂ 'ਪੰਥ ਨਾਨਕ ਹਮਾਰਾ'। ਕਿਤੇ ਕਹੈਂ 'ਹਮ ਜਿੰਦੋ ਪੀਰ ਧਾਰਾ'।
ਮੁਸਲਮਾਨਨ ਸੌਂ ਸਨੇਹ ਰਖਾਹਿੰ। ਸੁਲਤਾਨੀਅਨ ਸੌਂ ਰਲਿ ਮਿਲ ਖਾਂਹਿ।੨੧।
ਤਿਨ ਮਹਿੰ ਦੁਸ਼ਟ ਭਯੋ 'ਹਰਿਭਗਤ'। ਉਨ ਬਹੁ ਸਿੱਖ ਮਰਵਾਏ ਬੇਬਖਤ।
ਭਯੋ ਦੁਸ਼ਟ ਚੁਗਲੀ ਬਹੁ ਕਰੀ। ਤੁਰਕਨ ਸਾਥ ਪ੍ਰੀਤਿ ਤਿਨ ਕਰੀ।੨੨।

ਦੋਹਰਾ: ਪੰਥ ਖਾਲਸੋ ਜਬ ਉਠਜੋ ਸ੍ਰੀ ਸਤਿਗੁਰ ਕੀਓ ਪ੍ਰਚਾਰ।
ਜੋ ਕੋ ਸਿੰਘ ਤਿਸ ਪਹਿ ਅਏ ਫੜ ਆਪ ਦਏ ਤਿਸ ਮਾਰ।੨੩।

ਚੌਪਈ: ਕਈਅਨ ਦੇਵੈ ਲਹੌਰ ਪਹੁੰਚਾਏ। ਉਨਕੇ ਇਨਾਮ ਆਪ ਲੈ ਖਾਏ।
ਦੱਸ ਕਰ ਸਿੰਘਨ ਘਰ ਪਿੰਡੋਂ ਫੜਾਵੈ। ਫੌਜ ਗੈਲ ਬਹੁ ਤੁਰਕਨ ਰਖਾਵੈ।੨੪।
ਉਨ ਦੋਇ ਬਾਰ ਸਾਡੇ ਪਿੰਡ ਲੁਟਾਯੋ। ਬਾਪ ਦਾਦੋ ਉਨ ਮਾਡੇ ਕਢਾਯੋ।
ਉਸ ਕੇ ਮਗਰ ਜੋ ਪੜੋਤੇ ਭਏ। ਕ੍ਰਿਪਾਲ ਦਿਆਲ ਜਿਸ ਨਾਮ ਹਿਠਏ।੨੫।
ਵੈ ਅਹਮ ਦਸ਼ਾਹਿ ਕੇ ਮੁਹਿਰੇ ਧਾਏ। ਉਨ ਹੁਇ ਆਗੂ ਬਹੁ ਸਿੰਘ ਮਰਵਾਏ।
ਭਯੋ ਘੱਲੂਘਾਰਾ ਮਲੇਰੈ ਪਾਹੀ। ਹੁਤ ਹਜ਼ਾਰ ਬੀਸ ਤੀਸਕ ਸਿੰਘ ਮਾਰੇ ਥਾਈ।੨੬।
ਇਸ ਕਰ ਸਿੰਘਨ ਮੋਰਚੇ ਲਾਏ। ਆਇ ਅਹਮਦਸ਼ਾਹ ਉਨ ਤੇਊ ਬਚਾਏ।
ਜਬ ਖਾਲਸੇ ਦਯੋ ਸ਼ਾਹਿ ਨਿਕਾਲ। ਉਨ ਕਰੀ ਰਸਾਈ ਖਾਲਸੇ ਨਾਲ।੨੭।
ਕਿਤ ਦੰਗਾ ਸਿੰਘ ਆਪਸ ਮਧ ਭਯੋ। ਉਹਾਂ ਮਦਤ ਗਯੋ ਕ੍ਰਿਪਾਲ ਮਰ ਗਯੋ।੨੮।

ਦੋਹਰਾ: ਕ੍ਰਿਪਾਲ ਮਗਰ ਦਜਾਲ ਦਾਸ ਫਿਰ ਬਹਜੋ ਗੱਦੀ ਵਾਲੋ ਹੋਇ।
ਸ਼ਰਨ ਦਾਸ ਤਿਸ ਪੁਤ ਭਯੋ ਬਡ ਖਰਾਬ ਸ਼ਰਾਬੀ ਜੋਇ।੨੯।

ਚੌਪਈ: ਖਡਾ ਕੱਦ ਤਿਸ ਬਡੋ ਜੁਵਾਨ। ਵਹਿ ਖਾਇ ਬੱਕਰੋ ਇਕੱਲੋ ਮਾਨ।
ਸਭ ਤੇ ਵਡੋ ਕਾਮੀ ਵੁਹ ਹੋਊ। ਛਡੈ ਨ ਸੰਗਤ ਧੀ ਬਹੂ ਕੋਊ।੩੦।
ਉਸ ਤੇ ਸੰਗਤ ਰਹੈ ਸੰਕਾਈ। ਉਸ ਤੇ ਬੇਟੀ ਬਹੂ ਨ ਜਾਈ।
ਤੌ ਇਸ ਬਿਧ ਉਨ ਸਾਖੀ ਬਨਾਈ। 'ਸਿੱਖੀ ਔਖੀ ਹੈ ਰਖਨੀ ਭਾਈ।੩੧।
ਵਾਲਹੁੰ ਨਿੱਕੀ ਖੰਨਜੋਂ ਤਿੱਖੀ। ਬੇਦ ਸ਼ਾਸਤ੍ਰ ਕੈ ਮਧ ਹੈ ਲਿੱਖੀ।
ਬਹੂ ਬੇਟੀ ਹੈ ਕਿਤਨਕ ਬਾਤ। ਹੈ ਪਰਮ ਪਦਾਰਥ ਸਿੱਖੀ ਵਖਜਾਤ।੩੨।
ਆਦਿ ਅੰਤ ਜੋ ਹੋਤੀ ਆਈ। ਯਾਂ ਮੈਂ ਭਰਮ ਨ ਮਾਨਜੋਂ ਰਾਈ'।
ਜਨਮਸਾਖੀ ਆਪ ਧਰੀ ਬਨਾਇ। ਕਹਜੋਂ 'ਸੰਗਤ ਦੇਖ ਲੇਹੋ ਵਾਇ'।੩੩।

ਦੋਹਰਾ: ਮੁਖਤ ਨਿਆਮਤ ਬੇਕਦਰ ਗਏ ਸੁ ਇਮਹੀ ਬਾਦ।
ਪਾਪੀ ਦੁਸ਼ਟ ਨਿੰਦਕ ਮਹਾਂ ਉਨ ਭਈ ਨ ਅਗੇ ਉਲਾਦ।੩੪।

Sri Satguru Jagjit Singh Ji eLibrary NamdhariElibrary@gmail.com

ਸਾਖੀ ਤਾਰਾ ਸਿੰਘ ਸ਼ਹੀਦ ਕੀ

੧੦੫. [ਤਾਰਾ ਸਿੰਘ ਵਾਈਏਂ ਪਰ ਪੱਟੀ ਦੇ ਹਾਕਮ ਦਾ ਹੱਲਾ। ਹਾਰ ਹੋਣ ਤੇ ਖਾਨ ਬਹਾਦਰ ਪਾਸ ਫਰ੍ਯਾਦ]

ਦੋਹਰਾ: ਸਾਖੀ ਤਾਰਾ ਸਿੰਘ ਕੀ ਸੁਨੋ ਸੁ ਬੁੱਧਿ ਨਿਧਾਨ।
ਖਾਂਇ ਡਲ ਮਧ ਸਿੰਘ ਭਯੋ ਬੁੱਟਰ[1] ਗੋਤ ਪ੍ਰਧਾਨ।੧।

ਛਪੇ ਛੰਦ: ਹਠੀ ਤਪੀ ਜਤਵਾਨ ਰਹਿਤ ਵਹਿ ਰਹੈ। ਸੁ ਚੰਗੀ।
ਨੀਲ ਬਸਤ੍ਰ ਤਨ ਸਜੈ ਸਜੈ ਤਨ ਸ਼ਸ਼ਤਰ ਜੰਗੀ।
ਗੁਰਬਾਣੀ ਹਿਤ ਰਖੇ ਸਿਦਕ ਗੁਰ ਚਰਨਨ ਧਾਰੇ।
ਮੁਖ ਤੇ ਕਢੈ ਜੁ ਬਚਨ ਸਤੀ ਜਿਮ ਸੋ ਪ੍ਰਿਤਪਾਰੇ।
ਦੰਗੈਯਨ ਮਹਿੰ ਪ੍ਰਿਥਮ ਉਸੈ ਧਰੀਐ ਨਾਮ ਗਿਣਾਇ।
ਜਾਇ ਬਲਾਇ ਜੁ ਘਰ ਪਰੈ ਲਏ ਅਪਨੇ ਠੀਕ ਟਿਕਾਇ।੨।

ਦੋਹਰਾ: ਸੀਸ ਧਰੇ ਹਥ ਪੁਰ ਫਿਰੈ ਨਹਿ ਮਰਨੋ ਸੰਕਾਇ।
ਸਿਰੋਂ ਪਰੇ ਡੇਰਾ ਤਿਸੈ ਐਸੇ ਰਹੈ ਸੁਭਾਇ।੩।
ਜਬ ਬੰਦੋ ਹੁਤ ਜੀਵਤੋ ਉਨ ਲੀਨੋ ਤੁਰਕ ਹਰਾਇ।
ਖੁਸ਼ਾਮਦ ਕਰ ਕਰ ਸਿੰਘਨ ਕੀ ਲੇਵੈ ਮੁਲਕ ਬਸਾਇ।੪।
ਲੇਟ ਪੇਟ ਸਿੰਘਨ ਰਖੈ ਤੱਦੀ ਲਖ ਟਲ ਜਾਹਿ।
ਬੰਦੋ ਮਾਰਜੋ ਜਬ ਉਨੈ[2] ਬਿਨ ਖਤਿਓਂ ਸਿੰਘਨ ਖਪਾਹਿਂ।੫।

ਚੌਪਈ: ਹੁਤੀ ਤਾਰੇ ਸਿੰਘ ਦਈ ਜਗੀਰ। ਬੁੰਗੋ ਚਿਣਜੋ ਥੌ ਤਿਹ ਸਿੰਘ ਬੀਰ।
ਤਾਰੇ ਸਿੰਘ ਨਹਿੰ ਸਮਾਂ ਨਿਹਾਰਜੋ। ਵਹੀ ਰਖੜ੍ਹੋ ਉਨ ਸਿੱਡਾ[3] ਧਾਰਜੋ।੬।
ਪਹਿਲੀ ਬਾਣੋਂ ਟਲੈ ਸੁ ਨਾਂਹਿ। ਦੰਗੋ ਫੰਗੋ ਰਖੈ ਮਚਾਇ।
ਰਾਹ ਜਾਂਦੀ ਲਏ ਕਾਂਇਸ[4] ਮੋਲ। ਦਸ ਪੰਜ ਦੰਗੱਯਨ ਰਖੈ ਸੁ ਕੋਲ।੭।
ਜਿਤ ਕਿਤ ਤੇ ਕੋਊ ਲਜਾਵੇ ਉਲਾਂਭੇ। ਬਹੁਤਾ ਹਿਤ ਕਰ ਤਿਸ ਵਹਿ ਸਾਂਭੇ।
ਸੋ ਮਰਨੇ ਤੇ ਡਰੇ ਨ ਮੂਲ। ਇਮ ਕਰ ਦੰਗੋ ਰਖੈ ਜ਼ਰੂਰ।੮।
ਔਰ ਤਰਫ ਜੋ ਕਾਂਇਸ ਜਾਵੇ। ਸੱਦ ਪਾਸ ਦੁਇ ਪਹਰ ਕਟਾਵੇ।
ਐਸੀ ਪਰੀ ਤਾਰੇ ਸਿੰਘ ਬਾਣ। ਨਹਿੰ ਮਾਨੈ ਵੈ ਤੁਰਕਨ ਆਣ।੯।

ਦੋਹਰਾ: ਕਹੈ 'ਦੰਗਿਓਂ ਹਮ ਕਿਮ ਟਰੈਂ ਦੰਗੋ ਹਮਰੀ ਜਾਤ।
ਦੰਗੇ ਖਾਤਰ ਹਮ ਕੀਏ ਸ੍ਰੀ ਸਤਿਗੁਰ ਜੀ ਆਪ।੧੦।

ਚੌਪਈ: ਦੰਗੈ ਹੀ ਤੇ ਪੇਯੁਗ ਪਤਿਸ਼ਾਹੀ। ਦੰਗੈ ਹੀ ਤੇ ਹੋਗ ਸੀਸ ਲਾਈ।
ਬਿਨ ਦੰਗੈ ਕੋਊ ਪੂਛੈ ਨ ਬਾਤ। ਹਮ ਦੰਗੋ ਮਚਾਵੈਂ ਯੌ ਲਖ ਘਾਤ'।੧੧।

---

੧. ਬੁੱਟਰ ਜੱਟਾਂ ਦੀ 'ਵਾਂ'। 'ਵਾਂ' ਪਿੰਡ ਦਾ ਨਾਮ ਹੈ।
੨. ਭਾਵ ਤੁਰਕਾਂ ਨੇ ੩. ਹਠ ੪. ਕਲ੍ਹਾ, ਲੜਾਈ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਹੁਤੋ ਨੁਸ਼ਹਿਰੋ[1] ਪੁਰ ਬਡੋ ਮਧ ਪੰਨੂੰ ਜੱਟ ਬਸਾਹਿਂ।
ਸਾਹਿਬ ਰਾਇ ਬਡ ਚੌਧਰੀ ਹੁਤੋ ਉਸੈ ਕੇ ਮਾਂਹਿ।੧੨।

ਚੌਪਈ: ਦੁਇ ਘੋੜੀ ਉਸ ਘਰ ਥੀ ਚੰਗੀ। ਪਰ-ਖੇਤੀ ਚਰਾਵਤ ਨਹਿਂ ਸੰਗੀ[2]।
ਤਹਿਂ ਭੀ ਦੁਇ ਸਿੰਘ ਖੇਤੀ ਕਰਾਵਤ। ਸੋ ਘੋੜੀ ਚੌਧ੍ਰੀ ਚਰ ਜਾਵਤ।੧੩।
ਤੌ ਸਿੰਘ ਸਾਹਿਬ ਰਾਇ ਪਹਿ ਰਹੇ। 'ਬੰਨ੍ਹੋਂ ਘੋੜੀ ਤੌ ਹਮ ਖੇਤ ਰਹੇ'।
ਤੌ ਚੌਧ੍ਰੀ ਕਹੀ ਸਿੰਘਨ ਉਚਾਰ। 'ਤੁਮ ਘੋੜੀ ਰਖਾਵੋ, ਹਮ ਮੁੰਨੈਂ ਚਹੈਂ ਤੁਮ ਵਾਰ[3]
ਸੁਨ ਸਿੰਘਨ ਤਨ ਮਨ ਲਗੀ ਆਗ। ਕਹੈਂ 'ਕਹਾਂ ਕਰੈਂ ਕਿਛ ਕਾਬੂ ਨ ਲਾਗ।
ਬਹੁ ਟੱਬਰਦਾਰੀ ਹੈ ਪਿੰਡ ਮਾਂਹਿ। ਨਹੀਂ ਮਾਰ ਮਰਤ ਤੁਮ ਕੌ ਅਬ ਥਾਇਂ'।੧੫।
ਸੋ ਗਏ ਸਿੰਘ ਦੁਖਤ ਭੁਸਜੋ ਗਿਰਾਇ। ਹੁਤ ਬਘੇਲ ਸਿੰਘ ਅਮ੍ਰ ਸਿੰਘ ਢਿੱਲੋ ਥਾਇ।
ਸੱਦ ਉਨ ਕੋ ਦਈ ਘੋੜੀ ਕਢਾਇ। ਉਨ ਅਗੇ ਦਈ ਘਰਜਾਲੇ ਪੁਚਾਇ।੧੬।

ਦੋਹਰਾ: ਅਗੋਂ ਲੈ ਲਖਮੀਰ ਸਿੰਘ ਸੰਧੂ ਜੰਗਲ ਬੇਚੀ ਜਾਇ।
ਫਿਰ ਖਾਂਇ ਤਾਰੈ ਸਿੰਘ ਪਹਿ ਦਏ ਲੰਗਰ ਪੈਸੇ ਪਾਇ।੧੭।

ਚੌਪਈ: ਮਗਰ ਸਾਹਿਬਰਾਇ ਸੇਲ੍ਹੂ[4] ਦੌੜੇ। ਲੈ ਪੁਜੇ ਖੋਜ ਸੋ ਭੀ ਤਿਸ ਠੌੜੇ।
ਉਸ ਖੋਜੀ ਸਿੰਘ ਚੋਰ ਬਨਾਏ। ਉਨ ਸਿੰਘਨ ਲੁਕਨ ਨ ਠੌਰ ਲਭਾਏ।੧੮।
ਤੇ ਨਠ ਆਇ ਬਹੇ ਤਾਰੇ ਸਿੰਘ ਪਾਸ। ਵਹ ਜੋ ਜੀਵਨ ਰਖੇ ਨ ਆਸ।
ਤਹਿ ਹੀ ਆਪ ਸਾਹਿਬ ਰਾਇ ਆਯਾ। ਆਇ ਤਾਰੇ ਸਿੰਘ ਬੋਲ ਸੁਨਾਯਾ।੧੯।
'ਹਮਰੇ ਦੇਹੁ ਤੂੰ ਚੋਰ ਫੜਾਇ। ਨਹਿਂ ਦੇਹੈਂ, ਲਿਊਂ ਲਹੌਰ ਮੰਗਵਾਇ।
ਅਬ ਤੂੰ ਰਖ ਇਨ ਖੂਬ ਸੰਭਾਲ। ਮਤ ਕਤ ਲੁਕ ਜਾਵੈਂ ਤੁਮ ਗਾਲ'।੨੦।
ਸਿੰਘ ਕਹੀ 'ਏਹ ਸਿੰਘ, ਨਹਿਂ ਚੋਰ। ਚੋਰ ਤੂੰਹੀ ਚਰਾਵਹਿਂ ਖੇਤੀ ਕਰ ਜੋਰ।
ਕਰੇ ਇਨਸਾਫ ਲਏ ਤੈਨੂੰ ਲੂਟ। ਹਮਰੀ ਜਿੰਦ ਤੇ ਨਬਾਬ ਕਜਾ ਲੈ ਕੂਟ।੨੧।

ਦੋਹਰਾ: ਯਹਿ ਤੋ ਹਮ ਨੇ ਹੈ ਮਿਥੀ ਸਿਰ ਤੁਰਕਨ ਲਾਯਗੁ ਦੇਹ।
ਲੁਕ ਭਜਕੇ ਨਹਿਂ ਬਚੈਂ ਹਮ ਮਰੈਂ ਬਹੁਤਨ ਸੰਗ ਲਹਿਂ'।੨੨।

ਚੌਪਈ: ਵਧਤੀ ਵਧਤ ਗਲ ਵਧ ਗਈ। ਬੁਰੀ ਸਾਇਤ[5] ਪਰ ਸਿੰਘਨ ਅਈ।
ਜਟ ਜਾ ਪੱਟੀ ਫਰਜਾਦਹਿ ਕਰੀ। 'ਤੁਮ ਈਹਾਂ ਬੈਠੇ ਸੁਖ ਸੌਂ ਘਰੀਂ।੨੩।
ਹਮ ਤੌ ਲੀਨੇ ਸਿੰਘਨ ਉਗਰਾਹਿ। ਹਮ ਤੋ ਟਕੇ ਇਕ ਹੀ ਦੇ ਥਾਹਿ'।
ਸੁਨਿ ਹਾਕਮ ਤਿਸ ਲਗ ਗਈ ਆਗ। ਸੁਤੋ ਸ਼ੇਰ ਜਨੁ ਉਠਿਓ ਜਾਗ।੨੪।
ਤੌ ਪੁਛਜੋ ਹਾਕਮ 'ਸਿੰਘ ਹੈਂ ਕਿਤ ਥਾਂਇ'। ਕਹੀ ਜੱਟ 'ਜਹਿਂ ਖੁਟਰਨ ਬਾਂਇ[6]।
ਤਹਿਂ ਬਹਜੋ ਤਾਰਾ ਸਿੰਘ ਬੁੰਗੋ ਚਿਣਾਇ। ਦਜੋ ਰੌਲ ਉਨਿ ਗਿਰਦੈ ਪਾਇ'।੨੫।

---

੧. ਨੁਸ਼ਹਿਰਾ ਪੁੰਨੂੰਆਂ। ੨. ਨਿਸ਼ੰਗ ਹੋਕੇ ਪਰਾਈ ਖੇਤੀ ਚਰਾਉਂਦਾ ਸੀ।
੩.ਤੇਰੇ ਵਾਲ ਮੁੰਨਣੇ ਚਾਹੁੰਦਾ ਹਾਂ। ੪.ਖੋਜੀ, ਸੂੰਹੀਏਂ।
੫.ਬੁਰੀ ਘੜੀ, ਮਾੜਾ ਸਮਾਂ। ੬.ਬੁਟਰਾਂ ਦੀ 'ਵਾਂ', ਪਿੰਡ ਦਾ ਨਾਮ ਹੈ।

Sri Satguru Jagjit Singh Ji eLibrary NamdhariElibrary@gmail.com

ਤੌ ਹਾਕਮ ਉਸ ਪੂਛੀ ਸਲਾਹਿ। 'ਕਿਤਕ ਜਮਾਯਤ[1] ਹੈ ਤਿਹ ਪਾਹਿ'।
ਜੱਟ ਕਹੀ 'ਉਸ ਪੈ ਗੜ੍ਹ ਨਾਂਹੀ। ਦੋ ਇਕ ਚੁਬਾਰੇ ਹੈਂ ਉਨ ਪਾਹੀ।੨੬।
ਦਸ ਬੀਸ ਸਿੰਘ ਤੌ ਸਦਹੀ ਰਹੈਂ। ਦਸ ਪੰਜ ਔਰ ਭੀ ਆਵਹਿ ਜਹੈਂ[2]।
ਕਿਸ ਨੇਜੋ ਕਿਸ ਪਹਿ ਤਲਵਾਰ। ਕਈ ਰਹੈਂ ਤਹਿੰ ਬਿਨ ਹਥਿਆਰ'।੨੭।
ਸੁਨ ਹਾਕਮ ਚੜ੍ਹਜੋ ਪੱਟੀਓਂ ਧਾਇ, ਮੁਹਰੇ ਤੋਰਜੋ ਕਰ ਸਾਹਿਬਰਾਇ।
ਅੱਸੀ ਪਜਾਦੇ, ਪੰਝੀ ਅਸਵਾਰ। ਤੁਰੇ ਧੁਰੋਂ ਕਰਤ ਮਾਰੋ ਮਾਰ।੨੮।

ਦੋਹਰਾ: ਫੁਰਤੀ ਤੇ ਵਹਿ ਆਯੋ ਮਤਿ ਸਿੰਘ ਸੁਨ ਨੱਠ ਜਾਇੰ।
ਲਈਅਗੁ ਘੇਰ ਸੁਵੇਰ ਤੌ ਦਈਅਗੁ ਲਾਹੌਰ ਪਹੁੰਚਾਇ।੨੯।

ਚੌਪਈ: ਇਭ ਬਘੇਲ ਸਿੰਘ ਬਾਣੀ ਭੋਗ ਪਾਯੋ। ਕਰ ਅਰਦਾਸ ਸਿੰਘ ਜੰਗਲੈ ਧਾਯੋ[3]।
ਆਵਤ ਫੌਜ ਤੁਰਕ ਨਦਰ ਉਸ ਆਈ। ਥੀ ਤੁਰਕਨ ਸਿਰ ਸਿੰਘਨ ਅਵਾਈ।੩੦।
ਹਥ ਨੇਜੋ ਉਸ ਗਾਤ੍ਰੈ ਤਲਵਾਰ। ਗਡਵੋ ਜਲ ਦੂਏ ਹੱਥ ਸੌਚ ਵਾਰ।
ਵੇਖ ਸਿੰਘ ਚਿਤ ਮਤਾ ਮਤਾਯਾ। 'ਅਬ ਖਬਰ ਕਰਨ ਜਾਉਂ ਜੇ ਪਿਛਲੈ ਦਾਯਾ।੩੧।
ਸਿੰਘ ਕਹੈਂਗੇ ਡਰ ਮੁੜ ਆਯਾ। ਇਨ ਨੈ ਹੀ ਥੋ ਦੰਗੋ ਉਠਾਯਾ।
ਉਨਕੋ ਖਬਰ ਆਪੇ ਹੁਇ ਆਊਗੁ। ਮਾਰਕੂਟ ਜਬ ਜੰਗ ਕੀ ਪਾਊਗ'।੩੨।
ਉਨ ਦਯੋ ਲਲਕਾਰੋ ਤੁਰਕਨ ਬੁਲਾਇ। 'ਤੁਮ ਤੁਰਜੋ ਅਗੇ ਹਮ ਬਾਤ ਸੁਨਾਇ'।
ਸੋਊ ਸਾਹਿਬ ਰਾਇ ਲਯੋ ਪਛਾਣ। ਕਹਜੋ ਹਾਕਮਹਿ 'ਮਤ ਏ ਪਾਏ ਜਾਣ।੩੩।
ਯਹਿ ਹੈ ਸਿੰਘਨ ਮੈਂ ਬਡੀ ਬਿਆਧਿ[4]। ਇਸ ਇਕ ਮਾਰੇ ਹੁਇ ਜੈਹੈਂ ਆਧ।
ਯਹੀ ਚੋਰ ਹੈ ਘੋੜੀਅਨ ਵਾਰੋ। ਹੈ ਸਿੰਘਾਂ ਮਧ ਬਡੋ ਖੁਆਰੋ'।੩੪।

ਦੋਹਰਾ: ਤੌ ਹਾਕਮ ਹੱਲਾ ਕੀਯੋ 'ਮਤ ਸਿੰਘ ਪਾਵੈ ਜਾਣ'।
ਸਿੰਘ ਭੀ ਅਗਜੋਂ ਕੁਦ ਪਯੋ, ਤਹਿੰ ਹੀ ਮਚ ਗਜੋ ਘਾਣ।੩੫।

ਚੌਪਈ: ਉਇ ਤੀਰ ਬੰਦੂਕ ਤਕ ਉਸੈ ਚਲਾਂਹਿਂ। ਵਹਿ ਵੁਲ ਗਯੋ ਉਨਹੀ ਮਾਂਹਿ।
ਉਨ ਕੇ ਸ਼ਸਤ੍ਰ ਉਨ ਲਗ ਪਾਹਿਂ। ਰਾਤ ਹਨੇਰੀ ਸਮਝ ਨ ਆਹਿ।੩੬।
ਕਿਸੈ ਨੇਜਾ ਕਿਸ ਮਾਰੈ ਤਲਵਾਰ। ਉਪਰ ਘੋੜਜੋਂ ਸਿੰਘ ਤੁਰਤ ਦਏ ਡਾਰ।
ਇਕ ਹੁਤੋ ਭਤੀਜੋ ਉਸ ਫੁਜਦਾਰ। ਰੌਲੈ ਗੌਲੈ ਮੈਂ ਵਹਿ ਭਜੋ ਮਾਰ।੩੭।
ਕਜਾ ਜਾਣੋ ਕਿਸ ਤੈ ਲਗ ਗਈ। ਨਾਇ ਬਘੇਲ ਸਿੰਘ ਫਤੈ ਸੁ ਅਈ।
ਤੌ ਲੌ ਆਨ ਪਿਆਦੇ ਪਏ। ਮਾਰ ਗੋਲੀ ਸਿੰਘ ਪੱਟ ਭੰਨ ਦਏ।੩੮।
ਚਲੀ ਬੰਦੂਕ ਸਿੰਘਨ ਸੁਨ ਪਾਈ। ਨਿਕਲ ਸਿੰਘਨ ਦਈ ਭਜਾਇ ਲੜਾਈ।
ਤੁਰਕ ਚਾਲੂ ਕਰ ਦਏ ਹਟਾਇ। ਮੁਯੇ ਦੂਯੋ ਭਾਈ ਪਰ ਦੂਯੋ ਭਰਾਇ।੩੯।

੧.ਟੋਲਾ, ਜਥਾ, ਫੌਜ। ੨.ਆਉਂਦੇ ਜਾਂਦੇ ਹਨ।
੩.ਭਾਵ ਸੁਚੇਤੇ ਚੱਲਿਆ ਸੀ। ੪.ਆਫਤ, ਬਲਾ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਹੁਇ ਚਾਲੂ ਫੁਜਦਾਰ ਮੁੜ ਉਤਰਯੋ ਕੰਬੋ ਕੀ ਜਾਇ।
ਉਨ ਡੇਰੇ ਲਹੌਰੈ ਰੁਖ ਕੀਯੋ ਫਿਰ ਯਾਦ ਨਬਾਬਹਿ ਪਾਇ।੪੦।

ਚੌਪਈ: ਖਾਨ ਬਹਾਦਰ ਹੁਤੋ ਨਬਾਬ। ਵਹ ਤੁਰਯੋ ਦਿਖਾਵਨ ਅਪਨੋ ਬਾਬ[1]।
ਸੁਨ ਸਿੰਘਨ ਕਈਅਨ ਸੋਚ ਪਈ। ਤਾਰੇ ਸਿੰਘ ਪਹਿ ਆਨ ਇਮ ਕਹੀ।੪੧।

੧੦੬. [ਤਾਰਾ ਸਿੰਘ ਸ਼ਹੀਦ ਦੀ ਤਿਆਰੀ]

'ਅਬ ਤੋ ਫਤੇ ਤੁਮਾਰੀ ਭਈ। ਅਬ ਹੁਇ ਜਾਵੈਂ ਕਿਤ ਛਈ ਮਈ।
ਹਮ ਤੇ ਲਰ ਤੁਰਕ ਜਿਤ ਨਹਿੰ ਜਾਇਂ। ਕਿਮ ਹਮ ਮਰ ਕਰ ਜਾਨ ਗਵਾਇਂ'।੪੨।
ਤੌ ਸਿੰਘ ਜੀ ਉਨ ਅਗਯੋਂ ਉਚਾਰੀ। 'ਹਮ ਤੌ ਕਰਹਿਂ ਨ ਜਾਨ ਪਿਆਰੀ।
ਹਮ ਪਜਾਰੇ ਕਰਹੈਂ ਗੁਰਵਾਕ। ਜਿਮ ਕਰ ਸਤਿਗੁਰ ਦਯੋ ਹੈ ਭਾਖ।੪੩।
ਸਿੰਘ ਸੋਊ ਜੁ ਕਰੈ ਨਿਤ ਜੰਗ। ਸਿੰਘ ਸੋਊ ਕਰੈ ਮਰਨੋਂ ਨ ਸੰਗ।
ਅਸੀਂ ਲਰ ਮਰੈਂਗੇ ਬੁੰਗੇ ਮਾਂਹਿ। ਨਹਿਂ ਨਠਿਕੈ ਹਮ ਜਾਨ ਬਚਾਹਿਂ'।੪੪।
ਹੁਤੇ ਜੁ ਭੁਜੰਗੀ ਤਾਰੈ ਸਿੰਘ ਪਾਸ। ਉਨੈਂ ਸਭਨ ਕੋ ਯੌਂ ਦਯੋ ਭਾਖ।
'ਜਿਨ ਹੋਣਾ ਹੈ ਇਹਾਂ ਸ਼ਹੀਦ। ਰਹੇ ਸੋਊ ਔਰ ਜਾਹੁ ਵਗੀਦ[2]।੪੫।
ਹੈ ਵੇਲੋ ਜਿਨ ਨਠਨੋ ਆਜ। ਕਲ ਨਹਿਂ ਕੋਊ ਮਿਲੈਗੋ ਭਾਜ'।
ਇਤਨਕੁ ਸੁਨਤ ਕਈ ਨਠ ਗਏ। ਕਿਛਕੁ ਸ਼ਹੀਦੀ ਕੋ ਭੀ ਰਹੇ।੪੬।

ਦੋਹਰਾ: ਹੁਤ ਕਚੇ ਸੋ ਨੱਠ ਤੁਰੇ ਰਹੇ ਪਕੇ ਸਿੰਘ ਨਾਲ।
ਸੂਰੇ ਪੂਰੇ ਜੋ ਮਹਾਂ ਸਾਬਤ ਸਿੰਘ ਗੁਰ ਲਾਲ।੪੭।

ਚੌਪਈ: ਤੌ ਸਿੰਘ ਜੀ ਨੈ ਜੀਯ ਬਿਚਾਰੀ। 'ਹੋਨ ਸ਼ਹੀਦੋਂ ਇਹ ਗਏ ਹਾਰੀ।
ਹਮਰੇ ਹੁਤੇ ਸੁ ਜੋਊ ਪਿਆਰੇ। ਕਹਤ ਹੁਤੇ-ਹਮ ਚੜ੍ਹ ਹੈਂ ਨਾਰੇ।੪੮।
ਉਨ ਕੋ ਚਹਿਯ ਖਬਰ ਕਰ ਲਈ। ਅਗੈ ਮਰਜ਼ੀ ਫਿਰ ਉਨ ਕੀ ਰਹੀ।
ਹੁਤੋ ਕੀਯੋ ਹਮ ਉਨ੍ਹਾਂ ਕਰਾਰ। ਜਬ ਯਾਵਤ ਸੁਨਹਿਗੋ ਸਭ ਰਲ ਨਾਰ।੪੯।

ਦੋਹਰਾ: ਤਾਰੈ ਸਿੰਘ ਹੁਤ ਰਹਿਤ ਦੁਇ ਬੁਟਰ ਸ਼ਰੀਕ ਭਰਾਇ।
ਬਡ ਸਿਦਕੀ ਬਡ ਸੂਰਮੇ ਵਹਿ ਗੁਰ ਕੇ ਬਚਨ ਕਮਾਇਂ।੫੦।

ਚੌਪਈ: ਵਸਾਵਾ ਸਿੰਘ ਕੁਇਰ ਸਿੰਘ ਨਾਇ। ਬ੍ਰਹਮਣ ਸ਼ਾਹੀ ਝਲੀਯੋ ਥਾਇ।
ਸਮੁੰਦ ਸਿੰਘ ਔ ਝਾਬ ਸਿੰਘ ਜੋਊ। ਸੰਗ ਤਾਰੇ ਸਿੰਘ ਮੁਲਤਾਨੀਏ ਦੋਊ।੫੧।
ਸੂਰਾ ਸਿੰਘ ਆਯੋ ਯਾਹਲੜਜੋਂ ਤਖਾਣ। ਸੁਣ ਚਿੱਠਾ ਚਿਤ ਸ਼ਹੀਦੀ ਠਾਣ।
ਲਖਮੀਰ ਸਿੰਘ ਘਰਜਾਲਜੋਂ ਸੰਧਵੇਟਾ। ਆਇ ਕਰੀ ਤਾਰੇ ਸਿੰਘ ਸੌਂ ਭੇਟਾ।੫੨।
ਦੋਊ ਸਿੰਘ ਭੜਾਨੀਏਂ ਸੰਧੂ ਆਨ ਰਲੇ। ਆਲੀ ਸਿੰਘ, ਗੁਰਬਖਸ਼ ਸਿੰਘ ਭਲੇ।
ਭੀਮ ਸਿੰਘ ਬਾਦਲ ਸਿੰਘ ਤੋਕੀ ਆਇ। ਸੁਨਤ ਅਰਦਾਸ ਆਏ ਤੇ ਉਧਾਇ।੫੩।

---

੧. ਹਾਲ। ੨. ਵਗ ਜਾਓ, ਭਾਵ ਨੱਸ ਜਾਓ।

Sri Satguru Jagjit Singh Ji eLibrary NamdhariElibrary@gmail.com

ਮੇਘ ਸਿੰਘ ਮਦਰਾ ਦਾ ਗਿੱਲ। ਹਾਤਾ ਸਿੰਘ ਚੂੰਘੇ ਹੁਤ ਜਿਲ।
ਬੁਲਾਕਾ ਸਿੰਘ ਸਾਂਘਣ ਦਾ ਸੇਖੋ। ਜੋਧ ਸਿੰਘ ਬਾਜਵਾ ਨਾਰੋਵਾਲੋਂ ਲੇਖੋ।੫੪।

ਦੋਹਰਾ: ਭੋਗੜ ਸਿੰਘ ਔ ਰਸਾਲ ਸਿੰਘ ਪ੍ਰਦੇਸੀ ਪਸ਼ੌਰੀਏ ਜੋਇ।
ਹੁਤ ਤਾਰੈ ਸਿੰਘ ਭੀ ਵਹਿ ਸੰਗੈ ਉਨ ਮਿਥੀ ਸ਼ਹੀਦੀ ਦੋਇ।੫੫।

ਚੌਪਈ: ਦੁਇ ਹੁਤੇ ਕਰਬਾਠਾਂ ਕੇ ਕਰਬਾਠ। ਸੋ ਲੈਣ ਸ਼ਹੀਦ ਕਰ ਆਏ ਠਾਠ।
ਰਹਜੋ ਹੁਤੋ ਅਮਰ ਸਿੰਘ ਭੁਸਜੋਵਾਲ। ਆਇ ਰਹਜੋ ਵਹੁਭੀ ਤਾਰੇ ਸਿੰਘ ਨਾਲ।੫੬।
ਸਭੈ ਸਿੰਘ ਰਲ ਬਾਈ ਭਏ। ਕਿਛੁ ਅਗਲੇ ਕਿਛੁ ਮਗਰੋਂ ਅਏ।
ਕਿਲਾ ਕੋਟ ਥੇ ਨਹਿਂ ਉਨ ਪਾਹਿ। ਉਨ੍ਹ ਸੀਸ ਲਗਾਵਨ ਕੀ ਭਈ ਚਾਹ।੫੭।
ਤੁਰਤ ਸਿੰਘਨ ਇਕ ਥੰਮ੍ਹ ਘੜਾਯੋ। ਦੇਖ ਭੂਮ ਭਲੀ ਠੌਰ ਗਡਾਯੋ।
ਕਰ ਝਟਕੇ ਖਲ ਛੇਲੈ ਕਢਵਾਇ। ਲਯੋ ਨਗਾਰੋ ਤੁਰਤ ਮੜ੍ਹਾਇ।੫੮।
ਵਾਂਗ ਟਮਕ ਤਿਨ ਦਰਾ ਲਗਾਯਾ। ਖਾਲਸੋ ਆਕੀਓਂ ਕਹਿ ਵਜਵਾਯਾ।
ਤੁਰਕ ਚੜ੍ਹਯੋ ਕਿਤ ਮੁੜ ਮਤ ਜਾਵੈ ਬਰਜਰੂਰ ਹਮ ਉਪਰ ਆਵੈ।੫੯।

੧੦੭. [ਤਾਰਾ ਸਿੰਘ ਪਰ ਮੋਮਨ ਖਾਂ ਦੀ ਚੜ੍ਹਾਈ]

ਦੋਹਰਾ: ਕਰ ਮਲਾਹ ਇਕੱਠੇ ਭਏ ਸਤਿਗੁਰ ਕੀ ਕਰ ਆਸ।
ਪੜ੍ਹੇਂ ਬਾਣੀਆਂ ਗੁਰੂ ਕੀ ਇੱਕਣ ਹੁਇ ਕਰ ਰਾਸ।੧।

ਚੌਪਈ: ਅਬ ਫਿਰ ਬਾਤ ਤੁਰਕਨ ਵਲ ਆਈ। ਸੁਨੋ ਸੰਤ ਅਬ ਗੁਰਮੁਖ ਭਾਈ।
ਪੱਟੀ ਵਾਲ ਜਬ ਲਹੌਰੈ ਗਯੋ। ਹਵਾਲ ਆਪਨੋ ਨਿਬਾਬ ਦਿਖਯੋ।੨।
ਦੇਖ ਨਿਬਾਬਹਿ ਲਗ ਗਈ ਆਗ। ਸੁੱਤੋ ਸ਼ੇਰ ਜਨ ਉਠਿਓ ਜਾਗ।
ਜਿਮ ਜਿਮ ਨਾਮਵੈ ਸਿੰਘਨ ਸੁਨਾਵੈ। ਜਨ ਆਤਸ਼ ਪਰ ਵੈ ਬਰੂਦ ਪਾਵੈ।੩।
'ਹਮ ਤੌ ਸਿੰਘ ਛਡਜੋ ਕਿਤ ਨਾਹੀ। ਅਬ ਕਿਤ ਉਠ ਖੜਹੋਹਿ ਬਲਾਈ।
ਹਮ ਮਾਰਤ ਮਾਰਤ ਥਕ ਗਏ। ਵੈ ਅਗਜੋਂ ਬਹੁ ਬਧਤੇ ਭਏ'।੪।
ਤੌ ਲਾਂਭੇ ਕਾਜੀ ਨੇ ਕਹੀ। 'ਇਨ ਕੀ ਖ਼ਬਰ ਤੁਮੈਂ ਕਛੁ ਨਹੀਂ।
ਜਿਤਨਕ ਬੂੰਦ ਸਿੰਘਨ ਕੀ ਪਰੈ। ਤਿਤਨਕ ਸਿੰਘ ਫਿਰ ਹੋਤ ਹੈਂ ਖਰੇ।੫।

ਦੋਹਰਾ: ਫੜ ਸਿੰਘਨ ਈਹਾਂ ਮੰਗਾਈਐ ਦਈਐ ਮੁੰਗਰਨ ਸੌਂ ਕੁਟਵਾਇ।
ਰਕਤ ਨ ਨਿਕਸਨ ਉਨ ਪਵੈ ਫਿਰ ਹੁਵੈ ਨ ਸਿੰਘ ਵਧਾਇ'।੬।

ਚੌਪਈ: ਤੌ ਇਕ ਸਿਪਾਹੀ ਐਸੇ ਕਹੀ। 'ਕਾਜੀ ਬਾਤ ਕਹਤ ਹੈ ਸਹੀ।
ਇਸ ਕੋ ਮੂਹਰੈ ਦੇਉ ਲਗਾਇ। ਲਜਾਵਗੁ ਸਿੰਘ ਨ ਯਹਿ ਫੜਵਾਇ।੭।
ਇਨਹਿ ਨ ਦੇਖੇ ਸਿੰਘਨ ਹਾਥ। ਆਇ ਮਿਲਗੁ ਯਹਿ ਜੋਰੂ ਸਾਥ'।
ਜਨ ਕਾਜੀ ਸਿਰ ਪਾਣੀ ਪਇਆ। ਬੋਲਨ ਜੋਗ ਨ ਕਾਜੀ ਰਹਿਆ।੮।
ਤਬ ਨਿਬਾਬ ਫਿਰ ਐਸ ਸੁਨਾਈ। 'ਮਾਰੋ ਸਿੰਘਨ ਕੋ ਅਬ ਜਾਈ।
ਹੈ ਕੁਈ ਬਡੋ ਬਹਾਦਰ ਮੇਰਾ। ਮਾਰੇ ਸਿੰਘਨ ਕੋ ਕਰ ਘੇਰਾ।੯।

Sri Satguru Jagjit Singh Ji eLibrary NamdhariElibrary@gmail.com

ਦੀਨ ਮਜ਼੍ਹਬ ਕੇ ਬਦਲੇ ਲੇਵੈ। ਸਿੰਘਨ ਲੁਕਣ ਨ ਨੱਠਣ ਦੇਵੈ।
ਕਰ ਮਾਹੋ ਹਿੰਦੂਅਨ ਕਸਮ ਹਜਾਰ। ਹੈ ਲਿਖਯੋ ਰਸੂਲ ਹਮੈ ਯੌ ਕਾਰ'।੧੦।

ਦੋਹਰਾ: ਘਲਯੋ ਮੋਮਨ ਖਾਂ ਫੌਜਦਾਰ ਕੈ ਸੰਗ ਬਾਈ ਸੈ ਅਸਵਾਰ।
ਚਾਲੀ ਜੰਬੂਰੇ ਫੀਲ ਪੰਜ ਔਰ ਰਹਿਕਲੇ ਚਾਰ।੧੧।

ਚੌਪਈ: ਭਈ ਤਿਆਰੀ ਨਕੀਬ ਫਿਰ ਆਯੋ। ਡੇਰਾ ਲਾਹੌਰਹ ਬਾਹਰ ਪਾਯੋ।
ਸਿੰਘਨ ਲਹੌਰੀਅਨ ਕਿਤ ਸੁਨ ਲਈ। 'ਤਾਰੇ ਸਿੰਘ ਪੈ ਚੜ੍ਹਤੀ ਭਈ'।੧੨।
ਉਨ ਸਿੰਘਨ ਕਿਮ ਦਿਵਸ ਬਿਤਾਯਾ। ਰਾਤ ਪਈ ਕਰਨ ਖਬਰੈ ਧਾਯਾ।
ਪੁਜਯੋ ਸਿੰਘਨ ਪੈ ਫਤੇ ਬੁਲਾਈ। ਕਹੀ ਸਿੰਘਨ ਸੌਂ 'ਫੌਜ ਤੁਰਕ ਆਈ।੧੩।
ਮੈਂ ਤੋ ਅਬ ਮੁੜ ਪਵੌਂ ਲਹੌਰ। ਔਰ ਬਚਨ ਕੀ ਮੁਹਿ ਨਹਿੰ ਠੌਰ।
ਪੰਦ੍ਰਾਂ ਕੋਸ ਮੇਰੀ ਘੋੜੀ ਆਈ। ਬਚੌਂ ਤਊ ਮੁੜ ਲਹੌਰੈ ਜਾਈ।੧੪।

ਦੋਹਰਾ: ਔਰ ਬਾਤ ਤੁਮ ਨਹਿੰ ਬਚੋ ਕਿਤ ਲੁਕ ਜਾਣ ਬਚਾਈ।
ਰਾਤ ਰਾਤ ਤੁਮਰੀ ਅਹੈ ਦਿਨ ਤੁਰਕ ਪਰੈਂਗੇ ਆਇ'।੧੫।

ਚੌਪਈ: ਯੌ ਕਹਿਕੈ ਵਹਿ ਤੌ ਮੁੜ ਗਯੋ। ਸੁਨੌਂ ਅਗੈ ਜੋ ਤਾਰੇ ਸਿੰਘ ਕਹਯੋ।
ਮੁਖ ਤਾਰੇ ਸਿੰਘ ਲਾਲੀ ਆਈ। 'ਹਮ ਆਪ ਚਹੈਂ ਤੁਰਕਨ ਸਿਰ ਲਾਈ।੧੬।
ਹਮ ਤੌ ਲਰ ਮਰਿ ਹੈਂ ਯਹਿ ਠਾਇ। ਨਹਿੰ ਨਠਿ ਕੈ ਕਿਤ ਔਰਹਿ ਜਾਇਂ।
ਔ ਨਹਿੰ ਲੇਵੈਂ ਕਿਤ ਝਲ ਓਟ। ਸਹੈਂ ਸੀਸ ਅਬ ਕਾਲਹਿ ਚੋਟ।੧੭।
ਅਬ ਤੌ ਨਠ ਕਰ ਕਿਤ ਲੁਕ ਪਾਹਿਂ। ਜਹਾਂ ਕਾਲ ਤੇ ਢੂੰਡੇ ਨ ਜਾਹਿਂ।
ਜਹਿਂ ਜਹਿਂ ਜਈਐ ਤਹੀਂ ਤਹਿਂ ਕਾਲ। ਸਤਿਗੁਰ ਦੀਨੈ ਬਚਨ ਦਿਖਾਲ'।੧੮।

ਸ੍ਵੈਯਾ: "ਜੌ ਕਹੂੰ ਕਾਲ ਤੇ ਭਾਜਕੈ ਬਾਚੀਯਤ ਤੌ ਕਿਹ ਕੁੰਟ ਕਹੋ ਭਜ ਜੈਯੇ।
ਆਗੈ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹ ਤੇ ਨਸਿ ਐਯੈ।
ਐਸੋ ਨ ਕੈ ਗਯੋ ਕੋਈ ਸੁ ਦਾਵ ਰੇ ਜਾਂਹਿ ਉਪਾਵ ਸੋ ਘਾਵ ਬਚੈਯੈ।
ਜਾਂਤੇ ਨ ਛੂਟੀਐ ਮੂੜ੍ਹ! ਕਹੂੰ, ਹਸ ਤਾਂਕੀ ਨ ਕਯੋਂ ਸਰਣਾਗਤ ਜੈਯੈ॥"
[ਬਚਿਤ੍ਰ ਨਾਟਕ ੯੬]

੧੦੮. [ਤੁਰਕਾਂ ਨਾਲ ਲੜ ਕੇ ਤਾਰਾ ਸਿੰਘ ਨੇ ਸ਼ਹੀਦੀ ਪਾਈ]

ਦੋਹਰਾ: ਮੋਮਨ ਚੜ੍ਹਯੋ ਸਿੰਘਨ ਪੈ ਸੰਗ ਲੈ ਕਈ ਸਰਦਾਰ।
ਮੁਹਰੈ ਰਾਤਿ ਸੁ ਉਨ ਲਈ 'ਬੇਖਬਰ ਹੁਇ ਸਿੰਘ ਮਾਰ'।੧।
ਤੌ ਸੋ ਉੱਪਲ ਗੋਤ ਜਟ ਮਿਲਯੋ ਘਮੰਡੋ ਜਾਇ।
'ਤਾਰੈ ਸਿੰਘ ਨਿਹੰਗ ਕੋ ਮੈਂ ਚਲ ਦਿਓਂ ਦਿਖਾਇ'।੨।

ਚੌਪਈ: ਸੋ ਮੋਮਨ ਨੇ ਮੁਹਰੇ ਲਾਯੋ। ਉਨ ਸਿੰਘਨ ਤੇ ਕੁਛਕ ਖੁੰਝਾਯੋ।
ਉਨ ਦਏ ਤੁਰਕ ਪਰ ਡਲੈ ਚਾਲ। ਕਿਤ ਹੁਤੋ ਪੁਰਾਤਨ ਬੈਰ ਉਨ ਨਾਲ।੩।

Sri Satguru Jagjit Singh Ji eLibrary NamdhariElibrary@gmail.com

ਅਕੈ ਸਿੰਘਨ ਕੋ ਉਨ ਭਲਾ ਤਕਾਯੋ। ਅਕੈ ਨਠ ਲੁਕਨ ਕੋ ਬਿਲਮ ਲਗਾਯੋ।
ਉਨ ਸਿੰਘਨ ਵਲ ਦਈ ਖਬਰ ਘਲਾਇ। 'ਤੂੰ ਤਾਰਾ ਸਿੰਘ ਅਬ ਨਠ ਜਾਇ।੪।
ਤੁਰਕ ਫੌਜ ਮੁੜ ਜਾਊਗੁ ਲਾਹੌਰ। ਆਇ ਬਹੀਂ ਤੂੰ ਫਿਰ ਇਤ ਠੌਰ।
ਇਕ ਸਾਇਤ ਬਚੈ ਤੌ ਬਰਸ ਬਚਾਇ। ਕਾਹੇ ਅਕਾਰਥ ਜਾਨ ਗਵਾਇ'।੫।
ਤੌ ਸਿੰਘ ਜੀ ਉਸ ਕੀਆ ਸਮੋਧ। 'ਸ਼ਾਬਸ਼ ਭਾਈ ਤੇਰੀ ਬੋਧ।
ਇਤਨਕ ਤੁਮ ਤੈ ਆਛੀ ਸਰੀ। ਭਈਚਾਰੈ ਕੀ ਸਾਂਝ ਚਿਤ ਕਰੀ।੬।

ਦੋਹਰਾ: ਜੋ ਤੁਮ ਸੁ ਭਲਿ ਕਹੀ ਹੈ ਯੌਹੀ ਸਚ ਬਾਤ।
ਹਮਹ ਸ਼ਹੀਦੀ ਚਿਤ ਧਰੀ, ਹਮ ਨਠ ਨਹਿੰ ਕਿਤ ਜਾਤ।੭।

ਚੌਪਈ: ਜੌ ਹਮ ਅਬ ਨਠ ਜਾਨ ਬਚਾਵੈਂ। ਫਿਰ ਚਾਹੈ ਹਮ ਈਹਾਂ ਹੀ ਆਵੈਂ।
ਲਾਵੈ ਬੋਲੀ ਗਿਰਦ ਭਾਈਚਾਰੋ। ਇਮ ਕਹਹਿੰ ਨ ਜਾਨ ਪਿਆਰੋ'।੮।
ਉਤ ਡਲਵਾਲਨ ਖਵਰਹਿ ਭਈ। ਮਿਲੇ ਦੌੜ ਸੋ ਆਗੈ ਜਈ।
'ਹਮ ਰੱਯਤ ਹੈਂ ਖ਼ੁਦ ਪਤਿਸ਼ਾਹੀ। ਹਮ ਮੈਂ ਰਾਠ ਸਿੰਘ ਚੋਰ ਕੋਊ ਨਾਹੀ'।੯।
ਤੌ ਲੌ ਸਿੰਘਨ ਨਗਾਰਾ ਕਰਾਯਾ। ਸੋਊ ਤੁਰਕਨ ਨੇ ਵਹਿ ਸੁਨ ਪਾਯਾ।
ਤੌ ਇਮ ਲੀਨੋ ਤੁਰਕਨ ਜਾਨ। ਆਹਿ ਸਿੰਘਨ ਕੋ ਅਗੈ ਮਕਾਨ।੧੦।
ਭਜਾਇ ਘੋੜੇ ਕੋਊ ਪੁਜਜੋ ਪਠਾਨ। 'ਬੈਠੈ ਸਿੰਘ ਕਿਮ ਗਵਾਵਹੁ ਜਾਨ।
ਦੌੜ ਲੁਕੋ ਅਬ ਝਾੜਨ ਮਾਂਹਿ। ਕਰੀ ਖਬਰ ਮੈ ਆਨ ਤੁਸਾਂਹਿ'।੧੧।

ਦੋਹਰਾ: ਤਾਰੈ ਸਿੰਘ ਜੀ ਉਸ ਕਹਯੋ 'ਸ਼ਾਬਸ਼ ਭਾਈ ਜੀ ਤੋਹਿ।
ਅਬ ਹਮ ਨਠਕੇ ਕਿਤ ਲੁਕੈਂ? ਹਮ ਸ਼ਹੀਦ ਈਹਾਂ ਹੀ ਹੋਹਿਂ।੧੨।

ਚੌਪਈ: ਅਗੈ ਸਿੰਘ ਟਹਲ ਸਿੰਘ ਨ ਕਮਾਵਤ। ਭਰ ਦੇਗੈ ਜਲ ਸ਼ਨਾਨ ਕਰਾਵਤ।
ਔਰ ਸਿੰਘਨ ਸਿੰਘ ਜੀ ਸੌਂ ਕਹੀ। 'ਤੁਮ ਬਹੁ ਟਹਲ ਅਗੈ ਕਰ ਲਈ।੧੩।
ਅਬ ਹਮ ਟਹਲ ਚਹਿੰ ਕਰੀ ਤੁਮਾਰੀ। ਹੁਇ ਪਵਿਤ੍ਰ ਅਬ ਦੇਹਿ ਹਮਾਰੀ'।
ਤੌ ਸਿੰਘ ਜੀ ਉਨ ਕਹੀ ਸੁਨਾਇ। 'ਦੇਹਿ ਪਵਿਤ੍ਰ ਹੋਇ ਸ਼ਸਤ੍ਰ ਲਗਾਇ।੧੪।

ਦੋਹਰਾ: ਜਸ ਦੁਵਾਰਕਹਿ ਦਾਗ* ਲਗ ਦੇਹਿ ਪਵਿੱਤਰ ਹੋਇ।
ਤੈਸੇ ਸ਼ਸਤਰ ਕੇ ਲਗ ਪਾਪ ਦੇਹੋਂ ਜਾਇ ਧੋਇ।੧੫।

ਚੌਪਈ: ਤੌ ਹੁਤਿ ਸਿੰਘ ਜੀ ਜਲ ਲੈਨ ਗਏ। ਆਵਤ ਤੁਰਕ ਉਨ੍ਹੈਂ ਲਖ ਲਏ।
ਮੁੜ ਸਿੰਘ ਜੀ ਸਭ ਸਿੰਘਨ ਸੁਨਾਈ। 'ਜਿਨ ਨੱਠਨੋ ਸੋ ਨਠ ਜਾਹੁ ਭਾਈ।੧੬।
ਅਕੈ ਸ਼ਸਤ੍ਰ ਫੜ ਬਾਹਰ ਹੋਵਹੁ। ਛਾਡ ਓਟ ਰਣ ਭੂਮ ਖਲੋਵਹੁ'।
ਸੁਨਿ ਸਿੰਘ ਤੁਰੇ ਮੈਦਾਨੇ ਦਾਇ। ਛੋਡ ਓਟ ਰਣ ਭੂਮ ਖੜੇ ਜਾਇ।੧੭।

ਦੋਹਰਾ: ਉਤ ਤੇ ਤੁਰਕ ਤੌ ਆਇ ਪਏ ਬਜਾਏ ਧੌਂਸ ਨਗਾਰ।
ਕਰਹਿੰ ਦੁਤਰਫੋਂ ਮਾਰ ਮਾਰ ਸੌਂਚੀ ਜੈਸ ਖਿਡਾਰ।੧੮।

---

* ਦ੍ਵਾਰਕਾ ਦੇ ਛਾਪੇ ਲਾਉਣ ਨਾਲ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਪ੍ਰਿਥਮ ਖੁਲਾਕਾ ਸਿੰਘ ਅਗਾਜੋਂ ਧਾਯੋ। ਫੜ ਤੇਗੋ ਤਿਨ ਬਹੁ ਤਨ ਲਾਯੋ।
ਅਗਾਜੋਂ ਲਗਜੋ ਤਿਸ ਛਾਤੀ ਤੀਰ। ਭਯੋ ਪ੍ਰਿਥਮਹਿ ਸੋਈ ਬਹੀਰ[1]।੧੯।
ਖੜ ਜਾਇ ਸਿੰਘਨ ਢੇਰੀ ਬੰਨ੍ਹ ਲਈ। ਜਿਮ ਕਰ ਖੇਡ ਸੌਂਚ ਕੀ ਠਈ।
ਉਤ ਤੇ ਤੁਰਕ ਹਲੇ ਕਰ ਆਵੈਂ। ਇਤ ਤੈ ਸਿੰਘ ਉਨ ਮੋੜ ਹਟਾਵੈਂ।੨੦।
ਗਰਦ ਗੁਬਾਰ ਦੁਇ ਵਲ ਤੈ ਭਈ। ਹੁਤੀ ਰਾਤ ਜਨ ਅੰਧੇਰੀ ਅਈ।
ਉਤ ਕਰ ਹੱਲੈ ਤੁਰਕ ਘੋੜੈ ਚਲਾਵਨ। ਮਾਰ ਸਿੰਘਨ ਚਹੇ ਫੇਟਨ[2]ਗਿਰਾਵਨ।
ਆਗਜੋਂ ਉਨ ਸਿੰਘ ਮੁਖ ਕਟ ਡਾਰੇ। ਗਿਰੇ ਤਹੀਂ ਬਹੁ ਥੱਕ ਕੈ ਹਾਰੇ।
ਕਿਛਕੁ ਗਿਰੇ ਵਹਿ ਆਪਸ ਮਾਂਹਿ। ਇਮ ਕਰ ਰੁਕ ਗਜੋ ਉਨਕੋ ਰਾਹੁ।੨੨।

ਦੋਹਰਾ: ਤਿਹ ਦੁਇ ਵਲ ਤੇ ਅੜ ਭਿੜੈ ਗਿਰ ਗਿਰ ਰੁਕ ਗਈ ਠੌਰ।
ਕਰ ਕਰ ਹੱਲੇ ਜੇ ਅਵੈਂ ਪਰੈਂ ਉਨੈਂ ਪਰ ਧੌੜ।੨੩।

ਚੌਪਈ: ਕਿਛ ਉਨਕੈ ਉਨ ਸ਼ਸਤ੍ਰ ਲਾਗੈਂ। ਕਿਛ ਸਿੰਘ ਭੀ ਮਾਰੈਂ ਹੁਇ ਆਗੈ।
ਦੋਊ ਤਰਫ ਤੈ ਮਚ ਗਜੋ ਘਾਣ। ਥੱਕ ਗਏ ਦੁਵੱਲੋਂ ਲਾ ਲਾ ਤਾਣ।੨੪।
ਧੀਰੀ ਧੀਰੀ ਵਲ ਦੋਊ ਤੈ ਹੋਈ। ਛੋਟੀ ਹਥਜਾਰੀਂ ਆਵੈ ਨ ਕੋਈ।
ਤੀਰ ਬੰਦੂਕ ਖੜ ਦੂਰੋਂ ਚਲਾਵੈਂ। ਇਸ ਬਿਧ ਸਿੰਘਨ ਮਾਰ ਗਿਰਾਵੈਂ।੨੫।
ਹੁਤ ਬੰਦੂਕ ਤਮਾਚੇ ਸਿੰਘਨ ਪਹਿ ਨਾਂਹਿ। ਪਰ ਉਨ ਕੀ ਗੋਲੀ ਲੰਘ ਉਨ ਪਰ ਪਾਹਿ।
ਤੌ ਮੋਮਨ ਖਾਂ ਨੇੜੇ ਆਯਾ। ਤੌ ਹੱਲਾ ਤਿਮ ਫੇਰ ਕਰਾਯਾ।੨੬।
ਤਊ ਮੁਗਲ ਤਕੀ ਘੋੜਾ ਚਲਾਯਾ। 'ਕਹਾਂ ਤਾਰਾ ਸਿੰਘ' ਪੁਛਤਾ ਆਯਾ।
ਸਿੰਘ ਜੀ ਕਹਜੋਂ 'ਚਲ ਆਉ ਅਗਾਹੀ। ਖਿਸ਼ਕ ਚਲਾਉ ਤੂੰ ਹਲੋਂ ਵਾਰੀ'।੨੭।
ਛੋੜ ਘੋੜਾ ਉਨ ਤੀਰ ਚਲਾਯਾ। ਸੀਸ ਮੁੰਡਾਮੇ ਸਿੰਘ ਜੀ ਕੇ ਲਾਯਾ।
ਝਟ ਕਰ ਘੋੜੇ ਸਿੰਘ ਫੜ ਲਈ ਬਾਗ। ਤਿਸ ਹੁਤੋ ਨਗਾਤ[3] ਸੰਜੋਇ ਬਿਨ ਨਾਂਗ।੨੮।

ਦੋਹਰਾ: ਬਿਨ ਸੰਜੋਇ ਇਸ ਮੁਗਲ ਕਾ ਪਿੰਡਾ ਲਜ਼ਰ ਨ ਆਇ।
ਇਕ ਮੁਖ ਨੰਗਾ ਸਿੰਘ ਲਖ ਉਤ ਪਿਪਲਾ[4] ਦਯੋ ਧਸਾਇ।੨੯।
ਮੁੜਜੋ ਤਕੀ ਮੁਖ ਜ਼ਖਮ ਖਾ ਮੋਮਨ ਲਯੋ ਪਛਾਨ।
ਪੂਛੀ ਖਬਰ ਖੁਲਾਇ ਉਸ 'ਕਹਾਂ ਖਾਏ ਮੁਖ ਪਾਨ?'।੩੦।

ਚੌਪਈ: ਤੌ ਤਕੀ ਨੈ ਮੋਮਨ ਸੁਨਾਈ। 'ਅਗੈ ਤਾਰਾ ਸਿੰਘ ਬੈਠਾ ਖੀੜੇ ਬਨਾਈ।
ਹੁਇ ਹਿੰਮਤ ਤੌ ਅਗੈ ਹੁਇ ਖਾਵੇ। ਦੂਰ ਖੜੇ ਕਜਾ ਬਾਤ ਬਨਾਵੈਂ।੩੧।
ਇਕ ਹੁਤ ਚੇਲੋ ਉਸ ਪਹਿ ਖਲੋ। ਸੁਨ ਵਹਿ ਸਿੰਘਨ ਪਰ ਧਾਇ ਚਲੋ।
ਕਹਿ ਮਹਾਵਤ ਦਯੋ ਹਾਥੀ ਪਿਲਾਇ[5]। ਦੁਇ ਦੁਇ ਤੀਰ ਫੜ ਚਏ ਚਲਾਇ।੩੨।

---

੧. ਭਾਵ ਸ਼ਹੀਦ ਹੋਇਆ। ੨. ਫੈਂਟਿਆਂ ਤੋਂ, ਪੇਟੀ ਤੋਂ।
੩. ਜਿਸਮ, ਸਰੀਰ। ੪. ਤਿੱਖੀ ਨੋਕ। ੫.ਢੋ ਦਿੱਤਾ, ਤੋਰ ਦਿੱਤਾ।

Sri Satguru Jagjit Singh Ji eLibrary NamdhariElibrary@gmail.com

ਕਹਿ ਮਹਾਵਤ ਉਨ ਹਾਥੀ ਤੁਰਵਾਯੋ। ਫੱਟੇ ਥਕੇ ਉਨ ਸਿੰਘਨ ਤਕਾਯੋ।
ਉਨ ਜਾਨਯੋ ਮੈਂ ਊਚੇ ਥਾਇ। ਦੇਉਂਗ ਹਾਥੀਓਂ ਸਿੰਘਨ ਮਿਧਾਇ।੩੩।
ਦੇਖ ਥੋੜ੍ਹੇ ਸਿੰਘ ਲਾਲੀ ਆਈ। ਗਿਰਦੇ ਦੇਖਯੋ ਉਨ ਹਾਥੀ ਘੁਮਾਈ।
ਵਹੁ ਮਾਰੈ ਦੁਇ ਦੁਇ ਢੁਕ ਤੀਰ। ਵਹਿ ਤੋ ਕਹਾਵਤ ਬਡ ਸੂਰਬੀਰ।੩੪।

ਦੋਹਰਾ: ਤੌ ਭੀਮਾ ਸਿੰਘ ਕਰ ਖੁਸ਼ੀ ਪਰਯੋ ਸ਼ੇਰ ਜਿਮ ਧਾਇ।
ਫੜ ਉਨ ਹਾਥੀ ਕੰਨ ਦਬਯੋ ਤੁਰਤਹਿ ਲਯੋ ਬਹਾਇ।੩੫।

ਚੌਪਈ: ਤੌ ਸਿੰਘ ਕੀਯੋ ਮਹਾਵਤ ਪਰ ਵਾਰ। ਉਨ ਡਾਹਯੋ ਅੰਕੁਸ ਲਗ ਟੂਟੀ ਤਲਵਾਰ।
ਅਧੀ ਰਹੀ ਸੰਗ ਮਾਰਯ ਮਹਾਵਤ। ਸੋਊ ਗਯੋ ਗਸ਼ੀ ਅੰਕਸ ਲਾਵਤ।੩੬।
ਦੇਖ ਤਾਰੈ ਸਿੰਘ ਮਦਤ ਕਰਾਈ। ਲਖਮੀਰ ਸਿੰਘ ਸੋਂ ਕਹਯੋ ਸੁਨਾਈ।
'ਜਦ ਅਸੀਂ ਤੁਸੀ ਹੁਤ ਮੱਝੀ ਚਰਾਵਤ। ਤੂੰ ਹੁਤੋ ਮੱਝੀ ਦੁਇ ਦੁਇ ਟੱਪ ਜਾਵਤ।੩੭।
ਅਬ ਕੱਟਾ ਤੁਰਕਨ ਕਾ ਕਿਤਨਕ ਬਲਾਇ। ਮਾਰ ਤੁਰਕ ਤੂੰ ਉਪਰ ਜਾਇ'
ਅਰਯੋਂ ਲਖਮੀਰ, ਸਿੰਘ ਜੀ ਸੋਂ ਕਹੀ। 'ਮੇਰੇ ਭੀ ਮਨ ਥੀ ਗਲ ਯਹੀ।੩੮।
ਮੋ ਪਰ ਤਨਕ[੧] ਆਗਜਾ ਜੇ ਹੋਇ। ਮੈਂ ਮਾਰ ਦਿਖਾਊਂ ਤੁਰਕੈ ਸੋਇ'।
ਇਤਨਕ ਕਹਿ ਸਿੰਘ ਕੀਨੀ ਧਾਈ। ਜਿਮ ਪਰੈ ਕੂੰਜਨ ਪਰ ਬਹਰੀ ਜਾਈ।੩੯।

ਦੋਹਰਾ: ਫੜ ਨੇਜਾ ਸਿੰਘ ਕੁਦ ਪਰਯੋ ਸੌਹੇਂ ਚੇਲੇ ਕੋ ਲਲਕਾਰ।
ਉਤ ਵਲ ਤੇ ਉਨ ਭੀ ਕਰੀ ਮਾਰੈ ਮਾਰ ਪੁਕਾਰ।੪੦।

ਚੌਪਈ: ਤੌ ਲਖਮੀਰ ਸਿੰਘ ਜਾਇ ਸੰਭਾਰਾ। ਜਾਇ ਚੇਲੇ ਕੋ ਮੋਢੇ ਮਾਰਾ।
ਗਯੋ ਨੇਜ਼ਾ ਉਸ ਮੋਢੈ ਚੀਰ। ਫੜ ਹੁਇ ਤਲਵਾਰ ਨ ਚੱਲੈ ਤੀਰ।੪੧।
ਇਕ ਦੁਇ ਸਿੰਘ ਮਦਤ ਔਰ ਆਏ। ਉਨ ਹਾਥੀ ਗਿਰਦਯੋਂ ਔਰ ਹਟਾਏ।
ਤੌ ਲਖਮੀਰ ਸਿੰਘ ਕੋ ਦਾਉ ਲਗ ਗਯੋ। ਫੜ ਰੱਸਾ ਹਾਥੀ ਪਰ ਗਯੋ।੪੨।
ਮਾਰ ਤਲਵਾਰ ਚੇਲਾ ਡਾਰ ਦਯੋ। ਹਾਥੀ ਤੋਰ ਵਲ ਸਿੰਘਨ ਦਯੋ।
ਸਿੰਘ ਜੀ ਕਹਯੋ 'ਹਾਥੀ ਕਿਹਕਾਮਨ। ਹਮ ਅਨੇਕ ਬਖਸ਼ੈਗੇ ਗੁਲਾਮਨ'।੪੩।
ਹਾਥੀ ਫਿਰ ਜਖ ਖਾਲੀ ਗਯੋ। ਦਲ ਤੁਰਕਨ ਕੋ ਭਾਜ ਖਾਇ ਗਯੋ।
ਤੌ ਮੋਮਨ ਖਾਂ ਪੂਰਬੀਏ ਬੁਲਾਏ। ਹੁਤੇ ਹਜਾਰੀ ਖਿਤਾਬ ਜਿਨ ਪਾਏ।੪੪।

ਦੋਹਰਾ: ਮਨਸਾ ਰਾਮ ਔ ਦਯਾ ਰਾਮ ਜਿਨ ਕੋ ਥੋ ਯਹਿ ਨਾਮ।
ਭੇਜ ਨਾਲ ਬਡ ਫੌਜ ਹੁਤ ਕੁੰਦਲ ਪੁਰ ਘਰ ਧਾਮ।੪੫।

ਚੌਪਈ: ਵੈ ਕਰ ਹੱਲਾ ਸਿੰਘਨ ਪਰ ਪਏ। ਉਤ ਤੈ ਸਿੰਘ ਭੀ ਸਨਮੁਖ ਅਏ।
ਮਨਸਾ ਰਾਮ ਔ ਦਇਆ ਰਾਮ। ਮਾਰ ਸਿੰਘਨ ਸੁ ਉਸ ਹੀ ਥਾਮ।੪੬।
ਤੁਰਕਨ ਫੌਜ ਤਹਿੰ ਗਈ ਪਰਾਈ[੨] ਰਹਯੋ ਮਦਾਨ ਸਿੰਘਨ ਕੈ ਪਾਈ[੩]।

੧. ਥੋੜੀ। ੨. ਨੱਸ ਗਈ। ੩. ਪਾਸ।

Sri Satguru Jagjit Singh Ji eLibrary NamdhariElibrary@gmail.com

ਤੌ ਦਿਨ ਚੜ੍ਹਜ ਭਜੇ ਉਜਿਯਾਲਾ। ਮੁੜ ਤੁਰਕਨ ਕੀਯੋ ਖੇਤ ਸੰਭਾਲਾ।੪੭।
ਕੋਊ ਕਿਤੈ ਸਿੰਘ ਦਿਸੈ ਖੜਾ। ਔਰ ਮਾਰਜੇ ਔ ਦੇਖਜੋ ਪੜਾ।
ਵੈ ਦੂਰੋਂ ਹੀ ਬੰਦੂਕ ਚਲਾਵੈਂ। ਉਨਿ ਨੇੜ ਢੁਕੈ ਤੇ ਸੀਹਆਣ ਆਵੈ।੪੮।
ਬਾਕੀ ਮਾਰ ਸਿੰਘ ਇਮ ਦਏ। ਫਿਰ ਢੁਕ ਸਭਨ ਕੇ ਸਿਰ ਕਟ ਲਏ।
ਇਮ ਤਾਰੈ ਸਿੰਘ ਸ਼ਹੀਦੀ ਪਾਈ। ਸਿੰਘ ਨਿਭੇ ਉਸ ਸੰਗ ਸਭ ਬਾਈ।੪੯।
ਇਮ ਤਾਰੈ ਸਿੰਘ ਜੀ ਸਾਕੋ ਕੀਆ। ਮਸ਼ਾਹੂਰ ਸਭ ਜਗ ਮੈਂ ਥੀਆ।
ਗੁਰ ਕੌ ਵਾਕ ਜਿਸ ਐਸ ਕਮੱਯਾ। ਸੀਸ ਦਯੋ ਪਰ ਸਿਰਹ ਨ ਦੱਯਾ।੫੦।

ਦੋਹਰਾ: ਧੰਨ ਧੰਨ ਉਨ ਸਿੰਘਨ ਕੈ ਜਿਨਿ ਕਰ ਸਾਕਾ ਤਜੇ ਪਰਾਨ।
ਰਹੈ ਨਾਮ ਥਿਰ ਕਰਮ ਕਾ ਹੈ ਜਗ ਆਵਨ ਜਾਨ।੫੧।

ਸਾਖੀ ਚੁਮੰਡੇ ਤਥਾ ਕੈਰੋਂ ਨੰਗਲੀਆਂ ਰੰਧਾਵਿਆਂ ਕੀ

੧੦੯. [ਕੈਰੋਂ ਨੰਗਲੀ ਰੰਧਾਵਿਆਂ ਦਾ ਤੁਰਕਾਂ ਵਲੋਂ ਕਤਲ]

ਦੋਹਰਾ: ਸੁਨਹੁ ਸਾਖੀ ਔਰ ਸਿੰਘਨ ਕੀ ਜਿਨ ਤੁਰਕਨ ਸਿਰ ਸਿਰਿ ਲਾਇ।
ਸਿਦਕ ਰਖਜੋ ਗੁਰ ਬਚਨ ਪਰ ਭਜੇ ਕੇਸਨ ਸਾਸਨ ਨਿਬਾਹਿ।੧।

ਚੌਪਈ: ਨਾਮ ਨਾਮ ਜਾਤ ਗੋਤ ਬਤਾਊਂ। ਸਿਖੀ ਸਾਂਝ ਹਿਤ ਟਹਲ ਉਠਾਊਂ।
ਸੁਨੀ ਜਿਸੈ ਬਿਧ ਬਡਿਅਨ ਪਾਸ। ਕਹੂੰ ਤਿਸੈ ਪੰਥ ਰਖ ਹੇਤ ਦਾਸ।੨।
ਹੁਤਿ ਰੰਧਾਵੈ ਚੁਮੁੰਡੇ ਬਾਈ ਬਾਸ। ਮਧ ਇਕ ਕੈਰੋਂ ਨੰਗਲ ਭਾਸ।
ਉਨ ਮਧ ਤੇ ਕੁਛ ਗੁਰ ਪੰਥ ਆਏ। ਖੰਡੈ ਪਹੁਲ ਲਈ ਸ਼ਸਤ੍ਰ ਉਠਾਏ।੩।
ਜਿਮ ਸ੍ਰੀ ਸਤਿਗੁਰ ਆਗਜਾ ਦਈ। ਵਹੀ ਭਾਂਤਿ ਤਿਨ ਕਰਨੀ ਠਈ।
ਰਲੇ ਪੰਥ ਗੁਟ ਕਰੇਂ ਦੰਗਾਹੀ। ਲਹੌਰੈ ਦਿੱਲੀ ਰਾਹੁ ਲੁਟ ਧਾਹੀਂ।੪।
ਜੋਊ ਚਕਜੋ ਹੁਤ ਖਾਲਸੇ ਤੌਰ। ਇਨ ਭੀ ਤਿਮਹਿਂ ਮਚਾਯੋ ਰੌਰ।
ਸਊ ਖਬਰ ਯਹਿ ਤੁਰਕਨ ਪਾਈ। ਆਏ ਮਾਰਨ ਉਨ ਕਰ ਧਾਈ।੫।

ਦੋਹਰਾ: ਸਿੰਘਨ ਪੈ ਗੜ੍ਹ ਨਹਿਂ ਹੁਤੇ ਜਿਤ ਕੀ ਓਟ ਲੜਾਹਿਂ।
ਉਠ ਨਠ ਰੋਹੀ ਮਧ ਛਿਪਹਿਂ ਕੇ ਖੂਹਨ ਖੱਡਨ ਮਾਂਹਿ।੬।

ਚੌਪਈ: ਸੁਨੀ ਸਿੰਘਨ ਜਬ ਤੁਰਕ ਅਵਾਈ। ਛਡ ਕਰ ਘਰ ਗਏ ਬਣਹਿ ਲੁਕਾਈ।
ਹੁਤੇ ਉਨੈਂ ਕੇ ਟੱਬਰ ਜੇਊ। ਰਲ ਮਿਲ ਲੋਕਨ ਬਚ ਰਹੇ ਤੇਊ।੭।
ਦਿਨੈ ਸਿੰਘ ਹੁਤ ਥੇ ਤਿਹ ਨਾਂਹਿ। ਰਾਤ ਪਰੀ ਆਵਤ ਘਰ ਮਾਂਹਿ।
ਇਸੀ ਬਾਰ ਤਊ ਇਮ ਬਚ ਰਹੇ। ਹਥ ਨ ਆਇ ਵੈ ਖਾਲੀ ਗਏ।੮।

ਦੋਹਰਾ: ਜਬ ਖਾਲੀ ਤੁਰਕ ਇਮ ਗਏ ਆਈ ਨਮੋਸ਼ੀ ਤਾਂਹਿ।
ਚਿੱਤੈ ਜਿਮ ਝੂਰਤ ਫਿਰਹਿਂ ਮਾਰਨ ਸਿੰਘ ਫਿਰਾਹਿਂ।੯।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤੁਰਕ ਸਿੰਘਨ ਫਿਰ ਚਾਹੈਂ ਮਾਰਨ। ਸਿੰਘ ਭੀ ਚਾਹੈਂ ਵਖਤ ਗੁਜ਼ਾਰਨ।
ਕਹੈਂ ਸਿੰਘ 'ਕਬ ਹਮ ਬਖਤ ਆਵਗੁ। ਹਮਤੈ ਲੁਕ ਤੁਰਕ ਜਿੰਦ ਬਚਾਵਗੁ।੧੦।
ਹੰਨੈ ਹੰਨੈ ਹੁਇ ਬਹਿਂ ਪਤਸ਼ਾਹਿ। ਲਹਿਂ ਆਪ ਆਪਨੋ ਮੁਲਖ ਉਗਰਾਹਿ।
ਹਮ ਗੁਰਬਚਨ ਝੂਠ ਤੋ ਨਾਂਹੀ। ਹਮ ਸਹੀ ਜਾਇਂ ਦੁਖ ਕਟੈਂਤਹਾਂਹੀ'।੧੧।

ਦੋਹਰਾ: ਹੁਤੇ ਵਤਨ ਮਧ ਸਾਕ ਮਿਤਿ ਸਿੰਘ ਬਸੈਂ ਨਿਜ ਦੇਸ।
ਤਿਹੀਂ ਗੁਜਾਰਾ ਸਿੰਘ ਕਰਹਿਂ ਲੁਕ ਛਪ ਰਖ ਗੁਰ ਭੇਸ।੧੨।

ਚੌਪਈ: ਅਬ ਫਿਰ ਸੁਨੋ ਉਨ ਸਿੰਘਨ ਬਾਤ। ਕਰਾਇ ਦਯੋ ਜਿਮ ਦੁਸ਼ਟਨ ਘਾਤ।
ਹੁਤੋ ਸਜਾਦੋ ਸੁਲਤਾਨੀਓਂ ਗ੍ਰਾਮ। ਉਸ ਕਹਿਂ ਹਿੰਦੂ, ਕਰੇ ਤੁਰਕਨ ਕਾਮ।੧੩।
ਉਨ ਸਾਥ ਰਲਾਏ ਮੁਸਲੇ ਕਲਾਲ। ਤੇਊ ਚਾਕਰ ਹੁਤਿ ਤੁਰਕਨ ਨਾਲ।
ਇਮ ਮਿਲ ਦੋਇਨ ਮਤੇ ਮਤਾਏ। 'ਰੰਧਾਵਨ ਸਿੰਘਨ ਦਯੈ ਮ੍ਰਵਾਏ।੧੪।
ਏ ਆਏ ਅਬ ਹਮਰੇ ਦਾਇ। ਪਹਿਲੇਂ ਤੁਰਕਨ ਤੇ ਭੂਮ ਲਿਖਵਾਇ।
ਗਰਭ ਛੇਦ ਇਨ ਦਯੈ ਕ੍ਰਵਾਇ।੧੫।
ਇਮ ਹਮ ਪੈ ਬਹੁ ਤੁਰਕ ਖੁਸ਼ ਹੋਹਿਂ'। ਸਿਰੋਪਾਊ ਇਨਾਮ ਚਹਿਂ ਪਾਇਂ ਸੋਇ।
ਗੁਪਤਿ ਪਾਪ ਦੋਇਨ ਗਿਨ ਲਯੋ। ਜ਼ਾਇ ਤੁਰਕਨ ਪੈ ਤਿਮਹੀ ਕਹਯੋ।੧੬।

ਦੋਹਰਾ: ਜੋ ਉਨ ਆਖੀ ਤੁਰਕਨ ਕੋ ਉਨ ਤਿਮ ਹੀ ਮੰਨ ਲੀਨ।
ਗ੍ਰਾਮ ਇਨਾਮ ਔ ਗਰਭ ਛੇਦ ਚੌਪਰ ਲਿਖੀ ਜ਼ਮੀਨ।੧੭।

ਚੌਪਈ: ਤੁਰਕ ਚਹਿਤ ਹੁਤ ਥੇ ਯਹੀ ਖਾਤ। ਜਿਮ ਕਿਮ ਹੁਇ ਸਿੰਘਨ ਕੋ ਘਾਤ।
ਜਿਮ ਜਿਮ ਉਨਕੋ ਸਿੰਘ ਦਿਸ ਆਵਤ। ਜੋ ਚਾਹਤ ਤੁਰਕਨ ਤੇ ਮਨਵਾਵਤ।੧੮।

ਦੋਹਰਾ: ਸਿੰਘਨ ਖਬਰ ਯਹਿ ਨਹਿਂ ਭਈ ਉਇ ਗ੍ਰਾਂਢੀ ਸਿਲ[੧] ਕਰਵਾਇਂ।
ਉਸੀ ਗਿਰਦ ਛਪ ਦਿਨ ਰਹੈਂ ਰਾਤੀਂ ਆਵੇਂ ਗ੍ਰਾਂਇਂ।੧੯।

ਚੌਪਈ: ਜਿਮ ਨਿਸ ਦਿਵਸ ਸਿੰਘਨ ਕੋ ਹੋਇ। ਸਿੰਘ ਹੁਇ ਇਕੱਤ੍ਰ ਨਿਮਤਹਿਂ ਸੋਇ।
ਤਹਿਂ ਦੁਸ਼ਟਨ ਸਿਲ ਸਿੰਘਨ ਕਰਾਈ। ਇਕ ਸੁਲਤਾਨੀ ਪਿੰਡ ਹੀ ਮਾਹੀ।੨੦।
ਸੋ ਸੇਲੂ[੨] ਉਨ ਰਖਯੋ ਬਨਾਇ। ਸਭੀ ਖਬਰ ਦਏ ਜਟਨ ਪਹੁੰਚਾਇ।
ਦੇਂ ਜਟ ਆਗੈ ਤੁਰਕਨ ਘਲਾਇ। ਇਮ ਸੰਘਨ ਲਈ ਮੌਤ ਤਕਾਇ।੨੧।

ਦੋਹਰਾ: ਕਹਿਨੈ ਕੋ ਵੁਹ ਹੁਤ ਹਿੰਦੂ ਕੰਮ ਸੁ ਤੁਰਕ ਕਰਾਹਿ।
ਹਿੰਦੂਅਨ ਹਿੰਦੂ ਫੜ ਦਿਵਹਿ ਮ੍ਰਵਾਵਹਿ ਸੀਸ ਕਟਵਾਇ।੨੨।

ਚੌਪਈ: ਸਿੰਘਨ ਮੌਤ ਹੁਤ ਨੇੜੇ ਆਈ। ਸਿੰਘ ਵੜੈਂ ਕਿਤ ਨਿਸ ਘਰ ਧਾਈ।
ਦੁਸ਼ਟ ਸੇਲੂ[੨] ਦਈ ਸਿਲ ਪਹੁੰਚਾਇ। ਆਇ ਤੁਰਕਨ ਲਯੋ ਘੇਰੋ ਪਾਇ।੨੩।

---

੧. ਸਿਲ=ਸੂੰਹ, ਖੋਜ। ਸਿਲ ਕਰਨਾ=ਸੂੰਹ ਕੱਢਣੀ, ਖੁਰਾ ਖੋਜ ਦੱਸਣਾ।

੨. ਸੂੰਹੀਆ।

Sri Satguru Jagjit Singh Ji eLibrary NamdhariElibrary@gmail.com

ਚਾਰ ਤਰਫ ਤਿਨ ਫੌਜ ਖੜਵਾਈ। ਤੌ ਲੌ ਝਬ ਦੁਸ਼ਟ ਜਟ ਭੇ ਆਈ।
ਘੇਰਾ ਕੀਨੋ ਬਹੁ ਤਕੜਾਇ। ਅੰਦਰੋਂ ਜਾਨ ਨ ਕੁਤੋ ਪਾਇਂ।੨੪।

ਦੋਹਰਾ: ਜਿਮ ਦੁਸ਼ਟ ਸੁਲਤਾਨੀ ਜਟ ਕਹੈ ਤਿਮ ਹੀ ਤੁਰਕ ਕਮਾਹਿਂ।
ਰਲ ਮਿਲ ਦੋਊਅਨ ਸਿੰਘ ਕਟੇ ਲਭਜੋ ਸੁ ਛਡਜੋ ਨਾਂਹਿ।੨੫।
ਚੌਦਾਂ ਲਭੇ ਉਨ ਬਡਨ ਕੇ ਸੋ ਪੁਰਸ਼ ਦੀਨੇ ਕਾਟ।
ਉਨ ਸਿੰਘਨ ਕੀ ਕੁਲ ਸਮਝ ਔਰ ਦੀਏ ਕਟ ਕਾਟ।੨੬।

ਚੌਪਈ: ਜੋ ਕੋਊ ਉਨਕੀ ਦ੍ਰਿਸ਼ਟੈ ਆਯਾ। ਸੋ ਤੋ ਤੇਗਨ ਮੱਧ ਕਟਾਯਾ।
ਅਕੈ ਕਿਤੈ ਉਨ ਹੋਊਗੁ ਗਯੋ। ਇਮ ਟੰਢਮੂਲ[1] ਉਨ ਹੋਊਗੋ ਰਹਜੋ।੨੭।
ਸਹਜੋ ਇਮੈ ਦੁਖ ਸਿੰਘਨ ਮਝੇਲਨ। ਮੁੜ ਜਾਨੈ ਰਾਜ ਪੰਥ ਪਾਯੋ ਹੋਗੁ ਸੈਲਨ।
ਉਨ ਸਿਰ ਤੇ ਪਰੈ ਪਤਿਸਾਹੀ ਤਕਾਈ। ਤੋ ਹੰਨੇ ਹੰਨੇ ਉਨ ਲਭੀ ਪਤਿਸ਼ਾਹੀ।੨੮।

ਦੋਹਰਾ: ਜੋ ਕੋਊ ਪੁਛੈ ਉਨ ਸਿੰਘਨ ਕਿਛ ਰਹਜੋ ਹੁਤੋ ਟੰਢਮੂਲ[1]।
ਰਾਜ ਲਭਜੋ ਕੈ ਭੂਮ ਲਭੀ ਸੋਊ ਬਤਾਊਂ ਸੂਲ[2]।੨੯।

ਚੌਪਈ: ਬਚਜੋ ਏਕ ਸਾਹਬ ਸਿੰਘ ਨਾਮ। ਕਿਤ ਗਯੋ ਹੁਤੋ ਥੋ ਔਰ ਗ੍ਰਾਮ।
ਸ੍ਰੀ ਅੰਮ੍ਰਿਤਸਰ ਕੀ ਲਭੀ ਉਨ ਕਾਰ। ਭਏ ਅਰਦਾਸੀਏ ਸਚੇ ਦਰਬਾਰ।੩੦।
ਉਨ ਇਜੈ ਬਿਜੈ ਕੀ ਪਦਵੀ ਪਾਈ। ਸ਼ਾਹ ਪਤਸ਼ਾਹਿ ਉਨ ਚਰਨ ਛੁਹਾਈ।
ਉਨ ਪੈ ਕ੍ਰਿਪਾ ਇਮ ਸ੍ਰੀਗੁਰ ਭਈ। ਉਨ ਰਾਜ ਭੂਮੋਂ ਅਧਿਕਾਈ ਲਈ।੩੧।

ਦੋਹਰਾ: ਉਨ ਪੁਤ ਪੋਤ੍ਰੇ ਬਹੁ ਭਏ, ਲੀ ਭੂਮ ਭੀ ਅਪਨ ਛਡਵਾਇ।
ਬਦਲੇ ਲਏ ਦੁਸ਼ਮਨੋਂ ਤੇ ਖਾਲਸੇ ਕੇ ਬਲ ਪਾਇ।੩੨।

ਸਾਖੀ ਸ੍ਰੀ ਕਪੂਰ ਸਿੰਘ ਆਦਿ ਨਬਾਬ ਭੁਯੰਗੀ ਕੀ

੧੧੦. [ਤੁਰਕਾਂ ਨੇ ਭੁਯੰਗੀਆਂ ਨੂੰ ਖਿਰਾਜ ਦੇ ਕੇ ਨਾਲ ਰਲਾਉਣਾ]

ਦੋਹਰਾ: ਸਾਖੀ ਆਦਿ ਨਿਬਾਬ ਕੀ ਕਪੂਰ ਸਿੰਘ ਜਿਹ ਨਾਮ।
ਤੁਰਕਨ ਤੇ ਨਬਾਬੀ ਲਈ ਕਰ ਸੂਰੇ ਪੂਰੇ ਕਾਮ।੧।

ਚੌਪਈ: ਅਬ ਮੈਂ ਲਿਖੋਂ ਕਪੂਰ ਸਿੰਘ ਸਾਖੀ। ਬ੍ਰਿਧ ਪੁਰਸ਼ਨ ਜਿਮ ਹਮ ਸੋਂ ਆਖੀ।
ਜਬ ਬੰਦੈ ਤੁਰਕਨ ਲੀਨੇ ਜੀਤ। ਭਯੋ ਖਾਲਸੇ ਸਜੋਂ ਬਿਪਰੀਤ।੨।
ਭਯੋ ਨਾਸ਼ ਉਸ ਨੇੜੇ ਆਵਨ। ਸਿੰਘਨ ਕੋ ਸੁ ਚਹੈ ਮਰਵਾਵਨ।
ਸਮਝ ਖਾਲਸੋ ਉਸਤੇ ਭਜੋ ਦੂਰ। ਆਇ ਬਹੇ ਗੁਰ ਚੱਕ[3] ਹਜ਼ੂਰ।੩।
ਯਹੀ ਬਾਤ ਮੁਗਲਨ ਸੁਨ ਪਾਈ। ਮੁਗਲਨ ਚਿੱਤ ਵਧਾਈ ਭਾਈ।
ਚਾਹਿਤ ਹੁਤੋ ਸਿੰਘਨ ਤੁੜਵਾਯੋ। ਭੇਜੇ ਵਕੀਲ ਔ ਦਰਬ ਘਲਾਯੋ।੪।

---

੧. ਕੋਈ ਵਾਂਝਾ ਵਿਰਲਾ।   ੨. ਸੂੰਹ, ਪਤਾ।   ੩. ਸ੍ਰੀ ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com

ਲੇਟ ਪੇਟ ਸਿੰਘਨ ਕੀ ਕਰੈ। ਜੋ ਸਿੰਘ ਮਾਂਗੈਂ ਲਜਾ ਆਗੈ ਧਰੈ।
ਕਸਮ ਕੁਰਾਨ ਬਹੁਬਾਰ ਕੁਠਾਵਹਿ। 'ਗੁਰ ਚਕ ਹਮ ਕਦੇ ਪੈਰ ਨ ਪਾਵਹਿਂ।੫।
ਬਿਸ਼ਕ ਲੇਹੁ ਤੁਮ ਮੇਲੇ ਲਾਇ। ਨਨਕਾਣੇ ਔ ਰੋੜੀ ਜਾਇ।
ਬਡੇ ਡਿਹਰੇ ਔ ਖਡੂਰ ਗੁਰ ਥਾਨ। ਤਰਨ ਤਾਰਨ ਗੁਰ ਔਰ ਮਕਾਨ।੬।

ਦੋਹਰਾ: ਮੇਲਾ ਲਾਵਹੁ ਬੇਸ਼ਕੈ ਜਹਿਂ ਜਹਿਂ ਹੁਇ ਗੁਰ ਠੌਰ।
ਮਾਫੀ ਕਰੈਂ ਮਸੂਲ ਹਮ ਔ ਘਰੋਂ ਕਰੈਂ ਔਰ ਗੌਰ'।੭।

ਚੌਪਈ: ਇਮ ਕਹਿ ਖਾਲਸੋ ਲਜੋ ਪਰਚਾਏ। ਔਰ ਦਿਲਾਸੇ ਕਈ ਕਰਾਏ।
'ਹੁਇ ਚਾਕਰੀ ਕੀ ਜਿਸ ਕੋ ਖਾਹਸ਼। ਆਇ ਰਹੇ ਉਇ ਹਮਰੇ ਪਾਸ'।੮।
ਬਨੌਜ ਸਿੰਘ ਔ ਕਾਹਨ ਸਿੰਘ ਬਾਵੇ। ਉਨ ਦੈ ਦਰਬ ਸੁ ਲਏ ਪ੍ਰਚਾਵੇ।
ਪੰਜ ਪੰਜ ਸੈ ਸਿੰਘ ਗੈਲੈ ਲਾਏ। ਉਨ ਕੈ ਹਾਥ ਸਿੰਘ ਔਰ ਮਿਲਾਏ।੯।

ਦੋਹਰਾ: ਐਸੀ ਐਸੀ ਜੁਗਤ ਸਜੋਂ ਉਨ ਲੀਨੇ ਸਿੰਘ ਪ੍ਰਚਾਇ।
ਬੰਦੇ ਤੇ ਵੈ ਇਮ ਡਰੈਂ ਬਾਜੋਂ ਲਵੋ[1] ਡਰਾਇ।੧੦।

[2]ਚੌਪਈ: ਸਿੰਘਨ ਕੋ ਬਹੁ ਪੈਸੇ ਦੇਹਿਂ। ਬੈਠ ਗੁਰੂ ਚਕ ਨਿਤ ਪ੍ਰਤਿ ਲੇਹਿਂ।
ਪੰਥ ਦਰਵਾਰੋ ਸਿੰਘ ਹੁਤੋ ਦਿਵਾਨ। ਵਹੀ ਹੋਤ ਥੋ ਪੋਤੈ ਵਾਨ।੧੧।
ਪੰਥ ਰਖਤ ਥੋ ਉਸੈ ਵਡਿਆਈ। ਵਹੀ ਦੇਤ ਥੋ ਸਭਨ ਪ੍ਰਚਾਈ।
ਉਸੈ ਸ਼ਰੀਕੋ ਕਰੈ ਕੋਊ ਨਾਹਿਂ। ਵਹੀ ਦੇਤ ਕੋ ਸਭਨ ਪ੍ਰਚਾਇ।੧੨।
ਸਭ ਕੋ ਇਕ ਥਾਂ ਲੰਗਰ ਕਰਵਾਵੈ। ਸਭਨ ਪੁਸ਼ਾਕੀ ਵਹੀ ਪਹੁੰਚਾਵੈ।
ਨਿਤ ਪ੍ਰਤਿ ਪੰਥ ਯੌਂ ਵਧਤੋ ਜਾਹਿ। ਦੰਗੇ ਫੰਗਜ਼ੋਂ ਬੀ ਟਲੈ ਸੁ ਨਾਂਹਿਂ।੧੩।

੧੧੧. [ਬੰਦੇ ਨੂੰ ਕੈਦ ਕਰਕੇ ਤੁਰਕ ਮੇਲ ਤੋੜਕੇ ਸਿੱਖਾਂ ਦੇ ਵੈਰੀ ਹੋ ਖੜੋਤੇ]

ਦੋਹਰਾ: ਜਬ ਬੰਦੇ ਤੁਰਕਨ ਬੰਧਿਓ ਭਏ ਔਰ ਹੀ ਤੌਰ।
ਸਿੰਘਨ ਮਾਰਨ ਉਇ ਚਹੈਂ ਸਭਹਨ ਕਰ ਇਕ ਠੌਰ।੧।

ਚੌਪਈ: ਸਿੰਘਨ ਉਨ ਕੋ ਦਗੋ ਨ ਖਾਯੋ। ਡੇਰਾ ਆਗੈ ਸਿੰਘਨ ਚਲਾਯੋ।
ਐਸੀ ਭਈ ਸਿੰਘਨ ਕੀ ਚਾਲ। ਤੁਰਕ ਨ ਛੋਡੈਂ ਪੰਥਹਿ ਖਜਾਲ।੨।
ਨਹਿਂ ਸਿੰਘਨ ਪੈ ਗੜ ਕੋਊ ਕੋਟ। ਜਹਾਂ ਲੜੈਂ ਵੜ ਜਾਂਕੀ ਓਟ।
ਕੋਟ ਬਡ ਪਰਬਤਨ ਸਿੰਘਨ ਪਾਸ। ਜਹਾਂ ਚੜੇ ਹੁਇ ਰਹੈਂ ਮਵਾਸ।੩।
ਬਹੁਤ ਠੌਰ ਸਿੰਘ ਖੜ ਭੀ ਲੜੈਂ। ਹੋਇ ਦਖੀ ਲੈ ਸ਼ਹੀਦੀ ਮਰੈਂ।
ਐਸੀ ਭਈ ਪੰਥਹ ਲਾਚਾਰ। ਭਏ ਪੰਥ ਜਨ ਛਿਦ੍ਰੈ ਝਾੜ।੪।

੧.ਬਟੇਰਾ। ੨.ਇਥੇ ਲਿਖਤੀ ਨੁਸਖੇ ਵਿਚ ਇਕ ਦੋਹਰਾ ਭੀ ਹੈ:-
ਸਮੋਂ ਲਖਾਵਨ ਉਇ ਚਹੈਂ, ਪੰਥ ਬੀ ਸਮੇ ਤਕਾਹਿ।
ਰਖੈਂ ਪਤਿਸ਼ਾਹੀ ਚਾਹੈਂ ਦੋਊ ਦਿਲ ਦੋਊ ਦੰਗੋ ਰਖਾਹਿਂ।

Sri Satguru Jagjit Singh Ji eLibrary NamdhariElibrary@gmail.com

ਸੋਰਠਾ: ਹੁਤਿ ਬੰਦੈ ਦਯੋ ਸ੍ਰਾਪ ਘਿਰਜੋ ਹੁਤੋ ਜਬ ਗੜ੍ਹ ਬਿਧੈ।
ਸੋ ਲਗਜੋ ਪੰਥ ਜਨੁ ਪਾਪ ਮੱਦਦ ਉਸ ਕੀ ਨਹਿੰ ਕਰੀ।੫।

ਦੋਹਰਾ: ਤੌ ਸਿੰਘ ਖਿੰਡ ਬਣ ਲੁਕ ਗਏ ਥੋੜੇ ਬਹੁਤੇ ਹੋਇ।
ਲਗੇ ਗੁਜ਼ਾਰਨ ਦਿਨ ਇਮੈਂ ਆਗੈ ਪਾਛੈ ਸੋਇ।੬।
ਇਸ ਹੀ ਮੈਂ ਇਕ ਔਰ ਭੀ ਸਾਖੀ ਦੇਊਂ ਸੁਨਾਇ।
ਫੇਰ ਨਿਬਾਬੀ ਭੀ ਕਹੂੰ ਜਿਮ ਭਈ ਕਪੂਰ ਸਿੰਘ ਆਇ।੭।

ਸਾਖੀ ਮੁਲਖੱਯਨ ਔ ਬਿਵਾਸਤੇ ਔ ਦੀਨੀ ਖੁਦਾਇਨ ਕੀ

੧੧੨. [ਮੁਲਖੱਈਏ ਦੀ ਸਿੰਘਾਂ ਨਾਲ ਮੁੱਠ ਭੇੜ]

ਦੋਹਰਾ: ਸਾਖੀ ਸੁਨੋ ਬਿਵਾਸਤੈ ਮੁਏ ਦੀਨ ਮਜ਼ਹਬ ਕੇ ਹੇਤ।
ਮੁਲਖਈਅਨ ਖੁਦਾਈਅਨ ਚਕੇ ਰਹੈਂ ਜਿਮ ਖੇਤ।੧।

ਚੌਪਈ: ਸੋਊ ਸੁਨੋ ਤੁਮ ਉਨੈ ਕਹਾਨੀ। ਜਿਮੈ ਖੁਦਾਈਅਨ ਆਨ ਬਿਹਾਨੀ।
ਅਸਲਮ ਖਾਂ ਥਕ ਵੜਜੋ ਲਹੌਰ। ਮੁਲਕ ਭਯੋ ਉਸ ਥੌਂ ਸਭ ਚੌੜ।੨।
ਮੁਲਖੋਂ ਵਸੂਲ ਟਕੋ ਨ ਭਯੋ। ਕਹੈਂ 'ਮੁਲਖ ਲੁਟ ਖਾਲਸੇ ਲਯੋ'।
ਬਿਨਾਂ ਟਕੇ ਉਸ ਫੌਜ ਛਡ ਗਈ। ਫੌਜ ਬਿਨਾਂ ਕਹੋ ਕਿਨ ਦੂਬ ਲਈ।੩।
ਬਿਨਾਂ ਦਰਬ ਹੈ ਮਿਤ੍ਰ ਨ ਸ਼ਾਹੁ। ਦਰਬ ਆਵਨ ਕੋ ਮੁਲਕ ਹੀ ਰਾਹੁ।
ਪ੍ਰਿਥਮ ਬੰਦੇ ਕੀਓ ਮੁਲਖ ਖੁਵਾਰ। ਫਿਰ ਖਾਲਸੈ ਔਰ ਦਯੋ ਉਜਾਰ।੪।
ਪੁਜੇ ਨ ਟਕੇ ਦਿੱਲੀ ਕੇ ਸ਼ਾਹਿ। ਉਸ ਨੇ ਭੇਜੀ ਤਲਬ ਚੜ੍ਹਾਇ।
ਅਸਵਾਰ ਖਾਸ ਕੀ ਇੱਕ ਹਜਾਰ। ਤਿਨ ਮੈਂ ਥੇ ਦੁਇ ਪਠਾਨ ਸੁਦਾਰ।੫।

ਦੋਹਰਾ: ਅਤਿਉਲ ਮਹਬਤ ਖਾਂ[1] ਕਹੈਂ ਸੁੰਦਰ ਖੂਬ ਜਵਾਨ।
ਕਹੈਂ ਸਿਪਾਹੀ ਉਨ ਬਡੇ ਤਿਹ ਫਰੀਦਾਬਾਦ ਮਕਾਨ।੬।

ਚੌਪਈ: ਉਤ ਤੇ ਆਏ ਤੇਊ ਲਹੌਰ। ਸੁਨੋਂ ਈਹਾਂ ਜੋ ਹੋਯੋ ਤੌਰ।
ਮੁਲਖਈਏ ਇਤ ਆਏ ਫਰਜਾਦ। ਮੁਸਲਮਾਨ ਬਹੁ ਕਰ ਇਤਕਾਦ।੭।
ਮੁੱਲਾਂ ਕਾਜੀ ਹੋਰ ਮਲੰਗ। ਰਲ ਮਿਲ ਕੀਓ ਨਵਾਬ ਉਨ ਤੰਗ।
ਮੁਸਲਮਾਨ ਥੀ ਕਚਹਿਰੀ ਸਭ। ਕੀਓ ਉਪਰਾਲੋ ਸਬਹਨ ਤੱਬ।੮।
ਦੀਨ ਮਜ਼ਬ ਕੋ ਰਖ ਉਪਰਾਲਾ[2]। ਮੁਸਲਮਾਨ ਇਮ ਪੱਖ ਸੰਭਾਲਾ।
ਜਿਸ ਜਿਸ ਮੌਤ ਨਜੀਕੈ ਆਈ। ਆਇ ਉਸੈ ਮਤ ਖੋਟ ਸਿਖਾਈ।੯।
ਅਸਲਮ ਖਾਂ ਐਸੇ ਕਹੀ ਬਾਤ। 'ਤੁਰਤ ਲਹੌਰ ਆਇ ਹਮ ਜਾਤ।
ਨਹਿੰ ਮੰਗੈਂ ਹਮ ਦਾਨਾ ਖਾਣ। ਨਹਿੰ ਚਾਹੈਂ ਹਮ ਸਾਥ ਤੁਹਿ ਜਾਣ'।੧੦।

---

੧. ਅਤਾਉੱਲਾ ਤੇ ਮਹਾਬਤ ਖਾਂ। ੨. ਬਹਾਨਾ ਰੱਖਕੇ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਝੰਡੋ ਗਡਜੋ ਕਢ ਈਦਗਾਹੈ ਹੈਦ੍ਰੀ ਨਾਮ ਰਖਾਇ।
'ਜੋ ਜੋ ਕਾਇਮ ਦੀਨ ਪੈ ਰਲੈ ਹਮੈ ਸੋ ਆਇ'।੧੧।

ਸੋਰਠਾ: ਗਲ ਪਈ ਖੁਦਾਈਅਨ ਕਾਨ, ਬੱਧ ਬੱਧ ਲਕ ਬਹੁ ਜਾ ਖੜੇ।
ਜਨੁ ਚਲੇ ਜ਼ਿਆਫਤ ਖਾਨ, ਪੈ ਜਮ ਭੱਛਨ ਉਨ ਤਕੇ।੧੨।

ਚੌਪਈ: ਉਠਾਯੋ ਗੁਲਗੁਲੋ[1] ਤੋਂ ਇਸ ਤੌਰ। ਜਿਮ ਡੇਰਾ ਕੀਓ ਆਇ ਲਹੌਰ।
ਮੁਹੰਮਦ ਤਕੀ ਔ ਇਨਾਇਤ ਖਾਨ। ਝੰਡੋ ਜੁਦੇ ਜਾ ਗਡਜੋ ਮਦਾਨ।੧੩।
ਉਨੈਂ ਕਹਜੋ ਯੌ ਹੋਕੋ ਦਿਵਾਇ। 'ਹੁਇ ਬੇ ਖਰਚ ਰਲੈ ਹਮ ਆਇ'।
ਹੁਤੋ ਸੁਦਾਗਰ ਮੁਰਤਜ਼ਾ ਖਾਨ। ਰਲਜੋ ਸਿੰਘਨ ਮਾਰਨ ਸੂਾਬ[2] ਜਾਨ।੧੪।
ਔਰ ਰਲਜੋ ਹਾਜੀ ਬੇਗ ਮੁਗਲ। ਪੀਰ ਮੁਹੰਮਦ ਮੁੱਲਾਂ ਚੁਗਲ।
ਇਨਾਇਤੁੱਲਾ ਤ੍ਰਾਵੜੀਓ ਰਜਪੂਤ। ਆਇ ਸੁ ਫਸਿਓ ਕਿਸੈ ਕਸੂਤ।੧੫।

ਦੋਹਰਾ: ਰਾਜੋ ਟੋਡਰ ਮਲ ਹੁਤੋ ਸ਼ਾਹਿ ਅਕਬਰ ਦੀਵਾਨ।
ਪਹਾੜ ਮੱਲ ਉਸ ਸੁਤ ਹੁਤੋ, ਉਸ ਸੁਤ ਔਰ ਨਿਦਾਨ।੧੬।

ਚੌਪਈ: ਵਹਿ ਭੀ ਸ਼ਾਮਤ ਆ ਤਬ ਘੇਰੋ। ਆਨ ਲਾਯੋ ਉਨ ਬੀ ਵਿਚ ਡੇਰੋ।
'ਜਿਸ ਪੈ ਜਾਉਗ ਖਰਚ ਮੁਕਾਇ। ਮੈਂ ਦੇਉਂਗੁ' ਉਨ ਕਹਜੋ ਸੁਨਾਇ।੧੭।

ਦੋਹਰਾ: ਆਯੋ ਹੁਤੋ ਅਸੂਾਰ ਜੋ ਤਲਬੀਓ ਇੱਕ ਹਜ਼ਾਰ।
ਉਨ ਕੀ ਮੱਤਿ ਗਵਾਇ ਕੇ ਕੀਏ ਜਮਨ[3] ਤੇਊ ਨਾਰ।੧੮।

ਚੌਪਈ: ਨਵਾਬ ਖਾਤ੍ਰ ਉਨ ਤੋਪੈਂ ਦਈ। ਜੰਬੂਰ ਖਾਨੋ ਉਨ ਦਯੋ ਘਲਈ।
'ਜਿਮ ਜਿਸ ਹਿੰਮਤ ਜਾਣੇ ਹੋਇ। ਬੇਸ਼ਕ ਚੜ੍ਹੈ, ਹੂੰ ਚਾਕਰ ਮੋਹਿ'।੧੯।
ਮੁਸਲਮਾਨੀ ਬਹੁ ਆਈ ਵੱਲ। ਅਲੀ ਅਲੀ ਕਹਿਕੇ ਭਈ ਰੱਲ।
ਕਈ ਝੰਡੇ ਔ ਕਈ ਨਿਸ਼ਾਨ। ਆਯੋ ਇਕੱਤ੍ਰ ਹੁਇ ਅੱਧ ਜਹਾਨ।੨੦।
ਸਿੰਘ ਨਹੀਂ ਆਟੇ ਮਧ ਲੂਣ। ਜਹਿੰ ਲੁਕ ਬਚੈਂ ਨ ਲਭੈ ਸੁ ਕੂਣ[4]।
ਤੁਰਕ ਆਂਧੀ, ਸਿੰਘ ਨਾਂਹਿ ਵਰੋਲੈ। ਇਮ ਕਰ ਸਿੰਘਨ ਹੱਥ ਨ ਖੋਲੈ।੨੧।
ਬਹੁਤਨ ਸਜੋਂ ਕਜਾ ਥੋਰੇ ਕਰੇਂ। ਬਖਤ ਦੇਖ ਸਿੰਘ ਜਾਵੈਂ ਟਰੈਂ।
ਭਈ ਸਿੰਘਨ ਕੋ ਔਖੀ ਗੱਲ। ਬਚੈਂ ਤਹਾਂ ਜਹਿੰ ਭਾਰੋ ਝੱਲ।੨੨।

ਦੋਹਰਾ: ਤੌ ਸਿੰਘ ਨਠ ਕਰ ਤਹਿੰ ਬਹੈਂ ਕਹੀਂ ਓਲ੍ਹਾ ਝੱਲ ਤਕਾਇਂ।
ਕਾਹਨੂੰਆਣੇ ਛੰਭ ਵਿਗ ਮਾਸ ਮਛੀ ਚੁਨ ਖਾਹਿੰ।੨੩।

ਚੌਪਈ: ਜਿਹ ਵਲ ਜਾਵੈਂ ਲੋਕ ਖੁਦਾਈ। ਲਗੇ ਹਿੰਦੂਅਨ ਪਰ ਕਰਨ ਧਿੰਗਾਈ।
ਗਊ ਬ੍ਰਹਮਣ ਔ ਹਿੰਦੂਅਨ ਬੇਟੀ। ਟਲੈਂ ਨਹੀਂ ਕਰੈਂ ਜੁਲਮਹਿ ਭੇਟੀ।੨੪।

੧.ਸ਼ੋਰ ਸ਼ਰਾਬਾ। ੨. ਪੁੰਨ ਸਵਾਬ।
੩.ਤੁਰਕ। ੪.ਕੋਣ, ਨੁੱਕਰ, ਖੂੰਜਾ।

Sri Satguru Jagjit Singh Ji eLibrary NamdhariElibrary@gmail.com

ਲੋਕ ਮਾਝੇ ਕੇ ਬਹੁ ਸੰਤਾਏ। ਕਹੈਂ 'ਇਨੈ ਸੁਤ ਘਲੇ ਸਿਖਾਏ।
ਉਇ ਲੁਟ ਲਜਾਹਿਂ ਏ ਬੈਠੇ ਖਾਹਿਂ। ਇਮੈ ਹਿੰਦੂਅਨ ਲੋਕਨ ਅਕਾਹਿਂ।੨੫।

ਦੋਹਰਾ: ਮਾਝੇ ਕੋ ਉਨ ਦੁਖ ਦਯੋ ਸੁਨੀ ਸਿੰਘ ਯੌ ਬਾਤ।
'ਧ੍ਰਿਗ ਹਮਾਰਾ ਜੀਵਿਓ ਦੁਖ ਮਿਲੇ ਹਮ ਪਿਤ ਮਾਤ'।੨੬।

ਚੌਪਈ: ਤੌ ਸਿੰਘਨ ਨੇ ਕਾਢੇ ਕਾਨ[1]। ਲਾਗੇ ਤੁਰਕਨ ਪੈ ਸਿੰਘ ਪਾਨ।
ਰਾਤ ਦਿਵਸ ਸਿੰਘ ਤੁਰਕ ਸਤਾਹਿਂ। ਚਲਨ ਨ ਦੇਵੈਂ ਉਨਕੋ ਰਾਹਿ।੨੭।
ਜਿਮ ਜਿਮ ਸਿੰਘਨ ਉਇ ਟੋਲ ਮਾਰਨ। ਤਿਮ ਤਿਮ ਸਿੰਘ ਲਗੇ ਉਨ੍ਹ ਖ੍ਵਾਰਨ।
ਕਿਛਕੁ ਸੋਚ ਉਨ ਕੌ ਭੀ ਪਈ। ਵੜਨ ਲਹੌਰ ਉਨੈ ਦੁਸ਼[2] ਭਈ।੨੮।
ਭਏ ਸਿੰਘ ਉਨ ਆਇ ਦੁਵਾਰੇ[3]। ਜੋਹਿ ਲਏ ਵੈ ਤੁਰਕ ਥੇ ਸਾਰੇ।
ਜਬ ਸਿੰਘਨ ਉਇ ਗੈਲ ਦਖਾਹਿਂ। ਸਿੰਘ ਵੜ ਲੁਕੈਂ ਝਾੜ ਝੁੰਡ ਮਾਂਹਿ।੨੯।
ਉਨ ਤੈ ਵੜਜੋ ਕਿਤ ਝਾੜ ਨ ਜਾਇ। ਜੋ ਕਿਤ ਵੜੈਂ ਸਿੰਘ ਮਾਰਨ ਪਾਇ।
ਸਿੰਘ ਅਥੱਕ ਨਿਸਦਿਨ ਰਹਿਂ ਖੜੇ। ਉਇ ਚਾਹੈਂ ਦਿਨ ਰਾਤ ਰਹਿਂ ਪੜੇ।੩੦।

ਸੋਰਠਾ: ਸਿੰਘਨ ਲਏ ਥਕਾਇ ਨਿਸ ਦਿਨ ਉਨ ਗਿਰਦੈ ਰਹੇ।
ਉਨ ਚਿਤ ਆਵੈ ਮਾਇ ਚੁਭੈ ਕੰਡਾ ਇਕ ਝਾਰ ਕੋ।੩੧।

੧੧੩. [ਭਗਵੰਤੇ ਖਤਰੀ ਦੀ ਹਵੇਲੀ ਵਿਚ ਸਿੰਘਾਂ ਤੇ ਹੱਲਾ]

ਚੌਪਈ: ਤੌ ਸਿੰਘਨ ਕੀਏ ਤੁੰਮਨ[4]ਚਾਰ। ਇਕ ਮਾਝੇ ਇਕ ਢਿੱਗ ਪਹਾਰ।
ਤੀਓ ਰਹੈ ਸੋ ਗਿਰਦ ਲਹੌਰ। ਚੌਥੋ ਕਰੇ ਗਿਰਦ ਤੁਰਕਨ ਦੌਰ।੩੨।
ਦੁਇ ਦੁਇ ਸੌ ਕੇ ਤੁੰਮਨ ਬਨਾਏ। ਇਕੜ ਦੁਕੜ ਭੀ ਚਲੇ ਔਰ ਆਏ।
ਜੋ ਤੁੰਮਨ ਕਿਤ ਇਕ ਫਸ ਜਾਇ। ਆਨ ਔਰ ਸਭ ਕਰੈਂ ਸਹਾਇ।੩੩।
ਐਸੇ ਭਯੋ ਸਮੇਂ ਕੋ ਫੇਰ। ਇਕ ਤੁੰਮਨ ਉਨ ਲੀਨੋਂ ਘੇਰ।
ਹੁਤੋ ਭਗਵੰਤ ਇਕ ਖੱਤ੍ਰੀ ਨਾਮ। ਉਸ ਰਾਵੀ ਕਨਾਰੈ ਭਰਤ ਗ੍ਰਾਮ।੩੪।
ਹੁਤੀ ਹਵੇਲੀ ਉਨ੍ਹੈਂ ਬਨਾਈ। ਇਕ ਤੁੰਮਨ ਕਿਤ ਫੜਿਓ ਜਾਈ।
ਹੁਤੀ ਬ੍ਰਿਧਾ ਉਨ ਰਹੀ ਗੁਜ਼ਾਰਨ। ਨਹਿਂ ਜਾਨਤ ਥੋ ਕਿਮ ਭਯੋ ਕਾਰਨ।੩੫।

ਦੋਹਰਾ: ਵਹੀ ਖਬਰ ਤਿਨ ਪੈ ਗਈ ਜੋ ਹੁਤ ਹਜ਼ਾਰ ਅਸਵਾਰ।
ਤੁਰਤ ਉਨ੍ਹੈਂ ਆ ਘੇਰਿਓ ਬਹੁ ਆਏ ਮਗਰ ਹਜ਼ਾਰ।੩੬।

ਚੌਪਈ: ਆਇ ਸਿੰਘ ਉਨ ਮਧ ਲਏ ਘੇਰ। ਲਭੇ ਬਾਹਰ ਤਿਨ ਕਟ ਦੀਏ ਗੇਰ।
ਚਾਰ ਤਰਫ ਲਏ ਮੋਰਚੈ ਬੰਧ। ਕਰ ਕਰ ਮਢਲੈ[5] ਔ ਖਡ ਕੰਧ।੩੭।
ਤੋਪ ਜੰਬੂਰੇ ਉਪਰ ਚੜ੍ਹਾਏ। ਇਮ ਕਰ ਕਰ ਬਹੁ ਸਿੰਘ ਅਕਾਏ।
ਸਿੰਘਨ ਹੁਤ ਕੇ ਖਰਚ ਨ ਪਾਯੋ। ਹੁਤੋ ਪਾਸ ਜੋ ਰਾਯੋ ਮੁਕਾਯੋ।੩੮।

੧.ਤੀਰ। ੨.ਔਖੀ। ੩.ਉਦਾਲੇ। ੪.ਟੋਲੇ, ਜਥੇ। ੫.ਥੜੇ, ਪੜ੍ਹਲ।

Sri Satguru Jagjit Singh Ji eLibrary NamdhariElibrary@gmail.com

ਸਿੰਘਨ ਕੋ ਯੋ ਭਈ ਲਚਾਰ। ਬਿਨਾ ਖਰਚ ਭਏ ਮਰਨੇ ਵਾਰ।
ਮੱਦਤ ਕਰਨ ਜੋਗ ਪੰਥ ਨਾਂਹੀ। ਉਇ ਅਪਨੀ ਛਪ ਮਾਨ ਬਚਾਹੀਂ।੩੯।

ਦੋਹਰਾ: ਸਿੰਘ ਥਕੇ ਤੁਰਕਨ ਲਖੇ ਚੜ੍ਹੇ ਚੁਤਰਫੋਂ ਦੌੜ।
ਖਾਈ ਕੰਧ ਭਲ ਥੀ ਨਹੀਂ ਭਈ ਸਿੰਘਨ ਬਡ ਸੌੜ।੪੦।

ਚੌਪਈ: ਆਇ ਤੁਰਕਨ ਹੱਥ ਕੰਧੀਂ ਪਾਏ। ਸਿੰਘਨ ਅਗਜੋਂ ਕੱਟ ਗਿਰਾਏ।
ਔਰ ਤੁਰਕ ਬਹੁ ਪਿਛਜੋਂ ਆਵੈਂ। ਆਇ ਆਇ ਇਮ ਜੁੱਧ ਮਚਾਵੈਂ।੪੧।
ਉਨ ਦੀਨੋ ਤੋਪਨ ਲਗਵਾਇ। ਮਾਰ ਮਾਰਕੈ ਕਹਿਂ 'ਹਾਇ ਹਾਇ'।
ਤੁਰਕ ਕਹੈਂ 'ਤੁਮ ਅਏ ਅਬ ਦਾਇ। ਅਬ ਕੋ ਮਿਲੈ ਨ ਜਾਣਾ ਪਾਇ'।੪੨।
ਸਿੰਘ ਕਹੈਂ 'ਹਮ ਕਬ ਮਰੈਂ ਨਿਰਾਲੇ[1] ਲੈ ਲੈ ਮਰੈਂਗੇ ਤੁਮ ਕੋ ਨਾਲੇ'।
ਤੌ ਸਤਿਗੁਰ ਯੌਂ ਕਿਰਪਾ ਕਰੀ। ਆਂਧੀ ਔ ਬਡ ਬਰਖਾ ਕਰੀ।੪੩।
ਤੋਪ ਬੰਦੂਕਨ ਬੁਝ ਗਏ ਤੋੜੇ। ਤੀਰ ਤਲਵਾਰ ਫੜ ਢਾਲ ਸਿੰਘ ਦੌੜੇ।
ਸਿਰ ਪਰ ਮਰਨ ਧਾਰ ਸਿੰਘ ਦੌੜੇ। ਮਾਰ ਤੇਗਨ ਤੁਰਕ ਕੀਏ ਚੌੜੇ।੪੪।

ਦੋਹਰਾ: ਦੇ ਪਿਠ ਆਗੇ ਤੁਰਕ ਭਏ ਵੜੇ ਡੇਰੇ ਮੁੜ ਜਾਇ।
ਸਿੰਘਨ ਪਾਯੋ ਵੇਲ ਯੌਂ ਵੜੇ ਬੇਟ ਪੇਟ ਧਾਇ[2]।੪੫।

ਚੌਪਈ: ਤੁਰਕ ਕਹੈਂ 'ਹਮ ਬਡ ਫਤੇ ਪਾਈ'। ਸਿੰਘ ਕਹੈਂ 'ਹਮ ਜਿੰਦ ਬਚਾਈ।
ਤੁਰਕ ਤੁਰੇ ਮੁੜ ਲਹੌਰਹਿ ਵੱਲ। ਸਿੰਘ ਚਹਿਂ 'ਕਰੈਂ ਗੁਜਰ ਕਹੂੰ ਚੱਲ'।੪੬।
ਤੁਰਕਨ ਕੋ ਥੋ ਗਰਬਾ ਆਯਾ। ਕਹੈਂ 'ਖਾਲਸੋ ਪੰਥ ਭਜਾਯਾ।
ਜਿਸੈ ਪੰਥ ਨੈ ਵਡ ਤੁਰਕ ਗਾਰੇ। ਸਭ ਅਬ ਹਮ ਨੈ ਵਹਿ ਸੂਰ ਮਾਰੇ'।੪੭।
ਭੀਲੋਵਾਲ ਢਿਗ ਡੇਰਾ ਲਾਇ। ਬਹੇ ਤਹਾਂ ਦੇਖ ਚੰਗੋ ਥਾਇ।
ਹੁਤੋ ਗੜ੍ਹੋ ਇਕ ਖਾਲੀ ਤਾਂਹਿ। ਪਠਾਣ ਹਜ਼ਾਰ ਵੜ ਬੈਠਾ ਮਾਂਹਿ।੪੮।
ਬਿਵਾਸਤੈ ਡੇਰਾ ਇਕ ਵਲ ਕਰਾ। ਦੇਖਜੋ ਥਾਮ ਉਨ ਨੈ ਭੀ ਖਰਾ।
ਕਹਿਂ 'ਘਰੀਂ ਵੜੈਂ ਕਿਤ ਹੱਛੋ ਰੋਜ। ਪੁੱਛੈਂ ਮੁਲਾਣਨ ਅੱਛੀ ਮੌਜ'।੪੯।

੧੧੪. [ਮਾਰਨ ਆਯਾਂ ਪਰ ਸਿੰਘਾਂ ਦਾ ਹੱਲਾ]

ਦੋਹਰਾ: ਢੁਕੇ ਲਹੌਰੈ ਢਿਗ ਸੋਊ ਬੈਠੇ ਖੌਫ ਗਵਾਇ।
ਉਨ ਕੀ ਹੋਣੀ ਹੋਰ ਤਹਿਂ ਕਿਤ ਔਰ ਜਾਣੇ ਪਾਇ।੫੦।

ਚੌਪਈ: ਉਨ ਕੀ ਹੋਣੀ ਲਏ ਦਬਾਇ। ਦੇਖੋ ਉਨ ਕਜਾ ਹੋਣੀ ਕਰਾਇ।
ਹੋਣੀ ਚਾਹੈ ਤਊ ਸੁ ਹੋਇ। ਦੇਣ ਫਤੇ ਖਾਲਸੇ ਆਈ ਸੋਇ।੫੧।

ਦੋਹਰਾ: ਸਿੰਘ ਨਿਕਲ ਬੇਲੇ ਵੜੇ ਫਿਰ ਤਿਨ ਕੀਓ ਹਮਸੋਸ।
ਜਿਮ ਚੋਟ ਚਿੱਤੈ ਖਾਲੀ ਜਏ[3] ਕਰੈ ਮਨੈਂ ਬਡ ਰੋਸ।੫੨।

੧.ਵੱਖਰੇ, ਇਕੱਲੇ। ੨.ਨੱਸਕੇ ਬੇਟ ਵਿਚ ਚਲੇ ਗਏ। ੩.ਜਿਵੇਂ ਚਿਤਰੇ ਦੀ ਚੋਟ ਖਾਲੀ ਜਾਵੇ ਤਾਂ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸੁਨੋ ਸੋਊ ਉਨ ਰੋਸ ਕਹਾਨੀ। ਜਿਮ ਸਿੰਘਨ ਫਿਰ ਕਰੀ ਮਰਦਾਨੀ।
ਉਸ ਵੇਲੈ ਕੋ ਸਿੰਘ ਪਛੁਤਾਹਿਂ। 'ਬਰਸੈ ਮੇਹੁ ਔ ਪੌਣ ਵਗਾਹਿ।੫੩।
ਜੌ ਹਮ ਉਨਕੀ ਗੈਲਹਿ ਜਾਹਿਂ। ਮਾਰ ਲੇਹਿਂ ਹਮ ਉਨ ਕੋ ਥਾਂਹਿਂ।
ਸਿੰਘ ਕਹਾਵਤ ਹਮ ਅਤਿ ਸੂਰੇ। ਸਿਰ ਆਇ ਬਨੀ ਨਹਿਂ ਕਰਤ ਕਸੂਰੇ'।੫੪।
ਐਸ ਭਾਂਤ ਤਹਿਂ ਸੋਚ ਯੌ ਕਰੈ। ਤਊ ਤੁਰਤ ਤਹ ਔਰ ਸਿੰਘ ਚਰੈ।
ਹੁਤੀ ਖਾਲਸੇ ਕੀ ਯਹ ਬਾਨ। ਮਰੈਂ ਦਸ ਰਹਿਂ ਬੀਸ ਸੁ ਆਨ।੫੫।
ਔਰ ਪੰਥ ਸੁਨੀ ਬੰਦੂਖਨ ਅਵਾਜ਼। ਆਇ ਰਲੇ ਸੋਊ ਜਿਮ ਤਿਮ ਭਾਜ।
ਸਿੰਘ ਹਜ਼ਾਰ ਕੁ ਤਿਹ ਥਾਂ ਭਯੋ। ਤੌ ਸਿੰਘਨ ਮਨ ਉੱਦਮ ਅਯੋ।੫੬।

ਦੋਹਰਾ: ਤਾਂਹਿ ਸਿੰਘ ਇਕ ਆ ਕਹਯੋ 'ਉਇ ਵੜਤੇ ਨਾਂਹਿ ਲਹੌਰ।
ਕਹੈਂ ਪਰੈਂ ਫਿਰ ਸਿੰਘਨ ਪਰ ਦੂਰਹੁੰ ਕਰਕੈ ਧੌੜ'।੫੭।

ਚੌਪਈ: ਸੁਨਤ ਖਾਲਸੈ ਆਯੋ ਰੋਸ। ਜਨ ਚਖਮਖ ਲਗਯੋ ਕੁੰਡੋ ਜੋਸ਼*।
ਕਹਯੋ ਸਿੰਘਨ 'ਅਬ ਕਰੋ ਤਿਆਰੀ। ਆਪ ਮਰੋ ਯਾ ਉਨ ਲਿਹੁ ਮਾਰੀ'।੫੮।
ਬੰਧ ਕਮਰ ਸਭ ਹੀ ਉਠ ਧਾਏ। ਨਹਿਂ ਚਹੀਅਤ ਥੇ ਘੋੜੇ ਪਿੜਾਏ।
ਨਹਿ ਚਹੀਅਤ ਥੇ ਕਿਸੈ ਬੋਝੇ ਚੁਕਾਏ। ਧਜਾਇ ਗੁਰ ਗੋਬਿੰਦ ਸਿੰਘ ਲੜਨੇ ਆਏ।
ਘੋੜੇ ਜਿਤਕੁ ਆਪ ਸਿੰਘ ਦੌੜੇ। ਨਹਿਂ ਅਟਕੇਂ ਕਿਤ ਊਚ ਨੀਚ ਸੌੜੇ।
ਬੇਟ ਪੇਟ ਢਿਗ ਢੁਕੇ ਲਹੌਰ। ਜਾਇ ਲਖਯੋ ਉਨ ਫੌਜਹਿ ਤੌਰ।੬੦।
ਅਗੇ ਸੁਨੋਂ ਤੁਰਕਨ ਕੀ ਗੱਲ। ਓਇ ਭੀ ਜਾਤ ਥੇ ਲਹੌਰੈ ਵੱਲ।
ਢੋਲ ਨਗਾਰੇ ਸ਼ਦੀਆਨ ਬਜਾਵੈਂ। ਤੋਪ ਜੰਬੂਰਨ ਛਲਕ ਚਲਾਵੈਂ।੬੧।

ਦੋਹਰਾ: ਦਿਨ ਆਛੋ ਘਰ ਵਰਨ ਪੁਛ ਕੀਯ ਭੀਲੋਵਾਲ ਮੁਕਾਮ।
ਰਹੀ ਫੌਜ ਵੜ ਗਾੜ੍ਹ ਭਲੈ ਅਯੋ ਪਸਿੰਦ ਉਨ ਥਾਮ।੬੨।
ਮੌਤ ਉਨੈ ਕੇ ਢਿਗ ਅਈ ਇਮ ਉਨ ਲਾਗੀ ਢਿੱਲ।
ਪੜੇ ਅਚਾਨਕ ਸਿੰਘ ਤਹਿਂ ਜੈਮ ਅਕਾਸ਼ੋਂ ਇੱਲ।੬੩।

ਚੌਪਈ: ਦੌੜ ਉਨੈਂ ਸਿੰਘ ਡੇਰੇ ਵੜੇ। ਸੋ ਭਜ ਚਲੇ ਨ ਤਹਿਂ ਤੁਰਕ ਅੜੇ।
ਕੋਊ ਹੁਤੇ ਥੇ ਗਯੋ ਸ਼ਿਕਾਰ। ਕੋਊ ਗਯੋ ਕਿਤ ਪਿੰਡ ਮਝਾਰ।੬੪।
ਕੋਊ ਖੜੋ ਅਸਤੰਜੋ ਕਰਤ; ਕੋਈ ਨਿਵਾਜੈ ਝੁਕ ਝੁਕ ਪੜਤ;
ਤੋਪ ਜੰਬੂਰੇ ਕਿਤ ਪਏ ਰਹੇ; ਬੈਲ ਉੱਠ ਰਹੇ ਬਾਹਰ ਗਏ।੬੫।
ਬਹੁ ਕਸੇ ਕਸਾਏ ਘੋੜੇ ਖੜੇ। ਤੁਰਤ ਸਿੰਘ ਫੜ ਉਨ ਪਰ ਚੜੇ।
ਚੜ੍ਹ ਘੋੜੇ ਸਿੰਘ ਲੜਨੇ ਲਾਗੇ। ਮਾਰਹਿਂ ਤੁਰਕਨ ਹੁਇ ਹੁਇ ਆਗੇ।੬੬।
ਤੁਰਕਨ ਟੋਲ ਦੇਖਿਕੈ ਮਾਰੈਂ। ਦੀਨ ਮਜ਼ਹਬ ਕੋ ਜੁੱਧ ਬਿਚਾਰੈਂ।
ਇਕ ਤੇ ਦੁਇ ਤ੍ਰੈ ਕਰੇ ਸੁ ਚਾਰੇ। ਇਮ ਕਰ ਸਿੰਘਨ ਕੀਏ ਅਖਾਰੇ।੬੭।

*ਮਾਨੋ ਚਕਮਾਕ ਪੱਥਰ ਨੂੰ (ਬੰਦੂਕ ਦਾ) ਘੋੜਾ (ਕੁੰਡਾ) ਜੋਸ਼ ਨਾਲ ਲੱਗਾ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਉਨ ਕੀ ਮੱਦਤ ਕੋ ਤੇਊ ਨਿਕਸੇ ਗਾੜੋਂ ਪਠਾਣ।
ਖਾਲਸੇ ਉਨ ਕੋ ਭੀ ਕਟਯੋ ਜੋ ਖੜ ਰਹੇ ਮਦਾਨ।੬੮।

ਚੌਪਈ: ਹੁਤੇ ਤਰਾਵੜੀ ਕੋ ਨਕੀ ਰਜਪੂਤ। ਦੇਖਯੋ ਉਨ ਯੌ ਭਯੋ ਕਸੂਤ।
ਚੜ ਊਚੈ ਉਨ ਹੋਕੇ ਦਯੋ। 'ਨਠ ਪਿੰਡ ਵੜੋ ਕੋਊ ਬਾਹਰ ਨ ਰਹਯੋ'।੬੯।
ਬਚੇ ਸੁ ਜੋਊ ਵੜੇ ਪਿੰਡ ਮੱਧ। ਬਾਹਰ ਰਹੇ ਸੋ ਕਰ ਧਰੇ ਅੱਧ[1]।
ਲਹੌਰੀ ਫੌਜ ਸਿੰਘਨ ਲੁਟ ਮਾਰੀ। ਬਚੀ ਵਹੀ ਜੋ ਪਿੰਡ ਪਧਾਰੀ।੭੦।
ਮੁਰਤਜ਼ਾ ਖਾਨ ਸੁਦਾਗਰ ਖਰਾ। ਰਾਜੋ ਟੋਡਰ ਮਲ ਪੋਤ੍ਰੌ ਗਰਾ।
ਹਾਜੀ ਬਾਬਰ ਬੇਗ ਭੀ ਮਾਰਯੋ। ਪੀਰ ਫਕੀਰਨ ਕੋ ਬਹੁ ਗਾਰਯੋ।੭੧।
ਮੁੱਲਾਂ ਪੀਰ ਮੁਹੰਮਦ ਇਨਾਇਤ ਖਾਨ। ਮਿਰਜ਼ਾ ਨਕੀ ਇਕ ਬਚਿਓ ਜਾਨ।
ਗਏ ਬਿਵਾਸਤੇ ਥੇ ਏਹ ਸਭ। ਸਿੰਘਨ ਮਾਰਨ ਸਵਾਬੋ ਲੱਭ।੭੨।

ਦੋਹਰਾ: ਸਿੰਘਨ ਮਾਰਨ ਆਇ ਰਹੇ ਸੋਊ ਮਰ ਗਏ ਆਪ।
ਮਾਰ ਤੁਰਕ ਸਿੰਘ ਫਿਰ ਗਏ ਅਕਾਲ ਅਕਾਲ ਕਰ ਜਾਪ।੭੩।
ਮਾਰ ਲੁੱਟ ਕਰ ਕੁੱਟ ਬਹੁ ਡੇਰੇ ਤੁਰਕਨ ਕੇਰ।
ਮੱਧ ਪੰਜਾਬੇ ਸਿੰਘ ਫਿਰੈਂ ਜਿਮ ਬੇਲੇ ਕੇ ਸ਼ੇਰ।੭੪।

ਚੌਪਈ: ਇਮ ਲਈ ਖਾਲਸੇ ਫੌਜ ਸੁ ਮਾਰ। ਇਕ ਇਕ ਸਿੰਘ ਜਨ ਫਿਰੈਂ ਹਜ਼ਾਰ।
ਜਿਤਕ ਸਿੰਘ ਤੁਰਕਨ ਥੇ ਮਾਰੇ। ਭਏ ਉਨ ਤੇ ਚੌਗੁਨਾ ਰਾਤ ਮਝਾਰੇ।੭੫।
ਤੁਰਕ ਮਰੇ ਔਰ ਜਾਹਿੰ ਸਸੁਆਇ[2]। ਮਰੀ ਮੀਢ੍ਹਨ ਪਰ ਜਨੁ[3] ਪਰੀ ਆਇ।
ਤੁਰਕ ਫੌਜ ਲਗੇ ਕਰਨ ਤਿਆਰ। ਤੌ ਲਗ ਸਿੰਘ ਲਏ ਬਹੁਕੰਮ ਸਾਰ।੭੬।

ਕਪੂਰ ਸਿੰਘ ਕੋ ਨਵਾਬੀ ਮਿਲਨ ਕਾ ਪ੍ਰਸੰਗ

੧੧੫. [ਅਸਲਮ ਖਾਂ ਨੇ ਸ਼ਾਹ ਨੂੰ ਸਿੰਘਾਂ ਨਾਲ ਮੇਲ ਕਰਨ ਹਿਤ ਲਿਖਣਾ]

ਦੋਹਰਾ: ਮਾਰਯੋ ਜਬੈ ਬਿਵਾਸਤੇ ਚਿਤ ਖਾਲਸੈ ਵਧਯੋ ਹੁਲਾਸ।
ਤੁਰਕਨ ਕੋ ਸੰਸੋ ਪਰਯੋ ਭਯੋ ਉਨੈ ਬਹੁ ਨਾਸ਼।੧।

ਚੌਪਈ: ਲਰਨ ਬਿਵਾਸਤੇ ਜੋ ਜੋ ਅਯੋ। ਨਠਯੋ ਸੁ ਬਚਯੋ ਲੜਯੋ ਮਾਰ ਲਯੋ।
ਤੁਰਕ ਤੋ ਪਿਛਲਨ ਆਨ ਦਬਾਏ। ਸਿੰਘਨ ਢੁਕਨ ਨ ਪਾਈ ਮਾਏ[4]।੨।
ਹੈ ਹੈ ਕਾਰ ਤੁਰਕਨ ਘਰ ਕਯੋ। ਜੈ ਜੈ ਕਾਰ ਖਾਲਸੇ ਗ੍ਰਿਹ ਭਯੋ।
ਐਸ ਭਈ ਸਤਿਗੁਰ ਕੀ ਕਲਾ। ਥੋੜੈ ਖਾਲਸੇ ਲਸ਼ਕਰ ਬਹੁ ਗਲਾ।੩।

ਦੋਹਰਾ: ਅਸਲਮ ਖਾਨ ਨਿਬਾਬ ਕੇ ਮਨੈ ਭਏ ਦੁਇ ਭਾਇ।
ਮੁਏ ਤਲਖੀ ਸੋ ਖੁਸ਼ ਭਯੋ, ਮੁਏ ਦੀਨ ਸੁ ਪਛੁਤਾਇ।੪।

੧.ਭਾਵ ਟੋਟੇ ਕਰ ਦਿੱਤੇ।੨.ਸੁਸਤ ਪੈਂਦੇ ਜਾਂਦੇ ਹਨ। ੩.ਬੀਮਾਰੀ, ਵਬਾ ਮਾਨੋਂ ਭੇਡਾਂ ਵਿਚ ਪੈ ਗਈ।
੪.ਸਿੰਘਾਂ ਪਾਸ ਉਹਨਾਂ (ਤੁਰਕਾਂ) ਦੀ ਮਾਂ ਭੀ ਨਾ ਪਹੁੰਚ ਸਕੀ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਹੁਤ ਨਿਬਾਬ ਮਨਸੂਬ ਬਾਜ। ਉਨ ਸਮਝਯੋ ਭਲ ਅਪਨੋ ਕਾਜ।
'ਟਕੇ ਪੁਜਤ ਥੇ ਹਮ ਤੇ ਨਾਂਹਿ। ਮੁਝ ਕੋ ਫੜ ਲੈ ਦਿੱਲੀ ਜਾਂਹਿ।੫।
ਭਲੀ ਭਈ ਜੋ ਉਇ ਮਰ ਗਏ। ਭਲੇ ਭਾਗ ਮੋ ਸਿੰਘ ਆ ਪਏ।
ਹਮਹਿ ਕਹਨਕੋ ਬਨਯੋ ਵਲਾਉ। ਗ਼ਨੀਮ ਬਲੀ ਪਰਯੋ ਹਮ ਪਰ ਆਇ।੬।
ਬੰਦੈ ਮਰਨੇ ਨ ਗ਼ਨੀਮ ਮਰ ਗਯੋ। ਉਸ ਤੇ ਚੌਗੁਨ ਮੋ ਅਬ ਭਯੋ-'।
ਇਮ ਲਿਖਿਕੈ ਉਨਿ ਦਿੱਲੀ ਘਲ ਦਯੋ। 'ਸਿਰ ਸਦਕੇ ਸ਼ਾਹ ਲਸ਼ਕਰ ਭਯੋ'।੭।
ਬਿਵਾਸਤੇ ਕੀ ਗਲ ਉਨਿ ਨਹਿੰ ਕਹੀ। ਨਿਜ ਢਬਕੀ ਉਨ ਬਾਤ ਲਿਖ ਦਈ।
ਮਨਸੂਬੇ ਸੋਂ ਉਨ ਖੇਲਯੋ ਖੇਲ। ਸਿੰਘਨ ਸਿਉਂ ਕਰਨ ਲਾਗਯੋ ਮੇਲ।੮।
ਅਸਲਮ ਖਾਂ ਬਡ ਸੂਬੇਦਾਰ। ਉਨ ਲਿਖਯੋ ਪਤਿਸ਼ਾਹੈ ਪੇਚੈ ਨਾਰ।
'ਯਹਿ ਗ਼ਨੀਮ ਹੈ ਬੁਰੀ ਬਲਾਇ। ਕਹੋ ਪ੍ਰਚਾਈਏ ਇਸ ਟੁਕ ਪਾਇ।੯।

ਦੋਹਰਾ: ਗੁੜ ਦਿੱਤੈ ਦੁਸਮਨ ਮਰੈ ਕਿਮ ਮਹੁਰੌ ਖ਼ਰੀਦੀਏ ਧਾਇ।
ਕਹੈਂ ਸਿਆਨੇ ਗਲ ਇਮੈ ਟੁਕ ਪਾਏ ਕੁਤਾ ਨ ਕਟਾਇ।੧੦।

ਚੌਪਈ: ਕਹੋ ਤੋ ਉਸ ਸੋਂ ਛਲ ਕੋਊ ਕੀਜੈ। ਫਿਰ ਮਾਰ ਲੇਹਿੰ ਜਬ ਆਵਨ ਪਤੀਜੈ।
ਕਹੋ ਉਨੈਂ ਸਿਰੁਪਾਵ ਘਲਾਵਾਂ। ਲੇਟ ਪੇਟ[੧] ਮੌਂ ਉਨ੍ਹੈਂ ਪਤਜਾਵਾਂ'।੧੧।
ਉਤ ਇਮ ਲਿਖ ਇਤ ਔਰੈ ਕਰੀ। ਸਬੇਗ ਸਿੰਘ ਸਦਯੋ ਉਸਹੀ ਘਰੀ।
ਕਹਯੋ 'ਜਾਹਿ ਤੂੰ ਖਾਲਸੈ ਵੱਲ। ਹਮਰੀ ਉਨਕੀ ਕਰਾ ਦਿਹੁ ਗੱਲ।੧੨।
ਭਲੀ ਕਰੀ ਉਨ ਯਹ ਫੌਜ ਮਾਰੀ। ਹਮਰੇ ਸਿਰ ਤੇ ਜਨ ਜੂੰ ਟਾਰੀ।
ਐਸ ਭਾਂਤ ਜਾ ਉਨ ਸਮਝਈਓ। ਉਇ ਹਮੇਂ ਬ੍ਰਾਦਰ ਹਮ ਉਸ ਭਈਓ।੧੩।
ਤੁਮ ਹਮ ਸੁਖਦ, ਹਮ ਤੁਮ ਸੁਖਦਾਇ। ਰਲ ਮਿਲ ਲਈਐ ਮੁਲਕ ਬਸਾਇ।
ਜਗੀਰ ਲਿਖਾਇ ਲਿਹੁ ਗੁਰ ਚਕ ਨਾਲ। ਅਬ ਤੁਮ ਕਰੋ ਨ ਮੁਲਕ ਉਜਾਰ।੧੪।

ਦੋਹਰਾ: ਸਭੀ ਤੁਮਾਰੋ ਦੇਸ ਹੈ ਸਭ ਤੁਮਰੇ ਅਜ਼ੀਜ਼[੨] ਭਿਰਾਇ।
ਉਨਹੀ ਕੋ ਦੁਖ ਕਿਮ ਦਯੌ ਕੱਯੈ ਉਨ ਸੁਖਦਾਇ'।੧੫।

ਚੌਪਈ: ਸਬੇਗ ਸਿੰਘ ਉਸ ਅਗਯੋਂ ਭਾਖੀ। 'ਕਿਛੁ ਖਾਲਸੈ ਮੈਂ ਢਿਗਦੇ ਰਾਖੀ[੩]।
ਕਿਛੁ ਤੋਫੋ ਤੁਫਾਯਤ ਔ ਮਗਰੋਂ ਦੇਹੁ[੪]। ਤਊ ਬਨੈ ਤੁਮ ਸਯੋਂ ਉਨ ਨੇਹੁ'।੧੬।
ਵਹੀ ਬਾਤ ਨਿਬਾਬੈ ਮੰਨ ਲਈ। ਮਤਲਬ ਅਪਨੈ ਤੁਰਤ ਆਨ ਦਈ।
ਸਿਰੋਪਾਉ ਥੋ ਉਸ ਨੋ ਆਯੋ। ਸੋਊ ਸੂਬੇਦਾਰੀ ਕੋ ਖਿਲਤ ਘਲਾਯੋ।੧੭।

---

੧. ਛਲ ਵਲ ਕਰਕੇ।

੨. ਪਾਠਾਂਤ੍ਰ-ਭਤੀਜ।

੩. ਭਾਵ, ਖਾਲਸੇ ਨੂੰ ਕੁਛ ਦੇਣ ਵਾਸਤੇ ਮੈਨੂੰ ਕੁਛ ਦੇ ਰੱਖ।

੪. ਤੇ ਕੁਛ ਫਿਰ ਮਗਰੋਂ ਬੀ ਦੇਵੀਂ

Sri Satguru Jagjit Singh Ji eLibrary NamdhariElibrary@gmail.com

११६. [ਸ: ਕਪੂਰ ਸਿੰਘ ਨੂੰ ਨਵਾਬੀ ਦਿੱਤੀ]

ਦੈ ਖਿਲਤ ਏਤੀ ਗਲ ਕਹੀ। 'ਪ੍ਰਸ਼ਾਕ ਨ ਜਾਨਜੋ ਯਹਿ ਨਿਬਾਬੀ ਭਈ।
ਇਸੀ ਸਾਥ ਹੋਗੁ ਲਿਖੀ ਜਗੀਰ। ਇਸੀ ਸਾਥ ਹੋਗੁ ਮੁਲਕ ਤਤਬੀਰ।੧੮।
ਇਹ ਹੈ ਨਿਬਾਬੀ ਅਧ ਸੂਬੇਦਾਰੀ। ਉਸੈ ਮਿਲੈਗੀ ਰੱਯਤ ਸਾਰੀ।
ਸ਼ਾਹੀ ਪ੍ਰਵਾਨੋ ਉਸ ਨਾਇ ਆਵਗੁ। ਉਹੀ ਵੰਡ ਸਭ ਲੋਗਨ ਖੁਲਾਵਗੁ।੧੯।

ਦੋਹਰਾ: ਸੂਰ ਸਤੀ ਦਾਤਾ ਹਠੀ ਤਪੀ ਜਪੀ ਜੋ ਕੋਇ।
ਦੇਵਜੋ ਉਸੈ ਬਿਚਾਰਕੈ ਜੋ ਇਸ ਲਾਇਕ ਹੋਇ'।੨੦।

ਚੌਪਈ: ਦਈ ਨਗਦੀ ਭੀ ਖਰਚੇ ਤਾਈਂ। ਸੁਬੇਗ ਸਿੰਘ ਤੁਰਜੋ ਜੁਕਤ ਬਣਾਈ।
ਜਹਿਂ ਡੇਰੋ ਥੋ ਖਾਲਸੈ ਲਾਯੋ। ਬਜਹਿਂ ਨਗਾਰੇ ਨਿਸ਼ਾਨ ਝੁਲਾਯੋ।੨੧।
ਜਾ ਪਹੁੰਚਜੋ ਵਹਿ ਸਿੰਘ ਸੁਜਾਨ। ਆਗੈ ਲਗਜੋ ਹੁਤ ਖਾਲਸੈ ਦੀਵਾਨ।
ਪੜ੍ਹੈਂ ਸ਼ਬਦ ਔ ਬਜੈ ਰਬਾਬ। ਸੁੱਖੇ ਘੋਟੈਂ, ਭੁੰਨੈਂ ਮਾਹ ਪ੍ਰਸ਼ਾਦ।੨੨।
ਕੋ ਘੋੜੈ ਕੋ ਮਾਲਸ਼ ਕਰੈ। ਕੋ ਸ਼ਸਤ੍ਰ ਮਾਂਜ ਉੱਜਲ ਕਰ ਧਰੈ।
ਕੋਊ ਤੀਰ ਕੋ ਬੰਦੂਕ ਚਲਾਵਹਿ। ਕੋਊ ਉਂਗਲ ਪਰ ਚੱਕ੍ਰ ਘੁਮਾਵਹਿ।੨੩।

ਦੋਹਰਾ: ਕੋਊ ਸਿੰਘਨ ਚਾਪੀ ਕਰੈ, ਕੋਊ ਚੌਰ ਝੁਲਾਇ[1]।
ਕੋ ਪਾਨੀ ਲਜਾਵਹਿ ਦੂਰ ਤੇ ਬੈਠ ਇਸ਼ਨਾਨ ਕਰਾਹਿ।੨੪।

ਚੌਪਈ: ਕਈ ਸਿੰਘ ਖੜ ਦਾਤਨ ਕਰਾਹਿਂ। ਕਈ ਸਿੰਘ ਖੜ ਕੱਛ ਬਨ੍ਹਾਹਿਂ।
ਕਿਸੈ ਸ਼ਰੀਕੋ ਕਰੈ ਕੋਊ ਨਾਂਹਿ। ਦੌੜ ਦੌੜ ਸਿੰਘ ਟਹਲ ਕਮਾਹਿਂ।੨੫।
ਦੇਖ ਸੁਬੇਗ ਸਿੰਘ ਛਡ ਦਯੋ ਘੋੜੈ। ਕੁਨਸੈ[2] ਕਰ ਕਰ ਹਥ ਦੁਇ ਜੋੜੈ।
ਵਾਹਿਗੁਰੂ ਜੀ ਕੀ ਫਤੇ ਬੁਲਾਈ। ਅਕਾਲ ਅਕਾਲ ਕਹਿ ਊਚੈ ਸੁਨਾਈ।੨੬।

ਦੋਹਰਾ: ਅਗਜੋਂ ਖਾਲਸੈ ਅਵਾਜ ਸੁਨ ਧਰਜੋ ਸੀਸ ਪਰ ਹਾਥ।
ਤੱਤ ਖਾਲਸੈ ਰੀਤਿ ਜੋ ਸਿੰਘ ਕਰਹਿਂ ਉਸ ਭਾਂਤ।੨੭।

ਚੌਪਈ: ਜਿਸ ਸੁਬੇਗ ਸਿੰਘ ਢਿਗ ਝੁਕ ਆਵੈ। ਕਰੈ ਕੁੰਨਸ[2] ਔ ਸੀਸ ਝੁਕਾਵੈ।
ਦੇਖ ਖਾਲਸਾ ਹੋਇ ਪ੍ਰਸੰਨ। ਕਹੈ ਖਾਲਸਾ ਅੱਗਜੋਂ ਧੰਨ।੨੮।
ਢੁਕ ਢਿਗ ਸਿੰਘ ਸੁ ਰਹਜੋ ਖਲੋਇ। 'ਲਾਇ ਤਨਖਾਹ ਅਬ ਬਖਸ਼ੀਏ ਮੋਹਿ।
ਹੈ ਖਾਲਸੋ ਸਭ ਬਖਸ਼ਨ ਜੋਗੁ। ਹਮ ਤਨਖਾਹਿ ਘਰਬਾਰੀ ਲੋਗ'।੨੯।
ਹੁਇ ਪ੍ਰਸੰਨ ਬਚ ਖਾਲਸੈ ਕੀਯੋ। ਲਾਇ ਤਨਖਾਹਿ ਬਖਸ਼ਨ ਕਹਿ ਦੀਯੋ।
ਖਾਲਸੈ ਹੁਕਮ ਕੀਯ ਪੰਜ ਭੁਜੰਗਨ[3]। ਤਨਖਾਹ ਮਨਾਇ ਬਖਸ਼ਜੋ ਭਲਰੰਗਨ[4]

੧.ਚਰਨ ਝਸਾਇ। ੨.ਡੰਡਉਤ, ਨਮਸਕਾਰ।
੩.ਪੰਜ ਭੁਜੰਗੀਆਂ ਨੇ ਖਾਲਸੇ (ਦੇ ਰੂਪ) ਵਿਚ ਹੁਕਮ ਕਰ ਦਿੱਤਾ।
੪.ਤਨਖਾਹ ਲਾਕੇ ਬਖਸ਼ ਦਿਤੀ ਤੇ ਫਿਰ ਚੰਗਾ ਪ੍ਰੇਮ ਕੀਤਾ।

Sri Satguru Jagjit Singh Ji eLibrary NamdhariElibrary@gmail.com

ਸੁਬੇਗ ਸਿੰਘ ਤਉ ਪੰਥ ਬਹਾਯੋ। ਕਰ ਆਦਰ ਉਸ ਪ੍ਰਸ਼ਨ ਪੁਛਾਯੋ।
ਸੁਬੇਗ ਸਿੰਘ ਤਬ ਸਭ ਗਲ ਕਹੀ। ਲਜਾਯੋ ਹੁਤੋ ਧਰ ਮੁਹਰੈ ਦਈ।੩੧।
ਕੇਊ ਸਿੰਘ ਕਹੈ 'ਲੁੱਟ ਮਚਾਯੋ'। ਕੋਊ ਕਹੈ 'ਇਸ ਦੂਰ ਹਟਾਯੋ'।
ਸੁਬੇਗ ਸਿੰਘ ਤਿਨ ਅਗਜੋਂ ਉਚਾਰੀ। 'ਯਹ ਕਜਾ ਕਹੋ ਤੁਮ ਗਲ ਅਵਿਚਾਰੀ?'।

ਦੋਹਰਾ: ਸੁਬੇਗ ਸਿੰਘ ਨੇ ਤਬ ਕਹਜੋ ਖਾਲਸੇ ਸੌਂ ਹਥ ਜੋੜ।
'ਗਰੀਬਨ ਕੀ ਰਛਜਾ ਕਰੋ ਲੇਹੁ ਤੁਰਕਨ ਤੇ ਤੋੜ[੧]।੩੩।

ਚੌਪਈ: ਸੋਊ ਖਾਲਸੈ ਨੇ ਮੰਨ ਲਈ। ਪਤਿਸ਼ਾਹੀ ਕੈ ਸਿਰ ਕੋੜ ਟਿਕਵਈ।
'ਤੁਰਕਨ ਭੇਜਜੋ ਤੁਮੀਂ ਕਿਮ ਮੋੜੋ। ਖਾਹੋ ਵਰਤੋ ਔਰ ਲੈਣ ਲੋੜੋ'।੩੪।

ਦੋਹਰਾ: ਦਰਬ ਜੁ ਆਈ ਥੀ ਤਉ ਖਾਲਸੈ ਲਈ ਵਰਤਾਇ।
ਕਹਜੋ ਦਰਬਾਰੇ ਸਿੰਘ ਕੋ 'ਤੂੰ ਨਿਬਾਬੀ ਲੈ ਸਿਰੋਪਾਉ'।੩੫।

ਚੌਪਈ: ਦਰਬਾਰੈ ਸਿੰਘ ਅਗਜੋਂ ਕਹੀ। 'ਅਸੀਂ ਨਿਬਾਬੀ ਕਦ ਚਹੈਂ ਲਈ।
ਹਮਕੋ ਸਤਿਗੁਰ ਬਚਨ ਪਤਿਸ਼ਾਹੀ। ਹਮ ਕੌ ਜਾਪਤ ਫਿਰ ਸੋਊ ਆਹੀ।੩੬।
ਹਮ ਰਾਖਤ ਪਤਿਸ਼ਾਹੀ ਦਾਵਾ। ਜਾਂ ਇਤ ਕੋ ਜਾਂ ਅਗਲੋ ਪਾਵਾ।
ਜੋ ਸਤਿਗੁਰ ਸਿੱਖਨ ਕਹੀ ਬਾਤ। ਹੋਗੁ ਸਾਈ ਨਹਿੰ ਖਾਲੀ ਜਾਤ।੩੭।
ਧ੍ਰੂ ਵਿਧਰਤ[੨]ਔ ਧਵਲ ਡੁਲਾਇ। ਸਤਿਗੁਰ ਬਚਨ ਨ ਖਾਲੀ ਜਾਇ।
ਪਤਿਸ਼ਾਹੀ ਛਡ ਕਿਮ ਲਹੈਂ ਨਿਬਾਬੀ। ਪਰਾਧੀਨ ਜਿਹ ਮਾਂਹਿ ਖਰਾਬੀ।੩੮।

ਦੋਹਰਾ: ਹਮ ਪਤਿਸ਼ਾਹੀ ਸਤਿਗੁਰ ਦਈ ਹੰਨੈ ਹੰਨੈ ਲਾਇ।
ਜਹਿੰ ਜਹਿੰ ਬਹੈਂ ਜਮੀਨ ਮਲ ਤਹਿੰ ਤਹਿੰ ਤਖਤ ਬਨਾਇੰ।੩੯।

ਚੌਪਈ: ਇਸੀ ਭਾਂਤ ਬਹੁ ਸਿੱਖਨ ਕਹੀ। 'ਹਮ ਕੋ ਲੋੜ ਨਿਬਾਬੀ ਨਹੀਂ।
ਉਨ ਮਾਂਗੀ ਕਬ ਦਈ ਪਤਿਸ਼ਾਹੀ। ਪੰਥ ਛਡ ਬਹਜੋ ਕਬ ਉਨਕੇ ਪਾਹੀ।੪੦।
ਪੰਥ ਤੁਰਕਨ ਕੋ ਐਸੋ ਮੇਲ। ਖਰੂਦ ਅਗਨ ਕੋ ਜੈਸੋ ਖੇਲ।
ਕਿਸੈ ਸਿੰਘ ਕੋ ਯਹ ਭੀ ਦੇਹੋ। ਟਹਲ ਕਰਤ ਕਿਸ ਕੋ ਲਖ ਲੇਹੋ'।੪੧।
ਕਪੂਰ ਸਿੰਘ ਥੋ ਟਹਲ ਕਮਾਵਤ। ਦੌੜ ਦੌੜ ਥੌਂ ਪਖੋ ਝੁਲਾਵਤ।
ਉਨ ਝੱਲੀ ਤੇਗ ਥੀ ਸਨਮੁਖ ਕੱਲੈ। ਐਸ ਸਜੀ ਜਨ ਸਸਿ ਮ੍ਰਿਗਛੱਲੈ[੩]।੪੨।
ਜ਼ਖਮ ਕਚੋ ਥੋ ਲਗਜੋ ਤੱਤਕਾਲ[੪]। ਕਹੈਂ ਦੇਖ ਉਸ ਸਿੰਘ 'ਨਿਹਾਲ'।
ਉਹੀ ਬਚਨ ਖਾਲਸੈ ਕੋ ਫੁਰਜੋ। ਆਇ ਸਮਾਂ ਸਭ ਸਿੰਘ ਕੋ ਜੁਰਜੋ।੪੩।

ਦੋਹਰਾ: ਤਹਾਂ ਸਿੰਘ ਇਕ ਆਪਨੋ ਪੜ੍ਹਤ ਬਾਣੀ ਗੁਰ ਲਾਲ।
'ਟਹਲ ਮਹਲ ਤਾਕਉ ਮਿਲੈ ਜਾਕਉ ਸਾਧ ਕ੍ਰਿਪਾਲ'।੪੪।

੧.ਮੁਕਾ ਲਓ, ਭਾਵ ਫੈਸਲਾ ਕਰ ਲਓ, ਆਪਣਾ ਖਿਰਾਜ ਚੁਕਾ ਲਓ। ੨.ਧ੍ਰੂ ਆਪਣੀ ਥਾਂ ਤੋਂ ਟਲ ਜਾਏ।
੩.ਐਉਂ ਸਜੀ ਸੀ ਜਿਵੇਂ ਚੰਦਰਮਾ ਵਿਚ ਮ੍ਰਿਗਛਾਲਾ ਦਾ ਚਿੰਨ੍ਹ। ੪.ਭਾਵ ਮਿਲਕੇ ਰਾਜ਼ੀ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸਿੰਘ ਕਪੂਰ ਝਲੈ ਪੱਖੇ ਥੋਈ। ਕ੍ਰਿਪਾ ਨਜ਼ਰ ਪੰਥ ਉਸ ਵਲ ਹੋਈ।
ਅਵਾਜ਼ ਅਕਾਲੋਂ ਪੰਥਹਿ ਸੁਨ ਪਾਈ। 'ਗੁਰੂ ਰੰਖ ਬ੍ਰਚ ਮੰਨ ਲਿਹੁ ਭਾਈ!੪੫।
ਟਹਲ ਕਰਤ ਇਸ ਮਹਲ ਪੁਚਾਵੇ। ਕਪੂਰ ਸਿੰਘ ਕੋ ਸਿਰੋਪਾਉ ਪਹਿਰਾਵੋ'।
ਕਹਜੋ ਪੰਥ 'ਚਕੋ ਸਿੰਘ ਭੁਜੰਗੀ'। ਕਰ ਕਰ ਕੁਨਸ ਉਨ ਆਖੀ ਚੰਗੀ।੪੬।
'ਪੰਜ ਭੁਜੰਗੀਅਨ ਚਰਨੀ ਛੁਹਾਇ। ਧਰੋ ਸੀਸ ਮੋਹਿ ਪਵਿਤ੍ਰ ਕਰਾਇ।
ਪੰਜ ਭੁਜੰਗੀਅਨ ਚਰਨ ਬਲ ਪਾਈ। ਸਿੰਘ ਸਸੋ ਹੁਇ, ਪ੍ਰਬਤ ਭਏ ਰਾਈ।
ਬਾਜਨ ਕੋ ਚਿਰੀਆਂ ਤੋਰ ਖਾਹਿਂ। ਪਾਵੈ ਖਾਲਸੋ ਬਲ ਜਿਹ ਮਾਂਹਿ'।
ਹੋਇ ਪ੍ਰਸੰਨ ਬਿਧ ਖਾਲਸੈ ਕਰੀ। ਪੁਸ਼ਾਕ ਨਿਬਾਬੀ ਕਪੂਰ ਸਿੰਘ ਸਿਰ ਧਰੀ।

੧੧੭. [ਨਵਾਬ ਕਪੂਰ ਸਿੰਘ ਨੇ ਖਾਲਸੇ ਦੇ ਪੰਜ ਜਥੇ ਬਣਾਏ]

ਦੋਹਰਾ: ਕਪੂਰ ਸਿੰਘ ਨਿਬਾਬੀ ਭਈ ਤੌ ਸਿੰਘਨ ਵਧਜੋ ਪ੍ਰਤਾਪ।
ਤੁਰਕ ਖੁਸ਼ਾਮਦ ਬਹੁ ਕਰੈਂ ਟਕੇ ਦਏਂ ਘਲ ਆਪ।੧।

ਚੌਪਈ: ਪੰਥ ਓਲੈ ਸੁਖ ਅਮਲਸ ਖਾਂ ਪਾਯੋ। ਟਕੇ ਬਚੇ ਮਧ ਲਹੌਰ ਬਹਾਯੋ।
ਪੰਥਹਿ ਕੀ ਵਹਿ ਘੂਰ ਘਲਾਵੈ। ਖਲਾਇ ਬੁਰੀ ਵਹਿ ਪੰਥ ਬਤਾਵੈ।੨।
ਬਾਰਾਂ ਪਿੰਡ ਦਏ ਜਗੀਰ ਲਿਖਾਈ। ਗੁਰੂ ਚੱਕ ਸਿਉਂ ਦਏ ਲਗਾਈ।
ਕਹੈ 'ਸਿੰਘ ਮੈਂ ਰਖੇ ਪਰਚਾਇ। ਜੇਊ ਹੁਤੇ ਥੇ ਬੁਰੀ ਬਲਾਇ।੩।
ਟਕੇ ਮਹੀਨਾ ਅੱਗੇ ਲੇਹਿਂ। ਤੌ ਮੁਲਖਈਏ ਦੁੱਖ ਨ ਦੇਹਿਂ।
ਹਮਰੀ ਉਨਕੀ ਐਸੀ ਪ੍ਰੀਤ। ਖਰੂਦ ਅਗਨ ਕੀ ਜੈਸੀ ਰੀਤਿ।੪।
ਜੇ ਕਰ ਆਵੈਂ ਮੇਰੇ ਦਾਇ। ਬੰਦੈ ਜਿਮ ਦੇਊਂ ਅਲਖ ਮਿਟਾਇ।
ਦਈ ਨਿਬਾਬੀ ਕਰਨਿ ਧਿਜਾਇ। ਉਸ ਫੜ ਲਜਾਵੋਂ ਤੁਮਰੇ ਦਾਇ'।੫।

ਦੋਹਰਾ: ਸ਼ਾਹਿ ਕਹੀ 'ਜਿਮ ਨੇਕ ਹੁਇ ਤਿਮ ਹੀ ਲਉ ਬਣਾਇ।
'ਹਮ ਮੁਖਤਜਾਰੀ ਤੁਝ ਦਈ, ਤੁਝ ਤੇ ਕੌਣ ਦਨਾਇ'।੬।

ਚੌਪਈ: ਫੇਰ ਬਾਤ ਸਿੰਘਨ ਪਰ ਆਈ। ਸੁਨੋਂ ਸੰਤ ਔ ਗੁਰਮੁਖ ਭਾਈ।
ਪੰਥ ਡੇਰਾ ਆਇ ਗੁਰ ਚਕ ਪਾਯੋ। ਨਿਤ ਨਿਤ ਖਾਲਸੈ ਹੁਵੈ ਸਵਾਯੋ।੭।
ਨਿਤਪ੍ਰਤਿ ਆਵਹਿਂ ਟਕੇ ਲਹੌਰ। ਨਿਬਾਬ ਵਰਤਾਵਹਿ ਪੰਥਹਿ ਕੋਰ।
ਅਕਾਲ ਬੁੰਗੇ ਬਹਿ ਲਗੈ ਦਿਵਾਨ। ਕਰੈਂ ਪ੍ਰਾਤਿ ਸਰ ਅੰਮ੍ਰਿਤ ਸ਼ਨਾਨ।੮।
ਕਪੂਰ ਸਿੰਘ ਪਰ ਕ੍ਰਿਪਾ ਪੰਥ ਕਰੀ। ਭਲੀ ਬੁੱਧਿ ਆਇ ਤਿਸ ਮੈਂ ਪਰੀ।
ਬਹੁਤ ਸਿੰਘਨ ਕੋ ਆਦਰ ਧਰੈ। ਬਿਨਾਂ ਪੁਛੇ ਪੰਥ ਗੱਲ ਨ ਕਰੈ।੯।
ਟਹਲ ਅਗੈ ਤੇ ਕਰੈ ਸਵਾਈ। ਬਹੁਤ ਗਰੀਬੀ ਉਸ ਮਨ ਆਈ।
ਜਿਮ ਜਿਮ ਪੰਥਹਿ ਟਹਿਲ ਕਮਾਵੈ। ਤਿਮ ਤਿਮ ਸਿੰਘ ਜੀ ਗੁਰਮਤ ਆਵੈ।੧੦।

ਦੋਹਰਾ: ਟਕੇ ਜੁ ਆਵੈ ਇਤ ਉਤੈ ਸੋ ਧਰੈ ਦਿਵਾਨਹਿ ਪਾਸ।
ਦਿਵਾਨ ਬ੍ਰਤਾਵੈ ਖਾਲਸੈ ਕਰ ਕਰ ਨਿਤ ਅਰਦਾਸ।੧੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਹਰੀ ਸਿੰਘ ਇਕ ਲਾਂਗਰੀ ਥੋਊ। ਹਾਥ ਪਦਮ ਨਹਿੰ ਮੁਕੈ ਰਸੋਊ।
ਦਾਣੈ ਦਾਰ ਕਰਜੋ ਜੱਸਾ ਸਿੰਘ ਬਾਲ। ਆਹਲੂਵਾਲ ਜੁ ਹੁਤੋ ਕਲਾਲ।੧੨।
ਇਕ ਥਾਂ ਤੇ ਸਭ ਲੇਹੁ ਪੁਸ਼ਾਕ। ਇਕਹਿ ਥਾਇ ਸਭ ਦਵਹਿ ਰਾਖ।
ਇੱਕ ਥਾਇੰ ਸਭ ਰਖਹਿੰ ਕਮਾਈ। ਰਖੈ ਨਹੀਂ ਕੋਊ ਤਿਸੈ ਛਪਾਈ।੧੩।

ਦੋਹਰਾ: ਤੋਪ ਰਹਕਲੈ ਸਿੰਘਨ ਪੈ ਸੋ ਤੋ ਚਕੇ ਨ ਜਾਂਹਿ।
ਜੰਬੂਰੈਂ, ਜੰਜਾਇਲੈਂ ਸੋ ਸਿੰਘ ਚਲੈਂ ਉਠਾਇ।੧੪।

ਚੌਪਈ: ਕਪੂਰ ਸਿੰਘ ਸਿੰਘਨ ਕਹਿ ਦੀਓ। ਚੱਕਨ ਵਾਰਨ ਘਿਉ ਸੇਰ ਕੀਓ।
ਗੁਰਬਖਸ਼ ਸਿੰਘ ਹੁਦਿਲ ਹੁਤ ਝੀਤੈ ਗ੍ਰਾਮ। ਸੌਂਪੈ ਜੰਬੂਰੈ ਤਿਸਕੇ ਨਾਮ।੧੫।

ਦੋਹਰਾ: ਜੋ ਜੋ ਨਿਸ ਸਿੰਘ ਬਾਹਿਰ ਰਹੈ ਜੋ ਖਿਨ ਪੁਛੇ ਘਰ ਜਾਇ।
ਸੋਊ ਖਾਲਸੈ ਨਹਿੰ ਰਲੈ ਬਿਨ ਲਾਈ ਤਨਖਾਹਿ।੧੬।

ਚੌਪਈ: ਜੋ ਘਰ ਤੇ ਹੁਇ ਆਵੈ ਕੋਇ। ਬਖਸ਼ਾਇ ਰਲੈ ਖੜ ਆਪੈ ਸੋਇ।
ਦਰਬ ਲਜਾਇ ਜੋ ਬਾਹਰੋਂ ਕੋਈ। ਪਾਵੈ ਖ਼ਜ਼ਾਨੈ ਇਕ ਥਾਂ ਸੋਈ।੧੭।
ਕਿਛਕ ਸਿੰਘਨ ਨੇ ਕਟਜੋ ਅਰਾਮ। ਕਈ ਸਿੰਘ ਗਏ ਮਿਲਨੇ ਧਾਮ।
ਕਈਅਨ ਨਗਰਨ ਬੁੰਗੇ ਬਨਾਏ। ਕਈ ਬੈਠ ਧ੍ਰਮਸਾਲ ਚਿਣਾਏ।੧੮।
ਕਈਅਨ ਖੇਤੀ ਜੁਗਤਿ ਕਰਾਈ। ਕਈ ਲਏ ਘਰ ਨਾਰਨ ਪ੍ਰਚਾਈ।
ਕਈ ਰਖੇ ਘਰ ਘੇਰ ਸੁ ਮਾਤ। ਕਈ ਲਿਆਏ ਔਰ ਬਹੁ ਸਾਥ।੧੯।
ਬਹੁਤ ਪੰਥ ਕੋ ਬਾਧਾ ਹੁਯੋ। ਇਕ ਥਾਂ ਬਹੁਤੈ ਥੰਭਿ ਨ ਭਯੋ।
ਤਉ ਨਿਬਾਬ ਚਿਤ ਕੀਯੋ ਬਿਚਾਰ। 'ਕੋਊ ਜੁਗਤ ਬਣਾਈਐ ਜਿਤ ਹੋਇ ਸੰਭਾਰ'।

ਦੋਹਰਾ: ਉਸੀ ਦਿਨ ਸੱਦ ਖਾਲਸੋ ਅਕਾਲ ਬੁੰਗੈ ਤਖਤ ਮਕਾਨ।
ਦੀਨੋ ਸਭਨ ਉਚਾਰ ਢਿਗ ਨਿਬਾਬੈ ਸਿੰਘ ਸੁਜਾਨ।੨੧।

ਚੌਪਈ: ਭਾਈ ਮਨੀ ਸਿੰਘ ਦਰਬਾਰ ਪੁਜਾਰੀ। ਲੀਨੋ ਸਬਹਨ ਮਧ ਬੈਠਾਰੀ।
ਤੇਹਣ ਭੱਲੇ ਦੋਊ ਬਾਵੈ ਬੁਲਾਏ। ਕਾਹਨ ਸਿੰਘ ਔ ਬਨੋਜ ਸਿੰਘ ਥਾਏ।੨੨।
ਸਭੀ ਪੰਥ ਜੇ ਨਾਮ ਲਿਖੱਯੈ। ਗ੍ਰੰਥ ਵਧੈ ਔ ਅੰਤ ਨ ਪੱਯੈ।
ਨਬਾਬ ਕਪੂਰ ਸਿੰਘ ਸਭ ਸੋਂ ਕਹੀ: 'ਯਹੀ ਬਾਤ ਅਬ ਮੈਂ ਮਨ ਅਈ।੨੩।
ਅਗੈ ਪੰਥ ਥੋ ਪਿੰਡ ਪਿੰਡ ਫਿਰਤੋ। ਆਪੋ ਅਪਨੀ ਗੁਜਰਹਿੰ ਕਰਤੋ।
ਅਬ ਇਕ ਥਾਂ ਪੁਜੈ ਲੰਗਰ ਨਾਂਹੀ। ਕੋਊ ਜੁਗਤਿ ਅਬ ਲਯੈ ਬਨਾਈ।੨੪।
ਸਿੰਘਨ ਦੱਯੈ ਜਥੋ ਬਣਾਇ। ਦੇ ਦੇ ਖਰਚ ਉਸ ਦੱਯੈ ਪ੍ਰਚਾਇ'।
ਸਭੀ ਖਾਲਸੈ ਸੋਂ ਮੰਨ ਲਈ। ਪਸਿੰਦ ਸਭਨ ਕੇ ਯਹਿ ਗਲ ਅਈ।੨੫।

ਦੋਹਰਾ: ਪੰਜ ਡੇਰਨ ਬਿਧ ਰਚ ਦਈ ਪੰਜ ਨਿਸ਼ਾਨ ਬਨਾਇ।
ਪੰਜੇ ਝੰਡੇ ਤੌ ਗਡੇ ਸ੍ਰੀ ਅਕਾਲ ਬੁੰਗੇ ਤੇ ਲਜਾਇ।੨੬।

Sri Satguru Jagjit Singh Ji eLibrary NamdhariElibrary@gmail.com

ਚੌਪਈ: ਪ੍ਰਥਮ ਸ਼ਹੀਦਨ ਔ ਨਿਹੰਗਨ ਫੜਾਯੋ। ਦੀਪ ਸਿੰਘ ਸਿੰਘ ਕਰਮ ਸੁਗਾਯੋ।
ਦੂਏ ਕਰਮ ਧਰਮ ਸਿੰਘ ਅੰਮ੍ਰਿਤਸਰੀਏ। ਦਯੋ ਉਨੈ ਥੇਊ ਜਾਤ ਖਤਰੀਏ।੨੭।
ਤੀਜੇ ਚਕਜੋ ਬਾਬਨ ਬਡ ਅੰਸੀ। ਤੇਹਣ ਭੱਲੇ ਥੇ ਆਦਿ ਗੁਰ ਅੰਸੀ।
ਚੌਥੇ ਸਿੰਘ ਦਸੌਧਾ ਨਾਮ। ਹਿੱਲ ਜੱਟ ਕੋਟ ਬੁਢੈ ਥੋ ਧਾਮ।੨੮।
ਪੰਜਵੋਂ ਰੰਘਰੇਟੋ ਬੀਰ ਸਿੰਘ ਨਾਇ। ਹੁਤੇ ਤੇਰਾਂ ਸੈ ਘੋੜੇ ਵਾਇ।
ਐਸੀ ਲੀਨੀ ਜੁਗਤ ਬਨਾਇ। ਜੋ ਸੁਨੀ ਰਤਨ ਸਿੰਘ ਸੋ ਦਈ ਗਾਇ।੨੯।

ਦੋਹਰਾ: ਜੇ ਕੋ ਪੁੱਛੈ ਪ੍ਰਸ਼ਨ ਯਹਿ ਨਬਾਬ ਕਪੂਰ ਸਿੰਘ ਕੀ ਜਾਤ।
ਕੌਣ ਪਿੰਡ ਔ ਗੋਤ ਕੌਇ ਸੋਈ ਮੁਨੋਂ ਅਬ ਬਾਤ।੩੦।

ਚੌਪਈ: ਫਰਜੁੱਲੇ ਖਾਂ ਥੋ ਮੁਗ਼ਲਹਿ ਨਾਮ। ਉਨੈਂ ਬਸਾਯੋ ਫ਼ਜ਼ੁੱਲੋ ਗ੍ਰਾਮ।
ਹੁਤੀ ਖਾਨੂ ਨਬਾਬ ਖਾਨੋ ਹਮਸ਼ੀਰਾ[1]। ਫਰਜੂਲੇ ਕੇ ਘਰ ਵਸਤੀ ਧੀਰਾ।੩੧।
ਹੁਤੀ ਹਮਾਇਤਨ[2] ਬਡੀ ਕਮਜਾਤ। ਉਨ ਬਹੁ ਸਿੰਘ ਥੇ ਕਰਾਏ ਘਾਤ।
ਪੰਦ੍ਰਾਂ ਸੈ ਜੁ ਹੁਤੇ ਚਕਰੈਲ। ਸੋ ਉਨ ਮਰਵਾਏ ਕਰ ਕਰ ਫੈਲ।੩੨।
ਤਹਿੰ ਕਪੂਰ ਸਿੰਘ ਹੁਤੇ ਪਿਤ ਮਾਤ। ਖਿਰਕ ਗੋਤ ਔ ਜੱਟ ਥੀ ਜਾਤ।
ਵਹਿ ਘਰ ਸੇ ਨਿਕਸਜੋ ਸਾਇਤ ਕਿਤਖਰੀ। ਬਹੁਤ ਟਹਿਲ ਉਨ ਸਿੰਘਨ ਕਰੀ।
ਉਸੀ ਟਹਲ ਤੇ ਯਹਿ ਪਦ ਪਾਯੋ। ਸਰਬ ਪੰਥ ਕੋ ਨਵਾਬ ਸਦਾਯੋ।
ਟਹਲ ਕਰੀ ਕਿਸ ਬ੍ਰਿਥੀ ਨ ਜਾਇ। ਯਹਿ ਖਾਲਸੋ ਖੁਦ ਖੁਦੈ ਖੁਦਾਇ।੩੪।

ਦੋਹਰਾ: ਏਕ ਦਿਵਸ ਇਸ ਨਵਾਬ ਕੈ ਮਨ ਮੈਂ ਆਈ ਮੌਜ।
ਔਰ ਸਿੰਘਨ ਪੌਰਖ ਕੀਏ ਮੈਂ ਨਿਜ ਕੀਓ ਨ ਕੌਜ[3]।੩੫।

ਚੌਪਈ: ਚੜਜੋ ਨਿਬਾਬ ਕਿਹ ਖੇਲਨ ਸ਼ਿਕਾਰ। ਸਾਥ ਕੁੱਲ ਲਏ ਖੀਸ ਅਸਵਾਰ।
ਜਾਤ ਜਾਤ ਜਾ ਪੁਜਜੋ ਲਹੌਰ। ਜਾਇ ਬੈਠਜੋ ਸੁ ਚਬੂਤਰੇ ਠੌਰ।੩੬।
ਪਹਰ ਦੋਇ ਤਹਿੰ ਹੁਕਮ ਚਲਾਇ। ਤੌ ਖਬਰ ਪੁੰਨੀ ਤੁਰਕ ਕਿਲੈ ਜੁ ਜਾਇ।
ਤੌ ਖਿਜ਼ਰਖਾਨ ਦਯੋ ਨਿਬਾਬ ਚੜ੍ਹਾਇ। ਛੇਤੀ ਜਾਕਰ ਲਓ ਫੜਾਇ।੩੭।
ਕਪੂਰ ਸਿੰਘ ਮੁੜ ਪਿੱਛੈ ਪਯੋ। ਨਿਗਾਰਨ ਡੱਗੈ ਲਾਇ ਮੁੜਯੋ।
ਹੁਇ ਬਾਹਰ ਸਿੰਘ ਰਲ ਗਜੋ ਝਾੜੀਂ। ਗਯੋ ਖੇਡ ਕਰ ਐਸ ਖਿਡਾਰੀ।੩੮।
ਇਸੀ ਭਾਂਤ ਗਏ ਕਿਛੁ ਦਿਨ ਬੀਤ। ਦੰਗਾ ਰਹੈ ਪੰਥ ਹਰਦਮ ਚੀਤ।
ਜੋ ਟਕਯਨ ਮੈਂ ਕਰੈ ਦੇਰ ਨਿਬਾਬ। ਸਿੰਘ ਖਾਹਿੰ ਲੁਟ ਮੁਲਖ ਸ਼ਿਤਾਬ।੩੯।

ਸਾਖੀ ਜੱਸਾ ਸਿੰਘ ਕੀ

੧੧੮. [ਜੱਸਾ ਸਿੰਘ ਆਹਲੂਵਾਲੀਏ ਦੀ ਮੁਢਲੀ ਵਿਥਜਾ]

ਦੋਹਰਾ: ਸਾਖੀ ਜੱਸਾ ਸਿੰਘ ਕੀ ਅਬ ਮੈਂ ਦਿਊਂ ਸੁਨਾਇ।
ਸੰਗਤ ਖਾਤ ਖਾਲਸੈ ਰਲਜੋ ਭਯੋ ਪੰਥ ਪਤਿਸ਼ਾਹਿ।੧।

੧.ਭੈਣ। ੨.ਮਦਦਗਾਰ। ੩.ਕੋਈ ਬੀ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਆਹਲੂਵਾਲੀਏ ਇਕ ਕੌਮ ਕਹਾਵੈ। ਲਾਹੌਰ ਕਸੂਰਹਿ ਮੱਧ ਬਸਾਵੈ।
ਉਹਾਂ ਥੋ ਇਕ ਗਰੀਬ ਕਲਾਲ। ਹੁਤੋ ਸਿੰਘ ਥੋ ਵਹਿ ਗੁਰ ਲਾਲ।੨।
ਦਜਾਲ ਸਿੰਘ ਥੋ ਉਸ ਕੋ ਨਾਮ। ਕਰਤ ਹੁਤੋ ਸੋ ਸਰਬਹਿ ਕਾਮ।
ਸੋ ਮਰ ਗਯੋ ਰਹਯੋ ਸੁਤ ਔ ਨਾਰਿ[1]। ਹੁਤੋ ਦੋਊਅਨ ਕੋ[2] ਅਤਿ ਸੈ ਪਯਾਰ।੩।
ਹੁਤੀ ਸਿੰਘਨ ਕੀ ਬੇਟੀ ਸੋਇ[3]। ਪਿਤਾ ਪੜ੍ਹਾਈ ਅੱਛਰ ਤੋਇ।
ਗੁਰਬਾਣੀ ਤਿਸ ਕੰਠ ਘਨੇਰੀ। ਹੁਤੀ ਸਿੱਖਣੀ ਦੁਇ ਪਖ[4] ਕੇਰੀ।੪।
ਪੋਥੀ ਰਾਖਤ ਗਾਤ੍ਰੇ ਪਾਇ। ਸਿਖ ਸੰਗਤ ਮੈਂ ਪਹੁੰਚੈ ਜਾਇ।
ਖੜੀ ਪ੍ਰਾਤ ਉਠ ਚੌਕੀ ਕਰੈ। ਸਮੈਂ ਸੰਝੈ ਭੀ ਸੋਦਰ ਪੜ੍ਹੈ।੫।

ਦੋਹਰਾ: ਆਪ ਦੁਤਾਰੇ ਵਹਿ ਫੜੈ ਬਾਲ ਸੁ ਦਾਸੀ ਪ੍ਰੇਮ।
ਦੋਊ ਵਖਤ ਚੌਕੀ ਕਰੈ ਯਿਹ ਥੋ ਉਸ ਕੋ ਨੇਮ।੬।

ਚੌਪਈ: ਜਹਿ ਸਿਖ ਸੰਗਤ ਹੋਵੈ ਜੋੜ। ਜੋ ਸੱਦੈ ਤਿਸ ਕਰੈ ਨ ਮੋੜ।
ਰਾਤ ਦਿਨਸ ਕਰ ਜਾਵੈ ਤਾਂਹਿ। ਕਰ ਚੌਕੀ ਦੇ ਸ਼ਬਦ ਸੁਣਾਇ।੭।
ਹਰ ਮੇਲੇ ਜਾਵੈ ਗੁਰਦ੍ਵਾਰ। ਖੁੰਝੈ ਨਹੀਂ ਵਹਿ ਗੁਰ ਕੀ ਕਾਰ।
ਜਹਾਂ ਖਾਲਸੋ ਲਾਇ ਦੀਵਾਨ। ਜਾਇ ਕਰੈ ਸ਼ਬਦ ਚੌਕੀ ਗਾਨ।੮।
ਸੁਨ ਖਾਲਸੋ ਅੰਮ੍ਰਿਤਸਰ ਆਯੋ। ਤਿਨ ਭੀ ਦਰਸ਼ਨ ਪੰਥਹਿ ਪਾਯੋ।
ਕੀਤੀ ਚੌਕੀ ਪ੍ਰੇਮਹਿ ਲਾਇ। ਸੁਨੀ ਪੰਥ ਬਹੁ ਸ਼ਾਂਤ ਬ੍ਰਿਤਾਇ।੯।
ਅਤਿ ਪ੍ਰਸੰਨ ਪੰਥ ਤਿਸ ਪਰ ਭਯੋ। ਭਲੇ ਵਖਤ ਕਿਤ ਵਹੁ ਥੋ ਅਯੋ।
ਕਪੂਰ ਸਿੰਘ ਲਯੋ ਬਾਲ ਬੁਲਾਇ। ਕੀਯੋ ਸਿੰਘ ਨਿਜ ਅੰਮ੍ਰਿਤ ਛਕਾਇ।੧੦।

ਦੋਹਰਾ: ਮਾਤਾ ਭੀ ਉਸ ਹੁਇ ਖੁਸ਼ੀ ਦੀਨੀ ਬਾਂਹਿ ਫੜਾਇ।
ਭਲੇ ਭਾਗ ਉਸਕੇ ਭਏ ਰਹਯੋ ਨਿਬਾਬੈ ਪਾਹਿ।੧੧।

ਚੌਪਈ: ਨਿਬਾਬ ਮਿਹਰ ਜੱਸਾ ਸਿੰਘ ਆਈ। ਦਾਣੇਂ ਘੋੜਨ ਕਹਯੋ ਵ੍ਰਤਾਈ।
ਕਈ ਰੋਜ਼ ਉਨ ਕੰਮ ਚਲਾਯਾ। ਅਕਸਰ ਬਾਲਕ ਲੋਕਨ ਰੁਵਾਯਾ।੧੨।
ਰੋਵਨ ਹੋਤੇ ਬਾਲਕਨ ਜ਼ੋਰ। ਰੋਵਤ ਅਯੋ ਕਪੂਰ ਸਿੰਘ ਕੋਰ।
'ਮੈਥੋਂ ਦਾਣਾਂ ਵਰਤੇ ਨਾਹੀਂ। ਧੌਲ ਧਪੋ ਮੁਹਿ ਬਹੁਤ ਕਰਾਹੀਂ'।੧੩।
ਹੋਇ ਖੁਸ਼ੀ ਨ੍ਵਾਬ ਸੱਦ ਲਯੋ ਪਾਸ। ਧਰਯੋ ਹਾਥ ਉਸ ਸਿਰ ਪਰ ਖਾਸ।
ਕਹੀ ਬਾਤ ਮੁਖ ਦਯੋ ਪਿਆਰ। 'ਤੁਧ ਦਾਣੇਂ ਦੇਣੈ ਬੱਗ ਹਜ਼ਾਰ।੧੪।
ਹਮ ਤੇ ਕੀਨੇ ਪੰਥ ਨਵਾਬੈ। ਤੇਰੈ ਕਰਿਯਗੁ ਪਤਿਸ਼ਾਹੀ ਤਾਬੈ'।
ਉਸੀ ਵਕਤ ਤੇ ਭਯੋ ਨਿਹਾਲ। ਸ਼ਾਹਿ ਕਹਾਯੋ ਜੱਸਾ ਸਿੰਘ ਕਲਾਲ।੧੫।

ਦੋਹਰਾ: ਰਤਨ ਸਿੰਘ ਸਾਖੀ ਲਿਖੀ ਸੁਨ ਕੈ ਪਾਸ ਸਿਆਨ।
ਭੂਲ ਹਮਾਰੀ ਬਖਸ਼ੀਓ ਹਮਰੀ ਟਹਲ ਪਛਾਨ।੧੬।

੧.ਪੁਤ੍ਰ ਅਤੇ ਨਾਰੀ। ੨.ਭਾਵ ਮਾਂ ਪੁਤ੍ਰ ਦਾ।
੩.ਜੱਸਾ ਸਿੰਘ ਦੀ ਮਾਤਾ। ੪.ਭਾਵ ਸਾਹੁਰੇ ਪੇਕਿਓਂ।

Sri Satguru Jagjit Singh Ji eLibrary NamdhariElibrary@gmail.com

੧੧੯. [ਅਸਲਮ ਖਾਂ ਦੀ ਥਾਵੇਂ ਸਮੁੰਦ ਖਾਂ ਨੇ ਬੈਠਣਾ]

ਦੋਹਰਾ: ਥੋਰੈ ਹੀ ਸੋ ਦਿਨਨ ਮੈਂ ਭਜੋ ਅਸਲਮ ਖਾਨ ਬਹੀਰ।
ਤਿਸ ਦੀ ਜਾਗਾ ਸੋ ਬਹਜੋ ਅਸਮੁੰਦ ਖਾਨਨ ਬੀਰ।੧।

ਚੌਪਈ: ਅਸਮੁੰਦ ਖਾਨ ਕੋ ਬਜਜੋ ਰਬਾਬ। ਹੁਤੋ ਦੁਸ਼ਟ ਸੋ ਬਹੁਤ ਖਰਾਬ।
ਉਸ ਕੈ ਮਨ ਬਡ ਗਰਬਾ ਆਇਆ। ਉਨ ਸਿੰਘਨ ਕੋ ਖਰਚ ਹਟਾਇਆ।੨।
ਦਈ ਖਾਲਸੇ ਤਉ ਕਰ ਛੂਟ। ਲਗਿਓ ਕਰਨ ਪੰਥ ਤਿਮ ਲੂਟ।
ਤੁਰਕਨ ਫੌਜ਼ ਸਿੰਘਨ ਪਰ ਆਈ। ਸਿੰਘ ਭੀ ਲੁਕ ਕਿਤ ਕਰਨ ਲਰਾਈ।੩।

ਸਾਖੀ ਨਵਾਬ ਕਪੂਰ ਸਿੰਘ ਭੁਜੰਗੀ ਕੀ

੧੨੦. (ਖਾਲਸੇ ਨੂੰ ਲੰਗਰ। ਫੂਲਵੰਸ਼ੀ ਆਲਾ ਸਿੰਘ ਨੇ ਅੰਮ੍ਰਿਤ ਛਕਿਆ)

ਦੋਹਰਾ: ਭਾਜੜੋ ਭੰਨੈ ਪੰਥ ਜਬੈ ਆਯੋ ਨਾਦਰ ਸ਼ਾਹਿ।
ਕੋਊ ਕਿਤ ਕੋਊ ਕਿਤੈ ਪਏ ਆਪਨੇ ਰਾਹਿ।੧।

ਚੌਪਈ: ਕਪੂਰ ਸਿੰਘ ਨਵਾਬ ਭੁਜੰਗੀ। ਵੜ ਗਜੋ ਮਾਲਵੇ ਬਿਹਾੜਨ ਸੰਗੀ।
ਕਿਛਕੁ ਦਿਵਸ ਤਿਹ ਗੁਜਰ ਗੁਜ਼ਾਰੇ। ਫਿਰ ਬ੍ਰਾੜਨ ਦਯੋ ਨੂਾਬ ਨਿਕਾਰੇ।੨।
ਇਕ ਹੁਤੁ ਸਿੰਘ ਨਾਲ ਠੀਕਰੀ ਵਾਰੇ। ਉਨ ਪਿੰਡ ਆਪਣੇ ਜਾਇ ਉਤਾਰੇ।
ਕਿਛਕੁ ਦਿਵਸ ਤਿਹ ਬਸਜੋ ਨਵਾਬ। ਸਿੰਘ ਹਜ਼ਾਰ ਇਕ ਦ੍ਵੈ ਉਸ ਤਾਬ।੩।
ਔਰ ਸਿੰਘ ਮੁੜ ਮਾਝੇ ਵੜੇ। ਖੋਹਿ ਖਾਹਿ ਗਾਫਲੋ[1] ਰਾਹ ਪੜੇ।
ਜਿਸਕੋ ਚੰਗਲ[2] ਹੁਇ ਭਰਪੂਰ। ਆਇ ਖਾਇ ਰਲ ਪੰਥ ਜ਼ਰੂਰ।੪।
ਕਿਛ ਤੰਗ ਗੁਜ਼ਰ ਖਾਲਸੈ ਕਰੀ। ਬਿਨ ਲਟ ਖਾਏ ਕਬ ਪੰਥਹਿ ਸਰੀ।
ਤੌ ਭਾਈ ਗੌਹਰ ਸਿੰਘ ਸੁਨ ਆਯੋ। ਹੁਤੋ ਬੁੱਢੇ ਸਿੰਘ ਜਿਸਕੋ ਜਾਯੋ।੫।

ਦੋਹਰਾ: ਤਿਨ ਤਬ ਲੰਗਰ ਆ ਦਯੋ ਪੰਥਹਿ ਖੂਬ ਰਿਝਾਇ।
ਆਕੀ ਹੁਤੋ ਜੋ ਉਸ ਕੁਲੋਂ ਸੋ ਸਰ ਲਯੋ ਕਰਾਇ।੬।
ਫਿਰ ਭਾਈ ਗੁਰਬਖਸ਼ ਸਿੰਘ ਦਈ ਲੰਗਰ ਰਸਤ ਸੁ ਪਾਇ।
ਅਗੈ ਲਗ ਲਗਾ ਖਾਲਸੇ ਕਈ ਉੱਦਮ ਦਏ ਕਰਾਇ।੭।

ਚੌਪਈ: ਤਿਮ ਆਇ ਲੰਗਰ ਆਲੈ ਭੀ ਦਯੋ। ਸਾਥ ਫੂਲਾਇਣ[3] ਸਭ ਲੈ ਅਯੋ।
ਖੰਡੇ ਪਾਹੁਲ ਹਥ ਨਵਾਬਹਿ ਲਈ। ਭਯੋ ਆਲੋ ਸਿੰਘ ਖਾਲਸੇ ਪੰਥ ਮਈ।੮।
ਮੁਖਤ ਫੌਜ ਭੀ ਉਨ ਹਥ ਆਈ। ਨਿਜ ਕੰਮ ਸਭਨ ਲਏ ਬਨਵਾਈ।
ਭਾਈਅਨ ਰੋਹੀ ਗ੍ਰਾਮ ਬਸਾਯੋ। ਗੌਰਜਿਆਣੇ ਨਾਮ ਧਰਾਯੋ।੯।
ਗੁਰਬਖਸ਼ ਸਿੰਘ ਔਰ ਮੁਲਕ ਮਲ ਲਯੋ। ਆਲੈ ਸਿੰਘ ਭੀ ਬਹੁ ਘਿਰਵਯੋ।
ਨਾਲ ਹੁਤੇ ਉਸ ਕਈ ਭਿਰਾਇ। ਸਬਹਨ ਕੋ ਭੂਮ ਦਈ ਰੁਕਾਇ।੧੦।
ਆਲੈ ਸਿੰਘ ਬਡ ਵਧਜੋ ਪਸਾਰਾ। ਗਿਰਦ ਘੇਰਜੋ ਉਨ ਸੁਨਾਮੈ ਸਾਰਾ।੧੧।

੧.ਗਾਫਲਾਂ ਨੂੰ। ੨.ਪੰਜਾ, ਮੁੱਠ। ੩. ਫੂਲ ਦੀ ਸੰਤਾਨ।(ਅ) ਇਸਤ੍ਰੀਆਂ।

Sri Satguru Jagjit Singh Ji eLibrary NamdhariElibrary@gmail.com

ਸਾਖੀ ਖਾਲਸੇ ਪ੍ਰਥਮ ਸਰਹੰਦ ਮਾਰੀ

੧੨੧. [ਸਰਹੰਦ ਮਾਰੀ: ਅੰਮ੍ਰਿਤਸਰ ਸਰੋਵਰ ਵਿਚੋਂ ਮਲਬਾ ਕੱਢਕੇ ਸਾਫ ਕੀਤਾ।]

ਦੋਹਰਾ: ਸਾਖੀ ਸੁਨਹੁ ਸ੍ਰਹੰਦ ਕੀ ਜਿਮ ਸਿੰਘਨ ਪ੍ਰਿਥਮ ਲਈ ਲੂਟ।
ਹੁਤੇ ਖਾਲੀ ਬਹੁ ਖਰਚ ਤੇ ਲਜਾਏ ਕਰ ਬਡ ਛੂਟ।੧।
ਮੇਲੋ ਅੰਮ੍ਰਿਤਸਰ ਢੁਕੋ ਸੁਨ ਪੰਥਹਿੰ ਆਯੋ ਚਾਉ।
ਜਿਮ ਤਿਮ ਚਲਿਓ ਚਾਹੀਏ ਐਸੋ ਠਟਿਓ ਭਾਉ।੨।

ਚੌਪਈ: ਚਲੋ ਚਲੋ ਸਭ ਪੰਥ ਉਚਾਰਜੋ। ਕਰੀਏ ਸ਼ਨਾਨ ਇਮ ਮਨ ਮਧ ਧਾਰਜੋ।
ਤਿਮ ਚਲ ਬਾਤ ਨਵਾਬ ਪਹਿ ਕਹੀ। 'ਮ੍ਰਵਾਵੋ ਸ਼ਹਿਰ ਕੋਈ ਖਰਚ ਲਈ'।੩।
ਲਾਭ ਸਿੰਘ ਇਮ ਬੋਲਤ ਭਯੋ। 'ਮਾਰੋ ਸ਼ਹਿਰ ਖੂਨੀ ਜੋ ਅਹਿਓ।
ਹੁਏ ਘਾਤ ਜਿਤ ਸਾਹਿਬਜ਼ਾਦੇ। ਤਿਹ ਪਰ ਕਹਿਓ ਹੱਲਨ ਵਗਾਏ'।੪।
ਕਈ ਕਹੈਂ 'ਅਬ ਹੀ ਪੜੋ ਦੌੜੀ'। ਕਈ ਕਹੈਂ 'ਫੌਜ ਅਤਿ ਹੈ ਥੋੜੀ'।
ਨਬਾਬ ਕਹੀ 'ਜਕ ਤਕ ਕਜਾ ਕਰੋ। ਊਹਾਂ ਮਾਰਨ ਮਰਨੋ ਖਰੋ।੫।
ਊਹਾਂ ਸੀਸ ਸਿੰਘ ਜੋ ਕੋਊ ਲਾਵਗੁ। ਮਨ ਇੱਛਤ ਫਲ ਸੋਊ ਪਾਵਗੁ।
ਊਹਾਂ ਸਰੈਂਗੇ ਦੋਊ ਕਾਜ। ਮੂਏ ਮੁਕਤ ਜੀਏ ਜੀਵ ਸਾਜ।੬।

ਦੋਹਰਾ: ਸ੍ਰੀ ਸਤਿਗੁਰ ਕੇ ਬਚਨ ਕਰ ਸਿੰਘ ਥੋੜ੍ਹੇ ਹੀ ਫਤੇ ਪਾਹਿੰ;
ਊਹਾਂ ਚਲੈਂਗੇ ਹਲ ਗਧੈ ਦਿਨ ਥੋੜਨ ਕੇ ਮਾਂਹਿ'।੭।
ਕਹੀ ਨਬਾਬੈ ਬਾਤ ਇਮ ਤੌ ਪਇਓ ਪੰਥ ਕਰ ਛੂਟ।
ਪ੍ਰਾਤ ਹੋਤ ਸੋ ਜਾ ਵੜੇ ਪਾਈ ਸ਼ਹਿਰ ਮਹਿੰ ਲੂਟ।੮।

ਚੌਪਈ: ਸਿੰਘ ਹਜਾਰ ਤਹਿੰ ਪੰਜ ਕੁ ਪੁੱਜੇ। ਉਨੈ ਦਰਵਾਜੇ ਜਾ ਪੰਜ ਮੁੰਜੇ।
ਤੁਰਕ ਲਭਜੋ ਦਯੋ ਸਿੰਘਨ ਮਾਰ। ਲਏ ਹਿੰਦੂਅਨ ਕੇ ਜੇਵਰ ਉਤਾਰ।੯।
ਚਾਂਦੀ ਸੁਇਨੋਂ ਔ ਭਲ ਚੀਜ਼। ਲਈ ਦੇਖ ਚੰਗ ਚੱਕਨ ਕੀਜ।
ਦੁਇਕ ਪਹਰ ਤਿਨ ਲੂਟ ਮਚਾਈ। ਭਏ ਭੂਏ ਖਕ ਖਾਈ ਮਿਠਾਈ।੧੦।
ਚਕਨੇ ਜੋਗੀ ਦਰਬ ਉਠਾਈ। ਘੋੜੇ ਲਭਜ ਸੋਉ ਲਜੋ ਲਦਾਈ।
ਮੁੜ ਦੌੜੇ ਸਿੰਘ ਤਿਤ ਹੀ ਰਾਹਿ। ਤੌ ਠੀਕਰੀ ਵਾਰੇ ਪਹੁੰਚੇ ਜਾਇ।੧੧।
ਵੜ ਮਾਲਵੇ ਫਿਰ ਘੋੜੇ ਲਏ। ਕਿਤੇ ਮੁਲਕ ਤਿਨ ਨਜ਼ਰੈ ਅਏ।
ਖਰਚ ਖਾਲਸੇ ਕੇ ਭਜੋ ਪੱਲੇ; ਸਰੇ ਅੰਮ੍ਰਿਤਸਰ ਬਿਨ ਕਿਮ ਚੱਲੇ।੧੨।

ਦੋਹਰਾ: ਮੇਲੋ ਆਇਓ ਢਿਗ ਜੋਊ ਤਬ ਪੰਥ ਭਯੋ ਤਿਆਰ।
ਮਰਨੋਂ ਟਰਤੇ ਥੇ ਨਹੀਂ ਗਿਣਨ ਜਿੱਤਨੋ ਹਾਰ।੧੩।

ਚੌਪਈ: ਖਬਰ ਮਲਵੱਯਨ ਜਬ ਸੁਨ ਪਾਈ। ਆਨ ਪੰਥ ਕੋ ਦਈ ਵਧਾਈ।
ਜੁਦੇ ਜੁਦੇ ਦਏ ਸਭਹਨ ਘੋੜੇ। ਚੜ੍ਹਤ ਪੰਥ ਹਖ ਆਗੈ ਜੋੜੇ।੧੪।

Sri Satguru Jagjit Singh Ji eLibrary NamdhariElibrary@gmail.com

'ਆਗੇ ਬਧਜੋ ਪੰਥ ਸਿਉਂ ਰਾਹਿ। ਕਰ ਮੇਲੋ ਆਯੋ ਹਮ ਪਾਹਿ।
ਜੋ ਹਮ ਪਰ ਤੁਰਕ ਪਾਵਹਿ ਜੋਰ। ਖਬਰ ਲੀਓ ਹਮ ਆਨ ਬਹੋਰ'।੧੫।
ਕਹਿਓ ਪੰਥ 'ਹਮ ਐਹੈਂ ਧਾਇ। ਘੱਲਿਓ ਚਿਠੀ ਹਲਕਾਰੈ ਪਾਇ'।
ਚੜਜੋ ਖਾਲਸੋ ਕਰ ਅਰਦਾਸ। 'ਕਰੈ ਕੰਮ ਪੰਥ ਸਤਿਗੁਰ ਆਪ'।੧੬।
ਚੜ੍ਹ ਖਾਲਸੋ ਤੁਰ ਲੰਘਜੋ ਦਰਜਾਇ। ਸ੍ਰੀ ਅੰਮ੍ਰਤਸਰ ਪਹੁੰਚੇ ਆਇ।
ਅਗੇ ਤੁਰਕਨ ਦਜੋ ਤਲਾਵ ਖਿਰਾਰ। ਚਿਣੇ ਬੁੰਗੇ ਸਭ ਦੀਨੇ ਡਾਰ।੧੭।

ਦੋਹਰਾ: ਹਡ ਲਿੱਦ ਘੱਤ ਤਾਲ ਮਧ ਖੇਤੀ ਦਈ ਬਿਜਾਇ।
ਸੋ ਖਾਲਸੈ ਜਾ ਕਢ ਮੁਟਜੋ ਲੀਨੋ ਖੂਬ ਬਨਵਾਇ'।੧੮।

ਝੂਲਣਾ: ਨਿਕਲ ਖੱਡ ਖੁੱਡਲ ਤੇ ਖਾਲਸੈ ਜੀ ਅੰਮ੍ਰਤਸਰ ਮੇਲੋ ਤੋ ਜ਼ਰੂਰ ਲਾਇਣਾ।
ਤਿਹ ਨ੍ਹਾਇ ਚਿਨਾਇਕੇ ਬੁੰਗੇ ਬੈਠੇ ਤੇ ਅਕਾਲ ਬੁੰਗੇ ਬੈਠ ਮਤੋ ਸਭ ਮਤਾਇਣਾ।
ਕਿਸੈ ਦੁਸ਼ਟ ਕੋ ਦੌੜਕੈ ਲੁਟ ਲਜਾਵੈਂ ਤੌ ਬੈਠ ਬੁੰਗਨ ਮਧ ਖੂਬ ਖਾਵਣਾ।
ਤੁਰਕ ਘਣੇ ਆਵੈਂ ਸਿੰਘ ਭੱਜ ਜਾਵੈਂ ਇਮੈ ਹੋਣ ਬਾਧਾ ਸਤਿਗੁਰੂ ਭਾਵਣਾ।੧੯।

ਦੋਹਰਾ: ਦੀਪ ਮਾਲ ਮੇਲੋ ਕਰੇ ਦਿਨ ਰਹੇ ਕੁਛਕ ਸੁਖ ਪਾਇ।
ਤੁਰਕਨ ਫੌਜਹਿਂ ਬਹੁਅਈਂ ਸਿੰਘ ਤੁਰੇ ਜਿਤੈ ਕਿਤ ਦਾਇ।੨੦।

ਸਾਖੀ ਭਾਈ ਮਨੀ ਸਿੰਘ ਜੀ ਕੀ

੧੨੨. [ਸ਼ਹੀਦੀ ਭਾਈ ਮਨੀ ਸਿੰਘ ਜੀ ਕੀ]

ਦੋਹਰਾ: ਅਬਹਿ ਹਕੀਕਤ ਮੈਂ ਕਹੋਂ ਸੁਨੌਂ ਸੰਤ ਲਾਇ ਪ੍ਰੀਤ।
ਮਨੀ ਸਿੰਘ ਜੀ ਰਖ ਸਿੱਖੀ ਮਹਾਂ ਸ਼ਹੀਦੀ ਲੀਤ।੧।

ਚੌਪਈ: ਮਨੀ ਸਿੰਘ ਥੋ ਸੰਤ ਸੁਜਾਨ। ਜਤੀ ਸਤੀ ਔ ਧਜਾਨੀ ਮਾਨ।
ਹਠੀ ਤਪੀ ਔ ਮਤ ਕੋ ਪੂਰੋ। ਸਹਨ ਸ਼ੀਲ ਔ ਦਿਲ ਕੋ ਸੂਰੋ।੨।
ਕਰਮੀ ਧਰਮੀ ਭਗਤਿ ਗਿਆਨੀ। ਸਤਿਗੁਰ ਬਚਨਨ ਪਹ ਮਤਿ ਠਾਨੀ।
ਹੁਤ ਸਤਿਗੁਰ ਸੋ ਰਹਿਤ ਹਜ਼ੂਰ। ਤਿਸ ਕਰ ਭਯੋ ਸੁ ਗੁਰਮਤ ਪੂਰ।੩।
ਉਨ ਸਤਿਗੁਰ ਕਛੁ ਜੂਠੋ ਖਯੋ। ਤਾਂਤੇ ਹਠੀਆ ਅੜੀਆ ਭਯੋ।
ਸਿੱਖਨ ਕੋ ਸੋ ਸਿੱਖੀ ਦਿੜਾਵੈ। ਸਿਖੀਓਂ ਚੁਕੈ ਤਿਸ ਤਨਖਾਹ ਲਾਵੈ।੪।
ਬੀਜ ਬੀਜੇ ਵਹਿ ਗੁਰਮਤ ਲਾਵੈ। ਚਾਰ ਬਰਨ ਕੋ ਸਿਖੀ ਦਿੜਾਵੈ।
ਕਰ ਸਾਖੀ ਬਹੁ ਸਿਖਨ ਸੁਨਾਵੈ। ਕਛੁ ਗੁਰ ਕਹੀ ਕਛੁ ਮਨ ਤੇ ਲਾਵੈ[1]।੫।

ਦੋਹਰਾ: ਮਾਤਾ ਭੇਜਜੋ ਤਿਸੈ ਕੋ ਦਿਲੀ ਤੇ ਸਮਝਾਇ।
'ਅੰਮ੍ਰਤਸਰ ਚੜ੍ਹਤੀ ਚੜੈ ਸਿੱਖਨ ਜਾਹਿ ਖੁਵਾਇ'।੬।

੧.ਭਾਵ ਵਜਾਖਜਾ ਕਰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਿਸਨੇ ਆਇ ਬੰਦੋਬਸਤ ਕੀਆ। ਮਾਤਾ ਚੜ੍ਹਾਵਾ ਖਾਲਸੇ ਬਖਸ਼ੀਆ।
ਆਗੇ ਚੜ੍ਹਾਵੋ ਪਟਨੇ ਜਾਵੈ। ਮਾਤਾ ਕਹਣੇ ਤੇ ਈਹਾਂ ਆਵੈ।੭।
ਸਤਿਗੁਰ ਖੁਸ਼ੀ ਬੀ ਖਾਲਸੇ ਭਈ। ਸੋਊ ਮਾਤਾ ਸੁਨ ਸਿੰਘਨ ਦਈ।
ਸਤਿਗੁਰ ਕਹਜੋ ਥੋ 'ਹਮ ਸਿੰਘ ਪਜਾਰੇ। ਪੁਤ੍ਰ ਪੋਤ੍ਰੇ ਏਈ ਹਮਾਰੇ'।੮।

ਸ੍ਰੀ ਮੁਖਵਾਕ--

"ਦਾਨ ਦੀਯੋ ਇਨਹੀ ਕੋ ਭਲੋ ਅਰ ਔਰ ਕੋ ਦਾਨ ਨ ਲਾਗਤ ਨੀਕੋ"।

ਚੌਪਈ: ਪੂਜਾਰਨ ਸਿਰ ਬਡੋ ਪੁਜਾਰੀ। ਹੁਤੁ ਸਤਿਗੁਰ ਘਰ ਬਡ ਇਤਬਾਰੀ।
ਅਕਾਲ ਬੁੰਗੇ ਕੇ ਤਖਤ ਸੁ ਬੈਠੇ। ਖ਼ਤਾਦਾਰ ਕੇ ਕੰਨ ਸੁ ਐਠੇ।੯।

ਦੋਹਰਾ: ਮਨੀ ਸਿੰਘ ਕਿਛ ਦਿਲ ਅਈ ਬੀੜ ਗ੍ਰੰਥ ਦਈ ਹਲਾਇ।
ਤਬ ਸਿਖ ਸੰਗਤ ਬਚ ਕਹਜੋ 'ਹੋਗੁ ਬੰਦ ਬੰਦ ਤੁਝੈ ਤੁੜਾਇ।੧੦।

ਚੌਪਈ: ਜਿਮ ਗੁਰ ਗ੍ਰੰਥ ਬੰਦ ਬੰਦ ਹਿਲਾਯਾ। ਤਿਮ ਤੁਮ ਬੰਦ ਬੰਦ ਹੋਗ ਕਟਾਯਾ'।
ਸਿਖ ਸੰਗਤ ਇਮ ਦੀਨੋ ਸ੍ਰਾਪ। ਮਨੀ ਸਿੰਘ ਸੋ ਲਾਗਜੋ ਪਾਪ।੧੧।
ਤਬਹੀ ਮਨੀ ਸਿੰਘ ਯੌ ਸੁਨ ਲਈ। ਸੁਨਤ ਬਚਨ ਤਿਸ ਚਿੰਤਾ ਪਈ।
'ਸੰਗਤ ਬਚਨ ਸੁ ਖਾਲੀ ਨਾਂਹੀ। ਸੱਤਿ ਬਚਨ ਇਹ ਹਮ ਸਿਰ ਆਹੀ'।੧੨।
ਜੋੜ ਹਾਥ ਸੋ ਤੁਰਤ ਖਲੋਯੋ: 'ਕਰਹੁ ਅਨੁਗ੍ਰਹੁ[1] ਜੁ ਹਮ ਸੇ ਹੋਯੋ।
ਗੁਰ ਸੰਗਤਿ ਸੰਗਤ ਗੁਰ ਆਹੀ। ਗੁਰ ਸੰਗਤ ਮੈਂ ਭੇਦ ਕਛੁ ਨਾਂਹੀ।੧੩।
ਸੰਗਤ ਬਚਨ ਹਮਹਿ ਸਿਰ ਧਰਜੋ। ਸੋ ਮੈਂ ਚਹੀਯੇ ਅਬ ਬਰ ਕਰਜੋ।
ਮੇਰੀ ਸਿੱਖੀ ਮਾਬਤ ਰਹੈ। ਬੰਦ ਬੰਦ ਕਾਟਤ ਨਹਿੰ ਦੁਖ ਅਹੈ।੧੪।
ਸਿੱਖੀ ਮੈਂ ਕਿਛੁ ਭੰਗ ਨ ਪਵੈ। ਦੇਹ ਸੀਸ ਤੁਰਕਨ ਸਿਟ ਭਵੈ।
ਦੇਹ ਕਟਨ ਮੈਂ ਦੂਖ[2] ਨ ਮਾਨੋਂ। ਸਿਖੀ ਰਹੈ ਮੈਂ ਵਡ ਸੁਖ ਜਾਨੋ।੧੫।

ਦੋਹਰਾ: ਦੇਹੀ ਕਿਸਕੀ ਬਾਪਰੀ ਸਿਖੀ ਜਿ ਸਾਬਤ ਹੋਇ।
ਦੇਹ ਤੇ ਆਵਣ ਜਾਣ ਹੈ, ਸਿਖੀ ਲਭੈ ਕਬ ਕੋਇ'।੧੬।

ਚੌਪਈ: ਤਬ ਸਿੱਖਨ ਸੋਊ ਮੰਨ ਲਈ। ਸਿਖਨ ਪੰਜਨ ਆਗਜਾ ਕਈ।
'ਸਿੱਖੀ ਸਾਬਤ ਸਿੱਖ ਕੀ ਰਹੈ'। ਕਰ ਅਰਦਾਸ ਸਿਖਨ ਦੀਓ ਕਹੈ।੧੭।

ਦੋਹਰਾ: ਯੌ ਸਿਖਨ ਦਈ ਅਰਦਾਸ ਕਰ ਤਉ ਭਏ ਕੰਮ ਸਿਖ ਰਾਸ।
ਤੌ ਫਿਰ ਮਨ ਮਨੀ ਸਿੰਘ ਕੇ ਵੈਸੋ ਭਯੋ ਹੁਲਾਸ।੧੮।
ਕਈ ਬਰਸ ਬੀਤਤ ਭਏ ਸਮੋਂ ਪਹੁੰਚਿਓ ਆਇ।
ਮੇਲਾ ਦੁਆਲੀ ਕੋ ਲਗਜੋ ਤੁਰਕਨ ਤੇ ਅਖਵਾਇ।੧੯।

---

੧. ਕ੍ਰਿਪਾ। ੨.ਪਾ:-ਸੰਸਾ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਦੁਆਲੀ ਕੋ ਥੋ ਮੇਲਾ ਲਾਯਾ। ਤੁਰਕਨ ਨੇ ਥੋ ਟਕਾ ਚੁਕਾਯਾ।
ਦਸ ਹਜ਼ਾਰ ਰੁਪੱਯਾ ਠਹਿਰਾਯਾ। ਟਕਨ ਖਾਤਰ ਤਿਨ ਦਰੋਗਾ ਬਹਾਯਾ।੨੦।
ਨਬਾਬ ਕਹਜੋ 'ਤੁਮ ਮਤ ਚਿਤ ਡਰੋ। ਦਸ ਦਿਨ ਮੇਲਾ ਅਬ ਤੁਮ ਭਰੋ'।
ਸਭੀ ਖਾਲਸੇ ਚਿਠੇ ਫਿਰਾਏ। ਆਇ ਅੰਮ੍ਰਿਤਸਰ ਡੇਰੇ ਲਾਏ।੨੧।
ਤਬ ਨਿਬਾਬ ਕੰਨ ਲੱਖੂ ਪਾਈ। 'ਸਿੰਘ ਜਾਤ ਫਿਰ ਕਰੈਂ ਦੰਗਾਈ'।
ਤਬ ਨਬਾਬ ਨੇ ਫੌਜ ਚੜ੍ਹਾਈ। ਦਿਵਾਨ ਲੱਖੂ ਕੇ ਗੈਲੇ[1] ਲਾਈ।੨੨।
ਤਬ ਲੱਖੂ ਕੋ ਖਾਂ ਨੇ ਕਹਜੋ। 'ਰਾਮ ਤੀਰਥ ਜਾਇ ਡੇਰਾ ਲਹਜੋ।
ਬਿਨ ਉਨ ਛੇੜਨ ਸਿੰਘ ਨ ਛਿੜਯੋ। ਫੌਜ ਪੜੀ ਤੇ ਰਹੂਗੁ ਦਬਯੋ।੨੩।
ਕਰੂਗੁ ਨ ਕੋਊ ਤੱਦੀ ਵਾਇ'। ਇਮ ਕਰ ਦਜੋ ਲੱਖੂ ਸਮਝਾਇ।
ਹੋਣ ਹਾਰ ਮਗਵਾਂ ਬਨੀ ਆਇ। ਕੌਣ ਸਕੇ ਪੰਥ ਬਚਨ ਟਲਾਇ।੨੪।

ਦੋਹਰਾ: ਦੁਵੱਲੋਂ ਫੌਜੈਂ ਜਬ ਜੁੜੈਂ ਸੁੱਖ ਕਹਾਂ ਤਬ ਹੋਇ।
ਸਮੋਂ ਮਨੀ ਸਿੰਘ ਆ ਪੁਜੋ ਖਾਨ ਅਕਲ ਦਈ ਖੋਇ।੨੫।

ਚੌਪਈ: ਨਿਬਾਬ ਅਕਲ ਯੌਂ ਰਾਈ ਵਕਾਈ। ਬਰੂਦ ਅਗਨ ਸੌਂ ਚਹੈ ਮਿਲਾਈ।
ਸ਼ਾਹਿ ਦੋਇ ਔ ਮਸਤ ਸਿੰਘ ਦੋਇ[2]। ਹੋਏ ਇਕੱਤ੍ਰ ਕਬ ਸੁਖ ਹੋਇ।੨੬।
ਸਿੰਘਨ ਫੌਜ ਸੁਨੀ ਜਬ ਆਈ। ਤੌ ਸਿੰਘਨ ਦਿਲ ਔਰ ਬਿਹਾਈ।
'ਹਮਕੋ ਮਾਰਨ ਫੌਜ ਸੁ ਆਈ। ਸਲੂਕ ਇਨ੍ਹੇਂ ਕੋ ਹਮ ਕਬ ਭਾਈ'।੨੭।
ਆਪ ਆਪਣੇ ਜਾਤ ਸੁ ਭਏ। ਕਿਛ ਨ੍ਹਾਤੇ ਕਿਛ ਬਿਨ ਹੀ ਨ੍ਹਏ।
ਨਹਿਂ ਦਰੋਗੈ ਕੋ ਟਕੇ ਸੁ ਆਏ। ਹੋਵਨਹਾਰ ਸੁ ਹੋਨੀ ਭਾਏ।੨੮।
ਸੰਗਤ ਕਹਜੋ 'ਦਿਨ ਆਯੋ ਸੋਈ। ਮਨੀ ਸਿੰਘ ਸਿਰ ਹੋਨੀ ਜੋਈ'।
ਸਮਝ ਮਨੀ ਸਿੰਘ ਮਨ ਮੈਂ ਬਹਜੋ। ਕਈ ਸਿੰਘਨ ਊਹਾਂ ਸਾਥ ਨਿਬਹਯੋ।੨੯।

ਦੋਹਰਾ: ਪੈਸੋ ਪੂਰੋ ਨਹਿਂ ਭਯੋ ਤੁਰਕਨ ਆਮਦ ਜਾਨ।
ਦੰਗੋ ਫੰਗੋ ਭੀ ਭਯੋ ਪਹੁੰਚਜੋ ਸਮੋਂ ਸੁ ਆਨ।੩੦।
ਸਿੰਘ ਸੁ ਦੰਗਜੋਂ ਕਬ ਟਲੈਂ ਜਿਨ ਕੀ ਆਦਤ ਦੰਗ।
ਹੋਵੈਂ ਪ੍ਰਸੰਨ ਏਹ ਕਰਤ ਹੀ ਆਦਹਿ ਦੰਗ ਔ ਜੰਗ।੩੧।

ਚੌਪਈ: ਯੌਂ ਅੰਮ੍ਰਿਤਸਰ ਲੱਖੂ ਆਯੋ। ਊਹਾਂ ਸਿੰਘ ਜੋ ਕੋਊ ਉਨ ਪਾਯੋ।
ਦੰਗੈ ਫੰਗੈ ਸੌਂ ਫੜ ਲਯੋ। ਫੜ ਆਗੈ ਨਿਬਾਬ ਪਾਸ ਪਹੁੰਚਯੋ।੩੨।
ਹੁਤੇ ਸਿੰਘਨ ਮੈਂ ਜੋ ਨਾਮਦਾਰ। ਸੋ ਫੜ ਲੀਨੇ ਮਨੀ ਸਿੰਘ ਨਾਰ।
ਐਸੋ ਫੇਰ ਸਮੈਂ ਕੋ ਅਯੋ। ਔਰ ਤਕਤ[3] ਤਹਿਂ ਔਰੋ ਭਯੋ।੩੩।
ਸੋਊ ਨਿਬਾਬ ਕੈ ਅਗੈ ਖੜ੍ਹਾਏ। ਨਬਾਬ ਕਾਜੀਆਂ ਦੀਓ ਭਖਾਏ।
ਨਬਾਬ ਕਹਜੋ 'ਹਮ ਪੈਸੇ ਦੇਹੁ'। ਔਰ ਸਿੰਘਨ ਕਹਜੋ 'ਜਾਮਨ ਲੇਹੁ'।੩੪।

੧.ਪਿਛੇ, ਤਾਬੇ। ੨.ਦੋ ਬਾਦਸ਼ਾਹ ਯਾ ਦੋ ਮਸਤ ਸ਼ੇਰ ਜੇ (ਆ ਇਕੱਠੇ ਹੋਣ)। ੩.ਤਕਦਿਆਂ ਨੂੰ।

Sri Satguru Jagjit Singh Ji eLibrary NamdhariElibrary@gmail.com

ਸ਼ਾਹੂਕਾਰ ਭੀ ਮੰਨਣ ਥੇ ਆਏ। ਮਨੀ ਸਿੰਘ ਸੋ ਦਏ ਹਟਾਏ।
'ਹਮ ਪੈ ਟਕੇ ਅਬੈ ਸੋ ਨਾਂਹੀ। ਟਕੇ ਨ ਦੇਣੇ ਹਮ ਨੇ ਕਦਾਂਹੀ'।੩੫।
ਕਹਜੋ 'ਵੇਲਾ ਹੈ ਹਮਰੋ ਆਯਾ। ਬਚਨ ਸਿਖਨ ਮੈਂ ਚਹੌਂ ਉਤਰਾਯਾ।
ਮੈਂ ਬੰਦ ਬੰਦ ਅਬ ਚਹੌਂ ਕਟਾਯਾ'। ਇਮ ਕਹਿਕੈ ਉਨ ਇਮੈ ਅਲਾਯਾ।੩੬।
'ਅਬ ਪੈਸੇ ਹਮ ਪੈ ਕਛੁ ਨਾਹੀਂ। ਲੈ ਜਾਨ ਹਮਾਰੀ ਨਗਦੀ ਮਾਹੀਂ'।
ਸ਼ਹਰ ਲੋਕ ਆ ਇਕੱਠੇ ਹੋਏ। ਲੈ ਕੇ ਪੈਸੇ ਆਨ ਖਲੋਏ।੩੭।

ਦੋਹਰਾ: ਮਨੀ ਸਿੰਘ ਸੋ ਲਖ ਸਮੋ ਹੁਈ ਬਾਤ ਦਏ ਤੋੜ।
'ਸਿੱਖਨ ਬਚਨ ਸੁ ਕਿਮ ਟਲੈ ਕਰੈਂ ਜਤਨ ਜੁ ਕਰੋੜ'।੩੮।

ਚੌਪਈ: ਨਬਾਬ ਮਨੈਂ ਬਹੁ ਕ੍ਰੋਧੋ ਆਯਾ। ਹੋਣ ਸ੍ਰਾਪ ਨੈਂ ਸਮੋਂ ਪੁਜਾਯਾ।
ਕਾਜੀ ਮੁੱਲਾਂ ਲਏ ਬੁਲਾਇ। ਪੂਛਜੋ ਉਨ ਕੋ ਪਾਸ ਬਹਾਇ।੩੯।
ਖਾਨ ਕਹਜੋ 'ਹੋਹੁ ਮੁੱਸਲਮਾਨ। ਤਦ ਛੋਡੈਂਗੇ ਤੁਮਰੀ ਜਾਨ'।
ਸਿੰਘਨ ਕਹਜੋ 'ਹਮ ਸਿਦਕ ਨ ਹਾਰੈਂ। ਕਈ ਜਨਮ ਪਰ ਸਿਦਕ ਸੁ ਗਾਰੈਂ।੪੦।
ਸਿੰਘਨ ਮਾਰਨ ਕੀ ਬਿਧ ਕਹੋ। ਕੁਰਾਨ ਕਿਤਾਬਨ ਲਿਖਜੋ ਜਿਮ ਮਹੋ'।
ਤਬ ਕਾਜੀ ਨੇ ਜਿਮ ਹੀ ਕਹਜੋ। ਤਿਵੇਂ ਮੁਫਤੀ ਨੇ ਫਤਵਾ ਦਯੋ।੪੧।
'ਬੰਦ ਬੰਦ ਜੁਦੋ ਸਿੰਘ ਮਨੀ ਕਰਾਵੋ। ਤਿਮ ਕਰ ਚਹੀਯਤ ਜਗਤ ਦਿਖਾਵੋ'।
ਹੋਨੀ ਸੀ ਸੋ ਉਨ ਮੁਖ ਬੋਲੀ। ਉਨ ਮੁਖ ਭੀ ਸਾਪ ਕੁੰਜੀ ਖੋਲੀ।੪੨।

ਦੋਹਰਾ: ਉਨਕੀ ਕਿਤਾਬਨ ਤੇ ਤਬੈ ਨਿਕਸਜੋ ਸੋਊ ਵਾਕ।
ਵਾਕ ਸਿਖਨ ਕੋ ਨਹਿੰ ਮਿਟੈ, ਮੇਟੈ ਉਡੇ ਤਿਸ ਖਾਕ।੪੩।

ਚੌਪਈ: ਤਬ ਨਬਾਬ ਨੈ ਯੌਂ ਫੁਰਮਾਯੋ। 'ਬੰਦ ਬੰਦ ਅਬ ਜੁਦਾ ਕਰਾਯੋ'।
ਚੰਡਾਲਨ ਸਿੰਘ ਤੁਰਤ ਫੜਾਯਾ। ਨਿਕਾਸ ਚੌਂਕ ਕੇ ਵਿੱਚ ਬਹਾਯਾ।੪੪।
ਚੰਡਾਲ ਬੰਦ ਤਬ ਚਾਰ ਬਤਾਏ। 'ਬਾਹਾਂ ਟੰਗਾਂ ਕਰੋਂ ਜੁਦਾਏ'।
ਤਬਹਿ ਮਨੀ ਸਿੰਘ ਉਨ ਸੋਂ ਕਹੀ। 'ਤੁਮ ਬੰਦ ਬੰਦ ਕੋ ਜਾਨਤ ਨਹੀ।੪੫।
ਮੈਂ ਬੰਦ ਬੰਦ ਨਿਜ ਦਿਓਂ ਬਤਾਈ। ਤਿਮੈਂ ਤਿਮੈਂ ਤੂੰ ਛੁਰੀ ਚਲਾਈਂ'।
ਪਹਿਲੇ ਉਂਗਲੀਓਂ ਪੋਟੇ ਕਟਾਏ। ਫਿਰ ਮਧ ਰੀਢੋਂ ਬੰਦ ਛੁਡਾਏ।੪੬।
ਫਿਰ ਉਂਗਲੀ ਤਿਈ ਵਾਰ ਕਟਾਈ। ਫਿਰ ਪੌਂਚੇ ਸ ਬੀਣੀ ਛੁਡਾਈ।
ਚੰਡਾਲ ਚਾਹੇ ਫਿਰ ਮੋਢਜੋਂ ਲਹਾਈ। ਮਨੀ ਸਿੰਘ ਦਈ ਕੂਹਨੀ ਅੜਾਈ।੪੭।
ਕੂਹਣੀ ਕਟਾਇ ਫਿਰ ਮੋਢਜੋਂ ਲਹਾਈ। ਸੱਜੀ ਕਟਾਇ ਫਿਰ ਖੱਬੀ ਫੜਾਈ।
ਤਿਮ ਹੀ ਪੋਟਜੋਂ ਬੰਦ ਕਟਾਯੋ। ਗਠ ਗਠ ਉਂਗਲ ਗੂਠੇ ਬਢਾਯੋ।੪੮।

ਦੋਹਰਾ: ਸੱਜੀ ਜਿਮ ਖੱਬੀ ਕਟੀ ਤੌ ਦੀਨੋ ਚਰਨ ਚਲਾਇ
ਤਿਮ ਪੋਟੇ ਪੈਰਨ ਕਟੇ ਤਿਨ ਗਲਮੋਂ[1] ਗੋਡੇ ਕਟਾਇ।੪੯।

੧. ਗਿੱਟੇ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਇਕ ਦੇਖਜੋ ਸੱਯਦ ਤਮਾਸ਼ਾ। ਪਿਖ ਚਰਿੱਤ੍ਰ ਤਿਸ ਬਢ ਗਯੋ ਸਾਸਾ[1]।
'ਜੋ ਇਸ ਮੁਖ ਤੇ ਨਿਕਸੈ ਵਾਕ। ਜਾਵਗੁ ਸੱਤ ਵਲਾਇਤ ਤਾਕ।੫੦।
ਇਕ ਧੰਧਲੀ ਥੋ ਸਿੱਧ ਕਹਾਯੋ। ਤਿਸ ਕੋ ਚੇਲਾ ਕਿਛਕੁ ਅਕਾਯੋ।
ਏਕ ਪਟਨ ਪੁਰ ਨਿਕਸਜੋ ਬੋਲ। ਅਠਾਰਾਂ ਗਰਕ ਗਏ ਇਕ ਤੋਲ'।੫੧।
ਧੁ ਤੇਗਨ ਤਿਨ ਮਜਾਨ ਨਿਕਾਰੀ। ਮਾਰ ਮਨੀ ਸਿੰਘ ਗ੍ਰੀਵ ਉਤਾਰੀ।
ਸਿੰਘ ਜੀ ਮੁਖਗੁਰ ਕਤ੍ਰਤੋ ਬਾਨੀ। ਨਹਿ ਕੁਛ ਪੀੜ ਦੇਹ ਉਨ ਜਾਨੀ।੫੨।
ਬਿਦੇਹ ਰੂਪ ਥੋ ਸਿੰਘ ਜੀ ਧਾਰਜੋ। ਮੁਖ ਸੌਂ ਸਬਦ ਬਿਦੇਹ ਉਚਾਰਜੋ।
ਪਾਠ ਸੁਖਮਨੀ ਮੁਖੋਂ ਉਚਰੈ। 'ਨਹ ਕਿਛੁ ਜਨਮੈ ਨਹ ਕਿਛੁ ਮਰੈ'।੫੩।

ਦੋਹਰਾ: ਮਰਨ ਸਭਨ ਕੇ ਸੀਸ ਪੈ ਸੁਫਲ ਮਰਨ ਹੈ ਤਾਹਿ।
ਤਨਕ ਬਿਖੈ ਤਨ ਕੋ ਤਜੈ ਪੀਯ ਸੌਂ ਪ੍ਰੀਤ ਬਨਾਹਿ।੫੪।
"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ।
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ"॥੨੨॥

ਦੋਹਰਾ: ਮਨਸੂਰ ਮਨਸੂਰ ਇਮ ਜਗ ਭਯੋ ਕੱਟੇ ਹੱਥ ਇਕ ਸੱਟ।
ਮਨੀਂ ਸਿੰਘ ਬਹੁ ਸੱਟ ਸਹੀ ਬੰਦ ਬੰਦ ਸੁਟਾਯੋ ਕੱਟ।੫੫।
ਸੂਲੀ ਰਿਖ ਰਖ ਦੇਹ ਕੋ ਮਧ ਸੂਲੀ ਦੇਹ ਫਿਰਾਇ।
ਸੋਈ ਦੇਹ ਇਨ ਨਾਂ ਰਖੀ ਇਮ ਮਨੀ ਸਿੰਘ ਅਧਿਕਾਇ।੫੬।

ਚੌਪਈ: ਸੀਸ ਭਯੋ ਤਬ ਧੜ ਤੇ ਦੂਰ। ਰਹੀ ਸਿਖੀ ਸਿੰਘ ਸਾਬਤ ਸੂਰ।
ਹੈ ਹੈ ਕਾਰ ਜਗਤ ਮੈਂ ਭਯੋ। ਜੈ ਜੈ ਕਾਰ ਸਿਖਨ ਮਨ ਠਯੋ।੫੭।
ਸਾਬਤ ਸਿੱਖੀ ਸਿਖ ਕੀ ਰਹੀ। ਸ੍ਰਾਪ ਸਿਖਨ ਕੋ ਤੌ ਭਯੋ ਸਹੀ।
ਭਯੋ ਸ਼ਹੀਦਨ ਮੈਂ ਸਰਦਾਰ। ਸਾਹਿਬਜ਼ਾਦਨ ਢਿਗ ਡਿਉਢੀਦਾਰ।੫੮।
ਮਨੀ ਸਿੰਘ ਯੌ ਸਾਕੋ ਕੀਓ। ਸਹੀ ਸਤ੍ਰਾਰਾਂ ਸੈ ਚੁਰਾਨਵਯੋ[2]।
ਰਤਨ ਸਿੰਘ ਮੁਨ ਸਾਖੀ ਲਿਖੀ। ਪਿਤਾ ਹਮਾਰੇ ਕਹੀ ਸੀ 'ਪਿਖੀ'।੫੯।

ਉਸ ਵਕਤ ਕੇ ਭੱਟ ਕੋ ਵਾਕ

੧੨੩. [ਭਾਈ ਮਨੀ ਸਿੰਘ ਦੀ ਮਹਿਮਾ ਭੱਟ ਦੀ ਜ਼ੁਬਾਨੀ]

ਕਬਿਤ: ਸਿੱਖਨ ਮੈਂ ਸਿੱਖ ਊਚੋ ਭਗਤਨ ਮੈਂ ਭਗਤ ਮੂਚੋ
ਸਿੱਖੀ ਕੀ ਨਿਆਈ ਕਹੀਏ ਭਾਈ ਮਨੀ ਸਿੰਘ ਜੀ।
ਜਗਤ ਮੈਂ ਜੈਕਾਰ ਭਯੋ ਧਰ ਅਰਥ ਦੇਹ ਦਯੋ
ਸਿਦਕ ਸੌਂ ਕਟਾਯੋ ਹੀਯੋ ਨ ਮਾਨੀ ਕਛੂ ਸੰਕ ਜੀ।
ਸਿੱਖ ਸੋ ਪ੍ਰਸੰਨ ਭਏ ਦੁਸ਼ਟ ਸਭ ਭ੍ਰਿਸ਼ਟ ਭਏ
ਗਿਆਨ ਕੀ ਖੜਗ ਸੌਂ ਸੋ ਮਾਰੇ ਚੌਰੰਗ ਜੀ।

੧. ਸੰਸਾ। ੨. ਸੰ:੧੭੯੪

ਗੁਰ ਸਿਖ ਕਹਾਵੈ ਜੋਊ ਕਰਨੀ ਯਹਿ ਕਮਾਵੈ ਸੋਊ
ਮਨੀ ਸਿੰਘ ਤੁੱਲ ਭਯੋ ਕੋ ਰਾਣਾਂ ਔ ਨ ਰੰਕ ਜੀ।੧।

ਦੋਹਰਾ: ਮਨੀ ਸਿੰਘ ਮਰਨ ਮਾਂਡਿਓ ਸਿੱਖਨ ਸ੍ਰਾਪ ਪਛਾਨ।
ਚੌਂਕ ਨਿਕਾਸ[1] ਲਹੌਰ ਮੈਂ ਹਲਜੇ ਬਜਾਇ ਨਿਸ਼ਾਨ।੨।

ਦੋਹਰਾ: ਮਨੀ ਸਿੰਘ ਕੇ ਸਾਥ ਜੋ ਫੜੇ ਸਿੰਘ ਥੇ ਔਰ।
ਮਾਰੇ ਚਰਖ ਚੜ੍ਹਾਇਕੈ ਚੌਂਕ ਨਿਕਾਸ[1] ਲਹੌਰ।੩।

ਸਾਖੀ ਨਾਦਰ ਸ਼ਾਹ ਕੀ

੧੨੪. [ਨਾਦਰ ਸ਼ਾਹ ਦਾ ਹੱਲਾ ਤੇ ਦਿੱਲੀ ਦੀ ਲੁੱਟ]

ਦੋਹਰਾ: ਸੱਤ੍ਰੇ ਸੈ ਪਚਾਨਵੇ ਖਾਨ ਬਹਾਦ੍ਰ ਨਬਾਬ।
ਉਨ ਬਹੁ ਦੁਖ ਸਿੰਘਨ ਦਯੋ ਪਾਪੀ ਬਡੋ ਖਰਾਬ।੧।
ਮਨੀ ਸਿੰਘ ਜਬ ਮਾਰਿਓ ਬੰਦ ਬੰਦ ਤਿਸੈ ਕਟਾਇ।
ਔਰ ਸਿੰਘ ਥੇ ਜੋ ਮਰੇ ਕੋ ਸਭ ਸਕੈ ਗਿਨਾਇ।੨।

ਚੌਪਈ: ਕਈ ਚਰਖ ਕਈ ਫਾਂਸੀ ਮਾਰੇ। ਕਈ ਤੋਪਨ ਕਈ ਛੁਰੀ ਕਟਾਰੇ।
ਕਈਅਨ ਕੈ ਸਿਰ ਮੁੰਗਲੀਂ ਕੁੱਟੇ। ਕਈ ਡੋਬੇ ਕਈ ਘਸੀਟ ਸੁ ਸੁੱਟੇ।੩।
ਦੱਬੇ ਟੰਗੇ ਬੰਦੂਖਨ ਦਏ ਮਾਰ। ਕੌਨ ਗਨੈ ਜੋ ਮਾਰੇ ਹਜ਼ਾਰ।
ਪਾਂਤ ਪਾਂਤ ਕਈ ਪਕੜ ਬਹਾਏ। ਸਾਥ ਤੇਗਨ ਕੇ ਸੀਸ ਉਡਵਾਏ।੪।
ਕਿਸੇ ਹੱਥ ਕਿਸੈ ਟੰਗ ਕਟਵਾਇ। ਅੱਖ ਕੱਢ ਕਿਸੈ ਖਲ ਕਢਵਾਇ।
ਕੇਸਨ ਵਾਲੋ ਜੋ ਨਰ ਹੋਈ। ਬਾਲ ਬਿਰਧ ਲਭ ਛਡੈ ਨ ਕੋਈ।੫।

ਦੋਹਰਾ: ਸਿੰਘਨ ਕੈ ਉਨ ਅਕਪਕੈ[2] ਬਿਚ ਮਾਰਜੋ ਹਕੀਕਤ ਰਾਇ।
ਜੈਸੇ ਬਨੀਓਂ ਮਾਸ ਹਿਤ ਖਾਵਤ ਰੋੜ ਬਨਾਇ।੬।

ਚੌਪਈ: ਜਬੈ ਖਾਲਸੇ ਬਹੁ ਦੁਖ ਦਯੋ। ਚਾਰ ਕੁੰਟ ਮੈਂ ਸ਼ੋਰ ਸੁ ਭਯੋ।
ਸੋਊ ਸ਼ੋਰ ਸੁਨਜੋ ਉਇ ਥਾਹਿ। ਹੁਤੀ ਅਦਾਲਤ ਜਹਿਂ ਦਰਗਾਹ।੭।
ਲਯੋ ਮੁਹੰਮਦ ਸੱਦ ਤਿਹ ਠਾਈ। ਦਈ ਦੂਰ ਹੀ ਬੈਠਕ ਤਾਂਹੀ।
ਕਹਜੋ ਸੁ, ਉੱਮਤ ਤੁਮਰੀ ਖ੍ਵਾਰ। ਆਵੇ ਨਹਿ ਇਮ ਤੂੰ ਹਮ ਦ੍ਵਾਰ।੮।
ਬਾਰਾਂ ਸਦੀ ਤੁਹਿ ਪੂਰੀ ਭਈ। ਅਬੈ ਸਦੀ ਖਾਲਸੈ ਕੀ ਅਈ।
ਤੁਮੈ ਬੁਰਾਈ ਬਹੁ ਕਰ ਲਈ। ਆਪੇ ਲਰ ਮਰ ਜਾਹੁ ਮੁਕਈਂ।੯।
ਯੋ ਜਬ ਹੁਕਮ ਭਯੋ ਕਰਤਾਰ। ਦਿੱਲੀ ਸੂਬੇ ਭਏ ਖੁਆਰ।
ਆਪਸ ਮੈਂ ਵੈ ਫਟ ਗਲ ਗਏ। ਬੁਲਾਵਤ ਨਾਦਰ ਆਪੇ ਭਏ।੧੦।

---

੧. ਨਖਾਸ=ਮੰਡੀ, ਘੋੜ ਮੰਡੀ।   ੨. ਭੁਲੇਖੇ ਵਿਚ।

Sri Satguru Jagjit Singh Ji eLibrary   NamdhariElibrary@gmail.com

ਦੋਹਰਾ: ਤਬ ਦਰਗਹ ਕੋਪੀ ਭਈ ਪਰ ਦਿਲੀ ਮੁਹੰਮਦ ਸ਼ਾਹ।
ਤੁਰਕਨ ਲੜਕੇ ਮੁਕਨ ਕੋ ਭੇਜਯੋ ਨਾਦਰ ਸ਼ਾਹਿ।੧੧।

ਚੌਪਈ: ਜਬ ਨਾਦਰ ਸ਼ਾਹਿ ਪੁਜਯੋ ਲਹੌਰ। ਖਾਨ ਬਹਾਦਰ ਮਿਲ ਗਯੋ ਔਰ।
ਤੀਨ ਕੋਟ ਸਿਰ ਰੁਪੱਯੇ ਚੁਕਾਈ। ਸਿੰਘਨ ਦਿਲੇ ਵਧਾਈ ਭਾਈ।੧੨।
ਔਰ ਜਗਤ ਮੈਂ ਪਰ ਗਯੋ ਸ਼ੋਰ। ਲਾਗੇ ਸਿੰਘ ਕਰਨ ਫਿਰ ਦੌਰ।
ਕਾਬਲ ਤੇ ਜੋ ਆਵੈ ਸਾਥ। ਤਿਸੈ ਸਿੰਘ ਮਿਲ ਮਾਰੈਂ ਹਾਥ।੧੩।

ਦੋਹਰਾ: ਤਬੈ ਖਾਲਸੇ ਦਾਉ ਲਗੋ ਖੋਸਹਿਂ ਖਾਹਿਂ ਸਰਬੱਤ।
ਕਾਬਲ ਔ ਕੰਧਾਰ ਕੋ ਲਹੌਰ ਦਿੱਲੀ ਅਲਬੱਤ।੧੪।

ਚੌਪਈ: ਜੋ ਦਿਲੀਓਂ ਵਲ ਤੁਰੈ ਕੰਧਾਰ। ਮਿਲ ਸਿੰਘਨ ਤਿਸ ਲੇਵੈਂ ਮਾਰ।
ਗੁਜਰ ਖਾਲਸੇ ਆਛੀ ਕਰੀ। ਜਿਤਨੀ ਕਰੀ ਸੁ ਆਛੀ ਸਰੀ।੧੫।
ਨਗਦੀ ਘੋੜਾ ਆਛੇ ਮਾਲ। ਲੂਟ ਲੇਹਿਂ ਸਿੰਘ ਗੁਰ ਕੇ ਲਾਲ।
ਸਿੰਘ ਕਹੈਂ 'ਹਮ ਖਾਤਰ ਆਯੋ'। ਤੁਰਕਨ ਸੋਂ ਲਰ ਤੁਰਕ ਖਪਾਯੋ।੧੬।
ਹੋਨ ਨਾਸ ਦੁਇ ਧਿਰ ਕੋ ਆਯੋ। ਹੋਨ ਖਾਲਸੇ ਬਾਧੋ ਬਨਾਯੋ।
ਜਿਮ ਕੰਟਨ ਤੇ ਕੰਟੇ ਨਿਕਾਰੈਂ। ਸੋ ਕੰਟਾ ਫਿਰ ਦੀਜਤ ਡਾਰੈ।੧੭।
ਕਹੈਂ ਸਿੰਘ 'ਅਬ ਸਮੋਂ ਸੁ ਆਯਾ। ਥੋ ਸਤਿਗੁਰ ਯੌਂ ਬਚਨ ਅਲਾਯਾ।
ਕਾਬਲ ਤੇ ਇਕ ਕੁੱਤਾ ਮੰਗਾਊਂ। ਇਨਕਾ ਉਨ ਤੇ ਨਾਸ਼ ਕਰਾਊਂ।੧੮।
ਫਿਰ ਦੱਖਨ ਤੇ ਲਜਾਊਂ ਫੌਜ। ਲੜ ਕਰ ਇਕ ਉਨ ਮਿਟੈ ਜਜੋਂ ਖੋਜ।
ਫੇਰ ਖਾਲਸੇ ਭੂਰੇ ਮੰਗਾਊਂ। ਦੋਊ ਖਾਲਸੈ ਮੇਲ ਕਰਾਊਂ।੧੯।
ਦਿੱਲੀ ਲਹੌਰ ਕੇ ਤਖਤ ਪੁਟਾਊਂ। ਸਾਤੋ ਧਾਰਨ ਧੂੜ ਮਿਲਾਊਂ।
ਬਾਈ ਸੂਬੇ ਦੇਊਂ ਤੋੜ। ਬਜੀਰ ਪਤਿਸ਼ਾਹਨ ਦੇਊਂ ਫੋੜ।੨੦।
ਤੁਰਕ ਨਗਾਰੇ ਬਜਨ ਹਟਾਊਂ। ਅਕਾਲ ਅਕਾਲ ਕੋ ਜਾਪ ਜਪਾਊਂ।
ਸੋਊ ਸਮੋਂ ਅਬ ਆਯੋ ਜਾਨੋ। ਲੂਟੋ ਖਾਹੋ ਜੋ ਮਨ ਮਾਨੋਂ'।੨੧।

ਦੋਹਰਾ: ਸਿੰਘਨ ਮੈਂ ਨਿਬਾਬ ਜੁ ਕਪੂਰ ਸਿੰਘ ਜੀ ਨਾਮ।
ਸਭ ਸਿੰਘਨ ਸੋਂ ਤਿਨ ਕਹੀ 'ਬਨੂੰ ਸਿੰਘਨ ਬਡਕਾਮ'।੨੨।
ਕਪੂਰ ਸਿੰਘ ਜਬ ਯੌਂ ਕਹੀ ਸਿੰਘਨ ਸਭਨ ਸੁਨਾਇ।
'ਸੱਤਿ ਸੱਤਿ' ਸਭ ਕਹਿ ਉਠੇ ਕੁੰਨਸ[1] ਕਰ ਸਿਰ ਨਜਾਇ।੨੩।

ਚੌਪਈ: ਦਿੱਲੀ ਲੂਟ ਕਹਾਂ ਲੌ ਗਨੀਐ। ਪਦਮ ਰੁਪੱਯੇ ਲੈ ਗਯੋ ਸੁਨੀਐ।
ਤੁਹਫੇ ਥੇ ਜੋ ਹਿੰਦ ਮੈਂ ਸਾਰੇ। ਬਾਈਅਨ ਸੂਬਜਨ ਵਿਚ ਥੇ ਧਾਰੇ।੨੪।
ਤਖਤ ਤਊਸੀ[2] ਨੌ ਕੋਟਾ ਜੋਊ। ਸੁਇਨਾ ਸੁਗੰਧੀ ਸੌ ਦੋਇ ਤੋਲੈ ਹੋਊ।
ਇਕ ਹੀਰਾ ਥਾ ਪੰਡਵਨ ਵਾਲੇ। ਦੂਯੋ ਕਹੈਂ ਕੋਊ ਬਡ ਥੋ ਲਾਲੇ।੨੫।

---

੧ ਕੋਰਨਿਸ਼, ਡੰਡਉਤ।   ੨. ਤਖਤੇ ਤਾਊਸ।

ਉਸ ਸੋਂ ਸ਼ਾਹੁ ਰੈਨ ਪੜੇ ਕੁਰਾਨ। ਹੈ ਚਰਚਾ ਯਹ ਮੱਧ ਜਹਾਨ।
ਸਾਹਿਨਕੂਰ ਕੋਊ ਮੱਛੀ ਕਹੈਂ। ਲਾਇ ਕਰਦ ਜਿਸ ਮਾਸ ਸੁ ਖਹੈਂ।੨੬।
ਮੋਤੀ ਆਂਡੇ ਮੁਰਗ ਸਮਾਨ। ਸੋਸਠ ਰੱਤੀ ਤੋਲ ਪਛਾਨ।
ਗੁਲਾਈ ਤਿਨਕੀ ਬਡੀ ਅਪਾਰ। ਕਹੀ ਕਵੀਸ਼ਰ ਬੁਧਿ ਅਨੁਸਾਰ।੨੭।

ਦੋਹਰਾ: ਤਾਨਸੈਨ ਪਤਿਸ਼ਾਹਿ ਦੇ ਤੋਹਫੇ ਲਏ ਥੇ ਦੋਇ।
ਐਨ ਚੈਨ ਕੀ ਮਾਲ ਇਕ ਔ ਹੀਰਾ ਗੁਲਾਬੀ ਸੋਇ।੨੮।
ਉਸ ਹੀਰੇ ਕੀ ਖਾਤਰੇ ਦਿੱਲੀ ਮੁਗਲ ਪਤਿਸਾਹਿ।
ਤੋੜੈ ਵੱਟ ਜੁਵਾਹਰੀ ਦੁਇ ਚਾਵਲ ਘੱਟ ਕਰਾਇ।੨੯।
ਬਾਰਾਂ ਰੱਤੀ ਥੋ ਪਕੀ ਔ ਦੁਇ ਚਾਵਲ ਘਟ ਸੋਇ।
ਪਰੇ ਪ੍ਰਛਾਵੇਂ ਜਿਸ ਤਰਫ ਗੁਲਾਬੀ ਸਭਾ ਸੁ ਹੋਇ।੩੦।

ਚੌਪਈ: ਐਨ ਚੈਨ ਕੀ ਮਾਲਾ ਜੋਇ। ਅੱਖ ਛੁਹਾਇ ਦੁਖ ਦੇ ਖੋਇ।
ਸੋ ਨਾਦਰ ਤਰਕਸ ਲਟਕਾਈ। ਛਿਦ੍ਰ ਚਾਰ ਕਰ[1] ਪਤ ਗਵਾਈ।੩੧।
ਅੱਸੀ ਹੱਟ ਥੋ ਕਰੋੜੋ ਪੱਤੀ। ਨਾਦਰ ਛੱਡੀ ਨ ਲਖਨ ਵੱਤੀ[2]।
ਜੋਰਾ ਭੋਰਾ ਖੋਹ ਲੈ ਗਯੋ। ਬੀਸ ਕੋਟ ਫਿਰ ਟਕਾ ਚੁਕਯੋ।੩੨।
ਤੀਨ ਕੋਟ ਤਿਨ ਮੈਂ ਤੁਟ ਰਹਯੋ। ਸੋਊ ਆਇ ਅਹਮਦ ਸ਼ਾਹ ਲਯੋ।
ਪੰਜ ਸੂਬੇ ਲਏ ਹਿੰਦੋਂ ਕਟਾਇ। ਲਹੌਰ ਸੁ ਅਪਨੀ ਲਈ ਲਿਖਾਇ।੩੩।

ਦੋਹਰਾ: ਔਰ ਦਰਬ ਕੀ ਕਿਆ ਕਹੀਏ ਬਾਈ ਸੂਬੇ ਪਤਿਸ਼ਾਹਿ।
ਤਿਨ੍ਹੋ ਇਕੱਠੀ ਥੀ ਕਰੀ ਸੋ ਲੈ ਗਯੋ ਨਾਦਰ ਸਾਹਿ।੩੪।
ਜੋਊ ਮਾਰੇ ਜੰਗ ਮੈਂ ਤਿਨ ਕੀ ਕੌਣ ਸ਼ੁਮਾਰ।
ਕੀਤੇ ਕਤਲ ਗਰੀਬ ਉਨ ਮਧ ਦਿੱਲੀ ਸੱਤ੍ਰ ਹਜ਼ਾਰ।੩੫।

ਚੌਪਈ: ਇਮ ਕਰ ਤੁਰਕ ਤੁਰਕਨ ਦਏ ਗਾਲ। ਜੋ ਗਲਿਓ ਸੋ ਪਾਟਕ ਨਾਲ।
ਔਰ ਬਾਤ ਉਸ ਸਾਰੀ ਕਹੂੰ। ਗ੍ਰੰਥ ਵਧਨ ਤੇ ਚਿਤ ਸੰਕਹੂੰ[3]।੩੬।

ਖਾਲਸੇ ਦੀ ਫਰਯਾਦ ਸੱਚੀ ਦਰਗਾਹ ਪਹੁੰਚੀ

੧੨੫. [ਅਹਿਮਦ ਸ਼ਾਹ ਨੇ ਖਾਨ ਬਹਾਦਰ ਤੋਂ ਸਿੰਘਾਂ ਦੇ ਹਾਲ ਪੁੱਛਣੇ]

ਦੋਹਰਾ: ਸਿੰਘਨ ਕੀ ਫਰਿਆਦ ਜਬ ਪੁਜੀ ਸਚੀ ਦਰਗਾਹਿ।
ਆਫਤ ਉਠੀ ਕੁਰਾਸਾਨ ਤੇ ਪਰੀ ਦਿੱਲੀ ਪੁਰ ਆਇ।੧।

ਦੋਹਰਾ: ਦਿੱਲੀ ਖੂਬ ਸੁ ਉਨ ਲੁਟੀ ਡੇਰਾ ਬਰਸ ਕਰਾਇ।
ਦਰਬ ਪਦਮ ਕਈ ਲੈਗਯੋ। ਫਿਰਿ ਪੂਛਯੋ ਖਾਨੂ ਆਇ।੨।

੧.ਚਾਰ ਛੇਕ ਕਰਕੇ। ੨. ਭਾਵ ਖੁਰਾ ਖੋਜ ਮਿਟਾ ਦਿਤਾ। ੩. ਡਰਦਾ ਹਾਂ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਪੂਛਜੋ ਨਾਦਰ ਨੇ ਖਾਨੂ ਆਇ। 'ਹਮ ਕੋ ਲੁੱਟਨਦਾਰ ਬਤਾਇ।
ਜਿਨ ਲੁਟ ਖਾਯੋ ਹਮਰੋ ਰਾਹੁ। ਮੁਲਕ ਉਮੈ ਕੀ ਉਡਾ ਦਯੋਂ ਸੁਾਹਿ'।੩।
ਤਬ ਖਾਨੂੰ ਨੇ ਐਸ ਬਖਾਨੀ। 'ਮੁਲਕ ਉਮੈ ਕੋ ਨਾਂਹਿ ਨਿਸ਼ਾਨੀ।
ਖੜੇ ਸੋਵੈਂ ਔ ਚਲਤੇ ਖਾਂਹਿ। ਨਹਿੰ ਬੈਠੈਂ ਵੈ ਕਿਤੇ ਹਿਰਾਇੰ।੪।
ਨੂਨ ਘਿਰਤ ਕੋ ਸਾਦ ਨ ਜਾਨੈ। ਹਮ ਦੁਖ ਦੇਵੈਂ ਵੈ ਸੁਖ ਮਾਨੈਂ।
ਹਾੜ ਨ ਦਿਨ ਭਰ ਪੀਵੈਂ ਪਾਨੀ। ਸਜਾਲੇ ਰਖੈਂ ਨ ਅਗਨ ਨਿਸ਼ਾਨੀ।੫।
ਨਹਿੰ ਖਾਵੈਂ ਵੈ ਪੀਸਜੋ ਨਾਜ। ਲੜੈਂ ਬਹੁਤ ਵੈ ਕਰਕੇ ਭਾਜ।
ਏਕ ਹੋਇ ਤਾਂ ਸੌ ਸੌ ਲਰੈਂ। ਮਰਨੇ ਤੇ ਵੈ ਮੂਲ ਨ ਡਰੈਂ।੬।

ਦੋਹਰਾ: ਰਹੈ ਚਾਉ ਉਨ ਮਰਨ ਕੋ ਦੀਨ ਮਜ਼ਹਬ ਕੈ ਭਾਇ।
ਹਮ ਮਾਰਤ ਉਨ ਥਕ ਗਏ ਉਇ ਘਟਤ ਨ ਕਿਤਹੂੰ ਦਾਇ'।੭।
ਫਿਰ ਨਾਦਰ ਖਾਨੂੰ ਪੁਛਜੋ 'ਵਹਿ ਉੱਮਤ ਕਿਹ ਪੀਰ?
ਕੈ ਵਹਿ ਆਪੇ ਤੇ ਵਧੇ ਤੌ ਵਹਿ ਹੋਹਿੰ ਤਗੀਰ'।੮।
ਤਬ ਖਾਨੂੰ ਨੇ ਸਭ ਕਹਜੋ 'ਗੁਰ ਨਾਨਕ ਕੋ ਪ੍ਰਕਾਸ਼'।
ਕਰਾਮਾਤ ਭੀ ਬਹੁ ਕਹੀ ਜਨਮ ਸੁ ਸਾਖੀ ਭਾਖ।੯।

ਚੌਪਈ: ਜਿਮ ਉਨ ਨਾਨਕ ਸੰਗਤ[1] ਮਾਰੀ। ਜਿਮ ਜਿਮ ਇਨ ਸੋਂ ਕਰੀ ਖ਼ੁਆਰੀ।
ਜਿਮ ਜਿਮ ਲੀਨੀ ਕਰਾ ਸੁ ਮਾਤ। ਜਿਮ ਸਤਿਗੁਰ ਸੋ ਕੀਨੇ ਘਾਤ।੧੦।
ਪੁਛ ਪੁਛ ਨਾਦਰ ਸਭ ਸੁਨ ਲਯੋ। ਸਭੋ ਭੇਤ ਤਬ ਖਾਨੂੰ ਦਯੋ।
ਤੇਗ ਬਹਾਦਰ ਜਿਮ ਸਿਰ ਦਯੋ। ਜਿਮ ਕਰ ਚਾਰ ਸ਼ਜ਼ਾਦੇ ਹਯੋ।੧੧।
ਤਬ ਨਾਦਰ ਸੁਨ ਸੀਸ ਹਿਲਾਯੋ। 'ਅਪਨੋ ਕੀਨੋ ਅਬ ਤੁਮ ਪਾਯੋ।
ਸੋ ਅਬ ਜੀਤੇ ਜਾਵੈਂ ਨਾਹੀਂ। ਜਿਨਕੈ ਸਾਹਿਬ ਆਪ ਪਨਾਹੀ[2]'।੧੨।

ਦੋਹਰਾ: ਸੱਤ੍ਰਾਂ ਸੈਂ ਛਿਆਨਵੈਂ ਨਾਦਰ ਗਯੋ ਕੰਧਾਰ।
ਖਾਨ ਬਹਾਦਰ ਖਿਝ ਤਬੈ ਧਰੀ ਸਿੰਘਨ ਫਿਰ ਮਾਰ।੧੩।

ਚੌਪਈ: ਮਾਰਤ ਮਾਰਤ ਸੋ ਮਰ ਗਯੋ। ਤਿਨ ਕੋ ਕਰਨੋ ਜੋ ਕੁਛ ਰਹਜੋ।
ਜੋ ਸੁਨਿਓਂ ਸੋ ਦੇਊਂ ਆਖ। ਪੁਰਖ ਪੁਰਾਤਨ ਜਿਮ ਗਏ ਭਾਖ।੧੪।

ਸਾਖੀ ਖਾਨੂ ਨਬਾਬ ਕੀ

੧੨੯. [ਖਾਲਸੇ ਦਾ ਪੱਤਾ ਪੱਤਾ ਵੈਰੀ]

ਦੋਹਰਾ: ਜਬ ਨਾਦਰ ਕਾਬਲ ਗਯੋ ਸੁਨੋ ਜੁ ਖਾਨੂ ਕੀਨ।
ਚਾਹਜੋ ਅਪਨੇ ਦੇਸ਼ ਮੈਂ ਸਿੰਘਨ ਰਹਨ ਨ ਦੀਨ।੧।

੧ ਗੁਰ ਨਾਨਕ ਦੀ ਸੰਗਤ ਭਾਵ ਸਿੱਖ।

੨. ਰਖਜਕ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਨਬਾਬ ਨਾਦਰ ਤੇ ਨਮੋਸ਼ੀ ਆਈ। ਤਜੇਂ ਤਜੇਂ ਲਾਗੋ ਕਰਨ ਬੁਰਾਈ।
ਟੋਲ ਟੋਲ ਸਿੰਘਨ ਕੋ ਮਾਰੇ। ਜੈਸੇ ਮਾਰੇ ਟੋਲ ਸ਼ਿਕਾਰੇ।੨।
ਜੋ ਸਿੰਘਨ ਕੋ ਆਨ ਬਤਾਵੈ। ਤੁਰਤ ਅਨਾਮ ਸੁ ਤਾਹਿੰ ਦਿਵਾਵੈ।
ਜੋ ਸਿੰਘਨ ਕੋ ਦੱਸੇ ਗ੍ਰਾਮ। ਤਾਂਕੋ ਦੇਵੈ ਬਹੁਤ ਅਨਾਮ।੩।
ਲਾਲਚ ਇਤ ਸਿੰਘਨ ਪਕੜਾਵੈਂ। ਲੁਕ ਲੁਕ ਸਿੰਘ ਸੁ ਜਾਨ ਬਚਾਵੈਂ।
ਔਰ ਮੁਲਕ ਪਹਿ ਲਿੱਖ ਪਠਾਏ। ਪੰਜ ਰੁਪਏ ਸਿੰਘ ਦੱਸੇ ਸੁ ਪਾਏ।੪।
ਜਾਤੇ ਸਿੰਘਨ ਬਹੁਤ ਮਰਾਵੈਂ। ਮਾਰ ਸਿੰਘਨ ਸਿਰ ਆਪ ਪੁਚਾਵੈਂ।
ਇਕ ਇਕ ਦੁਇ ਦੁਇ ਹੁਇ ਲੁਕ ਜਾਵੈਂ। ਇਮ ਕਰ ਸਿੰਘਨ ਪਤਾ ਲਗਾਵੈਂ।੫।
ਰਾਤ ਤੁਰੇ ਦਿਨ ਰਹੈਂ ਲੁਕਾਇ। ਕਈਅਨ ਲੀਨੇ ਕੁੰਭਲ[1]ਬਨਾਇ।
ਕਈ ਰਹੈਂ ਘਰ ਤੀਜੇ ਥਾਇ। ਕਈ ਰਹੈਂ ਪਰਦੇਸਹਿ ਜਾਇ।੬।
ਕਈ ਸਿੰਘ ਰਹਿੰ ਝਾੜਨ ਮਾਂਹੀ। ਕਈ ਸਿੰਘ ਜਾ ਜੰਗਲ ਲੁਕਾਹੀਂ।
ਖੇਤੀ ਕਰੈਂ ਕਈ ਸਿਰ ਨੀਵੇਂ। ਕਿਤਨਕ ਖਿਚ ਬੜ ਖੱਡਨ ਜੀਵੇਂ।੭।

ਦੋਹਰਾ: ਸਿੰਘ ਕੜਾਕੇ[2] ਸਜੋਂ ਰਹੈਂ ਦੂਏ ਚੌਥੇ ਦਿਨ ਖਾਹਿੰ।
ਬਿਨਾ ਲੂਨ ਭਾਜੀ ਲਭੈ ਤੌ ਖਾਵੈਂ ਬਹੁਤ ਸਲਾਹਿੰ।੮।

ਚੌਪਈ: ਜਿਸੈ ਸਿੰਘ ਪੈ ਨੂਣ ਜੁ ਹੋਈ। ਤਿਸ ਕੋ ਆਖੈਂ ਸ੍ਵਾਦੀ ਸੋਈ।
ਲਭੈ ਮਾਗ ਖਾਹਿੰ ਕੱਚਾ ਪੱਕਾ। ਬ੍ਰਿੱਛਨ ਕੇ ਫਲ ਫੂਲ ਔ ਸੱਕਾ।੯।
ਦੂਏ ਚੌਥੇ ਦਿਨ ਮਿਲੇ ਸੁ ਖਾਹਿੰ। ਤੌ ਭੀ ਟਿਕਨੇ ਮਿਲੈ ਸੁ ਨਾਂਹਿ।
ਸਿੰਘ ਸੁ ਹੋ ਗਏ ਅਤਿ ਤਬ ਥੋੜੇ। ਕਹੈਂ ਦੂਰ ਜਾਵੈਂ ਲੈ ਘੋੜੇ।੧੦।

ਦੋਹਰਾ: ਜਿਸ ਦਿਨ ਮਾਰਹਿੰ ਦੁਸ਼ਟ ਕੋ ਤਿਸ ਦਿਨ ਤੌਂ ਰਜ ਖਾਹਿੰ।
ਨਹੀਂ ਮਿਲੈ ਤੌਂ ਮਸਤ ਰਹਿੰ ਇਸ ਬਿਧ ਗੁਜਰ ਕਰਾਹਿੰ।੧੧।

ਚੌਪਈ: ਗੈਲੇ ਫਿਰੈਂ ਦੇਖਨ ਹਲਕਾਰੇ। ਦੇਖ ਲਿਆਵੈਂ ਫੌਜ ਕੋ ਚਾੜ੍ਹੇ।
ਜਿਸੈ ਗ੍ਰਾਮ ਮੈਂ ਸਿੰਘ ਸੁ ਪਾਵਹਿੰ। ਭਾਈ ਬੰਦ ਤਿਸ ਸਭੈ ਫੜਾਵਹਿੰ।੧੨।
ਲਿਖ ਨਿਬਾਬ ਤਬ ਐਸ ਫਿਰਾਵਾ। 'ਲੂਟ ਮਾਫ ਘਰ ਸਿੰਘ ਸੁ ਪਾਵਾ।
ਸਿਰ ਪਰ ਹੋਵੈਂ ਜਿਸ ਕੇ ਕੇਸ। ਰਹਣ ਨ ਦੇਨੌਂ ਅਪਣੇ ਦੇਸ।੧੩।
ਜੋ ਸਿੰਘਨ ਆਇ ਮੋਹਿ ਬਤਾਵੈ। ਆਇ ਅਨਾਮ ਸੋ ਮੈਂ ਤੇ ਪਾਵੈ।
ਜੋ ਸਿੰਘ ਕੋ ਕੋਊ ਉਤਾਰੇ ਕੇਸ। ਦੇਊਂ ਦੁਸ਼ਾਲੇ ਔ ਬਡ ਖੇਸ'।੧੪।

ਦੋਹਰਾ: ਦੱਸਣ ਵਾਲੇ ਦਸ ਰੁਪਏ ਔ ਮਾਰਨ ਵਾਲ ਪਚਾਸ।
ਯਹ ਲਾਲਚ ਤੁਰਕਨ ਦਯੋ ਤਬ ਬਹੁਤ ਸਿੰਘਨ ਭਯੋ ਨਾਸ਼।੧੫।
ਜੋਊ ਖੇਤੀ ਕਰਤ ਥੇ ਸਿੰਘ ਸੁ ਪਿੰਡਨ ਮਾਂਹਿ।
ਤਾਹੂ ਕੋ ਭੀ ਮਾਰਿਓ ਕੇਸ ਦਿਸੇ ਸਿਰ ਜਾਹਿੰ।੧੬।

---

੧ ਟੋਏ, ਖੱਤੇ। ੨. ਫਾਕੇ, ਨਿਰਾਹਾਰ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਐਸੋ ਹੁਕਮ ਨਿਬਾਬ ਲਿਖਾਯਾ। ਚਾਰੋਂ ਓਰ ਲਹੌਰ ਪਠਾਯਾ।
'ਖੇਤੀ ਵਣਜ ਕਰੇ ਜੋ ਕੋਈ। ਕੇਸਨ ਵਾਲਾ ਛਡੋ ਨ ਕੋਈ।੧੭।
ਸਿੰਘਨ ਖੂਨ ਮਾਫ ਹਮ ਕੀਨੇ। ਜਿਤ ਲੱਭੇ ਤਿਤ ਮਾਰਹੁ ਚੀਨੇ।
ਲੂਟ ਕੂਟ ਉਸ ਮਾਫ ਹਮ ਕਰੀ। ਹਮਰੀ ਲਿਖਤ ਏ ਜਾਨੋਂ ਖਰੀ'।੧੮।

ਦੋਹਰਾ: ਜਦ ਨਬਾਬ ਲਾਲਚ ਕਹਜੋ ਹਿੰਦੂ ਜਟਨ ਬੁਲਾਇ।
ਦੇਵੈਂ ਸਿੰਘਨ ਪਕੜ ਕੇ ਲਹੌਰ ਸੁ ਕਈ ਪੁਚਾਇ।੧੯।

ਚੌਪਈ: ਜੰਡਯਾਲੇ ਵਾਲੇ ਬਹੁਤ ਫੜਾਵੈਂ। ਹੁਤੇ ਗੁਰੂ ਇਕ ਸਿੱਖ ਕਹਾਵੈਂ।
ਹਰ ਭਗਤ ਨਿਰੰਜਨੀਓਂ ਸੋ ਕਹਾਵੈ। ਸੋ ਆਗੇ ਹੁਇ ਸਿੰਘਨ ਫੜਾਵੈ।੨੦।
'ਹਮਰਾ ਪਿੰਡ* ਦੁਇ ਬਾਰ ਲੁਟਾਯਾ। ਪਿਤਾ ਹਮਾਰਾ ਕਾਟ ਸੁਟਾਯਾ।
ਮਜੀਠੈ ਕੇ ਜੱਟ ਸੁ ਰਾਖੈਂ ਖੈਰ। ਹਮਾਰਾ ਦਾਦਾ ਫੜ ਦਯੋ ਲਹੌਰ!੨੧।

ਦੋਹਰਾ: ਦੀਨੋ ਚਰਖ ਚੜ੍ਹਾਇ ਤਿਨ ਤਾਰੂ ਸਿੰਘ ਕੇ ਸਾਥ।
ਨਬਾਬ ਤਬੈ ਪੇਟ ਪੀੜਿਆ ਤੜਫ ਮੁਯਾ ਦਿਨ ਰਾਤ।੨੨।

ਚੌਪਈ: ਕਰਮਾ ਛੀਨਾਂ ਛੀਨੀਂ ਰਹੈ। ਬਿਦੋਸੇ ਸਿੰਘਨ ਮਾਰਤ ਵਹੈ।
ਰਾਜੇ ਸਾਂਹਸੀ ਕੇ ਸਿੰਘ ਬਹੁ ਮਾਰੇ। ਖਾਲਸੇ ਅੱਗੈ ਭਈ ਪੁਕਾਰੇ।੨੩।
ਦੁਸ਼ਟ ਬਹੁਤ ਥੋ ਰਾਮਾ ਰੰਧਾਵਾ। ਤਿਨ ਸੋ ਕਿਲਾ ਜਿਨ ਆਪ ਬਨਾਵਾ।
ਵਹਿ ਸਿੰਘਨ ਕੋ ਬਹੁਤ ਅਕਾਵੈ। ਆਪੇ ਪਕੜੇ ਆਪ ਮਰਾਵੈ।੨੪।
ਤਿਨਹ ਕਹਾਣੀ ਜਗਤ ਚਲਾਈ। 'ਰਾਮੇ ਦੇਸ ਨ ਜਾਈਓ ਭਾਈ।
ਹਮ ਰਾਮੇ ਦੇਸ ਨ ਜਾਵਹਿੰਗੇ। ਡੇਲਾ ਬਾਟਾ ਮਾਝੇ ਕੋ ਖਾਵਹਿੰਗੇ'।੨੫।
ਰਹਿ ਜੋਧਾ ਨਗਰੀ ਧਰਮ ਜੁ ਦਾਸ। ਕੀਨੋ ਚਹੈ ਸੋਊ ਸਿੰਘਨ ਨਾਸ।
ਮੱਸਾ ਰੰਘੜ ਰਹਜੇ ਮੰਡਿਆਲੇ। ਕਰੈ ਬਿਅਦਬੀ ਆਇ ਦ੍ਰਬਾਰਹਿ ਨਾਲੇ।੨੬।

ਦੋਹਰਾ: ਸਾਹਿਬ ਰਾਇ ਸੰਧੂ ਹੁਤੇ ਬਸੈ ਨੁਸ਼ਹਿਰੇ ਗਾਇ।
ਫੜ ਫੜ ਸਿੰਘਨ ਵਹ ਕਟੈ ਸਿਰ ਦੇ ਲਹੌਰ ਪੁਚਾਇ।੨੭।

ਚੌਪਈ: ਤਾਰੂ ਸਿੰਘ ਪਰ ਚੁਗਲੀ ਖਾਈ। ਤੁਰਕਨ ਕੀ ਉਨ ਫੌਜ ਮੰਗਾਈ।
ਆਇ ਤੁਰਕਨ ਸੋ ਲਇਓ ਗਹਾਇ। ਲਹੌਰ ਮੱਧ ਸੋ ਦੀਓ ਪੁਚਾਇ।੨੮।

ਮਤਾਬ ਸਿੰਘ ਤੇ ਰਾਇ ਸਿੰਘ ਮੀਰਾਂਕੋਟੀਏ ਭੰਗੂ ਕੀ ਸਾਖੀ

੧੨੭. (ਮਤਾਬ ਸਿੰਘ ਸੁੱਖਾ ਸਿੰਘ ਨੇ ਮੱਸੇ ਦਾ ਸਿਰ ਵੱਢਣਾ)

ਦੋਹਰਾ: ਸੁਨੋਂ ਸੁ ਪੌਰਖ ਖਾਲਸੇ ਜਿਮ ਥੋੜਨ ਬਹੁਤੇ ਜੀਤ।
ਹਮਰੇ ਦਾਦੇ ਥੇ ਕੀਓ ਮਰਨ ਧਰਮ ਧਰ ਚੀਤ।੧।
ਨ੍ਵਾਬ ਸੁ ਖਾਨ ਬਹਾਦੁਰੈ ਸਿੰਘਨ ਪਰ ਕੀਓ ਜ਼ੋਰ।
ਇਮ ਮੁਲਖੱਯਨ ਬੁਲਾਇਕੈ ਲਿਖਿਓ ਵਿੱਚ ਲਹੌਰ।੨।

* ਭਾਵ ਰਤਨ ਸਿੰਘ ਗ੍ਰੰਥ ਕਰਤਾ ਦਾ ਪਿੰਡ-ਮੀਰਾਂ ਕੋਟ।

Sri Satguru Jagjit Singh Ji eLibrary NamdhariElibrary@gmail.com

ਚੌਪਈ: 'ਜੋ ਸਿੰਘਨ ਕੌ ਕੋਊ ਲੁਕਾਵੈ। ਸੋ ਵਹਿ ਅਪਨੀ ਜਾਨ ਗੁਵਾਵੈ।
ਆਇ ਸਿੰਘ ਬਤਾਵੈ ਨਾਂਹੀ। ਵੈ ਭੀ ਅਪਨੀ ਜਿੰਦ ਗੁਵਾਹੀ।੩।
ਜੋ ਸਿੰਘਨ ਕੋ ਸਾਕ ਕਰੇਵੈ। ਮੁਸਲਮਾਨ ਸੋ ਹੋਵਨ ਲੇਵੈ[੧]।
ਜੋ ਸਿੰਘਨ ਕੌ ਦੇਵੈ ਨਾਜ। ਮੁਸਲਮਾਨ ਕਰੋਂ ਤਿਸ ਕਾਜ'।੪।

ਦੋਹਰਾ: ਐਸੀ ਐਸੀ ਘੂਰ ਕਰ ਦੀਨੇ ਲੋਕ ਡਰਾਇ।
ਕਈਅਨ ਕੌ ਸਿਰੋਪਾਉ ਦੈ ਦੀਨੇ ਵਿਚੋਂ ਪੜਾਇ[੨]।੫।

ਚੌਪਈ: ਤਬ ਸਿੰਘਨ ਕੋ ਲੋਕ ਬਤਾਵੈਂ। ਕਈਅਕ ਅਪਨੇ ਹੱਥ ਫੜਾਵੈਂ।
ਕਈਕੁ ਦੇਵੈਂ ਆਪੇ ਮਾਰ। ਸਿੰਘਨ ਕੋ ਭਯੋ ਐਸ ਹਵਾਰ।੬।
ਸਿੰਘਨ ਮਾਰ ਦਿਖਾਵੈਂ ਤੁਰਕ। ਅਨਾਮ ਸੁ ਪਾਵੈਂ ਬਹੁਤੋ ਮੁਰਕ।
ਸਿੰਘ ਮੁਲਖੱਯਨ ਪਰ ਗਯੋ ਬੈਰ। ਸਿੰਘ ਭੀ ਤਾਂ ਸੌਂ ਕਰੈਂ ਨ ਖ਼ੈਰ।੭।
ਲਰਤ ਮਰਤ ਕਹੂੰ ਲੁਕ ਛਪ ਰਹੈ। ਦੁਸਟ ਤਹੀਂ ਤੁਰਤ ਤੁਰਕਨ ਕਹੈਂ।
ਤਹਿੰ ਸੁਣ ਤੁਰਕ ਤੁਰਤ ਚੜ੍ਹ ਆਵੈਂ। ਤਾਸ ਗ੍ਰਾਮ ਕੀ ਧੂਰ ਉਡਾਵੈਂ।੮।
ਗ੍ਰਾਮ ਛੋਡ ਜੁ ਉਜਾੜਨ ਰਹੈਂ। ਗਿਰਦੇ ਗ੍ਰਾਮ ਉਜਾੜਨ ਚਹੈਂ।
ਤਬ ਸਿੰਘਨ ਕੋ ਭਯੋ ਤਰਾਸ। ਸਿੰਘਨ ਵਤਨੋਂ ਛੋਡਯੋ ਵਾਸ।੯।
ਕੋਊ ਜੰਗਲ ਦੱਖਨ ਰੁੱਕੇ। ਕੋਊ ਪੂਰਬ ਪਹਾੜਨ ਲੁੱਕੇ।
ਰਹੇ ਦੇਸ਼ ਮਹਿਂ ਸੋ ਅਤਿ ਦੁਖੀ। ਬਾਜ ਦੇਸ਼ ਜਯੋਂ ਖਟੇਰਨ ਉਖੀ।੧੦।

ਦੋਹਰਾ: ਪਰਪਿਤਾ[੩] ਹਮਾਰੋ ਨਿਕਰ ਕੈ ਜੈ ਨਗਰ ਪਹੁੰਚਯ ਜਾਇ।
ਰਾਜੇ ਸੌਂ ਮੁਲਾਕਾਤ ਕਰ ਲਈ ਚਾਕਰੀ ਲਾਇ।੧੧।

ਚੌਪਈ: ਸੋ ਸੁਨ ਔਰ ਸਿੰਘ ਤਹਿਂ ਆਏ। ਮਤਾਬ ਸਿੰਘ ਤਿਹ ਬਚਨ ਅਲਾਏ।
'ਦੇਹ ਵਤਨ ਹਮ ਬਾਤ ਸੁਨਾਏ। ਕਹਿਂ ਕਹਿ ਤੁਰਕਨ ਡੇਰੇ ਲਾਏ?'।੧੨।
ਸਿੰਘ ਕਹਯੋ 'ਕਛੁ ਪੂਛ ਨ ਬਾਤ। ਜਿਮ ਤੁਰਕਨ ਨੇ ਕੀਨੋ ਘਾਤ।
ਮੁਖੋਂ ਕਹੌਂ ਮੁਖ ਫਟਤਾ ਜਾਵੈ। ਕੰਨੋਂ ਸੁਨੋਂ ਤੋ ਕੰਨ ਦੁਖਾਵੈ।੧੩।
ਬਾਤ ਚੀਰਤੀ ਛਾਤੀ ਜਾਵੈ। ਨਾ ਕਹੀਏ ਮਨ ਮੋਂ ਨ ਸਮਾਵੈ।
ਸਰਪ ਚਕੂੰਧਰ ਕੀ ਭਈ ਬਾਤ। ਉਗਲਤ ਬਨੇ ਨ ਬਨੈ ਜਿਮ ਖਾਤ।੧੪।

ਦੋਹਰਾ: ਕੀਓ ਉਪੱਦ੍ਰਵ ਤੁਰਕ ਬਡ ਅੰਮ੍ਰਿਤਸਰ ਗੁਰਦ੍ਵਾਰ।
ਹਰਿ ਮੰਦਰ ਮੈਂ ਕੰਚਨੀ ਰਖੇ ਤੁਰਕਨ ਕੇ ਸਰਦਾਰ।੧੫।
ਮੰਡਿਆਲੀ ਕੋ ਰੰਘੜੋ ਮੱਸਾ ਤਾਂਕੋ ਨਾਮ।
ਕਰੇ ਬਿਅਦਬੀ ਹਰਿ ਮੰਦਰ ਪਾਪੀ ਬਡੋ ਹਰਾਮ'।੧੬।

---

੧ ਉਸ ਨੂੰ ਮੁਸਲਮਾਨ ਹੋਣਾ ਪਏਗਾ।

੨. ਪਾੜ ਦਿਤੇ। ੩. ਦਾਦਾ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਮਤਾਬ ਸਿੰਘ ਸੁਨ ਗੁੱਸਾ ਖਾਯਾ। ਜਨ ਕਰ ਬਿਛੂ ਡੰਗ ਲਗਾਯਾ।
ਕਹਯੋ ਸਿੰਘ 'ਊਹਾਂ ਸਿੰਘ ਕੋ ਨਾਹੀਂ। ਸੀਸ ਨ ਤਾਂਕੋ ਤੜਯੋ ਤਾਂਹੀ।੧੭।
ਕਜਾ ਸਿੰਘਨ ਤੇ ਸਤ[1] ਗਯ ਦੂਰ। ਕਜਾ ਸਿੰਘਨ ਪੁਰਖਾਰਥ[2] ਭਯੋ ਕੂਰ'।
ਤਬ ਉਸ ਸਿੰਘ ਬਚਨ ਪਲਟਾਯੋ। 'ਕਜਾ ਤੈਂ ਨਠ ਨਹਿੰ ਪੌਰਖ[2] ਗਵਾਯੋ?
ਤੁਮ ਮਰਨੇ ਤੇ ਨਠ ਨਹਿੰ ਆਏ? ਉਨ ਕੋ ਦੇਤ ਉਲਾਂਭਾ ਕਾਹੇ?
ਤੁਮ ਭਜਿ ਤੁਰਕਨ ਪ੍ਰਾਨ ਬਚਏ। ਤੁਮਰੇ ਜੈਸੇ ਸਭ ਉਇ ਭਏ।੧੯।
ਮਰਨੋਂ ਡਰਿ ਕੈ ਸਭ ਨਠ ਗਏ। ਊਹਾਂ ਸਿੰਘ ਕੋ ਦ੍ਰਿਸ਼ਟਿ ਨ ਪਏ।
ਊਹਾਂ ਸਿੰਘ ਕੋ ਸੁਨੀਯਤ ਨਾਂਹੀ। ਕਰਤ ਮਸਖਰੀ ਸਿੰਘਨ ਤਾਈਂ।੨੦।
ਨਵਾਬ ਪੰਥ ਸਭ ਦੀਓ ਗਵਾਈ। ਸਿੰਘ ਸੁਨੀਅਤ ਕਹੂੰ ਜਗ ਮੈਂ ਨਾਂਹੀਂ।
ਜੋ ਸਿੰਘ[3] ਨਿਤ ਉਠ ਜੰਗ ਮਚਾਹੀਂ। ਨਾਮ ਖਾਲਸਾ ਸਿੰਘ ਜਪਾਹੀਂ।੨੧।
ਜੇ ਸਿੰਘ[3] ਨਿਤ ਉਠ ਸ਼ਬਦ ਉਚਾਰੈ। ਲੂਟ ਕੂਟ ਨਿਤ ਤੁਰਕਨ ਮਾਰੈਂ।
ਜਪ ਤਪ ਸੰਜਮ ਨੇਮ ਕਰਾਵੈਂ। ਅਕਾਲ ਅਕਾਲ ਕਹਿ ਸੀਸ ਚੜਾਵੈਂ।
ਅਬ ਹੈਂ ਤੁਮ ਹੀ ਸੇ ਊਹਾਂ ਸਿੰਘ। ਗਏ ਨੱਠ ਕਟ ਲੰਬੀ ਡਿੰਘ'।੨੨।

ਦੋਹਰਾ: ਯਹ ਸੁਨ ਸਿੰਘ ਜੀ ਚਿਪ ਲਗੀ ਜਨੁ ਕਰ ਬਿੱਛੂ ਡਾਂਕ।
ਤਨ ਮਨ ਅਚਬੀ ਬਹੁ ਲਗੀ ਚਿਤ ਧਾਰਯੋ ਮਰਨ ਨਿਸਾਂਕ।੨੩।

ਸੋਰਠਾ: ਮਾੜੀ ਕੰਬੋ ਵਾਲ ਸੁੱਖਾ ਸਿੰਘ ਤ੍ਰਿਖਾਣ ਥੋ।
ਮਤਾਬ ਸਿੰਘ ਕੇ ਨਾਲ ਆਯੋ ਦੂਜੋ ਸਿਦਕ ਕਰ।੨੪।

ਚੌਪਈ: ਉਠ ਕਰ ਸਿੰਘ ਜੀ ਫਤੇ ਬੁਲਾਈ। ਚਰਨ ਛੋਹੇ ਸਿੰਘ ਆਗਯਾ ਪਾਈ।
'ਹਮ ਮਾਰੈਂ ਜਾਇ ਤੁਰਕਨ ਤਾਈਂ ਚਰਨ ਛੁਹੌਂ ਮੈਂ ਖਾਲਸੇ ਆਈ।੨੫।
ਜੇ ਕਰ ਸੀਸ ਲਗੇ ਗੁਰ ਅਰਥ। ਧੰਨ ਜਨਮ ਧੰਨ ਮਰਣ ਸਮਰਥ।
ਤੁਰਕਨ ਲਰਨੈ ਮਰਨੋਂ ਡਰੇ। ਧ੍ਰਿਕ ਤਿਸ ਜਨਨੀ ਧ੍ਰਿਕ ਪਿਤ ਕਰੇ।੨੬।

ਦੋਹਰਾ: ਮਰਨੇ ਤੇ ਕਜਾ ਡਰਪਨਾ ਲੇ ਪਾਹੁਲ ਖੰਡੇ ਧਾਰ।
ਜਬ ਹਾਥ ਸਿਧੌਰਾ ਲੈ ਤੁਰੇ ਮਰਨੋਂ ਡਰੇ ਨ ਨਾਰ'।੨੭।

ਚੌਪਈ: ਕ੍ਰਮ ਕ੍ਰਮ ਕਰ ਸਿੰਘ ਵਤਨੀ ਆਏ। ਅੰਮ੍ਰਿਤਸਰ ਢਿਗ ਫਿਰਨ ਨ ਪਾਏ।
ਕਰੀ ਸੋਚ 'ਕਛੁ ਜਤਨ ਕਮਈਏ। ਟਕੇ ਭਰਨ ਕੋ ਰੂਪ ਬਨਈਏ'।੨੮।

ਦੋਹਰਾ: ਸਿੰਘ ਕਹੈਂ 'ਹਮ ਜਿਮ ਪੁਜੈਂ ਕੁਈ ਸਤਿਗੁਰ! ਬਾਤ ਬਨਾਉ।
ਜਾਇ ਮੱਸੇ ਕੋ ਸਿਰ ਕਟੈਂ ਨਹਿੰ ਰਮਤੇ ਹੁਇ ਅਟਕਾਉਂ'।੨੯।

ਚੌਪਈ: ਸੋਉ ਸਤਿਗੁਰ ਬਿਧੀ ਬਨਾਈ। ਸਿਖਰ ਦੁਪਹਿਰੀ ਮੈਂ ਬਨਿ ਆਈ।
ਵਗੀ ਪਵਨ ਬਹੁ ਘਟਾ ਉਡਾਨਾ। ਇਮ ਕਰ ਲੀਨੋ ਮੁੱਖ ਛਿਪਾਨਾ।੩੦।

---

੧. ਸੱਤਿਆ। ੨. ਬਲ।
੩. ਜਿਹੜੇ ਸਿੰਘ ਹਨ ਓਹ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸ਼ਿਖਰ ਦੁਪਹਿਰੀ ਭਾਦਵੇ ਸੂਰਜ ਅਤਿ ਤਪਤਾਇ।
ਕਦ ਬਰਸੈ ਕਦ ਉੱਜੜੈ ਬਿਧ ਐਸੀ ਲਈ ਤਕਾਇ।੩੧।

ਚੌਪਈ: ਧੁਪ ਲਗੀ ਫੌਜ ਛਾਵੈਂ ਗਈ। ਕਿਛ ਬਰਖਾ ਕਰ ਡੇਰਨ ਵਈ[1]।
ਮੱਸੇ ਸਾਰੰਗ ਰਾਗ ਗਵਾਯਾ। ਬਿਚੈ ਮਲਾਰਹਿ ਰਾਗ ਅਲਾਇਆ।੩੨।

ਦੋਹਰਾ: ਕੋ ਸੂੱਤੇ ਕੋ ਜਾਗਤੇ ਕਿਨ੍ਹੈ ਨ ਲਖਿਓ ਭੇਦ।
ਦ੍ਰਵਾਜੇ ਦੁਸ਼ਨੀ ਜਾ ਢੁਕੇ ਉਤਰੇ ਤਹਿੰ ਬਿਨ ਖੇਦ।੩੩।

ਚੌਪਈ: ਦੋਈ ਵਲ ਦੁਇ ਘੋੜੇ ਲਾਏ। ਦੋਵੈਂ ਬਰਛੇ ਤਹਾਂ ਛਪਾਏ।
ਬਗਲਨ ਮਹਿਂ ਤਲਵਾਰ ਲੁਕੋਈ। ਜਿਮ ਕਰ ਨਾਂਹੀਂ ਟੋਕੇ ਕੋਈ।੩੪।
ਕੋ ਜਾਨੈ ਕੋ ਅਏ ਸਿਪਾਹੀ। ਮਾਲ ਲਿਆਏ ਕਰ ਉਗਰਾਹੀ।
ਕਿਛ ਬਾਜੈ ਕਿਛ ਗਾਜੈ ਪਰੇ। ਔਰ ਦੇਖਹਿਂ ਬਹੁ ਨਟਨੀ ਖਰੇ।੩੫।
ਸਿੰਘਨ ਕੋ ਤਹਿਂ ਲਗ ਗਜੋ ਦਾਵ। ਸਿੰਘਨ ਸ਼ਿਤਾਬੀ ਚੱਕਜੋ ਪਾਵ।
ਸਤਿਗੁਰ ਅਪਨੋ ਕਾਜ ਸੁਵਾਰੇ। ਉਇ ਕਰ ਦੀਨੋ ਦਿਸ਼ਟ ਅੰਧਾਰੇ।੩੬।

ਦੋਹਰਾ: ਦੋਊ ਸਿੰਘ ਤਹਿਂ ਜਾ ਪੁਜੇ ਜਹਿਂ ਬਾਜੈ ਮਿਰਦੰਗ।
ਕੱਢ ਸਿਰੋਹੀ ਸਿਰ ਦਈ ਮੱਸੇ ਕੇ ਨਿਰਸੰਗ।੩੭।

ਚੌਪਈ: ਮੱਸੇ ਕੋ ਇਮ ਸੀਸ ਉਤਾਰਜੋ। ਜਨ ਕਰ ਬੋਲੋਂ ਕਦੂਆ ਟਾਰਜੋ।
ਹੁਤੇ ਜੁ ਜ਼ੇਵਰ ਤਾਂਕੇ ਦੁਵਾਰੇ[2]। ਦੂਜੇ ਸਿੰਘ ਸੋ ਲਯੋ ਉਤਾਰੇ।੩੮।
ਤੌ ਲੌ ਸ਼ੋਰ ਭਯੋ ਅਤਿ ਭਾਰੀ। ਫਿਰ ਘੋੜਨ ਚੜ੍ਹ ਕਰੀ ਸਵਾਰੀ।
ਛੋੜ ਸੁ ਘੋੜੇ ਰਲ ਗਏ ਝੱਲ। ਇਸ ਬਿਧਿ ਭਈ ਮੱਸ ਕੀ ਗੱਲ।੩੯।
ਕਿਤਿਕ ਦੇਰ ਕਰ ਰੌਲਾ ਭਯੋ। ਸ਼ਿਖਰ ਦੁਪਹਿਰੀ ਸੁਨਤ ਕਿਛੁ ਦਯੋ।
ਥੀ ਪਹਿਲੋਂ ਕਿਨ ਕਾਠੀ ਨ ਪਾਈ। ਉਨ ਮਨ ਚਿੰਤਾ ਥੀ ਨਹੀਂ ਕਾਈ।੪੦।
ਰਹਿਤ ਹੁਤੀ ਤਿਹ ਬਹੁਤੀ ਫੌਜ। ਰਹੇ ਬਹੁਤ ਗ਼ਾਫ਼ਲ ਕਰ ਮੌਜ।
ਅਲਸਾਨੇ ਦੋਪਹਿਰੇ ਮਾਂਹਿ। ਨੀਂਦ ਦਬਾਏ ਫਿਰੈਂ ਤਹਾਂਹਿ।੪੧।

ਦੋਹਰਾ: ਕਾਠੀ ਪਾਇ ਹਥਜਾਰ ਲੈ ਤੌ ਲੌ ਸਿੰਘ ਗਏ ਦੂਰ।
ਮਾਰਜੋ ਸੁਨ ਫੁਜਦਾਰ ਕੋ ਹਾਰੇ ਦੁਖੀ ਵਿਸੂਰ।੪੨।

ਚੌਪਈ: ਜੈ ਜੈ ਕਾਰ ਸਿਖਨ ਮਨ ਭਯੋ। ਦੁਸ਼ਟਨ ਮਨ ਬਹੁ ਦੁਖ ਸੰਤਯੋ।
ਮੱਸੇ ਕੋ ਜੁ ਹੁਤੇ ਪਰਵਾਰ। ਲਹੌਰ ਜ਼ਾਇ ਤਿਨ ਕਰੀ ਪੁਕਾਰ।੪੩।
'ਹਮਰੇ ਖ਼ੂਨੀ ਪਕੜ ਮੰਗਾਵੋ। ਟੂਕ ਟੂਕ ਕਰ ਤਿਨ ਕੋ ਕਟਵਾਵੋ।
ਨਾਤਰ ਹਮ ਜਾਵੈਂਗੇ ਦਿੱਲੀ। ਕਰੀ ਨਵਾਬੀ ਤੁਮ ਨੈ ਢਿੱਲੀ'।੪੪।
ਜਬ ਨਵਾਬ ਨੇ ਯੌ ਸੁਨ ਪਾਯੋ। 'ਸਿੰਘਨ ਮਸਾ ਮਾਰ ਗੁਵਾਯੋ।

---

੧ ਚਲੀ ਗਈ।

੨ ਮੱਸੇ ਦੇ ਉਦਾਲੇ ਭਾਵ ਮੱਸੇ ਦੇ ਗਲੇ ਜੋ ਗਹਿਣੇ ਸਨ।

Sri Satguru Jagjit Singh Ji eLibrary NamdhariElibrary@gmail.com

ਪਰੇ ਗਿਰਝ ਜਿਮ ਸਿੰਘ ਅਸਮਾਨੋਂ। ਆਵਤ ਜਾਵਤ ਕਿਨੈਂ ਨ ਜਾਨੋਂ।੪੫।
ਕਿਨੈਂ ਨ ਜਾਨੇ ਵਹਿ ਕਹਿਂ ਰਹੇਂ। ਕਿਨੈ ਨ ਜਾਨਜੋ ਵੈ ਕਹਿਂ ਗਏ'।
ਐਸੀ ਸੁਨ ਨਵਾਬ ਧਰਹਰੀ[1]। ਮਛਲੀ ਜਲ ਬਿਨ ਜਿਮ ਤਰਫਰੀ।੪੬।
ਕਹੇ 'ਮੰਗਾਵੋ ਪਰਜਾ ਸਾਰੀ। ਗਏ ਜੁ ਹਮਰੇ ਲਿਖ ਦਰਬਾਰੀ।
ਜਾ ਕਰ ਹਮ ਤੇ ਖਾਹਿਂ ਜਗੀਰ। ਅਬ ਉਨ ਕੋ ਕਰ ਦੇਹੁਂ ਤਗੀਰ[2]।੪੭।
ਨਿਰੰਜਨੀਆਂ ਹਰ ਭਗਤ ਬੁਲਾਇਆ। ਕਰਮਾ ਛੀਨਾਂ ਸਾਥੇ ਆਇਆ।
ਰਾਮਾ ਰੰਧਾਵਾ ਸੱਦ ਮੰਗਾਯਾ। ਜੋਧ ਨਗਰੀਏ ਨੂੰ ਫੁਰਮਾਯਾ।੪੮।
ਬਿਨ ਬੁਲਾਏ ਮਜੀਠੀਏ ਆਏ। ਸੋ ਇਨ ਸਿੰਘਨ ਬਹੁਤ ਅਕਾਏ।
ਕਹਿਂ ਲੌ ਸਭ ਹੀ ਲੋਕ ਲਿਖਈਏ। ਅਪਨੇ ਗਿਰਦੇ ਸੋਊ ਗਿਨਈਏ।੪੯।

ਦੋਹਰਾ: ਕਹਜੋ ਸੁ ਸਭਨ ਬੁਲਾਇਕੈ 'ਪੈਦਾ ਉਸੈ ਕਰੇਹੁ।
ਮੱਸਾ ਮਾਰਜੋ ਜਿਨ ਸਿੰਘਨ ਆਨ ਸੁ ਹਮ ਕੋ ਦੇਹੁ।੫੦।

ਚੌਪਈ: ਨਹੀਂ ਤੋ ਤੁਮ ਕੋ ਸਾਥ ਮਿਲਾਵੈਂ। ਤੁਮਰੀ ਭੀ ਹਮ ਜਾਨ ਗੁਵਾਵੈਂ।
ਸਿੰਘਨ ਕੋ ਜ਼ੁੰਮਾ ਤੁਮ ਕੀਆ। ਤੁਮ ਕਹੋ-ਸਿੰਘ ਹਮ ਰਹਿਨ ਨ ਦੀਆ।੫੧।
ਜਹਾਂ ਰਹੈਂ ਸਿਘ ਹਮੈ ਬਤਾਵੋ। ਤਿਸ ਜਾਗਾ ਕੀ ਮਿਟੀ ਪੁਟਾਵੋਂ।
ਰਹੈਂ ਸਿੰਘ ਜਾਂ ਨਗਰੀ ਮਾਂਹੀ। ਕਰੋਂ ਕਤਲ ਕਛੁ ਢੀਲ ਨ ਕਾਹੀ।੫੨।

ਦੋਹਰਾ: ਜੋਊ ਬਤਾਵੈ ਸਿੰਘ ਕੋ ਨਾਮ ਧਾਮ ਔ ਗ੍ਰਾਮ।
ਦੇਵੈ ਤਿਸੈ ਫੜਾਇ ਜੋ ਪਾਵੈ ਘਨੋ ਇਨਾਮ'।੫੩।

ਚੌਪਈ: ਹਰਿ ਭਗਤ ਨਿਰੰਜਨੀ ਐਸੇ ਕਹਜੋ। 'ਮਤਾਬ ਸਿੰਘ ਇਕ ਭੰਗੂ ਭਯੋ'।
ਮੀਰਾਂ ਕੋਟ ਦੱਸਿਓ ਗ੍ਰਾਮ। 'ਅੰਮ੍ਰਿਤਸਰ ਤੇ ਤ੍ਰੈ ਕੋਹ ਠਾਮ।੫੪।
ਮੀਰ ਸੁਕੰਬਰ ਅਲੀ ਜਗੀਰ। ਸ਼ਾਹ ਦਈ ਕਰ ਅਪਨੋ ਪੀਰ'।
ਨਵਾਬ ਸੁ ਸੱਯਦ ਲਯੋ ਬੁਲਾਇ। ਸਾਥੈ ਦੀਨੋਂ ਉਸੈ ਚੜ੍ਹਾਇ।੫੫।
'ਤੁਮਰੋ ਪਿੰਡ ਕਰ ਕਤਲ ਨ ਕਰੋਂ। ਸਿੰਘ ਰਾਖਨ ਤੇ ਤੁਮ ਨਹਿਂ ਡਰੋ'।੫੬।

ਦੋਹਰਾ: ਫੌਜ ਜਾਇ ਪਿੰਡ ਘੇਰਿਓ ਸੱਯਦ ਕਛੁ ਨ ਬਸਾਇ।
ਨੱਥਾ ਖਹਿਰਾ ਪੈਂਚ ਥੋ ਲੀਨੋ ਸੋਊ ਫੜਾਇ।੫੭।

ਚੌਪਈ: ਨੂਰ ਦੀਨ ਥੋ ਫੌਜ ਸਰਦਾਰ। ਤਿਸਨੈ ਐਸੋ ਕੀਓ ਉਚਾਰ।
'ਤੁਮਰੀ ਜਾਨ ਛੂਟਤੀ ਨਾਂਹੀ। ਬਿਨ ਮਤਾਬ ਸਿੰਘ ਲਜਾਇ ਯਹਾਂਹੀ।੫੮।
ਮਤਾਬ ਸਿੰਘ ਕੋ ਕੀਜੈ ਹਾਜ਼ਰ। ਬਚੈ ਨ ਸੋ ਜੋ ਰਖੈ ਲੁਕਾਜਰ'।
ਤਬ ਨੱਥੇ ਨੇ ਉਸ ਕੋ ਕਹੀ। 'ਮਤਾਬ ਸਿੰਘ ਅਬ ਹਾਜ਼ਰ ਨਹੀਂ।੫੯।
ਜਾਨ ਹਮਾਰੀ ਹਾਜ਼ਰ ਆਹੀ। ਹਮ ਕੋ ਮਾਰੋ ਰਾਖੋ ਚਾਹੀ'।
ਨੂਰਦੀਨ ਨੇ ਫਿਰ ਯੌਂ ਕਹਜੋ। ਲਜਾਇ ਪੁਤ੍ਰ ਤਿਸ, ਚਹੈਂ ਤੂੰ ਜੀਓ'।੬੦।

੧ ਕੰਬ ਗਿਆ। ਦਹਲ ਗਿਆ। ੨. ਉਲਟ ਦਿਆਂਗਾ। ਕੰਗਾਲ ਕਰ ਦਿਆਂਗਾ।

Sri Satguru Jagjit Singh Ji eLibrary NamdhariElibrary@gmail.com

ਤਬ ਨੱਥੇ ਤਕਰਾਰ ਸੁ ਕੀਓ। 'ਲਜਾਊਂ ਟੋਲ ਜੁ ਰਾਖੋ ਜੀਓ[1] ।
ਉਨ ਭਾਖਯੋ 'ਵਹ ਜੀਵਤ ਨਾਹੀਂ। ਖਚੈ ਉਲਾਦ ਨ ਸਿੰਘ ਖੂਨੀ ਕਾਹੀ'।੬੧।
ਬਾਲਕ ਪੈ ਨੱਥਾ ਤਬ ਗਯੋ। ਦੇਖ ਬਾਲਕੇ ਸੀਸ ਹਿਲਯੋ।
'ਮੈਂ ਜੋ ਬਾਲਕ ਦੇਊਂ ਫੜਾਇ। ਬਾਲਕ ਤੁਰਤ ਦੇਹਿੰਗੇ ਘਾਇ।੬੨।

ਦੋਹਰਾ: ਫੜਾਇ ਮਰਾਵਾਂ ਬਾਲ ਕੋ ਬਿਚ ਪੰਚਾਂ ਮਿਲੈ ਨ ਥਾਂਉਂ।
ਮਾਂਗੈ ਸਿੰਘ ਨਿਜ ਪੁਤ੍ਰ ਕੋ ਦਰਗਹਿ ਕਲੰਕ ਲਗਾਊਂ'।੬੩।

ਚੌਪਈ: ਤਬ ਨੱਥੇ ਨੇ ਐਸ ਉਚਾਰਾ। 'ਬਾਲਕ ਕੇ ਸੰਗ ਮਰਨਾ ਧਾਰਾ।
ਰਹੈ ਉਲਾਦ ਜਗਤ ਮੈਂ ਮੇਰੀ। ਸ਼ੋਭਾ ਪਾਊਂ ਜਗਤ ਭਲੇਰੀ'।੬੪।

ਦੋਹਰਾ: ਤਬ ਨੱਥੇ ਕੰਧੇ ਧਰਯੋ ਪੀਛੋ ਕੰਧ ਟਪਾਇ।
ਪੰਜ ਪੁਰਖ ਤਿਸ ਸੰਗ ਚਲੇ ਪਏ ਕਮੋਵੀ ਰਾਹਿ।੬੫।
ਸਕਾ ਪੁੱਤ੍ਰ ਅਰੁ ਭਾਨਜਾ, ਚੂਹੜਾ, ਸੰਗ ਦਰਵਾਨ।
ਸਿਖਰ ਦੁਪਹਿਰੀ ਟੀਟ ਮੈਂ ਲੰਘ ਗਏ ਇੱਕ ਮਦਾਨ।੬੬।

ਚੌਪਈ: ਹਰ ਭਰਾਤ ਨਿਰੰਜਨੀਏ ਸੁਨ ਪਾਈ। 'ਨੱਥਾ ਗਯੋ ਸੁ ਕੰਧ ਟਪਾਈ'।
ਤੁਰਤ ਦੋੜ ਉਨ ਚੁਗਲੀ ਖਾਈ। 'ਗਯੋ ਨੱਠ ਆਯੋ ਜਿਹ ਤਾਈਂ।੬੭।
ਸੋ ਨਠ ਗਏ ਨ ਰਹਿਗੁ ਹਮਾਰੀ। ਚੜ੍ਹੋ ਤੁਰਤ ਤਿਸ ਲਈਏ ਮਾਰੀ'।
ਸੁਨਤ ਫੌਜ ਤੁਰਤਹ ਚੜ੍ਹ ਪਈ। ਪਹਿਲੇ ਜਾਇ ਸੁ ਪੈੜੇ[2] ਲਈ।੬੮।

ਦੋਹਰਾ: ਤਬ ਨੱਥੇ ਨੇ ਪੁਨ ਕਹਯੋ ਲੋਕਨ ਕੋ ਸਮਝਾਇ।
'ਤੁਮ ਗਾਇ ਸਿੰਘ ਕੋ ਲੈ ਨਠੋ ਮੈਂ ਰਾਖੋਂ ਫੌਜ ਅਟਕਾਇ'।੬੯।

ਚੌਪਈ: ਨੱਥੇ ਕਹਯੋ 'ਸੁਤ! ਤੁਮ ਨਠ ਜਾਵੋ। ਇਸ ਬਾਲਕ ਕੋ ਕੰਧੇ ਚੜ੍ਹਾਵੋ।
ਜੇ ਤੁਮ ਬਾਲਕ ਅਬ ਤਜ ਜਾਵੋ। ਤੌ ਅਤਿ ਨਿੰਦਜਾ ਜਗ ਮੇਂ ਪਾਵੋ।੭੦।
-ਜਾਂਕੀ ਖਾਤਰ ਨਠ ਕਰ ਮਰੇ। ਅੰਤ ਕਾਲ ਤਿਸ ਤਜਹੋ ਖਰੇ-।
ਮੈਂ ਈਹਾਂ ਰੋਕ ਫ਼ੌਜ ਮੁ ਲਰੋਂ। ਤੁਮ ਕਿਤ ਜਾਇ ਗਾਉਂ ਮੈਂ ਵੜੋ।੭੧।
ਇਸ ਬਾਲਕ ਕੋ ਦਿਹੋ ਲੁਕੋਇ। ਪਾਛੈ ਤੁਮ ਸਿਰ ਹੋਇ ਸੁ ਹੋਇ।
ਇਸ ਕਾ ਪਿਤਾ ਸੌਂਪ ਹਮ ਗਯੋ। ਤਿਸ ਖਾਤਰ ਹਮ ਮਰਨੌਂ ਭਯੋ'।੭੨।

ਦੋਹਰਾ: ਤਿਸਕੇ ਪੁੱਤਰ ਤਬ ਕਹਯੋ 'ਹਮ ਨਠ ਬਚੈਂ ਸੁ ਨਾਹਿੰ।
ਮੌਤ ਆਈ ਹਮ ਸੀਸ ਪੈ ਕਿਮ ਕਰ ਲੁਕੈਂ ਛਿਪਾਹਿੰ'।੭੩।

ਚੌਪਈ: ਤਬ ਲਗ ਫੌਜ ਲਏ ਵੋਹ ਘੇਰ। ਮਾਰੀ ਬੰਦੂਕਨ ਕਰੀ ਨ ਬੇਰ।
ਤਬ ਤੇ ਜੱਟ ਮੁੜੇ ਕਰ ਹੂਰ[3]। ਕਰੇ ਮੁਗਲ ਤਬ ਢਿਗ ਤੇ ਦੂਰ।੭੪।

---

੧ ਜੇ ਉਸ (ਬੱਚੇ) ਨੂੰ ਜੀਉਂਦਾ ਰਖਣ (ਦਾ ਪ੍ਰਣ ਕਰੋ) ਤਾਂ ਲੱਭਕੇ ਲੈ ਆਉਂਦਾ ਹਾਂ।
੨. ਪਹਿਲੇ ਪੜਾ ਤੇ। ਲਗਦੇ ਹੱਥ, ਝਟ ਪਟ ਹੀ। ਨੇੜੇ ਹੀ। ੩. ਹੱਲਾ ਕਰਕੇ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤਬ ਮੁਗਲਨ ਨੇ ਯੌਂ ਕਹਯੋ ਰੰਘੜਨ ਕੋ ਸੁ ਬੁਲਾਇ।
'ਲੇਵੋ ਬਦਲੋ ਅਬ ਤੁਮੀ ਮੱਸੇ ਕੇ ਜੁ ਭਰਾਇ'।੭੫।

ਚੌਪਈ: ਤਬ ਫਿਰ ਰੰਘੜਨ ਹੱਲਾ ਕੀਆ। ਦੂਰ ਦੂਰ ਕਰ ਫੇਰਾ ਦੀਆ।
ਜੱਟਨ ਕੀ ਕਿਛ ਲਗੇ ਨ ਵਾਹ। ਨਹਿੰ ਹਥਜਾਰ ਬਡ ਜੱਟਨ ਪਾਹ।੭੬।
ਇਕ ਪਹਿ ਬਰਛੀ ਇਕ ਪਹਿ ਸੇਲ। ਦੋਵੈਂ ਰੰਘੜਨ ਛਾਤੀ ਪੇਲ।
ਹਾਥ ਚੂਹੜੇ ਕੇ ਦੰਡਾ ਭਾਰੀ। ਮੱਸੇ ਭਾਈ ਸਿਰ ਲਾਯੋ ਕਾਰੀ।੭੭।
ਹੱਥ ਤਲਵਾਰ ਬਰਵਾਲੇ[1] ਰਹੀ। ਮਰਦਨ ਘੋੜਨ ਲਾਈ ਕਹੀਂ।
ਭਾਜ ਰੰਘੜ ਜਾ ਮੁਗਲਨ ਕਹੈਂ। 'ਹਮ ਤੇ ਜੱਟ ਮਰਨ ਤੇ ਰਹੇ।੭੮।
ਏਕੋ ਨੱਥਾ ਤੀਰਨ ਮਾਰੇ। ਜਿਸ ਤਨ ਲੱਗੇ ਤਿਸ ਹਇ ਪਾਰੇ'।
ਮੁਗਲ ਕਹੈਂ 'ਤੁਮ ਮੱਸੇ ਭਾਈ। ਲੇਵੋ ਵੈਰ ਆਪ ਤੁਮ ਜਾਈ।੭੯।
ਕਯਾ ਤੁਮ ਹਮ ਸੇ ਨਹੀਂ ਸਿਪਾਹੀ? ਕਿਮ ਤੁਮ ਹਮਰੀ ਓਟ ਤਕਾਈ?'
ਹਰ ਭਗਤ ਨਿਰੰਜਨੀਏਂ ਪੈ ਜਾਹੋ। ਜੱਟ ਰੰਘੜ ਦੁਇ ਵਲ ਤੇ ਪਾਹੋ'।੮੦।
ਸੁਨ ਹਰ ਭਗਤ ਸੁ ਐਸੀ ਕਹੀ। 'ਹਮ ਤੇ ਭੀ ਜੱਟ ਮਰਤੇ ਨਹੀਂ।
ਮਾਰੇ ਨੱਥਾ ਜਿਸ ਤਨ ਕਾਨੀ। ਮਾਂਗੇ ਨਹਿੰ ਵੈ ਮੁਖ ਤੇ ਪਾਨੀ।੮੧।
ਹਥਜਾਰ ਫੇਟਨ ਸੋਂ ਸੋ ਨਹਿੰ ਮਰੇ। ਮਾਰੇ ਗੋਲਿਨ ਛੱਰਰੇ ਭਰੇ।
ਓਹ ਕਮਾਨੀ[2] ਬਡੋ ਕਹਾਵੈ। ਤੀਰ ਰਾਮ ਤੀਰਥ ਪਾਰ ਪੁਚਾਵੈ।੮੨।

ਦੋਹਰਾ: ਹਰ ਭਗਤ ਕਹੀ ਸੋਈ ਕਰੀ ਮੁਗਲਨ ਕਹੀ ਚੁਫੇਰ।
ਦੋਇ ਚੁਫੇਰੋ ਪਾਸਣਾ ਲਏ ਚੁਤਰਫੋਂ ਘੇਰ।੮੩।
ਨੱਥੇ ਮਨ ਮੈਂ ਜਾਨਯੋਂ 'ਅਬ ਮਰਨੇ ਸ਼ੱਕ ਨ ਕਾਇ'।
ਮਾਰਨ ਆਏ ਮਾਰੀਏ ਕਯਾ ਰਾਣਾਂ ਕਯਾ ਰਾਇ।੮੪।

ਚੌਪਈ: ਨੱਥੇ ਤੀਰ ਜਾਂਹਿ ਤਨ ਲਾਯਾ। ਸੋ ਲਗ ਦੂਸਰ ਓਰ ਸਿਧਾਯਾ।
ਤਬ ਫਿਰ ਹੋਣਹਾਰ ਯੌਂ ਭਈ। ਉਤਰ ਕਮਾਨ ਉਸ ਚਿਲਿਓਂ ਗਈ।੮੫।
ਕਮਾਣ ਜਿਮੀਂ ਸੋ ਨੱਥੇ ਮਾਰੀ। ਫਿਰ ਕਢ ਹਥ ਸ਼ਮਸ਼ੇਰ ਸੁਧਾਰੀ।
ਜਿਸ ਤਨ ਲਾਵੈ ਕਰਕੇ ਦੌੜ। ਗਿਰੇ ਤੁਰਕ ਤਿਸ ਹੋਵੈ ਚੌੜ।੮੬।

ਦੋਹਰਾ: ਓਇ ਬੰਦੂਕਨ ਸੋਂ ਹਨੈਂ ਦੇਹਿੰ ਦੂਰ ਤੇ ਦਾਗ।
ਇਨ ਪੈ ਫੇਟੇ ਹਥਜਾਰ ਥੇ ਪਹੁੰਚੇ ਨ ਤਿਹ ਤਿਨ ਲਾਗ।੮੭।
ਮਾਰ ਬੰਦੂਕਨ ਤੇ ਲਏ ਘੋੜਨ ਦਏ ਸਿਧਾਇ।
ਨੱਥੇ ਭਾਣਜਾ ਇਕ ਬਚਯੋ ਔਰ ਬਚਯੋ ਸਿੰਘ ਰਾਇ।੮੮।

ਚੌਪਈ: ਅਬ ਹਮ ਬਾਤ ਪਿਤਾ ਕੀ ਆਈ। ਜਿਮ ਕਰ ਤਿਸਕੀ ਜਾਨ ਬਚਾਈ।
ਜਬ ਨੱਥੇ ਪਰ ਘੇਰਾ ਪਰਯੋ। ਮਾਰ ਬੰਦੂਕਨ ਰੌਲਾ ਕਰਯੋ।੮੯।

---

੧. ਦਰਬਾਨ ਦੇ।   ੨. ਤੀਰ ਅੰਦਾਜ਼।

Sri Satguru Jagjit Singh Ji eLibrary NamdhariElibrary@gmail.com

ਬਾਲਕ ਨਠ ਨਠ ਚਰਨਨ ਵਰੇ। ਤਿਨ ਪਰ ਸ਼ਸਤਰ ਝਾਰ ਸੁ ਝਰੇ।
ਵੈ ਨਠ ਆਗੇ ਪੀਛੈ ਹੋਰੈਂ। ਤਿਨ ਸੰਗ ਪੁਜੈ ਨ ਬਾਲਕ ਦੌਰੇ।੯੦।
ਗਿਰਜੋ ਬਾਲ ਤਿਨ ਪਗ ਕੋ ਝਾਗ। ਨਹਿੰ ਪਹੁੰਚੈ ਤਿਸ ਦੌੜ ਸੁ ਲਾਗ।
ਵਾਜ ਬੰਦੂਕਨ ਤੇ ਸੋ ਡਰੈ। ਝਾੜਨ ਝੁੰਡ ਵਿਚ ਕੰਟਨ ਵੜੈ।੯੧।

ਦੋਹਰਾ: ਬਾਲਕ ਪੈਰਨ ਸੋਂ ਫੜੇਂ ਘੋੜੇ ਉਪਰ ਚੜ੍ਹਾਇ।
ਗਿਰੇ ਉਠੇ ਨੱਠੈ ਲੁਕੇ ਬਚਤੋ ਦਿਸੈ ਨ ਕਾਇ।੯੨।

ਚੌਪਈ: ਤਬ ਬਾਲਕ ਕੋ ਭਈ ਖੁਆਰੀ। ਬਾਲਕ ਲਾਗੇ ਜਾਨ ਪਿਆਰੀ।
ਜਬ ਘੋੜਨ ਕੀ ਫੇਟਨ ਗੇਰਾ। ਗਰਦਨ ਪਰ ਮਾਰੀ ਸ਼ਮਸ਼ੇਰਾ।੯੩।
ਗਰਦਨ ਕਟ ਕੇ ਘੰਡੀ ਰਹਾਈ। ਗਲ ਪਰ ਦੂਜੀ ਫੇਰ ਚਲਾਈ।
ਕਟ ਗਈ ਹੰਸਲੀ ਮੋਢੇ ਤਾਈਂ। ਤੀਜੀ ਸਿਰ ਪਰ ਫੇਰ ਲਗਾਈ।੯੪।
ਕਾਟ ਮੋਢੇ ਤੇ ਜ਼ਿਮੀਂ ਧਮਾਈ। ਇਮ ਕਰ ਸ਼ਾਹ ਰਗ[1] ਭਈ ਬਚਾਈ।
ਉਨ ਜਾਨਜੋਂ ਬਾਲਕ ਮਰ ਗਯੋ[2]। ਧੂੜ ਲਪੇਟਜੋ ਧਰਨੀ ਪਯੋ[2]।੯੫।

ਦੋਹਰਾ: ਮਾਰ ਕੂਟ ਕੇ ਸੋ ਗਏ ਜੀਵਤ ਜਾਨਜੇਂ ਨਾਹਿੰ।
ਇਕ ਸਾਗ ਕੰਬੋਇਨ ਬੇਚਕੈ ਤਿਹ ਥਾਂ ਪਹੁੰਚੀ ਆਇ।੯੬।

ਚੌਪਈ: ਮਾਲਣ ਬਾਲਕ ਜੀਵਤ ਜਾਨਜੋਂ। ਮੱਧ ਟੋਕਰੀ ਪਰ ਘਰ ਆਨਜੋਂ।
ਪਿਤਾ ਹਮਾਰੇ ਕਾ ਥਾ ਭਾਈ[3]। ਸੁਣ ਰੁਡਯਾਲੇ[4] ਮੈਂ ਲੇ ਆਈ।੯੭।
ਜ਼ਖਮ ਸਿਵਾਏ ਮੋਚੀ ਆਨ। ਇਸ ਬਿਧਿ ਹਮ ਪਿਤ ਬਚੇ ਪਰਾਨ।
ਐਸੀ ਬਿਧ ਸਾਖੀ ਯਹ ਭਈ। ਗੁਰ ਕਿਰਪਾ ਤੇ ਪੂਰਨ ਕਈ।੯੮।

ਸਾਖੀ ਬੋਤਾ ਸਿੰਘ ਸ਼ਹੀਦ ਕੀ

੧੨੮. [ਬੋਤਾ ਸਿੰਘ ਸ਼ਹੀਦ ਦਾ ਪ੍ਰਸੰਗ]

ਦੋਹਰਾ: ਸਾਖੀ ਬੋਤਾ ਸਿੰਘ ਕੀ ਸੁਨੀ ਰਤਨ ਸਿੰਘ ਕਾਨ।
ਸਿੰਘਨ ਕੀ ਨਿੰਦਯਾ ਸੁਨਤ ਜਿਨ ਕੀਨੋ ਸੀਸ ਕੁਰਬਾਨ।੧।

ਚੌਪਈ: ਜਤੀ ਸਤੀ ਥੇ ਪ੍ਰਣ ਕੇ ਪੂਰੇ। ਗੁਰ ਕੇ ਸੇਵਕ ਦਿਲ ਕੇ ਸੂਰੇ।
ਬੋਤਾ ਸਿੰਘ ਤਾਸ ਕੋ ਨਾਮ। ਮਾਝੇ ਮੈਂ ਥੋ ਤਾਂਕੋ ਗ੍ਰਾਮ।੨।
ਜਬੈ ਦੀਏ ਥੇ ਸਿੰਘ ਵਹੁ ਮਾਰ। ਦਿਸੇ ਨ ਸੁਨੀਏਂ ਮਹੀਨੇ ਚਾਰ।
ਕਹੈਂ 'ਸਿੰਘ ਸਭ ਮਰ ਗਲ ਗਏ। ਤੁਰਕਨ ਸਿੰਘ ਖਪਾਇ ਸੁ ਦਏ।੩।
ਦੰਗਾ ਕਰਤ ਨ ਕਹੂੰ ਅਖਾਰਾ।' ਇਮ ਕਰ ਕਹਿੰ 'ਸਭ ਖਾਲਸਾ ਮਾਰਾ'।
ਬੋਤਾ ਸਿੰਘ ਕਹੂੰ ਵਖ ਰਹਜੋ। ਕਿਨੈ ਫਿਰਤ ਤਿਹ ਦੇਖ ਸੁ ਲਯੋ।੪।

---

੧ ਗਲ ਦੀ ਨਾਲੀ।
੨. ਦੋਹਾਂ ਤੁਕਾਂ ਦਾ ਪਾਠਾਂਤ੍ਰ ਇਉਂ ਬੀ ਹੈ:-
ਮਰਨੇ ਤੇ ਬਾਲਕ ਰਹਿ ਗਯੋ। ਕੋਇ ਨ ਤਬ ਹੀ ਜਾਨਤ ਭਯੋ।
੩. ਪਾ:-ਪਿਤਾ ਹਮਾਰੇ ਕੀ ਬੀ ਤਾਈ।
੪. ਪਾ:- ਰੁ ਅਟਾਲੇ।

Sri Satguru Jagjit Singh Ji eLibrary NamdhariElibrary@gmail.com

ਦੇਖਤ ਸੋਊ ਅਚੰਭੇ ਭਯੋ। 'ਕਹਾਂ ਸਿੰਘ ਯਹ ਜੀਵਤ ਰਹਯੋ'।
ਐਸੇ ਦੇਖਨ ਵਾਰਨ ਕਹਯੋ। 'ਹੋਵਗ ਭੇਖੀ ਕੋਊ ਯਹ ਰਹਯੋ।੫।

ਦੋਹਰਾ: ਸਿੰਘ ਨ ਦੀਸਤ ਹੈਂ ਕਹੂੰ ਤੁਰਕਨ ਦਏ ਖਪਾਇ'।
ਦੂਜੇ ਕਹਯੋ 'ਕੋਈ ਰੋਗ ਯਹ ਕਾਇਰ ਕੂਰ ਲੁਕਾਇ।੬।

ਚੌਪਈ: ਖਾਲਸੋ ਸੋਊ ਜੁ ਨਿਤ ਜੰਗ ਕਰੈ। ਖਾਲਸੋ ਸੋਊ ਨ ਮਰਨ ਤੇ ਡਰੈ।
ਖਾਲਸੋ ਸੋਊ ਜੁ ਦੰਗਾ ਮਚਾਵੈ। ਖਾਲਸਾ ਸੋਊ ਜੋ ਸੀਸ ਲਗਾਵੈਂ'।੭।

ਦੋਹਰਾ: ਬੋਤਾ ਸਿੰਘ ਨੇ ਯੌਂ ਸੁਨੀ ਰਹਯੋ ਤਹਾਂ ਹੀ ਖਲੋਇ।
ਜਨੁ ਬਿੱਛੂ ਕੋ ਡੰਕ ਲਗਯੋ ਲਗੀ ਬੋਲੀ ਸਿੰਘ ਸੋਇ।੮।

ਚੌਪਈ: ਸਿੰਘ ਚਿੱਤ ਯਹ ਨਿਸਚੈ ਧਾਰੀ। 'ਸੀਸ ਲਗੇ ਬਿਨ ਗਲ ਨਹਿੰਕਾਰੀ।
ਸੀਸ ਲਗਾਏ ਚਰਚਾ ਹੋਇ। ਜਗ ਯੌਂ ਜਾਨੈ ਖਾਲਸੋ ਸੋਇ।੯।
ਅਬ ਈਹਾਂ ਕਿਛ ਦੰਗਾ ਮਚਾਈਏ। ਤੁਰਕਨ ਸਿਰ ਦੈ ਝੂਠੇ ਕਰਾਈਏ।
ਫਿਰ ਖਾਲਸੇ ਕੀ ਚਰਚਾ ਹੋਇ। ਪਤਿਸ਼ਾਹੀ ਦਾਵਾ ਚਾਹੈ ਜੋਇ'।੧੦।

ਦੋਹਰਾ: ਰਾਹਿ ਸਰਾਂਇ ਡੇਰਾ ਦੀਓ ਚਹੁੰ ਤਰਫੋਂ ਲੀਓ ਬਨਾਇ।
ਲੜਕਨ ਜੈਸੀ ਖੇਲ ਜਯੋਂ ਗੜਾ ਧਰਾਯੋ ਨਾਇ।੧੧।

ਚੌਪਈ: ਬੈਠ ਸਿੰਘ ਤਹਿੰ ਜਗਾਤ ਲਗਾਈ। ਦੂਜੋ ਸਿੰਘ ਰੰਘੜੇਟੋ ਭਯੋ ਆਈ।
ਦੋਊਅਨ ਰੌਲਾ ਦੀਓ ਮਚਾਇ। ਖਬਰ ਲਹੌਰ ਜਿਮ ਪੁੱਜੇ ਜਾਇ।੧੨।

ਦੋਹਰਾ: ਔਰ ਚਿਠੀ ਥੀ ਤਿਨ ਲਿਖੀ ਜੋ ਸੁਨ ਨਵਾਬ ਜਲ ਜਾਇ।
ਚੜ੍ਹੈ ਫੌਜ ਜਿਮ ਤੁਰਤ ਹੀ ਕਛੂ ਨ ਦੇਰ ਲਗਾਇ।੧੩।

ਚੌਪਈ: "ਚਿਠੀ ਲਿਖੈ ਯੌਂ ਸਿੰਘ ਬੋਤਾ। ਹਥ ਹੈ ਸੋਟਾ, ਵਿਚ ਰਾਹ ਖੜੋਤਾ।
ਆਨਾ ਲਾਯਾ ਗੱਡੇ ਨੂੰ ਪੈਸਾ ਲਾਯਾ ਖੋਤਾ। ਆਖ ਭਾਬੀ ਖਾਨੋਂ ਨੂੰ ਯੌਂ ਆਖੈ ਸਿੰਘ ਬੋਤਾ"।

ਦੋਹਰਾ: ਖਾਨ ਬਹਾਦਰ ਨਵਾਬ ਕੀ ਖਾਨੋਂ ਬਡੀ ਸੁ ਭੈਣ।
ਫਰਜ਼ੁੱਲਾ ਖਾਂ ਕੀ ਇਸਤਰੀ ਖਾਲਸੇ ਬਡ ਦੁਖ ਦੈਣ।੧੫।

ਚੌਪਈ: ਖਾਨੋਂ ਸੁਨ ਦਈ ਫੌਜ ਚੜ੍ਹਾਇ। ਸੋ ਸਿੰਘਨ ਢਿਗ ਪਹੁੰਚੀ ਆਇ।
ਖੜੋ ਸਾਥ ਇਕ ਥੋ ਤਿਹ ਥਾਇ। ਦੂਜੋ ਚਲਯੋ ਥੋ ਰਮਣੇ ਦਾਇ।੧੬।
ਦੇਖ ਫੌਜ ਮੁੜ ਆਯੋ ਸੋਇ। ਲਲਕਾਰੇ ਦੀਨ ਗੁਰ ਫਤੇ ਬੁਲੋਇ।
ਇਮ ਦੋਊ ਸਿੰਘ ਭਏ ਤਿਆਰ। ਹੱਥ ਇਕ ਸੋਟਾ ਗਲ ਤਲਵਾਰ।੧੭।
ਦੂਜੇ ਹਥ ਨੇਜਾ ਇਕ ਫਲਾ। ਕਿਲੇ ਬਾਹਰ ਸਿੰਘ ਨਿੱਕਲ ਖਲਾ।
ਤਬ ਤੁਰਕਨ ਯੌਂ ਬਚਨ ਪੁਕਾਰੇ। 'ਲਰ ਨ ਮਰੋ ਸਿੰਘ ਚਲੋ ਹਮ ਨਾਰੇ।੧੮।
ਤੈਨੂੰ ਲੈ ਸੰਗ ਨਵਾਬ ਮਿਲਾਊਂ। ਜਾਂ ਬਖਸ਼ੀ ਕਰ ਤੁਝੈਂ ਛਡਾਊਂ'।
ਸਿੰਘ ਕਹੀ 'ਹਮ ਕਬ ਜਾਨ ਬਚਾਵੈਂ। ਹਮ ਤੋ ਮਰਨਾ ਆਪ ਤਕਾਵੈਂ।੧੯।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਹਮ ਸੋਂ ਲਰਨਾ ਝਖ ਕਰੋ ਘੋੜੇ ਤੇ ਉਤਰਾਇ।
ਤੁਮ ਹੱਥਜਾਰ ਸੁ ਹਥ ਰਖੋ ਹਮ ਸੋਟੇ ਲਾਵੈਂ ਧਾਇ।੨੦।

ਚੌਪਈ: ਦੇਖੇ ਸੋਟੇ ਸੋਂ ਕਜਾ ਹਮ ਤੇ ਸਰੇ। ਕਜਾ ਕਜਾ ਹਿੰਮਤ ਹਮ ਚੁਪ ਕਰੇਂ'।
ਫਿਰ ਤੁਰਕ ਕਹੈ 'ਚਲ ਹਮਰੇ ਸਾਥ। ਹਮ ਤੁਮੈਂ ਕਰਾਵੈਂ ਕਚਹਿਰੀ ਬਾਤ'।
ਸਿੰਘ ਕਹੇਂ 'ਹਮ ਤੁਮ ਕਜਾ ਗੱਲ। ਕਰੈਂ ਕਚਹਿਰੀ ਅਗੈ ਸੁ ਚੱਲ।
ਹਮ ਤੁਮ ਸੋਂ ਅਬ ਸ਼ਸਤ੍ਰਨ ਮੇਲ। ਸੋਟੇ ਢੀਮ ਮਿਲਾਵੈਂ ਸੇਲ।੨੨।

ਦੋਹਰਾ: ਹਮ ਆਵਤ ਹੈਂ ਪਾਸ ਤੁਮ ਕਹਜੋ ਨ ਖਬਰ ਹਮ ਕੀਨ'।
ਦੌੜ ਕਰੀ ਤਿਨ ਸ਼ੇਰ ਜਿਉਂ ਖੜੋ ਤਹਾਂ ਜਾ ਲੀਨ।੨੩।

ਚੌਪਈ: ਦੌੜ ਸਿੰਘਨ ਤਬ ਸ਼ਸਤ੍ਰ ਚਲਾਏ। ਹਥ ਸਿੰਘਨ ਕੇ ਤੁਰਕ ਨ ਆਏ।
ਸੋਟੇ ਢੀਮ ਤਬ ਸਿੰਘਨ ਚਲਾਈ। ਤੁਰਕ ਸੁ ਘੋੜੇ ਗਏ ਹਿਲਾਈ।੨੪।
ਤੁਰਕ ਜਿੰਦ ਕੋ ਚਹੈਂ ਬਚਾਈ। ਸਿੰਘਨ ਚਿੰਤਾ ਜਿੰਦ ਨ ਕਾਈ।
ਜਿਧਰੋਂ ਸ਼ਸਤਰ ਤੁਰਕਨ ਆਵੈਂ। ਸਿੰਘ ਸੁ ਦੌੜ ਉਤਹਿ ਵਲ ਧਾਵੈਂ।੨੫।
ਪਹੁੰਚ ਸੁ ਤੁਰਕਨ ਸ਼ਸਤ੍ਰ ਲਗਾਵੈਂ। ਅਪਨੋ ਨਾਂਹ ਸਰੀਰ ਬਚਾਵੈਂ।
ਤੁਰਕਨ ਤੇ ਨਿਜ ਸਰੀਰ ਛਿਰਾਵੈਂ। ਲਗੈ ਸ਼ਸਤ੍ਰ ਤਨ ਖੁਸ਼ੀਆਂ ਆਵੈਂ।੨੬।
ਸੌਚੀ ਖੇਲ ਖੇਲੈਂ ਜਨ ਸਿੰਘ। ਭਰੈਂ ਛੋਟੀ ਕਤ ਲੰਬੀ ਡਿੰਘ।
ਤੁਰਕ ਭੀ ਹੱਲਾ ਕਰ ਕਰ ਮਾਰੈਂ। ਮਾਰ ਘੋੜਨ ਚਹਿ ਫੇਟਨ ਡਾਰੈਂ।੨੭।

ਦੋਹਰਾ: ਸਿੰਘ ਉਠੈਂ ਕਬ ਗਿਰ ਪੜੈਂ ਕਬ ਫਿਰ ਜਾਹਿਂ ਖਲੋਇ।
ਤੁਰਕਨ ਕੇ ਹਥ ਸ਼ਸਤ੍ਰ ਲਖ ਸਿੰਘ ਖਾਲੀ ਡਰੈਂ ਨ ਤੋਇ।੨੮।

ਚੌਪਈ: ਸਿੰਘ ਕਰੈਂ ਨਹਿ ਜਾਨ ਪਿਆਰੀ। ਡਰੈ ਨ ਤੁਰਕ ਬਿਨ ਸ਼ਸਤ੍ਰ ਬਿਚਾਰੀ।
ਦੋਨੋਂ ਕੇ ਦਿਲ ਬਢਜੋ ਹੁਲਾਸ। ਲਖ ਖਾਲੀ ਉਨ ਮਰਨ ਪਿਆਸ।੨੯।

ਦੋਹਰਾ: ਚਾਮ ਮਾਸ ਸ਼ਸਤਰ ਲਗੈ ਤੌ ਸਿੰਘ ਮਾਨੈ ਨਾਂਹਿ।
ਹਾਡ ਲਗੈ ਤਬ ਬਲ ਘਟੈ ਤਬ ਸਿੰਘ ਕਛੁਕ ਥਕਾਹਿਂ।੩੦।

ਚੌਪਈ: ਤੀਰ ਲਗੈ ਸਿੰਘ ਪੱਟ ਸਿਟਾਵੈਂ। ਤੁਰਕਨ ਕੋ ਸੋ ਅੱਖੀਂ ਦਿਖਾਵੈਂ।
ਸਿੰਘ ਕਹੈਂ 'ਧ੍ਰਿਗ ਤੁਮਰੇ ਤੀਰ। ਹਮਰੋ ਚੀਰ ਨ ਸਕੈਂ ਸਰੀਰ'।੩੧।
ਤਬ ਲਾਗੇ ਤਲਵਾਰ ਚਲਾਨ। ਸਿੰਘ ਸੋਟੇ ਸੋਂ ਰੋਕੈਂ ਤਾਨ।
ਦੋਊਅਨ ਸਿੰਘਨ ਲਈ ਪਿਠ ਜੋੜ। ਸੋਟਨ ਸੋਂ ਦਏ ਘੋੜੇ ਮੋੜ।੩੨।

ਦੋਹਰਾ: ਘੋੜੇ ਛਡ ਪਜਾਦੇ ਭਏ ਡਾਹੈਂ ਆਗੈ ਢਾਲ।
ਸੋਟਨ ਸੋਂ ਉਨ ਢਾਲ ਕੋ ਕੀਨੋ ਬੁਰੋ ਹਵਾਲ।੩੩।

ਚੌਪਈ: ਤੌ ਤੁਰਕਨ ਨੈ ਮਾਨੀ ਆਨ। ਸਿੰਘਨ ਪਰ ਨਾ ਪਾਵੈਂ ਤਾਨ।
ਤੌ ਤੁਰਕਨ ਬੰਦੂਕ ਸੰਭਾਰੀ। ਲਾਵੈਂ ਸਿੰਘਨ ਗੋਲੀ ਭਾਰੀ।੩੪।

Sri Satguru Jagjit Singh Ji eLibrary NamdhariElibrary@gmail.com

ਜਹਾਂ ਲਗੈ ਹਡ ਦੇਵੈ ਤੋੜ। ਸੋਟੇ ਲਾਵੈਂ* ਹਥ ਦੈਂ ਫੋੜ।
ਸਿੰਘਨ ਸੋਟੇ ਹਥ ਖੱਬੇ ਫੜੇ। ਮਾਰ ਬੰਦੂਕਨ ਲੰਗੜੇ ਕਰੇ।੩੫।
ਜਬ ਸਿੰਘਨ ਕੀ ਟੰਗ ਦਈ ਤੋੜ। ਕਹੈਂ ਸਿੰਘਨ 'ਅਬ ਮਿਲੋ ਹਥ ਜੋੜ।
ਤੁਮਰੀ ਅਬ ਹਮ ਬਖਸ਼ੀ ਜਾਨ। ਰਖੈਂ ਤੁਮੈਂ ਕਰ ਮੁੱਸਲਮਾਨ'।੩੬।

ਦੋਹਰਾ: ਸਿੰਘ ਉਠੇ ਇਕ ਟੰਗ ਸਿਉਂ ਇੱਕ ਟੰਗਨ ਕੀ ਤੋਰ।
ਖਾਯੈ ਵਤ ਕਰਲਾਂ ਕਰੈਂ ਮਾਰ ਸੋਟਨ ਸਿਰ ਦਯੋ ਫੋਰ।੩੭।

ਚੌਪਈ: ਤੌ ਉਹਾਂ ਸਿੰਘ ਜਾ ਡਿਗ ਪਏ। ਗੋਡਨ ਕੂੰਨ ਉਤੈ ਵਲ ਗਏ।
ਸਿੰਘਨ ਉਨ ਤੈ ਮੁੜੀ ਨ ਆਂਖ। ਐਸੇ ਗਏ ਬਡੇ ਹਮ ਆਖ।੩੮।

ਦੋਹਰਾ: ਆਖਾਂ ਤਾਂ ਸੋਈ ਮੋੜੇ ਜਿਸ ਚਿਤ ਕਿਛ ਸੰਕਾਇ।
ਜਿਨ ਜੀਵਨ ਆਸਾ ਤਜੀ ਨਹਿੰ ਵਹਿ ਆਂਖ ਚੁਰਾਇ।੩੯।
ਸਨਮੁਖ ਸੂਰੇ ਭਿੜਤ ਹੈਂ ਆਂਖਨ ਆਂਖ ਮਿਲਾਇ।
ਲਾਲੀ ਮੁਖ, ਭੁਜ ਫਰਕ ਹੈਂ, ਮੁਖ ਤਲਵਾਰਾਂ ਖਾਇੰ।੪੦।

ਚੌਪਈ: ਟੂਕ ਟੂਕ ਸੋ ਤੁਰਕਨ ਕਰੇ। ਮਤ ਸਿੰਘ ਫੇਰ ਨ ਹੋਵੈਂ ਖਰੇ।
ਇਸ ਬਿਧ ਸਿੰਘਨ ਸ਼ਹੀਦੀ ਪਾਈ। ਧੰਨ ਮਾਤਾ ਧੰਨ ਪਿਤਾ ਉਸ ਭਾਈ।੪੧।
ਜਾਇ ਰਲੇ ਵੈ ਸ਼ਹੀਦਨ ਡੇਰੇ। ਪੀਰ ਪਿਕੰਬਰ ਫੜ ਜਿਨ ਘੇਰੇ।
ਸ਼ਹੀਦੀ ਬਡੀ ਬੋਤਾ ਸਿੰਘ ਲਈ। ਰਤਨ ਸਿੰਘ ਸੁਨ ਸੋਈ ਕਹੀ।੪੨।

ਭਾਈ ਸੁਖਾ ਸਿੰਘ ਜੀ ਦੀ ਬਹਾਦਰੀ ਦੀ ਸਾਖੀ

੧੨੯. [ਭਾਈ ਸੁਖਾ ਸਿੰਘ ਦੀ ਆਦ ਕਥਾ]

ਦੋਹਰਾ: ਅਬ ਸਾਖੀ ਸੁਖਾ ਸਿੰਘ ਕੀ ਸੁਨੀਏ ਮਨ ਚਿਤ ਲਾਇ।
ਕੰਬੋ ਕੀ ਮਾੜੀ ਭਯੋ ਜਾਤ ਤ੍ਰਖਾਣ ਕਹਾਇ।੧।

ਚੌਪਈ: ਬਰਸ ਬਾਰਾਂ ਕੋ ਜਬ ਵਹ ਭਯੋ। ਮਾਤਾ ਪਿਤਾ ਬਿਵਾਹ ਸੁ ਦਯੋ।
ਚਾਉ ਉਪਜਯੋ ਉਸ ਚਿਤ ਮੇਂ ਆਇ। ਲਈ ਪਾਹੁਲ ਅੰਮ੍ਰਿਤਸਰ ਜਾਇ।੨।
ਜਹਿੰ ਸਿਖ ਸੰਗਤ ਇਕਠੀ ਹੋਇ। ਜਿਮ ਤਿਮ ਕਰਕੇ ਪਹੁੰਚੈ ਸੋਇ।
ਜੇ ਕੋ ਸਿੰਘ ਉਸ ਕੇ ਘਰ ਆਵੈ। ਸੋ ਉਸ ਕੀ ਵਹਿ ਟਹਿਲ ਕਮਾਵੈ।੩।
ਸੋ ਸ਼ੁਹਰਤ ਚੁਗਲਨ ਪੈ ਗਈ। ਫੌਜ ਚੜ੍ਹਾਇ ਚੁਗਲਨ ਸੰਗ ਲਈ।
ਉਸ ਦਿਨ ਹੁਤੇ ਨ ਵਹਿ ਘਰ ਸਿੱਖ। ਇਮ ਕਰ ਉਨਕੋ ਪਰਯੋ ਨ ਦਿੱਖ।੪।
ਫੌਜ ਮੁੜੀ ਜਬ ਉਤ ਤੇ ਗਈ। ਵਹੀ ਖਬਰ ਉਸ ਪਿਤ ਮਾਤਾ ਭਈ।
ਇਸੀ ਖੌਫ ਤੇ ਸਿੰਘ ਘਰ ਨਾਂ ਆਵੈ। ਮਾਤ ਪਿਤਾ ਉਸ ਬਡ ਲਏ ਹਾਵੇ।੫।

---

* ਭਾਵ ਸਿੰਘ ਸੋਟੇ ਲਾਉਂਦੇ ਹਨ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਮਾਤ ਪਿਤਾ ਉਸ ਇਮ ਕਹੈਂ 'ਹਮ ਸਿੰਘਨ ਸਿਉਂ ਕਜਾ ਕਾਮ।
ਹਮ ਹੈਂ ਜਾਤ ਕਮੀਨਨੀ ਪਤਿਸ਼ਾਹੀ ਸੋਂ ਕਜਾ ਕਾਮ?।੬।

ਚੌਪਈ: ਸਿੰਘ ਹੋਇ ਲੈਣ ਚਹੈਂ ਪਤਿਸ਼ਾਹੀ। ਹਮ ਕਮੀਨਨ ਘਰ ਸੋ ਕਦ ਆਈ।
ਪਤਿਸ਼ਾਹੀ ਦਾਵੇ ਜੱਟ ਕਮਾਹਿਂ। ਆਪੇ ਬੀਜੈਂ ਆਪੇ ਖਾਹਿਂ।੭।
ਹਮ ਤੋ ਆਹਿਂ ਕਮੀਨੀ ਜਾਤ। ਹਮ ਮਿਲੈ ਮਜ਼ੂਰੀ ਆਛੀ ਬਾਤ'।
ਯਹਿ ਚਿਤ ਧਰ ਸਿੰਘ ਰਾਤ ਘਰ ਲਜਾਏ। ਉਸ ਸੋਂ ਚਾਹਤ ਦਗ਼ਾ ਕਮਾਏ।੮।
ਭੰਗ ਸ਼ਰਾਬ ਮਿਲਾਇ ਪਿਲਾਈ। ਉਸ ਕੋ ਗੁਦੋ* ਲੀਯੋ ਕਰਾਈ।
ਸੁੱਧ ਬੁੱਧ ਸਭ ਉਸ ਭੁੱਲ ਗਈ। ਸੀਸ ਮੁੰਡਾਯੋ ਸਦ ਕੇ ਨਈ।੯।
ਗਯੋ ਅਮਲ ਉਸ ਹੋਤੀ ਪ੍ਰਾਤ। ਫੇਰਜੋ ਉਨ ਨਿਜ ਸਿਰ ਪਰ ਹਾਥ।
ਮਾਤ ਪਿਤਾ ਕੋ ਜਾਨਜੋਂ ਪਾਪ। ਉਨ ਚਿਤ ਧਾਰਜੋ ਕਰਨੋਂ ਖਾਪ।੧੦।

ਦੋਹਰਾ: ਫਿਰ ਸਿੰਘ ਮਨਹਿ ਬਿਚਾਰਿਓ 'ਇਨ ਮਾਰਨ ਬਡ ਪਾਪ'।
ਦੌੜ ਕੂਪ ਮੈਂ ਜਾ ਪੜਾ ਮਰਨ ਧਾਰ ਚਿਤ ਆਪ।੧੧।

ਚੌਪਈ: ਤਬ ਲੋਕਨ ਨੇ ਲੱਜ ਫਰਾਹੀ। ਚਹੈ ਮਰਜੋ ਵਹਿ ਫੜਜੋ ਸੁ ਨਾਂਹੀ।
ਉਲਟ ਪਲਟ ਹੁਇ ਡੂਬਜੋ ਚਹੈ। ਨੀਰ ਨ ਡੋਬੈ ਊਪਰ ਬਹੈ।੧੨।
ਤਬ ਉਸ ਭਾਈ ਖੂਹ ਮਧ ਬੜਾ। ਫੜੀ ਲੱਜ ਪੁਨ ਵਹਿ ਭੀ ਫੜਾ।
ਤੌ ਲੌ ਏਕ ਸਿੰਘ ਤਹਿਂ ਆਈ। ਉਨ੍ਹੈਂ ਆਖ ਕਰ ਇਮ ਸਮਝਾਈ।੧੩।
'ਮਰਨੋਂ ਹੈ ਮਰ ਤੁਰਕਨ ਸਿਰ ਚਰ। ਔਰ ਮੌਤ ਕਜੋਂ ਮਰੈਂ ਬਜਰਥ ਕਰ।
ਜਿਨ ਤੁਰਕਨ ਗੁਰ ਸਾਡੇ ਅਕਾਏ। ਹਿੰਦੂਨ ਕੋ ਚਹਿਂ ਤੁਰਕ ਬਨਾਏ।੧੪।
ਹੈ ਤੁਰਕਨ ਲਰ ਮਰਨੋ ਭਲੋ। ਨਿਕਲ ਕੂਏ ਸੋਂ ਸਿੰਘਨ ਰਲੋ।
ਮਾਰ ਤੁਰਕਨ ਕੋ ਹੋਵੋ ਸ਼ਹੀਦ। ਹਮਰੀ ਤੁਮ ਕੋ ਯਹੀ ਤਕੀਦ'।੧੫।

ਦੋਹਰਾ: ਤਬ ਸੁੱਖਾ ਸਿੰਘ ਮੰਨ ਲਈ ਨਿਕਸਜੋ ਇਮ ਚਿਤ ਧਾਰ।
'ਇਨੈਂ ਸਿੰਘ ਸਾਚੀ ਕਹੀ ਅਬ ਮਰੀਏ ਤੁਰਕਨ ਮਾਰ'।੧੬।

ਚੌਪਈ: ਔਰ ਚਿੱਤ ਉਸ ਦ੍ਰਿੜਤਾ ਆਈ। 'ਮਰੈਂ ਨਹੀਂ ਬਿਨ ਮੌਤੇ ਆਈ।
ਖੂਹ ਪੜੇ ਭੀ ਮਰੇ ਹਮ ਨਾਹਿਂ। ਰਹੇ ਮਰਨ ਕੋ ਬਹੁ ਚਿਤ ਚਾਹਿ'।੧੭।
ਤਬ ਸੁੱਖਾ ਸਿੰਘ ਯੌ ਮਨ ਧਾਰਜੋ। 'ਨਹਿਂ ਤੁਰਕਨ ਕੋ ਮਿਟੋ ਲਲਕਾਰਜੋ।
ਇਕ ਅਧ ਸ਼ਸਤ੍ਰ ਜਾਊਂਗੋ ਲਾਇ। ਤੌ ਫਿਰ ਜਾਊਂ ਦਾਉ ਬਚਾਇ।੧੮।

ਦੋਹਰਾ: ਉਸੈ ਪਿੰਡ ਕੇ ਪੈਂਚ ਪੈ ਘੋੜੀ ਥੀ ਇਕ ਚੰਗ।
ਪਾਣੀ ਪਿਲਾਵਨ ਭੇਤ ਸੋ ਲੈ ਜਾਇ ਰਲਜੋ ਨਿਸੰਗ।੧੯।

ਚੌਪਈ: ਜਾਕਰ ਪੰਥ ਖਾਲਸੇ ਟਲਿਓ। ਪੁਛ ਡੇਰੇ ਸ਼ਜਾਮ ਸਿੰਘ ਕੇ ਵੜਿਓ।
ਪਾਹੁਲ ਸ਼ਜਾਮ ਸਿੰਘ ਤੇ ਲਈ ਪੁੱਤ੍ਰਨ ਜਿਮ ਉਸ ਪ੍ਰੀਤ ਉਪਜਈ।੨੦।

* ਬੇਹੋਸ਼।

Sri Satguru Jagjit Singh Ji eLibrary NamdhariElibrary@gmail.com

ਤੌ ਸੁੱਖੇ ਸਿੰਘ ਯੌ ਦਿਲ ਆਈ। ਘੋੜੀ ਕੋ ਮੁਲ ਦਈਏ ਘਲਾਈ।
ਯੌ ਸਿੰਘ ਤੁਰਜੋ ਲਹੌਰੈ ਰਾਹਿ। ਲਯੋ ਭੇਖ ਤਿਨ ਜੱਟ ਬਨਾਇ।੨੧।
ਕੇਸ ਸੀਸ ਤਬ ਥੇ ਉਸ ਥੋੜੇ। ਜਾਇ ਵੜਜੋ ਇਮ ਮੱਧਜ ਲਹੌਰੇ।
ਸੋ ਜਾ ਵੜਜੋ ਸ੍ਰਾਫੀ ਬਜਾਰ। ਫਿਰਤ ਮੂਹਰਨ ਧਰ ਕੰਧੈ ਭਾਰ।੨੨।
ਇਕ ਥੈਲੀ ਸਿੰਘ ਦ੍ਰਿਸ਼ਟੈ ਆਈ। ਫੜ ਕੰਧਜੋਂ ਸਿੰਘ ਲਰ ਮੈਂ[1] ਪਾਈ।
ਛੇੜ ਘੋੜੀ ਦਰਵਾਜਜੋਂ ਲੰਘ। ਕਰੀ ਨ ਤਿਨ ਕਛੁ ਮਰਨੌਂ ਸੰਗ।੨੩।

ਦੋਹਰਾ: ਘੜੀ ਦੁ ਇਕ ਦਿਨ ਰਹਤ ਥੋ ਸਿੰਘ ਭਯੋ ਪੌਣ ਕੇ ਭੇਸ।
ਗਯੋ ਗਯੋ ਕਹਤੇ ਰਹੇ ਸਿੰਘ ਮੁੱਖ ਕੀਓ ਨਿਜ ਦੇਸ।੨੪।

ਚੌਪਈ: ਰੋਲਾ ਗੌਲਾ ਜਬ ਤਹਿੰ ਪਰਾ। ਤਬ ਲੌ ਸਿੰਘ ਮਧ ਝਾੜੀਂ ਰਲਾ।
ਤੁਰਕ ਫੌਜ ਕਿਤ ਮਗਰੋਂ ਦੌਰੀ। ਸੋ ਲੰਘ ਗਯੋ ਤਰਫ ਕਿਤ ਔਰੀ।੨੫।
ਜਾਇ ਰਲਜੋ ਸਿੰਘਨ ਦਲ ਮਾਹੀਂ। ਮੁੱਲ ਘੋੜੀ ਕੋ ਦੈ ਤੁਰਤਾਹੀ।
ਤੀਨਕ ਸੈ ਦਜੋ ਰੁਪੱਯੋ ਲਾਇ। ਲਈ ਚੌਧਰੀ ਸੋਂ ਬਾਤ ਬਨਾਇ।੨੬।
ਔਰ ਸਿੰਘਨ ਕੇ ਲੰਗਰ ਪਾਈ। ਘਲੀ ਨ ਘਰ ਜਹਿੰ ਥੇ ਪਿਤ ਮਾਈ।
ਇਸੀ ਭਾਂਤ ਸਿੰਘ ਨਿਤ ਤਹਿੰ ਦੌੜੈਂ। ਲੁੱਟ ਸੁਲਜਾਵੈਂ ਮਾਲ ਚੁਫੇਰੇ।੨੭।
ਬਹੁਤ ਸਿੰਘ ਚਿਤ ਭਯੋ ਉਛਾਹਿ। ਉਸ ਮਾਰ ਹਟਾਵੈ ਜੋ ਗੈਲੇ ਪਾਹਿ।
ਸਭ ਸ਼ਸਤ੍ਰਨ ਕੀ ਵਿੱਦਜਾ ਜਾਣੈ। ਹਾਥ ਪਾਇ ਉਸ ਬਹੁਤ ਸਤਾਣੈ।੨੮।
ਚੜ੍ਹ ਘੋੜੀ ਤੇ ਜੋ ਲੁਟ ਲਜਾਵੈ। ਤੁਰਤ ਖਾਲਸੇ ਲੰਗਰ ਪਾਵੈ।੨੯।

ਦੋਹਰਾ: ਜਹਾਂ ਜੁੱਧ ਤੁਰਕਨ ਪਰੈ ਪਰੈ ਸ਼ੇਰ ਜਿਮ ਜਾਇ।
ਇਕ ਦੋ ਸ਼ਸ਼ਤਰ ਲਾਇ ਕੈ ਰਲੈ ਖਾਲਸੇ ਆਇ।੩੦।

ਚੌਪਈ: ਰਾਮ ਜੰਗਾ[2] ਸਿੰਘ ਖੂਬ ਚਲਾਵੈ। ਤੀਰ ਮਾਰ ਮਾਰ ਘੋੜੇ ਗਿਰਾਵੈ।
ਨੇਜਾ ਸੇਲਾ ਬਰਛੀ ਤੇਗ। ਮਾਰ ਉਡਾਵੈ ਪ੍ਰਾਣਨ ਬੇਗ।੩੧।
ਸੁਖਾ ਸਿੰਘਾ ਕੀ ਇਮ ਚਰਚਾ ਭਈ। ਸੂਰਨ ਕੋ ਸਿਰਮੌਰ ਗਿਨਈ[3]।
ਜੰਗ ਜੁੜੇ ਜਹਿੰ ਫਤੇ ਲਿਆਵੈ। ਦੀਵਾਨ ਖਾਲਸੇ ਮੈਂ ਆਦਰ ਪਾਵੈ।੩੨।
ਲਗੇ ਦੀਵਾਨ ਤਿਹਿੰ ਪੱਖਾ ਫਰੈ। ਅੰਗੀਠਨ ਕੋ ਸਮਧਾ ਲਜਾ ਗੇਰੈ।
ਪਜਾਸਨ ਖਾਤਰ ਮਸ਼ਕ ਉਠਾਵੈ। ਭੁੱਖਿਆਂ ਖਾਤਰ ਰਿਜਕ ਲਿਆਵੈ।੩੩।
ਥੱਕੇ ਸਿੰਘ ਕੀ ਚਾਪੀ ਕਰੇ। ਅਸ਼ਨਾਨ ਕਰਾਵੇ ਬਹੁ ਜਲ ਭਰੈ।
ਕੱਛ ਨਿਚੋੜੈ ਚਰਨ ਧੁਵਾਇ। ਫੜ ਗਡਵੇ ਸਿੰਘ ਦਾਤਨ ਕਰਾਇ।੩੪।

ਦੋਹਰਾ: ਸਬਦ ਪੜ੍ਹੈ ਫੜ ਸਾਜ ਕੋ ਬਾਨੀ ਮੁਖੋਂ ਉਚਾਰ।
ਕਮਰ ਕੱਸਾ ਨਿਸ ਦਿਨ ਰਖੇ ਲੜਨ ਘੁਲਨ ਕੋ ਤਜਾਰ।੩੫।

---

੧. ਪੱਲੇ ਵਿਚ। ੨ ਬੰਦੂਕ।
੩. ਪਾ:-ਕਿਨਜੋ ਸੂਰਨ ਮੈਂ ਸੂਰਜ ਮਈ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਔਰ ਟਹਿਲ ਬਹੁ ਸਿੰਘਨ ਕਰੇ। ਦੰਗਜੋਂ ਫੰਗਜੋਂ ਵੈ ਨਹਿੰ ਡਰੇ।
ਮਾਤਾ ਪਿਤਾ ਤਿਸ ਆਵੈਂ ਧਾਇ। ਸਿੰਘਨ ਤੇ ਬਹੁ ਤਾਇੰ ਅਖਾਇ।੩੬।

ਦੋਹਰਾ: ਮਾਤਾ ਪਿਤਾ ਤਿਸ ਆਇ ਕੈ ਸਿੰਘਨ ਤੇ ਸੁ ਕਹਾਇ।
ਲੈ ਗਏ ਅਪਨੇ ਘਰ ਬਿਖੈ ਮੁਕਲਾਵਾ ਕਰਵਾਇ।੩੭।

ਚੌਪਈ: ਅਬੇਰ ਸਵੇਰ ਸੁ ਘਰ ਮੈਂ ਜਾਵੈ। ਤੁਰਕਨ ਡਰ ਫਿਰ ਦਲ ਮੋਂ ਆਵੈ।
ਸਮੋਂ ਪਾਇ ਉਸ ਬੇਟੀ ਭਈ। ਆਪ ਮੁਈ ਕੈ ਨਾਰ ਮਾਰ ਦਈ।੩੮।
ਯਹ ਚਰਚਾ ਖਾਲਸੇ ਮੈਂ ਆਈ। ਬਰਤਨ ਛੁਹਨ ਤੈ ਦਯੋ ਹਟਾਈ।
ਕਹੈ ਖਾਲਸਾ 'ਕੰਨਜਾਂ ਮਾਰੀ। ਰਾਤਿ ਖਾਲਸੇ ਕੀ ਹੈ ਬਿਗਾਰੀ'।੩੯।
ਪੰਥ ਖਾਲਸਾ ਮੁਖ ਨ ਲਗਾਵੈ। 'ਕੁੜੀ ਮਾਰ' ਕਹਿ ਦੂਰ ਬਿਠਾਵੈ।
ਬਖਸ਼ੈ ਨ ਖਾਲਸ, ਖਿਨੈ ਕਟ ਟਹਜੋ। ਖਾਇ ਅੰਦੇਸੋ ਸਿੰਘ ਕੋ ਗਯੋ।੪੦।
ਜਿਤੀ ਚੜ੍ਹੀ ਥੀ ਸਿੰਘ ਕੀ ਬਾਤ। ਤਿਤੀ ਉਸੈ ਭਈ ਨੀਚੀ ਜਾਤ।
ਮਨ ਅਪਨੇ ਮਹਿੰ ਚਿੰਤਾ ਕਰੇ। ਬਕੇ ਨ ਬੋਲੈ ਚੁਪ ਕਟ ਰਹੇ।੪੧।

ਸਾਖੀ ਹੋਰ ਸੁਖਾ ਸਿੰਘ ਕੀ

੧੩੦. [ਭਾਈ ਸੁਖਾ ਸਿੰਘ ਦਾ ਇਕ ਗਿਲਜ਼ੇ ਨਾਲ ਦ੍ਵੰਦ ਯੁਧ]

ਦੋਹਰਾ: ਅਹਿਮਦ ਸ਼ਾਹ ਲਾਹੌਰ ਮਲ ਪੜਜੋ ਦਿਲੀ ਕੇ ਰਾਹਿ।
ਲਾਹੌਰ ਹਿਫ਼ਾਜ਼ਤ ਕਰਨ ਕੋ ਫੌਜ ਛੋਡ ਗਜੋ ਵਾਹਿ।੧।
ਨਿਕਸੀ ਫੌਜ ਲਹੌਰ ਤੇ ਅਤਿ ਬਡ ਮਰਦ ਗਿਣਾਇ।
'ਕਹਾਂ ਸਿੱਖ' ਕਹਿਤੇ ਫਿਰੈਂ 'ਹਮ ਕੋ ਦੇਹੁ ਦਖਾਇ'।੨।

ਚੌਪਈ: ਘੋੜੇ ਖਡੇ ਔ ਬਡੇ ਜੁਆਨ। ਸਾਥ ਸ਼ਾਹ ਜੋ ਖਾਨਾਂ ਖਾਂਨ।
ਟੋਪ ਸੀਸ, ਸੰਜੋ ਗਲ ਪਾਈ। ਤੇੜ ਸੁੱਥਨ ਬੀ ਲੋਹੇ ਪਾਈ।੩।
ਪੈਰੀਂ ਨਲੈਨਾਂ ਦਸਤੀਂ ਦਸਤਾਨੇ। ਘੋੜਨ ਪਰ ਬਡ ਬਰਗਸਤਾਨੇ।
ਐਸੇ ਬਹੁ ਗਿਲਜੇ ਚੜ੍ਹ ਧਾਏ। ਸੰਗ ਕਸੂਰੀ ਪਠਾਣ ਲਿਆਏ।੪।

ਸੋਰਠਾ: ਬੁੱਢੇ ਕੋਟ ਗਿਰਾਇ ਹੁਤੇ ਸੁ ਸਿੰਘਨ ਘਰ ਘਣੇ।
ਹਲਕਾਰਨ ਸਿਲ ਕਰਾਇ ਲੀਯੋ ਮਾਰ ਅਰ ਬੰਦ ਕਰ।੫।

ਚੌਪਈ: ਸਿੰਘ ਰਹਤ ਥੇ ਦਰਯਾ ਕਿਨਾਰੇ। ਗਿਲਜਨ ਲਖ ਸਿੰਘ ਹੋ ਗਏ ਪਾਰੇ।
ਤਬ ਗਿਲਜਨ ਕੋ ਗਰਬਾ ਆਇਆ। ਲਿਖ ਸਿੰਘਨ ਕੀ ਓਰ ਪਠਾਇਆ।੬।
ਇਮ ਲਿਖ ਭੇਜਜੋ ਸਿੰਘਨ ਪਾਸ। 'ਹਮ ਹੈਂ ਭਾਈ ਸ਼ਾਹ ਕੇ ਖਾਸ।
ਤੁਮ ਅਖਵਾਵਤ ਸਿੰਘ ਸਿਪਾਹੀ। ਹਮ ਦੇਖਨ ਤੁਮ ਆਏ ਲੜਾਈ।੭।

ਦੋਹਰਾ: ਗਰਦ ਦੇਖ ਤੁਮ ਭਜ ਗਏ ਭਏ ਦਰਿਯਾਵੋਂ ਪਾਰ।
ਝੂਠ ਕਹਾਯੋ ਸਿੰਘ ਤੁਮ ਗੀਦੀ ਗੁਲਾਮ ਗੁਵਾਰ।੮।

Sri Satguru Jagjit Singh Ji eLibrary NamdhariElibrary@gmail.com

ਅਕੈ ਤੋ ਹਮ ਸੋਂ ਖੜ ਤੁਸੀਂ ਆਇ ਕਰੋ ਦੁਇ ਹਾਥ।
ਦੁਇ ਦੁਇ ਆਵੋ ਸਿੰਘ ਤੁਮ ਇਕ ਇਕ ਦੁਰਾਨੀ ਸਾਥ'।੯।
ਸਿੰਘਨ ਲਾਇ ਦੀਵਾਨ ਤਬ ਲਈ ਲਿਖਤ ਸਭ ਵਾਚ।
ਉੱਤਰ ਉਨਕੋ ਲਿਖ ਪਠਜੋ 'ਹਮ ਤੁਮ ਲਰਨ ਇਮ ਸਾਚ।੧੦।

ਚੌਪਈ: ਦਸ ਦੁਰਾਨੀ ਤੁਮ ਇਤ ਤੇ ਆਯੋ। ਹਾਥ ਬੰਦੂਕ ਤੁਮ ਖੜੀ ਫੜਾਯੋ।
ਇਤ ਤੇ ਆਵੈਂ ਪੰਜ ਭੁਜੰਗੇ। ਢਾਲ ਤਲਵਾਰਨ ਫੜ ਰਾਮ ਜੰਗੇ'।੧੧।
ਫਿਰ ਗਿਲਜਨ ਇਮ ਆਖ ਘਲਾਈ। 'ਹਮ ਫੜ ਲੜੈਂ ਨ ਬੰਦੂਕ ਲੜਾਈ।
ਛੁਰੀ ਕਟਾਰੀ ਸ਼ਮਸ਼ੇਰ ਫੜ ਆਵੈਂ। ਤੀਰ ਬੰਦੂਕ ਹਮ ਨਹਿੰ ਲੇ ਆਵੈਂ।੧੨।
ਤੇਗ ਕਟਾਰੀ ਛੁਰੀ ਤੁਮ ਫੜੋ। ਬੰਦੂਕ ਕਮਾਨ ਆਵੋ ਘਰ ਧਰੋ'।
ਆਗੇ ਖਾਲਸੇ ਲਿਖੇ ਕਰਾਰ। 'ਹਮ ਤੌਂ ਲੜੈਂ ਬੰਦੂਕ ਸੰਭਾਰ।੧੩।
ਸ੍ਰੀ ਸਤਿਗੁਰ ਨੇ ਹਮੈ ਫੁਰਮਾਯਾ। ਦੁਸ਼ਟ ਮਾਰਨ ਰਾਮ ਜੰਗੋ ਫੜਾਯਾ।'
ਇਤ ਉਤ ਤੇ ਯੌਂ ਕਰੇ ਕਰਾਰ। ਕੋਈ ਨ ਮਾਨੈ ਦੁਬਿਧਾ ਧਾਰ।੧੪।

ਦੋਹਰਾ: ਗਿਲਜੇ ਜੋਰ ਸੰਜੋਇਕੇ ਓਹਲੈ ਲੜੈਂ ਬਿਚਾਰ।
ਡਰੈਂ 'ਰਾਮ ਜੰਗੇ ਖਾਲਸੇ ਜੁਤ ਸੰਜੋਇ ਨ ਦੇਵੈਂ ਮਾਰ'।੧੫।
ਪ੍ਰਾਤ ਹੋਤ ਇਕ ਆ ਖੜੋ ਹਲਕਾਰੋ ਦੀਓ ਘਲਾਇ।
'ਜੇ ਤੁਮ ਮੈਂ ਕੋਊ ਮਰਦ ਹੈ ਤੋ ਲੜੈ ਇਕੇਲੋ ਆਇ।੧੬।

ਚੌਪਈ: ਛੁਰੀ ਕਟਾਰੀ ਤੇਗਨ ਸਾਥ। ਆਨ ਕਰੈ ਹਮ ਸੋਂ ਦੋਊ ਹਾਥ।
ਨਹੀਂ ਲਰੋ ਤੌਂ ਗੀਦੀ ਅਖਵਾਵੋ। ਨਾਮ ਸਿੰਘ ਤੁਮ ਕੂੜ ਸਦਾਵੋ'।੧੭।
ਲੈ ਲੈ ਨਾਮ ਸਿੰਘ ਧਧਕਾਰੈ। ਕਹੈਂ 'ਲਿਖੋ ਤੁਮ ਹਮ ਜੰਗ ਹਾਰੈਂ'।
ਗੁਰੂਅਨ ਕੀ ਸੁ ਸੁਰੀਦੈਂ ਦਏ। 'ਹਮ ਸੋਂ ਹਾਥ ਜੁਆਨ ਨ ਕਏ।੧੮।
ਜੋ ਲਰ ਮਰਨ ਕੋ ਮੁਹਰੇ ਜਾਵੈ। ਮਾਤ ਪਿਤਾ ਤਿਮ ਧੰਨ ਕਹਾਵੈ।
ਜੋ ਕੋਊ ਲਰਨੋਂ ਲੁਕ ਛਪ ਰਹੈ। ਮਾਤ ਪਿਤਾ ਤਿਸ ਲੱਜਤ ਰਹੈ।੧੯।
ਪਰਮ ਜੁੱਧ ਜਿਮ ਅਗੇ ਕਮਾਵਤ। ਉਹੀ ਤੌਰ ਤੁਮ ਕਜੋਂ ਨਹਿੰ ਆਵਤ?
ਧ੍ਰਿੱਗ ਪੰਥ ਔ ਧ੍ਰਿਗ ਸਿੰਘ ਨਾਮ'। ਆਖ ਫਿਰਜੋ ਨਿਜ ਫੌਜ ਤਮਾਮ।੨੦।

ਦੋਹਰਾ: ਕੋਊ ਸਿੰਘ ਨਿਕਸਜੋ ਨਹੀਂ ਤੌ ਚੜ੍ਹਤ ਸਿੰਘ ਭਜੋ ਰੋਮ।
ਤਜ ਬਦੂਕ ਆਗੇ ਤੁਰਜੋ ਗਹਿ ਖੰਡੋ ਹਥ ਮੋ ਸੁ।੨੧।

ਚੌਪਈ: ਤਬ ਸੁੱਖਾ ਸਿੰਘ ਬਾਤ ਬਿਚਾਰੀ। 'ਯਹ ਬਾਲਕ ਕਬ ਮਾਰੈ ਕੰਧਾਰੀ।
ਉਸ ਕੀ ਦੇਹ ਲੋਹ ਸੋਂ ਮੜ੍ਹੀ। ਉਸਕੀ ਸਕੈ ਨ ਇਹ ਕਟ ਕੜੀ।੨੨।
ਉਹ ਖਾ ਜਾਵੈ ਦੁੰਬਾ ਸਾਰਾ। ਹਮ ਸਿੰਘਨ ਸਾਗ ਪਾਤ ਗੁਜਾਰਾ'।
ਛੋੜ ਘੋੜਾ ਉਨ ਚੜ੍ਹ ਸਿੰਘ ਗਹਜੋ 'ਯਹ ਗਿਲਜੋ ਤੈਂ ਕਬ ਮਾਰ ਲਯੋ?।੨੩।
ਤੁਮ ਤੇ ਚੌਗਨ ਤਾਂਹਿ ਸਰੀਰ। ਕਬ ਤੁਧ ਤੇਗ ਸਕੈ ਉਸ ਚੀਰ।
ਮਣ ਪੰਜ ਸਤ ਉਨ ਨੇ ਲੋਹ ਚਾਯੋ। ਸਹਤ ਘੋੜੋ ਉਸ ਫੁਲਾਦ ਮੜ੍ਹਾਯੋ।੨੪।

Sri Satguru Jagjit Singh Ji eLibrary NamdhariElibrary@gmail.com

ਬੋਝ ਚਕੈ ਉਹ ਮਨ ਬੀਸ ਤੀਸ। ਦੌੜ ਥਕੈ ਨਹਿੰ ਸੌ ਕੋਹ ਲੀਸ।
ਇਸੇ ਜੋਰ ਵਹ ਲੜੈ ਤਲਵਾਰੀ। ਤੈਂ ਬਾਲਕ ਨਹਿੰ ਬਾਤ ਬਿਚਾਰੀ'।੨੫।

ਦੋਹਰਾ: ਸੁਨਤ ਚੜ੍ਹਤ ਸਿੰਘ ਤਿਹ ਕਹੀ 'ਅਹੈ ਸਤਜ ਯਹ ਬਾਤ।
ਪਰ ਸਹਜੋ ਅਸਾਂ ਤੇ ਜਾਤ ਨਹਿੰ ਸਨਮੁਖ ਤੁਰਕ ਗਰਬਾਤ।੨੬।

ਚੌਪਈ: ਖੋਟੇ ਬਚਨ ਵਹਿ ਮੁਖੋਂ ਉਚਾਰੇ। ਹਮ ਜੀਵਤ ਵਹਿ ਪੰਥ ਧਧਕਾਰੇ।
ਪੰਥ ਨਿੰਦਜਾ ਹਮ ਸੁਨੇ ਕਿਮ ਕਾਨ। ਇਮ ਕਰ ਮੈਂ ਲਰ ਤਜੋਂ ਪਰਾਨ।੨੭।

ਦੋਹਰਾ: ਮਾਰਨ ਮਰਨ ਹਥ ਸਤਿਗੁਰੂ ਹਮ ਹਥ ਉੱਦਮ ਆਇ।
ਦੇਖ ਮਰੈਂ ਨਹ ਦੁਸ਼ਟ ਇਮ ਪਰੈਂ ਇਸੈ ਪਰ ਧਾਇ।੨੮।
ਜੈਸੇ ਤਨਕ ਸੁ ਹਰਭਜਨ ਗਾਰੇ ਘਨੋ ਸੁ ਪਾਪ।
ਤੈਸੇ ਮਾਰੋਂ ਪਠਾਣ ਯਹ ਸਤਿਗੁਰ ਕੇ ਪਰਤਾਪ'।੨੯।

ਚੌਪਈ: ਕਹਜੋ ਸੁਖਾ ਸਿੰਘ 'ਧੰਨ ਤੂੰ ਬਾਲ। ਤੂੰ ਖੜੋ ਦੇਖ ਅਬ ਸਾਡੀ ਚਾਲ'।
ਸੁੱਖਾ ਸਿੰਘ ਭੀ ਸੰਜੋਇ ਮੰਗਾਯੋ। ਦਸਤ ਦਸਤਾਨੇ ਸਿਰ ਟੋਪ ਟਿਕਾਯੋ।੩੦।
ਪਾਖਰ ਮੰਗਾਇ ਘੋੜੇ ਪੈ ਡਾਰੀ। ਲੀਨੀ ਥੀ ਗਿਲਜਨ ਕੋ ਮਾਰੀ।
ਚੜ੍ਹਤ ਸਿੰਘ ਤਿਸ ਅੰਗ ਪਹਿਰਾਯੋ। ਘੋੜਾ ਸਿੰਘ ਕੋ ਖੂਬ ਸਜਾਯੋ।੩੧।
ਲਈ ਸਿਰੋਹੀ ਦੁਇ ਕਰ ਨਮਸਕਾਰ। ਗਾਤ੍ਰੇ ਪਾਈ ਢਾਲ ਸੰਭਾਲ।
ਪੰਜ ਸਿੰਘਨ ਤੇ ਅਰਦਾਸ ਕਰਾਈ। 'ਹੋਇ ਭਗੌਤੀ ਸਿੰਘਨ ਸਹਾਈ'।੩੨।
ਨਮਸਕਾਰ ਕਰ ਆਸਨ ਬਹਜੋ। ਸਗਨ ਬਾਂਛਜੋਂ ਤਬ ਦਹਣੋ ਭਯੋ।
ਦੇਖ ਸਿੰਘ ਕੇ ਦਿਲ ਭਜੋ ਹੁਸ਼ਜਾਰ। ਜਨੁ ਆਗੇ ਗਿਲਜੋ ਭਜੋ ਮਾਰ।੩੩।

ਦੋਹਰਾ: ਜਬ ਸਿੰਘ ਘੋੜਾ ਤੋਰਿਆ ਔਰ ਸਗੁਨ ਭਯੋ ਚੰਗ।
ਬਿੱਦ ਬਰੇਤੀ ਜਾ ਖੜੋ ਅਧ ਦਰਿਯਾਵੈ ਲੰਘ।੩੪।

ਚੌਪਈ: ਸੁੱਖਾ ਸਿੰਘ ਚੜ੍ਹਤ ਸਿੰਘ ਸਮਝਾਯੋ। ਔਰ ਪੰਥ ਬੀ ਪੀਛੇ ਹਟਾਯੋ।
'ਤੁਮ ਕੋ ਹੈ ਸਤਿਗੁਰ ਕੀ ਆਨ। ਮੈਂ ਜੀਵਤ ਨਹੀਂ ਛਡੋਂ ਪਠਾਣ'।੩੫।
ਸੁਖਾ ਸਿੰਘ ਪਠਾਣ ਲਲਕਾਰੋ। 'ਅਬ ਮੁੜਨਾ ਕਿਮ ਬਨੈ ਤੁਮਾਰੋ।
ਪੰਥ ਨਿੰਦਾ ਕੋ ਜਾਣੋ ਕਹਾਂ। ਗੋਰ ਤੁਮਾਰੀ ਹੋਗੀ ਯਹਾਂ।੩੬।
ਹਮ ਮਾਰੈਂਗੇ ਤੁਮ ਕੋ ਐਸੇ। ਸਾਚ ਕਾਟ ਹੈ ਝੂਠੇ ਜੈਸੇ।
ਤੂੰ ਆਯੋ ਮਨ ਕਰ ਹੰਕਾਰ। ਹਮ ਕੋ ਸਮਝਜੋ ਸਸਾ ਸ਼ਿਕਾਰ।੩੭।
ਦੇਖ ਸਸੇ ਤੇ ਹੋਤ ਹੈ ਸ਼ੇਰ। ਭੂਲ ਫਮਜੋਂ ਤੂੰ ਆਇ ਇਤ ਫੇਰ'।
ਐਸੇ ਆਖ ਸਿੰਘ ਭਯੋ ਖੜਾ। ਉਤ ਤੈ ਆਇ ਗਿਲਜੋ ਭੀ ਅੜਾ।੩੮।

ਦੋਹਰਾ: ਦੋਨੋਂ ਬਾਤਾਂ ਖੜ ਕਰੈਂ ਮਨੁ ਬਡ ਕਰਤ ਪਿਆਰ।
ਦੋਊ ਤੇਗਾਂ ਹਥ ਧਰੈਂ ਕਹੈਂ 'ਮਾਰ' 'ਤੂੰ ਮਾਰ'।੩੯।

Sri Satguru Jagjit Singh Ji eLibrary NamdhariElibrary@gmail.com

ਚੌਪਈ: ਦੋਊ ਲਾਗ ਬਾਤਾਂ ਕਰਨ। ਦੋਊ ਆਪਸ ਮੇਂ ਲਾਗੇ ਅਰਨ।
ਸਿੰਘ ਕਹਜੋ 'ਤੂੰ ਪਠਾਣ ਸੰਭਾਲ। ਅਕੈ ਲਜਾਵਾ ਕੋਈ ਦੂਜੋ ਨਾਲ'।੪੦।
ਪਠਾਣ ਕਹਜੋ 'ਮੈਂ ਇਕੱਲੋ ਸ਼ੇਰ। ਬਕਰੀ ਜਜੋਂ ਤੁਝ ਲੈਹੰ ਗੇਰ'।
ਦੋਨਨ ਕੀਤੇ ਸਨਮੁਖ ਘੋੜੇ। ਦੋਊਅਨ ਤੇਗਨ ਸੋਂ ਹਥ ਜੋੜ।੪੧।
ਉਸੇ ਕਹੈ 'ਕਰ ਪ੍ਰਿਥਮ ਤੂੰ ਵਾਰ'। ਜੈਸੇ ਭਾਈ ਦੋ ਕਰਤ ਪਿਆਰ।
ਦੋਊ ਜਾਨੈਂ ਸ਼ਸਤ੍ਰ ਚਲਾਵਨ। ਦੋਊ ਜਾਨੈਂ ਘਾਤ ਬਚਾਵਨ।੪੨।
ਹੁਇ ਸਨਮੁਖ ਵਾਰ ਦੋਊਅਨ ਕੀਓ। ਢਾਲਨ ਊਪਰ ਦੋਊਅਨ ਲੀਓ।
ਜਨ ਵਦਾਣ ਅਹਿਰਣ ਪਰ ਮਾਰੈਂ। ਇਮ ਢਾਲਨ ਪਰ ਤਗਾਂ ਝਾਰੈਂ।੪੩।

ਦੋਹਰਾ: ਦੋਊ ਵਾਰ ਠਾਂਢੇ ਕਰੈਂ ਗਿਰੀ ਢਾਲ ਹ੍ਵੈ ਟੂਕ।
ਕਾਟਨ ਡਹੇ ਸੰਜੋਇ ਜੁਗ ਮਾਰੈਂ ਚੋਟ ਅਚੂਕ।੪੪।

ਚੌਪਈ: ਤੇਗਨ ਸੋਂ ਪਟ ਕੈ ਕਟ ਗਏ। ਛਰਾ ਛੁਰੀ ਸਭ ਤਬ ਗਿਰ ਪਏ।
ਦੋਊਅਨ ਤੇਗਨ ਮੁਖ ਤੁਟ ਗਏ। ਲਰਤ ਭਿਰਤ ਆਪਸ ਮੈਂ ਖਹੇ।੪੫।
ਘੋੜਨ ਮੈਂ ਨਹਿੰ ਤਾਕਤ ਰਹੀ। ਜ਼ਖਮਨ ਤੇ ਰਤ ਸਭ ਚੁਇ ਗਈ।
ਘੋੜਨ ਸੋਂ ਘੋੜੇ ਢੁਕ ਪਏ। ਮੋਢਨ ਸੋਂ ਮੋਢੇ ਅੜ ਗਏ।੪੬।

ਦੋਹਰਾ: ਜੱਫਮ ਜੱਫੀ ਹੋ ਰਹੇ ਗਿਰੇ ਭੂਮ ਮਧ ਝੂਮ।
ਭਏ ਫੱਟ ਗਿਰ ਸਟ ਲਗੀ ਪਰੇ ਮੂਰਛਾ ਭੂਮ।੪੭।

ਚੌਪਈ: ਤਬ ਸਿੰਘ ਕੋ ਕਛੁ ਸੋਝੀ ਆਈ। ਗਿਚੀ ਤਬ ਉਸ ਸਿੰਘ ਉਠਾਈ।
ਚਕ ਸੰਜੋਇ ਦਈ ਪੇਟ ਧਸਾਇ। ਦਿਲ ਅਰ ਰੁਕੜੇ ਗਈ ਵਹਿ ਖਾਇ।੪੮।
ਠੋਸ ਦਈ ਉਸ ਕੇ ਮਧ ਪੇਟ। ਆਂਤ ਓਝਰੀ ਕਢੀ ਸਮੇਟ।
ਸਤਿਗੁਰ ਰਖੀ ਖਾਲਸੇ ਲਾਜ। ਫਤੇ ਬੁਲਾਈ ਉਠ ਸਿੰਘ ਗਾਜ।੪੯।

ਦੋਹਰਾ: ਇਤੇ ਮੁਗਲ ਸੋ ਬਧ ਭਯੋ ਹੁਤੋ ਜੁ ਅਤਿ ਗਰਖਾਤ।
ਰਤਨ ਸਿੰਘ ਨੇ ਤਿਮ ਲਿਖੀ ਜਿਮ ਸੁਨੀ ਸਿੰਘਨ ਤੇ ਬਾਤ।੫੦।

ਚੌਪਈ: ਫਤੇ ਬੁਲਾਇ ਸਿੰਘ ਪੀਛੇ ਮੁੜਿਓ। ਦੌੜ ਸਿੰਘ ਵਲ ਖਾਲਸੋ ਤੁਰਿਓ।
ਉਤ ਤੈ ਗਿਲਜਨ ਹੱਲੋ ਕੀਓ। ਇਤ ਤੈ ਸਿੰਘਨ ਮੋਹਰੋ ਲੀਓ।੫੧।
ਚੜ੍ਹਤ ਸਿੰਘ ਘੋੜਾ ਅਗੇ ਚਲਾਇ। ਬਾਹਿੰ ਗਹੀ ਲਜੋ ਗੈਲ ਚੜ੍ਹਾਇ।
ਸਿੰਘ ਜੀ ਕੋ ਲੈ ਅਏ ਉਰਾਰ। ਗਿਲਜੇ ਹਟਾਏ ਉਸ ਹੀ ਪਾਰ।੫੨।

ਦੋਹਰਾ: ਚੜ੍ਹਤ ਸਿੰਘ ਸੁਖਾ ਸਿੰਘ ਕੀ ਬਾਢੀ ਅਤਿਸ਼ੈ ਪ੍ਰੀਤ।
ਦੇਹੀ ਜਾਪਤ ਦੁਇ ਦੋਇਨ ਰਹਜੋ ਏਕ ਹ੍ਵੈ ਚੀਤ।੫੩।

ਚੌਪਈ: ਸਰਦਾਰ ਸਭੀ ਚਲ ਡੇਰੇ ਆਏ। ਇਕ ਇਕ ਘੋੜਾ ਸਭੀ ਲਿਆਏ।
ਦੈ ਦੈ ਘੋੜੇ ਧੰਨ ਧੰਨ ਕਹਜੋ। ਸਿੰਘ ਚਹੈ ਦੋਖ ਕੰਨਜਾਂ ਬਖਸ਼ਯੋ।੫੪।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਠਾਂਢ ਭਯੋ ਕਰ ਜੋਰ ਕਰ ਸਰਬ ਪੰਥ ਕੇ ਪਾਸ।
ਲਯੋ ਖਾਲਸੋ ਮੇਲ ਗਲ ਕਰ ਦਈ ਖੁਸ਼ੀ ਅਰਦਾਸ।੫੫।

ਚੌਪਈ: ਘੋੜੇ ਮੋੜ ਸਭੈ ਉਨ ਦਏ। ਸ਼ਜਾਮ ਸਿੰਘ ਕੇ ਉਨ ਰਖ ਲਏ।
ਸ਼ਜਾਮ ਸਿੰਘ ਕੋ ਬੇਟੋ ਕਹਾਵੈ। ਕਹਾਂ ਕਮੀ ਉਮ ਘੋੜਨ ਆਵੈ।੫੬।

ਦੋਹਰਾ: ਸਾਖੀ ਸੁੱਖਾ ਸਿੰਘ ਕੀ ਸੁਨੀ ਸੁ ਦਈ ਲਿਖਾਇ।
ਰਤਨ ਸਿੰਘ ਔਰ ਕਹੈਗੋ ਸੋਈ ਸੁਨੋਂ ਚਿਤ ਲਾਇ।੫੭।

ਸਾਖੀ ਸੁਖਾ ਸਿੰਘ ਕੀ ਹੋਰ ਤੁਰੀ

੧੩੧. [ਭਾਈ ਸੁਖਾ ਸਿੰਘ ਨੇ ਕਰਮੇ ਛੀਨੇ ਨੂੰ ਮਾਰਿਆ]

ਦੋਹਰਾ: ਫਿਰ ਵਿਚ ਵਿਚ ਸਿੰਘ ਹਥ ਘਤੈਂ ਮਾਰੈਂ ਦੁਸ਼ਟਨ ਧਾਇ।
ਆਗੇ ਪਾਛੇ ਹੋ ਲੜੈਂ ਨਹਿੰ ਮੁਗਲ ਪਠਾਣਨ ਕਛੂ ਬਸਾਇ।੧।

ਚੌਪਈ: ਮਾਰੀ ਤਬ ਨੂਰਦੀਨ ਸਰਾਂਇ। ਸੰਘਰ ਕੋਟ ਤਬ ਲੂਟਯੋ ਥਾਇ।
ਕਤਲ ਕੀਯੋ ਤਬ ਗਾਉਂ ਮਜੀਠਾ। ਲੀਨੋ ਬੈਰ ਸੁ ਚੜ੍ਹ ਸਿੰਘ ਡੀਠਾ।੨।
ਫਿਰ ਚੜ੍ਹ ਸਿੰਘ ਕਹਿ 'ਮਾਰੀਏ ਛੀਨੇ। ਕਰਮ ਧਰਮ ਸਿੰਘ ਬੈਰ ਚਹੈ ਲੀਨੇ'।
ਸਿੰਘਨ ਘੇਰਾ ਗ੍ਰਾਮਹਿ ਪਾਯਾ। ਗ੍ਰਾਮ ਲੜਨ ਤਬ ਬਾਹਰ ਆਇਆ।੩।
ਸਿੰਘਨ ਲੀਏ ਸੁ ਬਾਹਰੈ ਮਾਰ। ਸਾਥ ਬੜੇ ਸਿੰਘ ਤਿਨਕੇ ਨਾਰ।
ਲੂਟ ਕਰੀ ਔ ਕਟੇ ਬਹੁਤੇਰੇ। ਪਾਏ ਸਿੰਘਨ ਕਰਮੇ ਗੜ੍ਹ ਘੇਰੇ।੪।

ਦੋਹਰਾ: ਤਬ ਕਰਮੇ ਨੇ ਜਾਣਿਓਂ ਸਿੰਘ ਅਬ ਛਾਡਤ ਨਾਂਹਿ।
ਤੇਰਾਂ ਬਹੂ ਤਿਸ ਆਪਣੀ ਆਪੇ ਦਈ ਕਟਾਇ।੫।

ਚੌਪਈ: ਕਈ ਦਿਨਨ ਮੈਂ ਗੜ੍ਹੀ ਸੁ ਮਾਰੀ। ਫਿਰ ਆਕੀ ਉਨ ਕਰੀ ਅਟਾਰੀ।
ਮੁਕ ਗਯੋ ਤਹਿੰ ਸਿੱਕਾ ਅਰ ਦਾਰੂ। ਲਗਯੋ ਢੀਮ ਸੋਂ ਸਿੰਘਨ ਮਾਰੂ।੬।
ਤਬ ਸਿੰਘ ਚੜੇ ਅਟਾਰੀ ਉੱਚੀ। ਢੀਮਨ ਸੋਂ ਭਰ ਕੀਨੀ ਨੀਚੀ।
ਤਬ ਸਿੰਘਨ ਚੜ੍ਹ ਮਲੀ ਅਟਾਰੀ। ਹੇਠ ਵੜਯੋ ਕਰਮਾਂ ਹੰਕਾਰੀ।੭।
ਫਿਰ ਸਿੰਘਨ ਵਹਿ ਛਤ ਸੋ ਢਾਈ। ਗੋਲੀ ਛੱਤਨ ਚੀਰ ਲੰਘਾਈ।
ਤਬ ਉਨ ਜਾਨੀ ਬਚੋਂ ਸੁ ਨਾਹੀਂ। ਅਪਨੋ ਕੀਨੋ ਪਾਇ ਪਛੁਤਾਹੀ।੮।
ਜਾਣਜੋਂ ਯਿਹ ਅਬ ਛਡਤੇ ਨਾਹੀਂ। ਖੋਟੇ ਕਰਮ ਕੀਏ ਥੇ ਤਾਹੀਂ।
ਤਬ ਸਿੰਘਨ ਸੋਂ ਕਹੀ ਉਨ ਬਾਤ। 'ਹਮ ਸੰਗ ਕਰੋ ਅਕੇਲੋ ਹਾਥ'।੯।
ਤਬ ਸੁਖਾ ਸਿੰਘ ਹੁਤੋ ਤਖਾਨ। ਮਾੜੀ ਵਾਲੋ ਪ੍ਰਗਟ ਜਹਾਨ।
ਜਿਨ ਥੇ ਕੀਨੇ ਕਈ ਅਖਾਰੇ। ਸੋ ਆਖੋਂਗੋ ਫੇਰ ਸੁਧਾਰੇ।੧੦।
ਉਨ ਕਹਯੋ 'ਕਰਮੇਂ ਆਉ ਮੁਹਿ ਪਾਹੀ। ਔਰ ਕਿਸੀ ਕਾ ਤੁਹਿ ਭੈ ਨਾਹੀਂ'।
ਕਹੈ ਸੁ 'ਲੜ ਤੂੰ ਹਾਥਨ ਨਾਲ। ਮੁੱਕਨ ਢੀਮਨ ਸੋਟਨ ਸਾਲ।੧੧।

Sri Satguru Jagjit Singh Ji eLibrary NamdhariElibrary@gmail.com

ਤੀਰ ਬੰਦੂਕ ਹੋਰ ਭੌ ਨਾਹੀਂ। ਕਹਿ ਆਵਾਂ ਮੈਂ ਕੈ ਤੂੰ ਆਹੀਂ'।
ਤਬ ਕਰਮੇਂ ਨੇ ਪਕੜੀ ਢਾਲ। ਅਯੋ ਸ਼ੇਰ ਜਿਉਂ ਕਰਕੇ ਛਾਲ।੧੨।
ਸੁਖਾ ਸਿੰਘ ਕਹਯੋ 'ਵਾਰ ਅਬ ਤੇਰਾ। ਵਾਰ ਦੂਸਰਾ ਹੋਗਾ ਮੇਰਾ'।
ਤਬ ਕਰਮੇਂ ਨੇ ਬਰਛੀ ਮਾਰੀ। ਸੁਖਾ ਸਿੰਘ ਪਰ ਢਾਲ ਸੰਭਾਰੀ।੧੩।
ਫਿਰ ਸੁੱਖਾ ਸਿੰਘ ਤਲਵਾਰ ਚਲਾਈ। ਕਰਮਾ ਦੋ ਧਾ ਕੀਨੋਂ ਸਾਈ।
ਇਮੀ ਭਾਂਤ ਸੋਂ ਕਰਮਾਂ ਮਾਰਾ। ਔਰ ਸੁਖਾ ਸਿੰਘ ਸੁਨੋ ਅਖਾਰਾ।੧੪।
ਤਬ ਤੁਰਕਨ ਪਾਯੋ ਥੋ ਜੋਰਾ। ਦੇਤ ਨ ਨ੍ਹਾਵਨ ਅੰਮ੍ਰਿਤਸਰ ਮੋਰਾ।
ਆਨ ਫੌਜ ਤੁਰਕਨ ਬਹੁ ਰਹੇ। ਮੇਲੋ ਕਰਨ ਖਾਲਸਾ ਚਹੇ।੧੫।

ਸਾਖੀ ਸੁਖਾ ਸਿੰਘ ਜੀ ਕੀ ਬਹਾਦਰੀ ਕੀ ਹੋਰ ਤੁਰੀ

੧੩੨. [ਭਾਈ ਸੁਖਾ ਸਿੰਘ ਨੇ ਦਿਨ ਦਿਹਾੜੇ ਅੰਮ੍ਰਿਤਸਰ ਇਸ਼ਨਾਨ ਕਰਨਾ]

ਦੋਹਰਾ: ਮਨੀ ਸਿੰਘ ਜਬ ਤੇ ਫੜਯੋ ਫਿਰ ਸਿੰਘ ਢੁਕਨ ਨ ਪਾਹਿ।
ਰਾਤੀਂ ਸਿੰਘ ਮੱਜਨ ਕਰੈਂ ਹਨੇਰ ਸਵੇਰੇ ਜਾਇ।੧।
ਤੌ ਕਾਜੀ ਨੇ ਫਿਰ ਕਹਯੋ 'ਯਹ ਅੰਮ੍ਰਿਤਸਰ ਪਰਤਾਪ।
ਥੱਕੇ ਮਾਰ ਬਹੁ ਜਤਨ ਸੋਂ ਹੋਤ ਨ ਸਿੰਘਨ ਖਾਪ'।੨।

ਚੌਪਈ: ਤੌ ਮੁਗਲਨ ਨੇ ਚੌਕੀ ਬਹਾਲੀ। ਰਾਤੀਂ ਬਹਣ ਕਰੈਂ ਰਖਵਾਲੀ*।
ਤੌ ਤੁਰਕਨ ਨੇ ਬੁਰਜ ਬਣਾਏ। ਚਾਰੋਂ ਓਰ ਬੰਦੂਕਚੀ ਬਹਾਏ।੩।
ਜਹਿਂ ਅੰਮ੍ਰਿਤ ਹਿਲ ਖੜਕੋ ਹੋਈ। ਮਾਰੈਂ ਸ਼ਲਕ ਬੰਦੂਕਨ ਸੋਈ।
ਤੌ ਸਿੰਘ ਹੌਲੀ ਹੌਲੀ ਨ੍ਹਾਈਂ। ਤੁਰਕਨ ਅੱਖੀਂ ਘੱਟਾ ਪਾਈਂ।੪।
ਤੌ ਫਿਰ ਕਾਜੀ ਗੁੱਸਾ ਖਾਯਾ। ਡੇਰਾ ਬਹ ਫੌਜਨ ਕਾ ਕਰਾਯਾ।
ਤਬ ਫੁਜਦਾਰ ਉਨ ਕੀਨੋ ਗ਼ਰਬ। ਲਿਖ ਭੇਜਯੋ ਜਹਿਂ ਖਾਲਸਾ ਸਰਬ।੫।

ਦੋਹਰਾ: 'ਤੁਮ ਸਿੰਘ ਕਹਾਵੋ ਸੂਰ ਬਡ ਔ ਕਹਾਵੋ ਗੁਰੂ ਕੇ ਲਾਲ।
ਤੌ ਜਾਣੋਂ ਮੈਂ ਸੂਰਮੇਂ ਆਇ ਨ੍ਹਾਵੋ ਅੰਮ੍ਰਿਤਸਰ ਚਾਲ'।੬।

ਚੌਪਈ: ਸੁਨਤ ਖਾਲਸੋ ਸਭ ਚੁਪ ਰਹਯੋ। ਇਸਕੋ ਉੱਤਰ ਕਿਨੈ ਨ ਕਹਯੋ।
ਤਬ ਸੁੱਖਾ ਸਿੰਘ ਬੋਲ ਸੁਣਾਯਾ। 'ਹੋਹੁ ਤਕੜੇ ਅਬ ਖਾਲਸੋ ਆਯਾ'।੭।
ਸੋਊ ਜਾਇ ਜਸੂਸੀ ਕਹੀ। ਤਬ ਤੁਰਕਨ ਕੋ ਚਿੰਤਾ ਪਈ।
ਊਚੇ ਟਾਂਗੂ ਦੀਏ ਚੜ੍ਹਾਇ। ਮਤ ਈਹਾਂ ਸਿੰਘ ਪੜੈਂਗੇ ਆਇ।੮।
ਬਹੁਤ ਕਹੈਂ 'ਈਹਾਂ ਆਵੈ ਕੌਣ। ਈਹਾਂ ਆਵਣ ਕਜਾ ਆਵਾ ਗੌਣ?
ਈਹਾਂ ਰਾਤ ਕੋ ਢੁਕਨ ਨ ਪਾਵੈਂ। ਪੰਛੀ ਨੀਰ ਦਿਨ ਪੀਨ ਨ ਪਾਵੈਂ'।੯।

---

* ਪਾ:- ਰਾਤ ਦੌੜ ਤਿਨ ਮਾਰਨ ਅਕਾਲੀ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਆਗੋ ਤੇ ਉਨ ਦਸਗੁਣੀ ਕਰੀ ਤਕੜਾਈ ਤਿੱਤ।
ਸੁਣੈਂ ਸੁ ਆਵਨ ਸਿੰਘ ਕੋ ਆਯੋ ਥੋ ਢਬ ਜਿੱਤ।੧੦।
ਸੁਖਾ ਸਿੰਘ ਤਬ ਯੌਂ ਕਹ੍ਯੋ 'ਰਾਤ ਨ੍ਹਾਊਂ ਤਬ ਚੋਟ।
ਨ੍ਹਾਵੌਂਗੋ ਮੈਂ ਦਿਨ ਬਿਖੈ ਸ੍ਰੀ ਸਤਿਗੁਰ ਕੇ ਜੋਰ'।੧੧।

ਚੌਪਈ: ਤਬੈ ਖਾਲਸੇ ਭਲੀ ਮਨਾਈ। 'ਸਤਿਗੁਰ ਪੈਜ ਰਖੇ ਤੁਵ ਭਾਈ।
ਯਹ ਹੈ ਸਿਰੋਂ ਪਰੇ ਕੀ ਬਾਤ। ਕੌਣ ਸਕੈ ਕਰ ਤੁਮਰੋ ਸਾਥ'।੧੨।

ਦੋਹਰਾ: ਤੁਰਕਨ ਜਿਉਂ ਮੁੰਡਾਸਾ ਬੰਧਿਓ ਲਈ ਸੁ ਹਾਥ ਕਮਾਨ।
ਸਵਾ ਪਹਿਰ ਦਿਨ ਜਬ ਰਹ੍ਯੋ ਲਹੌਰ ਰਾਹੁ ਲੀਓ ਆਨ।੧੩।

ਚੌਪਈ: ਸਗਾਂ ਰਮਤੇ ਢਿਗ ਆਯੋ ਤਲਾਇ। ਜਲ ਪੀਵਨ ਕੋ ਕਰਯੋ ਬਲਾਇ।
ਆਗੇ ਕਰਕੇ ਅੰਮ੍ਰਿਤ ਪਿਲਾਯਾ। ਉਤਰ ਘੋੜੇ ਤੇ ਚੁੱਭਾ ਲਾਯਾ।੧੪।
ਸਿਰੋਂ ਮੁੰਡਾਸਾ ਦੂਰ ਸੁ ਕੀਨਾ। ਤਬ ਤੁਰਕਨ ਨੈ ਅਚੰਭਾ ਚੀਨਾ।
ਘੋੜੇ ਸੌਂ ਇਨ ਕੀਆ ਸ਼ਨਾਨ। ਹੈ ਹਿੰਦੂ ਨਹਿਂ ਮੁਸਲਮਾਨ।੧੫।
ਤੌ ਲੌ ਸਿੰਘ ਅਕਾਲ ਉਚਾਰਾ। ਪਗੜੇ ਸੁਣੈਂ ਸੁ ਚੁੱਭਾ ਮਾਰਾ।
ਸਿੰਘ ਨਿਕਲ ਫਿਰ ਬਾਹਰ ਆਯਾ। ਤੁਰਕਨ ਕੋ ਲਲਕਾਰ ਸੁਨਾਯਾ।੧੬।
'ਆਵੇ ਕੋ ਸਨਮੁਖ ਹਮ ਪਾਹੀ। ਨਹੀਂ ਤੋ ਭਜੋ ਛਡ ਹਮਰੋ ਰਾਹੀ'।
ਕਾਢ ਤੇਗ ਜਬ ਸਿੰਘ ਚਮਕਾਈ। ਕੋ ਨਾ ਠਹਰਯੋ ਸਭ ਗਏ ਧਾਈ।੧੭।

ਦੋਹਰਾ: ਐਧਰ ਓਧਰ ਹੋ ਗਏ ਛਾਡ ਦਯੋ ਉਨ ਰਾਹਿ।
ਤੀਰ ਸੁ ਗੋਲੀ ਤਿਨ ਘਨੀ ਪਾਛੈ ਦਈ ਚਲਾਇ।੧੮।

ਚੌਪਈ: ਤੀਰ ਗੋਲੀ ਕੋਊ ਨਾਹਨ ਲਾਗੀ। ਸਿੰਘ ਕੋ ਘੋੜਾ ਲਾਂਘ੍ਯੋ ਆਗੀ।
ਪੀਛੇ ਲਗੇ ਤੇਊ ਸਕੇ ਨ ਮੇਲ। ਇਸ ਬਿਧਿ ਸਿੰਘ ਜੀ ਖੇਡੀ ਖੇਲ।੧੯।

ਸਾਖੀ ਮਤਾਬ ਕੇ ਕੋਟ ਕੀ

੧੩੩. [ਮਤਾਬ ਦੇ ਕੋਟ ਦੇ ਸਿੰਘਾਂ ਪਰ ਤੁਰਕਾਂ ਦਾ ਹੱਲਾ...]

ਕੁੰਡਲੀਆਂ: ਘੱਲ ਸਿਪਾਹੀ ਸਦ ਲਈ ਰਈਅਤ ਸਭੀ ਨਿਬਾਬ।
ਰਤਨ ਸਿੰਘ ਤੇ ਸੋ ਸੁਨੋਂ ਜੋ ਉਨ ਦੀਓ ਅਵਾਜ਼।
ਜੋ ਉਨ ਦੀਓ ਅਵਾਜ਼ ਸੋਊ ਸਭ ਲਿਖ੍ਯੋ ਨ ਜਾਵੈ।
ਆਪ ਥਕ੍ਯੋ ਦੈ ਦੁੱਖ ਔਰ ਸਭ ਲੋਕ ਸਿਖਾਵੈ।
ਬਹਾਵਲ ਲੁਟੀ ਪੰਜਾਬ ਕਸ਼ਮੀਰ ਸੋ ਪਰਬਤ ਵੱਲ।
'ਕੇਸਨ ਵਾਲਨ ਨਹਿਂ ਛਡ੍ਯੋ' ਨਬਾਬ ਲਿਖ੍ਯੋ ਦੀਓ ਘੱਲ।੧।

ਚੌਪਈ: ਨਵਾਬ ਲਿਖਤ ਸਭਹਨ ਮੰਨ ਲਈ। ਸਿੰਘਨ ਰਹਨ ਖਰਾਬੀ ਭਈ।
ਤਬ ਸਿੰਘ ਊਹਾਂ ਤੇ ਨਠ ਆਏ। ਕਹੂੰ ਜਗਾ ਨਹਿਂ ਰਹਿਣੇ ਪਾਏ।੨।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਰਹਜੋ ਕਛੂ ਦਰਿਯਾਉ ਤੇ ਬਚ ਮਤਾਬ ਕੋ ਕੋਟ।
ਤਿਹ ਥਾਂ ਸਿੰਘ ਕਛੁ ਆ ਛਿਪੇ ਦਰਿਯਾ ਬੇਲੇ ਓਟ।੩।

ਚੌਪਈ: ਗਏ ਹਲਕਾਰੇ ਦੇਖ ਤਿਥਾਊਂ। ਕਹੇ ਫੌਜਦਾਰ 'ਤੁਝ ਸ਼ਿਕਾਰ ਦਿਖਾਊਂ।
ਭੂਖੇ ਨਾਂਗੇ ਸ਼ਸਤਰ ਹੀਨੇ। ਭਾਜਤ ਥਕਤ ਭਏ ਬਲ ਖੀਨੇ।੪।
ਤੁਰਤ ਜਾਇ ਤਿਨ ਪਕੜਸੁ ਲਯੋ। ਫੜ ਕਰ ਤਿਨੈਂ ਲਹੌਰ ਪੁਚਯੋ।
ਬਹੁਤ ਇਨਾਮ ਨਿਬਾਬਹਿ ਪਾਵੋ। ਚੜੋ ਅਬੈ ਕਛੁ ਦੇਰ ਨ ਲਾਵੋ'।੫।
ਯੌਂ ਸੁਨ ਉਨ ਤੇ ਜਮਾਂ ਸੁ ਦਾਰ। ਤੁਰਤ ਫੁਰਤ ਹੋ ਗਯੋ ਤਿਆਰ।
ਜਨੁ ਫੜ ਲੇਵੈਂ ਸਸਾ ਸ਼ਿਕਾਰ। ਜਾ ਪੁੰਨੋ ਊਹਾਂ ਕਰਤ ਬਿਚਾਰ।੬।

ਦੋਹਰਾ: ਸਿੰਘਨ ਥੋੜੇ ਦੇਖ ਕੈ ਮਨ ਮੈਂ ਕਰੈ ਗੁਮਾਨ।
'ਇਨ੍ਹੈਂ ਕੰਗਾਲਨ ਕੇ ਉਤੈ ਹਮ ਖਡ ਕੀਓ ਸਮਾਨ'।੭।

ਚੌਪਈ: ਜਮਾਂਦਾਰ ਤਬ ਯੌਂ ਫੁਰਮਾਏ। 'ਇਨ ਮਹਿਂ ਜਾਣੋਂ ਨਹਿਂ ਕੋ ਪਾਏ।
ਚਾਰ ਤਰਫ ਤੁਮ ਹੁਇ ਇਕਬਾਰੇ। ਕੀਜੋ ਚਾਰੋਂ ਤਰਫੈਂ ਮਾਰੇ।੮।

ਦੋਹਰਾ: ਤਰਫ ਜਿਸੈ ਕੀ ਕੋ ਭਜੈ ਮੈਂ ਤਾਂਕੋ ਦੇਊਂ ਨ ਛਾਡ।
ਬਡੋ ਤਕਸੀਰੀ ਕਰ ਤਿਸੇ ਮਾਰੋਂਗਾ ਤਿਸ ਗਾਡ'।੯।

ਚੌਪਈ: ਚਾਰੋਂ ਤਰਫ ਸੁਨਤ ਫੌਜ ਦੌੜੇ। ਉਨ ਭੀ ਦੇਖੇ ਸਿੰਘ ਅਤਿ ਥੋੜੇ।
ਕੋਊ ਸਿੰਘ ਥੇ ਸੂਤੇ ਪਯੋ। ਕੋਊ ਸਿੰਘ ਥੇ ਰਮਣੇ ਗਯੋ।੧੦।
ਕੋਊ ਸਿੰਘ ਗਯੋ ਘਾਸ ਲਿਆਵਣ। ਲਕੜੀ ਲਯਾਵਣ ਗੋਹੇ ਚੁਗਾਵਣ।
ਕਛੁ ਥੇ ਭੂਖੇ ਟੇਢੇ ਪੜੇ। ਪੀਵੈਂ ਭੰਗ ਤਬ ਹੁਇ ਹੈਂ ਖੜੇ।੧੧।

ਦੋਹਰਾ: ਦੇਖ ਸਿੰਘ ਨੰਗੇ ਭੁਖੇ ਤੁਰਕ ਭਏ ਸੁ ਪ੍ਰਸੰਨ।
ਚਾਰ ਤਰਫ ਤੇ ਯੌਂ ਪਰੇ ਜਨੁ ਕਰ ਢੁੱਕੇ ਜੰਨ।੧੨।

ਚੌਪਈ: ਪਹਿਲੇ ਚੋਟ ਬੰਦੂਕਨ ਕਰੀ। ਤਿਹ ਪਾਛੈ ਮਾਰ ਤੀਰਨ ਧਰੀ।
ਫਿਰ ਨੇਜੇ ਔ ਲੈ ਸ਼ਮਸ਼ੇਰ। ਮਾਰੇ ਸਿੰਘ ਤਿਨ ਪਹਿਲੀ ਬੇਰ।੧੩।
ਸਿੰਘਨ ਕੀ ਗਈ ਅਕਲ ਭੁਲਾਈ। ਤੁਰਕ ਪੜੇ ਬਹੁ ਜਮ ਕੀ ਨਜਾਈਂ।
ਜਨੁਕ ਅਕਾਸ਼ੋਂ ਬਿਜਲੀ ਪਰੀ। ਤੌ ਭੀ ਸਿੰਘਨ ਤੇ ਭਲ ਸਰੀ।੧੪।

ਦੋਹਰਾ: ਜੋ ਤੁਰਕਨ ਪਹਿਲੇ ਲਭੇ ਤੇ ਸਿੰਘ ਤੋ ਦੀਏ ਮਾਰ।
ਜੋਊ ਲੜੇ ਤਿਤ ਹੀ ਅੜੇ ਡਰੇ ਨ ਮਰਨੋਂ ਮਾਰ।੧੫।

ਚੌਪਈ: ਏਕ ਸਿੰਘ ਜਿਹ ਥਾਂ ਖੜ ਜਾਵੈ। ਸਭ ਤੁਰਕਨ ਸੋਊ ਤਹਾਂ ਖੜਾਵੈ।
ਮੱਦਤ ਤਕੈ ਨ ਔਰਹਿ ਸੋਊ। ਤਾਂਕੇ ਮੁਹਰੈ ਟਿਕੈ ਨ ਕੋਊ।੧੬।
ਬਾਹਰ ਸਿੰਘ ਜੋ ਤੁਰਕਨ ਘੇਰੈ। ਫਿਰੇ ਸ਼ੇਰ ਜਿਮ ਫੜ ਸ਼ਮਸ਼ੇਰੈ।
ਦੇਖ ਸਿੰਘ ਤਿਸ ਮੱਦਤ ਕਰੈਂ। ਉਨ੍ਹੈ ਛੁਡਾਵੈਂ ਆਪ ਸੁ ਮਰੈਂ।੧੭।

Sri Satguru Jagjit Singh Ji eLibrary NamdhariElibrary@gmail.com

ਸੋ ਭੀ ਅਏ ਛੁਡਾਵਨ ਪਾਸ। ਸਿੰਘ ਪੜੈਂ ਤਬ ਕਰ ਅਰਦਾਸ।
ਪੀਛੈ ਫਿਰੈ ਸੁ ਗੀਦੀ ਕਹਾਵੈ। ਅਗੇ ਮਰੈ ਪਤਿਸ਼ਾਹੀ ਪਾਵੈ।੧੮।

ਦੋਹਰਾ: ਜੇ ਜੰਗਲ ਮੈਂ ਥੇ ਗਏ ਤਿਨ ਸੁਨੇ ਬੰਦੂਕ ਅਵਾਜ਼।
ਆਵਤ ਭਏ ਸੁ ਸੰਕ ਤਜਿ ਕਰ ਮਨ ਮਰਨੋਂ ਸਾਜ।੧੯।

ਚੌਪਈ: ਲਰਤ ਭਿਰਤ ਪਰ ਗਈ ਜੋ ਰਾਤ। ਜਨ ਸਿੰਘਨ ਕੋ ਭਈ ਪਰਭਾਤ।
ਉਇ ਥਕ ਗਏ ਲਰਨ ਅਰ ਮਰਨੋ। ਬਾਲਕ ਖਾਲਸੇ ਜਨੁ ਭਯੋ ਤਰਨੋ।੨੦।

ਦੋਹਰਾ: ਆਇ ਦੇਖਯੋ ਇਕ ਸਿੰਘ ਨੇ ਇਕਲੋ ਫੌਜ ਸੁ ਦਾਰ।
ਦਈ ਖੈਂਚ ਸ਼ਮਸ਼ੇਰ ਸਿਰ ਮੁੰਡੀ ਦਈ ਉਤਾਰ।੨੧।
ਮਾਰਨ ਆਯੋ ਸੋ ਮਰਯੋ ਪਖ ਸਿੰਘਨ ਗੁਰ ਕੀਨ।
ਭੱਜੇ ਤੁਰਕ ਕਿਛ ਲੁਕ ਗਏ ਮਿਲ ਸਿੰਘਨ ਲਏ ਛੀਨ।੨੨।

ਚੌਪਈ: ਸਿੰਘਨ ਕੇ ਤਬ ਸ਼ਾਦੀ ਭਈ। ਬੈਠੇ ਸਿੰਘ ਆਪ ਦੌਲਤ ਅਈ।
ਮਰੇ ਸਿੰਘ ਜੁ ਦਰਜਾਉ ਰੁੜ੍ਹਾਏ। ਪ੍ਰਾਤ ਹੋਤ ਲੌ ਦੁਗਣੇ ਆਏ।੨੩।
ਹੁਤੌ ਖਾਲਸੋ ਸੁੰਮੋਂਵਾਣੀ। ਭਈ ਖਾਲਸੇ ਅਖੈ ਕਹਾਣੀ।
ਏਕ ਮਰੈ ਤੌ ਦਸ ਔਰ ਆਵੈਂ। ਰਹੈਂ ਦੁਖੀ ਤੌ ਸੁਖੀ ਬਤਾਵੈਂ।੨੪।
ਸੋ ਗੱਨੇ ਕੋ ਰੁੱਪਾ ਭਾਖੈਂ। ਠੂਠਨ ਕੋ ਸੁਨਹਿਰੋ ਆਖੈਂ।
ਭੁੱਖੇ ਰਹੈਂ ਮਸਤ ਲੰਗਰ ਕਹੈਂ। ਖੂਹ ਖਾਤਨ ਮੱਧ ਬੇਲਨ ਰਹੈਂ।੨੫।

ਸਾਖੀ ਸ੍ਰੀ ਖਾਲਸੇ ਕੇ ਬਿਵਹਾਰ ਕੀ ਤੁਰੀ

੧੩੪. [ਸਿੰਘਾਂ ਦੀ ਦਸ਼ਾ]

ਚੌਪਈ: ਇਸੀ ਭਾਂਤ ਸਿੰਘ ਦੁਖ ਕੋ ਸਹੈਂ। ਦੁਖੀ ਸਿੰਘ ਇਮ ਦੇਸਹਿ ਰਹੈਂ।
ਕਦੇ ਕਦੇ ਇਕਠੇ ਹੁਇ ਦੌੜੈਂ। ਲੁਟੈਂ ਮੁਦੱਯਨ ਸਿਰ ਭੀ ਤੋੜੈਂ।੧।
ਰਾਤ ਪੜੇ ਸਿੰਘ ਹੋਵਹਿਂ ਸ਼ੇਰ। ਦਿਨੈ ਲੁਕੇ ਰਹਿਂ ਝਾੜੀ ਸ਼ੇਰ।
ਬਹੁਤਨ ਕੋ ਡਰ ਸਿੰਘ ਨ ਗਨੈਂ। ਪਰੈਂ ਰਾਤ ਕੋ ਥੋੜੈ ਜਨੈ।੨।

ਦੋਹਰਾ: ਤੁਰਕ ਜਹਾਂ ਡੇਰਾ ਕਰੈਂ ਤੱਕ ਰਾਤ ਸਿੰਘ ਪਹੁੰਚਾਹਿਂ।
ਚੋਰੀ ਜੋਰੀ ਭੱਜ ਨੱਠ ਤਿਨ ਹੀ ਕੋ ਲੁਟ ਖਾਹਿਂ।੩।

ਸਾਖੀ ਸ਼ੇਰ ਬਘਿਆੜ ਖੱਡਨ ਕੀ ਤੁਰੀ

੧੩੫. [ਖੱਡ ਵਿਚ ਸਿੰਘ ਲੁਕੇ ਤੱਕ ਤੁਰਕਾਂ ਨੇ ਖੱਡ ਨੂੰ ਅੱਗ ਲਾਉਣੀ]

ਦੋਹਰਾ: ਸਾਖ ਸੁਨੋ ਉਨ ਸਿੰਘਨ ਕੀ ਜੋ ਘੇਰੇ ਖੱਡ ਮਾਂਹਿ।
ਭੂਮ ਮਾਂਹਿ ਆਕੀ ਭਏ ਸੁਨੋਂ ਉਨ੍ਹਾਂ ਕੇ ਨਾਇ।੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਮੀਰਾਂ ਕੋਟ ਜੁ ਸਾਡੇ ਗ੍ਰਾਮ। ਭਯੋ ਸਿੰਘ ਲੱਧਾ ਸਿੰਘ ਨਾਮ।
ਭੰਗੂ ਗੋਤ ਅਸਾਡੋ ਤਾਯੋ। ਪ੍ਰਦੇਸ ਜਾਇ ਉਨ ਬਡ ਦੁਖ ਪਾਯੋ।੨।
ਮਾਂਗਜੋ ਮਿਲੈ ਨ ਉਧਾਰ ਕੋਊ ਦੇਇਂ। ਆਖੈਂ ਚੋਰ ਪਿੰਡ ਰਹਨ ਨ ਦੇਇਂ।
ਜੌ ਉਜਾੜਨ ਕੈ ਸਿੰਘ ਰਹਿਂ ਬੀਚ। ਕਹੈਂ ਧਾੜਵੀ ਲੋਕ ਉਨ ਨੀਚ।੩।
ਮਾਰਨ ਦੌੜੈਂ ਔ ਫੜ ਲੇਹਿਂ। ਭੂਖੇ ਰਾਖੈਂ ਕਛੁ ਖਾਣ ਨ ਦੇਹਿਂ।
ਇਸ ਦੁਖ ਤੇ ਦੇਸ਼ ਔਰ ਚਲ ਜਾਵੈਂ। ਕਈਅਕੁ ਮੁੜ ਨਿਜ ਵਤਨੈ ਆਵੈਂ।੪।
ਪ੍ਰਦੇਸ ਦੁੱਖ ਤੈ ਵਤਨੈਂ ਆਵੈਂ। ਈਹਾਂ ਲੁਕ ਛਪ ਕੁਛ ਦਿਨ ਲਖਾਵੈਂ[1]।
ਹੁਤੀ ਖੱਡ ਬਘਿਆੜਨ ਕੇਰੀ। ਪੱਟ ਬਣਾਇ ਉਨ ਕਰੀ ਬਡੇਰੀ।੫।

ਦੋਹਰਾ: ਰਾਤ ਹੋਤ ਨਿਕਸੈਂ ਤਉ ਦਿਨ ਚੜ੍ਹ ਰਹੈਂ ਛਿਪਾਇ।
ਸਿੰਘਨ ਲੀਨੋ ਕਰਿ ਤਿਮੈ ਜਿਮੈਂ ਉਲੂਕ ਸੁਭਾਇ।੬।

ਚੌਪਈ: ਰਾਤਿ ਪੜਤ ਸਿੰਘ ਘਰ ਕੋ ਜਾਨ। ਘਰ ਤੇ ਮਿਲੈ ਸੁ ਰਲਮਿਲ ਖਾਨ।
ਉਨ ਸਿੰਘ ਪਾਸ ਕੋਉ ਔਰ ਸਿੰਘ ਆਵੈ। ਉਸੈ ਖੁਲਾਇਕੈ ਤੌ ਆਪ ਖਾਵੈਂ।੭।
ਜਿਸੇ ਸਿੱਖ ਪੈ ਕਮ ਹੋਇ ਚੂਨ[2]। ਉਸੈ ਖੁਲਾਵੈਂ ਆਪ ਰਹਿਂ ਊਨ।
ਜੋਊ ਜੋਊ ਸਿੰਘ ਉਦਮੀ ਹੋਇ। ਦਸ ਪੰਜ ਰਲ ਕੇ ਦੌੜੈਂ ਸੋਇ।੮।
ਮਾਗ ਅੰਨ ਪਟ ਲਜਾਵੈਂ ਸੋਇ। ਦੋਰੀ ਛਿਪੀ ਪੈ ਉਨ ਗੁਜਰ ਹੋਇ।
ਕੈ ਬਖਤਾਵਰ ਜਿਸ ਹੁਇ ਪਿਤ ਮਾਤ। ਸੋਈ ਜਾਇ ਘਰ ਖਾਵੈ ਰਾਤ।੯।

ਦੋਹਰਾ: ਇਸੀ ਭਾਂਤ ਸਿੰਘ ਰਹਤ ਥੇ ਬਘਜਾੜਨ ਖੱਡ ਮਾਂਹਿ।
ਜਸੂਸਨ ਨੇ ਤੇਊ ਲਖੇ ਜਾ ਕਹਜੋ ਸੁ ਤੁਰਕਨ ਪਾਹਿ।੧੦।

ਚੌਪਈ: ਸੁਨਤ ਫੌਜ ਤੁਰਕਨ ਚੜ੍ਹ ਆਈ। ਏਕ ਓਰ ਢੁਕ ਬਹੀ ਛਿਪਾਈ।
ਸਿੰਘ ਬੜਤ ਉਨ ਲਖ ਜੋ ਲੀਨ। ਤਹਿਂ ਉਸ ਵਖਤ ਸਿੰਘ ਥੇ ਤੀਨ।੧੧।
ਲੱਧਾ ਸਿੰਘ ਜੋ ਭੰਗੂ ਸੁਨਾਯੋ। ਰਾਮ ਸਿੰਘ ਲੰਬੇ ਹੇਹਰ ਗਾਯੋ।
ਸੁਲੱਖਣ ਸਿੰਘ ਗਿੱਲ ਥੋ ਆਹਿ। ਲੀਨੇ ਤੁਰਕਨ ਵੜਤ ਦ੍ਰਸਾਇ।੧੨।
ਕਰਕੈ ਉਠਾਵਨ ਤੁਰਕ ਤੁਰਤ ਪਏ। ਵੜਤ ਪਤਾਲ ਸਿੰਘ ਆਕੀ ਭਏ।
ਫੜ ਤਲਵਾਰ ਔਰ ਬੁਗਦੇ ਬਹੇ। ਲੜਨ ਘੁਲਨ ਕੋ ਤਜਾਰ ਸੁ ਭਏ।੧੩।
ਇਕ ਦੋ ਦਿਨ ਕੋ ਅਨਾਜ ਥੋ ਮਾਂਹਿ। ਨੀਰ ਪਤਾਲ ਕੋ ਥੋ ਉਨ ਪਾਹਿ।
ਤੁਰਕਨ ਕੇ ਸੋ ਹਾਥ ਨ ਆਏ। ਤਬ ਤੁਰਕਨ ਯੌਂ ਮਤੇ ਮਤਾਏ।੧੪।

ਦੋਹਰਾ: 'ਮਾਰੋ ਬੰਦੂਕਨ ਸ਼ਲਕ ਬਹੁ ਖਡ ਹੁਇ ਜਾਇ ਧੂਆਂ ਧਾਰ।
ਧੂਏਂ ਨਾਲ ਜਬ ਬਿਹੋਸ਼ ਹੋਹਿਂ ਲੇਹੁ ਕਢ ਕਰ ਮਾਰ[3]।੧੫।

---

੧. ਲੰਘਾਉਂਦੇ ਹਨ। ੨. ਆਟਾ।
੩. ਪਾ:-ਕਮਲੈ ਬਾਜੈ ਕਰ ਉਨੈ ਲੇਹੁ ਕੱਢ ਫਿਰ ਮਾਰ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸਭ ਬੰਦੂਕ ਮਧ ਖੱਡਨ ਜੋਰੀ। ਬਹੁਤ ਬ੍ਰਸਾਈ ਅੰਦਰ ਗੋਰੀ।
ਧੂਓਂ ਧਾਰ ਤਹਿ ਭਯੋ ਘਨੇਰੋ। ਹੀਓ ਹੁਟਜੋ ਯੌਂ ਭਯੋ ਅੰਧੇਰੋ।੧੬।
ਤਬ ਉਨ ਸਿੰਘਨ ਬਡ ਦੁਖ ਲਹਜੋ। ਧੂੰਆਂ ਰੋਕਨ ਜਤਨ ਉਨ ਕਯੋ।
ਹੁਤੇ ਲੀੜੇ ਜੋ ਉਨ ਕੇ ਪਾਹਿ। ਦੈ ਖੱਡਨ ਮੁਖ ਰੋਕਜੋ ਵਾਹਿ।੧੭।
ਫਿਰ ਤੁਰਕਨ ਕੇ ਯੌਂ ਚਿਤ ਆਈ। 'ਫੜ ਲੋਕਨ ਖਡ ਲੱਯੇ ਪੁਟਾਈ'।
ਕਰ ਸਲਾਹਿ ਇਮ ਫੌਜ ਚੜ੍ਹ ਧਾਈ। ਅਏ ਲੋਕ ਕਰ ਕਹੀ ਫੜਾਈ।੧੮।
ਆਇ ਲੋਕਨ ਇਮ ਕਰ ਚਤੁਰਾਈ। ਕਸੀਆਂ ਦੈ ਪੁੱਟਣ ਦਏ ਲਾਈ[1]।
ਜਬ ਪੁੱਟੈਂ ਤਬ ਉੱਖੜ ਜਾਹਿਂ। ਨਾਲੇ ਲਤ ਮੁੱਕੀ ਜਟ ਭੀ ਖਾਹਿਂ।੧੯।

ਦੋਹਰਾ: ਕਹੀ ਠੁਕਾਵਨ ਖਾਤਰੇ ਮੱਦਣ ਗਏ ਤ੍ਰਖਾਣ।
ਤੌ ਲੌ ਰਾਤ ਸੁ ਢੁਕ ਪਈ ਫੌਜ ਚਹਿ ਡੇਰੇ ਜਾਣ।੨੦।

ਚੌਪਈ: ਤਬ ਤੁਰਕਨ ਮਤ ਔਰੈ ਕਈ। ਖੱਡ ਭਰ ਈਂਧਨ ਅੱਗ ਲਾਇ ਦਈ।
ਅਗਨ ਪਹੁੰਚ ਦਏ ਕਪੜੇ ਸਾੜੀ। ਇਮ ਸਿੰਘਨ ਕੋ ਪਈ ਖੁਵਾਰੀ।੨੧।
ਫਿਰ ਸਿੰਘਨ ਕੀਓ ਜਤਨ ਸੁ ਔਰ। ਗਿੱਲੀ ਮਿੱਟੀ ਸੌਂ ਮੂੰਦੀ ਠੌਰ।
ਇਸ ਬਿਧਿ ਜਾਨ ਉਨ੍ਹੈਂ ਬਚ ਰਹੀ। ਤੌ ਲੌ ਆਨ ਰਾਤ ਭੀ ਭਈ।੨੨।
ਲੋਕਨ ਉਨ੍ਹੈ ਦਯੋ ਡਰ ਵਾਇ। 'ਰਾਤ ਪਰੈ ਮਾਰੈਂ ਸਿੰਘ ਆਇ'।
ਇਤ ਡਰ ਛਾਡ ਉਨ੍ਹੈ ਉਇ ਗਏ। ਲੋਕ ਚੁਫੇਰਜੋਂ ਆਵਤ ਭਏ।੨੩।
ਬੁਝਾਇ ਆਗ ਤੇ ਲਏ ਨਿਕਾਰ। ਐਮ ਬਿਤੀ ਉਨ ਸਿੰਘਨ ਨਾਰ।
ਜਿਨ ਸਿਰ ਬੀਤੀ ਤਿਨਸੌਂ ਹਮ ਸੁਨੀ। ਰਤਨ ਸਿੰਘ ਸੋ ਲਿਖ ਦਈ ਗੁਨੀ।੨੪।

ਦੋਹਰਾ: ਐਸੇ ਐਸੇ ਦੁਖ ਸਹੇ ਤੌ ਛਡੇ ਸੁ ਦਾਈਏ ਨਾਂਹਿ।
ਖੱਤ੍ਰੀ ਤ੍ਰਖਾਣ ਕਲਾਲ ਜਟ ਮਿਲੀ ਪਤਿਸ਼ਾਹੀ ਤਾਂਹਿ।੨੫।

ਸਾਖੀ ਸੁਬੇਗ ਸਿੰਘ ਜੰਬਰ ਕੀ ਤੁਰੀ

੧੩੬. [ਭਾਈ ਸੁਬੇਗ ਸਿੰਘ ਤੇ ਉਸ ਦੇ ਸਪੁਤ੍ਰ ਦੀ ਗ੍ਰਿਫਤਾਰੀ ਤੇ ਕਸ਼ਟ]

ਦੋਹਰਾ: ਸੁਬੇਗ ਸਿੰਘ ਜੰਬਰ ਭਯੋ ਸਿਖੀ ਮਧ ਮਜਬੂਤ।
ਵਹਿ ਭੀ ਸਤਿਗੁਰ ਸਿਖ ਹੁਤੋ ਜਿਸ ਕੋ ਥੋ ਵਹ ਪੂਤ।੧।

ਚੌਪਈ: ਬਾਲ ਅਵਸਥਾ ਸੁਤ ਫਾਰਸੀ ਪੜ੍ਹਾਯੋ[2]। ਫਿਰ ਮੱਧ ਕਚਹਿਰੀ ਉਸੈ ਬਹਾਯੋ।
ਵੈ ਹੁਤੋ ਮੁਲਕ ਕੋ ਕਰਤ ਅਜਾਰਾ[3]। ਰਹਿਤੇ ਥੇ ਲਾਹੌਰ ਮਝਾਰਾ।੨।
ਤੁਰਕ ਉਸੈ ਖਾਲਸੇ ਵਲ ਤੋਰੈਂ। ਖਾਲਸਾ ਭੀ ਤਿਸ ਕੋ ਭਲ ਲੋਰੈ।
ਕੋਈ ਤੁਰਕਨ ਪਰੇ ਜ਼ਰੂਰੀ ਕਾਮ। ਤੌ ਉਸ ਭੇਜੈਂ ਕਰ ਕਰ ਸਲਾਮ।੩।

---

੧. ਪਾ:-ਕਸੀਆਂ ਦੀਨੇ ਬਹੁ ਚੰਖ ਉੜਾਈ

੨. ਭਾਵ ਸੁਬੇਗ ਸਿੰਘ ਦੇ ਪਿਤਾ ਨੇ ਸੁਬੇਗ ਸਿੰਘ ਨੂੰ ਛੋਟੇ ਹੁੰਦਿਆਂ ਫਾਰਸੀ ਪੜ੍ਹਾਈ। ੩. ਠੇਕਾ।

Sri Satguru Jagjit Singh Ji eLibrary NamdhariElibrary@gmail.com

ਬਹੁਤ ਬਾਰ ਸਿੰਘਨ ਪੈ ਆਯੋ। ਸੋ ਸਿੰਘਨ ਕੰਮ ਨਹਿੰ ਚਹਿ ਗ੍ਯੋ।
ਕਿਤ ਘੂਰਨ ਕਿਤ ਮਤਲਬ ਗ੍ਰੀਬੀ। ਕਿਤ ਬਲ ਕਰ ਕਿਤ ਛਲ ਕਰ ਲੀਬੀ।੪।
ਸੋ ਸਭ ਦਏ ਖਾਲਸੇ ਭੇਤ। ਹੁਤੋ ਪੰਥ ਸੋਂ ਅਤਿ ਬਡ ਹੇਤ।
ਪੰਥ ਖਾਤਰ ਤਨ ਮਨ ਧਨ ਲਾਵੈ। ਨਹਿੰ ਪੁਤ੍ਰ ਪੋਤ੍ਰੇ ਕੇ ਹੇਤ ਰਖਾਵੈ।੫।

ਦੋਹਰਾ: ਸੁਬੇਗ ਸਿੰ ਜੰਬਰ ਹੁਤੇ ਜਪੀ ਤਪੀ ਹਠ ਧਾਰ।
ਜੈਸੀ ਕੀਨੀ ਤਰਕ ਨੇ ਸੋ ਅਬ ਸੁਨਹੁ ਬਿਚਾਰ।੬।

ਚੌਪਈ: ਸੁਬੇਗ ਸਿੰਘ ਫੜ ਜੰਬਰੋਂ ਮੰਗਾਯਾ। ਤਿਸਕਾ ਬੇਟਾ ਸਾਥ ਫੜਾਯਾ।
ਕਹਯੋ ਨ੍ਵਾਬ 'ਤੁਮ ਆਵੋ ਦੀਨ। ਲੇਵੋ ਦਾਮ ਔ ਕਾਮ ਜ਼ਮੀਨ।੭।
ਨਹੀਂ ਤੋ ਮਰਨੋਂ ਕਰ ਮਨਜ਼ੂਰ। ਚੜ੍ਹੋ ਚਰਖ ਗਿਰ ਹੋਵੋ ਚੂਰ'।
ਸੁਬੇਗ ਸਿੰਘ ਤਬ ਕੁਰਨਸ਼ ਕਰੀ। 'ਧੰਨ ਚਰਖੜੀ ਧੰਨ ਯਹ ਘਰੀ।੮।
ਚਾੜ੍ਹ ਚਰਖੜੀ ਹਮੈਂ ਗਿਰਾਵੋ। ਸੋ ਅਬ ਹਮ ਕੋ ਢੀਲ ਨ ਲਾਵੋ।
ਹਮ ਤੋ ਗੁਰ ਕੇ ਸਿੱਖ ਸਦਾਵੈਂ[1]। ਗੁਰ ਕੇ ਹੇਤ ਪ੍ਰਾਣ ਭਲ ਜਾਵੈ'[1]।੯।
ਧੰਨ ਨਵਾਬ ਧੰਨ ਤਵ ਦੀਨ। ਆਦਲ ਹੈਂ ਤੂੰ ਬਡੋ ਪ੍ਰਬੀਨ।
ਮਰਨੋਂ ਡਰ ਹਮ ਦੀਨ ਮੇਂ ਕਰੋ। ਹੋਇ ਦੀਨ ਮੈਂ ਫਿਰ ਨਹਿੰ ਮਹੋਂ?।੧੦।
ਜੌ ਫਿਰ ਭੀ ਸਿਰ ਮਰਨੋਂ ਰਹੈ। ਐਸ ਜੀਵਨ ਕਿਉਂ ਹਮ ਤਜ ਬਹੈਂ?
ਮਰਨੋਂ ਡਰ ਹਮ ਆਵੈਂ ਦੀਨ। ਜੋ ਹੁਇ ਮਰਨੋਂ ਨਾਂਹਿ ਕਭੀ ਨ।੧੧।
ਜੈਸੇ ਤੁਮੈ ਦੀਨ ਹੈ ਪਜਾਰਾ। ਤੈਸੇ ਹੀ ਹੈ ਧਰਮ ਹਮਾਰਾ।
ਚਾੜ੍ਹ ਚਰਖੜੀ ਅਬੈ ਮਰਾਵੋ। ਮਾਰੋ ਅਬੈ ਨ ਦੇਰ ਲਗਾਵੋ।੧੨।
ਮੁਸਲਮਾਨ ਹਮ ਹੋਵਹਿੰ ਨਾਹੀਂ। ਧਰਮ ਆਪਨੋ ਸਾਥ ਨਿਬਾਹੀਂ'।
ਤਬ ਨਵਾਬ ਨੇ ਹੁਕਮ ਸੁ ਕੀਨਾ। ਚਾੜ੍ਹ ਚਰਖੜੀ ਸਿੰਘ ਸੁ ਦੀਨਾ।੧੩।
ਊਚੇ ਚਾੜ੍ਹ ਫਿਰ ਬਹੁਤ ਘੁਮਾਯਾ। ਵਾਹਿਗੁਰੂ ਤਿਨ ਨਾਂਹਿ ਭੁਲਾਯਾ।
ਜਯੋਂ ਜਯੋਂ ਮੁਖ ਤੇ ਗੁਰੂ ਉਚਾਰੇ। ਅਕਾਲ ਅਕਾਲ ਕਰ ਊਚ ਪੁਕਾਰੇ।੧੪।
ਸੁਨ ਨਵਾਬ ਮਨ ਮੈਂ ਬਹੁ ਕੋਪੈ। ਔਰ ਘੁਮਾਇ ਕਰਾਵੋ ਚੋਪੈ।
ਤਿਮ ਤਿਮ ਸਿੰਘ ਸੁ ਔਰ ਉਚਾਰੈ। ਸਤਿਗੁਰ ਨਾਮ ਨ ਮਨੋਂ ਬਿਸਾਰੈ।੧੫।

ਦੋਹਰਾ: ਤਬ ਨਵਾਬ ਐਸੇ ਕਹਯੋ 'ਯਾ ਕੋ ਲੇਹੁ ਉਤਾਰ।
ਯਾਕੇ ਬੇਟੇ ਕੋ ਟੰਗਯੋ ਯਾਹੂ ਕੋ ਜੁ ਦਿਖਾਰ'।੧੬।

ਚੌਪਈ: ਤਬ ਚੰਡਾਲਨ ਵੈਸੇ ਕੀਨਾ। ਬਾਂਧ ਟਾਂਗ ਉਲਟੋ ਕਰ ਦੀਨਾ।
ਚਾੜ੍ਹ ਚਰਖੜੀ ਬਹੁਤ ਘੁਮਾਯਾ। ਸੁਬੇਗ ਸਿੰਘ ਕੋ ਨੈਨ ਦਿਖਾਯਾ।੧੭।
ਸੁਬੇਗ ਸਿੰਘ ਤਬ ਐਸੇ ਕਹੈ। 'ਧੰਨ ਧੰਨ ਪੁਤ੍ਰ! ਧੰਨ ਦਿਨ ਯਹੈ।
ਸੋ ਧੰਨ ਪੁਰਖ ਜੁ ਧਰਮ ਨਿਬਾਹੇ। ਧੰਨ ਪੁਰਖ ਜੋ ਗੁਰ ਪਗ ਚਾਹੈਂ।੧੮।

੧. ਪਾਠਾਂਤ-ਕਰੋ ਸ਼ਤਾਬੀ ਡੇਰ ਨ ਕੀਜੈ। ਐਸੋ ਸਮੋ ਫੇਰ ਕਤ ਬੀਜੈ।

Sri Satguru Jagjit Singh Ji eLibrary NamdhariElibrary@gmail.com

ਤਿਸੈ ਉਤਾਰ ਨਵਾਬ ਬੁਲਾਯਾ। ਦੇ ਕੈ ਦੁਖ ਫਿਰ ਬਾਤਨ ਲਾਯਾ।
'ਤੂੰ ਹੈਂ ਬਾਲਕ ਬੁਧਿ ਤੈਂ ਨਾਹੀ। ਕਰਕੈ ਹਠ ਕਿਉਂ ਉਮਰ ਗਵਾਹੀਂ।੧੯।
ਪਿਤਾ ਤੇਰੇ ਨੇ ਸਭ ਲਖ ਲਯਾ। ਤੁਮਰੋ ਦਿਨ ਅਬ ਦੇਖਨ ਭਯਾ।
ਅਧ ਖਾਧੇ ਅਧ ਪੀਤੇ ਜੈਹੈਂ। ਧਰਮ ਰਖਜੋ ਤੁਧ ਕਦ ਕੰਮ ਐਹੈ?।੨੦।

ਦੋਹਰਾ: ਮੁਸਲਮਾਨ ਹ੍ਵੈ ਲੇਹੁ ਤੂੰ ਬਹੁਤੀ ਅਬੈ ਜਗੀਰ।
ਜਬ ਲਗ ਰਹਿ ਹੈ ਤਖਤ ਜਗ ਕਰੈ ਨ ਕੋਇ ਤਗੀਰ[੧]।੨੧।

ਚੌਪਈ: ਨਵਾਬ ਕਹੀ 'ਸੁਨ ਸਿੱਖ ਸੁਬੇਗ! ਬਚਾਉ ਪੁਤ੍ਰ ਕੋ ਚਲਤੀ ਤੇਗ।
ਰੱਖ ਪੁਤ੍ਰ ਕੋ ਜੜ ਤੁਝ ਰਹੈ। ਤੂੰ ਕਹੁ, ਮੁਖ ਤੇ ਕਲਮਾ ਕਹੈ।੨੨।
ਕਰੋਂ ਕਤਲ ਤੁਝ ਮਾਰੋਂ ਗ੍ਰਾਮ। ਸਿਖਾਇ ਪੁਤ੍ਰ ਕਰ ਦੀਨ ਦਰਾਮ[੨]।
ਯਾ ਪੀਛੇ ਮੈਂ ਰਾਖੋਂ ਤੋਹਿ। ਤੂੰ ਭੀ ਪੁਤ੍ਰ ਸੌਂ ਕਰ ਕਛੁ ਮੋਹਿ।੨੩।
ਪੁੱਤਰ ਤੇ ਹੀ ਰਹਿ ਹੈ ਬੰਸ। ਬਿਨਾਂ ਪੁਤ੍ਰ ਹ੍ਵੈ ਹੈਂ ਨਿਰਬੰਸ'।
ਸੁਬੇਗ ਸਿੰਘ ਸੁਨ ਐਸੀ ਕਹੀ। 'ਸੱਚ ਨਵਾਬ ਤੈਂ ਜੇਤੀ ਕਹੀ।੨੪।
ਹਮ ਨੇ ਤੁਮਰਾ ਨੂਣ ਸੁ ਖਾਯਾ। ਬਣੇ ਨ ਖੋਟਾ ਤੁਮੈਂ ਅਲਾਯਾ।
ਹਮ ਸੁਤ ਅਪਨੇ ਦਜੋ ਉਪਦੇਸ਼। ਰਾਖਨ ਸਾਚੇ ਗੁਰ ਨਿਜ ਭੇਸ।੨੫।
ਕਹਾਂ ਜ਼ਿੰਦਗੀ ਕੀ ਪਰਤੀਤ। ਯਾ ਸਿਰ ਮਰਨੋਂ ਬਹੁਤੀ ਰੀਤ।
ਰਹੇ ਧਰਮ ਤਨ ਅਬ ਹੀ ਜਾਇ[੩]। ਕਬ ਲਗ ਜੀਵੈ ਧਰਮ ਗਵਾਇ[੪]।੨੬।
ਕਿਤ ਜੀਵਨ ਸੌਂ ਧਰਮ ਗਵਾਈਏ। ਮਰਨੋਂ ਸਾਚ ਕਿਤੈ ਨਠ ਜਾਈਏ।
ਸਿੱਖਨ ਕਾਜ ਸੁ ਗੁਰੂ ਹਮਾਰੇ। ਸੀਸ ਦੀਓ ਨਿਜ ਸਨ ਪਰਵਾਰੇ।੨੭।
ਚਾਰੇ ਪੁਤਰ ਜਾਨ ਕੁਹਾਏ। ਸੋ ਚੰਡੀ ਕੀ ਭੇਟ ਕਰਾਏ।
ਹਮ ਕਾਰਨ ਗੁਰ ਕੁਲਹਿ ਗਵਾਈ। ਹਮ ਕੁਲ ਰਾਖੈਂ ਕੌਣ ਬਡਾਈ'?।੨੮।
ਐਸੇ ਔਰ ਬਾਤ ਬਹੁ ਭਈ। ਨਵਾਬ ਚਿੱਤ ਤਬ ਐਸੇ ਅਈ।
'ਯਹ ਪੁੱਤਰ ਸਾਮਝਾਵੈ ਐਸੇ। ਸੋ ਦ੍ਰਿੜ੍ਹ ਹੋਵੈ ਮੁੜੈ ਨ ਜੈਸੇ।੨੯।
ਯਾਂਤੇ ਜੁਦੋ ਸੁ ਬੇਟਾ ਕਰੋਂ। ਡਰਾਇ ਮਾਰ ਵਿਚ ਦੀਨੇ ਭਰੋਂ।
ਦੁਖੀ ਹੋਤ ਜਬ ਬਹੁਤ ਸਰੀਰ। ਭੂਲ ਜਾਤ ਹੈ ਗੁਰ ਵਾ ਪੀਰ।੩੦।
ਦੇਵੋਂ ਦੁਖ ਵਹ ਬਹੁਤ ਸਰੀਰ। ਜੋ ਮਾਂਗੈ ਸੋ ਦੇਹੁੰ ਜਗੀਰ'।
ਤਬ ਤਿਸ ਦੇਣ ਲਗੇ ਬਹੁ ਦੁੱਖ। ਟਾਂਗੈਂ ਖੀਚੈਂ ਕੂਟੈਂ ਮੁੱਖ।੩੧।
ਏਕ ਟੰਗ ਫੜ ਤਿਸੈ ਘੁਮਾਵੈਂ। ਬਾਂਹ ਖੈਂਚ ਫਿਰ ਪੀਛੇ ਗਿਰਾਵੈਂ।
ਕੋਈ ਦੰਤਨ ਨਖਨ ਚੁਭਾਵੈ। ਉਲਟੋ ਸੁਲਟੋ ਕਰੈ ਮੰਤਾਵੈ।੩੨।
ਖੈਂਚੈਂ ਕਾਨ ਨਾਕ ਦੁਖ ਦੇਹਿਂ। ਕਹੈਂ 'ਦੰਤ ਯਿਹ ਤੋੜ ਸੁ ਲੇਹਿ'।
ਕੋਊ ਕਹੈ 'ਯਹ ਹੈ ਮਾਚੱਲ। ਉਤਾਰ ਲੇਹੁ ਅਬ ਯਾਂਕੀ ਖੱਲ'।੩੩।

੧.ਤਗੱਯਰ=ਬਦਲੀ। ਭਾਵ ਜਗੀਰ ਕੋਈ ਖੋਹੇਗਾ ਨਹੀਂ। ੨. ਦੀਨ ਵਿਚ ਕਰ ਦੇਹ।
੩. ਪਾਠਾਂਤ੍ਰ-ਜਿਸ ਬਿਧ ਸਰੀਰ ਕੋ ਹੋਵੈ ਅੰਤ। ੪. ਸੋਈ ਬਿਧਿ ਆਇ ਬਨਤ ਹੈ ਮਤੰਤ।

Sri Satguru Jagjit Singh Ji eLibrary NamdhariElibrary@gmail.com

ਐਸੇ ਦੁੱਖ ਕਹਾਂ ਲੌ ਗਨੀਏ। ਜਿਤਨੇ ਤਿਨਕੇ ਦਿੱਤੇ ਭਨੀਏ।
ਕਹਿ ਨਵਾਬ 'ਫਿਰ ਚੂਖੜੀ ਚੜ੍ਹਾਵੋ। ਡਾਰ ਯਾਹਿ ਕੀ ਜਾਨ ਗਵਾਵੋ'।੩੪।

ਦੋਹਰਾ: ਦੇਤ ਦੁੱਖ ਸੋ ਥੱਕ ਗਯੋ ਰਹਯੋ ਨ ਔਰ ਉਪਾਇ।
ਤਬ ਬਾਲਕ ਭੀ ਚੁਪ ਭਯੋ ਗਸ਼ੀ ਪਰੀ ਤਿਸ ਆਇ।੩੫।

ਚੌਪਈ: ਤਬ ਚੰਡਾਲ ਯੌ ਆਨ ਪੁਕਾਰਾ। 'ਅਬ ਭਯੋ ਬਾਲਕ-ਮਰਨੇ ਵਾਰਾ'।
ਸੁਬੇਗ ਸਿੰਘ ਸੁਨ ਹੋਯੋ ਰਾਜੀ। 'ਸਤਿਗੁਰ ਰਾਖੀ ਹਮਰੀ ਲਾਜੀ।੩੬।
ਧੰਨ ਪੁਤ੍ਰ ਤਵ ਧੰਨ ਹੈ ਜਨਨੀ। ਰਹਯੋ ਧਰਮ ਅਬ ਹਮਰੋ ਬਨੀ[1]'।
ਸੁਬੇਗ ਸਿੰਘ ਕੇ ਸੋ ਚਿਤ ਆਯੋ। ਕਿਸੇ ਬਾਪ ਨੇ ਪੁਤ੍ਰ ਚਿਰਾਯੋ।੩੭।
ਤਬ ਨਵਾਬ ਨੇ ਨੀਰ ਮੰਗਾਯੋ। ਕੁਛ ਛਿੜਕਯੋ ਕਿਛ ਮੁਖ ਤਿਸ ਪਾਯੋ।
ਤਬ ਕੁਛ ਜੀਵ ਦੇਹ ਮੈਂ ਆਇਆ। ਦੇਕੈ ਦਿਲਾਸਾ ਤਬੈ ਬੁਲਾਇਆ।੩੮।
'ਅਬ ਤੁਮ ਜਨਮ ਭਯੋ ਹੈ ਨਯੋ। ਨਹੀਂ ਦੋਸ਼ ਤੁਧ ਦੀਨ ਬਚਯੋ'।
ਮੁਸਲਮਾਨ ਹਿੰਦੂ ਜੇ ਭਏ। ਨਵਾਬ ਮੰਗਾਇ ਖੜੇ ਢਿਗ ਕਏ।੩੯।
ਤਿਨ ਬਾਲਕ ਕੋ ਬਾਤਨ ਲਾਯਾ। ਮੁਸਲਮਾਨ ਤਿਨ ਹੋਣ ਕਹਾਯਾ।
ਕੁਛ ਸੁਧ ਕਛੁ ਬੇਸੁਧ ਕੇ ਹੋਤੇ। ਕਹਿਓ ਮੁੱਖ ਤੇ ਜਾਵਤ ਗੋਤੇ।੪੦।
ਤਬ ਨਵਾਬ ਨੈ ਭਲੀ ਮਨਾਈ। 'ਆਵਾਂ ਦੀਨ' ਯੌਂ ਲੀਓ ਕਹਾਈ।
'ਭ੍ਰਮਾਇ ਲਯੋ ਬਹੁ ਦੁੱਖ ਦਿਖਾਈ'। ਸੁਬੇਗ ਸਿੰਘ ਨੇ ਯੌ ਸੁਨ ਪਾਈ।੪੧।

ਦੋਹਰਾ: ਸੁਬੇਗ ਸਿੰਘ ਅਚਰਜ ਭਯੋ ਬਹੁ ਦੁਖ ਪਾਯੋ ਚਿੱਤ।
ਨਵਾਬ ਬੁਲਾਇ ਦਿਖਾਲਿਓ ਦੀਨ ਆਵੈ ਤੁਝ ਪੁੱਤ।੪੨।

ਚੌਪਈ: ਸੁਬੇਗ ਸਿੰਘ ਕਹਯੋ 'ਸੁਤ! ਕੀ ਭਯੋ?' ਬਾਲ ਕਹੈ 'ਦੁਖ ਸਹਯੋ ਨ ਗਯੋ'।
ਸੁਬੇਗ ਸਿੰਘ ਸੁਨ ਹ੍ਵੈ ਰਹਯੋ ਚੁੱਪ। 'ਯਹਕਯਾ ਭਯੋ' ਰਹਯੋ ਸਿੰਘ ਰੁੱਪ।੪੩।
ਫੇਰ ਸਿੰਘ ਕੇ ਯਹ ਜੀਅ ਆਈ। 'ਦੇਖੋਂ ਅਬ ਮੈਂ ਪਾਸ ਬੁਲਾਈ।
ਦੇਖੋਂ ਕੈਸੇ ਕਲਮਾ ਕਹੈ। ਗੁਰੂ ਨਾਮ ਕਿਮ ਭੁੱਲਯਾ ਚਹੈ'।੪੪।
ਨ੍ਵਾਬਹਿ ਤੇ ਲਯੋ ਪਾਸ ਬੁਲਾਈ। ਸੁਬੇਗ ਸਿੰਘ ਨੇ ਤਿਹ ਸਮਝਾਈ।
'ਸਤਿਗੁਰ ਨਾਮ ਕਯੋਂ ਦਯੋ ਭੁਲਾਈ। ਤੈਂ ਪਰ ਕਿਨ ਤਲਵਾਰ ਚਲਾਈ'।੪੫।

ਦੋਹਰਾ: ਦੇਖਯੋ ਮਸਤਕ ਧਯਾਨ ਧਰ ਹੋਨ ਲਿਖਯੋ ਮੁਸਲਮਾਨ।
ਸੁਬੇਗ ਸਿੰਘ ਸਿਰ ਫੇਰਿਓ ਲਗਯੋ ਸੁ ਪੱਛੋਤਾਨ।੪੬।

ਚੌਪਈ: ਸੁਬੇਗ ਸਿੰਘ ਲਯੋ ਮਸਤਕ ਦੇਖ। ਮੁਸਲਮਾਨ ਹੋਨ ਲਿੱਖਯੋ ਲੇਖ।
ਤਬ ਤਿਨ ਪਨਟੀ[2] ਪਗੋਂ ਉਤਾਰੀ। ਚਰਨ ਛੁਹਾਇ ਦਯੋ ਇਕ ਬਾਰੀ।੪੭।
'ਅਕਾਲ ਅਕਾਲ' ਕਹਿ ਬਚਨ ਉਚਾਰਾ। ਮੇਟਯੋ ਖਾਲਸੇ ਲੇਖ ਖਿਕਾਰਾ।
ਸੱਤਿਨਾਮ ਕਹਿ ਕਰਤਾ ਪੁਰਖ। ਮਿਟ ਗਏ ਹਰਫ ਜੁ ਹੋਣੇ ਤੁਰਕ।੪੮।

---

੧. ਪਾ: ਹਮਰੀ ਕਰਨੀ। ੨. ਜੁੱਤੀ।

Sri Satguru Jagjit Singh Ji eLibrary NamdhariElibrary@gmail.com

ਭਯੋ ਖਾਲਸੋ ਤਿਸ ਕੇ ਮਾਥ। ਹੈ ਜਗ ਮੈਂ ਯਹ ਬਾਤ ਬਿਖਜਾਤ।
ਸੰਤ ਚਹੈ ਤੋ ਮੇਟੈ ਲੇਖ। ਸੰਤ ਰੇਖ ਮੈਂ ਮਾਰੈ ਮੇਖ।੪੯।

ਦੋਹਰਾ: ਤਬ ਨਵਾਬ ਨੇ ਦੇਖਿਓ ਐਸੋ ਕਰਤ ਖਿਆਲ।
'ਯਹ ਕਜਾ ਕੀਓ ਸੁਬੇਗ ਸਿੰਘ। ਪਗ ਲਾਇ ਮਸਤਕ ਨਾਲ'।੫੦।

ਚੌਪਈ: ਸੁਬੇਗ ਸਿੰਘ ਤਬ ਐਮ ਉਚਾਰੇ। 'ਮੇਟਯੋ ਲੇਖ ਜੁ ਲਿਖਾ ਲਿਲਾਰੇ।[1]'।
ਨਵਾਬ ਕਹੀ 'ਯਹ ਝੂਠੀ ਗੱਲ'। ਸਿੰਘ ਕਹੀ 'ਪੁਛ ਲੜਕੇ ਚੱਲ'।੫੧।
ਤਬ ਨਵਾਬ ਉਠ ਲੜਕਾ ਟੋਹਾ। ਲੜਕੇ ਕੋ ਕਛੁ ਲਗੇ ਨ ਮੋਹਾ।
'ਹੋਹਿ ਲੜਕੇ ਤੂੰ ਮੁਸਲਮਾਨ। ਕਲਮਾ ਪੜ੍ਹੋ ਤੌ ਛੋਡੈਂ ਪ੍ਰਾਨ'।੫੨।
ਤਬ ਲੜਕੇ ਨੇ ਬਚਨ ਉਚਾਰਾ। 'ਅਪਨਾ ਕਲਮਾ ਹਮੈਂ ਪਿਆਰਾ।
ਸੱਤਿਨਾਮ ਜੋ ਗੁਰ ਤੇ ਲੀਆ। ਵਾਹਿਗੁਰੂ ਗੁਰ ਕਲਮਾ ਦੀਆ'।੫੩।
ਤਬ ਨਵਾਬ ਮਨ ਆਯੋ ਰੋਸ। 'ਮਾਰੋ ਲੜਕੇ ਕੋ ਕਰ ਜੋਸ਼'।
ਆਗੇ ਤੇ ਚੌਗੁਨ ਦੁਖ ਦੀਆ। ਲੜਕੇ ਕੇ ਚਿਤ ਸੁਖ ਸੋ ਥੀਆ।੫੪।
ਜਿਮ ਪ੍ਰਹਲਾਦ ਨ ਮਾਨਜੋਂ ਦੁੱਖ। ਤੈਸੇ ਬਾਲਕ ਲਾਗੇ ਸੁੱਖ।
ਜਯੋਂ ਜਯੋਂ ਬਾਲ ਕੇ ਚੋਟਾਂ ਲਾਵੈਂ। ਤਿਮ ਤਿਮ ਲੜਕੇ ਸੁਖ ਸੋ ਭਾਵੈ।੫੫।
ਮਾਰਤ ਮਾਰਤ ਵੈ ਥਕ ਗਏ। ਜਤਨ ਤਿਨ੍ਹਾਂ ਕੇ ਸਭ ਮੁਕ ਗਏ।
ਤਬ ਨਬਾਬ ਕੇ ਯਹਿ ਚਿਤ ਆਈ। 'ਜਾਦੂ ਕੀ ਇਨ ਜੁਗਤ ਲਗਾਈ'।੫੬।
ਕਾਜ਼ੀ ਮੁੱਲਾਂ ਲਏ ਮੰਗਾਈ। 'ਯਾਂਕੋ ਜਾਦੂ ਦੇਹੁ ਹਟਾਈ।
ਕਲਾਮ ਇਲਮ ਕੁਛ ਲਾਵੋ ਤਾਣ। ਜਾਂਤੇ ਹੋਵਹਿ ਮੁੱਸਲਮਾਨ'।੫੭।

ਦੋਹਰਾ: ਜੇਤੇ ਇਲਮ ਕਲਾਮ ਕੇ ਕਰਤ ਗਏ ਸਭ ਹਾਰ।
ਕੁਛ ਨਹਿੰ ਲਾਗੇ ਖਾਲਸੇ ਹੋਏ ਕਰਤ ਖੁਵਾਰ।੫੮।

ਚੌਪਈ: ਨਵਾਬ ਗਯੋ ਥਕ ਦੁਖ ਕੋ ਦੇਤ। ਪਾਯੋ ਨਾਹੀਂ ਤਿਨ ਗੁਰ ਭੇਤ।
ਤਬ ਨਵਾਬ ਨੇ ਦੋਊ ਮੰਗਾਏ। ਦੁਖ ਦੇਣੇ ਤੇ ਲੋਕ ਹਟਾਏ।੫੯।
ਬੰਦੀ ਖਾਨੇਂ ਦਏ ਪਹੁੰਚਾਇ। ਰਤਨ ਸਿੰਘ ਸੁਨ ਲਿਖਯੋ ਬਨਾਇ।
ਸੁਬੇਗ ਸਿੰਘ ਗੁਰ ਪਤਿ ਰਖ ਲਈ। ਸੁਬੇਗ ਸਿੰਘ ਯੋਂ ਸਾਖੀ ਭਈ।੬੦।

ਦੋਹਰਾ: ਅਠਾਰਾਂ ਸੌ ਦੁੜੋਤਰੇ[2] ਸਾਲ ਸੁ ਬਿੱਕ੍ਰਮ ਰਾਇ।
ਸੁਬੇਗ ਸਿੰਘ ਸਾਖੀ ਭਈ ਸੁਨੋਂ ਸੰਤ ਮਨ ਲਾਇ।੬੧।

ਚੌਪਈ: ਸਾਖੀ ਸੁਨੀ ਮੈਂ ਅਪਨੇ ਤਾਤ[3]। ਤੈਸੇ ਲਿਖੀ ਰਤਨ ਸਿੰਘ ਬਾਤ।
ਜੇਤੀ ਸੁਨੀ ਤੇਤੀ ਹਮ ਕਹੀ। ਆਗੈ ਔਰ ਸੁਨੋ ਗਤਿ ਨਈ।੬੨।

---

੧. ਮੱਥੇ ਤੇ। ੨. ਭਾਵ ੧੮੦੨ ਬਿ:।
੩. ਆਪਣੇ ਪਿਤਾ ਤੋਂ।

Sri Satguru Jagjit Singh Ji eLibrary NamdhariElibrary@gmail.com

ਸਾਖੀ ਭਾਈ ਤਾਰੂ ਸਿੰਘ ਭੁਜੰਗੀ ਬਿਦੇਹੀ ਸ਼ਹੀਦ ਕੀ

੧੩੭. [ਭਾਈ ਤਾਰੂ ਸਿੰਘ ਦੀ ਗ੍ਰਿਫਤਾਰੀ]

ਦੋਹਰਾ: ਸਾਖੀ ਤਾਰੂ ਸਿੰਘ ਕੀ ਸੁਨੋਂ ਸਿੰਘ ਮਨ ਲਾਇ।
ਜੋ ਖਾਨ ਬਹਾਦਰ ਲੈ ਤੁਟਜੋ ਖੋਪਰੀ ਸਿਰੋਂ ਉਤਰਾਇ।੧।
ਸੋ ਮਾਝੈ ਮੈਂ ਬਸਤ ਥੇ ਭਲੇ ਸੁ ਪੂਲੈ ਗ੍ਰਾਮ।
ਹਠੀ ਤਪੀ ਸਾਚੋ ਸਤੀ ਨਿਹੰਗ ਤਾਰੂ ਸਿੰਘ ਨਾਮ।੨।

ਚੌਪਈ: ਨਵਾਬ ਮੌਤ ਜਬ ਨੇੜੇ ਆਈ। ਤਿਮ ਤਿਮ ਲਾਗੇ ਕਰਨ ਬੁਰਾਈ।
ਸਾਲ ਅਠਾਰਾਂ ਸਈਏ ਦੋਇ। ਤਾਰੂ ਸਿੰਘ ਕੀਓ ਸਾਕੋ ਸੋਇ।੩।

ਦੋਹਰਾ: ਨ੍ਰਾਬ ਮੁਲਖੱਯਨ ਕੋ ਪੁਛਜੋ 'ਸਿੰਘ ਰਿਜ਼ਕ ਕਹਾਂ ਤੇ ਖਾਹਿ।
ਨਹਿਂ ਉਦਾਰਾਹੀ, ਹਲਵਾਹੀ, ਨਹਿਂ ਚਾਕਰੀ, ਬਣਜ ਕਮਾਹਿਂ।੪।

ਚੌਪਈ: ਗੁਰਦੁਆਰੇ ਜੋ ਚੜਤ ਚੜ੍ਹਾਵੇ। ਸੋ ਭੀ ਮੈਂ ਨੇ ਦਏ ਹਟਾਵੇ।
ਨਹਿਂ ਗੁਰੂਅਨ ਕੋ ਦੇਇ ਨਿਆਜ਼[1]: ਹਟਾਇ ਦਈ ਮੈਂ ਸਿੰਘਨ ਕਾਜ।੫।
ਓਇ ਭੁੱਖੇ ਕਿਮ ਨਾਂਹਿ ਮਰਾਹੀਂ। ਦਾਨਾ ਪਾਣੀ ਜਿਨ ਲੱਭੈ ਨਾਂਹੀ।
ਫੌਜ ਟੋਲੇ ਉਨ ਬੰਨ੍ਹਕੇ ਰਾਹੀ। ਖੋਜ ਟੋਲ ਕੈ ਮਾਰੈਂ ਤਾਹੀਂ।੬।
ਜਿਨ ਪਿੰਡਨ ਮੈਂ ਸਿੰਘ ਕੋ ਭਯੋ। ਸੋਈ ਪਿੰਡ ਉਜਾੜ ਮੈਂ ਦਯੋ।
ਛੋਡ ਗਏ ਵੈ ਅਪਣੇ ਦੇਸ਼। ਭੂਖੇ ਹੋਇ ਵਟਾਵੈਂ ਭੇਸ।੭।
ਮੈਂ ਸਿੰਘਨ ਕੇ ਸਾਕ ਭੀ ਗਾਰੇ। ਖੱਡਨ ਮੈਂ ਤੇ ਟੋਲ ਕਢ ਮਾਰੇ।
ਮੁਗਲ ਬਾਜ ਹੈਂ ਸਿੰਘ ਬਟੇਰੇ। ਮਾਰੇ ਮੁਗਲਨ ਨੇ ਬਹੁ ਘੇਰੇ।੮।
ਰਿਜਕ ਬਿਨਾਂ ਕੋਈ ਜੀਵੈ ਨਾਹੀਂ। ਓਇ ਕਿਮ ਜੀਵੈਂ ਰਿਜ਼ਕ ਬਿਨਾਂਹੀ?
ਪੱਤ ਸਾਗ ਖਾਇ ਮਨੁਖ ਕਬ ਜੀਵੈ। ਜੋ ਜੀਵੈ, ਤੁਰਨ ਜੋਗ ਕਿਮ ਥੀਵੈ'।੯।

ਦੋਹਰਾ: ਇੱਕ ਦੁਸ਼ਟ ਤਬ ਬੋਲਿਓ 'ਨਹਿਂ ਭੂਖੇ ਸਿੰਘ ਮਰਾਹਿਂ।
ਇਸੀ ਦੇਸ਼ ਮੈਂ ਸਿਖ ਰਹੈਂ ਉਨ ਦੇਕੇ ਪੀਛੇ ਖਾਹਿਂ'।੧੦।

ਚੌਪਈ: ਹਰ ਭਗਤ ਨਿਰੰਜਨੀਏ ਯੌ ਭਾਖੀ 'ਸੱਚ ਬਾਤ ਇਨ ਭਾਈ ਆਖੀ।
ਐਸੇ ਐਸੇ ਸਿੰਘ ਜਗ ਮਾਂਹੀ। ਸਿੰਘ ਛਕਾਇ ਪੀਐਂ ਨਿਜ ਖਾਹੀਂ।੧੧।
ਆਪ ਸਹੈਂ ਵੈ ਨੰਗ ਅਰ ਭੁੱਖ। ਦੇਖ ਸਕੈਂ ਨਹਿਂ ਸਿੰਘਨ ਦੁੱਖ।
ਆਪ ਗੁਜ਼ਾਰੈਂ ਅਗਨੀ ਨਾਲ। ਸਿੰਘਨ ਘਲੈਂ ਪੁਸ਼ਾਕ ਸਿਵਾਲ[2]।੧੨।
ਕਈ ਪੀਸਨਾ ਪੀਸ ਕਮਾਵੈਂ। ਵੈ ਭੀ ਸਿੰਘਨ ਪਾਸ ਪੁਚਾਵੈਂ।
ਬਾਣ ਬੱਟ ਕਈ ਕਰੈਂ ਮਜੂਰੀ। ਭੇਜੈਂ ਸਿੰਘਨ ਪਾਸ ਜ਼ਰੂਰੀ।੧੩।
ਦੂਰ ਜਾਇ ਜੋ ਚਾਕਰੀ ਕਰਿਹੀਂ। ਆਇ ਸਿੰਘਨ ਕੇ ਆਗੈ ਧਰਿਹੀਂ।
ਸਿੰਘ ਜੋਊ ਪਰਦੇਸ਼ ਸਿਧਾਰੇ। ਭੇਜੈਂ ਸਿੰਘਨ ਓਇ ਗੁਰ ਪਜਾਰੇ'।੧੪।

---

੧. ਭੇਟਾ। ੨. ਸਿਵਾ ਕੇ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸੁਨ ਨਵਾਬ ਸਿਰ ਫੇਰਿ ਕਹਿ 'ਕਠਨ ਪੰਥ ਭਯੋ ਯਾਹਿ।
ਹਮ ਤੇ ਮਾਰੇ ਮਰਤ ਕਬ ਮਾਰੈ ਇਨ੍ਹੈਂ ਖ਼ੁਦਾਇ'।੧੫।
ਤਬ ਨਵਾਬ ਉਨ ਸੌਂ ਕਹਯੋ 'ਸੋ ਹਮ ਦੇਹੁ ਦਿਖਾਇ।
ਜੋ ਸਿੰਘਨ ਕੋ ਭੇਜਤੇ ਉਨ ਹਮ ਦੇਹਿੰ ਖਪਾਇ'।੧੬।

ਚੌਪਈ: ਹਰ ਭਗਤ ਨਿਰੰਜਨੀਏਂ ਯੌ ਫਿਰ ਕਹੀ। 'ਪੂਲੋ ਪਿੰਡ ਇਕ ਮਾਝੇ ਅਹੀ।
ਤਾਰੂ ਸਿੰਘ ਤਹਿੰ ਖੇਤੀ ਕਰੈ। ਸਾਥ ਪਿੰਡ ਵਹਿ ਹਾਲਾ ਭਰੈ।੧੭।
ਦੇਹ ਹਾਕਮ ਕਛੁ ਥੋੜਾ ਖਾਵੈ। ਬਚੈ ਸਿੰਘਨ ਕੇ ਪਾਸ ਪੁਚਾਵੈ।
ਹੈ ਉਸ ਕੇ ਇਕ ਭੈਣ ਅਰ ਮਾਈ। ਪੀਸ ਕੂਟ ਵੈ ਕਰੈਂ ਕਮਾਈ।੧੮।
ਆਪ ਖਾਇ ਵਹਿ ਰੁਖੀ ਮਿੱਸੀ। ਮੋਟਾ ਪਹਿਰ ਆਪ ਰਹਿ ਲਿੱਸੀ।
ਜੋਊ ਬਚੇ ਸੋ ਸਿੰਘਨ ਦੇਵੈ। ਉਇ ਬਿਨ ਸਿੰਘਨ ਔਰ ਨ ਸੇਵੈ।੧੯।
ਬਾਂਗ ਸਲਾਤ ਸੁਨ ਮੂੰਦੇ ਕਾਨ। ਰੋਟ ਸੀਰਨੀ ਪੀਰ ਨ ਖਾਨ।
ਸ਼ਬਦ ਚੌਂਕੀ ਗੁਰ ਅਪਨੇ ਕੀ ਕਰੇ। ਸੋ ਮਰਨੇ ਤੇ ਨੈਕ ਨ ਡਰੇ।੨੦।
ਗੰਗਾ ਜਮਨਾ ਨਿਕਟ ਨ ਜਾਵੈ। ਅਪਨੇ ਗੁਰ ਕੀ ਛਪੜੀ ਨ੍ਹਾਵੈ।
ਜਗਨ ਨਾਥ ਕੋ ਟੁੰਡਾ ਆਖੈ। ਰਾਮ ਕਿਸ਼ਨ ਕੋ ਜਾਪ ਨ ਭਾਖੈ।੨੧।

ਦੋਹਰਾ: ਰਾਤ ਤੁਰੇ ਦਿਨ ਬਹਿ ਰਹੈ ਤੁਰਕਨ ਆਂਖ ਬਚਾਇ।
ਸਿਰ ਪਰ ਪੰਡ ਉਠਾਇਕੈ ਸਿੰਘਨ ਪੈ ਪਹੁੰਚਾਇ।੨੨।

ਚੌਪਈ: ਔਰ ਦੂਸਰੋ ਮਤਾਬ ਸਿੰਘ ਨਾਮ। ਮੀਰਾਂ ਕੋਟ ਤਾਸ ਕੋ ਗ੍ਰਾਮ।
ਜਿਸ ਦਿਨ ਤੇ ਉਨ ਮਾਰਯੋ ਮੱਸਾ। ਛੋਡ ਪਿੰਡ ਰਹਿ ਝਲ ਮੈਂ ਨੱਸਾ।੨੩।
ਕਦੇ ਨੇੜੇ ਕਦੇ ਜਾਵੇ ਦੂਰ। ਲੂਟ ਕੂਟ ਦਏ ਸਿੰਘਨ ਜ਼ਰੂਰ।
ਬੀਸ ਪਚਾਸ ਰਹੈਂ ਉਸ ਸਾਥ। ਲੋਕਨ ਕੋ ਵਹਿ ਲਾਵੈ ਹਾਥ।੨੪।
ਕਿਸੈ ਮੰਗੈ ਕਿਸ ਲਏ ਡਰਾਇ। ਲੋਕਨ ਪਰ ਕਰ ਲਈ ਠਹਿਰਾਇ।
ਜੋ ਉਸ ਕੀ ਨਹਿੰ ਕਰ ਠਹਿਰਾਇ। ਦੇਵੈ ਉਸ ਖੂਹ ਅਗਨ ਲਗਾਇ'।੨੫।

ਦੋਹਰਾ: ਨਵਾਬ ਕਹਯੋ ਹਰ ਭਗਤ ਕੋ 'ਮਤਾਬ ਸਿੰਘ ਤੂੰ ਲਜਾਉ।
ਹੈਂ ਉਸ ਕੇ ਸੰਗ ਸਿੱਖ ਬਹੁ ਬਹੁਤ ਫੌਜ ਲੈ ਜਾਉ।੨੬।

ਚੌਪਈ: ਔ ਤਾਰੂ ਸਿੰਘ ਇਕੱਲਾ ਜੋਊ। ਅਹਿਦੀ ਜਾਇ ਲੈ ਆਵੈ ਸੋਊ।
ਬੀਸ ਕੁ ਤਿਸ ਸੰਗ ਪਜਾਦੇ ਦੇਉ। ਰਸਤਜੋਂ ਚੌਕਸ ਉਸ ਕਰ ਲੇਉ'।੨੭।
ਨਵਾਬ ਫ਼ੁਮਾਈ ਤਿਮ ਹੀ ਕਰੀ। ਤੁਰਤ ਦੋਨੋਂ ਪਰ ਫੌਜੈਂ ਚਰੀ।
ਅਹਿਦੀਅਨ ਜਾਇ ਤਾਰੂ ਸਿੰਘ ਫੜਯੋ। ਨਵਾਬ ਕਹਯੋ ਤਿਨ ਕਰ ਕੇ ਕਰਯੋ।੨੮।
ਡੇਰਾ ਮੋੜ ਭੜਾਣੇ ਲਾਏ। ਲੋਕ ਦੇਖਨੇ ਸੁਨਿਕੈ ਆਏ।
ਅਹਿਦੀ ਲਾਗੇ ਬੁਰਾ ਸੁ ਮਾਨਨ। ਮਾਰੈਂ ਚਮਕੀ ਲੋਕਨ ਤਾਨਨ।੨੯।
ਅਹਿਦੀਅਨ ਕੋ ਕਛੁ ਦੈਕੈ ਦਾਮ। ਦਰਸ਼ਨ ਕਰਯੋ ਤਾਰੂ ਸਿੰਘ ਗ੍ਰਾਮ।
ਭੈਣ ਸਾਥ ਥੀ ਸ ਫੜੀ ਆਈ। ਸੋ ਦੰਮ ਦੈ ਲੋਕਨ ਛਡਵਾਈ।੩੦।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਹੁਤੀ ਭੜਾਣੇ ਗੁਰ ਸਿਖੀ ਤਿਨ ਲਖ ਆਯੋ ਰੋਹੁ।
'ਤਾਰੂ ਸਿੰਘ ਛੁਡਾਈਏ ਹੋਣੀ ਹੋਇ ਸੁ ਹੋਇ'।੩੧।

ਚੌਪਈ: ਤਬ ਸਿੰਘਨ ਯੌਂ ਮੱਤਾ ਮਤਾਯਾ। ਤਾਰੂ ਸਿੰਘ ਕੋ ਆਨ ਸੁਨਾਇਆ।
'ਹਮ ਅਹਿਦੀਅਨ ਕੋ ਦੈ ਹੈਂ ਮਾਰ। ਕਰ ਜਾਵੈਂਗੇ ਪਿੰਡ ਉਜਾਰ।੩੨।
ਸਿੱਖ ਛੁਡਾਵਨ ਹੈ ਬਡ ਧਰਮ। ਗਊ ਬ੍ਰਹਮਨ ਤੇ ਸੌ ਗੁਨੌਂ ਕਰਮ'।
ਇਮ ਕਰਨੇ ਕੋ ਤਯਾਰ ਹੋ ਆਏ। ਤਾਰੂ ਸਿੰਘ ਸੁਨ ਤੁਰਤ ਹਟਾਏ।੩੩।
'ਅਸੀਂ ਨ ਮਰਨੋਂ ਨੱਠਨ ਵਾਰੇ। ਅਸੀਂ ਜੁ ਮਰਿ ਹੈਂ ਮੁਗਲ ਦੁਵਾਰੇ।
ਸਿੱਖਨ ਕਾਰਨ ਗੁਰ ਸਿਰ ਲਾਏ। ਪੁਤ ਪੋਤ੍ਰੇ ਪੁਨ ਆਪ ਕੁਹਾਏ।੩੪।
ਪੰਥ ਬਧਾਵਨ ਖਾਤਰ ਤਾਈਂ। ਇਮ ਅਪਨੀ ਗੁਰ ਕੁਲੀ ਗਵਾਈ।
ਉਸਕੇ ਪੰਥੀ ਹਮੈਂ ਸਦਾਏਂ। ਹਮ ਕਰਨੇ ਤੇ ਕਿਮ ਨਠ ਜਾਏਂ।੩੫।

ਦੋਹਰਾ: ਪੰਥ ਰਾਖਨ ਕੇ ਕਾਰਨੇ ਏਤੇ ਕੀਏ ਉਪਾਇ।
ਦੁੱਖ ਸਹੇ ਨਿਜ ਸੁਤ ਦਏ ਸਿਰ ਤੁਰਕਨ ਦਏ ਲਾਇ।੩੬।

ਚੌਪਈ: ਜੋ ਸਤਿਗੁਰ ਥੀ ਮੁਖ ਤੇ ਕਹੀ। ਸੋ ਸਿਰ ਦੈ ਗੁਰ ਲਾਜ ਨਿਬਹੀ।
ਚੌਥੇ ਬਾਬਰ ਲਏ ਕਹਾਇ। ਉਨ ਬਚਨਨ ਭਏ ਆਪ ਬਿਕਾਇ।੩੭।
'ਜੋ ਹਿੰਦੂ ਪਤਿਸਾਹੀ ਚਹਿ ਹੈ ਕੋਈ। ਸੀਸ ਦੀਏ ਬਿਨ ਫਿਰੈ ਨ ਸੋਈ'।
ਜਬ ਤੁਰਕ ਹਿੰਦੂ ਪਰ ਪਾਵੈਂ ਭਾਰ। ਲਾਯੋ ਉਨ ਸਿਰ ਸੀਸ ਉਤਾਰ।੩੮।
ਸ੍ਰੀ ਗੁਰੂ ਅੰਗਦ ਕੋ ਕਹਿ ਗਏ। ਅੰਗਦ ਜੀ ਅਮਰਦਾਸ ਸਮਝਏ।
ਅਮਰਦਾਸ ਰਾਮਦਾਸੈ ਕਹਜੋ। ਸ੍ਰੀ ਅਰਜਨ ਸਿਰ ਉਪਰ ਸਹਜੋ।੩੯।
ਹਰਿਗੋਬਿੰਦ ਔ ਸ੍ਰੀ ਹਰਿਰਾਇ। ਬਨੀ ਨ ਬਿਧ ਵਹਿ ਰਹੇ ਤਕਾਇ।
ਹਰੀਕ੍ਰਿਸ਼ਨ ਫੜੇ ਦਿੱਲੀ ਗਏ। ਤੁਰਕਨ ਬਦੀ ਲਗਾਵਤ ਭਏ।੪੦।

ਦੋਹਰਾ: ਸ੍ਰੀ ਤੇਗ ਬਹਾਦਰ ਸਿਰ ਧਰੇ ਗੁਰ ਨਾਨਕ ਬਚਨ ਬਿਚਾਰ।
ਆਪ ਜਾਇ ਦਿੱਲੀ ਖਈ ਤੁਰਕਨ ਤੇ ਤਲਵਾਰ।੪੧।

ਚੌਪਈ: ਤਿਮ ਸਤਿਗੁਰ ਗੋਬਿੰਦ ਸਿੰਘ ਸੂਰੇ। ਬਚਨ ਕੀਏ ਗੁਰ ਨਾਨਕ ਪੂਰੇ।
ਸਣ ਪਰਵਾਰੇ ਦੇਹਿ ਲਵਾਈ। ਗੁਰ ਨਾਨਕ ਬਚ ਗਏ ਬਿਕਾਈ।੪੨।
ਪੁਤ੍ਰ ਚੰਡੀ ਕੀ ਭੇਟ ਚੜ੍ਹਾਏ। ਤੁਰਕਨ ਸਿਰ ਬੁਰਿਆਈ ਲਾਏ।
ਅਕੇ ਬੰਸ ਅਕੈ ਅੰਸ ਰਹਾਈ। ਏਕ ਮਯਾਨ ਛੁਰੀ ਦੋ ਨ ਸਮਾਈ।੪੩।
ਏਕ ਤਖਤ ਦੋ ਬਹੈਂ ਨ ਭੂਪ। ਕਲਜੁਗ ਭਵੈ ਨ ਦੋਇ ਅਨੂਪ'।
ਤਬ ਸਿੱਖਨ ਯਹ ਬਾਤ ਪੁਛਈ। 'ਕਿਮ ਗੁਰ ਸੀਸ ਲਗਾਵਨ ਠਈ'।੪੪।

ਦੋਹਰਾ: ਤਾਰੂ ਸਿੰਘ ਉਤਰ ਦਯੋ 'ਸਤਿਗੁਰ ਮੁਖੋਂ ਫੁਰਮਾਇ।
ਸੋ ਫੁਰਮਾਯੋ ਕਿਮ ਮਿਟੈ ਲਿਖਯੋ ਗਯੋ ਦਰਗਾਹਿ।੪੫।
ਸਿੱਖਨ ਕਾਰਨ ਸਤਿਗੁਰੂ ਦੀਨੇ ਸੀਸ ਲਗਾਇ।
ਸੋ ਸਿਖ ਹਮ ਉਸ ਗੁਰੂ ਕੇ ਕਿਮ ਰਾਖੈਂ ਸੀਸ ਬਚਾਇ'।੪੬।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਸੰਗਤ ਸੁਨ ਅਚਰਜ ਭਈ। 'ਕੌਨ ਵਖਤ ਗੁਰ ਗਏ ਬਿਕਈ!
ਕੌਨ ਓੜਕ ਗੁਰ ਨਾਨਕ ਆਈ। ਕਰ ਕਿਰਪਾ ਵਹ ਦੇਹੁ ਸੁਨਾਈ।੪੭।
ਕਿਸੈ ਵਸਤੁ ਕੀ ਨਹਿੰ ਥੁੜ ਲੋੜ। ਤਜੀ ਪਤਿਸ਼ਾਹੀ ਉਨੈਂ ਕਰੋੜ!
ਰਿੱਧ ਸਿੱਧ ਸਭ ਹਾਜ਼ਰ ਰਹੈਂ। ਮੁਖ ਮੈਂ ਸਦਾ ਸੁਰੱਮਤੀ ਬਹੈ।੪੮।
ਅਕਾਲ ਪੁਰਖ ਆਪ ਕਰੇ ਸਹਾਇ। ਅੰਨ ਦੇਵ ਆਪ ਲੰਗਰ ਵ੍ਤਾਇ।
ਭਯੋ ਭੰਡਾਰੀ ਕੁਬੇਰ ਸੁ ਆਈ। ਸੁਰਤਰੁ ਸੁਰਸਰਿ ਭੀ ਰਹੇ ਸਦਾਈ[1]'।੪੯।
ਤਬ ਤਾਰੂ ਸਿੰਘ ਉੱਤਰ ਕਹੈ। 'ਅਪਨੀ ਗਤਿ ਗੁਰ ਆਪੇ ਲਹੈ!
ਨਹੀਂ ਅੰਤ ਕਿਛੁ ਪਾਯਾ ਜਾਇ। ਉਨਕੇ ਭੇਦ ਹੈਂ ਉਨ ਹੀ ਪਾਹਿ'!੫੦।

ਸਾਖੀ ਬਾਬਰ ਕੀ ਤੁਰੀ

੧੩੮. [ਬਾਬਰ ਦੇ ਹਿੰਦ ਵਿਚ ਆਉਣ ਦਾ ਕਾਰਨ]

ਦੋਹਰਾ: ਜਿਮ ਭਸਮੰਤਰ ਕੋ ਸ਼ਿਵਹਿ ਮਨ ਚਿਤ ਕਰ ਬਰ ਦੀਨ।
ਤਿਮ ਸਤਿਗੁਰ ਬਰ ਬਾਬਰੈ ਦਯੋ ਬੇਪਰਵਾਹੀ ਕੀਨ!੧।

ਚੌਪਈ: ਸੁਨੋ ਸੰਤ ਤੁਮ ਗੁਰੂ ਪਿਆਰੇ। ਮੁਖੋਂ ਆਖ ਗੁਰ ਦੁਖ ਸਹੇ ਭਾਰੇ।
ਬਚਨ ਕਢੇ ਮੁਖ ਪਰ ਗਏ ਪਾਰਨ। ਗੁਰ ਦੁਖ ਸਹੇ ਸਿੱਖਨ ਕੇ ਕਾਰਨ।੨।
ਜਬ ਸ੍ਰੀ ਨਾਨਕ ਲਯੋ ਔਤਾਰ। ਸਿੱਖ ਕੀਏ ਗੁਰ ਬਹੁਤ ਨਿਹਾਰ।
ਜਿਨ ਸੇਵਾ ਕਛੁ ਤੁੱਛਹਿ ਕਰੀ। ਬਹੁਤ ਲਾਭ ਉਨ ਪਾਯੋ ਘਰੀ।੩।
ਸੁੱਧ ਚਿੱਤ ਜਿਨ ਦਰਸ਼ਨ ਕੀਯੋ। ਉਸ ਨੇ ਬੀ ਫਲ ਬਾਂਛਤ ਲੀਯੋ!
ਘਰ ਬੈਠੇ ਜਿਨ ਮਨਹਿ ਧਿਆਯਾ। ਉਨ ਭੀ ਮਨ ਬਾਂਛਤ ਫਲ ਪਾਯਾ।੪।

ਦੋਹਰਾ: ਮਨ ਇੱਛੇ ਸਭ ਫਲ ਲਹੇ ਜੋ ਕੋ ਚਿਤਵਤ ਆਇ।
ਸਤਿਗੁਰ ਕੇ ਪਰਤਾਪ ਤੇ ਖਾਲੀ ਨਹਿੰ ਕੋ ਜਾਇ।੫।

ਚੌਪਈ: ਤਲਵੰਡੀ ਰਾਇ ਭੋਇ ਕੀ ਭਯੋ। ਤਹਾਂ ਜਨਮ ਗੁਰ ਨਾਨਕ ਲਯੋ।
ਹੋਤ ਬਾਲਕ ਉਨ ਦਰਸ ਕਰ ਲਯੋ। ਤਿਸ ਤੇ ਵਜ਼ੀਰ ਦਿਲੀ ਕੋ ਭਯੋ।੬।
ਉਨ ਭੀ ਥੇ ਕਛੁ ਸਤਿਗੁਰ ਜਾਣੇ! ਸੋ ਦਿੱਲੀ ਮੰਡੀ ਭੋਇ ਰਾਣੇ।
ਔ ਲੋਦੀ ਦੌਲਤ ਖਾਂ ਪਠਾਣ। ਫੌਜਦਾਰ ਥੋ ਪੁਰ ਸੁਲਤਾਨ।੭।
ਉਸ ਕੇ ਮੋਦੀ ਸਤਿਗੁਰ ਭਏ। ਕਲਾ ਧਾਰ ਉਸ ਨੇ ਰਖ ਲਏ।
ਤਿਸ ਕੇ ਘਰ ਥੀ ਦੋਇ ਪਠਾਣੀ। ਖਿਨਾ ਪੁਤ੍ਰ ਤੇ ਭਈ ਸਿਆਣੀ।੮!

ਦੋਹਰਾ: ਉਨ ਮਹਿਮਾ ਸਤਿਗੁਰ ਸੁਣੀ ਆਈਂ ਦਰਸ ਹਜ਼ੂਰ।
ਦੁਇ ਦੁਇ ਪੁਤਰ ਉਨ ਮਿਲੇ ਉਨ ਥੀ ਯਹੀ ਜ਼ਰੂਰ[2]।੯।

੧. ਪ:-ਕਲਪ ਬ੍ਰਿਛ ਘਰ ਕਾਮਧੇਨ ਗਾਈ।
੨. ਉਨ੍ਹਾਂ ਨੂੰ ਇਹੋ ਲੋੜ ਸੀ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਗ਼ਜ਼ੀਂ ਖਾਂ, ਗਜ ਮਸਤ ਸੁ ਖਾਨ। ਮੀਰ ਖਾਨ, ਖਾਨ ਜੌਲ ਪਠਾਨ।
ਭਏ ਪੱਠੇ ਵੈ ਚਾਰੋਂ ਭਾਈ। ਉਨ ਦਿਲੀ ਜਾਇ ਨਵਾਬੀ ਪਾਈ।੧੦।
ਹੁਤੀ ਪਤਸ਼ਾਹੀ ਲੋਦੀ ਪਠਾਣਾ। ਨਾਮ ਸਿਕੰਦਰ ਸ਼ਾਹੀ ਸੀ ਕਾਣਾ।
ਸੋਊ ਮੂਓ ਸੁਤ ਬੈਰਮ ਖਾਂ ਰਹਜੋ। ਦਿੱਲੀ ਤਖਤ ਉਤੇ ਸੋ ਬਹਜੋ।੧੧।
ਹੁਤੋ ਖੇਲਤੋ ਲੜਕਨ ਨਾਲ। ਸੂਬੇ ਕੀਨੇ ਸੋਈ ਬਾਲ।
ਸੋ ਬੰਦੁਬਸਤ ਨ ਉਨ ਤੇ ਭਏ। ਪਰ ਉਨ ਸੂਬਨ ਪਰ ਬਦੀ ਲਗਏ।੧੨।
ਸ਼ਾਹ ਬੈਰਮ ਤਬ ਭਯੋ ਹੰਕਾਰੇ। ਪੁਰਾਤਨ ਸੂਬੇ ਉਨ ਬਹੁ ਮਾਰੇ।
ਮੀਰ ਜੌਲ ਦੁਇ ਕੰਧ ਚਿਣਾਏ। ਗਜਮਸਤ ਗਾਜੀ ਦੁਇ ਤੇਗੀਂ ਘਾਏ।

ਦੋਹਰਾ: ਯੌਂ ਲਖ ਭੋਏ ਮਤ ਦਈ 'ਤੈਂ ਕਰੀ ਨ ਅੱਛੀ ਬਾਤ।
ਬਿਨਾਂ ਪੁਰਾਤਨ ਸੂਰਿਆਂ ਮੁਲਖ ਨ ਸਾਂਭਜੋ ਜਾਤ'।੧੪।

ਚੌਪਈ: ਅੱਛੀ ਕਹੀ ਉਨ ਬੁਰੀ ਮਨਾਈ। ਰਾਇ ਭੋਇ ਭੀ ਦਯੋ ਮਰਾਈ।
ਉਸ ਕੀ ਕਹਵਤ ਹੈ ਜਗ ਮਾਂਹ। ਹਕੀਮ ਕਹੀ ਦਰਵੇਸ਼ੀ ਆਹਿ।੧੫।

ਪੌੜੀ: ਮੀਏਂ ਭੋਏ ਮਾਰਿਓ ਖੁਲ੍ਹ ਗਈ ਬਹਾਰੀ।
ਬਹੈਂ ਨ ਬਾਕੀ[1] ਮਜਲਸੀ ਫੂੜੀ ਬਟਵਾਰੀ।
ਅਧਮਾਣੂ ਖਾਯੋ[2] ਪਾਤਸਾਹ ਭਯੋ ਤਰਣਾਪੇ।
ਮੀਏਂ ਭੋਏ ਮਾਰਿਓ ਬੰਦ ਬਹੇ ਸੁ[3] ਜਾਪੇ।
ਮੀਏਂ ਭੋਏ ਮਾਰੀਏ ਸਭ ਡਰੀ ਕਚਹਿਰੀ।
ਜੀਵਣ ਆਸਾ ਸਭ ਮੁਕੀ ਸ਼ਾਹੁ ਮਾਨਜੋ[4] ਕਹਿਰੀ।
ਕੋ ਨੱਠਜੋ ਕੋ ਲੁਕ ਰਹਜੋ ਕੋ ਆਕੀ ਹੋਈ।
ਕਿਛੁ ਮੂਏ ਕਿਛੁ ਹਟ ਬਹੇ ਫੌਜ ਸਭ ਉਨ ਖੋਈ।੧੭।
ਹਲਕਾਰੇ ਨੂੰ ਵੈ ਕਹਿ ਮੂਏ 'ਓਇ ਪੀਊ ਪਿਆਰੇ!
ਬੇਦੋਸੇ ਮਾਰੇ ਪੁਤ ਤੂੰ ਬ੍ਰਹਮ ਖਾਂ ਹੰਕਾਰੇ।
ਨੱਠ ਕਾਬਲ ਸੁਣ ਆਵੇ ਤੋਹਿ ਭੀ ਦੇਗੁ ਮਾਰੇ।
ਤੈਥੋਂ ਸਰੇ ਤੂੰ ਨਾਂ ਟਲੀਂ ਜੇ ਅਸੀਂ ਪਿਆਰੇ।੧੮।
ਅਗੋਂ ਜਾਈ ਮਿਲ ਗੁਰ ਤਾਂ ਹੋਊਗੁ ਕਾਰੇ।
ਜੇ ਜਾਵੈਂ ਗੁਰ ਬਚਨ ਲੈ ਨਹਿੰ ਹੋਵਗੁ ਹਾਰੇ।
ਹੈ ਸਭ ਜਾਨੀ ਜਾਣ ਗੁਰ ਜਾ ਕਰੀਂ ਪੁਕਾਰੇ।
ਦਿੱਤੇ ਜੋ ਫਰਜ਼ੰਦ ਤੈਂ, ਕਹੀਂ, ਤੇ ਉਨ ਮਾਰੇ।੧੯।
ਯੋ ਸੁਨ ਦੌਲਤ ਨਠ ਤੁਰਜੋ ਵੈ ਛਡ ਲੁਧਿਆਨਾ।
ਰਾਹ ਪੁਛਜੋ ਇਮਨਾਬਾਦ ਕੋ ਵਾਂਗੂ ਕਾਸਦ ਧਾਣਾ।
ਰਾਤ ਦਿਵਸ ਉਠ ਦੌੜਿਆ ਕਰ ਕਾਲਾ ਬਾਣਾ।
ਉਸੈ ਵਿਹਾਵੈ ਤੁਰਨ ਕੋ ਨਹਿ ਸੁੱਝੈ ਖਾਣਾ।੨੦।

---

੧. ਪਾ:-ਮਹਿਰੇ। ੨. ਪਾ:-ਖਾਣੇ। ੩. ਪਾ:- ਤੋ। ੪. ਪਾ:-ਜਾਣਜੋ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਜਹਿਂ ਸ੍ਰੀ ਸਤਿਗੁਰ ਤਪ ਕਰਤ ਊਪਰ ਬੈਠੇ ਰੋੜ।
ਤ੍ਰਾਹਿ ਤ੍ਰਾਹਿ ਕਹਿ ਕਰ ਗਿਰਜੋ ਊਪਰ ਚਰਨਨ ਦੌੜ।੨੧।

ਚੌਪਈ: ਥੇ ਸਤਿਗੁਰ ਸਭ ਜਾਣੀ ਜਾਣ। ਉਸ ਕਾ ਰਖਣੇ ਖਾਤਰ ਮਾਣ।
ਸਤਿਗੁਰ ਬਾਤ ਸਭੇ ਸੁਨ ਲਈ। ਸਭੋ ਹਕੀਕਤ ਦੌਲਤ ਕਹੀ।੨੨।
ਸੋ ਸੁਨ ਸਤਿਗੁਰ ਚੁਪ ਹ੍ਵੈ ਰਹਜੋ। ਸ਼ਿਤਾਬੀ ਉੱਤਰ ਨਾਹਿਨ ਦਯੋ।
ਤਬ ਦੌਲਤ ਫਿਰ ਮਿੰਨਤ ਕਰੀ। ਸਿਰੋਂ ਲਾਹਿ ਪਗ ਚਰਨਨ ਧਰੀ।੨੩।
'ਮੈਂ ਸ਼ਰਨੀ ਤਵ ਪਰਿਓ ਆਇ। ਭਾਵੈਂ ਮਾਰੋ ਭਾਵੈਂ ਜਿਵਾਇ।
ਬੈਰਨ ਮਾਰੇ ਸਿਖ ਤੁਹਾਰੇ। ਤੁਮਰੇ ਆਗੇ ਹਮੈਂ ਪੁਕਾਰੇ।੨੪।
ਤੁਮ ਕੋ ਹੈ ਸਿੱਖਨ ਕੀ ਲਾਜ। ਪਠਾਣ ਉਠਾਵੈਂ ਹਿੰਦੁਨ ਰਾਜ।
ਪਠਾਣ ਭਯੋ ਹੈ ਆਦਮ ਖਾਣਾ। ਦੂਰ ਕਰੋ ਪਤਿਸ਼ਾਹੀ ਪਠਾਣਾ।੨੫।

ਦੋਹਰਾ: ਕਰੋ ਪਤਿਸ਼ਾਹੀ ਆਪ ਤੁਮ ਕੈ ਪੁਤ ਅਪਨੇ ਦੇਹੁ।
ਬਡੀ ਪਤਿਸ਼ਾਹੀ ਹਿੰਦ ਕੀ ਘਰ ਅਪਨੇ ਰਖ ਲੇਹੁ'।੨੬।

ਸਤਿਗੁਰ ਕਹੀ 'ਸੁਨ ਦੌਲਤਾ! ਪਤਿਸ਼ਾਹੀ ਅਸਾਂ ਨ ਲੋੜ।
ਕਜਾ ਪਤਿਸ਼ਾਹੀ ਹਿੰਦ ਕੀ ਅਸਾਂ ਤਜੀ ਸੁ ਲਾਖ ਕਰੋੜ।੨੭।

ਚੌਪਈ: ਹਮ ਪਤਿਸ਼ਾਹੀ ਦੇਵਨ ਕਾਜ। ਭੇਜਜੋ ਕਲਜੁਗ ਆਪ ਮਹਾਰਾਜ।
ਅਸੀਂ ਜਾਣੇ ਬਹੁ ਯਾ ਮੈਂ ਦੁਖ। ਹਰ ਕੀ ਭਗਤ ਮਾਂਹਿ ਬਹੁ ਸੁੱਖ।੨੮।

ਪੌੜੀ: ਸੋ ਪਤਿਸ਼ਾਹੀ ਤੁਮ ਕਹੈਂ ਕਿਆ ਅਬ ਮੈਂ ਲੇਊਂ।
ਪਹਿਲੇ ਛੋਡੀ ਫਿਰ ਲਈ ਜਗ ਚਟਕ ਲਗੇਊਂ'।
ਯੌਂ ਸੁਨ ਅਸ ਦੌਲਤ ਮਿਟੀ 'ਗੁਰ ਲੇਹਿਂ ਨ ਖਾਸਾ'।
ਬਾਰੰ ਬਾਰਹ ਕਹਨ ਕੀ ਤਜ ਦੀਨੀ ਆਸਾ।੨੯।

ਦੋਹਰਾ: ਤੌ ਦੌਲਤ ਖਾਂ ਯੌ ਕਹਜੋ 'ਜੌ ਆਪ ਨ ਸ਼ਾਹੀ ਲੇਹੁ।
ਤੌ ਲੀਜੈ ਖੋਸ ਪਠਾਣ ਤੇ ਮੁਗਲਨ ਕੋ ਹੀ ਦੇਹੁ'।੩੦।

ਸੋਰਠਾ: 'ਮੈਂ ਤੇ ਬਚਨ ਕਰਾਹਿ ਬਖਸ਼ਾਵੈਂ ਸ਼ਾਹੀ ਮੁਗਲ।
ਫੇਰ ਸੁ ਤੂੰ ਪਛੁਤਾਹਿਂ ਨਾਂਹ ਪਠਾਨਨ ਕੌ ਲਭੈ'।੩੧।

ਚੌਪਈ: ਤਬ ਦੌਲਤ ਯੋ ਹੀ ਮੰਨ ਲਯੋ। 'ਹਿੰਦੂ ਪਠਾਣਨ ਫੇਰ ਨ ਦਯੋ।
ਪਠਾਣਨ ਤੇ ਅਬ ਜ਼ਾਇ ਪਤਿਸ਼ਾਹੀ। ਭਾਵੈਂ ਫੇਰ ਸੁ ਆਵੈ ਨਾਹੀਂ।੩੨।
ਮੇਰੇ ਮਨ ਮੈਂ ਯਾਹੀ ਚਾਹ। ਮੋ ਸਿਖ ਜਾਣੌਂ ਦੇਹੁ ਪੁਜਾਇ'।
ਸਤਿਗੁਰ ਕਹਜੋ 'ਯੌਂ ਹੀ ਹੋ ਜਾਇ। ਪਛੁਤਾਵੇਂਗਾ ਤੂੰ ਫਿਰ ਆਇ।੩੩।
ਸੋ ਤੂੰ ਤੁਰ ਚਲ ਕਾਬਲ ਰਾਹਿ। ਬਾਬਰ ਕੋ ਲੇ ਆਉ ਚੜ੍ਹਾਇ।
ਜੋ ਉਸ ਕੋ ਹੈ ਹਿੰਦ ਕੀ ਚਾਹਿ। ਅਸਾਂ ਨਾਲ ਬਾਤ ਕਰੇ ਸੁ ਆਇ।੩੪।

Sri Satguru Jagjit Singh Ji eLibrary NamdhariElibrary@gmail.com

ਜੇ ਹਮ ਸੋਂ ਵਟ ਕਰੈ ਨ ਮੀਜਾ। ਉਸ ਪਰ ਔਰ ਚੜ੍ਹਾਵੋਂ ਤੀਜਾ'।
ਯੌਂ ਸੁਨ ਦੌਲਤ ਬਹੁ ਖੁਸ਼ ਭਯੋ। ਜੈਸੇ ਖੁਸ਼ੀ ਹੋਤ ਸੁਤ ਜਯੋ।੩੫।

ਦੋਹਰਾ: ਜਿਸ ਦਿਨ ਦੁਸ਼ਮਨ ਸਰ ਹੋਵੈ ਅਰ ਪਰੈ ਦੁਕਾਲੈ ਮੀਂਹ।
ਨਿਪੁਤ੍ਰੇ ਪੁਤ੍ਰ ਹੋਇ ਜਿਮ ਤਿਮ ਦੌਲਤ ਚਿਤ ਸੀਤਲੀਹ।੩੬।

ਚੌਪਈ: ਤਬ ਦੌਲਤ ਕਾਬਲ ਰਾਹ ਪਰਜੋ। ਭੇਖ ਫਕੀਰੀ ਕਰ ਰਾਹੁ ਤੁਰਜੋ।
ਥੇ ਰਾਹੁ ਰੁਕਾਏ ਬ੍ਰਹਮੇਂ ਸ਼ਾਹਿ। ਦੌਲਤ ਪੁਜੈ ਨ ਕਾਬਲ ਰਾਹਿ।੩੭।
ਛਡ ਵੈ ਰਾਹਿ ਅਵਰ ਰਾਹਿ ਪਰਜੋ। ਰਾਹੁ ਕੁਰਾਹੇ ਕਾਬਲ ਬਰਜੋ।
ਊਹਾਂ ਭੇਸ ਪੁਨ ਅਪਨੋ ਕਰਜੋ। ਜਾਇ ਦੇਸ਼ ਬਾਬਰ ਕੇ ਵਰਜੋ।੩੮।
ਤਿਹ ਬਾਬਰ ਸੋਂ ਮਿਲਨ ਨ ਹੋਈ। ਸਤਿਗੁਰ ਓਨ ਧਿਆਏ ਤੋਈ।
ਤੁਰਤ ਬਾਬਰ ਸੋਂ ਮਿਲਨੋ ਭਯੋ। ਜਬ ਸਤਿਗੁਰ ਕੋ ਧਜਾਵਤ ਭਯੋ।੩੯।
ਹਿੰਦ ਹਵਾਲ ਉਨ ਸਭ ਸੁਨ ਲਯੋ। ਦੌਲਤ ਖਾਂ ਕੋ ਆਦਰ ਕਯੋ।
ਦੌਲਤ ਦਿੱਲੀ ਭੇਤ ਬਤਾਯੋ। ਫੌਜ ਜੋਰ ਕਰ ਗਿਣੌਂ ਮੁਨਾਯੋ।੪੦।
'ਸੂਬੇ ਅਗਲੇ ਦਏ ਮ੍ਰਵਾਇ। ਨਏ ਬਾਲਕ ਦਏ ਸੂਬੇ ਠਰ੍ਹਾਇ।
ਉਨ ਤੇ ਬੰਦੋਬਸਤ ਨ ਹੋਇ। ਬਦੀ ਲਗਾਵਨ ਅਗਲਨ ਸੋਇ।੪੧।

ਦੋਹਰਾ: ਦੀਨੈ ਉਨ ਵਡ ਮਾਰ ਸਭ ਸੂਬੇ ਔਰ ਬਜੀਰ।
ਬਾਲਕ ਮੂੜ੍ਹ ਗਵਾਰ ਜੋ ਜੇਤੇ ਕੀਏ ਅਮੀਰ।੪੨।

ਚੌਪਈ: ਜੋ ਕੋ ਬਚਿਓ ਹੈ ਅਬ ਤਾਈਂ। ਤਾਂਕੋ ਆਸਾ ਜੀਵਨ ਨਾਹੀਂ।
ਕਿਯ ਰਜਵਾਰੇ ਸਭ ਦਿਲਗੀਰ। ਮ੍ਰਹੱਟੇ ਦੱਖਣੀ ਕੀਏ ਤਗੀਰ।੪੩।
ਉਸ ਪੈ ਥੋ ਇਥ ਭੋਵੇ ਪ੍ਰਧਾਨ। ਅਕਲ ਦਾਰ ਥੋ ਬਡੋ ਸੁਜਾਨ।
ਜਬ ਦੇਖੇ ਉਨ ਮਰੇ ਅਮੀਰ। ਹੋਤ ਕੰਮ ਉਨ ਲਖਜੋ ਤਗੀਰ।੪੪।
ਉਸੈ ਭਲੇ ਕੀ ਆਖੀ ਬਾਤ। ਬਡੇ ਕੰਮ ਨਹਿਂ ਛੋਟੇ ਕਰਾਤ।
ਮਾਰੇ ਬਡੇ ਚਹਿਯ ਨ ਸੂਰੇ। ਛੋਟੇ ਕਰੈਂ ਨ ਬਡੇ ਕੰਮ ਪੂਰੇ।੪੫।

ਸਾਖ ਸਤਿਸਯੇ ਕਾ--

ਦੋਹਰਾ: ਕੈਸੇ ਛੋਟੇ ਨਰਨ ਤੈ ਸਰੇ ਬਡਨ ਕੋ ਕਾਮ।
ਮੜ੍ਹਜੋ ਦਮਾਮੋ ਜਾਤ ਕਬ ਸੌ ਚੂਹੇ ਕੇ ਚਾਮ।੪੬।

ਚੌਪਈ: ਯੌਂ ਸੁਨ ਭੋਯੋ ਮਾਰ ਗਵਾਏ। ਅਪਨੇ ਖੈਰ ਖਾਹੀ ਉਨ ਘਾਏ।
ਬਿਨ ਤਕਸੀਰ ਉਨ ਮਾਰਜੋ ਭੋਆ। ਹੈ ਹੈ ਕਾਰ ਜਗਤ ਬਹੁ ਹੋਆ।੪੭।

ਦੋਹਰਾ: ਤਬ ਦੌਲਤ ਕੀ ਬਾਤ ਸੁਨ ਬਾਬਰ ਭਯੋ ਤਿਆਰ।
ਬਜੀਰ ਮੁ ਰੋਕਜੋ ਫਿਰ ਉਸੈ ਕਰਿਕੈ ਯਹ ਬੀਚਾਰ।੪੮।

Sri Satguru Jagjit Singh Ji eLibrary NamdhariElibrary@gmail.com

ਸਾਖੀ ਸਤਿਗੁਰ ਕੇ ਪ੍ਰਸੰਗ ਕੀ

੧੩੯. [ਬਾਬਰ ਨੂੰ ਪਾਤਸ਼ਾਹੀ ਗੁਰੂ ਜੀ ਨੇ ਦਿੱਤੀ]

ਚੌਪਈ: *'ਹਿੰਦੁਸਤਾਨ ਹੈ ਪੀਰਨ ਪੂਰੋ। ਕਰੈਂ ਮੱਦਤ ਵੈ ਸ਼ਾਹਿ ਜਰੂਰੋ।
ਸੋ ਹਮ ਤੈ ਕਬ ਜੀਤਜੋ ਜਾਇ। ਕਰੈਂ ਪੀਰ ਜਿਹ ਆਪ ਸਹਾਇ।੧।
ਹਿੰਦੂ ਪੀਰ ਇਕ ਹਿੰਦ ਮੈਂ ਭਯੋ। ਸਭ ਪੀਰਨ ਕੀ ਪੀਰੀ ਲੈ ਗਯੋ।
ਉਸ ਸੋਂ ਪੂਰੋ ਕੋਈ ਨ ਭਯੋ। ਜੋਊ ਅੜਿਓ ਸੋਊ ਹਰ ਗਯੋ।੨।
ਹਿੰਦੂ ਔਰ ਸੁ ਮੁਸਲਮਾਨ। ਉਨ ਦੋਨੋ ਲਏ ਇਕ ਸੇ ਜਾਨ।
ਉਸ ਕੀ ਸੇਵਾ ਦੋਨੋਂ ਕਰੈਂ। ਲੇਨਿ ਮੁਰਾਦਾਂ ਦੋਨੋਂ ਖਰੇ।੩।
ਕਰਾਮਾਤ ਮੈਂ ਹੈ ਬਡ ਪੂਰਾ। ਜਨੁ ਖੁਦਾਇ ਦੇ ਰਹੈ ਹਜੂਰਾ।
ਹਮ ਨੇ ਉਸਕੀ ਬਾਤ ਪ੍ਰਤਾਈ। ਜੋ ਉਨ ਕਹੀ ਸੁ ਸਾਚੀ ਭਾਈ।੪।

ਦੋਹਰਾ: ਜੋ ਚਾਹੋ ਤੁਮ ਹਿੰਦ ਲਈ ਤੌ ਉਸ ਪ੍ਰਵਾਨਗੀ ਲੇਹੁ।
ਬਿਨ ਪ੍ਰਵਾਨਗੀ ਉਸੈ ਤੇ ਆਗੇ ਪੈਰ ਨ ਦੇਹੁ'।੫।

ਚੌਪਈ: ਤਬ ਦੌਲਤ ਸੁਨ ਬੋਲਤ ਭਯੋ। 'ਹਮ ਨੇ ਵਹੈ ਪੀਰ ਕਰ ਲਯੋ।
ਉਸ ਪ੍ਰਵਾਨਗੀ ਤੇ ਹਮ ਆਏ। ਤੁਮ ਭੀ ਪ੍ਰਵਾਨਗੀ ਉਸ ਕੀ ਚਾਹੇ।੬।
ਹਮ ਆਏ ਉਸ ਬਚਨ ਕਰਾਇ। ਪਠਾਣਨ ਸ਼ਾਹੀ ਮੈਂ ਅਯੋ ਗੁਵਾਇ।
ਮੈਂ ਆਯੋ ਮੁਗਲਨ ਬਖਸ਼ਾਇ। ਤਬ ਪਰਿਓ ਥੋ ਕਾਬਲ ਰਾਹਿ'।੭।
ਤੌ ਬਾਬਰ ਮੁਖ ਬਚਨ ਉਚਾਰੋ। 'ਉਹ ਕਜਾ ਸ਼ਾਹੀ ਦੇਵਨ ਵਾਰੋ।
ਸ਼ਾਹੀ ਦੇਵੈ ਹਮਹਿ ਰਸੂਲ। ਦਰਗਹ ਜਾਂਕੀ ਬਖਸ਼ ਕਬੂਲ।੮।
ਰਸੂਲ ਹਮਾਰੋ ਸ਼ਰੀਕ ਖੁਦਾਇ। ਜੌ ਚਾਹੇ ਸੋ ਲਏ ਕਰਾਇ।
ਅਬ ਹਮ ਉਸਕੇ ਦੇਖੋਂ ਜਾਇੰ। ਕਛੁ ਮਨ ਹਮ ਵੈ ਦੇ ਪਤਿਆਇ'।੯।

ਦੋਹਰਾ: ਤਬ ਦੌਲਤ ਖਾਂ ਬੋਲਿਆ 'ਵਹਿ ਹਿੰਦੂ ਦੋਸਤ ਖੁਦਾਇ।
ਚਲ ਕਰ ਕਰੋ ਦਿਦਾਰ ਤੁਮ ਦੇਵੈ ਮਨ ਪਤਿਆਇ'।੧੦।

ਚੌਪਈ: ਤਬ ਬਾਬਰ ਫਿਰ ਕਹੀ ਉਲਟਾਇ। 'ਜੌ ਨਹਿੰ ਹਿੰਦੂ ਮਨ ਪਤਿਆਇ।
ਤੌ ਉਸਕੋ ਹਮ ਦੇਹਿੰ ਸਜਾਇ। ਮੁਸਲਮਾਨ ਕਰ ਦੇਊਂ ਗਡਾਇ।੧੧।
ਹੁਇ ਕਾਚੋ ਉਸ ਲਗੈ ਨ ਪਾਇ। ਹਮ ਤੈ ਹਿੰਦੂ ਬਹੁ ਡਰ ਪਾਹਿੰ।
ਜਰੂਰ ਜਰੂਰ ਹੀ ਵਹਿ ਨਠ ਜਾਇ। ਉਪਰ ਪਹਾੜ ਜਾਊਂਗੁ ਲੁਕਾਇ।੧੨।
ਜੌ ਪੱਕੋ ਹੋਇ ਰਹੈ ਅਚੱਲ। ਜੌ ਕੱਚੇ ਹ੍ਵੈ ਜਾਉ ਚੱਲ।
ਲੇਹਿੰ ਦੇਖ ਹਮ ਪੱਕੋ ਕੱਚੋ! ਆਹਿ ਝੂਠ ਕੈ ਆਹਿ ਸੁ ਸੱਚੋ'।੧੩।

---

* ਵਜ਼ੀਰ ਕਹਿੰਦਾ ਹੈ

Sri Satguru Jagjit Singh Ji eLibrary NamdhariElibrary@gmail.com

ਸੋਰਠਾ: ਆਗੇ ਦੌਲਤ ਲਾਇ ਬਾਬਰ ਚੜ੍ਹਜੋ ਸੁ ਹਿੰਦ ਕੋ।
ਸਤਿਗੁਰ ਰਬਾਬ ਬਜਾਇ ਮੁਖ ਤੈ ਸਬਦ ਉਚਾਰਿਓ।੧੪।

ਸਬਦ: "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥"
(ਆਸਾ ਮ:੧-੩੬੦)

ਚੌਪਈ: ਅੱਗੇ ਦੌਲਤ ਖਾਨ ਬੁਲਾਯਾ। ਮੁਲਖ ਅਮਾਨੀ ਰਖਤਾ ਆਯਾ।
ਪਠਾਣਨ ਕੋ ਇਕ ਮਾਰਯੋ ਗ੍ਰਾਂਮ। ਸੈਦ ਪੁਰੋ ਥੋ ਤਿਸ ਕੋ ਨਾਮ।੧੫।
ਕਿਛ ਤਕਸੀਰ ਸਤਿਗੁਰ ਕੀ ਕਈ। ਤਬ ਉਨਕੀ ਗਤ ਵੈਸੀ ਭਈ।
ਦੌਲਤ ਖਾਂ ਤਬ ਬਾਬਰ ਬੁਲਾਯਾ। ਹੁਕਮ ਤਾਸ ਕੋ ਯੌ ਫੁਰਮਾਯਾ[1]।੧੬।
ਪੰਜਾਬ ਮੁਲਖ ਨਾਨਕ ਕੋ ਆਯਾ। ਇਮਨਾਬਾਦ ਢਿਗ ਹੁਤੋ ਬਤਾਯਾ।
ਗਿਲਜਨ ਤੇ ਵਹ ਮੰਨ ਕਰ ਡਰ। ਸੋ ਨਠ ਗਯੋ ਕਿ ਰਹਿਓ ਘਰ?।੧੭।
ਜੋ ਨਠ ਗਯੋ ਤੌ ਫੇਰ ਲਿਆਵੋ। ਹਮ ਸੌਂ ਬਾਤਾਂ ਆਨ ਕਰਾਵੋ।
ਹਮ ਉਸ ਸੌਂ ਕਰੈਂ ਨ ਖੋਟੀ ਕੋਈ। ਦੇਊਂ ਜਗੀਰ ਜੋ ਚਾਹੈ ਓਈ'।੧੮।
ਸੋ ਮੂਰਖ ਉਨ ਲਖੀ ਨ ਬਾਤ। ਸਤਿਗੁਰ ਡਰ ਕਥ ਕਿਸ ਤੇ ਜਾਤ।
ਕਰਤਾ ਹਰਤਾ ਆਪੇ ਓਈ। ਉਸ ਕੇ ਡਰ ਤੇ ਜਗ ਸੁਖ ਹੋਈ।੧੯।

ਦੋਹਰਾ: ਜਹਿਂ ਸਤਿਗੁਰ ਥੇ ਤਪ ਕਰਤ ਊਪਰ ਰੋੜੀ ਥਾਇ।
ਭੂਮ ਚਲੈ ਗਿਰਵਰ ਚਲੈ ਤਪ ਗੁਰ ਅਚਲ ਰਹਾਇ।੨੦।

ਚੌਪਈ: ਤਬ ਦੌਲਤ ਕੋ ਸ਼ਾਹਿ ਫੁਰਮਾਯਾ। ਤੁਰਤ ਦੌਲਤ ਵਲ ਗੁਰ ਕੀ ਧਾਯਾ।
ਜਬ ਜਾਗਾ ਗੁਰ ਨਜ਼ਰ ਸੁ ਆਈ। ਉਤਰ ਘੋੜਿਓਂ ਪਗ ਕਰੀ ਧਾਈ।੨੧।
ਦੂਰੋਂ ਕੁਰਨਸ[2] ਕਰਤਾ ਆਯਾ। ਚਰਨੀਂ ਮੱਥਾ ਗੁਰ ਕੀ ਲਾਯਾ।
ਬਾਰ ਬਹੁਤ ਲੌ ਰਹਜੋ ਟਿਕਾਈ। ਸਤਿਗੁਰ ਕਹਜੋ 'ਅਬ ਲੇਹੁ ਉਠਾਈ'।
ਸਤਿਗੁਰ ਥੇ ਸਭ ਜਾਣੀ ਜਾਣ। ਪੁਛ ਦੌਲਤ ਗੁਰ ਰਾਖਜੋ ਮਾਣ।
ਬਾਬਰ ਕੋ ਸਭ ਜ਼ਿਕਰ ਸੁਣਾਯਾ। 'ਤੁਮ ਪੈ ਬਾਬਰ ਚਾਹਤ ਆਯਾ'।੨੩।
ਸਤਿਗੁਰ ਕਹਜੋ 'ਹਮ ਊਹਾਂ ਜਾਵੈਂ। ਈਹਾਂ ਲੋਕ ਉਸ ਲਜਾਇ ਸਤਾਵੈਂ।
ਹਮ ਆਪੇ ਦੇਖੈਂ ਉਸ ਚੱਲ। ਬਾਬਰ ਚਹੈ ਜੁ ਕਹਨੀ ਗੱਲ'।੨੪।

ਦੋਹਰਾ: ਜਹਿਂ ਡੇਰਾ ਬਾਬਰ ਕੀਆ ਸਤਿਗੁਰ ਪਹੁੰਚੇ ਜਾਇ।
ਮਰਦਾਨੇ ਕੋ ਗੁਰ ਕਹਜਾ ਸੁਰ ਕਰ ਰਬਾਬ ਬਜਾਇ।੨੫।

ਚੌਪਈ: ਜਬ ਮਰਦਾਨੇ ਰਬਾਬ ਬਜਾਯਾ। ਸੁਨਸੁਨ ਲਸ਼ਕਰ ਬਹੁ ਚਲ ਆਯਾ।
ਬਾਬਰ ਨੇ ਭੀ ਸੋ ਸੁਨ ਲਯੋ। 'ਨਾਨਕ ਹਮਰੇ ਲਸ਼ਕਰ ਅਯੋ'।੨੬।

---

੧ ਪਾ:- ਸੁਨਤ ਬਾਤ ਤਬ ਚਲ ਕਰ ਆਯਾ।

੨. ਕੋਰਨਿਸ਼=ਡੰਡੋਤ, ਮੱਥਾ ਟੇਕਣਾ।

Sri Satguru Jagjit Singh Ji eLibrary NamdhariElibrary@gmail.com

ਤੌ ਲੌ ਜਾਇ ਦੌਲਤ ਨੇ ਕਹੀ। ਬਾਬਰ ਦਿਲ ਕਛੁ ਨਿਹਚੋ ਭਈ।
ਤਬ ਬਾਬਰ ਅਸਵਾਰੀ ਮੰਗਾਈ। ਚਾਹਤ ਸਤਿਗੁਰ ਪਾਸ ਸੁ ਆਈ।੨੭।
ਦੌਲਤ ਕੋ ਬਾਬਰ ਪੁਛ ਲਯੋ। ਭੇਟ ਪੀਰ ਕੀ ਚਹੀਯਤ ਦਯੋ।
ਕਹੀ ਦੌਲਤ 'ਵਹ ਲੈਣ ਨ ਜੋਗ। ਜਾਤ ਉਸੈ ਪੈ ਹੈਂ ਸਭ ਲੋਗ।੨੮।
ਮੀਰੀ ਪੀਰੀ ਸਭ ਉਸ ਪਾਹਿ। ਦੇਖੋਗੇ ਤੁਮ ਨੇੜੇ ਜਾਇ'।
ਤੌ ਫਿਰ ਆਪੇ ਬੋਲਜੋ ਸ਼ਾਹਿ। 'ਖਾਲੀ ਦਸਤ ਰੂਹ ਹੈ ਸ਼ਾਹਿ।੨੯।

ਦੋਹਰਾ: ਰੀਤੇ ਹਾਥ ਨ ਜਾਈਏ ਭਿੱਛਕ ਨ੍ਰਿਪ ਗੁਰਦੇਵ।
ਉਨਕੈ ਆਗੇ ਬਿਨ ਧਰੇ ਵੈ ਫਿਰ ਅਗੋਂ ਨ ਦੇਵ'।੩੦।

ਚੌਪਈ: ਤਬ ਦੌਲਤ ਖਾਂ ਭੰਗ ਬਤਾਈ। 'ਸਤਿਗੁਰ ਆਗੇ ਧਰ ਤੁਮ ਜਾਈ'।
ਉਨ ਤਬ ਥੈਲੋ ਲੀਓ ਭਰਾਈ। ਉਤਰ ਘੋੜਿਓਂ ਭੇਟ ਚੜ੍ਹਾਈ।੩੧।
ਤਬ ਸਤਿਗੁਰ ਸ਼ਾਹਿ ਆਦਰ ਕਰਿਓ। 'ਤੁਮ ਹਮ ਪਰ ਗੁੱਸੋ ਕਿਉਂ ਕਰਿਓ।
ਹਮ ਤੁਮਰੋ ਕਛ ਰੋਕਜੋ ਨਾਹੀਂ। ਇਕ ਰੋੜੀ ਪਰ ਬੈਠੇ ਹਾਂਹੀ।੩੨।
ਜੋ ਤੂੰ ਚਲਤੋ ਚਿਤਵਤ ਆਯੋ। ਦੇਹੁ ਸਜਾ ਜੋ ਤੌ ਦਿਲ ਭਾਯੋ।
ਕੈ ਕੱਚੇ ਕੈ ਪੱਕੇ ਅਸੀਂ। ਤੂੰ ਕਰ ਲੈ ਜੋ ਤੇ ਜੀਅ ਬਸੀ।੩੩।
ਝੂਠ ਕਰੈਂ ਕੈ ਸਾਚ ਕਮਾਈ। ਨਜੀਕੈ ਦੇਖੋਂ ਤੈਂ ਕਹਜੋ ਜਾਈ।
ਸਾਚੌ ਹੋਇ ਤੁ ਕਰਿਹੋਂ ਪੀਰ। ਝੂਠੋ ਹੁਇ ਹਿੰਦੂ ਦਜੋਂ ਚੀਰ।੩੪।

ਦੋਹਰਾ: ਸਾਚ ਸੁ ਸਾਹਿਬ ਘਰ ਰਹੈ ਔਰ ਸਾਚ ਦਿਖ ਨਾਂਹਿ।
ਗੁਰੂ ਪੀਰ ਪਤਿਸ਼ਾਹਿ ਸ਼ਾਹ ਦੇਖੈ ਬਹੁ ਪਤਿਆਹਿ।੩੫।
ਕਰਾਮਾਤ ਹਮ ਤੂੰ ਦਿਖੈਂ ਸੋ ਹਮ ਦਿਖਾਵੈਂ ਨਾਂਹਿ।
ਕਰਾਮਾਤ ਮੈਂ ਕਹਿਰ ਹੈ ਸੋ ਰੱਬੋਂ ਦੂਰ ਕਰਾਇ।੩੬।

ਚੌਪਈ: ਕਰਾਮਾਤ ਹੁਇ ਜਾਂਕੇ ਪਾਹੀ। ਆਪੇ ਕਿਉਂ ਨ ਕਰੈ ਪਤਿਸ਼ਾਹੀ।
ਕਰਾਮਾਤ ਕਹੋ ਪਾਸ ਰਸੂਲ। ਖੁਦਾਇ ਮੰਨ ਜਿਸ ਕਰੈ ਕਬੂਲ।੩੭।
ਕਰਾਮਾਤ ਜੋ ਜਗਤ ਦਿਖਾਵੈ। ਜਗਤ ਲੋਕ ਤਿਸ ਬਹੁ ਸੰਤਾਵੈ।
ਨਜੀਕ ਰਹੈ ਜੋ ਕੋਊ ਖੁਦਾਇ। ਕਰਾਮਾਤ ਤੇ ਦੂਰ ਪਰਾਇ।੩੮।
ਕਰਾਮਾਤ ਤੁਮ ਦੇਖੀ ਚਹੋ। ਯਹ ਭੀ ਨਾਹੀਂ ਆਛੋ ਕਹੋ।
ਕਰਾਮਾਤ ਹੋਵੈ ਦੋਊ ਭਾਂਤ। ਕੈ ਮਿਹਰੋਂ ਕੈ ਕਹਿਰੋਂ ਹੋ ਜਾਤ।੩੯।
ਸੇਵਾ ਕਰੈ ਤੁ ਮਿਹਰ ਸੁ ਆਵੈ। ਜਿਦ ਤੇ ਚਾਹੈ ਕਹਿਰ ਸੁ ਪਾਵੈ।
ਮਿਹਰ ਕਹਿਰ ਦੋਊ ਕਰਾਮਾਤ। ਦੂਰ ਖੁਦਾ ਤੇ ਸੋ ਲੇ ਜਾਤ।੪੦।

ਦੋਹਰਾ: ਕਹਿਰ ਪਤਿਸ਼ਾਹਨ ਕਾਰ ਹੈ ਖੋਸ ਜੁ ਔਟਨ ਖਾਹਿਂ।
ਕਹਿਰ ਕਰੈ ਜੁ ਫਕੀਰ ਹੋਇ ਦੂਰ ਖੁਦਾਇ ਤੇ ਪਾਹਿ'।੪੧।

Sri Satguru Jagjit Singh Ji eLibrary NamdhariElibrary@gmail.com

ਤਬ ਬਾਬਰ ਨੇ ਸਮਝਿਆ 'ਜੋ ਮੈਂ ਚਿਤਵਤ ਆਇ।
ਹੈ ਸਭ ਜਾਨੀਂ ਜਾਣ ਯਹ ਸਭ ਹਮ ਦਯੋ ਬਤਾਇ'।੪੨।

ਚੌਪਈ: ਦੇਖ ਦਿਦਾਰ ਕੋ ਨਿਸ਼ਚਾ ਆਯਾ। 'ਨਜੀਕ ਰਹੈ ਯਹ ਸੱਚ ਖੁਦਾਯਾ।
ਖੁਦਾਇ ਯਾਹਿ ਮੈਂ ਭੇਦ ਕਛੁ ਨਾਹੀਂ। ਅਬ ਮੈਂ ਇਸ ਤੇ ਮੰਗੋਂ ਪਤਿਸ਼ਾਹੀ।੪੩।
ਕਬੂਲ ਪਰੈ ਜੋ ਇਸੈ ਦੁਵਾਇ। ਤੌ ਮੇਰੋ ਸਭ ਕੰਮ ਬਨ ਜਾਇ।
ਔ ਇਸੁ ਦੁਵਾਇ ਜਿ ਨਾਹਿੰ ਪੁਜਾਇ। ਤੌ ਹਮਰੋ ਕੁਛ ਪਲਟੋਂ ਨ ਜਾਇ।੪੪।
ਖੋਟੇ ਬਚਨ ਕਹਿ ਕਿਮ ਬਿਖ ਬੋਵੈਂ। ਮੀਠੇ ਬਚ ਕਹਿ ਕਿਮ ਨਹਿੰ ਜੋਵੈਂ।
ਤਬ ਬਾਬਰ ਆਦਿ ਦੋ ਕਰ ਜੋਰੇ। ਗਰਜ਼ ਅਪਨੀ ਮੁੱਖੋਂ ਮਿਠ ਬੋਟੇ।੪੫।
'ਆਯੋ ਮੈਂ ਤਵ ਕਦਮਾ ਪਾਸ। ਪੂਰਨ ਕੀਜੈ ਹਮਰੀ ਆਸ।
ਮੈਂ ਸੁਨਿਓਂ ਤੁਮ ਹਿੰਦੂ ਬਡ ਪੀਰ। ਤੁਮ ਪੈ ਆਇਓ ਹੋਇ ਅਧੀਰ।੪੬।

ਦੋਹਰਾ: ਜੋ ਸੁਨਿਓ ਸੋ ਦੇਖਿਓ ਤੂੰ ਪੀਰਨ ਸਿਰ ਪੀਰ।
ਤੁਮ ਦਿਦਾਰ ਕੇ ਪੇਖਨੇ ਭਯੋ ਮੇਰੋ ਮਨ ਧੀਰ।੪੭।

ਚੌਪਈ: ਜੈਸੋ ਸੁਨਿਓਂ ਤੈਸੋ ਦੇਖਯੋ। ਪੀਰਨ ਸਿਰ ਤੂੰ ਪੀਰ ਪਰੇਖਯੋ।
ਜੋ ਜੋ ਬਾਤ ਦੌਲਤ ਖਾਂ ਕਹੀ। ਮੈਂ ਅਬ ਨੈਨਨ ਦੇਖੀ ਵਹੀ।੪੮।
ਦੌਲਤ ਖਾਂ ਨੇ ਹਮੈਂ ਸੁਨਾਈ। ਪਠਾਣੋਂ ਗੁਰ ਸਿਖ ਦਏ ਮਰਾਈ।
ਸਤਿਗੁਰ ਕੋਪੀ ਕਰੀ ਪਠਾਨਨ। ਹਿੰਦ ਪਤਿਸ਼ਾਹੀਓਂ ਦੂਰ ਕਰਾਨਨ।੪੯।
ਮੁਗ਼ਲਨ ਕੋ ਗੁਰ ਚਹਯੋ ਬੁਲਾਨਨ। ਆਪੇ ਸਭ ਤੁਮ ਜਾਣੀ ਜਾਨਨ।
ਮੈਂ ਆਯੋ ਹੋਂ ਤੁਸਾਂ ਬੁਲਾਏ। ਦੌਲਤ ਖਾਂ ਤੇ ਲੇਹੁ ਪੁਛਾਏ।੫੦।
ਨਾਮ ਤੁਮੈਂ ਕਹਿ ਮੋਹ ਚੜ੍ਹਾਯੋ। ਤੁਮੈਂ ਲਾਜ ਜੋ ਤੁਮੈਂ ਬੁਲਾਯੋ।
ਹਿੰਦ ਤਖਤ ਪਰ ਮੋਹਿ ਬਹਾਇ। ਬਾਈ ਸੂਬੇ ਨਾਲ ਦਿਵਾਇ।੫੧।

ਦੋਹਰਾ: ਮੈਂ ਆਯੋ ਯਹ ਮੁਰਾਦ ਕਰ ਕਰੋਂ ਤੁਮੈ ਨਿਜ ਪੀਰ।
ਹਮੈਂ ਦਿਵਾਵੋ ਤਖਤ ਹਿੰਦ ਸੂਬੇ ਤਾਬੇਗੀਰ'।੫੨।

ਚੌਪਈ: ਤੌ ਬਾਬੇ ਬਾਬਰ ਸੋਂ ਕਹਯੋ। 'ਤੁਮ ਪਤਿਸ਼ਾਹੀ ਪਿਕੰਬਰੋਂ ਚਹੋ'।
ਬਾਬਰ ਕਹਯੋ 'ਪਿਕੰਬਰ ਦੂਰ। ਮੈਂ ਨਾਂ ਸੱਕੋਂ ਪਹੁੰਚ ਹਜ਼ੂਰ।੫੩।
ਪਿਕੰਬਰ ਰਹੈ ਵਾਲੀ ਦਰਗਾਹ। ਸੱਤਿ ਅਸਮਾਨ ਕੇ ਊਪਰ ਵਾਹਿ।
ਹਮੈਂ ਊਹਾਂ ਕਿਮ ਪਹੁੰਚਯੋ ਜਾਇ। ਕੰਨੀਂ ਸੁਨੇ ਨ ਨਦਰਹਿ ਪਾਇ'।੫੪।
ਸਤਿਗੁਰ ਕਹਯੋਂ 'ਤੁਮ ਸ਼ਾਹ ਸਦਾਵੇ। ਅਧੀ ਖੁਦਾਈ ਆਪ ਕਹਾਵੋ।
ਕਰਾਮਾਤ ਪੀਰ ਪੰਜ ਰਖਾਵੇ। ਪਾਸ ਪਿਕੰਬਰ ਕਿਮ ਨਹਿੰ ਜਾਵੋ?।੫੫।
ਪਿਕੰਬਰ ਢਿਗ ਮੈਂ ਦੇਹੁੰ ਪੁਚਾਈ। ਜਾ ਕਰਿ ਲੈ ਤਿਸ ਤੇ ਪਤਿਸ਼ਾਹੀ।
ਪਿਕੰਬਰ ਸਾਥ ਤੂੰ ਜਾਈਂ ਦ੍ਰਗਾਹਿ। ਓਹੀ ਦ੍ਰਗਾਹੋਂ ਦੇਊ ਲਿਖਾਇ'।੫੬।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸੁਨ ਬਾਬਰ ਕੁਰਨਿਸ਼ ਕਰੀ 'ਮੋ ਪਿਕੰਬਰ ਦਿਦਾਰ ਕਰਾਇ।
ਪਿਕੰਬਰ ਤੁਰਤ ਖੁਦਾਇ ਤੇ ਦੈਗੋ ਹਿੰਦ ਲਖਾਇ'।੫੭।

ਚੌਪਈ: ਤਬਿ ਸਤਿਗੁਰ ਯੌ ਬਚਨ ਉਚਾਰੇ। 'ਆਸਾ ਅਸਾਡਾ ਲਿਜਾਵੇ ਦਰਗਹ ਦ੍ਵਾਰੇ'।
ਸੋ ਆਸਾ ਉਸ ਦਯੋ ਫੜਾਇ। 'ਕਰ ਭੂਮ ਬਿਸਤਰੇ ਬਹੀ ਬਣਾਇ।੫੮।
ਧੂਪ ਦੀਪ ਕਰ ਮਸਤਕ ਧਰਜੋ। ਜਿਤ ਚਾਹੋ ਤਿਤ ਜਾਇੰ ਪਰਯੋ।
ਸੱਤਿਨਾਮ ਕੋ ਜਾਪ ਜਪਾਈਓ। ਜਹਿੰ ਚਾਹੋ ਤਿਤਹੀ ਥਾਂ ਜਈਓ।੫੯।
ਸਮੇਤ ਪਿਕੰਬਰ ਲੈ ਤੁਝ ਜਾਵੈ। ਜਾਵਤ ਦਰਗਹ ਨ ਕੋਊ ਅਟਕਾਵੈ।
ਜਹਾਂ ਪਿਕੰਬਰ ਇਕ ਬਾਰ ਗਯੋ। ਕੁੰਡੇ ਹਿਲਤੇ ਥੇ ਫਿਰ ਅਯੋ।੬੦।
ਅਬ ਘੜੀਆਂ ਭਾਵੈਂ ਰਹੁ ਚਾਰ। ਬਚਨ ਪਿਕੰਬਰ ਕਰਜੋ ਕਈ ਬਾਰ।
ਚਾਰ ਘੜੀ ਲਗ ਰਹੁ ਦਰਗਾਹ। ਜੋ ਜੀਅ ਆਵੈ ਮਾਂਗੋ ਤਾਂਹਿ'।੬੧।

ਦੋਹਰਾ: ਕੁਰਨਿਸ਼ ਬਾਬਰ ਕਰ ਉਠਜੋ ਬਡੋ ਅਚੰਭੇ ਜਾਨ।
ਸਤਿਗੁਰ ਆਖੀ ਸੋ ਕਰੀ ਲੈ ਆਸੋ ਕੀਓ ਪਿਆਨ।੬੨।

ਚੌਪਈ: ਜਾਇ ਬਾਬਰ ਨੇ ਸੋਈ ਕਰੀ। ਲੈ ਆਸਾ ਉਡਿਓ ਉਸਹੀ ਘਰੀ।
ਲੈ ਪਹੁੰਚਜੋ ਸੱਤਵੇਂ ਆਕਾਸ਼। ਜਾ ਪਹੁੰਚਜੋ ਵਹਿ ਦਰਗਹ ਖਾਸ।੬੩।
ਦਰਗਹ ਰਹੇ ਕੁੰਡੇ ਅੜਾਏ। ਜੋ ਨਹਿੰ ਖੁਲ੍ਹੇ ਪਿਕੰਬਰ ਜਾਏ।
ਸੱਤਿਨਾਮ ਜਬ ਬਾਬਰ ਪੁਕਾਰੇ। ਤੁਰਤ ਫੁਰਤ ਹੀ ਖੁਲ੍ਹੇ ਕਿਵਾਰੇ।੬੪।
ਤਹਾਂ ਨਾਨਕ ਕੋ ਝੰਡਾ ਝੂਲੈ। ਪੜ੍ਹੈਂ ਬਾਣੀਆਂ ਪੋਥੀਅਨ ਖੂਲੈ।
ਰਬਾਬ ਬਜਾਵੈਂ ਗਾਵੈਂ ਰਾਗ। ਭਗਤ ਭਜਨ ਕੋ ਰੰਗ ਰਹਜੋ ਲਾਗ।੬੫।

ਦੋਹਰਾ: ਤਿਹ ਜਾ ਬਾਬਰ ਦੇਖਿਓ ਝੰਡਾ ਨਾਨਕ ਸ਼ਾਹਿ।
ਸਨਮੁਖ ਝੂਲੈ ਦ੍ਰਗਾਹ ਕੇ ਵਿਚ ਸੱਚੋ ਸਾਹਿਬ ਯਾਹਿ।੬੬।
ਸੇਤ ਸੁ ਰੰਗਾ ਨੀਰ ਸਮ ਔ ਬਾਦਰ ਸਮ ਤਹਿੰ ਕਾਲ।
ਕੇਸਰੀ ਪਟ ਕੋ ਸੰਗ ਹਿਲੈ ਬਿਜਲੀ ਜੈਸੇ ਖਜਾਲ।੬੭।

ਚੌਪਈ: ਸਤਿਗੁਰ ਕੀ ਧ੍ਰਮਸਾਲ ਦਿਖਾਈ। ਸੰਤ ਸਾਧ ਬਹੇ ਡੇਰਾ ਲਾਈ।
ਕਈ ਸ਼ਾਹਿ ਕਈ ਬੇਪਰਵਾਹਿ। ਰਿੱਧਿ ਸਿੱਧਿ ਸਭ ਹਾਜ਼ਰ ਵਾਹਿ।੬੮।

ਦੋਹਰਾ: ਕਲਪ ਮੰਦਾਰ ਔ ਹਰ ਚੰਦਨ ਪਾਰਜਾਤ[1] ਸੰਤਾਨ।
ਔਰ ਬ੍ਰਿੱਛ ਫੂਲੇ ਫਲੇ ਕਾਮਧੇਨ ਘਰ ਘਰਾਨ[2]।੬੯।

ਚੌਪਈ: ਚਿੰਤਾਮਣਿ ਸੌਂ ਕੰਧ ਚਿਨਾਈ। ਸੂਰਨ ਸੁਗੰਧੀ ਸੰਗ ਲਿਪਾਈ।
ਬਡੂਰਜ[3] ਕੇ ਊਹਾਂ ਥੰਭ ਥੰਭਾਏ। ਚੰਦਨ ਲਕਰੀ ਸਾਥ ਛਤਾਏ।੭੦।
ਮੂੰਗੇ ਕੇ ਊਹਾਂ ਲਗੇ ਕਪਾਟ। ਚਿਤ੍ਰਕਾਰੀ ਪਾਰਸ ਕੀ ਠਾਟ।
ਬਾਬਰ ਕੋ ਤਹਾਂ ਸੈਲ ਕਰਾਯੋ। ਫਿਰ ਬਾਬਰ ਕੋ ਮੋੜ ਲੈ ਆਯੋ।੭੧।

੧. ਕਲਪ ਬ੍ਰਿਛ। ੨. ਘਰ ਘਰ ਹੈ। ੩. ਸਾਵੀਆਂ ਮਣੀਆਂ।

Sri Satguru Jagjit Singh Ji eLibrary NamdhariElibrary@gmail.com

ਪਿਕੰਬਰ ਕੀ ਵਹਿ ਵੱਲ ਫਿਰਾਯੋ। ਦੇਤ ਬਾਂਗ ਤਿਹ ਮੁੱਲਾਂ ਦਿਖਾਯੋ।
ਪਿਕੰਬਰ ਝੰਡਾ ਉਸੈ ਦਿਖਾਯੋ। ਰੰਗਜੇ ਨੀਲ ਸੈਂ ਬਹੁ ਦਿਨ ਹਾਯੋ।੭੨।
ਤਹਾਂ ਪਿਕੰਬਰ ਹੁਤੀ ਮਸੀਤ। ਉਨ੍ਹੈਂ ਸਵਾਰੀ ਅਪਨੀ ਰੀਤ।
ਬਾਬਰ ਪਿਕੰਬਰ ਦੇਖਜੋ ਖੜੇ। ਕਬੀ ਉਠੈ ਕਬੀ ਲਾਂਬੇ ਪੜੇ।੭੩।
ਪੜ੍ਹੈ ਨਿਮਾਜ਼ ਤਹਿਂ ਆਪ ਰਸੂਲ। ਖਾਤਰ ਬੰਦਗੀ ਪੜਨ ਕਬੂਲ।
ਪੀਛੇ ਖੜੇ ਤਹਿ ਚਾਰੋਂ ਯਾਰ। ਤਿਨਕੇ ਪਾਛੇ ਪੀਰ ਹਜ਼ਾਰ।੭੪।
ਤਿਹ ਪਾਛੇ ਜਾ ਖਾਬਰ ਖੜਾਯਾ। ਆਸੇ ਮਾਜਰਾ* ਪਿਕੰਬਰ ਸੁਣਾਯਾ।
ਪਿਕੰਬਰ ਲੀਨੋ ਬਾਬਰ ਬੁਲਾਇ। 'ਕਿਸ ਖ਼ਾਤਰ ਆਯੋ ਮੁਹਿ ਪਾਹਿ'।੭੫।
ਖਾਬਰ ਕਹੀ 'ਮੈਂ ਚਹੋਂ ਪਤਿਸ਼ਾਹੀ। ਹਿੰਦ ਤਖਤ ਜੋ ਸੂਬੇ ਬਾਈ'।
ਤੁਰਤ ਪਿਕੰਬਰ ਦੀਯੋ ਜੁਬਾਬੋ। 'ਹਿੰਦ ਪਤਸ਼ਾਹੀ ਨਹੀਂ ਹਮ ਤਾਬੇ।੭੬।
ਹਿੰਦ ਪਤਿਸ਼ਾਹੀ ਨਾਨਕ ਕੇਰੀ। ਕਰੀਂ ਨ ਆਸ ਫੇਰ ਤੂੰ ਮੇਰੀ।੭੭।

ਸੋਰਠਾ: ਨਾਨਕ ਦੇਇ ਨ ਦੇਇ, ਹਮ ਅਧੀਨ ਕਛੁ ਨਾਂਹਿ ਅਬ।
ਉਸ ਹੀ ਤੇ ਫਿਰ ਲੇਇ ਜਿਸ ਬਿਧਿ ਰਿਝੈ ਰਿਝਾਇਕੈ।੭੮।

ਚੌਪਈ: ਜਿਸਕੇ ਆਸੇ ਸੰਗ ਤੂੰ ਆਯੋ। ਲੈ ਪਤਿਸ਼ਾਹੀ ਉਸੇ ਰਿਝਾਯੋ।
ਹਿੰਦ ਤਖਤ ਹਮ ਤਾਬੇ ਨਾਹੀਂ। ਕੁਰਾਸਾਨ ਹੈ ਹਮਰੇ ਪਾਹੀ।੭੯।
ਸੋ ਹਮ ਨੇ ਤਿਮਰਲੰਗੈ ਦਯੋ। ਉਸੈ ਉਲਾਦ ਹੋਇ ਸੋ ਕਯੋਂ।
ਬਹੁ ਜਖਾਬ ਤਬ ਬਾਬਰ ਕਰੇ। ਰਸੂਲ ਓਤਨੇ ਮੋੜ ਮੁ ਧਰੇ।੮੦।
ਹੋਇ ਨਿਰਾਸਾ ਬਾਬਰ ਮੁੜਿਆ। ਸੋ ਆਸਾ ਲੇ ਡੇਰੇ ਬੜਿਆ।
ਬਾਬਰ ਆਸ ਦੂਰ ਤਬ ਭਈ। ਜਨੁ ਉਸ ਕਮਰ ਦੋ ਟੂਕ ਹੋ ਗਈ।੮੧।
ਪਰੀ ਗ਼ਸ਼ੀ ਤਿਸ ਡੇਰੇ ਆਇ। ਲਗੋ ਕਰਨ ਮਨ ਬਹੁ ਪਛੁਤਾਇ।
'ਬਜੀਰ ਕਹੀ ਥੀ ਆਛੀ ਬਾਤ। ਹਿੰਦੂ ਪੀਰ ਓਹਾਂ ਬਡੀ ਅਫਾਤ'।੮੨।

ਦੋਹਰਾ: ਪਾਛੈ ਮੁੜੈਂ ਤੋ ਚਟ ਲਗੈ ਆਗੈ ਤੁਰ ਤ ਹਾਰ।
ਗਹ ਚਕਚੂੰਧਰ ਸਰਪ ਜਯੋਂ ਐਸੇ ਭਯੋ ਬਿਚਾਰ।੮੩।

ਚੌਪਈ: ਥਰ ਥਰ ਕੰਪੈ ਬਾਬਰ ਦੇਹ। ਬਾਬਰ ਉਪਜਜੋ ਬਹੁ ਸੰਦੇਹ।
'ਉਹਾਂ ਪਿਕੰਬਰ ਦੀਓ ਜੁਆਬ। ਮੁਝ ਕਰ ਦੀਨੋਂ ਹਿੰਦੂ ਤਾਬ।੮੪।
ਅਬ ਮੈਂ ਆਸ ਔਰ ਕਿਸ ਕਰ। ਅਬ ਕਿਸ ਆਗੇ ਸਜਦੋ ਕਰੋਂ।
ਬੇੜਾ ਪੜਜੋ ਸਮੁੰਦਰ ਮਾਂਹਿ। ਦੀਓ ਪਿਕੰਬਰ ਅਗੇ ਧਕਾਇ।੮੫।
ਬਿਨ ਖੇਵਟ ਬੇੜਾ ਕਿਮ ਪਾਰ। ਪਰੇ ਜਾਇ ਕਹੂੰ ਔਖੀ ਧਾਰ'।
ਐਸੀ ਐਸੀ ਸੋਚਾਂ ਕਰੈ। ਕਬ ਡੂਬੈ ਕਬ ਸੰਸਜੋਂ ਤਰੈ।੮੬।

---

* ਪਾ:-ਖਿਵਰਾ=ਵੇਰਵਾ, ਹਾਲ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤਬ ਬਾਬਰ ਕੈ ਮਨ ਫੁਰੀ ਧਰੀ ਬਹੁਰ ਮਨ ਧੀਰ।
'ਪਿਕੰਬਰ ਭੀ ਐਸੋ ਕਹਯੋ ਸੁ ਹਿੰਦ ਨਾਨਕ ਬਸੇ ਪੀਰ'।੮੭।

ਚੌਪਈ: ਤਬ ਬਾਬਰ ਕੇ ਯੌ ਚਿਤ ਆਈ। 'ਪਰੋਂ ਚਰਨ ਅਬ ਨਾਨਕ ਜਾਈ।
ਸਭ ਪੀਰਨ ਸਿਰ ਨਾਨਕ ਪੀਰ। ਨਾਨਕ ਬਿਨ ਕੋ ਧਰਾਵੇ ਧੀਰ'।੮੮।
ਤਬ ਉਨ ਦੌਲਤ ਤੁਰਤ ਬੁਲਾਯਾ। 'ਤੈਨੇ ਮੁਝ ਈਹਾਂ ਆਨ ਫਸਾਯਾ।
ਘੁੰਮਣ ਵਾਣੀ ਮੈਂ ਦਯੋ ਡਾਰ। ਕਹੁ ਸਤਿਗੁਰ ਕੋ ਲਾਵੈਂ ਪਾਰ'।੮੯।
ਲੈ ਦੌਲਤ ਤਬ ਤੁਰਿਓ ਸਾਥ। ਛੁਹੇ ਚਰਣ ਔ ਜੋੜੇ ਹਾਥ।
'ਮੈਂ ਹੋ ਤੁਝ ਦਾਸਨ ਕੋ ਦਾਸ। ਪੂਰਨ ਕਰੋ ਹਮਾਰੀ ਆਸ'।੯੦।

ਦੋਹਰਾ: ਉਹਾਂ ਜੋ ਬਾਬਰ ਦਿਖਯੋ ਕਹੀ ਸੋਈ ਤਿਹ ਆਨ।
ਸਤਿਗੁਰ ਹੱਸਕੇ ਚੁਪ ਰਹੇ ਓਇ ਸਭ ਜਾਣੀ ਜਾਣ।੯੧।

ਚੌਪਈ: ਫਿਰ ਬਾਬਰ ਯੌ ਬਚਨ ਸੁਨਾਯੋ। 'ਤੇਰੋ ਭੇਤ ਨ ਕਿਨਹੂੰ ਪਾਯੋ।
ਤੂੰ ਸ਼ਰੀਕ ਖੁਦਾਇ ਕੋ ਆਹੀ। ਤੂੰ ਖੁਦਾਇ ਕੋ ਜਾਯੋ ਤਾਹੀਂ।੯੨।
ਤੈਥੋਂ ਜੁਦੋ ਨ ਆਪ ਖੁਦਾਇ। ਜੋ ਹੋਵੈ ਸੋ ਤੇਰੀ ਰਜਾਇ।
ਤੂੰ ਰਜਾਇ ਕੋ ਕਰਨੇ ਹਾਰ। ਤੇਰਾ ਅੰਤ ਨ ਪਾਰਾਵਾਰ।੯੩।
ਤੂੰ ਕਰਤਾ ਹੈਂ ਕਾਦਰ ਕਰੀਮ। ਖੁਦ ਖੁਦਾਇ ਹੈਂ ਤੁਹੀਂ ਰਹੀਮ।
ਤੂੰਹੀ ਪਿਕੰਬਰ ਰਾਹੁਨੁਮਾਇ। ਤੇਰਾ ਸਿਰਰ ਨ ਪਾਯੋ ਜਾਇ।੯੪।

ਦੋਹਰਾ: ਤੇਰੇ ਨਾਮ ਪਰ ਮੈਂ ਬਿਕਯੋ ਦੌਲਤ ਹਾਥ ਪਠਾਣ।
ਅਬ ਚਾਹੇ ਸੋ ਕੀਜੀਏ ਅਪਨੀ ਲਾਜ ਪਛਾਣ'।੯੫।

ਚੌਪਈ: ਯੌ ਸਤਿਗੁਰ ਸੁਣ ਭਯੋ ਦਿਆਲਾ। ਭੰਗ ਥੈਲੇ ਮੰਗ ਲਿਯੋ ਤਤਕਾਲਾ।
ਕਹਯੋ 'ਲਯਾਉ ਸੁਨ ਪਾਇ ਦੇ ਝੋਲੀ'। ਬਾਬਰ ਤੁਰਤ ਵਹਿ ਥੈਲੀ ਖੋਲੀ।੯੬।
ਸਤਿ ਮੁੱਠੀਂ ਭਰ ਝੋਲੀ ਪਾਈ। ਪਿਛੋਂ ਝਾੜ ਉਨ ਥੈਲੀ ਸੁਧਾਈ।
'ਭੰਗ ਮੁੱਠੀਂ ਸਤਿ ਦੀਨੀ ਡਾਰੀ। ਸਤਿ ਪਤਿਸ਼ਾਹੀ ਦੀਨੀ ਸਾਰੀ।੯੭।
ਝੜੀ ਡਿਠੀ ਕਛੁ ਔਰ ਭੀ ਤਈ। ਫਿਰ ਚਾਹੋਂ ਮੈਂ ਤੁਮ ਤੇ ਲਈ।
ਭੰਗ ਮੁਠੀ ਭਰ ਜੋ ਮੈਂ ਦਈ। ਸਮੇਂ ਪਾਇ ਲੇਵੋਂ ਸਭ ਤਈ'।੯੮।

ਦੋਹਰਾ: ਭੰਗ ਬਦਲ ਸਭ ਹਿੰਦ ਦਈ ਯਹ ਬੇ ਪਰਵਾਹੀ ਕੀਨ।
ਜਿਮ ਭਸਮੰਤਰ ਦੇਇ ਬਰ ਦੁੱਖ ਸਿਰ ਸ਼ਿਵ ਨਿਜ ਲੀਨ।੯੯।

ਸੋਰਠਾ: ਜਬ ਗੁਰ ਕਹਯੋ ਉਚਾਰ 'ਭੰਗ ਬਦਲ ਸਭ ਹਿੰਦ ਦਈ'।
ਕੀਨੋ ਐਸ ਕਰਾਰ 'ਫਿਰ ਪਤਿਸ਼ਾਹੀ ਲੇਹਿੰਗੇ'।੧੦੦।

ਦੋਹਰਾ: ਤਬ ਸਤਿਗੁਰ ਨੇ ਯੌ ਕਹਯੋ 'ਸੁਨ ਬਾਬਰ ਸੁਲਤਾਨ!।
ਫਿਰ ਹੂੰ ਨਹਿੰ ਜਬ ਹੋਇਗੋ ਤਬ ਲੈ ਹੈਂ ਦੈ ਕੈ ਤਾਨ'।੧੦੧।

Sri Satguru Jagjit Singh Ji eLibrary NamdhariElibrary@gmail.com

ਅੜਿੱਲ: ਸੁਨ ਸਤਿਗੁਰ ਕੇ ਬਚਨ ਬਾਬਰ ਯੌ ਭਾਖਿਓ।
'ਦੇਕੇ ਲੈਣੋ ਥੂਕ ਵਡਨ ਹੀ ਆਖਿਓ।
ਦੇਕੇ ਲੈਣੇਂ ਥੂਕ ਮੁਖੋਂ ਜਿਮ ਚਟਣ ਹੈ।
ਹੋ ਦੇਕੈ ਲੈਣ ਜਗੱਤ੍ਰ ਅਪਜਸ ਖਡ ਖਟਨ ਹੈ'।੧੦੨।

ਦੋਹਰਾ: ਤਬ ਸਤਿਗੁਰ ਬਾਬਰ ਕਹਜੋ 'ਯੌ ਦੇਕੇ ਲੇਵਨ ਹੋਇ।
ਮੁਖਤ ਨਿਆਮਤ ਬੇ-ਕਦਰ ਰਾਖ ਨ ਸਾਕਤ ਕੋਇ।੧੦੩।

ਛੰਦ: ਮੁਖਤ ਨਿਆਮਤ ਚੀਜ ਥੀ ਮਨਸੂਰੇ ਲੀਨੀ।
ਰੱਖ ਨ ਜਾਨੀ ਤਿਨੈ ਜਿੰਦ ਸੰਗ ਲੈ ਗਈ ਦੀਨੀ।
ਮੁਖਤ ਨਿਆਮਤ ਹੈ ਕਪੂਰ ਪਾਇ ਜਿਉਂ ਰਖਣੋ।
ਸੋ ਮਿਲ ਅਗਲ ਉਡ ਜਾਇ ਭਾਂਡਾ ਰਹੇ ਸਖਣੋ'।੧੦੪।

ਦੋਹਰਾ: ਤਬ ਸਤਿਗੁਰ ਬਾਬਰ ਕਹਜੋ 'ਤੂੰ ਹਮ ਉਪਕਾਰ ਬਿਸਾਰ।
ਕਾਟੋਗੇ ਹਮ ਅੰਸ ਸਿਰ ਤੌ ਫਿਰ ਲੇਹਿੰ ਹੁਦਾਰ'।੧੦੫।

ਚੌਪਈ: ਤਬ ਬਾਬਰ ਸੁਨਕੇ ਹਥ ਜੋੜੇ। 'ਹਮਰੀ ਕੁਲ ਕਿਮ ਤੁਮ ਸਿਰ ਤੋੜੇ?
ਹਮ ਤੁਝ ਰਖੈਂ ਮੁਰੀਦੀ ਦਾਵੇ। ਹਮ ਕੁਲ ਕਿਮ ਤੁਮ ਹਾਥ ਚਲਾਵੈਂ?।੧੦੬।
ਹਿੰਦ ਵੱਮ ਭਈ ਹਿੰਦੂ ਪੀਰ। ਤੁਮ ਪੀਰਨ ਕੇ ਸਿਰ ਹੋ ਪੀਰ।
ਤੁਮ ਹੋ ਬਖਸ਼ੀ ਹਮਹਿ ਜਗੀਰ। ਹਮ ਹੋਵੈਂ ਕਿਮ ਤੁਮਹਿੰ ਦਗੀਰ*।੧੦੭।

ਦੋਹਰਾ: ਜੌ ਹਮ ਤੁਮ ਪਰ ਹਥ ਚਕੈਂ ਤੌ ਤੁਮ ਪਤਿਸ਼ਾਹੀ ਲੇਹੁ।
ਇਸ ਕਰਾਰ ਕੇ ਊਪਰੇ ਅਗੇ ਪਤਿਸ਼ਾਹੀ ਦੇਹੁ'।੧੦੮।

ਚੌਪਈ: ਇਸ ਕਰਾਰ ਕਰ ਦੀ ਪਤਿਸ਼ਾਹੀ। ਤੀਨ ਪਤਿਸ਼ਾਹਨ ਨਾਂਹਿ ਭੁਲਾਈ।
ਬਾਬਰ ਤੇ ਸੁ ਹਿਮਾਯੂੰ ਭਯੋ। ਹਿਮਾਯੂੰ ਨੇ ਫਿਰ ਅਕਬਰ ਜਯੋ।੧੦੯।
ਤੀਨੋਂ ਨੇ ਗੁਰ ਮਹਿਮਾ ਰਾਖੀ। ਮੁਖ ਤੇ ਭੀ ਕੁਛ ਬੁਰੀ ਨ ਭਾਖੀ।
ਚੌਥੇ ਸ਼ਾਹ ਭਯੋ ਜਹਾਂਗੀਰ। ਮੁੱਲਾਂ ਕਾਜ਼ੀ ਮਿਲ ਭਯੋ ਅਸੀਰ।੧੧੦।
ਉਨ ਗੁਰ ਅਰਜਨ ਸੌਂ ਖੋਟੀ ਕਮਾਈ। ਸੋਊ ਬੁਰਾਈ ਸਿਰ ਖਤ੍ਰੀ ਲਾਈ।
ਪੰਜਵੋਂ ਭਯੋ ਸੁ ਸ਼ਾਹ ਜਹਾਨ। ਕਰੇ ਹਿੰਦੂ ਕਈ ਮੁੱਸਲਮਾਨ।੧੧੧।
ਛੀਵੋਂ ਭਯੋ ਸੁ ਸ਼ਾਹ ਨੁਰੰਗਾ। ਕਰਜੋ ਗੁਰੂਅਨ ਸੌਂ ਉਨ ਖਡ ਦੰਗਾ।
ਹਰੀਕ੍ਰਿਸ਼ਨ ਉਨ ਬਾਲ ਮੰਗਾਏਂ। ਉਸ ਸਿਰ ਗਏ ਬੁਰਾਈ ਲਾਏ।੧੧੨।

ਦੋਹਰਾ: ਉਨ ਦੁਸ਼ਟੀ ਬਹੁਤੀ ਕਰੀ ਗੁਰ ਤੇਗ ਬਹਾਦਰ ਆਦਿ।
ਸਹਿਤ ਸੁ ਚਾਰੋਂ ਪੋਤਰੇ ਲਗੋ ਖੂਨ ਸਿਰ ਤਾਦ।੧੧੩।

ਚੌਪਈ: ਸ੍ਰੀ ਗੋਬਿੰਦ ਸਿੰਘ ਬਾਤ ਬਿਚਾਰੀ। 'ਇਕ ਪਤਿਸ਼ਾਹੀ ਇਨ ਰਹੀ ਸਾਰੀ।
ਇਨ ਸਿਰ ਦੇਹ ਲਗੀ ਚਹੀਏ ਹਮਾਰੀ'। ਯੌ ਸਤਿਗੁਰ ਜੀ ਮਨਸਾ ਧਾਰੀ।੧੧੪।

* ਉਲਟ, ਮੁਖਾਲਫ, ਵਿਰੋਧੀ।

Sri Satguru Jagjit Singh Ji eLibrary NamdhariElibrary@gmail.com

ਸੋਈ ਸਤਿਗੁਰ ਦਈ ਨਿਬਾਹ। ਯੌ ਭਈ ਪਤਸ਼ਾਹੀ ਸਾਤ ਬਿਤਾਹ।
ਨਿਜ ਬਚਨੀ ਗੁਰ ਯੌ ਦੁਖ ਪਾਯੋ। ਯੌ ਬਚਨੀ ਗੁਰ ਗਏ ਬਿਕਾਯੋ।੧੧੫।

ਦੋਹਰਾ: ਇਸ ਬਿਧ ਇਹ ਝੂਠੇ ਭਏ ਬਚਨਨ ਤੇ ਸੁ ਮੁਗੱਲ।
ਲਈ ਪਤਿਸ਼ਾਹੀ ਨਿਜ ਕਹੈ ਭੂਲ ਗਈ ਵਹਿ ਗੱਲ।੧੧੬।

ਚੌਪਈ: ਮੁਗਲ ਕਹੈਂ 'ਹਮ ਖੁਦ ਬਲਵੰਤ। ਹਿੰਦੂ ਮਾਰ ਕੀਏ ਹਮ ਅੰਤ।
ਰਹੇ ਪਿਕੰਬਰ ਨਿਕਟ ਖੁਦਾਇ। ਹਿੰਦੂ ਊਹਾਂ ਕੋ ਢੁਕਨ ਨ ਪਾਇ'।੧੧੭।

ਦੋਹਰਾ: ਐਸ ਐਸ ਗ਼ਫਲਤ ਭਈ ਮੁਗਲਨ ਕੇ ਮਨ ਮਾਂਹਿ।
ਮੁੱਲਾਂ ਕਾਜ਼ੀ ਸੁਣ ਗੱਲਾਂ ਭੁਲੇ ਤਕਰਾਰੋਂ ਵਾਹਿ।੧੧੮।

ਅਥ ਔਰ ਪ੍ਰਸੰਗ

੧੪੦. [ਭਾਈ ਤਾਰੂ ਸਿੰਘ ਜੀ ਕੈਦ ਹੋਏ]

ਦੋਹਰਾ: ਤਾਰੂ ਸਿੰਘ ਨੇ ਇਮ ਕਹੀ ਸਿੱਖਨ ਕੋ ਸਮਝਾਇ।
ਯੌ ਬੀਤੀ ਸਿਰ ਸਿੰਘ ਕੇ ਸੋ ਅਬ ਕਹੌਂ ਪ੍ਰਗਟਾਇ।੧।

ਫਿਰ ਤਾਰੂ ਸਿੰਘ ਲੈ ਤੁਰੇ ਪ੍ਰਾਤ ਲਹੌਰਹਿ ਦਾਇ।
ਬੀਬੀ ਛੁਡਾਈ ਸਿਖਨ ਨੇ ਅਹਿਦੀਅਨ ਦਰਬ ਦਿਵਾਇ।੨।

ਚੌਪਈ: ਫਿਰ ਸਤਿਸੰਗਤ ਸਭ ਹਥ ਜੋੜੇ। 'ਨਿਭੈ ਲਾਜ ਸਿੱਖੀ ਕੀ ਓੜੈ'।
ਸਿਖ ਸੰਗਤ ਯੌ ਕਰੈ ਅਰਦਾਸ। 'ਸਿੱਖੀ ਸਾਥ ਨਿਬਾਹੀਂ ਸਾਸ'।੩।
ਅਹਿਦੀ ਪਹੁੰਚੇ ਲਹੌਰਹਿ ਜਾਇ। ਬੰਦੀ ਖਾਨੇ ਦੀਓ ਫੜਾਇ।
ਕਈ ਦਿਵਸ ਤਹਿਂ ਫੜਿਓ ਰਹਿਓ। ਸਾਧ ਸੰਗਤ ਆ ਦਰਸ਼ਨ ਕਰਿਓ।੪।
ਜਿਮ ਜਿਮ ਸਿੰਘ ਕੋ ਤੁਰਕ ਸਤਾਵੈਂ। ਤਿਮ ਤਿਮ ਮੁਖ ਸਿੰਘ ਲਾਲੀ ਆਵੇ।
ਜਿਮ ਜਿਮ ਸਿੰਘ ਕਛੁ ਪੀਏ ਨ ਖਾਇ। ਤਿਮ ਤਿਮ ਸਿੰਘ ਸੰਤੋਖ ਹ੍ਵੈ ਆਇ।੫।
ਜੀਵਣ ਤੇ ਸਿੰਘ ਆਸ ਚੁਕਾਈ। ਨਹਿਂ ਉਸ ਚਿੰਤ ਸੁ ਮਰਨੇ ਕਾਈ।
ਸਤ ਸੰਤੋਖ ਧੀਰ ਮਨ ਤਾਂਕੇ। ਗੁਰ ਕਾ ਭਾਣਾ ਸਿਰ ਪਰ ਜਾਂਕੇ।੬।

ਦੋਹਰਾ: ਜਿਸ ਕੇ ਮਨ ਮੈਂ ਭੈ ਗੁਰੂ ਤਿਸ ਭੈ ਜਮ ਕਾ ਨਾਂਹਿ।
ਜਿਸਕੇ ਹੱਥ ਮਸਾਲ ਹੈ ਕੀ ਕਰੂਗੁ ਅੰਧੇਰੋ ਤਾਂਹਿ।੭।

ਸਾਖੀ ਮਤਾਬ ਸਿੰਘ ਕੀ

੧੪੧. [ਸ਼ਹੀਦੀ ਭਾਈ ਮਤਾਬ ਸਿੰਘ]

ਦੋਹਰਾ: ਸੁਨੋ ਸਾਖੀ ਅਬ ਦੂਸਰੀ ਮਤਾਬ ਸਿੰਘ ਕੀ ਜੋਇ।
ਲੈਣ ਗਯੋ ਹਰਿ ਭਗਤ ਥੋ ਜੰਡਿਆਲੇ ਵਾਲੋ ਸੋਇ।੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਬਹੁਤ ਫੌਜ ਉਸ ਮੁਗਲੋ ਦਈ। ਮਤਾਬ ਸਿੰਘ ਕੇ ਪਕੜਨ ਲਈ।
ਸੋਊ ਰਹੈ ਬਹੁ ਸਿੰਘਨ ਸਾਥ। ਜਨ ਖੋੜਨ ਬਹੁ ਆਵੈ ਨ ਹਾਥ।੨।
ਮਤਾਬ ਸਿੰਘ ਹੈ ਸੂਰੇ ਪੂਰੇ। ਨਾਮ ਸੁਨਤ ਹੁਇ ਦੁਸ਼ਮਨ ਦੂਰੇ।
ਨਾਮ ਲੇਇ ਉਸ ਬੰਧੇ ਹਥਿਆਰ। ਮਰਨ ਲਰਨ ਕੋ ਰਹੈ ਤਿਆਰ।੩।
ਜਿਧਰ ਹਲਕਾਰਨ ਦਯੋ ਬਤਾਇ। ਚੜ੍ਹਯੋ ਨਿਰੰਜਨੀ ਤਿਤ ਵਲ ਧਾਇ।
ਸਿੰਘ ਰਹੈਂ ਲੁਕ ਬੇਲਨ ਮਾਂਹੀ। ਫੌਜ ਵੜਤ ਚਿਤ ਅਤਿਹਿ ਸੰਕਾਹੀ।੪।
ਮਾਰੈਂ ਸਿੰਘ ਜੋ ਆਵੈਂ ਹਾਥ। ਮਾਰੇ ਸਿੰਘ ਉਨ ਲੈ ਬਹੁ ਸਾਥ।
ਉਨੈਂ ਢੂੰਡਤ ਦਿਨ ਕਈ ਬਿਤਾਯੋ। ਮਤਾਬ ਸਿੰਘ ਤਬ ਯੌ ਸੁਨ ਪਾਯੋ।੫।

ਦੋਹਰਾ: 'ਤਾਰੂ ਸਿੰਘ ਜੀ ਤੁਰ ਗਯੋ ਅਹਿਦੀਯਨ ਸਾਥ ਲਾਹੌਰ।
ਸੀਸ ਲਗਾਵਨ ਤੁਰਕ ਸਿਰ ਦੂਗਹ ਮਚਾਵਨ ਰੌਰ।੬।

ਚੌਪਈ: ਲਹੌਰ ਜਾਇ ਸਿਰ ਚੜ੍ਹਗੁ ਨਵਾਬ। ਲਿਜਾਇ ਦਰਗਹ ਉਸ ਕਰੂ ਖਰਾਬ।
ਕੇਸਨ ਸੌਂ ਕਰੂ ਸੀਸ ਨਿਬਾਹਿ। ਤੁਰਕਨ ਕੇ ਸਿਰ ਸਿਰ ਦੇ ਲਾਇ।੭।
ਉਇ ਮੰਨੇ ਸਿਰ ਸਾਹਿਬ ਭਾਣਾ। ਸੁਫਲ ਮੰਨੇ ਸਿਰ ਤੁਰਕਨ ਲਾਣਾ।
ਸਿੰਘ ਧੰਨ ਜੋ ਜੁੱਧ ਮਚਾਵੈਂ। ਸਿੰਘ ਧੰਨ ਜੋ ਤੁਰਕ ਸਿਰ ਲਾਵੈਂ।੮।

ਦੋਹਰਾ: ਮਰਨ ਸਭਨ ਕੇ ਸੀਸ ਪਰ, ਸੁਫਲ ਮਰਨ ਹੈ ਤਾਂਹਿ।
ਧਰਮ ਨਿਭੈ, ਸਿੱਖੀ ਨਿਭੈ, ਸਿਰ ਤੁਰਕ ਸੀਸ ਲਗ ਜਾਹਿੰ।੯।

ਚੌਪਈ: ਧੰਨ ਧੰਨ ਦੇਹ ਮਨੀ ਸਿੰਘ ਭਾਈ। ਬੰਦ ਬੰਦ ਜਿਨ ਦੇਹਿ ਕਟਾਈ।
ਧੰਨ ਦਿਆਲ ਸਿੰਘ ਸ਼ਾਹਿਸਿਰ ਵਾਲਾ। ਚੜ੍ਹਯੋ ਚਰਖੜੀ ਧਰਮ ਸੰਭਾਲਾ।੧੦।
ਸੁਬੇਗ ਸਿੰਘ ਜੰਬਰ ਸੁਤ ਨਾਲ। ਚੜ੍ਹਕੈ ਚਰਖ ਜਿਨ ਜਪਯੋ ਅਕਾਲ।
ਧੰਨ ਧੰਨ ਵੈ ਜਿਨ੍ਹ ਸਿਦਕ ਨ ਹਾਰਾ। ਦੀਆ ਸੀਸ ਮੁਖ ਗੁਰੂ ਉਚਾਰਾ।੧੧।

ਦੋਹਰਾ: ਹਮਹਿ ਕਮਾਈ ਕਿਆ ਕਰੀ ਲੁਕ ਛਪ ਦੇਹਿ ਬਚਾਇੰ।
ਕਿਮ ਹਮ ਉਨ ਕੇ ਢਿਗ ਬਹੈਂ ਦ੍ਰਗਹਿ ਕਚਹਿਰੀ ਜਾਇ।੧੨।

ਚੌਪਈ: ਉਨ ਸਿੰਘਨ ਸੌਂ ਹਮ ਕਿਮ ਰਲੀਏ। ਤਿਮ ਉਨ ਸੰਗ ਅਸੀਂ ਭੀ ਚਲੀਏ
ਕਾਚੀ ਦੇਹ ਸਦਾ ਥਿਰ ਨਾਂਹੀ। ਬਹੁਤ ਉਮਰ ਹਮ ਗਈ ਬਿਤਾਹੀ।੧੩।
ਬਿਨ ਤੁਰਕਨ ਕਹੂੰ ਦੇਹ ਗਰਈਏ। ਸ਼ਹੀਦੀ ਮਰਾਤਬ ਤੇ ਕਿਉਂ ਜਈਏ।
ਧ੍ਰਿਗ ਜਨਮ ਧ੍ਰਿਗ ਮਰਨੋਂ ਹੋਈ। ਤੁਰਕਨ ਬਿਨ ਸਿਰ ਚੜ੍ਹ ਮਰੈ ਜੋਈ'।੧੪।
ਸਿੰਘ ਜੀ ਨੇ ਯੌਂ ਚਿੱਤ ਬਿਚਾਰੀ। 'ਤਾਰੂ ਸਿੰਘ ਸੰਗ ਕਰੀਏ ਤਯਾਰੀ।
ਹਮਰੋ ਉਸ ਕੋ ਹੁਤੋ ਸਨੇਹ। ਉਸ ਹੀ ਸੰਗ ਮਿਲ ਤਜੀਏ ਦੇਹ'।੧੫।

ਦੋਹਰਾ: ਸਿੰਘ ਸੁ ਔਰਨ ਪ੍ਰਤਿ ਕਹਯੋ 'ਤੁਮ ਰੁਕੋ ਔਰ ਹੀ ਜਾਇ।
ਅਸੀਂ ਸੁ ਜਾਇੰ ਲਹੌਰ ਕੋ ਤਾਰੂ ਸਿੰਘ ਕੈ ਪਾਹਿ'।੧੬।

Sri Satguru Jagjit Singh Ji eLibrary NamdhariElibrary@gmail.com

ਚੌਪਈ: ਯੌ ਕਹਿ ਸਿੰਘ ਜੀ ਐਧਰ ਤੁਰਿਆ। ਸ਼ਸਤਰ ਛੱਡ ਹਥ ਸੋਟਾ ਫੜਿਆ।
ਸ਼ਸਤ੍ਰਨ ਸੋ ਈਹਾਂ ਲਰ ਮਰੀਏ। ਸੋਟੇ ਸਜੋਂ ਨਵਾਬ ਢਿਗ ਜਈਏ।੧੭।
ਹਰੀ ਭਗਤ ਥੋ ਟੋਲਤ ਜਹਾਂ। ਸਿੰਘ ਜੀ ਪਹੁੰਚਯੋ ਆਪ ਤਹਾਂ।
ਦੇਖਤ ਉਨੈ ਤੁਰਤ ਫੜ ਲਯੋ। ਨਰੜ ਕਟੜ ਗੱਡੇ ਪਰ ਠਯੋ।੧੮।

ਸੋਰਠਾ: ਬਾਂਹੁ ਸੁ ਊਪਰ ਬਾਂਹ ਧਰ ਨਲੀਅਨ ਮੱਧ ਟਿਕਾਇ।
ਲੋਹੇ ਕੀਲ ਘੜਾਇ ਕੇ ਠੋਕ ਦੀਯੋ ਇਕ ਥਾਇ।੧੯।

ਚੌਪਈ: ਫਿਰ ਮਧ ਡੰਡੋ ਬਾਂਹ ਪਿੜਾਈ। ਉਸ ਥਾਂ ਦੀਨੀ ਨਾੜ ਚੜ੍ਹਾਈ*।
ਸਿੰਘ ਜੀ ਕੋ ਨਿਜ ਗ੍ਰਾਮ ਲਿਆਏ। ਪਛਾਨਨ ਕੋ ਬਹੁ ਲੋਕ ਮਦਾਏ।੨੦।
ਸਿੰਘ ਜੀ ਸ਼ਾਰਤ ਉਂਗਲ ਹਿਲਾਈ। ਨਹਿੰ ਅਬ ਸਜਾਨਨ ਕੀ ਗਲ ਕਾਈ।
ਜੋ ਕੋਈ ਆਖੈ ਆਣ ਪਛਾਣ। ਪਿੰਡ ਕਰਾਈਏਗਾ ਮੁੱਸਲਮਾਨ।੨੧।

ਦੋਹਰਾ: ਹਰਿ ਭਗਤ ਲਹੌਰਹਿ ਲੈ ਪੁਜਯੋ ਦੀਓ ਨਵਾਬ ਸੁਨਾਇ।
'ਤਾਰੂ ਸਿੰਘ ਦਿਖਾਲਕੇ' ਕਹਯੋ 'ਦੇਹੋ ਚਰਖ ਚੜ੍ਹਾਇ'।੨੨।
ਸਿਥੀ ਜਿਵੇਂ ਥੀ ਸਿੰਘ ਜੀ ਤਿਮ ਚੜਯੋ ਚਰਖ ਪਰ ਧਾਇ।
ਧੰਨ ਜਨਮ ਧੰਨ ਕਰਮ ਉਨ ਸਿੱਖੀ ਰਖੀ ਸਿਰ ਲਾਇ।੨੩।
ਤਾਰੂ ਸਿੰਘ ਸੁਨ ਖੁਸ਼ ਭਯੋ ਸਿੰਘ ਚੜ੍ਹਿਓ ਚਰਖ ਸ਼ਿਤਾਬ।
ਅਸਾਂ ਨਮਿਤ ਆਪ ਆ ਮਿਲਯੋ ਧੰਨ ਧੰਨ ਸਿੰਘ ਮਤਾਬ।੨੪।

ਸਾਖੀ ਤਾਰੂ ਸਿੰਘ ਕੇ ਪ੍ਰਸੰਗ ਕੀ

੧੪੨. [ਭਾਈ ਤਾਰੂ ਸਿੰਘ ਜੀ ਦਾ ਸ਼ਹੀਦ ਹੋਣਾ]

ਚੌਪਈ: ਤਾਰੂ ਸਿੰਘ ਪਰ ਫਿਰ ਗਲ ਆਈ। ਸੁਨੋ ਸੰਤ ਤੁਮ ਮਨ ਚਿਤ ਲਾਈ।
ਤਾਰੂ ਸਿੰਘ ਨਵਾਬ ਬੁਲਾਯਾ। ਉਨੈਂ ਅਹਿਦੀਯਨ ਆਨ ਮਿਲਾਯਾ।੧।
ਵਾਹਿਗੁਰੂ ਕੀ ਫਤੈ ਬੁਲਾਈ। ਅਕਾਲ ਅਕਾਲ ਕਹਿ ਊਚ ਸੁਨਾਈ।
ਸੁਨਤ ਨਬਾਬ ਅਤਿ ਸੋਖਤ ਭਯੋ। ਕਾਟ ਅੰਗੁਲ ਜਨੁ ਲੂਣ ਲਗਯੋ।੨।

ਦੋਹਰਾ: ਤਾਰੂ ਸਿੰਘ ਜੀ ਤਬ ਕਹਯੋ 'ਤੂੰ ਸੁਨ ਬਾਤ ਨਵਾਬ।
ਹਮ ਤੁਮਰੋ ਨ ਬਿਗਾੜਿਓ ਤੁਮ ਕਿਮ ਦੇਤ ਅਜ਼ਾਬ।੩।

ਚੌਪਈ: ਜੌ ਹਮ ਤੁਮਰੀ ਭੂਮ ਬਿਗਰੈਂ। ਤੌ ਤੁਮ ਕੋ ਹਮ ਪੈਸੇ ਭਰੈਂ।
ਔ ਜੋ ਵਣਜ ਵਪਾਰ ਭੀ ਕਰੈਂ। ਤੌ ਭੀ ਤੁਮਰੋ ਹਾਲਾ ਭਰੇਂ।੪।
ਤੁਮਕੋ ਦੇਕੇ ਜੋ ਰਹਿ ਜਾਇ। ਸੋ ਹਮ ਅਪਨੇ ਪੇਟਨ ਪਾਇਂ।
ਅਪਨੌ ਤਨ ਪੇਟ ਰਖ ਕੈ ਊਣੀ। ਦੇਤ ਔਰ ਕੋ ਚਬਨ ਚਬੂਣੀ।੫।
ਕਹੁ ਤੇਰੀ ਕਜਾ ਗਾਠੋਂ ਜਾਇ? ਹਮ ਕੋ ਤੁਮ ਕਿਮ ਦੇਤ ਸਜ਼ਾਇ?'
ਨਵਾਬ ਅਗੇ ਥੋ ਕ੍ਰੋਧਹਿ ਭਰਯੋ। ਮੁਖ ਤੇ ਖੋਟਾ ਬਚਨ ਉਚਰਯੋ।੬।

* ਪਾ · ਨਾੜੀ ਪਾਈ।

Sri Satguru Jagjit Singh Ji eLibrary NamdhariElibrary@gmail.com

ਨਵਾਬ ਕਹੈ 'ਤੂੰ ਹੋ ਮੁਸਲਮਾਨ। ਤਉ ਛਾਡਾਂਗਾ ਤੁਮਰੀ ਜਾਨ'।
ਸਿੰਘ ਕਹਜੋ 'ਹਮ ਡਰ ਕਜਾ ਜਾਨੋਂ! ਹਮ ਹੋਵੈਂ ਕਿਮ ਮੁੱਸਲਮਾਨੋਂ।੭।
ਮੁਸਲਮਾਨ ਕਰ ਮਰੋਂ ਕਿ ਨਾਹੀਂ? ਜੌ ਫਿਰ ਮਰੌਂ ਕਿਮ ਧਰਮ ਗਵਾਈ?
ਚਹੀਏ ਨਬਾਬ ਤੇ ਧਰਮ ਰਖਾਯਾ। ਕੇਸੀ ਸਾਸੀਂ ਨਿਬਾਹੁ ਕਰਾਯਾ'।੮।

ਦੋਹਰਾ: ਫਿਰ ਨਵਾਬ ਏਹੀ ਕਹੀ 'ਜਿੰਦ ਚਹੈਂ ਤਾਂ ਆਵਹੁ ਦੀਨ।
ਔਰ ਜੁ ਚਾਹੇਂ ਮਾਂਗ ਸੋ ਧਨ ਅਰ ਮੁਲਖ ਜ਼ਮੀਨ।੯।

ਚੌਪਈ: ਔ ਮੁਗਲ ਪਠਾਣਨ ਬੇਟੀ ਲੇਹੁ। ਬੀਚ ਹਵੇਲਨ ਖਾਸ ਕਰੇਹੁ'!
ਤਬ ਸਿੰਘ ਜੀ ਨੇ ਬਚਨ ਉਚਾਰੇ। 'ਸੋ ਦੇਹੁ ਹਮ ਜੋ ਲਗੈ ਪਿਆਰੋ!੧੦।
ਤੂੰ ਜੇ ਹਮ ਪੈ ਹੈਂ ਮਿਹਰਬਾਨ! ਆਖ ਹਮੈਂ - ਨਾ ਹੋਹੁ ਮੁਸਲਮਾਨ-।
ਤੂੰ ਦੱਸ ਹਮੈਂ ਕਛੁ ਐਸੇ ਰਾਹੁ; ਕੇਸੀਂ ਸਾਸੀਂ ਹੋਇ ਨਿਬਾਹੁ'।੧੧।
ਤਬ ਨਵਾਬ ਬਹੁ ਗੁੱਸਾ ਖਾਯਾ। ਮੁਖ ਤੇ ਖੋਟਾ ਬਚਨ ਸੁਨਾਯਾ;
'ਜੂਤਨ ਸਾਥ ਕਰੋਂ ਬਾਲ ਦੂਰ'। ਨਾਈਅਨ ਕਹਜੋ 'ਸਿਰ ਮੁੰਨਹੁ ਜ਼ਰੂਰ'।

ਦੋਹਰਾ: ਤਬ ਤਾਰੂ ਸਿੰਘ ਉਸ ਕਹਜੋ 'ਵਹਿ ਜੂਤ ਤੁਮਾਰੇ ਪਾਹਿਂ।
ਜੋ ਸਿਖ ਪੂਰੇ ਸਤਿਗੁਰੂ ਤਿਨ ਸਿਰ ਕੇਸ ਨਿਬਾਹਿਂ'।੧੩।

ਚੌਪਈ: ਤਬ ਨਵਾਬ ਨੇ ਨਊਏ ਲਗਾਏ। ਉਨ ਕੇ ਸੰਦ ਖੁੰਢੇ ਹੋ ਆਏ।
ਜਿਮ ਜਿਮ ਨਊਏ ਫੇਰ ਲਗਾਵੈਂ। ਤਿਮ ਤਿਮ ਉਨ ਹਥ ਭੈੜੇ ਪਾਵੈਂ।੧੪।
ਜਿਮ ਜਿਮ ਨਊਅਨ ਨਵਾਬ ਡਰਾਵੈ। ਤਿਮ ਤਿਮ ਨਊਅਨ ਹਥ ਕੰਪਾਵੈਂ।
ਕਲਾ ਖਾਲਸੇ ਤਬ ਐਸੀ ਕਈ। ਨਊਅਨ ਦ੍ਰਿਸ਼ਟ ਮੰਦ ਤਬ ਭਈ।੧੫।
ਨਵਾਬ ਕਹਜੋ 'ਇਨ ਜਾਦੂ ਚਲਾਯਾ। ਕੈ ਨਊਅਨ ਕਛੁ ਲੱਬ ਦਿਵਾਯਾ।
ਅਬ ਲਜਾਵੋ ਮੋਚੀ ਦੋ ਚਾਰ। ਖੋਪਰੀ ਸਾਥ ਦਿਹੁ ਬਾਲ ਉਤਾਰ'।੧੬।
ਤਬ ਸਿੰਘ ਜੀ ਬਹੁ ਭਲੀ ਮਨਾਈ। 'ਸਾਥ ਕੇਸਨ ਕੇ ਖੋਪਰੀ ਜਾਈ।
ਤੌ ਭੀ ਹਮਰੋ ਬਚਨ ਰਹਾਈ! ਸਿੱਖੀ ਕੀ ਗੁਰ ਪੈਜ ਰਖਾਈ'।੧੭।
'ਅਕਾਲ ਅਕਾਲ' ਸਿੰਘ ਜਾਪ ਉਚਾਰੇ। ਸੁਣ ਨਵਾਬ ਮੂੰਦੇ ਕੰਨ ਸਾਰੇ।
ਤਬ ਨਵਾਬ ਬਹੁ ਕ੍ਰੋਧਹਿ ਭਰਾ ਸੋਊ ਹੁਕਮ ਉਨ ਮੋਚੀਅਨ ਕਰਾ।੧੮।
'ਇਸ ਕੀ ਖੋਪਰੀ ਸਾਥੇ ਬਾਲ। ਕਾਟ ਉਤਾਰੋ ਰੰਬੀ ਨਾਲ'।
ਤਬੈ ਕਸਾਇਨ ਵੈਸੀ ਕਰੀ। ਕਰ ਪੈਨੀ* ਸਿਰ ਰੰਬੀ ਧਰੀ।੧੯।

ਦੋਹਰਾ: ਪੈਨੀ ਖੀ ਰੰਬੀ ਕਰੀ ਧਰ ਮੱਥਜੋਂ ਦਈ ਦਬਾਇ।
ਮੱਥੇ ਤੇ ਕੰਨਾਂ ਤਈਂ ਗਿਚੀਓਂ ਦਈ ਪੁਟਾਇ।੨੦।

ਚੌਪਈ: ਸਿੰਘ ਜੀ ਮੁਖ ਤੇ ਸੀ ਨਾਂ ਕਰੀ। ਧੰਨ ਧੰਨ ਗੁਰ ਮੁਖ ਕਹਣੀ ਸਰੀ।
ਹਕਾਰੋ ਦੇਖ ਲੋਕ ਬਹੁ ਭਰੇ। ਜੋ ਸੋਅ ਸੁਨੈਂ ਸੁ ਹੈ ਹੈ ਕਰੇ।੨੧।

* ਤਿੱਖੀ।

Sri Satguru Jagjit Singh Ji eLibrary NamdhariElibrary@gmail.com

ਲੋਕ ਸਿਆਣੇ ਐਸੇ ਕਹੈਂ। 'ਪਤਿਸ਼ਾਹੀ ਇਨ ਕੀ ਨਾ ਰਹੈਂ'।
ਠਾਰਾਂ ਸੈ ਊਪਰ ਦੁਇ ਸਾਲ। ਸਾਕਾ ਕੀਯੋ ਤਾਰੂ ਸਿੰਘ ਨਾਲ।੨੨।
ਸਤਾਰਾਂ ਸੈ ਇਕਾਨਵੇਂ ਸਾਲ। ਇਸੇ ਕਰੀ ਥੀ ਹਕੀਕਤ ਨਾਲ।
ਉਸ ਤੇ ਸਰੀ ਨਹੀਂ ਥੀ ਕਾਈ। ਸਰਾਵੋਂ ਨਵਾਬ ਗਯੋ ਚੰਬਲਾਈ।੨੩।

ਦੋਹਰਾ: ਨਵਾਬ ਖਾਂ ਜ਼ੁਲਮੀ ਕਰੀ ਸ਼ੁਹਰਤ ਭਈ ਜਹਾਨ।
ਦਿਲਗੀਰੀ ਸਿੰਘਨ ਭਈ ਔ ਖੁਸ਼ੀਅਨ ਮੁੱਸਲਮਾਨ।੨੪।
ਧਰਮਸਾਲ ਸਿੱਖਨ ਹੁਤੀ ਤਾਮੈਂ ਦੀਨੋ ਪਾਇ।
'ਜਬ ਨਿਕਸੈਂਗੇ ਪ੍ਰਾਣ ਇਸ ਤਬ ਤੁਮ ਦਯੋ ਫੁਕਾਇ'।੨੫।

ਚੌਪਈ: ਸਿੰਘ ਜੀ ਮੁੱਖੋਂ ਹਾਇ ਨ ਕਰੈ। ਗੁਰੂ ਗੁਰੂ ਮੁਖ ਤੇ ਸੋ ਰਰੈ।
ਸੀਸ ਰਕਤ ਸੋਂ ਕਰੈ ਸ਼ਨਾਨ। ਜਿਉਂ ਗੰਗਾ ਮੇਂ ਟੁਭੀ ਲਾਨ[1]।੨੬।
ਜਿਮ ਮਨਸੂਰ ਨੇ ਹੱਥ ਕਟਾਏ। ਤਿਨ ਲੋਹੂ ਸੋਂ ਵੂਜ਼ੂ ਮਜਾਏ।
ਨਿਵਾਜ ਭਈ ਉਸ ਦਰਗਹ ਕਬੂਲ। ਮੁੱਲਾਂ ਕਾਜੀ ਭਏ ਰਜੂਲ[2]।੨੭।

ਦੋਹਰਾ: ਉਸ ਹੀ ਦਿਨ ਮੁ ਨਵਾਬ ਨੇ ਪੁਛ ਭੇਜਯੋ ਸਿੰਘ ਜੀ ਪਾਹੁ।
'ਤੂੰ ਜੁ ਕਹਤ ਥੋ ਕੇਸ ਹਮ ਸੀਸ ਹੀ ਸਾਥ ਨਿਬਾਹੁ।੨੮।

ਚੌਪਈ: ਯਹ ਤੁਮਰੀ ਭਈ ਝੂਠੀ ਗੱਲ। ਗਏ ਬਾਲ ਲੈਕੇ ਸਿਰ ਖੱਲ।
ਬਿਨਾਂ ਬਾਲ ਸਿਰ ਦੇਹੀ ਰਹੀ। ਦੋਊ ਬਾਤ ਤੁਝ ਝੂਠੀ ਭਈ'।੨੯।
ਤਬ ਸਿੰਘ ਨੇ ਯੌਂ ਬਾਨੀ ਕਹੀ। 'ਨਹਿੰ ਨਵਾਬ ਤੁਮ ਸਮਝੇ ਅਈ।
ਰਹੇ ਕੇਸ ਹਮ ਖੋਪਰੀ ਨਾਲ। ਹੈਂ ਝੂਠੇ ਦੁਇ ਤੁਮਰੇ ਸੁਆਲ।੩੦।
ਸੁਾਸ ਰਖੇ ਹਮ ਇਮ ਕਰ ਦੇਹ। ਮਾਰ ਜੂਤ ਤੁਝ ਅਗੇ ਧਰ ਲੇਹਿੰ।
ਉਸਤਾਦ ਮਿਲਯੋ ਤੁਧ ਅਗੇ ਨ ਕੋਇ। ਖੂਨ ਹਕੀਕਤ ਪਚ ਗਯੋ ਤੋਇ।੩੧।
ਮਾਰ ਜੂਤੀ ਧਰ ਲੇਊਂ ਆਗੇ। ਛੋਡਾਂ ਤੋਹਿ ਪਿਕੰਬਰ ਲਾਗੇ।
ਔਰ ਜੁ ਤੁਮਕੋ ਅਬ ਛਡ ਜਾਵੇਂ। ਤੁਮ ਤੇ ਆਪੇ ਬਲੀ ਕਹਾਵੇ।੩੨।
ਛੋਡ ਪਿਕੰਬਰ ਤੁਝੈ ਦਿਖਾਲ। ਦੇਊਂ ਉਸੈ ਕਚਹਿਰੀ ਡਾਲ।
ਵਹਿ ਤੁਹਿ ਕੂੜੀ ਭਰੇ ਸ਼ਫਾਤ। ਵਹਿ ਭੀ ਵਿਚੇ ਘਸੀਟਯੋ ਜਾਤ।੩੩।

ਦੋਹਰਾ: ਮਾਰ ਹਕੀਕਤ ਬਚ ਰਹਜੋਂ ਅਬ ਤੂੰ ਬਚਤੋ ਨਾਂਹਿ।
ਪਿਕੰਬਰ ਭੀ ਦੋਜਕ ਪੜੈ ਜੌ ਗਹੈ ਤੁਮਾਰੀ ਬਾਂਹ।੩੪।

ਚੌਪਈ: ਕਹੋ ਜਾਇ ਹੋ ਰਹੁ ਮਜ਼ਬੂਤ। ਮਾਰੋਂ ਬੰਦ ਕਰ ਹਗਣੇ ਮੂਤ।
ਹੋਹੁ ਤਯਾਰ ਤੂੰ ਦੋਜਕ ਤਾਊਂ। ਮਾਰ ਜੂਤਨ ਤੁਹ ਪਹਿਲੋਂ ਲਿਜਾਊਂ'।

---

੧ ਪਾ:- ਗੰਗਾ ਜਲੋ ਪਵਿਤਰ ਮਾਨ।

੨. ਰੰਜੂਰ=ਦੁਖੀ। (ਅ) ਰਜ਼ੀਲ=ਖੁਆਰ।

Sri Satguru Jagjit Singh Ji eLibrary NamdhariElibrary@gmail.com

ਸਾਖੀ ਨਵਾਬ ਕੋ ਤਮਦੀਹੇ ਜਾਨ ਕੰਦਨ ਕੇ ਅਜ਼ਾਬ ਕੀ

੧੪੩. [ਨਵਾਬ ਦਾ ਪਿਸ਼ਾਬ ਬੰਦ ਹੋਣਾ]

ਦੋਹਰਾ: ਉਸ ਹੀ ਵਖਤ ਨਵਾਬ ਕੋ ਭਯੋ ਸੁ ਬੰਦ ਪਿਸ਼ਾਬ।
ਯੌ ਤੜਫੈ ਜਿਮ ਥਲ ਮਛੀ, ਪਾਵਤ ਭਯੋ ਅਜ਼ਾਬ।੧।

ਚੌਪਈ: ਕਦੇ ਭੂਮ ਕਦੇ ਪਲੰਘੈ ਪਵੈ। ਕਦੇ ਟਿਕੈ ਕਦੇ ਉਠ ਉਠ ਧਵੈ।
ਕਦ ਊਂਧੇ ਕਦ ਮੂਧੋ ਹੋਇ। ਕਦ ਕੂਕੈ ਕਦ ਪਰੈ ਸੁ ਰੋਇ।੨।
ਲਗੇ ਮੰਗਾਵਨ ਮੁੱਲਾਂ ਕਾਜ਼ੀ। ਕਹੈ 'ਆਇ ਹਮ ਕਰੀਏ ਰਾਜ਼ੀ'।
ਪੜ੍ਹ ਪੜ੍ਹ ਸੈਫ਼ੀ ਕਲਾਮਨ ਫੂਕੈਂ। ਤਿਮ ਤਿਮ ਲਗੈ ਨਵਾਬ ਤਨ ਹੂਕੈਂ।੩।
ਨੀਲਾ ਬਾਣਾ ਹਥ ਖਡ ਸੋਟੇ। ਮਾਰੈਂ ਸ਼ਹੀਦ ਭੰਗ ਘੋਟਣੇ ਮੋਟੇ।
ਜਿਮ ਜਿਮ ਪੀਰ ਪਿਕੰਬਰ ਪਜਾਵੈ। ਤਿਮ ਤਿਮ ਸ਼ਹੀਦ ਉਸ ਬਹੁਤ ਅਕਾਵੈਂ।੪।
ਕਹੈਂ 'ਦੁਸ਼ਟ! ਤੁਰ ਆਗੇ ਚਾਲ'। ਕਰੈਂ ਨਵਾਬ ਕੋ ਐਸ ਹਵਾਲ।
ਸਨਮੁਖ ਨਦਰ ਨਵਾਬੇ ਆਵੈ। ਸੀਸ ਕਰਦ ਹਥ ਚਕਰ ਘੁਮਾਵੈਂ।੫।
ਨਵਾਬ ਦੇਖੇ ਅਰ ਥਰ ਥਰ ਕੰਪੇ। ਮੁਖ ਤੇ ਨਾਮ ਪਿਕੰਬਰ ਜੰਪੇ*।
ਕਹ ਹਜ਼ਰਾਇਤ ਮੰਗਾਵੈ ਪੀਰ। ਦੇਖ ਭੁਜੰਗਨ ਹੁਇ ਜਾਇੰ ਤਗੀਰ।੬।

ਦੋਹਰਾ: ਪੀਰ ਪਿਕੰਬਰ ਜਿਸ ਜਪੈ ਸੋਈ ਆਵੈ ਧਾਇ।
ਚੱਕ੍ਰ ਕਟਾਰੀ ਕਰਦ ਸੌਂ ਮਾਰ ਸ਼ਹੀਦ ਦੇਹਿੰ ਨਠਾਇ।੭।

ਚੌਪਈ: ਪੀਰ ਪਿਕੰਬਰ ਦੇਖੈ ਜਾਤੇ। ਤਜੀ ਆਸ ਤਿਨ ਕਾਜ਼ੀ ਮੁੱਲਾਂ ਤੇ।
ਨਵਾਬ ਰਹਜੋ ਉਨ ਆਸ ਚੁਕਾਈ। ਤਬ ਖਾਲਸੇ ਉਸ ਆਸ ਤਕਾਈ।੮।
ਜਿਹ ਸਿਰ ਪਰ ਦੁਖ ਲਾਗੇ ਬੰਦੇ। ਬੁਰੇ ਲਗੈਂ ਤਿਸ ਸਭ ਹੀ ਧੰਦੇ।
ਦੀਨ ਬਿਦੀਨ ਪੀਰ ਗੁਰ ਜੇਤੇ। ਦੁਖੀਏ ਲੋਕ ਸੇਵਤ ਹੈਂ ਤੇਤੇ।੯।
ਜਿਨ ਜਿਨ ਤੇ ਕੁਛ ਭਲੋ ਨ ਹੋਇ। ਸੇਵਤ ਲੋਕ ਔਰਨ ਕੋ ਤੋਇ।
ਭਟਕ ਭਟਕ ਨਰ ਔਰਨ ਸੇਵੈਂ। ਅਪਨੋ ਧਰਮ ਮੂੜ੍ਹ ਇਮ ਖੋਵੈਂ।੧੦।
ਕੋਊ ਮੂਰੋ ਪੂਰੋ ਸਰੀਰ। ਨਿਜ ਗੁਰ ਪਰ ਹੀ ਰਾਖੈ ਧੀਰ।
ਹੈ ਗੁਰ ਸਿਖ ਕੋ ਕੋ ਜਗ ਮਾਂਹਿ। ਬੇਮੁਖ ਹੋਹਿੰ ਨ ਦੁਖ ਕਰ ਆਹਿ।੧੧।

ਦੋਹਰਾ: ਬੰਦੀਖਾਨੋਂ ਸਭ ਛਡਜੋ ਕਰ ਕਰ ਨੁਾਬ ਸਲਾਮ।
ਤੌ ਭੀ ਬੰਧਨ ਨਹਿੰ ਛੂਟਜੋ ਨਹਿੰ ਪਾਯੋ ਕਛੂ ਅਰਾਮ।੧੨।

ਚੌਪਈ: ਤਬ ਨਵਾਬ ਕੇ ਯਹ ਜੀਅ ਆਈ। 'ਸਿੰਘ ਸ੍ਰਾਪ ਸਿੰਘਨ ਤੇ ਜਾਈ।
ਜੇ ਰਾਖੈਂ ਤੋ ਸਿਖ ਰਖਾਵੈ। ਤਾਰੂ ਸਿੰਘ ਤੇ ਸਿਖ ਬਖਸ਼ਾਵੈਂ'।੧੩।
ਸ਼ਹਿਰੀ ਸਿੰਘ ਨਵਾਬ ਬੁਲਾਏ। ਸੋ ਡਰਦੇ ਸਭ ਹੀ ਚਲਿ ਆਏ।
ਜੋੜ ਹਾਥ ਤਿਨ ਅਗੇ ਖਲੋਈ। 'ਮੈਂ ਤਕਸੀਰ ਕਿਮਹਿ ਬਖਸ਼ੋਈ।੧੪।

* ਜਪੇ, ਅਰਾਧੇ।

Sri Satguru Jagjit Singh Ji eLibrary NamdhariElibrary@gmail.com

ਤਾਰੂ ਸਿੰਘ ਤੇ ਖਤਾ ਬਖਸ਼ਾਵੇ। ਖੋਪਰੀ ਸੀਸ ਪਰ ਕਿਵੇਂ ਟਿਕਾਵੇ'।
ਡਰਤ ਸਿੱਖਨ ਜਾਇ ਆਖੀ ਸੋਈ। ਉੱਤਰ ਤਾਰੂ ਸਿੰਘ ਐਸ ਬਤੋਈ।੧੫।
'ਕਹੁ ਨਵਾਬ ਕਿਮ ਤਰਲੇ ਲੇਵੈ। ਅਬ ਹਮ ਖੋਪਰੀ ਕਾਹਿ ਛੁਹੇਵੈਂ।
ਜੋ ਤੁਧ ਵਿਚ ਸੋ ਲਾਇ ਲੈ ਤਾਨ। ਨਹਿੰ ਛਾਡੋਂ ਤੁਧ ਏਸ ਜਹਾਨ'।੧੬।

ਦੋਹਰਾ: ਤਬ ਨਵਾਬ ਮਨ ਜਾਨਿਓ ਮੁਹਿ ਰਾਖ ਨ ਸਾਕੈ ਕੋਇ।
ਰਾਖਨ ਆਖੈ ਜੋ ਮੁਝੈ ਸਾਥੇ ਜਾਵੈ ਸੋਇ।੧੭।

ਚੌਪਈ: ਜਿਮ ਜਿਮ ਸ਼ਹੀਦ ਜੁ ਸੋਟੇ ਲਾਵੈਂ। ਤਿਉਂ ਤਿਉਂ ਨਵਾਬ ਗ਼ਸ਼ੀਆਂ ਪੈ ਜਾਵੈਂ।
ਜਿਮ ਜਿਮ ਸ਼ਹੀਦ ਉਸ ਦੇਵੈਂ ਤ੍ਰਾਸ। ਨਬਾਬਹਿ ਆਵੈਂ ਔਖੇ ਸਾਸ।੧੮।
ਤਬ ਨਵਾਬ ਕੇ ਯਹ ਜੀਅ ਆਈ। 'ਕਰੈ ਨ ਕਰੈ ਅਬ ਖਾਲਸੋ ਮਹਾਈ'।
ਸੁਬੇਗ ਸਿੰਘ ਛੱਡ* ਪਾਸ ਬੁਲਾਯਾ। ਹਾਲ ਅਪਣੋਂ ਉਸੈ ਸੁਨਾਯਾ।੧੯।
ਕਹਯੋ 'ਸ਼ਹੀਦ ਮੁਝ ਛਾਡਤ ਨਾਂਹੀਂ। ਪੀਰ ਪਿਕੰਬਰਨ ਰਹਯੋ ਧਿਆਈ।
ਪੀਰ ਪਿਕੰਬਰ ਆਵੈਂ ਪਾਸ। ਦੌੜ ਸ਼ਹੀਦ ਕਰੈਂ ਉਨ ਨਾਸ਼।੨੦।
ਅਬ ਤੇ ਆਸ ਹਮ ਸਿੰਘਨ ਰਹੀ। ਮਾਰੇ ਰਾਖੇ ਖਾਲਸੇ ਸਹੀ'।
ਸੁਬੇਗ ਸਿੰਘ ਤਬ ਸੀਸ ਹਿਲਾਯਾ। 'ਸੰਤ ਸਰਾਪ ਨ ਜਾਤ ਮਿਟਾਯਾ'।੨੧।
ਬਹੁਤ ਖੌਫ ਤਿਨ ਮਨ ਮੈਂ ਖਾਯਾ। 'ਸੁੱਤੇ ਸ਼ੇਰ ਨ ਚਹੀਏ ਜਗਾਯਾ।
ਮਤ ਹਮ ਪਰ ਕਛੁ ਕਰ ਦੈ ਵਾਕ। ਹੁਵੈ ਮਾਰ ਸੋ ਪੀੜ੍ਹੀ ਲਾਕ'।੨੨।

ਦੋਹਰਾ: ਸੁਬੇਗ ਸਿੰਘ ਚੁਪ ਹੋ ਰਹਯੋ ਫੁਰੈ ਨ ਕਾਈ ਬਾਤ।
ਨਵਾਬ ਤਬੈ ਲਾਵਣ ਲਗੋ ਸੁਬੇਗ ਸਿੰਘ ਪਗ ਹਾਤ।੨੩।

ਚੌਪਈ: ਸੁਬੇਗ ਸਿੰਘ ਜੀਅ ਯਹ ਆਈ। 'ਨਵਾਬ ਕਹਯੋ ਤਿਮ ਕਹਿਹੌਂ ਜਾਈ।
ਨਵਾਬ ਕਹਯੋ ਮੁਝ ਕਰਯੋ ਸਲਾਮ। ਬਖਸ਼ੋ ਮੋਹ ਅਬ ਦੇਹੁ ਅਰਾਮ।੨੪।
ਮੁਝ ਖਾਤਰ ਹਥ ਕਦਮੀਂ ਲਾਯੋ। ਜੋ ਚਾਹੋ ਸੋ ਕਰਾਰ ਬੰਧਾਯੋ।
ਫੇਰ ਸਿੰਘਨ ਕੋ ਮੈਂ ਨਹਿੰ ਮਾਰੋਂ। ਜੇ ਰਾਖੋ ਤੁਮ ਸਾਸ ਹਮਾਰੋ।੨੫।
ਜੋ ਤੁਮ ਹਮ ਕੋ ਬਖਸ਼ੋ ਨਾਹੀਂ। ਤੌ ਸਾਸ ਹਮਾਰੇ ਦੁਖ ਸੌਂ ਜਾਹੀਂ।
ਮਰੌਂ ਸਹੀ ਪਰ ਛੁਟੇ ਪਿਸ਼ਾਬ। ਜਾਵੈ ਜਿੰਦ ਪਰ ਬਿਨਾਂ ਅਜ਼ਾਬ'।੨੬।

ਦੋਹਰਾ: ਨਬਾਬ ਕਹੀ ਸੋ ਸਭ ਕਹੀ ਸੁਬੇਗ ਸਿੰਘ ਨੇ ਜਾਇ।
ਅਗਯੋਂ ਤਾਰੂ ਸਿੰਘ ਕਹੀ 'ਫੁਰਮਾਇਸ਼ ਦੁਸ਼ਟਨ ਲਜਾਇ।੨੭।

ਚੌਪਈ: ਜੋ ਸਿਖ ਹਮ ਪੈ ਸਿਖ ਕੰਮ ਆਵੈ। ਹਮਰੇ ਚਾਮ ਕੀ ਪਨਹੀ ਬਨਾਵੈ।
ਸਿਖ ਕਾਰਨ ਪਗ ਧਰੈ ਜੁ ਧਰਨ। ਹਮ ਧਾਰੈਂ ਸਿਰ ਉਸ ਕੇ ਚਰਨ।੨੮।
ਨਿਬਾਬ ਜੋਗ ਵਗਨੀ ਵਗ ਗਈ। ਸਫਾਰਸ਼ ਦੁਸ਼ਟ ਨ ਚਹੀਯਤ ਕਹੀ।
ਸਿਖ ਪਰ ਹਮਰੋ ਨਾਂਹਿ ਬਸਾਇ। ਔਰ ਕਰੇ ਸੰਗ ਉਸ ਕੇ ਜਾਇ'।੨੯।

* ਭਾਈ ਸੁਬੇਗ ਸਿੰਘ ਜੀ ਕੈਦ ਸਨ, ਪਿਛੇ ਪ੍ਰਸੰਗ ਆ ਚੁਕਾ ਹੈ।

Sri Satguru Jagjit Singh Ji eLibrary NamdhariElibrary@gmail.com

ਸੁਬੇਗ ਸਿੰਘ ਆ ਦੀਯੋ ਜੁਬਾਬ। 'ਬਹੁਤ ਦੁਖੀ ਅਬ ਭਯੋ ਨਿਬਾਬ।
ਜਿਉਂ ਜਿਉਂ ਕਰੈਂ ਹਕੀਮੀ ਲੋਗ। ਨਿਬਾਬ ਬਿਆਪੇ ਬਹੁਤੇ ਰੋਗ।੩੦।
ਕਰ ਨਹਿੰ ਸਕੈ ਨਵਾਬ ਸੁ ਚੂਪ। ਦੁਖ ਕਰ ਮਾਰੇ ਬਡੀ ਸੁ ਕੂਕ'।
ਸੁਬੇਗ ਸਿੰਘ ਸੋਂ ਯੌਂ ਫਿਰ ਕਹਯੋ। 'ਮੈਂ ਅਬ ਖਾਲਸੇ ਸ਼ਰਨੀ ਅਯੋ'।੩੧।

ਦੋਹਰਾ: ਤਾਰੂ ਸਿੰਘ ਕੇ ਸ੍ਰਾਪ ਹੁਇ ਸ਼ਕੈ ਨ ਕੋਊ ਮੋਰ।
ਜੇ ਮੋੜੇ ਤੋ ਖਾਲਸਾ ਔਰ ਨ ਸਾਕੇ ਮੋਰ।੩੨।

ਚੌਪਈ: 'ਜਿਸ ਜਲ ਉਪਜੈ ਸੋ ਜਲ ਮਾਰੇ। ਜੋ ਜਲ ਮਾਰੇ ਸੋ ਜਲ ਤਾਰੇ।
ਜੋਊ ਖਾਲਸੋ ਮਾਰਨ ਵਾਰ। ਖਾਲਸੋ ਚਹੈ ਤੋ ਕਰੈ ਨਿਹਾਲ।੩੩।
ਤੱਤ ਖਾਲਸੋ ਹੈ ਜਿਹ ਜਾਇ। ਜਾਇ ਤੁਰਤ ਤੂੰ ਤਿਮ ਹੀ ਥਾਇ।
ਹਮਰੇ ਥਾਂ ਤੁਮ ਪੈਰੀਂ ਪਰੋ। ਹਮਰੀ ਥਾਂ ਤੁਮ ਬਿਨਤੀ ਕਰੋ।੩੪।
ਮੈਂ ਤੇ ਹੋਈ ਬਡ ਤਕਸੀਰ। ਮੈਂ ਤੁਮਰੇ ਹੌਂ ਦੇਵਨਗੀਰ।
ਹੈ ਗੁਰ ਤੁਮਰੋ ਲਿਖਿਆ ਯਾਹਿ। 'ਸੰਤ ਦੋਖੀ ਕਾ ਥਾਉ ਕੋ ਨਾਹਿ'।੩੫।
'ਸੰਤ ਕਾ ਨਿੰਦਕੁ ਮਹਾ ਹਤਿਆਰਾ। ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ।'
'ਸੰਤ ਭਾਵੈ ਤਾ ਲਏ ਉਬਾਰਿ'। ਯੌ ਲਿਖਿਓ ਤੁਮ ਗ੍ਰੰਥ ਮਝਾਰ।੩੬।

ਦੋਹਰਾ: ਔਰ ਬਾਤ ਹਮ ਇਕ ਸੁਨੀ ਗੁਰੂ ਖਾਲਸੇ ਰਾਯੋ ਬਤਾਇ।
ਪੰਜ ਸਿੱਖ ਜਹਿੰ ਹਥ ਜੋੜੈਂ ਤਹਿੰ ਮੈਂ ਪਹੁੰਚੋਂ ਆਇ।੩੭।

ਚੌਪਈ: ਗੁਰੂ ਗ੍ਰੰਥ ਮੈਂ ਲਿਖਿਓ ਜੋਇ। ਸਿਖ ਸੰਗਤ ਕਹੇ ਸੱਤ ਸੁ ਹੋਇ।
ਦਿਹੋ ਪ੍ਰਤਾਇ ਸੁ ਹਮੈਂ ਦਿਖਾਇ'। ਐਸੇ ਆਖਯੋ ਨਵਾਬ ਬਨਾਇ।੩੮।
'ਔਰ ਸੁਨੀ ਮੈਂ ਪੜ੍ਹਤੇ ਬਾਨੀ। ਸੁਖਮਨੀ ਜੋ ਗੁਰੂ ਬਖਾਨੀ।
'ਸੰਤ ਦੋਖੀਕਾ ਥਾਉ ਕੋ ਨਾਹਿ। ਨਾਨਕ ਸੰਤ ਭਾਵੈ ਤਾਓ ਇਭੀ ਗਤਿ ਪਾਹਿ'।੩੯।
'ਸੰਤ ਕੀ ਨਿੰਦਾ ਦੋਖ ਮਹਿ ਦੋਖੁ। ਨਾਨਕ ਸੰਤ ਭਾਵੈ ਤਾ ਉਸਕਾ ਭੀ ਹੋਇ ਮੋਖੁ'।
'ਸੰਤ ਕੇ ਦੋਖੀ ਕੋ ਨਾਹੀ ਠਾਉ। ਨਾਨਕ ਸੰਤ ਭਾਵੈ ਤਾ ਲਏ ਮਿਲਾਇ'।੪੦।
'ਸੰਤ ਕੇ ਦੋਖੀ ਕਉ ਅਵਰ ਨ ਰਾਖਨ ਹਾਰੁ। ਨਾਨਕ ਸੰਤ ਭਾਵੈ ਤਾ ਲਏ ਉਬਾਰਿ'।
ਜੌ ਯਹ ਬਾਨੀ ਹੈ ਗੁਰ ਸਾਚੀ। ਤੌ ਤਕਸੀਰ ਕਰੋ ਮੁਝ ਕਾਚੀ।੪੧।

ਦੋਹਰਾ: ਹਮ ਸਮ ਪਾਪੀ ਨਹਿੰ ਕੋਊ ਸੰਤ ਖਾਲਸੇ ਸਮ ਨਹਿੰ ਕੋਇ।
ਸੁਖਮਨੀ ਮੈਂ ਜੋ ਲਿੱਖਿਓ ਪ੍ਰਤਾਇ ਦਿਖਾਲੋ ਸੋਇ।੪੨।
ਜੋ ਗੁਰਬਾਨੀ ਮੈਂ ਸ਼ਕਤ ਤੌਂ ਸਿਖ ਸੱਚ ਪੰਜਨ ਮਾਂਹਿ।
ਤੌ ਤੂੰ ਜਾਇ ਨਵਾਬ ਪੈ ਜੋ ਹੈ ਸਿੰਘਨ ਮਾਂਹਿ।੪੩।
ਜੌ ਜਿੰਦ ਬਖਸ਼ੇ ਨਾਂਹਿ ਸਿੰਘ ਤੌ ਇਤਨੀ ਤੋ ਕਰ ਲਜਾਇ।
ਇਕ ਬਾਰ ਦੁਖੋਂ ਛੁਡਾਇ ਕਰ ਫਿਰ ਤਾਰੂ ਸਿੰਘ ਲੈ ਜਾਇ'।੪੪।
ਸੁਬੇਗ ਸਿੰਘ ਜੰਬਰ ਤੁਰਯੋ ਜਾ ਪਹੁੰਚਯੋ ਖਾਲਸੇ ਪਾਸ।
ਫਤੇ ਬੁਲਾਈ ਸਤਿਗੁਰੂ ਕਰ ਕੁਰਨਸ ਬਹੁਤ ਹੁਲਾਸ।੪੫।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸਮੂਹ ਖਾਲਸੇ ਦਿਵਾਨ ਲਗਾਯਾ। ਆਦਰ ਸੌਂ ਸੁਬੇਗ ਸਿੰਘ ਬੁਲਾਯਾ।
ਸੁਬੇਗ ਸਿੰਘ ਕੀ ਕੁਸ਼ਲ ਪੁਛ ਲਈ। ਕਪੂਰ ਸਿੰਘ ਜੀ ਨਵਾਬ ਆਇ ਪਈ।
ਫਿਰ ਪੂਛੀ ਤਾਰੂ ਸਿੰਘ ਬਾਤ। 'ਮਾਰ ਸਾਤ ਖਾਨੂ ਸਿਰ ਲਾਤ'।
'ਧੰਨ ਧੰਨ ਤਾਰੂ ਸਿੰਘ' ਉਚਾਰਯੋ। 'ਧ੍ਰਿਗ ਧ੍ਰਿਗ ਨਵਾਬ ਖਾਂ ਨੂੰ' ਧਿਰਕਾਰਯੋ।੪੭।
'ਧੰਨ ਮਾਤ ਪਿਤ, ਧੰਨ ਉਸ ਭਾਈ। ਸਿੱਖੀ ਰਖੀ ਔ ਦੇਹਿ ਗਵਾਈ।
ਐਸੀ ਔਰ ਪੁਰਖ ਕਿਨ ਕਰੀ। ਉਤਾਰ ਸੀਸੋਂ ਜਿਨ ਖੋਪਰੀ ਧਰੀ'।੪੮।

ਦੋਹਰਾ: ਸੁਬੇਗ ਸਿੰਘ ਤਬ ਸੋ ਕਹੀ ਜੋ ਕਹੀ ਨਵਾਬ ਬਨਾਇ।
ਸੁਨਤ ਸੁ ਸਿੰਘਨ ਇਮ ਲਗੀ ਜਿਮ ਬਰੂਦੈ ਅਗਨ ਛੁਹਾਇ।੪੯।
ਤਬੈ ਸਿੰਘ ਸੁਨ ਯੌ ਕਹਯੋ 'ਅਬ ਚੜ੍ਹੋ ਲਹੌਰੇ ਧਾਇ।
ਯਾ ਸਿਰ ਕਟੀਏ ਨਵਾਬ ਕੋ ਕੈ ਅਪਨੋ ਰਹੀਏ ਕਟਾਇ'।੫੦।

ਚੌਪਈ: ਕੋਊ ਕਹੈ 'ਉਹਾਂ ਜਾਨ ਕਿਮ ਪਾਵੈਂ। ਹਮ ਥੋੜੇ ਕਿਮ ਕਰ ਹਮ ਜਾਵੈਂ'।
ਕੋਊ ਕਹੈ 'ਹਮ ਭੇਖ ਬਟਾਵੈਂ'। ਕੋਊ ਕਹੈ 'ਹਮ ਰਾਤੀਂ ਧਾਵੈਂ।੫੧।
ਜੌ ਉਨ ਮਾਰਤ ਹਮ ਮਰ ਜਾਈਏ। ਸੱਤਿ ਸ਼ਹੀਦੀ ਸਿਦਕ ਕਮਾਈਏ।
ਤਾਰੂ ਸਿੰਘ ਤੇ ਪਹਿਲਾਂ ਜਾਈਏ। ਜਾਇ ਦਰਗਾਹ ਮੈਂ ਰੌਰ ਮਚਾਈਏ।੫੨।
ਸੁਫਲ ਜਨਮ ਅਪਨੋ ਕਰ ਲਈਏ। ਕਰੁ ਅਰਦਾਸ ਨ ਢਿੱਲ ਲਗਈਏ।
ਤਾਰੂ ਸਿੰਘ ਕਿਯ ਜਹਾਜ਼ ਤਿਆਰ। ਦੁਖ ਸਾਗਰ ਤਰ ਹੋਈਏ ਪਾਰ'।੫੩।

ਦੋਹਰਾ: ਫਿਰ ਸਿੰਘਨ ਸੁਨ ਯੌ ਕਹੀ 'ਪ੍ਰਣ ਤਾਰੂ ਸਿੰਘ ਲਯੋ ਧਾਰ।
ਲੈ ਜਾਊਂ ਉਸ ਘਰ ਅਗੈ ਜੂਤਨ ਸੇਤੀ ਮਾਰ'।੫੪।

ਚੌਪਈ: ਤੌ ਖਾਲਸੇ ਕਛੁ ਧੀਰ ਮਨ ਆਈ। 'ਤਾਰੂ ਸਿੰਘ' ਕਹਯੋ 'ਧੰਨ ਤੋਹਿ ਕਮਾਈ।
ਤਾਰੂ ਸਿੰਘ ਬਚ ਤਿਖੀ ਤਲਵਾਰ। ਜਾਵੈ ਚੀਰ ਸੁਮੇਰੋਂ ਪਾਰ।੫੫।
ਤਾਰੂ ਸਿੰਘ ਉਸ ਦਈ ਜੜ੍ਹ ਪੁੱਟ। ਪੀਰ ਪਿਕੰਬਰ ਦੋਵੇਂ ਤਖਤੋਂ ਸੁੱਟ।
ਸੰਤ ਸਰਾਪ ਚਹਿ ਮੇਟਯੋ ਜੋਇ। ਪਹਿਲੋਂ ਛੁਟੈ ਢਾਲ ਜਿਮ ਸੋਇ।੫੬।
ਉਸ ਕੀ ਜਿੰਦ ਕੋ ਜੋ ਰਖ ਸੱਕੈ। ਸ਼ਹੀਦ ਮਾਰੈਂ ਉਸ ਸਾਥੈ ਧੱਕੈ।
ਸੰਤ ਸ੍ਰਾਪ ਕੋ ਕਰੈਂ ਜੁ ਓਟ। ਇਕੋ ਚੋਟ ਫੁਟੈ ਕੋਟਨ ਕੋਟ'।੫੭।
ਸੁਬੇਗ ਸਿੰਘ ਤਬ ਬਚਨ ਉਚਾਰੇ। 'ਸੁਨੋ ਸੰਤ ਤੁਮ ਸਿੱਖ ਪਿਆਰੇ।
ਨਵਾਬ ਮਰਨ ਮੈਂ ਕੁਛ ਕਸਰ ਨਾਹੀਂ। ਸਭੀ ਤੁਰਕ ਲਰ ਮਰ ਗਲ ਜਾਹੀਂ'।੫੮।

ਦੋਹਰਾ: ਸੁਬੇਗ ਸਿੰਘ ਫਿਰ ਇਮ ਕਹੀ 'ਉਨ ਲਈ ਖਾਲਸੇ ਓਟ।
ਨਹਿ ਸ਼ਕਤ ਦਿਖਾਲੇ ਖਾਲਸੋ ਤੌ ਲਗੇ ਖਾਲਸੇ ਖੋਟ।੫੯।

ਚੌਪਈ: ਸਭੋ ਖਾਲਸੇ ਮਾਂਹਿ ਤੁਫੀਕ। ਆਹਿ ਖਾਲਸੋ ਮੁੱਖ ਅਮੀਕ।
ਤਾਰੂ ਸਿੰਘ ਉਸ ਪਰਚਾ ਲਾਯਾ। ਤਾਰੂ ਸਿੰਘ ਉਸ ਸੱਚ ਦਿਖਾਯਾ।੬੦।

Sri Satguru Jagjit Singh Ji eLibrary NamdhariElibrary@gmail.com

ਗੁਰੂ ਖਾਲਸੋ ਖਾਲਸੋ ਗੁਰ ਆਪ। ਤਾਰੂ ਸਿੰਘ ਨਿਬਾਬ ਕਹਯੋ ਆਪ।
ਨਵਾਬ ਖਾਲਸੇ ਪੁਨ ਸੱਚਾ ਆਯਾ। ਤੈਂ ਖਾਲਸੇ ਪਹਿ ਮੋਹਿ ਘਲਾਯਾ।੬੧।
ਖਾਲਸੇ ਮਹਿੰ ਉਨ ਲਖੀ ਤੁਫੀਕ। ਖਾਲਸੋ ਮੁੱਖ ਉਨ ਲਖਯੋ ਅਮੀਕ।
ਕਹੇ ਖਾਲਸੇ ਸਭ ਕਰ ਦੇਤ। ਗੁਰੂ ਖਾਲਸੇ ਮੈਂ ਭਿੰਨ ਨ ਭੇਤ।੬੨।
ਗੁਰੂ ਖਾਲਸੋ ਖਾਲਸੋ ਗੁਰੂ। ਕਹਿ ਗਏ ਗੁਰੂ ਭਯੋ ਜਬ ਤੁਹੂ।
ਸੰਤ ਸਿੱਖਨ ਮੈਂ ਭੇਤ ਕਛੁ ਨਾਹੀਂ। ਹੈ ਸਭ ਸਿੱਖਨ ਮਾਂਹਿ ਸੰਤਾਈ।੬੩।

ਦੋਹਰਾ: ਮਾਰੈਂ ਰੇਖ ਪਰ ਮੇਖ ਸੰਤ ਦੋਵੇਂ ਜੁਗ ਪਲਟਾਇ।
ਸੋਊ ਸੰਤ ਅਬ ਖਾਲਸੋ ਦੇਖਯੋ ਹਮ ਪਰਤਜਾਇ।੬੪।

ਚੌਪਈ: ਉਸੀ ਖਾਲਸੇ ਮੈਂ ਸ਼ਰਨ ਆਯੋ। ਚਹੀਯਤ ਹੈ ਕਛੁ ਪਰਚਾ ਲਾਯੋ।
ਅਪਨੇ ਗੁਰ ਕੀ ਲਾਜ ਨਿਬਾਹਾ। ਮੈਨੂੰ ਕਸ਼ਟੋਂ ਕਿਵੇਂ ਬਚਾਹਾ।੬੫।
ਜਿਮ ਉਨ ਦੁਸ਼ਟ ਥੀ ਮੈਨੂੰ ਕਹੀ। ਸਕਲ ਖਾਲਸ ਮੇਂ ਕਹਿ ਦਈ।
ਔ ਤਾਰੂ ਸਿੰਘ ਥੋਂ ਪੂਛ ਆਯਾ। ਉਨ ਖਾਲਸੇ ਕੋ ਅਦਬ ਸੁਨਾਯਾ।੬੬।
ਔਰ ਕਿਸੀ ਕੋ ਮੰਨੈ ਨ ਤਾਣ। ਖਾਲਸੇ ਕੇ ਚਹਿ ਰਾਖਯੋ ਮਾਣ।
ਖਾਲਸੈ ਉਤੇ ਉਸ ਗੁਸਾ ਨ ਹੋਇ। ਕਹੀ ਖਾਲਸੇ ਮੰਨ ਲੈ ਸੋਇ।੬੭।
ਜੋ ਕੁਛ ਖਾਲਸੇ ਆਛੋ ਹੋਈ। ਲਗਤ ਤਾਰੂ ਸਿੰਘ ਆਛੋ ਸੋਈ।
ਤਾਰੂ ਸਿੰਘ ਤੇ ਡਰੋ ਸੁ ਨਾਹੀਂ। ਸੁਬੇਗ ਸਿੰਘ ਯੋ ਆਖ ਸੁਨਾਈ।੬੮।
ਤਬੈ ਖਾਲਸੇ ਬਾਤ ਬਿਚਾਰੀ। 'ਮਾਨੈਂਗੋ ਜੋ ਕਹੀ ਹਮਾਰੀ'।
ਸਭ ਸਿੰਘਨ ਨੇ ਮਤਾ ਪਕਾਯਾ। ਗੁਰੂ ਖਾਲਸੇ ਐਸ ਠਰ੍ਹਾਯਾ।੬੯।

ਦੋਹਰਾ: ਪਹਿਲਾਂ ਜੁ ਬਾਰਾਂ ਮਾਜਰੇ ਥੇ ਅੰਮ੍ਰਿਤਸਰ ਸਾਥ।
ਛੋਟੇ ਲੈ ਕੇ ਬਡੇ ਦੈ ਉਠਕੇ ਅਪਨੇ ਹਾਥ।੭੦।

ਚੌਪਈ: ਖਾਨ ਬਹਾਦਰ ਖਾਨੋਂ ਭੈਣ। ਵਸੈ ਫਰਜ਼ੁੱਲਾ ਖਾਂ ਕੇ ਐਨ।
ਫ਼ਜ਼ੁੱਲਾਪੁਰ ਤਿਸ ਗ੍ਰਾਮ ਬਸਾਯਾ। ਨਵਾਬ ਕਪੂਰ ਸਿੰਘ ਥੋਊ ਵਸਾਯਾ।੭੧।
ਤਿਸਕੋ ਪਟੋ ਦਯੋ ਘਲਾਇ। ਸਿੰਘ ਪੁਰੋ ਤਿਸ ਨਾਮ ਧਰਾਇ'।
ਸੁਨ ਕਪੂਰ ਸਿਘ ਗੁੱਸਾ ਕੀਆ। 'ਮਾਂਗਯੋ ਰਾਜ ਕਿਨ ਹਮਕੋ ਦੀਆ।੭੨।
ਸਭੈ ਪਿੰਡ ਅਬ ਹੋਹਿੰ ਹਮਾਰੇ। ਜਬ ਹਮ ਲੇਹਿੰ ਲਹੌਰੈ ਮਾਰੇ।
ਅਬ ਜੁ ਹਮੈਂ ਗੁਰ ਬਚਨ ਸੁਨਾਏ। ਮਰਨ ਕਾਲ ਕੇ ਦੁਖ ਸੰਤਾਏ।੭੩।
ਮਰਨ ਕਾਲ ਕੋ ਦੁਖ ਹੈ ਭਾਰੀ'। ਨਵਾਬ ਕਪੂਰ ਸਿੰਘ ਐਸ ਉਚਾਰੀ।
'ਜਨਮ ਮਰਨ ਜਗ ਦੁਖ ਦੇ ਆਹੀ। ਯਾਂਤੇ ਸਤਿਗੁਰ ਹੋਇੰ ਸਹਾਈ।੭੪।

ਦੋਹਰਾ: ਇਮ ਉਨ ਸ੍ਰੀ ਗੁਰੁ ਗ੍ਰੰਥ ਕੋ ਲਯੋ ਆਸਰੋ ਆਇ।
ਇਤਨੀ ਖ਼ਾਤਰ ਦੁਸ਼ਟ ਕੋ ਦੀਜੈ ਪ੍ਰਚਾ ਦਿਖਾਇ।੭੫।

Sri Satguru Jagjit Singh Ji eLibrary NamdhariElibrary@gmail.com

ਚੌਪਈ: ਦੁਸ਼ਟ ਬਖਸ਼ਨੋ ਬਡੋ ਅਜੋਗ। ਗੁਰ ਕੇ ਬਚਨ ਰਖਨ ਭਯੋ ਜੋਗ'।
ਪੰਜ ਸਿੰਘ ਤਬ ਸਿੰਘਨ ਉਠਾਏ। ਇਮ ਕਹਿ ਦਈ ਅਰਦਾਸ ਕਰਾਏ। ੭੬।
'ਤਾਰੂ ਸਿੰਘ ਕੀ ਜੂਤਨ ਮਾਥ। ਨਵਾਬ ਲਵਾਵੈ ਸਿੰਘ ਕੇ ਹਾਥ।
ਛੁਟੈ ਪਿਸ਼ਾਬ ਨਵਾਬ ਸੁਖ ਹੋਇ। ਫਿਰ ਮਰੈ ਤਾਰੂ ਸਿੰਘ ਆਗੈ ਸੋਇ'। ੭੭।
'ਤਾਰੂ ਸਿੰਘ ਕੀ ਆਗਜਾ ਪਾਓ। ਤੌ ਨਵਾਬ ਕੇ ਜੁਤੀ ਛੁਹਾਓ।
ਤਾਰੂ ਸਿੰਘ ਕੀ ਆਗਜਾ ਬਾਝ। ਕਰੋ ਨ ਕਛੂ ਨਿਬਾਬੈ ਕਾਜ। ੭੮।
ਗੁਰ ਬਦਨਨ ਖਾਤਰ ਯੌ ਕੀਓ। ਤਾਰੂ ਸਿੰਘ ਕੋ ਯੌਂ ਕਹਿ ਦੀਓ'।
ਸੁਬੇਗ ਸਿੰਘ ਬਹੁ ਕੁਰਨਸ਼ ਕਰੀ। ਚਲਯੋ ਬਚਨ ਲੈ ਸਿਰ ਪਰ ਧਰੀ। ੭੯।

ਦੋਹਰਾ: ਸੁਬੇਗ ਸਿੰਘ ਖਾਲਸੇ ਬਚਨ ਲੇ ਪਹੁੰਚਯੋ ਤਬੈ ਲਹੌਰ।
ਪ੍ਰਿਥਮੈਂ ਤਾਰੂ ਸਿੰਘ ਪੈ ਜਾ ਕਹੀ ਸਭੈ ਗੱਲ ਖੋਰ। ੮੦।

ਚੌਪਈ: ਸੁਬੇਗ ਸਿੰਘ ਤੇ ਸਿੰਘ ਸੁਨ ਲਈ। ਨਾਮ ਖਾਲਸੋ ਸੁਨ ਕੁੰਨਸ਼ ਕਈ।
'ਖਾਲਸੇ ਪਰ ਸਭ ਦੇਹ ਕੁਰਬਾਨ। ਕਲਾ ਖਾਲਸੇ ਕਰਨ ਕਰਾਨ। ੮੧।
ਸੰਖੂਹ ਖਾਲਸੇ ਆਗਜਾ ਦਈ। ਐਸੋ ਕੌਨ ਜੁ ਨਾਂਹਿ ਮਨਈ।
ਪੰਜ ਸਿਖਨ ਅਰਦਾਸ ਸੁ ਯਾਹਿ। ਵਹਿ ਤੋ ਮਾਨੀਯਤ ਧੁਰ ਦਰਗਾਹਿ। ੮੨।
ਅਹੈ ਖਾਲਸੋ ਕਾਰਨ ਕਰਨ। ਹਮ ਪਾਜੀ ਖਾਲਸੇ ਕੀ ਸ਼ਰਨ।
ਇਹ ਸਭ ਕਲਾ ਖਾਲਸੇ ਤੇ ਹੋਇ। ਰਾਖੇ ਮਰੇ ਖਾਲਸਾ ਸੋਇ। ੮੩।
ਖਾਲਸੇ ਨੁਹਾਦਨ ਸੌਂ ਨਵਾਬੈ ਮਾਰੇ। ਦਾਸਨ ਸੌਂ ਪਤਿਸ਼ਾਹ ਬਹੁਗਾਰੇ।
ਅਪੁਨੇ ਸੋਟੇ ਜਿਮੀ ਪਰ ਲਾਵੈਂ। ਸਿਰ ਪਤਿਸ਼ਾਟੋਂ ਛਤ੍ਰ ਗਿਰਾਵੈਂ'। ੮੪।

ਦੋਹਰਾ: ਸੁਬੇਗ ਸਿੰਘ ਤੁਰ ਜਾ ਕਹੀ ਸਭ ਨਵਾਬ ਕੇ ਪਾਸ।
ਜਿਹ ਬਿਧ ਸੰਬੂਹੇ ਖਾਲਸੇ ਕਰ ਦੀਨੀ ਅਰਦਾਸ। ੮੫।

ਚੌਪਈ: ਕਹੀ ਖਾਲਸੇ ਨਵਾਬ ਸੁਨ ਲਈ। ਮੁਸਲੇ ਪਾਸੋਂ ਦੂਰ ਕਰ ਦਈ।
ਕਹੈ 'ਸ਼ਿਤਾਬੀ ਚਹੀਯਤ ਕਈ'। ਤਾਰੂ ਸਿੰਘ ਕੀ ਜੁਤੀ ਮੰਗਾਈ। ੮੬।
ਪਹਿਲੀ ਜੂਤੀ ਹਾਥ ਨ ਆਇ। ਨਈ ਮੰਗਾਈ ਲੈ ਪਰੀਂ ਪਾਇ।
ਸੁਬੇਗ ਸਿੰਘ ਕੇ ਦੇਕੈ ਹਾਥ। ਅਪਨੀ ਗਰਜ਼ ਉਨ ਲਾਈ ਮਾਥ। ੮੭।
ਮਿਟ ਗਯੋ ਸੂਲ ਪਿਸ਼ਾਬ ਅਜ਼ਾਬ। ਨਵਾਬ ਕਹੇ 'ਧੰਨ ਹਮਰੇ ਭਾਗ।
ਤਾਰੂ ਸਿੰਘ ਹਮ ਪਰ ਕ੍ਰਿਪਾ ਕਰੀ। ਧੰਨ ਸਾਇਤ ਔਰ ਧੰਨ ਯਹ ਘਰੀ। ੮੮।
ਏਕ ਬਾਰ ਯੌ **ਆਗੇ** ਭਈ। ਸੋਈ ਖਾਲਸੇ ਹਮ ਤੇ ਕਰਈ।
ਜਬੈ ਕਸ਼ਮੀਰ ਥੀ ਜ਼ੁਲਮੀ ਕਈ। ਸਵਾ ਮਣ ਜਨੇਊ ਪੱਕੇ ਉਤਰਈ। ੮੯।

ਦੋਹਰਾ: ਤੇਰਾਂ ਘਰ ਕੁੱਲ ਲੁਕ ਬਚੇ ਔਰ ਕੀਏ ਮੁਸਲਮਾਨ।
ਤਬ ਨਵਾਬ ਕੋ ਸਿਰ ਦੁਖਯੋ ਜਨ ਨਿਕਸਤ ਹੈ ਜਾਨ। ੯੦।

Sri Satguru Jagjit Singh Ji eLibrary NamdhariElibrary@gmail.com

ਚੌਪਈ: ਜਬ ਨਵਾਬ ਉਨ ਬਹੁ ਦੁਖ ਪਾਯੋ। ਕਹਯੋ ਕਿਸੈਂ ਹਮ ਜਾਨ ਰਖਾਯੋ।
ਤਬ ਲੋਕਨ ਯੇ ਕਹਯੋ ਉਪਾਇ। -ਜੁਤੀ ਹਿੰਦਨ ਕੀ ਮਾਥ ਬੰਧਾਇ-। ੯੧।
ਦੁਖ ਕੇ ਮਾਰੇ ਇਮ ਹੀ ਕਰੀ। ਤਬ ਵਹਿ ਬਚਯੋ ਜਬ ਯੌਂ ਥੀ ਸਰੀ'।
ਕਹਯੋ ਨਵਾਬ 'ਅਬ ਕਰੋ ਬਧਾਈ। ਖਾਲਸੇ ਨੇ ਦੁਖ ਦੀਓ ਮਿਟਾਈ। ੯੨।
ਗੁਰ ਨਾਨਕ ਕੋ ਕੜਾਹ ਕਰਾਵੋ। ਦੀਪ ਮਾਲ ਵਿਚ ਸ਼ਹਿਰ ਜਲਾਵੋ'।
ਬਜੇ ਸ਼ਦਯਾਨੇ ਮੁਲਕ ਕਰਾਈ। ਦਈ ਖ਼ਰੈਤ ਕੰਗਾਲਨ ਤਾਈਂ। ੯੩।

ਹੋਰ ਸਾਖੀ ਨਵਾਬ ਕੀ

੧੪੪. [ਨਵਾਬ ਦੀ ਮੌਤ ਤੇ ਸੁਬੇਗ ਸਿੰਘ ਜੰਬਰ ਦਾ ਸਿੱਕਾ]

ਦੋਹਰਾ: ਨਵਾਬ ਨਏ ਬਸਤਰ ਲਏ ਫਿਰ ਬਹਯੋ ਕਚਹਿਰੀ ਆਇ।
'ਆਹਿ ਸਿੰਘਨ ਸਾਚੀ ਸਿਖੀ ਸੋ ਹਮ ਲਈ ਪਰਤਾਇ'। ੧।

ਚੌਪਈ: ਸੁਬੇਗ ਸਿੰਘ ਕੋ ਨਵਾਬ ਬੁਲਾਯਾ। ਕਰ ਆਦਰ ਤਿਸ ਪਾਸ ਬਹਾਯਾ।
'ਸਾਚ ਗੁਰੂ ਤੁਮ ਸਾਚੀ ਬਾਨੀ। ਅਜ਼ਮਾਇਸ਼ ਹਮ ਉਪਰ ਬਿਹਾਨੀ। ੨।
ਮਰ ਜਾਵੋਂ ਮੈਂ ਭਾਵੇਂ ਅਬੀ। ਹੈ ਮਰ ਜਾਣਾ ਸਿਰ ਪਰ ਸਭੀ।
ਜਾਨ ਕੰਦਨ ਕੋ ਦੁਖ ਮਿਟ ਗਯੋ। ਤੁਮ ਕਿਰਪਾ ਤੇ ਸੁਖ ਸਭ ਭਯੋ। ੩।
ਐਸੋ ਦੁਖ ਹਮ ਫੇਰ ਨ ਆਵੈ। ਜਾਨ ਹਮਾਰੀ ਸੁਖ ਸੋਂ ਜਾਵੈ।
ਸਿੰਘਨ ਪਰ ਮੈਂ ਜ਼ੁਲਮੀ ਕਰਾਈ। ਅਪਨੀ ਕਰਨੀ ਆਪੇ ਪਾਈ। ੪।
ਜੋ ਹਮ ਈਟਾਂ ਰਹੈ ਉਲਾਦ। ਸਿੰਘਨ ਸੋਂ ਵਹਿ ਕਰੈ ਨ ਬਾਦ।
ਲੜਤ ਭਿੜਤ ਰਣ ਜੋ ਕਛੁ ਹੋਈ। ਤਾਂਕੋ ਦੋਸ਼ ਲਗਤ ਨਹਿਂ ਕੋਈ'। ੫।

ਦੋਹਰਾ: ਫਿਰ ਨਵਾਬ ਜੰਬਰ ਕਹਯੋ 'ਮਾਂਗ ਜੁ ਤੁਹਿ ਚਹ ਕਾਮ।
ਛੋਡ ਨਵਾਬੀ ਏਕ ਹਮ ਔਰ ਚਹੋ ਲਯੋ ਸਾਂਭ'। ੬।

ਚੌਪਈ: ਸੁਬੇਗ ਸਿੰਘ ਤਬ ਮਨੈ ਬਿਚਾਰਯੋ। ਕਾਮ ਖਾਲਸੇ ਚਹੀਅਤ ਸ੍ਵਾਰਯੋ।
'ਕਰੋ ਚਬੂਤਰੈ ਮੁਹਿ ਮੁਖਤਯਾਰ। ਲਗੇ ਟਕਸਾਲ ਅਬ ਨਾਮ ਹਮਾਰ'। ੭।
ਸੋਊ ਬਾਤ ਮੰਨ ਲਈ ਨਬਾਬ। ਕੀਓ ਚਬੂਤਰੋ ਸਿੰਘ ਕੇ ਤਾਬ।
ਸੁਬੇਗ ਸਿੰਘ ਥੋ ਜਾਨਤ ਬਾਤ। 'ਨਵਾਬ ਜੀਏਗੋ ਇਕ ਦੋ ਰਾਤ'। ੮।
ਇਮ ਕਰ ਸਿੰਘ ਕਛੁ ਦੇਰ ਨ ਲਾਈ। ਤੁਰਤ ਫੁਰਤ ਟਕਸਾਲ ਲਵਾਈ।
'ਸਿੰਘ ਸੁਬੇਗ ਭਯੋ ਇਕ ਜੰਬਰ। ਹੇਠ ਜ਼ਮੀਨ ਤੇ ਊਪਰ ਅੰਬਰ'। ੯।

ਦੋਹਰਾ: ਹੁਤੀ ਗਡਾਈ ਚਰਖੜੀ ਦੀਨੀ ਸੋਊ ਪੁਟਾਇ।
ਸ਼ਹੀਦ ਰੀਜ ਥੇ ਸਿਰ ਚਿਣੇ ਤੇਊ ਦੀਏ ਫੁਕਾਇ। ੧੦।
ਦਿਵਸ ਚਾਰ ਬੀਤਤ ਭਏ ਸੁਖ ਅਨੰਦ ਸੋਂ ਨਿਬਾਬ।
ਤੁਰਤ ਫੁਰਤ ਹੀ ਮਰ ਗਯੋ ਪਾਯੋ ਨ ਕਛੂ ਅਜ਼ਾਬ। ੧੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਬਾਈ ਦਿਨ ਬੀਤੇ ਇਸ ਝਗਰੇ। ਨਵਾਬ ਤੁਰਜੋ ਫਿਟ ਲੰਬੇ ਦਗਰੇ।
ਹੈ ਹੈ ਕਾਰ ਅਚਾਨਕ ਭਯੋ। 'ਕੁੱਪਾ ਰੁੜ੍ਹਿਓ' ਲੋਕਨ ਕਹਜੋ।੧੨।
ਹਿੰਦੂਵਨ ਕੇ ਦਿਲ ਭਈ ਬਧਾਈ। ਸਿੱਖੀ ਕੀ ਗੁਰ ਪੈਜ ਰਖਾਈ।
ਭਯੋ ਤਾਰੂ ਸਿੰਘ ਕੋ ਪ੍ਰਣ ਪੂਰੋ। ਬਜੇ ਸਿੰਘਨ ਘਰ ਅਨਹਦ ਤੂਰੋ।੧੩।
ਮੁਸਲਨ ਕੋ ਬਹੁ ਚਿੰਤਾ ਭਈ। 'ਪਤਿਸ਼ਾਹੀ ਹਮ ਤੇ ਅਬ ਗਈ।
ਕਲਾ ਖਾਲਸੇ ਊਚੀ ਭਈ। ਤੁਰਕਨ ਕਲਾ ਨੀਚੀ ਹੋ ਗਈ'।੧੪।
ਸਤ੍ਰਾਂ ਸਏ ਇਕਾਨਵੇਂ ਸਾਲ। ਮਾਰਜੋ ਹਕੀਕਤ ਖੁਸਜ਼ੇ ਨ ਬਾਲ।
ਅਬ ਤਾਰੂ ਸਿੰਘ ਬਡ ਜਸ ਲੀਓ। ਮਾਰ ਜੂਤੀ ਨਵਾਬ ਮੁਹਰੈ ਕੀਓ।੧੫।

ਦੋਹਰਾ: ਰਹੀ ਖਾਲਸੇ ਪੰਥ ਕੀ ਗਈ ਤੁਰਕਨ ਕੀ ਲਾਜ।
ਤਾਰੂ ਸਿੰਘ ਸੁਬੇਗ ਸਿੰਘ ਕੀਨੋਂ ਸਿੱਖੀ ਕਾਜ।੧੬।

ਸਾਖੀ ਭਾਈ ਤਾਰੂ ਸਿੰਘ ਜੀ

੧੪੫. [ਭਾਈ ਤਾਰੂ ਸਿੰਘ ਜੀ ਸ਼ਹੀਦ ਹੋਏ ਤੇ ਦਾਹ ਸੰਸਕਾਰ]

ਦੋਹਰਾ: ਕੁੱਪੋ ਰੁੜ੍ਹਿਓ ਜਗ ਕਹੈ ਪਰੀ ਸ਼ਹਿਰ ਮੈਂ ਰੌਰ।
ਸਿੰਘ ਅਚਾਨਕ ਆ ਕਹਜੋ ਤਾਰੂ ਸਿੰਘ ਜੀ ਕੋਰ।੧।

ਚੌਪਈ: ਤਬ ਸਿੰਘ ਜੀ ਯੌ ਬਚਨ ਉਚਾਰਾ। 'ਲਜਾਵੋ ਲਕੜੀ ਚਿਖ ਕਰੋ ਤਿਆਰਾ'।
ਸੁਨਤ ਸਿੰਘਨ ਬਿਧ ਸੋਈ ਕਰੀ। ਚਿਖਾ ਤਿਆਰ ਦੇਰ ਬਿਨ ਧਰੀ।੨।
ਤੌ ਸਿੰਘ ਜੀ ਬਹੁ ਕਾਹਲ ਧਰੀ। ਬਹੁ ਖੁਸ਼ੀਅਨ ਸੋਂ ਦੇਹੀ ਭਰੀ।
ਸਤਿਗੁਰ ਪੈਜ ਖਾਲਸੇ ਰਾਖੀ। ਰਹੈ ਜਗਤ ਮੈਂ ਜੁਗ ਜੁਗ ਸਾਖੀ।੩।
ਹੁਤੋ ਅੰਮ੍ਰਿਤਸਰ ਜਲ ਜੁ ਮੰਗਾਯੋ। ਆਪ ਸਿੰਘ ਅਸ਼ਨਾਨ ਕਰਾਯੋ।
ਕੜਾਹ ਪ੍ਰਸ਼ਾਦਿ ਕਰਾਯੋ ਤਬ ਹੀ। ਸ਼ਬਦ ਪੜ੍ਹਾਯੋ ਜਪੁਜੀ ਸਭ ਹੀ।੪।
ਅਨੰਦ ਪੜ੍ਹਾਇ ਕਰ ਅਰਦਾਸ। ਸਿੰਘ ਸਬਹੂੰ ਠਾਂਢੇ ਤਿਸ ਪਾਸ।
ਕਰ ਅਰਦਾਸ ਫਿਰ ਮਾਥ ਝੁਕਾਯੋ। ਗਏ ਗਰੜ ਜਜੋਂ ਸਾਸ ਉਡਾਯੋ।੫।
ਪਹੁੰਚਜੋ ਜਾਇ ਸਚੀ ਦਰਗਾਹ। ਸੁਬੇਗ ਸਿੰਘ ਜੰਬਰ ਤੁਰ ਤਾਹ।
ਦਯੋ ਚਿਖਾ ਧਰ ਅਗਨ ਲਗਾਈ। ਭੜਕ ਉਠੀ ਤਬ ਹੀ ਤੁਰਤਾਈ।੬।

ਦੋਹਰਾ: ਠਾਰਾਂ ਸੈ ਦੁਇ ਸਾਲ ਪਰ ਬੀਤੇ ਬਿੱਕ੍ਰਮਰਾਇ।
ਤਾਰੂ ਸਿੰਘ ਤਬ ਲੈ ਤੁਰਜੋ ਜੂਤ ਜੁ ਤਿਹ ਸਿਰ ਲਾਇ।੭।

ਚੌਪਈ: ਸ਼ਹੀਦ ਸਿੰਘ ਲੈਨ ਆਏ ਗੁਰ ਪਜਾਰੇ। ਸ਼ਬਦ ਪੜ੍ਹੈ ਬਾਜੈਂ ਦੋਤਾਰੇ।
ਹਾਥ ਘੋੜੇ ਸੋ ਕੋਤਲ ਲਜਾਏ। ਤਾਰੂ ਸਿੰਘ ਬਿਬਾਨ ਬਿਠਾਏ।੮।
ਨਿਵਾਬ ਲੈਨ ਕੋ ਸੇ ਜਮ ਆਏ। ਹੱਥੀਂ ਜੂਤੇ ਸੂਲਨ ਜੜਾਏ।
ਨਵਾਬ ਉਨੈਂ ਫੜ ਦੋਜ਼ਖ ਪਾਯਾ। ਸੌ ਜੂਤੀ ਨਿਤ ਹੁਕਮ ਫੁਰਮਾਯਾ।੯।

Sri Satguru Jagjit Singh Ji eLibrary NamdhariElibrary@gmail.com

ਤਾਰੂ ਸਿੰਘ ਕੋ ਕੁਰਸੀ ਬਹਾਯੋ। ਸ਼ਹੀਦਨ ਸਿਰ ਸ਼ਹੀਦ ਬਨਾਯੋ।
ਗੁਰ ਗੋਬਿੰਦ ਸਿੰਘ ਸੁਤ ਜਹਿਂ ਚਾਰ। ਭਯੋ ਤਾਰੂ ਸਿੰਘ ਡਿਉਢੀਦਾਰ।੧੦।
ਮਨੀ ਸਿੰਘ ਥੇ ਸੱਜੇ ਪਾਸ। ਤਾਰੂ ਸਿੰਘ ਕੀਓ ਖੱਬੇ ਵਾਸ।
ਇਜੇ ਖਿਜੈ ਕੀ ਪਦਵੀ ਪਾਈ। ਸਭੈ ਸ਼ਹੀਦਨ ਮੁਹਰੇ ਥਾਈ।੧੧।
ਵਿਚ ਲਾਹੌਰ ਸਿੰਘ ਝੰਡਾ ਗਡਾਯਾ। ਸਭ ਲੋਕਨ ਕੋ ਪਰਚਾ ਦਿਖਾਯਾ।
ਜੋ ਮੁਖ ਸੁੱਖੇ ਸੋ ਵਰ ਪਾਵੈ। ਤਾਰੂ ਸਿੰਘ ਤੇ ਸਭ ਕਿਛ ਆਵੈ।੧੨।
ਔਰ ਪੀਰਨ ਕੀ ਪੀਰੀ ਨ ਰਹੀ। ਸਿਰ ਪੀਰਨ ਕੇ ਪੀਰੀ ਭਈ।
ਦੂਧ ਪੂਤ ਜੋ ਅੰਨ ਧਨ ਚਾਹੈ। ਤਾਰੂ ਸਿੰਘ ਸੁੱਖ ਸਭ ਪਾਵੈ।੧੩।
ਤਾਰੂ ਸਿੰਘ ਕੀ ਸਾਖੀ ਜੋ ਸੁਨੈ। ਦੇਹਿ ਦੁੱਖ ਨਹਿਂ ਮਨ ਮੈਂ ਗੁਨੈਂ।
ਮਰਨ ਕਾਲ ਨਹਿਂ ਕਾਲ ਸੰਤਾਵੈ। ਜਮ ਕਿੰਕਰ ਤਿਸ ਨਾਂਹਿ ਅਕਾਵੈ।੧੪।
ਸਾਸ ਜਾਂਹਿ ਤਿਸ ਸਿੱਖ ਮੁਖਾਲੇ। ਸਿੱਖੀ ਨਿਬਹੈ ਕੇਸਨ ਨਾਲੇ।
ਲਿਖੀ ਰਤਨ ਸਿੰਘ ਜੈਸੇ ਸੁਨੀ। ਪੜ੍ਹੋ ਸਵਾਰ ਆਗੇ ਤੁਮ ਗੁਨੀ।੧੫।

ਦੋਹਰਾ: ਠਾਰਾਂ ਸੈ ਦੋ ਊਪਰੈ ਸਾਲ ਜੁ ਬਿੱਕ੍ਰਮ ਰਾਇ।
ਖਾਨ ਬਹਾਦਰ ਮਾਰਿਓ ਤਾਰੂ ਸਿੰਘ ਘਿਸਟਾਇ।੧੬।

ਸਾਖੀ ਜੱਮੂ ਬੱਧ ਕੀ ਚਲੀ

੧੪੬. [ਖਾਲਸੇ ਦੀਆਂ ਭਾਜੜਾਂ ਤੇ ਜਸਪਤ ਦਾ ਸਿੰਘਾਂ ਤੇ ਹੱਲਾ ਤੇ ਉਸਦਾ ਮਾਰਿਆ ਜਾਣਾ]

ਦੋਹਰਾ: ਖਾਨ ਬਹਾਦਰ ਜਬ ਮਰਯੋ ਰਹੇ ਪੁੱਤ੍ਰ ਉਸ ਦੋਇ।
ਲਹੌਰੈ ਔ ਸੁਲਤਾਨ ਕੇ ਸੂਬੇਦਾਰ ਭਏ ਸੋਇ।੧।

ਚੌਪਈ: ਅਹੀਯਾ ਖਾਂ ਔ ਸ਼ਾਹ ਨਿਵਾਜ। ਦੋਨੋਂ ਮਿਲ ਕਰ ਕੀਨੋਂ ਰਾਜ।
ਸ਼ਾਹ ਨਿਵਾਜ ਫੜ ਅਹੀਯੋ ਲਯੋ। ਲੂਟ ਕੂਟ ਬਾਹਰ ਕਰ ਦਯੋ।੨।
ਇਸ ਬਿਧਿ ਕਾਲ ਕਛੁਕ ਬਿਤਾਯੋ। ਸ਼ਾਹ ਨਿਵਾਜ਼ ਨਵਾਬ ਕਹਾਯੋ।
ਸੋ ਭੀ ਲਾਗਯੋ ਸਿੰਘਨ ਮਾਰਨ। ਐਸ ਭਯੋ ਸਮੇਂ ਕੋ ਕਾਰਨ।੩।
ਲਖਪਤਿ ਜਸਪਤਿ ਭਏ ਦਿਵਾਨ। ਕਲਾਨੌਰ ਕੇ ਖੱਤ੍ਰੀ ਜਾਨ।
ਤੇ ਭੀ ਸਿੰਘਨ ਮਾਰਨ ਡਹੇ। ਉਨ ਸਿਉਂ ਖਾਲਸੋ ਲਰ ਮਰ ਖਹੇ।੪।
ਸਿੰਘ ਭੀ ਰਖੈਂ ਪਤਿਸ਼ਾਹੀ ਦਾਵਾ। ਮਾਰੈਂ ਤੁਰਕਨ ਕਰਕੇ ਧਾਵਾ।
ਜਹਿਂ ਸਿੰਘਨ ਕੋ ਸੁਨੈ ਸੁ ਡੇਰਾ। ਤੁਰਕ ਫੌਜ ਜਾ ਪਾਵੈ ਘੇਰਾ।੫।

ਦੋਹਰਾ: ਲਰੈਂ ਮਰੈਂ ਸਿੰਘ ਨਠ ਤੁਰੈਂ ਤੁਰ ਨਠ ਫਿਰ ਮੁੜ ਪਾਹਿਂ।
ਮਾਰ ਭਜੈਂ ਸਿੰਘ ਜਹਿਂ ਛਿਪੈਂ ਗੈਲੇ ਤੁਰਤ ਅਕਾਹਿਂ।੬।

Sri Satguru Jagjit Singh Ji eLibrary NamdhariElibrary@gmail.com

ਚੌਪਈ: ਅੱਕ ਪੱਕ ਸਿੰਘ ਦਿਨ ਸੁ ਗੁਜ਼ਾਰੈਂ। ਉਹਾਂ ਤੇ ਫਿਰ ਅਗੇ ਸਿਧਾਰੈਂ।
ਕਰਨ ਪਤਿਸ਼ਾਹੀ ਆਸਾ ਧਾਰੈਂ। ਪਾਵੈਂ ਦੁਖ ਸੋ ਸੁੱਖ ਬਿਚਾਰੈਂ।੭।
'ਬਚਨ ਗੁਰੂ ਹਮ ਸਾਚ ਭੀ ਹੋਹੈਂ। ਹੰਨੇ ਹੰਨੇ ਹਮ ਸ਼ਾਹੀ ਕਰੋਹੈਂ'।
ਕੋਊ ਸਿੰਘ ਕਾਨਨ ਮੈਂ ਬਹੈਂ। ਸ਼ੇਟ ਬਘਜਾੜ ਖੱਡਨ ਮੈਂ ਰਹੈਂ।੮।
ਕੋਊ ਦਰਜਾਉ ਖਰੇੜੀ ਰਹੈਂ। ਤੁਰਕ ਜਾਇ ਤਾਂਹੀ ਥਾਂ ਲਹੈਂ।
ਦੁਹੂੰ ਓਰ ਜਹਿੰ ਹੋਵੈ ਨੀਰ। ਲੁਕੇ ਬਚਾਵੈਂ ਅਪਨ ਸਰੀਰ।੯।
ਤੁਰਕ ਫੌਜ ਸੋਂ ਚਹੁੰ ਵਲ ਰੁਕੈਂ। ਮਾਰ ਬੰਦੂਕਨ ਤਬ ਤਿਨ ਫੂਕੈਂ।
ਸਿੰਘ ਨੀਰ ਮੈਂ ਡੁਬ ਡੁਬ ਤਰੈਂ। ਤੁਰਕ ਬੰਦੂਕਨ ਫੂੰਡਨ ਰਹੈਂ।੧੦।

ਦੋਹਰਾ: ਘਰ ਤੇ ਕਢੇ ਸੁ ਬਣ ਲੁਕੈਂ ਬਨ ਤਜ ਨੀਰ ਲੁਕਾਇੰ।
ਜਲ ਮਹਿੰ ਲੁਕੈਂ ਤੋ ਨਹਿੰ ਬਚੈਂ ਕਹੋ ਸਿੰਘ ਕਤ ਜਾਹਿੰ।੧੧।

ਚੌਪਈ: ਪਰੇ ਨਿਸਾ ਛੁਟੈ ਸਿੰਘਨ ਖਜਾਲ। ਤੁਰਕ ਰਲੈਂ ਮੁੜ ਡੇਰਨ ਨਾਲ।
ਮੁਏ ਸਿੰਘ ਜੋ ਦੇਹਿੰ ਖਹਾਇ। ਜੋ ਜ਼ਖਮੀ ਤੇ ਲਏਂ ਉਠਾਇ।੧੨।
ਦਿਸੈ ਨ ਜਾਗਾ ਜਾਵੈਂ ਜਾਹੀਂ। ਐਸੀ ਠੌਰ ਨ ਜਹਾਂ ਬਚਾਹੀਂ।
ਕੋਈ ਕਹੈ 'ਖਿੰਡ ਇਕ ਇਕ ਹੋਵੇ'। ਕੋਊ ਕਹੈ 'ਖਿੰਡ ਮਤਿ ਪਤਿ ਖੋਵੋ।੧੩।
ਲਰੋ ਮਰੋ ਇਨ ਤੁਰਕਨ ਨਾਲ। ਔਰ ਬਾਤ ਕੋਊ ਬਨੈ ਨ ਹਾਲ'।
ਇੱਕ ਕਹੈ 'ਹਮ ਜਾਵੈਂ ਤਹੀਂ। ਲਰਨੋਂ ਮਰਨੋਂ ਹੋਵੈ ਸਹੀ।੧੪।
ਲਰਨ ਮਰਨ ਤੇ ਜੇ ਨਠ ਜਾਹੀਂ। ਤੌ ਹਮ ਕਿਮ ਪਾਵੈਂ ਪਤਿਸ਼ਾਹੀ'।
ਤਬ ਹੀ ਖਾਲਸੇ ਇਮ ਠਹਿਰਾਈ। 'ਹੋਹਿ ਫੌਜ ਕੋ ਰੌਲੋ ਭਾਈ।੧੫।
ਲਈਏ ਘੋੜੇ ਰਾਤ ਜਹਿੰ ਸੋਵੈ। ਜੋਊ ਪਿਆਦੇ ਅਸਵਾਰ ਸੁ ਹੋਵੈਂ'।
ਯਹ ਸੁਨ ਸਿੰਘ ਕਈ ਭਏ ਤਿਆਰ। 'ਸੂਤੇ ਤੁਰਕਨ ਲੇਵੋ ਮਾਰ'।੧੬।
ਸੂਰੇ ਸਿੰਘਨ ਯਹ ਠਹਰਾਈ। ਸਿੰਘ ਤੁਰੇ ਉਨ ਗੈਲੇ ਧਾਈ।
ਐਸੀ ਤੋਰ ਸਿੰਘ ਉਠ ਚੱਲੇ। ਤੁਰਕਨ ਫੌਜਨ ਕੇ ਸੰਗ ਰਲੇ।੧੭।

ਦੋਹਰਾ: ਸਿੰਘ ਸੁ ਡੇਰਾ ਵੇਖ ਕੇ ਵੜੇ ਫੌਜ ਮੇਂ ਜਾਇ।
ਤੁਰਕ ਸੁ ਥੱਕੇ ਸੋਇ ਗਏ ਲਗਜੋ ਖਾਲਸੇ ਦਾਇ।੧੮।

ਚੌਪਈ: ਤਬ ਸਿੰਘਨ ਘੋੜੇ ਲਏ ਖੋਲ੍ਹ। ਊਪਰ ਚੜ੍ਹੇ ਸੁ ਸਤਿਗੁਰ ਬੋਲ।
ਦੂਜੇ ਗੈਲੇ ਲਏ ਲਗਾਇ। ਗੈਲ ਪੜੈ ਤਿਸ ਆਵੈਂ ਘਾਇ।੧੯।

ਦੋਹਰਾ: ਜਿਤਨੇ ਘੋੜੇ ਥੇ ਮਰੇ ਉਤਨੇ ਸਿੰਘਨ ਲੀਨ।
ਨਿਤ ਪ੍ਰਤਿ ਐਸੀ ਬਿਧ ਕਰੈਂ ਫੌਜ ਤੁਰਕ ਭਈ ਖੀਨ।੨੦।
ਦੇਖੋ ਭਾਈ ਗੁਰ ਕਲਾ ਆਏ ਮਾਰਨ ਓਇ।
ਤੇਊ ਮਾਰੇ ਖਾਲਸੇ ਤੁਰਕ ਘਨੇ ਥੇ ਸੋਇ।੨੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤੁਰਕ ਫੌਜ ਫਿਰ ਬਹੁਤੀ ਆਵੈ। ਥੋੜੇ ਸਿੰਘ ਸੁ ਤਹਿੰ ਲੁਕ ਜਾਵੈਂ।
ਤਹਾਂ ਲੁਕੈਂ ਜਹਿਂ ਹੁਇ ਬਡ ਝੱਲ। ਲੇਵੈਂ ਗਾੜ੍ਹ ਕਾਨਨ ਕੋ ਮੱਲ।੨੨।
ਰਾਤ ਸਿੰਘ ਹੁਇ ਬਹੁ ਹੁਸ਼ਿਆਰ। ਲੇਵੈਂ ਤੁਰਕਨ ਕੋ ਫਿਰ ਮਾਰ।
ਦਿਨ ਮੈਂ ਤੁਰਕ ਬਹੁਤ ਮਿਲ ਧਾਵੈਂ। ਲੁਕੇ ਸਿੰਘ ਤਿਨ ਹਾਥ ਨ ਆਵੈਂ।੨੩।
ਤੁਰਕ ਸੁ ਡਰਤੇ ਬੜੈਂ ਨ ਝੱਲ। ਝਲ ਬੜੈਂ ਸਿੰਘ ਮਾਰਨ ਹੱਲ।
ਝੱਲੋਂ ਸਿੰਘ ਤੈ ਬਾਹਰ ਜਾਵੈਂ। ਤੁਰਕਨ ਫੌਜ ਦੂਰ ਸੁਨ ਪਾਵੈਂ।੨੪।
ਮਾਰਨ ਰਸਤੇ ਦਿੱਲੀ ਲਹੌਰ। ਕੋਈ ਮਾਰੈ ਰਾਹ ਪਿਸ਼ੌਰ।
ਅਗੇ ਪਿਛੈ ਹੁਇ ਲੁਟੈਂ ਲਹੌਰ। ਇਮ ਕਰ ਸਿੰਘ ਮਚਾਵੈਂ ਰੌਰ।੨੫।

ਦੋਹਰਾ: ਸਿੰਘ ਸੁ ਮਾਝਜੋਂ ਕਢ ਦਏ ਬੜੇ ਸੁ ਰਾਵੀ ਝੱਲ।
ਮਾਰ ਲੂਟ ਖਾਵਤ ਫਿਹੈਂ ਰਾਖੈਂ ਮਿਲ ਕਰ ਗੱਲ।੨੬।

ਚੌਪਈ: ਇਸੀ ਭਾਂਤ ਸਿੰਘ ਗੁਜ਼ਰ ਕਰਾਹੀਂ। ਫੌਜ ਘਨੀ ਲਖ ਨਠ ਬੀ ਜਾਹੀਂ।
ਮਾਰ ਕਾਫਲੇ ਲਵੈਂ ਭਾਰੀ। ਲਹੌਰ ਗਿਰਦ ਤਿਨ ਦਯੋ ਉਜਾਰੀ।੨੭।
ਦੇਖ ਤੁਰਕਨ ਕੋ ਲਾਗੇ ਆਗ। ਮਾਰੈਂ ਸਿੰਘਨ ਗੈਲੇ ਲਾਗ।
ਮੁੜ ਮੁੜ ਲੁਕ ਲੁਕ ਸਿੰਘ ਸੁ ਲਰੈਂ। ਬਹੁਤਨ ਸੋਂ ਕਜਾ ਥੋੜੇ ਕਰੈਂ।੨੮।
ਨਾਂਹਿ ਜ਼ਖੀਰੋ ਸਿੰਘਨ ਪਾਸ। ਸ਼ਸਤਰ ਬਸਤਰ ਹੀਨ ਸੁ ਖਾਸ।
ਨਾਂਗੇ ਖਰੇ ਔ ਭੂਖੇ ਪਜਾਸੇ। ਦਾਰੂ ਸਿੱਕਾ ਨਹਿੰ ਕਛੁ ਪਾਸੇ।੨੯।
ਹਾਟ ਬਟਨ ਬਾਜ਼ਾਰ ਸੁ ਨਾਹੀਂ। ਰੋਗੀ ਔਖਧ ਬਿਨ ਮਰ ਜਾਹੀਂ।
ਗੁਰ ਬਚਨਨ ਕੀ ਉਨ ਕੋ ਆਸ। ਯਹੀ ਖ਼ਜ਼ਾਨੋਂ ਉਨ ਕੇ ਪਾਸ।੩੦।

ਦੋਹਰਾ: ਤੌ ਭੀ ਸਿੰਘ ਹੋਵੈਂ ਘਨੇ ਨਿਸ ਦਿਨ ਔਰ ਸੁ ਔਰ।
ਦੂਖ ਦਰਦ ਕਛੁ ਨਾ ਗਿਨੈਂ ਮਰਨੋਂ ਲਰਨੋਂ ਦੌਰ।੩੧।

ਚੌਪਈ: ਤਬੈ ਖਾਲਸੇ ਐਸ ਬਿਚਾਰਾ। 'ਮਾਰੈਂ ਤੁਰਕਨ ਕੇ ਫੁਜਦਾਰਾ।
ਮਾਰ ਫੌਜ ਕੋ ਸੂਧੇ ਹੋਵੇ। ਲੂਟ ਫੌਜ ਕੋ ਦਾਰਿਦ ਖੋਵੇ।੩੨।
ਹਾਥੀ ਘੋੜੇ ਊਠ ਲਿਆਵੇ। ਰਾਜ ਸਾਜ ਬਿਨ ਰਾਜ ਨ ਪਾਵੇ।
ਭੂਮ ਮਲੋ ਲੈ ਕਿਲਾ ਚਿਨਾਈ। ਬਿਨਾ ਕਿਲਨ ਨਾਂ ਪੁਜੈ ਲੜਾਈ'।੩੩।
ਐਸ ਬਿਚਾਰਤ ਆਗੇ ਗਏ। ਇਮਨਾਬਾਦ ਢਿਗ ਪਹੁੰਚਤ ਭਏ।
ਆਵੈਂ ਮਗਰ ਤੁਰਕ ਲੈ ਖੋਜ। ਭੂਖੀ ਫਿਰੈ ਸਿੰਘਨ ਕੀ ਫੌਜ।੩੪।

ਦੋਹਰਾ: ਇਮਨਾਬਾਦ ਜਗੀਰ ਥੀ ਖੁਦ ਜਸਪਤਹਿ ਦਿਵਾਨ।
ਊਹਾਂ ਉਗ੍ਰਾਹੀ ਕਰਤ ਥੇ ਬਹੁਤ ਫੌਜ ਕੇ ਤਾਨ।੩੫।

ਚੌਪਈ: ਲੇਵੈ ਪੈਸੇ ਦੇਕੇ ਦੁੱਖ। ਬੰਧੈ ਪੈਂਚ ਸੁ ਹੋਕੈ ਰੁੱਖ*।
ਕਿਸੈ ਟੰਗੈ ਕਿਸੈ ਕਮਚਨ ਮਾਰੈ। ਐਸ ਭਾਂਤ ਸਿਉਂ ਮੁਲਕ ਉਜਾਰੈ।੩੬।

* ਰੁੱਖਾ, ਗੁੱਸੇ।

Sri Satguru Jagjit Singh Ji eLibrary NamdhariElibrary@gmail.com

ਭੂਖੇ ਜਟ ਨਠ ਸਿੰਘੀ ਰਲੈਂ। ਘਰ ਦਰ ਛਡਕੇ ਰਲੈਂ ਸੁ ਦਲੈਂ।
ਜਿਨ ਘਰ ਦੇਣੇ ਜੋਗੋ ਨਾਂਹੀਂ। ਫਿਰੈਂ ਫਰਜ਼ਾਦੀ ਖਾਲਸੇ ਪਾਹੀ।੩੭।
ਫ਼ਿਰਤ ਨਠਤ ਗਏ ਰੋੜੀ ਤੀਰ। ਨ੍ਹਾਵਨ ਚਾਹੈਂ ਸੁਫਲ ਸਰੀਰ।
ਤਿਹ ਸਿੰਘਨ ਆ ਮੇਲਾ ਲਾਯਾ। ਜਸਪਤ ਕੋ ਯੌ ਲਿਖ ਪਠਵਾਯਾ।੩੮।

ਦੋਹਰਾ: 'ਸਿੰਘ ਸੁ ਬਹੁਤੇ ਦਿਨਨ ਕੇ ਭੂਖੇ ਅੰਨ ਕੇ ਤ੍ਰਾਸ'।
ਲਿਖ ਭੇਜੀ ਇਮ ਖਾਲਸੇ ਜਸਪਤਿ ਕੋ ਅਰਦਾਸ।੩੯।

ਚੌਪਈ: 'ਦਿਵਾਨ ਹਿੰਦੂ ਤੂੰ ਗੁਰੂ ਬਨਾਯਾ'। ਜਸਪਤ ਕੌ ਇਮ ਲਿੱਖ ਪਠਾਯਾ।
'ਹਮਰਾ ਤੁਮਰਾ ਬੈਰ ਸੁ ਨਾਂਹੀਂ। ਬੈਰ ਹਮਾਰਾ ਤੁਰਕਨ ਤਾਈਂ।੪੦।
ਰਸਤ ਮੋਲ ਹਮ ਲੈਣੀ ਚਾਹੈਂ। ਸ਼ਹਿਰ ਤੁਮਾਰੇ ਖਰੀਦ ਕਰਾ ਹੈਂ।
ਸਿੰਘ ਭੁਖੇ ਬਹੁ ਦਿਨ ਕੇ ਆਂਹੀ। ਤੁਮਰੋ ਕਛੂ ਬਿਗਾਰੈਂ ਨਾਹੀਂ।੪੧।
ਮੁਲਖ ਆਪਨਾ ਲੇਹੁ ਬਚਾਇ। ਔਰ ਮੁਲਕ ਹਮ ਖੜ ਹੈਂ ਜਾਇ।
ਯਹ ਸੁਨ ਜਸਪਤਿ ਕੀਨੋ ਬੋਜ[1]। 'ਮੈਂ ਮਾਰੋਂ ਕਢ ਤੁਮਰੋ ਖੋਜ।੪੨।
ਨਿਕਸ ਝਲੋਂ ਤੁਮ ਬਾਹਰ ਧਾਏ। ਤੁਮ ਕੋ ਪਕੜ ਸੁ ਸਮ ਲੈ ਆਏ।
ਸੀਸ ਮੁੰਨੋਂ ਤੁਮ ਜਾਟ ਖਨਾਵੋਂ। ਤੁਮਰੇ ਬਾਲਨ ਮਾਲ੍ਹ ਬਣਾਵੋਂ।੪੩।

ਦੋਹਰਾ: ਜੈਸੇ ਗੋਲੀ ਨਥ ਮੰਗੈ ਖਸਮ ਚਾਹੇ ਕਟ ਨੱਕ।
ਹਮ ਤੁਮ ਚਾਹੈਂ ਮਾਰਨੋ ਤੁਮ ਮਾਂਗੋ ਰਸਤ ਅਸ਼ੱਕ।੪੪।

ਚੌਪਈ: ਹਮ ਸੌਂ ਅਬ ਤੁਮ ਚਾਹੋ ਰਸਤ। ਤੁਮ ਕੋ ਮਾਰੋਂ ਕਰ ਬੰਦੁਬਸਤ।
ਭਾਈ ਲਖਪਤਿ ਸੁਨ ਅਬ ਪਾਵੈ। ਮਨੀ ਸਿੰਘ ਜਿਮ ਫੜ ਲੈ ਜਾਵੈ।੪੫।
ਜਾਇ ਨ੍ਵਾਬ ਕੇ ਅਗੈ ਸਿਟਾਵੈ। ਬੰਦ ਬੰਦ ਤੁਮ ਉਮੈਂ ਕਟਾਵੈਂ।
ਸੁਨਤ ਸਿੰਘਨ ਕੋ ਆਯੋ ਯਾਦ। ਕਹਜੋ ਸਿੰਘਨ 'ਲਿਹੁ ਬਦਲੋ ਤਾਦ।੪੬।
ਯਾਦ ਕਰਾਈ ਇਸ ਨਿਜ ਮੌਤ। ਸ਼ੇਰ ਜਗਾਯੋ ਫੜ ਮੁੱਛਲ ਸੌਤ[2]।
ਮਨੀ ਸਿੰਘ ਇਸ ਭ੍ਰਾਇ ਫੜਾਯਾ। ਬਦਲੇ ਲਹੌ ਅਬ ਯਹ ਦਾਇ ਆਯਾ'।੪੭।
ਜਬ ਸਿੰਘਨ ਐਮ ਸੁਨ ਪਾਯੋ। ਜਿਮ ਬਿੱਛੂ ਤਨ ਡੰਕ ਲਗਾਯੋ।
ਤਬੀ ਖਾਲਸੇ ਕਰੀ ਅਰਦਾਸ। 'ਖੱਤ੍ਰੀ ਮਾਰੈਂ ਹੁਇ ਕੰਮ ਰਾਸ'।੪੮।

ਦੋਹਰਾ: ਵਹਿ ਲੂਟਨ ਚੜ੍ਹਿਓ ਖਾਲਸੇ ਸੋ ਲੀਓ ਖਾਲਸੇ ਲੂਟ।
ਨਿਬਾਹੂ ਸਿੰਘ ਗਜ ਪੈ ਚੜ੍ਹਜੋ ਮਾਰ ਤੇਗ ਦਿਓ ਸੂਟ।੪੯।

ਚੌਪਈ: ਨਿਬਾਹੂ ਸਿੰਘ ਚੜ੍ਹ ਗਜ ਪੈ ਗਯੋ। ਸੀਸ ਕਾਟ ਸਭ ਜ਼ੇਵਰ ਲਯੋ।
ਔਰ ਦਰਬ ਦਈ ਊਪਰੋਂ ਗੇਰ। ਔਰ ਸਿੰਘਨ ਚਕ ਲੀਨੀ ਢੇਰ।੫੦।

ਦੋਹਰਾ: ਠਾਰਾਂ ਸੈ ਚੌਰੋਤਰੋ ਹੁਤੋ ਬਿਕ੍ਰਮ ਨ੍ਰਿਪ ਸਾਲ।
ਜਸਪਤ ਖਤ੍ਰੀ ਮਾਰਕੇ ਲੀਯੋ ਸਿੰਘਨ ਬਹੁ ਮਾਲ।੫੧।

੧. ਪਾ:-ਬੱਜ ੨. ਸੁੱਤਾ ਹੋਯਾ ਸ਼ੇਰ ਮੁਛੋਂ ਫੜ ਜਗਾਇਆ ਹੈ।

Sri Satguru Jagjit Singh Ji eLibrary NamdhariElibrary@gmail.com

ਸਾਖੀ ਘੱਲੂਘਾਰੇ ਪੜੋਲ ਕਠੂਹੇ ਕੀ

੧੪੭. [ਛੋਟਾ ਘੱਲੂਘਾਰਾ ਪੜੋਲ ਕਠੂਹੇ ਵਾਲਾ]

ਦੋਹਰਾ: ਪੜੋਲ ਕਠੂਹੋਂ ਬਸੋਹਲੀ ਜੰਬੂ ਜ਼ਿਲੋ ਸੁ ਆਹਿ।
ਘੱਲੂਘਾਰੋ ਅਤਿ ਬਡੋ ਭਯੋ ਆਦਿ ਥੋ ਵਾਹਿ।੧।

ਚੌਪਈ: ਜਿਸ ਦਿਨ ਜਸਪਤਿ ਮਾਰ ਸੁ ਲਯੋ। ਸਿੰਘਨ ਟੂਟ ਦਰਿੱਦਰ ਗਯੋ[1]।
ਇਮਨਾਬਾਦ ਭੀ ਸ਼ਹਰ ਸੁ ਟੂਟਾ। ਉਹ ਭੀ ਖਾਲਸੇ ਅੱਛੋ ਲੂਟਾ।੨।
ਬਹੁਤ ਖਜ਼ਾਨਾ ਥਾ ਤਿਸ ਸਾਥ। ਲਾਗਯੋ ਭੂਖੇ ਸਿੰਘਨ ਹਾਥ।
ਤੋ ਫਿਰ ਰਾਜਨ ਰਾਜਾ ਜਾਪੈਂ। ਦੀਸੈਂ ਭੂਪਤਿ ਨਾਂਹਿ ਸਿਵਾਪੈਂ।੩।

ਦੋਹਰਾ: ਯਹੀ ਬਾਤ ਲਖਪਤਿ ਸੁਨੀ ਢਿਗ ਨਵਾਬ ਦਈ ਪਗ ਡਾਰ।
'ਫੇਰ ਆਨ ਮੈਂ ਬੰਧੋਂਗੋ ਸਿੰਘਨ ਕੋ ਪੰਥ ਗਾਰ'।੪।

ਚੌਪਈ: ਯਹ ਪਰਤੱਗਯਾ ਖੱਤ੍ਰੀ ਕਰੀ। 'ਮਾਰੋਂ ਸਿੰਘ ਚੜ ਇਤਹੀ ਘਰੀ'।
ਐਸ ਬਚਨ ਸੁਨ ਨ੍ਵਾਬ ਉਚਾਰਾ। 'ਖਰਚੋ ਦਰਬ ਲੈ ਮੇਰਾ ਸਾਰਾ'।੫।

ਦੋਹਰਾ: 'ਯਹ ਪੰਥ ਫਦੂਲ ਫਦੂਲੀਏ[2] ਖੱਤ੍ਰੀ ਜਾਤ ਸੁ ਕੀਨ।
ਮੈਂ ਅਬ ਖੱਤ੍ਰੀ ਤੋ ਰਹਾਂ ਪੰਥ ਰਲਾਵੋਂ ਦੀਨ'।੬।

ਚੌਪਈ: ਯਹ ਉਸ਼ਟੰਡ ਇਕ ਖੱਤ੍ਰੀ ਕਯੋ। ਨਾਮ ਖਾਲਸੋ ਜਗਤ ਸੁਨਯੋ।
'ਮੈਂ ਭੀ ਖਤ੍ਰੀ ਤਊ ਕਹਾਵੋਂ। ਪੰਥ ਖਾਲਸੋ ਦੂਰ ਕਰਾਵੋਂ'।੭।
ਨਵਾਬ ਪਾਸ ਯੌ ਕੀਯੋ ਹੰਕਾਰ। ਨਵਾਬ ਕਹਯੋ 'ਯਹ ਅੱਛੀ ਕਾਰ'।
ਮੁਖਤਯਾਰ ਫੌਜਨ ਕੋ ਲੱਖੂ ਕੀਓ। ਲਸ਼ਕਰ ਸਭ ਤਾਂਕੇ ਸੰਗ ਦੀਓ।੮।
ਨ੍ਵਾਬ ਸੰਗ ਤਿਨ ਯੌ ਗਿਨ ਲਈ। 'ਮਾਰੋਂ ਸਿੰਘ ਜਹਾਂ ਲੌ ਹਈ।
ਜੋ ਕੋ ਸਿੰਘ ਕਹਾਵੈ ਨਾਮ। ਮਾਰੋਂ ਤਿਨਕੇ ਸਭੀ ਗਰਾਮ'।੯।

ਦੋਹਰਾ: ਪਹਿਲੇ ਪਕੜੇ ਸਿੰਘ ਸੋ ਜੋ ਹੋਤੇ ਚਾਕਰ ਸਾਥ।
ਕੀਨੇ ਚੂਹੜਨ ਕੇ ਅਗੇ ਕਹਯੋ 'ਕਟੋ ਇਨ ਮਾਥ'।੧੦।

ਚੌਪਈ: ਜਬ ਲੋਕਨ ਐਸੇ ਸੁਨ ਪਾਈ। ਹੈ ਹੈ ਕਾਰ ਸਭ ਜਗਤ ਕਰਾਈ।
ਹਿੰਦੂ ਲੋਕ ਇਕੱਤਰ ਭਏ। ਤੇ ਚਲ ਲਖਪਤਿ ਹੀ ਪੈ ਗਏ।੧੧।
'ਪਕੜ ਚਾਕਰ ਸਿੰਘ ਮਾਰੋ ਕਾਹੀ। ਇਨ ਕੋ ਦੋਸ਼ ਕਛੂ ਭੀ ਨਾਹੀਂ।
ਹਮ ਆਏ ਹੈਂ ਤੁਮਰੇ ਪਾਹੀ। ਹਮ ਖਾਤਰ ਇਨ ਸਭਨ ਬਖਸ਼ਾਈ।੧੨।
ਤੁਮ ਘਰ ਆਏ ਸਭ ਹੀ ਭਾਈ। ਹਮਰੀ ਕਹੀ ਚਹੀਏ ਮਨ ਲਾਈਂ'।
ਕੌੜਾ ਮਲ ਔ ਮੱਲ ਕੁੰਜਾਹੀ। ਕਸ਼ਮੀਰੀ ਮੱਲ ਬੀ ਆਯੋ ਥਾਈ।੧੩।

---

੧. ਭਾਵ ਖੂਬ ਮਾਲ ਧਨ ਹੱਥ ਆਯਾ। ੨. ਵਾਧੂ, ਫਜ਼ੂਲ।

Sri Satguru Jagjit Singh Ji eLibrary NamdhariElibrary@gmail.com

ਲੱਛੀ ਰਾਮ ਥੋ ਪ੍ਰਿਥਮ ਦਿਵਾਨ। ਤਿਸਕੀ ਥੇ ਸਭ ਮਨਤੇ ਆਨ।
ਕੀਨੀ ਮਿੰਨਤ ਆਨ ਤਿਨ ਤਾਂਹੀ। ਸੂਰਤ ਸਿੰਘ ਦਿਵਾਨ ਪਤਿਸ਼ਾਹੀ।੧੪।

ਦੋਹਰਾ: ਦਿਲੇਰਾਮ ਔ ਹਰੀ ਮੱਲ ਔ ਆਯੋ ਬਹਿਲੂ ਮੱਲ।
ਹਰੀ ਸਿੰਘ ਗੁਲਜ਼ਾਰ ਸਿੰਘ ਭਾਈ ਦੇਸਰਾਜ ਯੌ ਚਲ।੧੫।

ਚੌਪਈ: ਔਰ ਹਿੰਦੂ ਜੁੜ ਆਏ ਸਾਰੇ। ਸਿੱਖ ਸੰਤ ਅਰ ਧਰਮ ਪਿਆਰੇ।
ਸਭ ਮਿਲ ਆਏ ਕਹਿ ਰਾਏ ਏਹੁ। 'ਹਮ ਖਾਤਰ ਛਡ ਸਿੰਘਨ ਦੇਹੁ'।੧੬।
ਔਰ ਲੋਕ ਰਬ ਵਾਸਤੇ ਆਏ। ਫਕੀਰ ਅਤੀਤ ਸਭੀ ਰਲ ਧਾਏ।
ਸਬਹਨ ਕੋ ਉਨ ਦੀਯੋ ਜਬਾਬ। ਐਸੋ ਪਾਪੀ ਮੂੜ੍ਹ ਖਰਾਬ।੧੭।
ਕਹਯੋ ਲਖੂ 'ਮੈਂ ਮਾਨਤ ਨਾਂਹੀਂ। ਆਵੈ ਆਪ ਰੱਬ ਮੁਝ ਪਾਹੀ'।
ਤਿਨ ਮਿਲ ਕਹੀ ਫਿਰ ਸਾਚੀ ਬਾਤ। 'ਸਿੰਘਨ ਦੋਸ ਦੇਤ ਹੂੰ ਕਾਤ।੧੮।
ਮਨੀ ਸਿੰਘ ਤੈਂ ਪਕੜ ਕੁਹਾਯੋ। ਤੇਰਾ ਕੀਤਾ ਤੈਂ ਭਾਈ ਪਾਯੋ'।
ਲਾਨਤ ਲਾਨਤ ਕਹਿਤੇ ਗਏ। ਕਛੂ ਸਿਆਣੇ ਠਾਂਢੇ ਰਹੇ।੧੯।

ਦੋਹਰਾ: ਹਾਥ ਜੋੜ ਠਾਂਢੇ ਭਏ 'ਇਤੀ ਬਾਤ ਤੌ ਮਾਨ।
ਮਾਵਸ ਹੈ ਅਜ ਸੋਮਵਤਿ ਕਾਲ ਕਰੀਂ ਮਨ ਮਾਨ'।੨੦।

ਚੌਪਈ: ਤਬ ਤਿਨਕੀ ਤਿਨ ਇਤੀ ਨ ਮਾਨੀ। ਦਏ ਮ੍ਰਾਇ ਸਿਖ ਮੂੜ੍ਹ ਅਗਜਾਨੀ।
ਹੋਕਾ ਦੀਨਾ ਸ਼ਹਿਰ ਬੁਲਾਇ। 'ਲੇਵੈ ਨ ਕੋਈ ਗੁਰ ਕੋ ਨਾਇ।੨੧।
ਜੋ ਗੁਰ ਨਾਮ ਸੁਨਯੋ ਹਮ ਕਾਨ। ਛਾਡੋਂ ਨਾਂਹੀਂ ਕਢੋਂ ਪਰਾਨ।
ਨਾਨਕ ਕੀ ਕੋਊ ਪੜ੍ਹੈ ਨ ਬਾਨੀ। ਗ੍ਰੰਥ ਲੁਕੋਇ ਪੋਥੀਆਂ ਛਿਪਾਨੀ।੨੨।
ਜੋ ਗੁਰ ਕੋ ਕੋਊ ਲੇਵੇ ਨਾਮ। ਮੁਸਲਮਾਨ ਉਸ ਕਰੋਂ ਪਛਾਨ।
ਵਾਹਿਗੁਰੂ ਕੋ ਨਾਮ ਹਟਾਵੋ। ਔਰ ਮਭਨ ਕੋ ਨਾਮ ਜਪਾਵੋ।੨੩।

ਦੋਹਰਾ: ਗੁੜ ਕੇ ਕਹਨੇ ਗੁਰ ਕਹੈਂ ਰੋੜੀ ਧ੍ਰਾਯੋ ਨਾਮ।
ਜੋ ਕੋ ਗੁਰ ਕਹਿ ਕਿਸ ਸਦੇ ਮਾਰੋਂ ਚੜ੍ਹ ਤਿਸ ਗਾਮ'।੨੪।

ਚੌਪਈ: ਐਸ ਉਪੱਦ੍ਰਵ ਲੱਖੂ ਚਾਯਾ। ਚੜ੍ਹ ਸੋ ਖਾਲਸੇ ਊਪਰ ਧਾਯਾ।
ਤੋਪ ਜੰਬੂਰੇ ਕਸੇ ਖਨਾਇ। ਦਏ ਖਾਲਸੇ ਵੱਲ ਚਲਾਇ।੨੫।
ਹਯ ਗਯ ਰਥ ਪੈਦਲ ਲੈ ਧਾਯੋ। ਹੋਰ ਸੁ ਰੱਯਤ ਸਾਥ ਚਲਾਯੋ।
ਲਿਖ ਨਬਾਬ ਤਬ ਐਸ ਪਠਾਵੈ। 'ਹਮਰਾ ਸੋ ਜੁ ਦਿਵਾਨ ਸੰਗ ਜਾਵੈ'।੨੬।
ਮੁਲਤਾਨ ਬਹਾਵਲ ਮਲ ਕੇ ਤਾਈਂ। ਦੀਨੀ ਫੌਜ ਨਵਾਬ ਚੜ੍ਹਾਈ।
ਕਸੂਰ ਆਦ ਲੌ ਅਟਕ ਸੁ ਤਾਕਰ। ਔਰ ਦੁਵਾਬੇ ਤਿਹਾੜੇ ਲਾ ਕਰ।੨੭।
ਲਿਖ ਭੇਜੇ ਤਿਨ ਸਕਲ ਪਹਾੜ। ਨਵਾਬ ਬੁਲਾਏ ਕਰ ਬਹੁ ਤਾੜ।
'ਜੋ ਇਨਮੈਂ ਕੋ ਰਹੈ ਸਿਪਾਹੀ। ਤਿਸਕੀ ਜਾਨ ਬਚੇਗੀ ਨਾਹੀਂ'।੨੮।
ਐਸ ਦਬਾਵ ਨਬਾਬ ਸੁ ਦੇਇ। ਤਿਸਤੇ ਆਕੀ ਰਹੈ ਸੁ ਕੋਇ।
ਐਸੋ ਕੋ ਜੋ ਚਲੈ ਨ ਕਹੇ। ਮਾਰਨ ਸਿੰਘਨ ਬਹੁ ਜਗ ਚਹੇ।੨੯।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਆਯੋ ਜੋ ਦੀਵਾਨ ਪੈ ਦੇਵਣ ਜੱਸੂ ਕਾਣ[1]।
ਲੇਵੈ ਜੱਸੂ ਤਿਸ ਸੰਗੈ ਪਾਵੈ ਨਹਿੰ ਘਰ ਜਾਣ।੩੦।

ਚੌਪਈ: ਔਰ ਨਵੀਂ ਰੱਖ ਲਈ ਸਿਪਾਹਿ। ਆਯੋ ਹਹਣ ਜੁ ਮੋੜਯੋ ਨਾਂਹਿ।
ਕਹੇ 'ਦਿਵਸ ਦੋ ਮੈਂ ਲੇਊਂ ਫੜਹੀ। ਫੇਰ ਉਤਾਰੂੰ ਕਰੂੰ ਤੁਰਤ ਹੀਂ'।੩੧।
ਚੜ੍ਹਿਓ ਹਾਥੀ ਉਤੇ ਦਿਵਾਨ। ਉਠੀ ਧੂੜ ਰਵਿ ਰੁਕਯੋ ਸਮਾਨ।
ਐਸੋ ਸ਼ੋਰ ਜਗਤ ਮੈਂ ਭਯੋ। 'ਅਬੈ ਖਾਲਸੋ ਲੁਕਨ ਨ ਦਯੋ।੩੨।
ਇਹ ਤੋ ਖਾਲਸੇ ਛਡ ਨ ਬੀਜ। ਭਾਈ ਬੈਰ ਲੈਨ ਚੜ੍ਹਿਓ ਖੀਝ';
ਜੈਸੇ ਆਂਧੀ ਪਾਤ ਉਡਾਵੈ। ਤੈਸੇ ਖਾਲਸੇ ਆਗੈ ਧਾਵੈ।੩੩।

ਦੋਹਰਾ: ਜੋ ਆਏ ਥੇ ਤੁਰਤ[2] ਕੇ ਤੇ ਤੁਰਤ ਤੁਰੇ ਘਰ ਓਰ।
ਰਹ ਸਿੱਖ ਜੋ ਥੇ ਪਕੇ ਸਤਿਗੁਰ ਊਪਰ ਜੋਰ।੩੪।

ਚੌਪਈ: ਜਿਮ ਜਿਮ ਲੋਕਨ ਸ਼ੁਹਰਤ ਭਈ। ਤਿਮ ਤਿਮ ਫੌਜ ਸਿੰਘਨ ਪਰ ਗਈ।
ਮਾਤ ਪਿਤਨ ਸਿੰਘ ਚਿੰਤਾ ਪਈ। ਮੋੜ ਲਿਆਏ ਪੁੱਤਨ ਕਈ।੩੫।
ਕੋਈ ਦੌੜੇ ਮੋੜਨ ਤਾਈਂ। ਪੁਤ੍ਰ ਰਲੇ ਥੇ ਲੁੱਟਨ ਤਾਈਂ।
ਕਹੈ ਮਾਤ 'ਤੁਮ ਘਰ ਮੁੜ ਚੱਲੋ। ਸੀਸ ਮੁਨਾਇ ਜਟਨ ਵਿੱਚ ਰੱਲੋ'।੩੬।

ਦੋਹਰਾ: ਜੋ ਪੱਕੇ ਥੇ ਸੋ ਰਹੇ ਕੱਚੇ ਗਏ ਸੁ ਭਾਜ।
ਮਰੇ ਗਏ ਸਭ ਸੁਰਗ ਨੋ ਜੀਏ ਕਰਯੋ ਤਿਨ ਰਾਜ।੩੭।

ਚੌਪਈ: ਅਮਲ ਖਾਲਸਾ ਸੋਊ ਰਹਯੋ। ਪਰਯੋ ਮੁਕਾਬਲ ਦੂਹੂ ਵਲ ਤਹਿਓਂ।
ਤੁਰਕ ਸੁ ਆਟਾ ਸਿੰਘ ਸੁ ਲੂਣ। ਤੁਰਕ ਘਟਾ ਸਿੰਘ ਬਿੱਜਲ ਊਨ।੩੮।

ਦੋਹਰਾ: ਦੇਖ ਸੁ ਲਸ਼ਕਰ ਅਤਿ ਘਣਾ ਸਭ ਖਾਲਸੇ ਲਾਯੋ ਦਿਵਾਨ।
'ਇਨ ਸੋਂ ਸਨਮੁਖ ਕਿਮ ਲਰੈਂ ਇਹ ਚਲ ਅਯੋ ਜਹਾਨ'।੩੯।
ਜੇਊ ਸੂਰ ਸਿਰ ਬਾਹਰੇ ਤੇਊ ਕਹੈਂ 'ਲੜੋ ਆਜ'।
ਜੇਊ ਸਿਆਨੇ ਸੋ ਕਹੈਂ 'ਲੜੋ ਸੁ ਮੁੜ ਮੁੜ ਭਾਜ'।੪੦।

ਚੌਪਈ: ਸਜਾਨਨ ਨੇ ਯੋ ਬਾਤ ਸੁਨਾਈ। 'ਲੜਾਈ ਕੇ ਫੱਟ ਕਹੈਂ ਸੁ ਢਾਈ।
ਮਿਲਨ ਭਜਨ ਇਹ ਮਾਰੇ ਦੋਇ। ਲੜ ਮਰ ਮੁੱਕਣ ਆਧਾ ਸੋਇ।੪੧।
ਹਮੈਂ ਗੁਰੂ ਨੇ ਭਜਨ ਬਤਾਯਾ। ਭਜ ਭਜ ਲੜਨੋ ਬਡ ਯਹ ਦਾਯਾ।
ਭਜ ਭਜ ਲੜਿਓ ਸਤਿਗੁਰ ਆਪ। ਭਜ ਭਜ ਲੜਨੋ ਨਹਿੰ ਕਛੁ ਪਾਪ।੪੨।
ਕਈ ਬਾਰ ਭਜ ਗਯੋ ਭਗਵਾਨ। ਮੱਧ ਸਮੁੰਦਰ ਕੀਨੋ ਥਾਨ।
ਪਾਂਡਵ ਭੀ ਥੇ ਭਜ ਕੇ ਬਚੇ। ਮੰਦਰ ਥੇ ਜਹ ਲੱਖੀ ਰਚੇ'।੪੩।

---

੧. ਭਾਵ ਜਸਪਤ ਦੀ ਮਕਾਣ ਦੇਣ ਜੋ ਖੀ ਆਇਆ।

੨. ਭਾਵ ਜੋ ਸਿਖਾਂ ਨਾਲ ਸੱਜਰੇ ਰਲੇ ਸੇ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਜੋਊ ਸਜਾਨਨ ਨੇ ਕਹੀ ਮਨੀ ਸੂਰਨ ਸੋ ਗੱਲ।
ਲਰਤ ਭਜਤ ਆਗੇ ਤੁਰੇ ਲਯੋ ਆਸਰੋ ਝੱਲ।੪੪।

ਚੌਪਈ: ਤਬਹਿ ਸਿੰਘਨ ਕੋ ਲਗ ਰਾਜੋ ਦਾਇ। ਪ੍ਰਿਥਮਹ ਰੌਲ ਤੁਰਕ ਕੀਓ ਘਾਇ।
ਤਬ ਦਿਵਾਨ ਯੌ ਚਿੰਤਾ ਪਰੀ। 'ਬਿਨ ਤਤਬੀਰ ਫੌਜ ਸੋ ਮਰੀ।੪੫।
ਔਰ ਤਤਬੀਰ ਫੌਜ ਕੀ ਕਰੀਐ। ਤੋਪ ਘੋੜਨ ਕੀ ਆਗੈ ਧਰੀਐ'।
ਤਿਹਿ ਪਾਛੋ ਕੀਨੀ ਹਥ ਨਾਲ। ਤਿਸੈ ਜੰਬੂਰਨ ਲਾਈ ਪਾਲ।੪੬।
ਤਿਸਕੇ ਪਾਛੇ ਕਰੀ ਸਿਪਾਹਿ। ਫੌਜ ਅਸਲ ਨਿਜ ਰਾਖੀ ਪਾਹਿ।
ਰਚੀ ਚੰਮੂ ਦਿਵਾਨ ਉਲਟੇ ਰਾਹਿ। ਸਭ ਤੇ ਪਾਛੇ ਡਰਤ ਸੁ ਜਾਇ।੪੭।
ਜੋ ਸਿੰਘ ਮੁੜ ਕਰ ਕਰੈਂ ਲੜਾਈ। ਨਹਿੰ ਤੋਪਨ ਸੋਂ ਕਛੂ ਬਸਾਈ।
ਤੌ ਸਿੰਘ ਫੇਰ ਵੜੈਂ ਮੁੜ ਝੱਲ। ਐਸੀ ਭਈ ਖਾਲਸੇ ਗੱਲ।੪੮।
ਵੜੈਂ ਤਾਂਹਿ ਜਹਿਂ ਤੋਪ ਨ ਜਾਵੈ। ਘੁੜਿਆਲਨ ਨਹਿਂ ਕਛੂ ਬਸਾਵੈ।
ਛਡੀ ਫੌਜ ਲੇਹਿਂ ਸਿੰਘ ਉਸ ਮਾਰ। ਇਸ ਬਿਧ ਸਿੰਘ ਬਚੇ ਕਈ ਬਾਰ।੪੯।
ਤਬਹਿ ਦਿਵਾਨ ਬਿਲਦਾਰ ਬੁਲਾਏ। ਬਿਕਟ ਠੌਰ ਤਹਿਂ ਰਾਹ ਬਨਵਾਏ।
ਝੱਲ ਗਾੜ੍ਹੇ ਤਹਿਂ ਫੂਕ ਜਲਾਵੈਂ। ਸੋਧ ਧਰੇ ਤੁਰ ਤੋਪ ਚਲਾਵੈਂ।੫੦।
ਤਬ ਸਿੰਘਨ ਕੋ ਬਹੁਤ ਸਤਾਯਾ। ਖਾਣੇ ਨੂੰ ਕੁਛ ਹੱਥ ਨ ਆਯਾ।
ਭੁੱਖੇ ਹੁਇ ਸਿੰਘ ਆਗੈ ਤੁਰੇ। ਝੱਲੋਂ ਬਾਹਰ ਸਿੰਘ ਨਿਕਰੇ।੫੧।

ਦੋਹਰਾ: ਕਿਤੇ ਉਰਾਰ ਸੁ ਝਲ ਵੜੇ ਕਿਤੇ ਪਾਰ ਝੱਲ ਮਾਂਹਿ।
ਐਸੇ ਐਸੇ ਜਤਨ ਸੋਂ ਸਿੰਘ ਸੁ ਆਗੇ ਜਾਹਿਂ।੫੨।

ਚੌਪਈ: ਤਬ ਦਰਿਆਇ ਭਯੋ ਅਤਿ ਤਾਰੂ। ਸਿੰਘ ਹੁਇ ਗਏ ਰਾਵੀ ਪਾਰੂ।
ਪਾਰ ਪਾਰ ਸਿੰਘ ਮੁਹਰੇ ਜਾਵੈਂ। ਪਾਛੇ ਫੌਜ ਤੁਰਕ ਕੀ ਆਵੈ।੫੩।
ਨਹਿਂ ਡੇਰੋ ਸਿੰਘ ਕਰਨਾ ਮਿਲੈ। ਕਹੂੰ ਰਾਤ ਕਹੂੰ ਦਿਨ ਹੂੰ ਚਲੈਂ।
ਨਹਿਂ ਸਿੰਘਨ ਕਛੂ ਰਹਿਓ ਪੱਲੈ। ਭਾਰ ਬ੍ਰਦਾਰੀ ਬਿਨ ਕਜਾ ਚੱਲੈ।੫੪।
ਗੋਲੀ ਦਾਰੂ ਕਹੂੰ ਪਹੁੰਚੈ ਨਾਹੀਂ। ਕਾ ਸੋਂ ਸਿੰਘ ਸੁ ਕਰੈਂ ਲਰਾਈ।
ਸ਼ਸਤਰ ਕਾਟਤ ਖੁੰਢੇ ਹੋਏ। ਰਾਤ ਦਿਵਸ ਸਿੰਘ ਨਾਂਹੀ ਸੋਏ।੫੫।
ਗਈ ਕਮਾਨ ਟੂਟ ਸੋ ਚਲਤੀ। ਤੀਰ ਮੁਕੇ ਫਿਰ ਮਿਲੈ ਨ ਭਰਤੀ।
ਨੇਜ਼ੇ ਵਲ ਰਹੇ ਦੁਸ਼ਮਨ ਤਨ ਮੇਂ। ਘਾਹੂ ਲਭੈ ਸੁ ਨਾਂਹੀ ਬਨ ਮੇਂ।੫੬।
ਬਿਨ ਦਾਣੇ ਭਏ ਘੋੜੇ ਮਾੜੇ। ਬਿਨ ਬਸਤਰ ਤਨ ਧੂਪ ਸੁ ਸਾੜੇ।
ਆਟਾ ਦਾਣਾ ਨਹੀਂ ਕਜਾ ਪਾਵੈਂ। ਪਾਣੀ ਭੀ ਤਹਿਂ ਹੱਥ ਨ ਆਵੈ।੫੭।

ਦੋਹਰਾ: ਅੱਧੀ ਮੌਤ ਮੁਸਾਫਰੀ ਸਾਰੀ ਮੌਤ ਸੁ ਭੁੱਖ।
ਊਹਾਂ ਆਇ ਦੋਊ ਮਿਲੀ ਯਹ ਭਯੋ ਖਾਲਸੇ ਦੁੱਖ।੫੮।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਸਿੰਘਨ ਨੇ ਬਹੁ ਦੁਖ ਪਾਯਾ। ਹਿੰਦਵਾਇਣ ਕੋ ਕੋਣਾ ਤਕਾਯਾ।
ਵੜੇ ਸੁ ਜਾਇ ਪਹਾੜਨ ਝੱਲ। 'ਕਰਹਿਂ ਹਿੰਦੂ ਕਛੁ ਹਮਰੀ ਵੱਲ।੫੯।
ਹਿੰਦੂ ਕੋ ਪਾਰਨ ਤੁਰਕਨ ਗਾਰਨ। ਭਯੋ ਖਾਲਸਾ ਇਸ ਹੀ ਕਾਰਨ'।
ਨਹਿਂ ਜਾਨਯੋ ਯਹਿ ਤੁਰਕਨ ਭਾਈ। ਹਮਰੇ ਸੰਗ ਬਹੁ ਕਰੈਂ ਬੁਰਾਈ।੬੦।
ਜਿਨ ਬੰਦੇ ਸੋਂ ਦਗਾ ਕਮਾਈ। ਸੱਦਯੋ ਬੰਦਾ ਕੁਮਕੈ ਤਾਂਈਂ।
ਜਬ ਬੰਦੇ ਨੇ ਤੁਰਕ ਸੁ ਮਾਰੇ। ਕਰਾਈ ਬੰਦੇ ਕੀ ਇਨ ਫਿਰ ਹਾਰੇ।੬੧।

ਦੋਹਰਾ: ਸਿੰਘਨ ਸਮਝਯੋ ਨਾਂਹਿ ਯੋਂ ਦਗੇ ਬਾਜ਼ ਇਹ ਆਦਿ।
ਬੰਦਈ ਸਿੰਘ ਇਨ ਫੜ ਦਏ ਰਖੀ ਨ ਸਿੰਘਨ ਯਾਦ।੬੨।

ਚੌਪਈ: ਵੱਲ ਬਸੋਹਲੀ ਸਿੰਘ ਸੁ ਤੁਰੇ। ਅਗੈ ਬਸੋਲ੍ਹੀ ਬਹੁ ਪ੍ਰਬਤੀ ਜੁੜੇ।
ਸਿੰਘ ਸਮਝੀ 'ਹਮ ਵਲ ਕਰੇਂ[1]'। ਕਈ ਸਿੰਘ ਜਾ ਤਿਨ ਮੋ ਰਲੇ।੬੩।
ਤਬ ਤਿਨ ਤੁਰਤ ਸੁ ਦੀਨੇ ਮਾਰ। ਕਈ ਪਕਰਾਏ ਤੁਰਕਨ ਵਾਰ।
ਤੁਰਤ ਤੁਰਕਨ ਸੋ ਦੀਨੇ ਮਾਰੀ। ਸਿੰਘਨ ਰਾਤ ਬਿਧਨ[2] ਭਈ ਭਾਰੀ।੬੪।

ਦੋਹਰਾ: ਪੜੋਲ ਕਠੂਹੇ ਭਾਂਤ ਇਤ ਸਿੰਘ ਫਸੇ ਜੋ ਜਾਇ।
ਲੀਨੇ ਲੂਟ ਔ ਕੂਟ ਕਰ ਨਠੇ ਸੁ ਫਿਰ ਪਛੁਤਾਇ।੬੫।

ਚੌਪਈ: ਸਿੰਘਨ ਤਬੈ ਪਹਾੜ ਤਕਾਯਾ। ਡੇਰਾ ਤਿਸ ਸੋ ਵੱਲ ਚਲਾਇਆ।
ਆਗੈ ਪੂਰਯੋ ਲਖਯੋ ਪਹਾੜ। ਕੜੇ ਖੜੇ ਥੇ ਸ਼ਸਤ੍ਰਨ ਨਾਲ।੬੬।

ਦੋਹਰਾ: ਸਾਥ ਪਹਾੜ ਪਹਾੜੀਏ ਲਏ ਨਿਬਾਬ ਬੁਲਾਇ।
ਉਪਰ ਪਹਾੜ ਸੁ ਆ ਖੜੇ ਦਿਖ ਸਿੰਘ ਸੰਸਾ ਆਇ।੬੭।

ਚੌਪਈ: ਫੇਰ ਖਾਲਸੇ ਪਿਛਾ ਤਕਾਯਾ। ਤੁਰਕ ਫੌਜ ਸੋਂ ਜੰਗ ਮਚਾਯਾ।
ਪੁਠੀ ਸਿੱਧੀ ਖੁੰਢੀ ਤਲਵਾਰ। ਮਾਰਹਿਂ ਬਲ ਸੋਂ ਹੋ ਜਾਇ ਪਾਰ।੬੮।
ਇਕ ਫਲ ਨੇਜੇ ਰਹੈ ਜੁ ਬੀਚ। ਮਾਰਹਿਂ ਸਿਰ ਤਹਿਂ ਛੜ ਕੌ ਖੀਚ।
ਤੁਟੀ ਕਮਾਨ ਸਿਰ ਮਾਰਹਿਂ ਤਾਨ। ਸੀਸ ਸੁ ਫੋੜਹਿਂ ਬਲੀ ਜੁਆਨ।੬੯।
ਟੋਲੈਂ ਲਖੁ ਜੁ ਪਾਵੇਂ ਕਹੀਂ। ਰਹੈ ਪਿਛੇ ਸੋ ਲੱਭੈ ਨਹੀਂ।
ਬਲੀ ਸਿੰਘ ਜੋ ਸ਼ਸਤਰ ਮਾਰੈਂ। ਤੁਰਕ ਸੁ ਮੁੰਡੀਆ ਕਾਟ ਬਿਡਾਰੈਂ।੭੦।

ਦੋਹਰਾ: ਫੇਰ ਫਿਰੋ ਬਲ ਨਹਿਂ ਚਲੈ ਤੋਪ ਜੰਬੂਰਨ ਨਾਲ।
ਤਕਯੋ ਤਬਹਿ ਦਰਯਾਉ ਤਿਨ ਹੋਈਏ ਜਿਮ ਤਿਮ ਪਾਰ।

ਚੌਪਈ: ਜਾਇ ਖੜੇ ਦਰਿਯਾਇ ਕਿਨਾਰੇ। ਅਗੇ ਦਰਯਾਇ ਸੁ ਲਹਰਨ ਮਾਰੇ।
ਸ਼ੂਕੇ ਫੂਕੇ ਚਕ ਚਕ ਡੰਡ। ਘੁੰਮਨ ਘੇਰਨ ਭਯਾਨ ਪ੍ਰਚੰਡ।੭੨।
ਬਹੁਤ ਜ਼ੋਰ ਸੋਂ ਗਾਜਤ ਆਵੈ। ਬਹੁਤ ਬ੍ਰਿਛਨ ਕੀ ਜੜ੍ਹਾਂ ਪੁਟਾਵੈ।
ਉਹਾਂ ਪੁਰਸ਼ ਕੀ ਕੌਨ ਚਲਾਵੈ। ਤੋੜਤ ਸਿਲਾ ਪੱਥਰ ਕੀ ਆਵੈ।੭੩।

---

੧. ਸਾਡਾ ਪੱਖ ਕਰਨਗੇ। ੨. ਦੁਖ ਭਰੀ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਕਹਜੋ ਉਹਾਂ ਖੜ ਖਾਲਸੇ 'ਕੋਊ ਯਾਹ ਲਿਆਵੈ ਥਾਹੁ।
ਯਾਂਕੇ ਪਾਛੈ ਸਭ ਲੰਘੈਂ ਐਸ ਬਤਾਵੈ ਰਾਹੁ'।੭੪।

ਚੌਪਈ: ਰਹਤ ਸਿੰਘ ਥੇ ਡੱਲੇ ਵਾਲ। ਖਤ੍ਰੀ ਜਾਤ ਸੁ ਭਾਈ ਚਾਰ।
ਸੂਰਬੀਰ ਥਡ ਜਾਪਹਿਂ ਭੂਪ। ਉਮਦੇ ਘੋੜੇ ਬਹੁਤ ਅਨੂਪ।੭੫।
ਕਹੇ ਸਿੰਘਨ ਦੁਇ ਵੜਤ ਸੁ ਭਏ। ਖਾ ਗਏ ਗੋਤੇ ਨਹਿਂ ਫਿਰ ਅਏ।
ਗੁਰਦਜਾਲ ਸਿੰਘ ਕੇ ਭਾਈ ਓਈ। ਮਿਸਲ ਡੱਲੇਵਾਲ ਜਿਨ ਤੇ ਹੋਈ।੭੬।
ਤਬਹਿ ਖਾਲਸੇ ਐਸ ਬਿਚਾਰਾ। 'ਹਮ ਸਿਰ ਆਯੋ ਉਹ ਵਖਤ ਭਾਰਾ।
ਇਕਲੇ ਕਿਮ ਡੁਬ ਮਰੈਂ ਦਰਜਾਇ। ਮਰੋ ਤੁਰਕ ਸੰਗ ਲੈ ਦਸ ਭਾਇ*'।੭੭।

ਦੋਹਰਾ: ਤਬਹਿ ਬਿਚਾਰਜੋ ਖਾਲਸੇ 'ਆਯੋ ਵੇਲਾ ਸੋਇ।
ਜੋ ਸ੍ਰੀ ਮੁਖ ਤੇ ਆਖਿਓ ਸਤਿਗੁਰ ਸਨਮੁਖ ਹੋਇ।੭੮।

ਚੌਪਈ: ਸਿੱਧੋ ਮੁਖ ਕਰ ਮਰੈ ਜੁ ਸੂਰਾ। ਸਵਾ ਲਾਖ ਮੈਂ ਲੇਉਗੁ ਪੂਰਾ।
ਤੌ ਛਾਡੋਂ ਤਰ ਪੰਥ ਖਿਆਲ। ਕਰਜੋ ਪਤਿਸ਼ਾਹੀ ਫਿਟ ਸੁਖ ਨਾਲ'।੭੯।

ਦੋਹਰਾ: ਬਚਨ ਕਹੇ ਜੋ ਖਾਲਸੇ ਲਏ ਪੰਥ ਸੋਈ ਮਾਨ।
ਚਹੂੰ ਓਰ ਮੁਖ ਕਰ ਚੜ੍ਹੇ ਮੋੜਜੋ ਮੁੱਖ ਨ ਕਾਨ।੮੦।

ਚੌਪਈ: ਜੇਊ ਵਲ ਪਹਾੜ ਥੇ ਖੜੇ। ਹਿੰਮਤ ਕਰ ਪਹਾੜ ਸੋ ਚੜ੍ਹੇ।
ਅੱਗੈ ਖੜੀ ਪਹਾੜ ਸਿਪਾਹ। ਸੋ ਦੇਵੈ ਨਹੀਂ ਸਿੰਘਨ ਰਾਹ।੮੧।
ਮਾਰਹਿਂ ਪਾਥਰ ਇਟਨ ਬੰਦੂਕ। ਆਵੈਂ ਤੋਪਨ ਗੋਲ ਸੋ ਕੂਕ।
ਜਹਾਂ ਲਗੈ ਤਨ ਜਾਵੈ ਟੂਟ। ਅਗੇ ਸਿਪਾਹੀ ਖੜੇ ਰਜਪੂਤ।੮੨।

ਦੋਹਰਾ: ਤੌ ਸਿੰਘਨ ਨੇ ਜੋਸ਼ ਕਰ ਇਕ ਲਯੋ ਮੋਰਚੋ ਮਾਰ।
ਓਹੁ ਆਇ ਬਹੁਤੇ ਪੜੇ ਉਨ ਦੀਏ ਫੇਰ ਉਤਾਰ।੮੩।

ਚੌਪਈ: ਤੌ ਸਿੰਘਨ ਫਿਰ ਕੀਓ ਉਪਾਉ। ਤੱਕਜੋ ਉਪਰ ਚੜ੍ਹਨ ਕੋ ਦਾਉ।
ਲੁਕੇ ਪਹਾੜ ਜੜ੍ਹਨ ਮੈਂ ਧਾਇ। ਖੋਦ ਮਟੀ ਲੁਕਨ ਕੀਯੋ ਥਾਇ।੮੪।
ਜਿਮ ਸਿਰ ਲੁਕੇ ਸੁ ਊਪਰ ਵਾਇ। ਤਿਸ ਬਿਧ ਮਿੱਟੀ ਸਿੰਘਨ ਪੁਟਾਇ।
ਕਰਦਨ ਛੁਰੀਅਨ ਸਾਥ ਕਟਾਰੀ। ਨੇਜਨ ਬਰਛਨ ਸੰਗ ਤਲਵਾਰੀ।

ਦੋਹਰਾ: ਠਹਰ ਥਾਉਂ ਪਗ ਧਰਨ ਕਰ ਕੀਨੋਂ ਸਿੰਘਨ ਜੋਰ।
ਜਾਇ ਚੜ੍ਹੇ ਤਿਹ ਥਾਂ ਖੜੇ ਅੜੇ ਭਿੜੇ ਤਿਨ ਘੋਰ।੮੬।

ਚੌਪਈ: ਤਬ ਪਹਾੜੀਏ ਅਏ ਕਰ ਸੋਰ। ਮਗਰੇ ਕੀਨੋ ਸਿੰਘਨ ਜ਼ੋਰ।
ਸਿੰਘਨ ਹਥਹੁੰ ਸ਼ਸਤਰ ਛੁੱਟੇ। ਲਗੇ ਪ੍ਰਬਤੀਅਨ ਫਿਰੇ ਅਪੁੱਠੇ।੮੭।

---

* ਵਜ਼ੀਰ ਕਹਿੰਦਾ ਹੈ

Sri Satguru Jagjit Singh Ji eLibrary NamdhariElibrary@gmail.com

ਗੈਲ ਸੁ ਸਿੰਘਨ ਬਹੁਤ ਦਬਾਈ। ਲਿਯੋ ਸੁ ਟਿੱਬਾ ਸਿੰਘਨ ਛੁਡਾਈ।
ਜੋਊ ਸਜਾਦੇ[1] ਚੜ੍ਹੇ ਉਤਾਹੀ। ਘੋੜੇ ਉਨ ਕੇ ਚੜ੍ਹੇ ਸੁ ਨਾਂਹੀ।੮੮।
ਔਰ ਤਕਾਯੋ ਚੜ੍ਹ ਇਕ ਰਾਹੁ। ਦਰਜਾਉ ਕਰਤ ਥਾਂ ਜਿਤ ਵਲ ਢਾਹੁ।
ਸ਼ਸਤ੍ਰਨ ਸਿਉਂ ਤਿਹ ਰਾਹ ਖੁਦਾਯਾ। ਘੋੜੇ ਕਉ ਤਿਹ ਚਰਨ ਰਖਾਯਾ।੮੯।
ਕੋਈ ਬਚੈ ਕੋਈ ਗਿਰ ਜਾਵੈ। ਗਿਰੈ ਤਹਾਂ ਸੁ ਦਰਜਾਉ ਡੁਬਾਵੈ।
ਮਿਲੈਂ ਨ ਪਿਛਲਨ ਫਿਰ ਸੋ ਅਗਲੇ। ਜਿਤ ਕੇਸੇ ਤਿਤ ਗਏ ਸੁ ਵਗਲੇ।੯੦।
ਅਗੇ ਲਖਨ ਕੀ ਜਗਾ ਨ ਪੱਯੇ। ਪਿਛੇ ਕਿਤ ਬਿਧਿ ਪਲਟ ਨ ਜੱਯੇ।
ਭਈ ਭੀੜ ਬਹੁ ਭਰ ਗਯੋ ਰਾਹੁ। ਤਿਲਕੇ ਫਿਲਕੇ ਡੁਬੇ ਦਰਜਾਇ।੯੧।

ਦੋਹਰਾ: ਅਗਲੇ ਕਹੈਂ ਪਿਛਲੇ ਭਲੇ ਪਿਛਲੇ ਅਗਾਂਹ ਤਕਾਹਿਂ।
ਕੋਉ ਕਿਸੈ ਨ ਕਹਿ ਸਕੈ ਲਗੀ ਰਾਹ[2] ਤਹਿਂ ਜਾਹਿਂ।੯੨।

ਚੌਪਈ: ਰਿਜ਼ਕ ਖਾਨ ਕੀ ਕੌਨ ਚਲਾਵੈ। ਪਾਣੀ ਪੀਣੋਂ ਨਹਿਂ ਬਣ ਆਵੈ।
ਪਰ ਕਿਛ ਕਲਾ ਸੁ ਧਰੀ ਸਰੀਰ। ਗਿਰੇ ਨ ਚਲਨੋ ਧਰੇ ਸੁ ਧੀਰ।੯੩।
ਕਈ ਦਿਨਨ ਕੇ ਭੂਖੇ ਸਿੱਖ। ਮੰਗਤ ਉਨ ਨਹਿਂ ਲੱਭੈ ਭਿੱਖ।
ਸਗਾਵਾਂ ਮਾਰੈਂ ਦੇਖ ਸੁ ਥਾਇ। ਪਾਇ ਰਸੇ ਦੁਇ ਤੁਰਕਨ ਫੜਾਇ।੯੪।

ਦੋਹਰਾ: ਮਾਰਤ ਮਰਤੇ ਦੇਖ ਜਨ ਗਈ ਭਾਜ ਉਨ ਭੂਖ।
ਭਯੋ ਸੰਤੋਖ ਸੋ ਖਾਲਸੇ ਹਰੇ ਦੇਖ ਕੇ ਰੂਖ।੯੫।
ਉੱਪਰ ਚੜੇ ਸੁ ਖੜ ਰਹੇ ਸੁਨੋ ਤਲਨ ਕੀ ਬਾਤ।
ਜਿਹ ਬਿਧ ਸੁਨੀ ਹਮ ਪਿਤਾ ਤੇ ਕਰੋਂ ਸੋਊ ਵਖਜਾਤ।੯੬।

ਚੌਪਈ: ਠੀਹਲ ਤੁਰਕਨ ਪਾਯੋ ਜੋਰ। ਜਾਣਜੋਂ ਸਿੰਘਨ ਭਾਜਣ ਤੌਰ।
ਸਿੰਘਨ ਊਪਰ ਹੱਲਾ ਕਰਾਯੋ। ਛਾਡ ਨਿਸ਼ਾਨਨ ਬਾਜੈ ਬਜਾਯੋ।੯੭।
ਹੁਕਮ ਦੀਯੋ ਅਰ ਨਕੀਬ ਫਿਰਾਯੋ। 'ਪਹਿਲੇ ਲੂਟ ਨ ਕਰਨੀ ਪਾਯੋ।
ਲਯਾਵੇ ਸਿੱਖਨ ਕੋ ਸਿਰ ਜੋਈ। ਪੰਜ ਰੁਪੱਯੇ ਸਿਰ ਦਿਉਂ ਤੋਈ।੯੮।
ਪਾਛੈ ਲੂਟ ਮਾਫ ਮੈਂ ਕਰੋਂ। ਡੇਰਾ ਸਭ ਜਬ ਕਤਲੋ ਕਰੋ।
ਪਹਿਲੋ ਲੂਟਨ ਕੋ ਤੁਮ ਪਰੇ। ਮਤਿ ਕਤ ਭਾਜ ਸਿੰਘ ਫਿਰ ਵਰੇਂ'।੯੯।
ਤਬ ਸਿੰਘਨ ਕੇ ਸਿਰ ਭਈ ਮਾਰ। ਛੂਟਤ ਭਈ ਤੋਪ ਤਲਵਾਰ।
ਘੋੜਨ ਸੋਂ ਸਿੰਘ ਦਏ ਪਿਛਾਰੇ। ਤਬ ਸਿੰਘਨ ਭੀ ਸ਼ਸਤ੍ਰ ਸੰਭਾਰੇ।੧੦੦।
ਔ ਪੁਨ ਗੁਰ ਕੇ ਬਚਨ ਬਿਚਾਰੇ। ਹੋ ਠਾਂਢੇ ਕਿਛ ਅਗੇ ਸਿਧਾਰੇ।
ਤੁਰਕਨ ਹੱਲਾ ਫੇਟਾ ਕਰਜੋ। ਤੁਰਕਨ ਦਲ ਫਿਰ ਪਿਛੇ ਹਟ ਰਹਜੋ।੧੦੧।

ਦੋਹਰਾ: ਸੁੱਖਾ ਸਿੰਘ ਤਬ ਯੌਂ ਕਹੀ 'ਮੈਂ ਪਰੋਂ ਲੱਖੂ ਪਰ ਜਾਇ।
ਹਮਰੇ ਸੰਗ ਆਵੈ ਸੋਊ ਜੋ ਪਿੱਛੈ ਕਰੇ ਨ ਪਾਇ'।੧੦੨।

੧. ਪਾ:- ਪਿਆਦੇ।   ੨. ਪਾ:- ਰਾਹੁ।

Sri Satguru Jagjit Singh Ji eLibrary   NamdhariElibrary@gmail.com

ਚੌਪਈ: ਸੁੱਖਾ ਸਿੰਘ ਤਬ ਸਦ ਹਲਕਾਰੇ। 'ਰਹਿ ਦਿਵਾਨ ਜਹਿਂ, ਦੱਸੋ ਸਾਰੇ'।
ਹਲਕਾਰੇ ਕਹੀ 'ਸੁ ਹੱਥ ਨ ਆਵੈ। ਬਹੁ ਫੌਜਨ ਕੇ ਮੱਧ ਰਹਾਵੈ।੧੦੩।
ਊਚੇ ਹਾਥੀ ਅੰਬਾਰੀ ਲਾਲ। ਰਹੇ ਤਹਾਂ ਨਹ ਡਰਤੂ ਨਾਲ।
ਲਘੁ ਹਾਥੀ ਕੇ ਊਪਰ ਬਹੇ। ਕਬੀ ਘੋੜਾ ਕਬ ਪਾਲਕੀ ਬਹੇ।੧੦੪।
ਰਖੇ ਚੁਫੇਰੇ ਪੈਦਲ ਘਨੀ। ਫਿਰ ਅਸਵਾਰੀ ਫੌਜ ਜਹਿਂ ਬਨੀ।
ਆਗੇ ਰਾਖੈ ਊਠ ਜੰਬੂਰੇ। ਆਗੇ ਤੋਪਨ ਕੀ ਬਿਧਿ ਪੂਰੇ'।੧੦੫।

ਦੋਹਰਾ: ਸੁੱਖਾ ਸਿੰਘ ਸੁ ਨਹਿਂ ਟਰਜੋ ਕਰੀ ਤਿਸੇ ਪੈ ਦੌੜ
ਜੰਬੂਰੇ ਕਾ ਗੋਲਾ ਲਗਜੋ ਦਈ ਟਾਂਗ ਤਿਸ ਤੋੜ।੧੦੬

ਚੌਪਈ: ਟੂਟੀ ਟੰਗ ਦੇਹ ਬਿਟਬਲ ਭਈ। ਪਹੁੰਚ ਨ ਸਕਜੋ ਮਨ ਕੀ ਮਨ ਰਹੀ।
ਲੀਨੀ ਟੰਗ ਹੰਨੇ ਜਿਉਂ ਬੰਧ।ਆਗੈ ਲਗੈ ਨ ਚੜ੍ਹਨੌਂ ਫੰਧ।੧੦੭।
ਤਬੈ ਸੁਖਾ ਸਿੰਘ ਪਾਛੇ ਮੁੜਾ। ਕਬੀ ਮੁੜੈ ਕਬੀ ਹੋ ਰਹਿ ਖੜਾ।
ਤੌ ਭੀ ਸਿੰਘ ਹੀ ਰਖੈ ਹਥਜਾਰ। ਹਠ ਔ ਤਪ ਕੇ ਬਲਹਿ ਸੰਭਾਰ।੧੦੮।
ਜਹਾਂ ਹੋਇ ਸਿੰਘਨ ਕੇ ਭੀੜ। ਤਹੀਂ ਸੁ ਡਾਹੇ ਜਾਇ ਸਰੀਰ।
ਔਰ ਸੁਨੋਂ ਅਬ ਅਗਲੀ ਬਾਤ। ਕਿਛ ਪਰਬਤ ਕਿਛ ਨੀਹਲ ਘਾਤ।੧੦੯।
ਯੌਂ ਤਬ ਖਾਲਸੇ ਮਤਾ ਮਤਾਯਾ। 'ਹਮ ਤੇ ਤੁਰਕ ਨ ਜਾਤ ਭਜਾਯਾ।
ਏ ਬਹੁਤੇ ਹਮ ਹੈਂ ਅਤਿ ਥੋੜੇ। ਭੂਖੇ ਹਮ ਔ ਭੂਖੇ ਘੋੜੇ।੧੧੦।
ਅਬ ਹਮ ਇਨ ਤੇ ਜਾਵੈਂ ਭਾਜ। ਸੂਧੋ ਹੁਇ ਫਿਰ ਕਰਿ ਹੈਂ ਕਾਜ।
ਚਾਰੋਂ ਕੂੰਟਨ ਕੋ ਭਜ ਜਾਵੋ। ਅਬ ਤੌਂ ਨਠ ਕਰ ਵਕਤ ਲੰਘਾਵੋ।੧੧੧।
ਹਮ ਕੋ ਨਠਨਾ ਗੁਰੂ ਬਤਾਯਾ। ਢਾਈ ਪਟ ਮੈਂ ਫੱਟ ਗਿਣਾਯਾ।
ਦੈਤਨ ਤੇ ਦੇਵਤ ਭਜ ਗਏ। ਅਪਨੋ ਦੇਸ਼ ਲੇਤ ਫਿਰ ਭਏ।੧੧੨।
ਕਿਸ਼ਨ ਆਪ ਲੁਕ ਗਯੇ ਕਈ ਬਾਰ। ਭਏ ਜੁ ਆਪ ਬਿਸ਼ਨੁ ਅਵਤਾਰ।
ਭਸਮੰਤਰ ਤੇ ਸ਼ਿਵ ਗਏ ਭਾਜ। ਫਿਰ ਅਪਨੋ ਕਰ ਲੀਨੋ ਕਾਜ'।੧੧੩।

ਦੋਹਰਾ: ਸੁੱਖਾ ਸਿੰਘ ਤਿਖਾਣ ਥੋ ਜੋ ਕੰਬੋ ਮਾੜੀ ਵਾਲ।
ਲੱਖੂ ਕੇ ਸਨਮੁਖ ਰਹੈ ਥੰਨੇ* ਸਿੰਘਨ ਨਾਲ।੧੧੪।

ਚੌਪਈ: ਤਬਹਿ ਖ਼ਾਲਸੇ ਐਮ ਠਹਿਰਾਈ। ਆਪ ਆਪਨੀ ਓਰ ਤਕਾਈ।
ਜੋਊ ਪਹਾੜੀ ਚੜ੍ਹਜ ਨ ਜਾਈ। ਤਿਨ ਸਿੰਘਨ ਸੌਂ ਐਮ ਸੁਨਾਈ।੧੧੫।
'ਹਮ ਸੁ ਪਹਾੜੀ ਨਾਂਹਿ ਚੜ੍ਹਾਈ। ਹਮ ਕੋ ਬਚਨ ਪਿਛੇ ਕੋ ਕਰਾਹੀ।
ਪਹਾੜ ਘੋੜੇ ਤੇ ਚੜ੍ਹਜੋ ਨ ਜਾਵੈ। ਬਿਨ ਘੋੜੇ ਹਮ ਕਿੱਕਰ ਧਾਵੈਂ'।੧੧੬।

ਦੋਹਰਾ: ਤਬੇ ਖਾਲਸੇ ਨੇ ਕਹੀ 'ਖਿੰਡੋ ਸੁ ਚਾਰੋਂ ਓਰ।
ਫਿਰ ਮਾਝੇ ਹੋ ਏਕਠੇ ਆਨ ਮਚਾਵੈਂ ਸ਼ੋਰ'।੧੧੭।

---

* ਪਾ:-ਬੰਨੇ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਸੁੱਖਾ ਸਿੰਘ ਕਰੀ ਸਲਾਹ। 'ਆਵੈ ਹਮ ਸੰਗ ਪਿਛਲੇ ਦਾਇ।
ਜੋ ਹੈ ਕੋਊ ਸਜਾਦਾ ਸਿੰਘ। ਚੜ੍ਹੋ ਪਹਾੜੀ ਕਰੋ ਨ ਢਿੱਲ।੧੧੮।
ਜੋ ਅਸਵਾਰ ਸੁ ਹਮ ਸੰਗ ਆਵੋ। ਸੋਊ ਪਹਾੜਨ ਪੈਰ ਨ ਪਾਵੋ।
ਜਬ ਲਗ ਚੜ੍ਹੇਂ ਪਹਾੜ ਪਯਾਦੇ। ਤੌ ਲਗ ਹਮ ਨਹਿਂ ਛਡ ਉਨ ਜਾਂਦੇ'।੧੧੯।

ਦੋਹਰਾ: ਜਬ ਸੁੱਖਾ ਸਿੰਘ ਖਾਲਸੇ ਯੌਂ ਦੀਨੋ ਫੁਰਮਾਇ।
ਬੇਟਾ ਮਿਲਜੋ ਨ ਬਾਪ ਕੋ ਭਾਈ ਮਿਲਜੋ ਨ ਭਾਇ।੧੨੦।
ਜਬ ਸੁੱਖਾ ਸਿੰਘ ਨੇ ਲਖੇ ਚੜ੍ਹੇ ਸਜਾਦੇ ਪਹਾੜ।
ਕਿਛੁ ਦਰਿਆ ਸੇ ਬੰਧ ਤੁਲ੍ਹੇ ਵੜੇ ਸੁ ਹੋਣੇ ਪਾਰ।੧੨੧।

ਚੌਪਈ: ਤਬ ਸੁੱਖਾ ਸਿੰਘ ਕਰੀ ਸਲਾਹਿ। 'ਅਬ ਲੱਖੂ ਪਰ ਪਰੀਐ ਜਾਇ।
ਜੋ ਦੇਵੈ ਕੋ ਹਮੈ ਬਤਾਇ। ਉਸੈ ਮਾਰੋਂ ਕੈ ਰਹੇਂ ਮਰਾਇ'।੧੨੨।
ਤਬ ਦਨਾਵਾਂ ਐਸੇ ਕਹੀ। 'ਅਬ ਹਮ ਲੜਨੇ ਹਿੰਮਤ ਨਹੀ।
ਅਬ ਹਮ ਚਲੋ ਇਹਾਂ ਤੇ ਦੌੜ। ਮੁਲਖ ਮਾਲਵੇ ਕਰਾਯੋ ਗੌਰ।੧੨੩।

ਦੋਹਰਾ: ਫੌਜ ਸੁ ਆਗੈ ਬਹੁਤ ਹੈ ਕਿਮ ਕਰ ਲੰਘਜੋ ਜਾਇ।
ਤੋਪ ਜੰਬੂਰੇ ਬਹੁ ਚਿਣੇ ਨਹੀਂ ਵੇਹਲ ਕਿਤ ਜਾਇ'।੧੨੪।

ਚੌਪਈ: ਕੋਉ ਕਹੈ 'ਕੋਊ ਰਾਹੁ ਤਕਾਓ। ਥੋੜੀ ਫੌਜ ਵਲੋਂ ਨਠ ਜ਼ਾਓ'।
ਕੋਊ ਕਹੈ 'ਦਰਿਯਾ ਮੈਂ ਵੜੋ'। ਕੋਊ ਕਹੈ 'ਫਿਰ ਪਹਾੜੀਂ ਚੜ੍ਹੋ'।੧੨੫।

ਦੋਹਰਾ: ਤਬ ਸੁੱਖਾ ਸਿੰਘ ਨੇ ਕਹਜੋ 'ਲੁਕ ਛਿਪ ਕਿਸੇ ਬਚਾਹਿਂ।
ਬਿਨਾ ਲੜਾਈ ਕੇ ਕੀਏ ਹਮਰੋ ਨਾਂਹਿ ਨਿਬਾਹਿ'।੧੨੬।

ਚੌਪਈ: ਸੁਖਾ ਸਿੰਘ ਤਬ ਕਹਜੋ ਪੁਕਾਰੀ। 'ਆਵੈ ਹਮ ਸੰਗ ਫੌਜ ਸੁ ਸਾਰੀ।
ਮਾਰੋ ਮੋਰਚੋ ਜੋ ਹੈ ਭਾਰੀ। ਅਬ ਨਹਿਂ ਕਰੋ ਸੁ ਜਾਨ ਪਿਆਰੀ'।੧੨੭।
ਯੌਂ ਕਹਿ ਸਿੰਘਨ ਧੀਰ ਧਰਾਈ। ਪਰਜੋ ਮੋਰਚੈ ਊਪਰ ਜਾਈ।
ਆਗੇ ਤੇ ਸੋ ਦੂਰ ਸੁ ਭਏ। ਦਯੋ ਰਾਹ ਛਡ ਨਠ ਨਠ ਗਏ।੧੨੮।
ਜੋ ਅੜਿਆ ਸੋ ਲੀਨੋ ਮਾਰ। ਉਨਕੇ ਲੀਨੇ ਲੂਟ ਹਥਿਆਰ।
ਅੱਗੇ ਬੇਲਾ ਲੀਓ ਤਕਾਇ। ਜਾਇ ਵੜੇ ਸਭ ਤਿਸਕੇ ਮਾਂਹਿ।੧੨੯।
ਜਿਸ ਹੀ ਰਾਹ ਸੁੱਖਾ ਸਿੰਘ ਗਯੋ। ਤਿਸਹੀ ਪਾਛੇ ਬਹੁ ਦਲ ਭਯੋ।
ਫੇਰ ਦੁਵੱਲੋਂ ਤੁਰਕ ਸੁ ਆਏ। ਸਿੰਘਨ ਪਿੱਛਾ ਲੀਓ ਦਬਾਏ।੧੩੦।
ਦੂਹੂੰ ਵੱਲ ਤੇ ਤੋਪ ਸ਼ਸਤਰ ਚੱਲੈਂ। ਉਪਰ ਸਿੰਘਨ ਕਰ ਪਏ ਸੁ ਹੱਲੇ।
ਦੂਹੂੰ ਵੱਲ ਤੇ ਤੋਪ ਚਲਾਵੈਂ। ਮਧ ਸਿੰਘਨ ਘੇਰ ਤੁਰਕ ਸੁ ਘਾਵੈਂ।੧੩੧।
ਜੋ ਸਿੰਘ ਆਏ ਕਰਕੇ ਗੱਠ। ਤੇ ਲੰਘੇ ਉਨ ਲਾਕੇ ਸੱਟ।
ਜੋ ਪਿੱਛੇ ਤੇ ਲੀਨੇ ਤੋੜ। ਤੇ ਮਾਰੇ ਸਾਰੇ ਉਨ ਜੋੜ।੧੩੨।

Sri Satguru Jagjit Singh Ji eLibrary NamdhariElibrary@gmail.com

ਸੁੱਖਾ ਸਿੰਘ ਮੁੜ ਖੜ੍ਹੈ ਰਲਾਵੈ। ਬਹੁਤ ਫੌਜ ਸੌਂ ਨਾਂਹਿ ਬਸਾਵੈ[1]।
ਲੜਤ ਭਿੜਤ ਕਛੁ ਵੜੇ ਸੁ ਝੱਲ। ਤੁਰਕ ਵੜੇ ਤਿਹ ਮਗਰੇ ਚੱਲ।੧੩੩।
ਜੋ ਤੁਰਕਨ ਕੇ ਹਾਥ ਸੁ ਆਯੋ। ਤੁਰਤ ਫੁਰਤ ਉਨ ਮਾਰ ਗੁਵਾਯੋ।
ਕੀਯੋ ਗਮਨ ਸਿੰਘਨ ਵਲ ਝੱਲ। ਰਤਨ ਸਿੰਘ ਕਹਿ ਤਿਨ ਅਬ ਗੱਲ।੧੩੪।
ਸਿੰਘਨ ਝੱਲ ਵੜ ਪੈ ਗਈ ਹਾਤ। ਤੁਰਕ ਫੌਜ ਭਈ ਡੇਰੇ ਜਾਤ।
ਸਿੰਘਨ ਝੱਲ ਮੈ ਪਾਯੋ ਗ੍ਰਾਮ। ਲੂਟ ਕੂਟ ਤਹਿੰ ਕੀਯੋ ਬਿਸ੍ਰਾਮ।੧੩੫।
ਆਧੀ ਰੈਨ ਤਹਾਂ ਤੇ ਤੁਰੇ। ਤੁਰਕ ਫੌਜ ਤੌਂ ਰੌਲੇ ਜੁਰੇ।
ਸਿੰਘਨ ਕੇ ਤੇ ਲਾਗੇ ਖੋਜ। ਡਿੱਗੇ ਢੱਠੇ ਕੋ ਮਾਰੈਂ ਸੋਜ।੧੩੬।
ਥੱਕੇ ਭੁੱਖੇ ਨੰਗੇ ਥੇ ਖਰੇ। ਥੋੜੇ ਥੋੜੇ ਜਾਤ ਥੇ ਤੁਰੇ।
ਆਇ ਫੌਜ ਨ ਤਹਿੰ ਫਿਰ ਘਿਰੇ। ਤਿਨਸੌਂ ਲਰਨ ਸਿੰਘ ਫਿਰ ਫਿਰੇ।੧੩੭।
ਜੋਊ ਝਲ ਕੇ ਅੰਦਰ ਆਯੋ। ਸੋ ਸਿੰਘਨ ਨੈ ਲਯੋ ਦਬਾਯੋ।
ਝੱਲੋਂ ਬਾਹਰ ਸਿੰਘ ਜਿਨ ਪਾਯੋ। ਸੋਊ ਉਨ ਨੈ ਮਾਰ ਖਪਾਯੋ।੧੩੮।
ਤਬੈ ਖਾਲਸੇ ਮਤਾ ਪਕਾਯਾ। 'ਨੱਠ ਖਾਲਸੇ ਜਾਣ ਕਦ ਪਾਯਾ।
ਮੁੜ ਮੁੜ ਲੜੋ ਔ ਤੁਰਤੇ ਜਾਵੋ। ਔਰ ਵਡਾ ਕੋ ਝੱਲ ਤਕਾਵੋ'।੧੩੯।

ਦੋਹਰਾ: ਛੋਟੇ ਝੱਲ ਜਬ ਸਿੰਘ ਵੜੈਂ ਕਰੈਂ ਤੁਰਕ ਬਹੁ ਖ੍ਵਾਰ।
ਵਡੇ ਝੱਲ ਮਹਿੰ ਖਾਲਸਾ ਵੜ ਤੁਰਕਨ ਲੇਹਿ ਮਾਰ।੧੪੦।

ਚੌਪਈ: ਤਬ ਤੁਰਕਨ ਇਕ ਮਤਾ ਪਕਾਯਾ। ਮੁਲਕ ਇਕੱਠਾ ਕਰ ਤਿਨੈਂ ਮੰਗਾਯਾ।
'ਦਈਏ ਝੱਲ ਮੈਂ ਰੱਯਤ ਵਾੜ। ਇਨ ਸਿੰਘਨ ਕੋ ਲੇਵੈ ਮਾਰ'।੧੪੧।
ਤਬ ਦਿਵਾਨ ਨੇ ਰੱਯਤ ਮੰਗਾਈ। ਆਈ ਰੱਯਤ ਢੋਲ ਬਜਾਈ।
ਦੀਨੇ ਸੋਊ ਬੇਲੇ ਪੇਲ। ਸਾਥ ਬੰਦੂਕਨ ਔ ਹਥ ਮੇਲ।੧੪੨।

ਦੋਹਰਾ: ਸੋ ਸਿੰਘਨ ਸਿਉਂ ਆ ਭਿੜੇ ਕਰ ਕਰ ਕਈ ਉਪਾਇ।
ਤੌ ਸਿੰਘਨ ਔਖੀ ਬਨੀ ਲਭੈ ਨਹੀਂ ਕਹੂੰ ਰਾਹਿ।੧੪੩।

ਚੌਪਈ: ਸੁੱਖਾ ਸਿੰਘ ਤਬ ਐਸੀ ਕਹੀ। 'ਬਿਨ ਮਾਰੇ ਹਮ ਬਚੈਂ ਸੁ ਨਹੀਂ।
ਜੇ ਅਬ ਇਨਕੋ ਲਈਏ ਮਾਰ। ਤੌ ਬੇਲੇ ਮੈਂ ਰਹੀਏ ਸੁਖਾਰ।੧੪੪।
ਜੋ ਹਮ ਤੇ ਇਹ ਹੋਹਿ ਨ ਮਾਰ। ਤੌ ਏਹ ਹਮ ਕੋ ਲੈ ਹੈਂ ਮਾਰ'।
ਫਸੇ ਚੋਰ ਜਿਮ ਤਿਨ ਹਠ ਕੀਆ। ਸਤਿਗੁਰ ਰਖਣੌਂ ਖਾਲਸੇ ਥੀਆ[2]।੧੪੫।

ਦੋਹਰਾ: ਤੌ ਸਿੰਘ ਹੱਲਾ ਕਰ ਪਏ ਜਟ ਚਲੇ ਸੁ ਅੱਗੇ ਲਾਗ।
ਜੋ ਲੱਭੇ ਸੋ ਖੋਹ ਲਏ ਦਏ ਜਾਣ ਬਹੁ ਭਾਗ।੧੪੬।

ਚੌਪਈ: ਕਈ ਸੁ ਤਿਨ ਕੀ ਘੋੜੀ ਲਈ। ਬਸਤਰ ਸ਼ਸਤਰ ਦੇ ਗਏ ਕਈ।
ਫੇਰ ਸਿੰਘ ਹੁਇ ਤੁਰੇ ਸੁਖਾਰੇ। ਜੋ ਲਰਨ ਵਾਰੇ ਤੇ ਸਭ ਹਾਰੇ।੧੪੭।

---

੧. ਵੱਸ ਨਹੀਂ ਚਲਦਾ। ੨. ਪਾ:- ਬੀਆ।

Sri Satguru Jagjit Singh Ji eLibrary NamdhariElibrary@gmail.com

ਕਿਛਕੁ ਸਿੰਘਨ ਕੇ ਬੇਹਲ ਭਯੋ। ਤਬ ਮਾਝੇ ਕੋ ਵੜਨੋ ਠਯੋ।
ਤੌ ਫਿਰ ਸਿੰਘਨ ਕਰੀ ਸਲਾਹਿ। 'ਆਗੇ ਦੇਸ਼ ਰਾਮੇ ਕੋ ਆਹਿ*'।੧੪੮।
ਸਿੰਘ ਕਹੈਂ 'ਅਬ ਟਪੀਐ ਦਰਯਾਉ'। ਕੀਓ ਉਦਮ ਤਬ ਲਖਨੇ ਕਾਉ।
ਸਿਖਰ ਦੁਪਹਿਰੀ ਤੀਰ ਦਰਜਾਏ। ਦਿੱਭ ਖਿੱਭ ਕੇ ਤੁਲ੍ਹੇ ਬਨਾਏ।੧੪੯।
ਭਯੋ ਖਾਲਸੋ ਇਮਹਿ ਉਰਾਰ। ਉਹਾਂ ਖੜੇ ਰਹੇ ਘਰੀ ਦੁਇ ਚਾਰਿ।
ਸਵਾਰ ਕਾਠੜੇ ਤੰਗ ਖਿਚਵਾਇ। ਤੁਰੇ ਸਿੰਘ ਤੌਂ ਅਗਲੇ ਦਾਇ।੧੫੦।

ਦੋਹਰਾ: ਜੋ ਰਹਜੋ ਥੋ ਸਿੰਘਨ ਪਹਿ ਸੋ ਡੁਬਿਓ ਦਰਿਆਇ।
ਅੱਗੈ ਤੱਤੇ ਰੇਤ ਸੋਂ ਜਲੈਂ ਸੁ ਨੰਗੇ ਪਾਇ।੧੫੧।

ਚੌਪਈ: ਬਹੁਤ ਸੁ ਘਨੀ ਬਰੇਤੀ ਆਈ। ਜਨੁ ਕਰ ਤੱਤੀ ਤਵੀ ਬਿਛਾਈ।
ਤਬ ਸਿੰਘਨ ਨੇ ਕਪੜੇ ਪਾੜੇ। ਪੈਰੀਂ ਬੰਧੇ ਬਚੇ ਨਹਿੰ ਸਾੜੇ।੧੫੨।

ਦੋਹਰਾ: ਚਰਨ ਲਪੇਟਨ ਕੋ ਤਊ ਬੈਠੇ ਚਿਤੜ ਟਿਕਾਇ।
ਤਿਨਕੇ ਚਿੱਤੜ ਜਾਹਿੰ ਜਲ ਕਰੈਂ ਸਿੰਘ ਹਾਇ ਹਾਇ।੧੫੩।

ਚੌਪਈ: ਇਸ ਬਿਧਿ ਸਿੰਘ ਉਤਰੇ ਦਰਿਆਇ। ਵੜੇ ਸਿੰਘ ਮਾਝੇ ਮੇਂ ਆਇ।
ਫੇਰ ਲੰਘੇ ਜਹਿੰ ਦੁਇ ਦਰਿਆਇ। ਇਮ ਕਰ ਪੁੱਜੇ ਜੰਗਲ ਜਾਇ।੧੫੪।
ਹੈ ਜੈਤੋ ਕੇ ਊਹਾਂ ਗਰਾਮ। ਉਤਰੇ ਸਿੰਘ ਕਰ ਊਹਾਂ ਥਾਮ।
ਸੁਖਾ ਸਿੰਘ ਤਹਿੰ ਟੰਗ ਖੁਲ੍ਹਾਏ। ਸੱਦ ਸਿਆਣੇ ਬੈਦ ਲਗਾਏ।੧੫੫।
ਤੇਲ ਪਾਇ ਟੰਗ ਧਰੀ ਪਨਾਰੇ। ਪੈ ਮੰਜੇ ਸਿੰਘ ਮਨੀਆ ਹਾਰੇ।
ਫਿਰ ਕਾਰੀਗਰ ਕਰੀ ਤਿਆਰੇ। ਮਹੀਨੇ ਪੰਜ ਛੀ ਪੁੱਜੇ ਸਾਰੇ।੧੫੬।
ਫਿਰ ਸਿੰਘ ਮੱਜਨ ਕਰ ਸ਼ਸਤ੍ਰ ਪਹਰੇ। ਚੜਜੋ ਘੋੜੇ ਮੁਖ ਉਸ ਹੀ ਲਹਰੇ।
ਇਮ ਹਮ ਸੁਨੀ ਪਿਤਾ ਤੇ ਬਾਤ। ਸੁੱਖਾ ਸਿੰਘ ਤਿਸ ਲਜਾਯੋ ਸਾਖ।੧੫੭।

ਔਰ ਪ੍ਰਸੰਗ

੧੪੮. [ਪਹਾੜੀ ਰਾਜਿਆਂ ਦੀਆਂ ਰਿਆਸਤਾਂ ਵਿਚ ਸਿੰਘਾਂ ਨਾਲ ਸਲੂਕ]

ਚੌਪਈ: ਅਬ ਮੈਂ ਉਨਕੀ ਬਾਤ ਸੁਨਾਊਂ। ਰਹੇ ਜੋ ਪੜੋਲ ਕਹੂਹੇ ਥਾਊਂ।
ਬਚੇ ਘੋੜੇ ਸੋ ਇਹ ਦਿਸ਼ ਆਏ। ਬਿਨਾਂ ਘੋੜੇ ਤੇ ਪਹਾੜ ਚੜ੍ਹਾਏ।੧।
ਚਹੁੰ ਵਲ ਹੋ ਗਏ ਸਿੰਘਨ ਕੇ ਫੇਰੇ। ਐਸੇ ਭਏ ਦੁਖਨ ਕੇ ਘੇਰੇ।
ਉਤੈ ਦਰਜਾਇ ਸੁ ਤੁਰਤ ਰੁੜ੍ਹਾਵੈ। ਉਤ ਪਹਾੜੀਏ ਗਲ ਰੱਸੀ ਪਾਵੈਂ।੨।
ਇਤੋ ਫੌਜ ਦੀਵਾਨ ਜੁ ਠਈ। ਸੋਊ ਸਿੰਘਨ ਕੋ ਕਾਟਤ ਭਈ।
ਅਗੈ ਰਾਹਿ ਨਹਿੰ ਲਭੈ ਪਹਾਰੀਂ। ਐਸੀ ਭਈ ਸਮੇਂ ਕੀ ਕਾਰੀ।੩।

---

* ਲਿਖਤੀ ਨੁਸਖੇ ਵਿਚ ਇਥੇ ਇਕ ਹੋਰ ਵਾਧੂ ਸਤਰ ਹੈ ਜਿਸ ਦਾ ਪਾਠ ਹੈ:-
ਏਕ ਰਾਤ ਮੈਂ ਸੋ ਲਖਿ ਜਾਹੁ॥

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਔਰ ਬਾਤ ਕਛੁ ਨਹਿੰ ਬਨੈ ਸਿੰਘਨ ਯਹ ਮਤ ਕੀਨ।
ਉਤਰੇ ਸਭੇ ਪਿਆਦੁ ਹੁਇ ਡਿਗ ਡਿਗ ਪਰੇ ਜ਼ਮੀਨ।੪।

ਚੌਪਈ: ਪਾਛੇ ਪੜੇ ਪਹਾੜੀਏ ਫੇਰ। ਸਿੰਘਨ ਮਾਰੇ ਕੂਟੇ ਘੇਰ।
ਸਿੰਘਨ ਉਚੇ ਪ੍ਰਬਤ ਤਕਾਏ। ਹੱਥ ਨ ਪਹੁੰਚਯੋ ਤਬ ਫਿਰ ਆਏ।੫।
ਐਸੀ ਆਨ ਚੁਫੇਰੀ ਪਈ। ਸਿੰਘਨ ਪੌਰਖ ਨਾਂਹਿ ਬਸਈ।
ਲੂਟ ਨਹਿੰ ਸਕਹਿੰ, ਮੋਲ ਨਹਿ ਪਾਵੈਂ। ਇਤ ਕਰ ਭੂਖੇ ਮਰ ਮਰ ਜਾਵੈਂ।੬।
ਜਿੱਧਰ ਜਾਵੈਂ ਉਪਰੋਂ ਮਰਾਵੈਂ। ਖੜ ਖੜ ਸਿੰਘ ਚੌਫੇਰ ਤਕਾਵੈਂ।
ਤਬ ਸਿੰਘਨ ਨੇ ਯਹ ਮਤ ਠਈ। 'ਹਮਹਿ ਪ੍ਰਬਤੀਅਨ ਬੁਰੀ ਨ ਕਈ।੭।
ਸਗਵਾਂ ਪ੍ਰਬਤੀਅਨ ਕੇ ਰਿਪੁ ਮਾਰੇ। ਹਮ ਨੇ ਇਨਕੇ ਕਾਜ ਸਵਾਰੇ;
ਹਮ ਤੁਰਕਨ ਮੌਂ ਜੰਗ ਮਚਾਵੈਂ। ਇਨਕੇ ਊਪਰ ਆਵਨ ਨ ਪਾਵੈਂ।੮।
ਹਮ ਨੇ ਜੀਤ ਤੁਰਕ ਅਬ ਮਾਰੇ। ਏ ਟਕਿਅਨ ਤੇ ਭਏ ਸੁਖਾਰੇ!
ਏ ਪਹਾੜੀਏ ਕੱਚੇ ਆਦਿ। ਕਰਯੋ ਇਨ੍ਹੈਂ ਹਮ ਗੁਰ ਸੌਂ ਬਾਦ'।੯।
ਅਸ ਕਹਿ ਸਿੰਘ ਸੁ ਚੜ੍ਹੇ ਪਹਾੜੀਂ। ਆਗੇ ਹੋਕੇ ਆਪ ਉਜਾੜੀ।
ਕਈ ਹਜਾਰ ਸਿੰਘ ਪਰਬਤ ਧਸਿਆ; ਨਠੇ ਪਹਾੜ ਕਛੁ ਰਹੈ ਨ ਬਸਿਆ।
ਪਾਛੇ ਤੁਰਕ ਸੁ ਲਾਗੇ ਜਾਵੈਂ। ਡਿਗੇ ਪੜੇ ਤਿਮ ਮੀਮ ਕਟਾਵੈਂ।
ਕਾਟਤ ਕੂਟਤ ਵੇ ਗਏ ਥਾਕ। ਸਿੰਘ ਨ ਨਿਖੁੱਟੇ ਰਹੇ ਕਛੁ ਬਾਕ।੧੧।

ਦੋਹਰਾ: ਕਹੂੰ ਕਹੂੰ ਸਿੰਘ ਲੜ ਪੜੈਂ ਕਹੂੰ ਭੂਖੇ ਖਾਵੈਂ ਲੂਟ।
ਜਹਿੰ ਮੁੱਲ ਦੇਵੈਂ ਨਾ ਤਹਾਂ ਖਾਵੈਂ ਪੁਟਤ ਸੁ ਖੂਟ।੧੨।

ਚੌਪਈ: ਤਹਾਂ ਲਚਾਰ ਰਿਜਕ ਕੀ ਭਈ। ਸਿੰਘ ਸੁ ਚੜ੍ਹ ਗਏ ਭੁੱਖੇ ਕਈ;
ਮੁੱਲ ਜੁ ਮੰਗੈ ਨਾਂ ਢੁਕੈਂ ਦੁਵਾਰੇ। ਜੌ ਲੂਟੈਂ ਤੌਂ ਰਾਜੇ ਮਾਰੇਂ।੧੩।
ਖ੍ਰੀਦਨ ਗਏ ਸੁ ਦੇਵੈਂ ਨਹੀਂ। ਖਾਲਸੇ ਕੋ ਯਹਿ ਖ੍ਵਾਰੀ ਭਈ।
ਕੋਊ ਕਹੈ 'ਏ ਬੰਦੇ ਸੰਗ ਆਏ। ਲੂਟ ਕੂਟ ਇਨ ਹਮ ਸੰਤਾਏ'।੧੪।
ਬਹੁਤਨ ਦੇਖ ਸੁ ਜਾਵੈਂ ਭਾਜ। ਥੋੜਨ ਕੋ ਲੁਟ ਕਰੈਂ ਇਲਾਜ।
ਕੋਊ ਨ ਰਾਜਾ ਧੀਰ ਧਰਾਵੈ। ਕੋਊ ਨ ਰਾਜਾ ਗੈਲ ਛੁਡਾਵੈ।੧੫।
ਤਬ ਸਿੰਘਨ ਨੇ ਭੇਖ ਵਟਾਯੋ। ਕੇਸਨ ਬਾਂਧ ਸਿਰ ਜਟ ਠਹਿਰਾਯੋ।
ਚਾਕਰ ਹੋਨੇ ਕਰੇ ਬਨਾਇ। ਮੰਡੀ ਕੁੱਲੂ ਲੌ ਪਹੁੰਚਯੋ ਜਾਇ।੧੬।
ਔਰ ਰਾਣੀ ਕੋਊ ਨਕਟੀ ਕਹਾਵੈ। ਤਿਹ ਥਾਂ ਜ਼ਾਇ ਦਿਨ ਕਟੈਂ ਸੁਖਾਵੈ।
ਐਸੇ ਪੰਜ ਛੇ ਕਟੇ ਮਹੀਨੇ। ਫਿਰ ਮੁੜ ਆਏ ਕੀਰਤ ਪੁਰੀਂ ਮੇ।੧੭।

ਦੋਹਰਾ: ਜੋਊ ਬਚਯੋ ਇਸ ਮੌਤ ਤੇ ਵਿਚ ਪਹੁੰਚ ਪਹਾੜੀ ਔਖ;
ਕੀਰਤ ਪੁਰ ਫਿਰ ਆ ਪੁਜੇ ਜੇਕੋ ਬਚਿਓ ਚੌਖ।੧੮।
ਛਠੇ ਮਹੀਨੇ ਲਿਖ ਚਿਠੇ ਸਿੰਘਨ ਭਯੋ ਮਿਲਾਨ।
ਜੋ ਬਚਿਓ ਔ ਮਰ ਗਯੋ ਆਈ ਤਬਹਿ ਪਛਾਨ।੧੯।

Sri Satguru Jagjit Singh Ji eLibrary NamdhariElibrary@gmail.com

ਔਰ ਪ੍ਰਸੰਗ

੧੪੯. [ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ]

ਚੌਪਈ: ਅਬ ਸੁਨ ਫਿਰ ਸਬਹਨ ਕੀ ਬਾਤ। ਜਿਨ ਜਿਨ ਆਈ ਥੀ ਬਿੱਧਨ[1] ਰਾਤ।
ਜੋ ਜੰਗਲ ਮੈਂ ਪੁਜੇ ਸੁ ਬਾਂਚੇ। ਕਛੁਕੁ ਮਾਝੇ ਵੜ ਲੁਕ ਮੁੜ ਹਾਚੇ।੧।
ਔ ਜੁ ਪੜੌਲ ਫੜੇ ਸੋ ਮਾਰੇ। ਕਈ ਪਹਾੜਨ ਮੈਂ ਰਹੇ ਹਾਰੇ।
ਬਹੁਤੇ ਜੇਹਲ ਬਸੋਲੀਅਨ ਕਰਕੇ। ਹੱਥ ਹਥੌੜੀ ਗਲ ਟੰਕ ਭਰਕੇ।੨।
ਪਾਸ ਨਿਬਾਬ ਗਏ ਤੇ ਸਾਰੇ। ਉਨਕੇ ਸੀਸਨ ਬੁਰਜ ਉਸਾਰ।
ਬਚੇ ਸਿੰਘ ਕਿਛ ਹਿੱਸਾ ਥੋਰਾ। ਰਹਜੋ ਨ ਤਿਨ ਪੈ ਚੜ੍ਹਨੋ ਘੋੜਾ।੩।

ਦੋਹਰਾ: ਮੁੱਖਾ ਸਿੰਘ ਸੰਗ ਜੋ ਗਏ ਹਜਾਰ ਦੋਇ ਕੈ ਤੀਨ।
ਇਨ ਪੈ ਘੋੜੇ ਜੋ ਬਚਜੋ ਬੀਜ ਮਾਤ੍ਰ ਗਿਨ ਲੀਨ।੪।

ਚੌਪਈ: ਕੋਊ ਕਹੈ 'ਮੋਏ ਚਾਲੀ ਹਜ਼ਾਰ'। ਕੋਊ ਕਹੈ 'ਸਿੰਘ ਬਹੁ ਭਏ ਮਾਰ'।
ਕੋਊ ਕਹੈ 'ਸਿੰਘ ਚਾਲੀ[2] ਸਾਰੇ। ਤਿਨ ਮੈਂ ਬਚੇ ਛੇ ਸਤ[3] ਕੁ ਸਾਰੇ'।੫।
ਕੋਊ ਕਹੈ 'ਦਲ ਆਹਿ ਪਚਾਸ। ਤਿਨ ਮੈਂ ਭਯੋ ਚਾਲੀ ਕੋ ਨਾਸ'।
ਕੋਊ ਕਹੈ 'ਸਿੰਘ ਹੋਤੇ ਘਨੇ। ਪਰਤ ਨਹੀਂ ਜੋ ਮੂਏ ਗਨੇ'।੬।
ਸੋ ਲਿਖ ਦੀਨੀ ਜੋ ਹਮ ਸੁਨੀ। ਪਰਤ ਨਹੀਂ ਕਛ ਗਿਨਤੀ ਗਨੀ।
ਜੋ ਮੁਹਿ ਪਿਤਾ ਥੋ ਮੋਹਿ ਸੁਨਾਯੋ। ਰਤਨ ਸਿੰਘ ਨੇ ਸੋਊ ਲਿਖਾਯੋ।੭।

ਦੋਹਰਾ: ਸੰਮਤ ਠਾਰਾਂ ਸੈ ਹੁਤੋ ਉਪਰ ਤੀਨ ਸੁ ਸਾਲ।
ਘੱਲੂਘਾਰੋ ਵਡ ਕਰਜੋ ਤੁਰਕਨ ਸਿੰਘਨ ਨਾਲ।੮।

ਸਾਖੀ ਲਖੂ ਔ ਸ਼ਾਹਿ ਨਿਵਾਜ਼ ਸਿਰ ਹੋਣੀ ਕੀ

੧੫੦. [ਅਹਮਦ ਸ਼ਾਹ ਦਾ ਹਮਲਾ, ਲੱਖੂ ਸਿੰਘਾਂ ਦੇ ਹਵਾਲੇ]

ਦੋਹਰਾ: ਸ਼ਾਹ ਨਵਾਜ਼ ਗਰਹੋ[4] ਵਧਜੋ ਸਿੰਘਨ ਕੋ ਤਬ ਮਾਰ।
ਕਹਿ 'ਪਾਤਿਸ਼ਾਹੀ ਮੈਂ ਕਰੂੰ ਜਾ ਦਿੱਲੀ ਤਖਤ ਸੰਭਾਰ।੧।
ਲੱਖੂ ਸ਼ਾਹ ਨਿਵਾਜ਼ ਸਿਰ ਆਈ ਬੁਰਾਈ ਦੋਇ।
ਦੇਖੋ ਸਤਿਗੁਰ ਕੀ ਕਲਾ ਕਜਾ ਉਨ ਸਿਰ ਹੋਨੀ ਹੋਇ।੨।
ਹੈ ਭਾਵੀ ਕੋ ਭਾਵ ਯੌ ਬਡ ਪਾਪੀਓਂ ਪਾਪ ਕਰਾਇ।
ਭਾਰੋ ਭਾਰੋ ਹੁਇ ਵਜ਼ਨ ਤੇ ਬੇੜੋ ਭਰਜੋ ਡੁਬਾਇ।੩।
ਔਰ ਕਹਣ ਤਿਸ ਕਜਾ ਕਹੌਂ ਗੁੜ ਕਹਨੋ ਦੀਓ ਹਟਾਇ।
ਗੁੜ ਕਹਣੇ ਮੈਂ ਗੁਰ ਸੁਨਜੋ, ਮਿਠਾਈ ਦੀਯੋ ਅਖਾਇ।੪।

---

੧. ਦੁਖਾਂ ਭਰੀ, ਭਿਆਨਕ। ੨. ਭਾਵ ਚਾਲੀ ਹਜਾਰ।
੩. ਭਾਵ ਛੇ ਸੱਤ ਹਜ਼ਾਰ। ੪. ਗਰਬ, ਹੰਕਾਰ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਲੱਖੂ ਨੇ ਹੋਕਾ ਦਿਵਾਯੋ। 'ਨਾਨਕ ਕੋ ਨਾਨੂ ਕਹਿਵਾਯੋ।
ਨਾਨਕ ਬਾਨੀ ਸੁਨੈ ਜੁ ਕਾਂਨ। ਤਾਂਹਿ ਕਰਾਵੇ ਮੁੱਸਲਮਾਨ'।੫।
ਗ੍ਰੰਥ ਪੋਥੀ ਹਥ ਆਵਹਿ ਵਾਹਿ। ਮਧ ਦਰਿਆਇ ਡੁਬਾਵੈ ਤਾਂਹਿ।
ਕਹਿ 'ਮੈਂ ਨਾਨਕ ਪੰਥ ਮਿਟਾਊਂ। ਮੈਂ ਭੀ ਖੱਤ੍ਰੀ ਤਊ ਕਹਾਊਂ'।੬।

ਦੋਹਰਾ: ਜਬੈ ਜਗਤ ਮੈਂ ਯੌ ਭਈ ਸੁਨੀ ਬਾਤ ਦਰਗਾਹਿ।
ਤੌਂ ਪਾਰਖਦ ਕਰਤੇ ਪੁਛੈ 'ਯਹ ਕਜਾ ਭਈ ਰਜਾਇ?'।੭।

ਚੌਪਈ: ਤਬੈ ਪਾਰਖਦ ਐਸੀ ਕਹੀ। 'ਨਾਨਕ ਕੀ ਨਿੰਦਜਾ ਜਗ ਭਈ।
ਤੁਮ ਤਾਕੋ ਕੁਛ ਵਟਾ ਨ ਲਾਯੋ। ਯੌ ਅੰਧੇਰ ਹ੍ਵੈ ਜਗ ਮੈਂ ਆਯੋ।੮।

ਦੋਹਰਾ: ਜਿਮ ਅੰਧੇਰ ਘਰ ਦੀਪ ਹੁਇ ਮਧ ਸੂਰਜ ਚੜ੍ਹੇ ਅਕਾਸ਼।
ਤਿਮ ਥੀ ਬਾਨੀ ਨਾਨਕਹਿ ਸੁਨ ਜਗ ਹੋਤ ਪ੍ਰਕਾਸ਼'।੯।

ਚੌਪਈ: ਤਬ ਕਰਤੇ ਨੇ ਯੌਂ ਫੁਰਮਾਈ। 'ਨਿੰਦਕ ਦਿਹੋਂ ਸਜ਼ਾਇ ਬਨਾਈ।
ਜਿਨ ਕੀਨੀ ਸੋ ਤਿਸੈ ਭੁੰਚਾਵੋਂ। ਤੁਰਤ ਸੁ ਤਿਸਹੀ ਅਗੈ ਲਿਆਵੋਂ'।੧੦।
ਜਬ ਕਰਤੇ ਨੇ ਐਸੀ ਕਹੀ। ਕਰਨੇ ਹਾਰਨ ਵੈਸੀ ਠਈ।
ਖੜੋ ਕਰਾਯੋ ਕਾਬਲੋਂ ਸ਼ਾਹਿ। ਸੋਊ ਤੁਰਾਯੋ ਲਹੌਰਹਿ ਰਾਹਿ।੧੧।
ਜਿਮ ਕੰਟੇ ਸੋਂ ਕੰਟਾ ਨਿਕਾਰਨ। ਤਿਮ ਤੁਰਕਨ ਕੂੰ ਤੁਰਕ ਸੁ ਗਾਰਨ।੧੨।

ਦੋਹਰਾ: ਠਾਰਾਂ ਸੈ ਚਰੋਤ੍ਰੈ ਉਠਜੋ ਉਪੱਦ੍ਰਵ ਧਾਇ।
ਨਾਦਰ ਸ਼ਾਹਿ ਕੋ ਮਾਰਿ ਕੈ ਆਯੋ ਅਹਮਦ ਸ਼ਾਹਿ।੧੩।

ਚੌਪਈ: ਤਮੂਰ ਸ਼ਾਹਿ ਉਸ ਬੇਟਾ ਥੋਊ। ਦਿੱਲੀ ਦੇਖ ਰਾਏ ਥੇ ਦੋਊ।
ਸੋ ਦਿੱਲੀ ਦਿਲ ਤਿਨ ਕੇ ਬਸੀ। ਆਇ ਲਹੌਰ ਤਬ ਉਨ ਨੇ ਖਸੀ।੧੪।
ਲਖੂ ਕਾਬਲੀ ਸੋਂ ਮਿਲ ਪਯੋ। ਸ਼ਾਹ ਨਵਾਜ਼ ਭੀ ਉਨੇਂ ਮਿਲਯੋ।
ਯਹੀ ਬਿਧੀ ਤਬ ਲੱਖੂ ਆਈ। ਯੌ ਕਰਤਾਰ ਸੁ ਬਿਧੀ ਮਿਲਾਈ।੧੫।
ਵਜ਼ੀਰ ਕਮਰ ਦੀਨ ਸੂਰਹ ਅਲੀ। ਸਾਥ ਜੈਪੁਰੀ ਮਾਧੋ ਸਿੰਘ ਬਲੀ।
ਸਾਥ ਸ਼ਜ਼ਾਦੇ ਅਰ ਫੌਜ ਆਈ। ਸ੍ਰਿਹੰਦ ਲੰਘ ਸੋ ਪੜੇ ਅਗਾਂਹੀਂ।੧੬।
ਸਿਰਹੰਦ ਪਿਛੇ ਸ਼ਾਹਿ ਸੁਨੀ ਤਕਾਈ। ਸਾਠ ਕੋਸ ਤੇ ਚੜ ਲਈ ਧਾਈ।
ਘਾਟ ਔਰ ਤੇ ਸੋ ਲੰਘ ਪਰਜੋ। ਡੇਰੋ ਸ੍ਰਿਹੰਦ ਢਿਗੇ ਆਇ ਕਰਜੋ।੧੭।

ਦੋਹਰਾ: ਸ੍ਰਿਹੰਦ ਦੌੜ ਤਿਨ ਜਾ ਮਲੀ ਮਧ ਲਯੋ ਖਜ਼ਾਨੋ ਲੂਟ।
ਤਹਾਂ ਬਾਇੰ ਸੀ ਫਿਰ ਲੜੀ ਦਿਨ ਬਾਈ ਲੌਂ ਜੂਟ।੧੮।

ਚੌਪਈ: ਸ੍ਰਿਹੰਦ ਤੋਪ ਹੁਤੀ ਜੋ ਰਹੀ। ਅਹਮਦ ਸ਼ਾਹ ਕਰੀ ਸੋ ਸਹੀ।
ਕਰਕੇ ਇਕਠੀ ਦਈ ਚਲਾਈ। ਮੂਯੋ ਕਮਰ ਦੀਂ ਗੋਲਾ ਖਾਈ।੧੯।

Sri Satguru Jagjit Singh Ji eLibrary NamdhariElibrary@gmail.com

ਤਿਸ ਕੋ ਸੁਤ ਮੀਰ ਮੰਨੂੰ ਸਿਆਣਾ। ਮੁਯੋ ਵਜ਼ੀਰ ਨ ਕਿਨਹੂੰ ਜਾਣਾ।
ਤੁਰਤ ਲੜਾਈ ਦਈ ਮਚਾਇ। ਧਰਜੋ ਵਜ਼ੀਰ ਸੁ ਹਾਥੀ ਪਾਇ।੨੦।
ਖ੍ਵਾਸੀ ਐਸੀ ਬਿਧਿ ਬਨ ਆਈ। ਕੁੰਨਮ ਲੇਵੈ ਹਥਹ ਹਲਾਈ।
ਸਭ ਫੌਜਨ ਮਨ ਉਪਜਜੋ ਚਾਇ। ਗਿਲਜੇ ਕੀ ਦਈ ਫੌਜ ਭਜਾਇ।੨੧।

ਦੋਹਰਾ: ਫਤੇ ਭਈ ਤਬ ਹਿੰਦ ਕੀ ਕੀਓ ਕਾਬਲੀ ਕੂਚ।
ਪਾਛੈ ਮੀਰ ਮੰਨੂੰ ਲਗੋ ਗਯੋ ਲਹੌਰਹਿ ਮੂਚ।੨੨।

ਚੌਪਈ: ਤਬ ਲਹੌਰ ਆਇ ਮੰਨੂੰ ਵੜਿਓ; ਤਬ ਹੀ ਲੱਖੂ ਉਸ ਨੇ ਫੜਿਓ।
ਤਹਿ ਲਖ ਟਕਾ ਦੰਡ ਤਹਿਂ ਘੂਕੇ। ਬੀਸ ਭਰਜੋ ਉਨ ਔਰ ਨ ਮੂਕੇ।੨੩।
ਕੌੜਾ ਮੱਲ ਹੁਤੋ ਗੁਰ ਸਿੱਖ। ਦਸ ਲਖ ਟਕੇ ਦਿਯੋ ਤਿਹ ਲਿੱਖ[1]।
ਜ਼ਿਮ ਜਿਮ ਸਿੱਖਨ ਉਨ ਦੁਖ ਦਯੋ। ਤਿਸਕੋ ਸਭੀ ਸੁਨਾਵਤ ਭਯੋ।੨੪।

ਦੋਹਰਾ: 'ਅਪਨੈ ਹੀ ਚਕਰੈਲ ਸਿੰਘ ਤੈਂ ਫੜ ਲਏ ਬਿਦੋਸ਼।
ਸੋਮਵਤੀ ਨਹਿਂ ਮਾਰ ਤੂੰ, ਕਹਿ ਰਹੇ ਲਹੌਰਾ ਜੋਸ਼।੨੫।

ਚੌਪਈ: ਤੂੰ ਨਹਿਂ ਟਲਿਓਂ ਉਸ ਦਿਨ ਮਾਰੇ; ਤੈਂ ਯੌਂ ਕੀਨੇ ਬਹੁਤ ਅਖਾਰੇ'।
ਐਸੀ ਐਸੀ ਔਰ ਸੁਨਾਈ। ਉਨ ਸਿੰਘਨ ਸਜੇਂ ਜੈਸੀ ਕਮਾਈ।੨੬।
ਘੱਲੂ ਘਾਰੋ ਜੈਸ ਕਰਾਯੋ। ਬੈਠੇ ਗਰੀਬ ਸਿਖ ਘਰੋਂ ਮ੍ਰਵਾਯੋ।
ਗੁਰ ਕੋ ਨਾਮ ਤੈ ਕਹੇਣ ਹਟਾਯੋ। ਪੋਥੀ ਗ੍ਰੰਥ ਤੈਂ ਖੂਹ ਡੁਬਾਯੋਂ।੨੭।
ਸੌ ਕਹਿ ਦੀਨੀ ਮੁਸ਼ਕਨ ਚੜ੍ਹਾਇ। ਸਿਟਤ ਖਾਨੇ[2] ਮੈਂ ਦਯੋ ਗਿਰਾਇ।
ਸਿੱਖਨ ਤੇ ਤਿਸ ਸੀਸ ਹਗਾਯੋ। ਔਰ ਲੋਕਨ ਤੇ ਸੀਸ ਮੁਤਾਯੋ।੨੮।

ਦੋਹਰਾ: ਐਸੀ ਕੌੜਾ ਮਲ ਕਰੀ ਲਖੂ ਬਾਬ ਬਣਾਇ।
ਜੈਸੀ ਕੀਨੀ ਥੀ ਉਨੇਂ ਸੋ ਉਨ ਪਾਈ ਸਜ਼ਾਇ।੨੯।
ਰਤਨ ਸਿੰਘ ਨੇ ਜ਼ਿਮ ਸੁਨੀ ਤਿਮ ਯਹਿ ਦਈ ਲਿਖਾਇ।
ਅਠਾਰਾਂ ਸੈ ਪਚੋਤ੍ਰੈ[3] ਸਾਲ ਬਿਕ੍ਰਮੀ ਰਾਇ।੩੦।

ਸਾਖੀ ਰਾਮ ਰੌਣੀ ਕੀ

੧੫੧. [ਰਾਮ ਰੌਣੀ ਦਾ ਬਣਨਾ ਤੇ ਉਸ ਪਰ ਅਦੀਨਾ ਬੇਗ ਦਾ ਹਮਲਾ]

ਦੋਹਰਾ: ਤਬੈ ਖਾਲਸੇ ਦੁਖ ਲਹਜੋ 'ਵਿਚ ਝਾੜਨ ਅੜਜੇ ਨ ਜਾਇ।
ਲੜੀਐ ਕੰਧਨ ਵਿਚ ਖੜੋ' ਕੀਨੀ ਸਿੰਘਨ ਸਲਾਹਿ।੧।

ਚੌਪਈ: ਤਬ ਚਾਹੇਂ ਸਿੰਘ ਕੰਧ ਬਣਾਈ। ਅੜਨੋਂ ਲੜਨੋਂ ਮਰਨੋਂ ਵਾਈ।
ਕੋਊ ਕਹੈ 'ਲਿਹੋ ਕਿਲ੍ਹਾ ਮੱਲ'। ਕੋਊ ਕਹੈ 'ਝਾੜੀਂ ਹੀ ਭੱਲ'।੨।

---

੧. ਤ੍ਵਾ:ਖਾ: ਨੇ ਬੀ ਇਹ ਲਿਖਿਆ ਹੈ।

੨. ਟੱਟੀ। ੩. ੧੮੦੫ ਬਿ:।

Sri Satguru Jagjit Singh Ji eLibrary NamdhariElibrary@gmail.com

ਜੁੜ ਸਜਾਨਨ ਨੇ ਆਖੀ ਫੇਰ। 'ਬਿਨਾਂ ਆਸਰੇ ਬਚੈ ਨ ਸ਼ੇਰ।
ਉਹ ਭੀ ਬਚੇ ਆਸਰੇ ਝੱਲ'। ਲਾਇ ਦੀਵਾਨ ਖਾਲਸੇ ਕਰੀ ਗੱਲ।੩।
ਸਿੰਘ ਸਿਦਕੀਅਨ ਨੇ ਬੀਚਾਰੀ। 'ਕਿਮ ਲਰੀਐ ਔਰ ਕਿਲ੍ਹੇ ਮਝਾਰੀ।
ਛੋਡ ਅੰਮ੍ਰਿਤਸਰ ਗੁਰਦਰਬਾਰ। ਕੋਰੋ ਪਾਂਡੋ ਮੂਏ ਭੂਮ ਵਿਚਾਰ।੪।

ਦੋਹਰਾ: ਜੈਸੀ ਭੂਮ ਕੁਲਛਤਰੀ ਤੈਸੀ ਢਿਗ ਗੁਰਦ੍ਵਾਰ।
ਮਰੈ ਸੁ ਢਿਗ ਗੁਰਦ੍ਵਾਰ ਕੇ ਸਿੱਖ ਹੋ ਸੁ ਜਨਮ ਹਜ਼ਾਰ'।੫।

ਚੌਪਈ: ਤਬੈ ਭੂਮਕਾ ਦੇਖਨ ਚਹੈ। ਕਹੀ ਬਾਤ ਇਕ ਸਜਾਨੇ ਅਹੈ।
'ਪਾਂਚੇ ਸਰ ਜੋ ਗੁਰੂ ਬਣਾਏ। ਕੁਲਛੇਤਰ ਤੇ ਅਧਿਕ ਰਚਾਏ।੬।
ਇਸ ਤੇ ਭੂਮ ਔਰ ਕਤ ਭਲੀ। ਇਹ ਤਜਿ ਔਰ ਲਈਏ ਜਹਿ ਚਲੀ।
ਗੁਰਦ੍ਵਾਰੇ ਹੀ ਮਰਨੋਂ ਚਹਿਯੈ। ਔਰ ਫੌਜ ਕਿਮ ਜਾਨ ਗਵੱਯੇ।੭।

ਦੋਹਰਾ: ਈਹਾਂ ਸੁ ਕੰਧ ਬਣਾਇ ਕਿਛੁ ਤੁਰਕਨ ਸੋਂ ਕਰੋ ਜੰਗ।
ਮਰੈਂ ਤਾਂ ਸੂਰਗ ਸਿਧਾਰ ਹੈਂ ਬਚ ਲਏਂ ਪਤਿਸ਼ਾਹੀ ਅੰਗ'।੮।

ਚੌਪਈ: ਏਕ ਸਿੱਖ ਨੇ ਅਸ ਉਚਾਰਾ। 'ਹਮ ਦੇਖਯੋ ਇਕ ਅਚਰਜ ਭਾਰਾ।
ਇਕ ਛੇਲੀ ਊਹਾਂ ਭੂਲ ਰਹੀ। ਸੋਊ ਬਿਆਇਤ ਊਹਾਂ ਭਈ।੯।
ਸੋਊ ਦੇਖ ਬਘਿਆੜਨ ਲਈ। ਰਹੇ ਬਘਜਾੜ ਦੁਇ ਜ਼ੋਰ ਲਗਈ।
ਬੱਕਰੀ ਛੇਲੈ ਦਏ ਨ ਲੈਨ। ਐਸੀ ਦੇਖੀ ਬਾਤ ਸੁ ਮੈਨ'।੧੦।

ਦੋਹਰਾ: ਤਬੈ ਖਾਲਸੇ ਉਸ ਕਹੀ 'ਹਮ ਯਹ ਸੁਨੈਂ ਨ ਗੱਲ।
ਹਮਰੋ ਨਿਸ਼ਚਾ ਗੁਰ ਉਤੇ ਮਰੈਂ ਚਰਨ ਉਸ ਤੱਲ'।੧੧।

ਚੌਪਈ: ਤਬ ਇਕ ਸਿੰਘ ਸਿਆਣੇ ਕਹੀ। 'ਸਭੀ ਬਾਤ ਈਹਾਂ ਮਿਲ ਅਹੀ।
ਪੰਚੋਂ ਸਰ ਜੋ ਗੁਰੂ ਬਨਾਏ। ਤਿਨ ਹੀ ਮੈਂ ਇਕ ਬਚਨ ਮਿਲਾਏ।੧੨।

ਦੋਹਰਾ: ਅੰਮ੍ਰਿਤਸਰ ਬਿਬੇਕਸਰ ਕੌਲਸਰਾ ਲੀਓ ਥਾਪ।
ਸੰਤੋਖਸਰ ਔ ਰਾਮਸਰ ਗੁਰ ਰਾਮਦਾਸ ਕਰੇ ਆਪ।੧੩।

ਚੌਪਈ: ਰਾਮਦਾਸ ਸਰ ਜੋ ਪੰਜ ਬਨਾਏ। ਇਕ ਥਾਂ ਲੀਜੈ ਕੰਧ ਚਿਣਾਏ।
ਮਰੈਂ ਤੁਰਕ ਤਹਿਂ ਆਪੇ ਆਇ। ਗੜ੍ਹੀ ਬਨਾਓ ਰਣ ਥੰਮ੍ਹ ਭਾਇ'।੧੪।
ਹੁਤੀ ਖੂਹੀ ਤੇਹਂ ਗੁਰੂ ਲਵਾਈ। ਤਿਹ ਥਾਂ ਲੀਨੀ ਨੀਂਹ ਧਰਾਈ।
ਆਪੇ ਰਾਜ ਸਿੰਘ ਆਪੇ ਮਜੂਰ। ਬਡੇ ਭੁਜੰਗੀ ਦਿਲ ਕੇ ਮੂਰ।੧੫।
ਆਪੇ ਪੀਸੈਂ ਆਪ ਪਕਾਵੈਂ। ਤੇਤੋ ਬਡੇ ਸੂਦਾਰ ਕਹਾਵੈਂ।
ਜੋਊ ਕਰੈ ਸਿੰਘ ਬਹੁਤੋ ਕੰਮ। 'ਧੰਨ ਧੰਨ' ਕਹੈਂ 'ਸਿੰਘ ਤਿਸੈ ਜੰਮ'।੧੬।
ਕੋਊ ਕਰੈ ਨ ਕਿਸੀ ਸ਼ਰੀਕਾ। ਕੋਈ ਨ ਸੁਨਾਵੈ ਦੁਖ ਨਿਜ ਜੀ ਕਾ।
ਕੰਧ ਬਣਾਵੈਂ ਦੌੜੇ ਦੌੜ। ਜਿਮ ਬੰਦਰ ਪੁਲ ਬੰਧਤ ਧੌੜ।੧੭।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਚਾਰੇ ਲੰਗਾਂ ਲੈ ਤੁਰੇ ਨਿਸਦਿਨ ਨਾਹਿੰ ਥਕਾਇੰ।
ਹੌਲੀ ਹੌਲੀ ਜਿਉਂ ਕਹੈ ਤਿਮ ਤਿਮ ਦੌੜ ਕਮਾਹਿੰ।੧੮।

ਚੌਪਈ: ਬੁਰਜ ਦਰਵਾਜੇ ਬਨਾਯੋ ਬਡ ਖਾਸ। ਮੰਡਯੋ ਸੁ ਮਰਨੋਂ ਤਿਹ ਥਾਂ ਵਾਸ।
ਜੋ ਲਭਯੋ ਕਿਛ ਖਰਚ ਮੁ ਪਾਯੋ। ਲੁਟਯੋ ਕਟਯੋ ਥੋ ਜੋ ਭੁਜ ਚਾਯੋ।੧੯।
ਚਾਰ ਓਰ ਤਿਹ ਰੌਣੀ ਬਣਾਈ। ਇਮ ਕਰ ਰੌਣੀ ਨਾਮ ਸਦਾਈ।
ਗਿਰਦੈ ਲਏ ਭੁਇ ਮੋਰਚੇ ਪੁਟਾਇ। ਖਾਈ ਲਈ ਅਤਿ ਗਹਰ ਕਰਾਇ।੨੦।
ਆਪੇ ਪੱਟੈਂ ਆਪ ਉਸਾਰੈਂ। ਰਾਜ ਮਜੂਰ ਸਿੰਘ ਗੁਰੂ ਪਿਆਰੇ।
ਰਾਤ ਦਿਵਸ ਕਰ ਕੰਧ ਚਿਨਾਈ। ਕਿਛਕੁ ਆਸਰੋ ਲਯੋ ਬਨਾਈ।੨੧।
ਸਿੰਘ ਪੰਜ ਸੈ ਭਯੋ ਉਹਾਂ ਸਾਰੋ। ਸ਼ਹੀਦ ਹੋਨ ਕੋ ਉਨ ਪ੍ਰਣ ਧਾਰੋ।
ਔਰ ਜ਼ਜਾਦ ਕੀ ਜਗਾ ਥੀ ਨਾਹੀਂ। ਇਸ ਬਿਧ ਸਿੰਘ ਵੜੇ ਘਣੇ ਨਾਂਹੀ।੨੨।

ਦੋਹਰਾ: ਖਬਰ ਭਈ ਜਬ ਤੁਰਕ ਕੋ ਲੜਯੋ ਅਚਾਨਕ ਆਇ।
ਮੀਰ ਮੰਨੂੰ ਨੇ ਭੇਜਿਓ ਦੀਨਾਬੇਗ ਚੜ੍ਹਾਇ।੨੩।

ਚੌਪਈ: ਦਿਵਾਨ ਕੌੜਾ ਮਲ ਸਦੀਕਾ ਨਾਲ। ਅਜ਼ੀਜ਼ ਖਾਨ ਥੇ ਸੂਬੇਦਾਰ।
ਰਾਜੇ ਪਹਾੜੀ ਕਈ ਚੜ੍ਹਾਏ। ਤੋਪ ਖਾਨੋ ਬਹੁ ਸਾਥ ਲਿਆਏ।੨੪।
ਤੁਰਕਨ ਤਬ ਰਨ ਗੜੋ ਬਨਾਯਾ। ਰੌਣੀ ਦੁਵਾਜੇ ਸਨਮੁਖ ਪਕਾਯਾ।
ਤਬੈ ਖਾਲਸੇ ਬਾਤ ਬਿਚਾਰੀ। 'ਤੁਰਕਨ ਪਾਈ ਹਮ ਪੈ ਭਾਰੀ।੨੫।
ਹੋਵੋ ਸ਼ਹੀਦ ਔ ਤੁਰਕਨ ਮਾਰੋ। ਇਹ ਭੀ ਸੁਨੀਐ* ਜਗਤ ਅਖਾਰੋ।
ਦੀਨ ਮਜ਼ਹਬ ਕੋ ਯਹ ਹੈ ਜੁੱਧ। ਛੁਹੈ ਸ਼ਸਤ੍ਰ ਤਨ ਹੋਵਗ ਸੁੱਧ'।੨੬।

ਦੋਹਰਾ: ਤਬ ਦਸ ਸਿੰਘਨ ਨਿਕਸਿ ਕੈ ਰਣ ਗੜ੍ਹ ਲੀਓ ਛੁਡਾਇ।
ਤੁਰਕਨ ਮਾਰ ਸੁ ਮਰ ਗਏ ਜੋ ਬਚਯੋ ਰਲਯੋ ਪੁਨ ਆਇ।੨੭।

ਚੌਪਈ: ਕਰ ਹੱਲਾ ਸਿੰਘ ਸ਼ੇਰ ਜਿਮ ਪਾਵੈਂ। ਜਨ ਬਿੱਜਲ ਵਿਚ ਘਣਕੇ ਧਾਵੈ।
ਈਹਾਂ ਮਾਰ ਜਾਂ ਊਹਾਂ ਲਗਾਵੇਂ। ਪੈਰ ਪਜਾਦੇ ਘੋੜੇ ਜਿਮ ਧਾਵੈਂ।੨੮।
ਰਾਤ ਹਨੇਰੀ ਸਿੰਘ ਜਾਇ ਪਰੈਂ। ਸਿੰਘਨ ਭੁਲਾਵੇ ਤੁਰਕ ਆਪ ਮਰੈਂ।
ਸਿੰਘ ਏਕ ਸੋ ਸੰਪੈ ਭਾਰੀ। ਇਸ ਬਿਧ ਥੋੜੇ ਬਹੁ ਕਰਨ ਖੁਆਰੀ।੨੯।

ਦੋਹਰਾ: ਲੁਕਯੋ ਛਪਯੋ ਕੇਊ ਸਿੰਘ ਤਬ ਝਾੜਨ ਖੱਡਨ ਹੋਇ।
ਤੁਰਕਨ ਊਪਰ ਆ ਪਰੈ ਹੋਨ ਸ਼ਹੀਦੈ ਸੋਇ।੩੦।

ਚੌਪਈ: ਤਬ ਤੁਰਕਨ ਨੇ ਸੁਰੰਗ ਲਗਾਈ। ਸਿੰਘਨ ਡੂੰਘੀ ਕਰੀ ਅਗਾਜੋਂ ਖਾਈ।
ਮਧ ਖਾਈ ਬਹੁ ਸਿੰਘ ਬਹਿ ਰਹੇ। ਸੁਰੰਗ ਅਗੈ ਨਹੀਂ ਚਲਨੇ ਦਹੇ।੩੧।

---

੧. ਸੁਣਿਆ ਜਾਵੇ ਜਗਤ ਵਿਚ। ਭਾਵ ਪ੍ਰਸਿੱਧ ਹੋ ਜਾਵੇ।

Sri Satguru Jagjit Singh Ji eLibrary NamdhariElibrary@gmail.com

ਲੜ ਕੈ ਮਰਨੋਂ ਡਰੈਂ ਸਿੰਘ ਨਾਹੀਂ। ਖਰਚ ਗਯੋ ਮੁਕ ਰਾਮ ਭਜੋ ਤਾਂਹੀ।
ਬਹੁਤ ਭੀੜ ਤਹਿੰ ਤੁਰਕਨ ਪਾਈ। ਸਿੰਘਨ ਬਾਤ ਮੌਤ ਲੈ[1] ਆਈ।੩੨।
ਤਬਹਿ ਖਾਲਸੇ ਬਾਤ ਵਿਚਾਰੀ। ਨੱਠ ਰਾਏ ਪਤਿ ਜਾਇ ਹਮਾਰੀ।
ਲਰ ਕੇ ਮਰਨ ਬਾਤ ਹੈ ਖੂਬ। ਜਗ ਮੇਂ ਸਾਕੇ ਹੋਗ ਅਜੂਬ।੩੩।
ਕਰਕੇ ਹੱਲਾ ਇਕ ਵਲ ਪਾਹੋ। ਤੁਰਕਨ ਕੇ ਸਿਰ ਸੀਸ ਲਗਾਹੋ।
ਦੋ ਦੋ ਚਾਰ ਚਾਰ ਲੈ ਮਰੋ। ਤੁਰਕਨ ਸਿਉਂ ਯੌਂ ਜੁੱਧੇ ਕਰੋ'।੩੪।

ਦੋਹਰਾ: ਕਰ ਹੱਲਾ ਤਿਨ ਪਰ ਪਰੇ ਲਯੋ ਮੋਰਚੋ ਮਾਰ।
ਹੁਤੋ ਜੁ ਦੀਨਾਬਾਗ ਕੋ ਸੋ ਪੈ ਕੀਓ ਖੁਵਾਰ।੩੫।

ਚੌਪਈ: ਫੇਰ ਸਦੀਕੇ ਮੋਰਚਾ ਮਾਰਯੋ। ਬੀਸਿ ਸਿੰਘਨ ਤੇ ਤਿਨੇ ਨ ਸੰਭਾਰਯੋ।
ਸਿੰਘ ਮਝੈਲ ਬੰਡ ਜੋਧੇ ਭਾਰੇ। ਪੀਤੀ ਪਾਹੁਲ ਉਨ ਖੰਡੇ ਦੁਧਾਰੇ।੩੬।

ਦੋਹਰਾ: ਇਸ ਬਿਧ ਨਿਤ ਪ੍ਰਤਿ ਖਾਲਸੇ ਤੁਰਤ ਲੜਾਈ ਹੋਇ।
ਸਿੰਘ ਨ ਤੁਰਕਨ ਤੇ ਮੁਕੈਂ, ਇਕ ਮਰੇ ਵਰੈਂ ਆਇ ਦੋਇ।੩੭।
ਸਿੰਘ ਸੁ ਮਰ ਮੁਕੈਂ ਨਹੀਂ ਜੈਸੇ ਓਹਾਲ ਨੀਰ।
ਲੁਕੇ ਛਪੇ ਜੋ ਢਿਗ ਹੁਤੇ ਆਇ ਜਿਤ ਕਿਤ ਵੜੈਂ ਤਤਬੀਰ।੩੮।

ਚੌਪਈ: ਜਿਮ ਜਿਮ ਸਿੰਘਨ ਸੁਨੇ ਸਿੰਘ ਮਰੈਂ। ਔਰ ਸਿੰਘ ਜਿਮ ਤਿਮ ਤਹਿੰ ਵਰੈਂ।
ਜੋ ਕੋਊ ਸਿੰਘ ਨ ਵਰਨੇ ਪਾਵੈ। ਦੰਤ ਪੀਸ ਚੌਫੇਰੇ ਧਾਵੈ।੩੯।
ਕਹੈਂ 'ਮਰੈਂਗੇ ਉਨਕੇ ਸਾਥ। ਉਨੈ ਦਿਖਾਵੈਂ ਮਿਲ ਹਮ ਹਾਥ।
ਜੇ ਉਨਕੋ ਹਮ ਕਰੈਂ ਨ ਸਾਥ। ਗੁਰ ਦੂਰਗਾਹ ਕਜਾ ਦਿਖਾਵੈਂ ਮਾਥ'।੪੦।

ਦੋਹਰਾ: ਏਕ ਮਰੇ ਦੁਇ ਆ ਰਲੈਂ ਤੁਰਕਨ ਲਖੀ ਯਹ ਰੀਤ।
ਬੁਰਜ ਉਸਾਰ ਖਾਈ ਪਟੀ ਛਡਯੋ ਨ ਰਸਤੋ ਕੀਤ।੪੧।

ਚੌਪਈ: ਜੌ ਲੌ ਸਿੰਘ ਵੜਤ ਥੇ ਧਾਈ। ਦਾਰੂ ਸਿੱਕੋ ਲੈ ਭੀ ਆਈ।
ਸਿਖ ਵੜਨ ਤੇ ਜਬ ਉਨ ਘੇਰੇ। ਸਿੰਘਨ ਲਖਯੋ ਮਰਨ ਆਯੋ ਨੇਰੇ।੪੨।
'ਮਾਰੋ ਮੁਰਚਾ ਜੋ ਨੇੜੇ ਆਯਾ'। ਸਿੰਘਨ ਨੈ ਮਤੋ ਯੌਂ ਠਹਿਰਾਯਾ।
'ਮਾਰੋ ਮਰੋ ਔ ਸ਼ਹੀਦੀ ਲੇਹੁ! ਦੀਨਾ ਬੇਗ ਕੋ ਟੋਲ ਮਰੇਹੁ'।੪੩।

ਦੋਹਰਾ: ਜਬੈ ਖਾਲਸੇ ਯੌਂ ਮਥੀ ਤਹਿੰ ਵੜਯੋ[2] ਸਿੰਘ ਇਕ ਆਇ।
ਉਨੈ ਆਨ ਐਸੇ ਕਹਯੋ 'ਇਹ ਮੋਰਚੋ ਸਿੰਘਨ ਵਾਇ[3]'।੪੪।

---

੧. ਪਾ:- ਸੋਤਲੇ।

੨. ਭਾਵ ਹੈ ਕਿ ਬਾਹਰਲੇ ਸਿੰਘਾਂ ਵਿੱਚੋਂ ਇਕ ਸਿੰਘ ਤੁਰਕਾਂ ਦੀ ਸੈਨਾਂ
ਵਿਚ ਧਸ ਆਇਆ ਜੋ ਸੈਨਾ ਕਿ ਰਾਮ ਰੌਣੀ ਦਾ ਘੇਰਾ ਘੱਤੀ ਬੈਠੀ ਸੀ,
ਤਦ ਤੁਰਕਾਂ ਦੀ ਸੈਨਾ ਵਿਚ ਉਸ ਨੇ ਸਿੰਘਾਂ ਦੀ ਫੌਜ ਬੀ ਤੱਕੀ।

੩. ਭਾਵ ਸਿੰਘਾਂ ਦਾ ਹੈ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸਿੰਘ ਤ੍ਰਖਾਨ ਜੱਸਾ ਸਿੰਘ ਜੋਇ। ਦੀਨੋਂ ਸਿੰਘਨ ਛੇਕ ਥੋ ਸੋਇ।
ਸੋ ਆਇ ਦੀਨਾ ਬੇਗ ਪੈ ਰਹਾ। ਸਿੰਘ ਸੈਂਕਰੋ ਉਸ ਸੰਗ ਅਹਾ।੪੫।
ਤੇ ਸਿੰਘ ਯੌ ਅਬ ਬਚਨ ਉਚਾਰੇ[1]। 'ਹਮ ਭੀ ਮਰੈਂ ਸੁ ਸਿੰਘਨ ਨਾਰੇ।
ਜੇ ਤੁਮ ਹਮ ਕੋ ਲੇਵੋ ਮੇਲ। ਆਇ ਰਲੈਂ ਹਮ ਤੁਮਰੀ ਗੈਲ'।੪੬।
ਸਿੰਘਨ[2] ਕਹਯੋ 'ਅਬ ਆਖਰੀ ਵੇਲਾ। ਜੇ ਤੁਮ ਕਰੋ ਹਮੈਂ ਸੰਗ ਮੇਲਾ।
ਯਹ ਬਦਲੋ ਤੁਹਿ ਦੇਵੈਗੋ ਗੁਰੂ। ਬਚਨ ਖਾਲਸੇ ਤੁਮ ਹੁਇ ਫੁਰੂ'।੪੭।

ਦੋਹਰਾ: ਜੱਸਾ ਸਿੰਘ ਕੋ ਤਿਨ ਕਹਯੋ 'ਅਬ ਆਪ ਤੁਮ ਕਰੋ ਸੰਭਾਲ।
ਅਬ ਹਮ ਅੰਦਰ ਵੜੈਂਗੇ ਮਰੈਂ ਸੁ ਪੰਥਹਿ ਨਾਲ'।੪੮।

ਚੌਪਈ: ਜੱਸਾ ਸਿੰਘ ਭੀ ਸਿੰਘਨ ਕਹਯੋ। 'ਹਮ ਕਬ ਖਾਲਸਯੋਂ ਟੁਟਨ ਚਹਯੋ।
ਹਮ ਭੀ ਰਲੈਂਗੇ ਖਾਲਸੇ ਨਾਲ। ਖਾਲਸੋ ਟੂਟੀ ਗੰਢਨ ਵਾਲ'।੪੯।
ਜੱਸਾ ਸਿੰਘ ਨੇ ਲਿਖੀ ਅਰਦਾਸ। ਬੰਧ ਤੀਰ ਘੱਲੀ ਸਿੰਘਨ ਪਾਸ।
'ਅਬ ਹਮਕੋ ਤੁਮ ਲੇਹੁ ਮਿਲਾਇ। ਤੌ ਆਨ ਪਰੈਂ ਖਾਲਸੇ ਸ਼ਰਨਾਇ'।੫੦।
ਸਿੰਘਨ ਲਿਖਯੋ 'ਅਬ ਮਿਲਨੇ ਵੇਲਾ। ਟੂਟੇ ਫੂਟੇ ਕੋ ਹੋਵਗੁ ਮੇਲਾ'।
ਜੱਸਾ ਸਿੰਘ ਬੇਗ ਦੀਨੰ ਕਹਯੋ। 'ਹਮਰੋ ਹਿਸਾਬ ਅਬੈ ਕਰ ਦਿਓ'।੫੧।
ਹਿਸਾਬ ਕਰਾਇ ਸੁ ਦੋ ਦਿਨ ਪਾਇ। ਵੜਯੋ ਜੱਸਾ ਸਿੰਘ ਅੰਦਰ ਜਾਇ।
ਜਬ ਜੱਸਾ ਸਿੰਘ ਅੰਦਰ ਵੜਾ। ਤੁਰਕਨ ਸਿਰ ਜਨੁ ਪਾਣੀ ਪੜਾ।੫੨।

ਦੋਹਰਾ: ਸਤਿਗੁਰ ਕੁਦਰਤ ਯੌ ਭਈ ਕਰਨ ਸੁ ਸਿੰਘਨ ਕਾਜ।
ਵੜੈ ਮੁਲਤਾਨੈ ਆਇ ਸੋ ਪੂਤ ਖਾਨੂ ਸ਼ਾਹ ਨਵਾਜ।੫੩।

ਚੌਪਈ: ਤਬ ਤੁਰਕਨ ਅਪਨੀ ਪੜ ਗਈ। ਮੀਰ ਮੰਨੂੰ ਨੈ ਫੌਜ ਸੱਦ ਲਈ।
ਤਬ ਕੌੜਾ ਮੱਲ ਬਾਤ ਬਨਾਈ। 'ਸਿੰਘਨ ਲਈਏ ਸਾਥ ਰਲਾਈ'।੫੪।
ਦੀਨਾ ਬੇਗ ਭੀ ਸ਼ਾਹਦੀ ਪੂਰੀ। ਮੀਰ ਮੰਨੂੰ ਕੇ ਗਿਣੀ ਹਜ਼ੂਰੀ।
ਮੀਰ ਮੰਨੂੰ ਤੇ ਲਯੋ ਕਹਾਇ। ਕੌੜਾ ਮੱਲ ਸਿੰਘ ਲਏ ਚੜ੍ਹਾਇ।੫੫।
ਮਾਝੇ ਪੱਟੀ ਸੰਗ ਲਏ ਰਲਾਈ। ਆਪੀ ਸਿੰਘਨ ਲਿੱਖ ਦੁਆਈ।
ਬਾਰਾਂ ਪਿੰਡ ਜੋ ਗੁਰ ਚਕ ਵਾਲੇ। ਲਿਖਾਇ ਦੀਏ ਰਾਮ ਰੌਣੀ ਨਾਲੇ।੫੬।

ਦੋਹਰਾ: ਰਾਮ ਰੌਣੀ ਰਾਮਗੜ੍ਹ ਭਯੋ ਉਸ ਦਿਨ ਤੇ ਮਸ਼ਹੂਰ।
ਠੋਕੇ ਰਾਮਗੜ੍ਹੀਏ ਭਏ ਵੜੇ ਸੁ ਵਖਤ ਜਰੂਰ।੫੭।
ਰਤਨ ਸਿੰਘ ਨੇ ਜੋ ਸੁਨੀ ਬ੍ਰਿੱਧਨ ਲੋਕਨ ਪਾਸ।
ਆਗੈ ਸੋਊ ਸੁਨਾਇ ਹੈ ਖਾਨੂ ਕੋ ਸੁਤ ਨਾਸ਼।੫੮।
ਇਮ ਰਾਮਰੌਣੀ ਸਿੰਘ ਲੜੇ ਪੰਜ ਪਰ ਅਠਾਰਾਂ ਸੈ ਸਾਲ।
ਸ਼ਾਹ ਨਵਾਜ ਜਿਮ ਆ ਮੂਆ ਸੋ ਆਗੈ ਸੁਨੋ ਹਵਾਲ।੫੯।

---

੧. ਉਸ ਸਿੰਘ ਨੂੰ ਜੱਸਾ ਸਿੰਘ ਨੇ ਕਿਹਾ।

੨. ਇਹ ਗਲਾਂ ਬਾਤਾਂ ਰੌਣੀ ਤੋਂ ਬਾਹਰਲੇ ਸਿੰਘਾਂ ਨਾਲ ਹੋ ਰਹੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਸਾਖੀ ਕੌੜਾ ਮਲ ਜੀ ਦੀ ਬਹਾਦਰੀ

੧੫੨. [ਕੌੜਾ ਮਲ ਨੇ ਸਿੰਘਾਂ ਦੀ ਕੁਮਕ ਨਾਲ ਸ਼ਾਹ ਨਵਾਜ਼ ਨੂੰ ਮਾਰਿਆ]

ਦੋਹਰਾ: ਕਿਛਕੁ ਸਿੰਘ ਸਾਥੀ ਹੁਏ ਸਿਖ ਕੌੜਾ ਮਲ ਜਾਣ।
ਚੜ੍ਹਿਓ ਸ਼ਾਹ ਨਿਵਾਜ਼ ਪਰ ਸਿੰਘਨ ਕੋ ਰਖ ਤਾਣ।੧।

ਚੌਪਈ: ਜਹਾਂ ਖਾਲਸੋ ਦਿਵਾਨ ਸਜਾਵੈ। ਕੌੜਾ ਮਲ ਨਿਤਪ੍ਰਤਿ ਤਹਿੰ ਆਵੈ।
ਰਹਿਰਾਸ ਸੁਨੈ ਔਰ ਸੁਨੈਂ ਅਰਦਾਸ। ਨਿੱਤ ਰੋਜ਼ ਦਏ ਖਾਲਸੇ ਪਾਸ।੨।
ਲੈ ਆਗਜਾ ਪਾਸ ਸਿੰਘਨ ਬਹੈ। ਫਤੇ ਵਾਹਿਗੁਰੂ ਮੁਖ ਤੇ ਕਹੈ।
ਨਿਤਪ੍ਰਤਿ ਕੜਾਹ ਲੈ ਸਿੰਘਨ ਮਿਲੈ। ਨਿਹੰਗਨ ਰੁਪੱਯੇ ਪੰਜ ਦੈ ਭਿਲੈ[1]।੩।
ਪੰਜ ਰੁਪੱਯੇ ਤਨਖਾਹਿ ਲਗਾਵੈ। ਤੌ ਹੁੱਕੋ ਪੀਣੋ ਮਾਫ ਕਰਾਵੈ।
ਕਹੈ ਸਿੰਘਨ 'ਹਮ ਗੁਰ ਕੀ ਆਸ। ਸ਼ਾਹਿ ਨਿਵਾਜ ਫੜ ਲਜਾਊਂ ਖਾਸ'।੪।
ਤਬੈ ਖਾਲਸੇ ਬਚਨ ਪਲਟਾਯਾ। 'ਹਮ ਚਾਹਤ ਉਸ ਮਾਰ ਗਵਾਯਾ।
ਉਸ ਮਰਵਾਏ ਸਿੰਘ ਅਸੇਖ। ਹਮ ਕਬ ਛੋਡੈਂ ਉਸ ਕਉ ਦੇਖ'।੫।

ਦੋਹਰਾ: ਔਰ ਤੁਰਕਾਨੀ ਫੌਜ ਸਾਥ, ਖਾਨੂੰ ਸਕੋ ਭਰਾਇ[2]।
ਆਗੈ ਫੜੈ ਥੋ ਸੋ ਕਰਜੋ ਸ਼ਾਹਿ ਨਿਵਾਜੇ ਵਾਇ।੬।

ਚੌਪਈ: ਸ਼ਾਹਿ ਨਿਵਾਜ ਜਬ ਸੂਬੋ ਥੋ ਹੋਯੋ। ਲੁਟੇ ਕੁਟੇ ਤੇ ਸਭ ਉਨ ਕੋਹਜੋ।
ਸੋ ਮੀਰ ਮੰਨੂੰ ਨੇ ਦੀਏ ਚੜਾਇ। ਕੌੜਾ ਮਲ ਕੈ ਸਾਥ ਮਿਲਾਇ।੭।

ਦੋਹਰਾ: ਜੰਗ ਪਰਜੋ ਦੋਊ ਤਰਫ, ਦੋਊ ਫਤੇ ਤਕਾਇੰ।
ਸ਼ਾਹਿ ਨਿਵਾਜ ਕੌੜਾ ਮਲ ਭਏ ਦੋਨੋਂ ਸਨਮੁਖ ਆਇ।੮।

ਚੌਪਈ: ਤੁਰਕ ਤੁਰਕ ਰਲ ਮਿਲ ਟਲ ਗਏ। ਕੌੜੇ ਹਿੰਦੂ ਤੁੜਾਵਤ ਖਹੇ।
ਤਬ ਕੌੜਾ ਮਲ ਕਰ ਗੁਰ ਆਸ। ਸਿੰਘ ਖੜਾਏ ਅਪਨੇ ਪਾਸ।੯।
ਤਬੈ ਨਿਵਾਜ਼ ਨੇ ਕੀਯੋ ਜ਼ੋਰ। ਸਹੌਂ[3] ਕੌੜਾ ਮਲ ਘੋੜੋ ਤੋਰ।
ਅਬ ਹੈ ਖਾਲਸੇ ਜੀ ਕੋ ਵੇਲਾ। ਕਰ ਆਯੋ ਹਮ ਪਰ ਵਹਿ ਹੇਲਾ।੧੦।
ਸਿੰਘਨ ਕਹਯੋ 'ਕਛੁ ਗਮਕਰ ਨਾਹੀਂ। ਨਜੀਕ ਆਵੈ ਹਮ ਦੇਈਂ ਬਤਾਈ।
ਹਮ ਆਗੇ ਹੋ ਖਲੇ ਤਿਆਰ। ਲੇਵੈਂਗੇ ਉਸ ਤੁਰਤਹਿ ਮਾਰ'।੧੧।

ਦੋਹਰਾ: ਤੌ ਲੌ ਆਇ ਨਿਵਾਜੇ ਕਹਯੋ 'ਕੌੜੇ ਨਿਮਕ ਹਰਾਮ।
ਅਖੈ ਤ ਸ਼ਸਤ੍ਰ ਸੰਭਾਲ ਤੂੰ ਅਖੈ ਤੌ ਤੁਰਕ ਸਲਾਮ'।੧੨।

---

੧. ਤਿੱਖੀ। ੨. ਭਾਵ ਖਾਨ ਬਹਾਦਰ ਦਾ ਸੱਕਾ ਭਰਾ ਬੀ ਨਾਲ ਸੀ ਕੌੜਾ ਮਲ ਦੇ। ੩. ਸਾਹਮਣੇ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਕੌੜਾ ਮਲ ਸਿੰਘਨ ਕਹਯੋ। 'ਬੋਲਤ ਸ਼ਾਹਿ ਨਿਵਾਜੈ ਅਹਯੋ'।
ਸਿੰਘਨ ਦੀਨੀ ਸ਼ਲਕ ਚਲਾਇ। ਲਗੀ ਕਲੇਜ ਨਿਵਾਜੈ ਸ਼ਾਹਿ।੧੩।
ਝੂਮ ਘੋੜੇ ਤੇ ਭੂਮ ਮੈਂ ਪੜਾ। ਗੋਲੀ ਲਗੀ ਫਿਰ ਭਯੋ ਨ ਖੜਾ।
ਏਕ ਸਿੰਘ ਤਬ ਉਤਰ ਹੁਯੋ ਖੜਾ। ਕਾਟ ਸੀਸ ਹਥ ਲੀਨੋ ਫੜਾ।੧੪।
ਮੀਰ ਮੰਨੂੰ ਢਿਗ ਦਯੋ ਪਹੁੰਚਾਇ। ਦੇਖਤ ਸੀਸ ਖੁਸ਼ੀ ਭਈ ਵਾਇ।
ਕਾਗਜ ਕਲਮ ਸੁ ਨਿਜ ਹਥ ਲੀਨ। 'ਕੌੜਾ ਮਲ ਬਹਾਦਰ' ਖਿਤਾਬ ਲਿਖ ਦੀਨ।
ਜੋ ਕੌੜਾ ਮਲ ਕਰੀ ਖਾਲਸੈ ਭਲੀ। ਤੁਰਤ ਫੁਰਤ ਸੋ ਤਿਸ ਕੌ ਫਲੀ।
ਆਗੇ ਸੁਨੋਂ ਔਰ ਭੀ ਸਾਖੀ। ਹਮ ਬਡਿਅਨ ਜੋ ਹਮ ਥੀ ਭਾਖੀ।੧੬।

ਦੋਹਰਾ: ਅਠਾਰਾਂ ਸੈ ਛੇਓਤ੍ਰੈ[1] ਭਯੋ ਸ਼ਾਹਿ ਨਿਵਾਜ ਬਹੀਰ।
ਰਤਨ ਸਿੰਘ ਨੈਂ ਜਿਮ ਸੁਨਯੋ ਲਿਖਯੋ ਉਸੈ ਤਤਬੀਰ।੧੭।

ਸਾਖੀ ਸ੍ਰੀ ਅੰਮ੍ਰਿਤਸਰ ਜੀ ਕੀ

੧੫੩. [ਸ੍ਰੀ ਅੰਮ੍ਰਿਤਸਰ ਡੇਰੇ]

ਚੌਪਈ: ਮੁਲਕ ਲੂਟ ਅੰਮ੍ਰਿਤਸਰ ਆਵੈਂ। ਦਿਵਾਲੀ ਬਿਸਾਖੀ ਮੇਲਾ ਲਾਵੈਂ।
ਬੈਠ ਹਰਿਮੰਦਰ ਸੁਨੈਂ ਸੁ ਗਯਾਨ। ਗੁਰ ਬਚਨਨ ਪਰ ਲਾਵੈਂ ਧਯਾਨ।੧।
ਅਕਾਲ ਬੁੰਗੈ ਚੜ੍ਹ ਤਖਤੇ ਬਹਿ ਹੈਂ। ਲਾਇ ਦੀਵਾਨ ਗੁਰਮਤੇ ਮਤੈ ਹੈਂ।
ਸੂਬਤ ਖਾਲਸੈ ਹੋਇ ਅਦਾਲਤ। ਅਸਿਖਨ ਗਾਰ ਸਿੰਘਨ ਪ੍ਰਤਿ ਪਾਲਤ।੨।

ਦੋਹਰਾ: ਜਿਤੈ ਪਾਪ ਔ ਖਾਪ ਕਰ ਲੂਟ ਕੂਟ ਨਿਤ ਲਿਆਹਿਂ।
ਇਕ ਇਕ ਚੁੱਭੈ ਤਾਲ ਗੁਰ ਸਭ ਕਲ ਦੂਰ ਕਰਾਹਿਂ।੩।

ਚੌਪਈ: ਸਿੰਘਨ ਕੇ ਸਭ ਪਾਪ ਝੜ ਜਾਏਂ। ਹੁਤੇ ਜੁ ਆਪਸ ਮਾਂਹਿ ਕਮਾਏ।
ਕੋਊ ਕਮਾਏ ਕੋਊ ਲੁਟ ਖਾਇ। ਤਾਲ ਚੁਭੈ ਤੇ ਸਭ ਨਠ ਜਾਇ।੪।

ਸੋਰਠਾ: ਸੁਨਹੁ ਸੁ ਤਾਲ ਪ੍ਰਤਾਪ ਨ੍ਹਾਇ ਜਾਇ ਜਿਹ ਪਗ ਧਰਹਿਂ।
ਲੂਟ ਕੂਟ ਜਿਸ ਕਰੇਂ ਖਾਪ ਰਿਜਕ ਉਸੈ ਭਏ ਚੌਗੁਨੋ।੫।

ਦੋਹਰਾ: ਲੂਟੋ ਖੋਹੋ ਹੋਇ ਜੋਊ ਤਿਨ ਕੋ ਮਿਲੈ ਨ ਸਾਫ।
ਝੂਠਨ ਕੋ ਤਨਖਾਹ ਕਰੈਂ ਔ ਮੱਚਨ ਕਰਾਵੈਂ ਮਾਫ।੬।

ਸਾਖੀ ਅਹਿਮਦ ਸ਼ਾਹ ਔਰ ਸੁੱਖਾ ਸਿੰਘ ਕੀ

੧੫੪. [ਖਾਲਸੇ ਵਿਚ ਫੁਟ: ਸੁਖਾ ਸਿੰਘ ਸ਼ਹੀਦ]

ਦੋਹਰਾ: ਅਠਾਰਾਂ ਸੈ ਦਸ ਊਪਰੇ ਫਿਰ ਆਯੋ ਅਹਿਮਦ ਸ਼ਾਹਿ।
ਸੱਦਯੋ ਰੁਹੇਲੇ ਨਜੀਬ ਖਾਂ ਮੁਏ ਮੁਹੰਮਦ ਸ਼ਾਹਿ।੧।

---

੧. ਭਾਵ ੧੮੦੬ ਬਿਕ੍ਰਮੀ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਚਾਰ ਪਾਵ ਕੇ ਚਾਰ ਬਜੀਰ। ਦਬਜੇ ਆਪ ਤਿਨ ਮੁਲਖ ਗੰਭੀਰ।
ਆਪਸ ਮਾਂਹਿ ਸ਼ਰੀਕਤ ਕਰੈਂ। ਆਪਸ ਮਾਂਹਿ ਸੁ ਮਾਰੈਂ ਮਰੈਂ।੨।
ਲਖਨਊ ਮਲਜੋ ਮਨਸੂਰਹਿ ਅਲੀ। ਮਨਸੂਰੀ ਟਕੇ ਮੋਟਰ ਜਿਹ ਚਲੀ।
ਹੁਤੋ ਬਜੀਰ ਨਿਜ਼ਾਮਹਿ ਅਲੀ। ਦੱਖਨ ਰੋਕ ਰਖੀ ਉਨ ਭਲੀ।੩।

ਦੋਹਰਾ: ਦਿੱਲੀ ਕੇ ਪਤਿਸ਼ਾਹਿ ਕੋ ਇਨ ਕੀਨੋ ਲੂਣ ਹਰਾਮ।
ਰੁਹੇਲਾ ਗਿਲਜੈ ਜਾ ਮਿਲਜੋ ਨਜੀਬ ਖਾਨ ਉਸ ਨਾਮ।੪।

ਚੌਪਈ: ਮੁਗਲ ਗਾਜਦੀਂ ਮ੍ਰਹਟਨ ਲਜਾਵੈ। ਰੁਹੇਲੇ ਊਪਰ ਉਨੈਂ ਚੜ੍ਹਾਵੈ।
ਨਜੀਬ ਖ਼ਾਨ ਨੇ ਨਜੀਬ ਗੜ੍ਹ ਰਚਾ। ਮੁਗ਼ਲ ਪਠਾਨ ਬੈਰ ਤਬ ਮਚਾ।੫।

ਦੋਹਰਾ: ਮੁਹੰਮਦ ਸ਼ਾਹ ਜਬ ਮਰ ਗਯੋ ਦਿੱਲੀ ਪਰ ਗਜੋ ਰੌਲ।
ਰਹਜੋ ਨਜੀਬਹਿ ਖਾਨ ਔ ਮੁਗ਼ਲ ਗਾਜ਼ਦੀਂ ਬੋਲ।੬।

ਚੌਪਈ: ਰੁਹੇਲੇ ਨੇ ਪਠਾਣ ਮੰਗਾਯਾ। ਮੁਗਲਨ ਕੋ ਵਹਿ ਚਾਹਤ ਮਰਾਯਾ।
ਇਤ ਬਿਧਿ ਸਤਿਗੁਰ ਬਾਤ ਬਣਾਵੈਂ। ਤੁਰਕਨ ਤੇ ਇਮ ਤੁਰਕ ਮਰਾਵੈਂ।੭।
ਸਿੰਘਨ ਕੋ ਬਿਚ ਲਗ ਗਜੋ ਦਾਇ। ਮਾਰੈਂ ਤੁਰਕਨ ਕੋ ਸਿੰਘ ਧਾਇ।
ਉਇ ਦੋਊ ਭੀ ਖਾਲਸੇਂ ਮਾਰੇ। ਖਾਲਸੋ ਉਨ ਦੂਊਅਨ ਕੋ ਗਾਰੇ।੮।

ਦੋਹਰਾ: ਗਾਜਦੀਂ ਸੱਦੇ ਮਰਹਟੇ, ਘੇਰਜੋ ਰੁਹੇਲੋ ਆਇ।
ਤਿਸਤੇ ਅਹਿਮਦ ਸ਼ਾਹਿ ਕਹਿ ਪਠਾਣ ਸੁ ਲਯੋ ਬੁਲਾਇ।੯।

ਚੌਪਈ: ਤਬ ਉਨ ਅਹਿਮਦ ਸ਼ਾਹ ਬੁਲਾਯਾ। ਆਨ ਉਸੇ ਨੇ ਸੋਊ ਛੁਡਾਯਾ।
ਲਹੌਰ ਸਿਰ੍ਹੰਦ ਉਸੈ ਨੇ ਮੱਲੀ। ਛੁਡਾਇ ਲਈ ਮ੍ਰਹਟੇ ਤੇ ਦਿੱਲੀ।੧੦।
ਗਾਜਦੀਂ ਫੇਰ ਮ੍ਰਹਟੇ ਬੁਲਾਏ। ਸੋ ਰੁਹੇਲੇ ਦੇ ਗਿਰਦ ਕਰਵਾਏ।
ਰੁਹੇਲੇ ਨੇ ਫਿਰ ਸਦੇ ਪਠਾਣ। ਸੋ ਕਰ ਆਯੋ ਕਾਬਲੋਂ ਤਾਣ।੧੧।
ਮੀਰ ਮੰਨੂੰ ਕੋ ਸੁਸਤੀ ਭਈ। ਦਿੱਲੀ ਤੇ ਕੁਛ ਮਦਤ ਨ ਅਈ।
ਆਨ ਕਾਬਲੀ ਸ਼ਾਹਦਰੇ ਪਰਿਓ। ਬਿਚ ਲਹੌਰ ਕੌੜਾ ਮਲ ਅੜਿਓ।੧੨।
ਤਿਨ ਸਿੰਘਨ ਕੋ ਲਿਖਜੋ ਬਨਾਈ। 'ਹਮ ਤੁਮ ਹਿੰਦੂ ਇਕ ਗੁਰਭਾਈ'।
ਦੀਨ ਮਜ਼੍ਹਬ ਕੀ ਬਾਤ ਸੁਨਾਈ। 'ਗਿਲਜਨ ਕੋ ਤੁਮ ਦੇਹੁ ਹਟਾਈ'।੧੩।
ਦਯੋ ਖਰਚ ਕੋ ਸਿੱਕਾ ਦਾਰੂ। ਟਕੇ ਦੇਣ ਕੋ ਕੀਓ ਤਿਆਰੂ।
ਮੀਰ ਮੰਨੂੰ ਤੇ ਦਯੋ ਲਿਖਾਇ। ਸੋ ਭੀ ਘਲਜੋ ਸਿੰਘਨ ਕੇ ਪਾਇ।੧੪।

ਦੋਹਰਾ: 'ਇਸ ਗ਼ਨੀਮ[1] ਕੋ ਮੋੜਿ ਕੇ ਫਿਰ ਹਮ ਕਰ ਹੈਂ ਗੱਲ।
ਆਕੀ ਜੋ ਹਮ ਤੇ ਰਹੈ ਲਯੋ ਮੁਲਕ ਤੁਮ ਮੱਲ।੧੫।

ਚੌਪਈ: ਜਬ ਤੇ ਬੰਦੇ ਰੋਕਾ ਪਹਾਰ। ਪੈਸਾ ਨ ਆਯਾ ਤੁਰਕਨ ਬਾਰ।
ਉਨ ਗਏ ਖਾਲਸੇ ਸੋਂ ਕਰੀ ਖੁਆਰੀ। ਮੁਲਕ ਮੱਲੋ ਤੁਮ ਸੱਤੇ ਧਾਰੀ।੧੬।

---

੧. ਵੈਰੀ, ਸ਼ੱਤਰੂ।

Sri Satguru Jagjit Singh Ji eLibrary NamdhariElibrary@gmail.com

ਪੜੋਲ ਕਠੂਹੇ ਖਸੋਹਲੀ ਵਾਰੀ। ਲੇਹੁ ਬਦਲੇ ਤੁਮ ਦੂਣ ਭੀ ਮਾਰੀ।
ਉਗਰਾਹੀਐ ਪੈਮਾ ਜਿਤੋ ਪੰਜਾਬ। ਹੈ ਪਹਾੜਨ ਮੈਂ ਇਤਨੋ ਤਾਬ'।੧੭।

ਦੋਹਰਾ: ਸੋ ਸੁ ਸਿੰਘ ਇਕੱਤ੍ਰ ਭਏ ਕਰਕੇ ਸੋ ਅਰਦਾਸ।
ਡੇਰਾ ਘਣੀਏ ਕੇ[1] ਕੀਆ ਚਲੇ ਕੌੜਾ ਮਲ ਪਾਸ।੧੮।

ਚੌਪਈ: ਤਬ ਆਪਸ ਮੈਂ ਸਿੰਘ ਹੀ ਲਰੇ। ਅਪਨੀ ਆਪ ਖੁਆਰੀ ਪਰੇ।
ਹਰੀ ਸਿੰਘ ਭੰਗੀ ਦਗਾ ਕਮਾਯਾ। ਕੁਸ਼ਾਲ ਸਿੰਘ ਰਾਮਗੜ੍ਹੀਆ ਘਾਯਾ।੧੯।
ਸਭ ਸਿੰਘਨ ਨੇ ਮਾਨਜੋ ਬੁਰਾ। ਡੇਰਾ ਭੰਗੀਅਨ ਲੂਟਨ ਕਰਾ।
ਯਹੇ ਬਾਤ ਭੰਗੀਅਨ ਸੁਨ ਪਾਈ। ਆਗੈ ਭੰਗੀ ਚਲੇ ਪਰਾਈ।੨੦।

ਦੋਹਰਾ: ਦਸ ਹਜ਼ਾਰ ਭੰਗੀ ਭਜੇ ਸਿੰਘ ਪੜੇ ਲੈ ਬੀਸ।
ਇਮਕਰ ਏਈ ਸਿੰਘ ਥੇ ਲੜਨੇ ਵਾਲੇ ਤੀਸ।੨੧।

ਚੌਪਈ: ਔਰ ਡੇਰਾ ਜਾ ਪਯੋ ਲਹੌਰ। ਸ਼ਾਲਾਮਾਰ ਬਾਗ ਕੇ ਧੌਰ।
ਸਿੰਘ ਲਹੌਰੀ ਦ੍ਵਾਜ਼ੇ ਆਏ। ਦੇਖੇ ਕਸਾਈ ਗਊ ਫੜਾਏ।੨੨।
ਸੋਊ ਸਿੰਘਨ ਨੈ ਦੀਨੇ ਮਾਰ। ਭਈ ਦਰਵਾਜਨ ਮੇਂ ਹੜਤਾਰ।
ਸ਼ਹਿਰ ਲੋਕਨ ਫਿਰ ਸਿੰਘ ਫੌਜ ਮਾਰੀ। ਇਹਾਂ ਭੀ ਸਿੰਘਨ ਭਈ ਖੁਆਰੀ[2]।੨੩।

ਦੋਹਰਾ: ਪਹਿਰ ਤੀਸਰੇ ਪੀ ਸੁਖਾ ਚੜ੍ਹ ਸੁੱਖਾ ਸਿੰਘ ਤਖਾਣ।
ਸ਼ਯਾਮ ਸਿੰਘ ਕੋ ਪਾਲਕੋ ਕੰਬੋ ਮਾੜੀਵਾਨ।੨੪।

ਚੌਪਈ: ਤਬ ਤਿਨ ਕਰੀ ਨ ਕਛੂ ਸਲਾਹਿ। ਲੰਘਯੋ ਰਾਵੀ ਗਾਹਣ ਪਾਇ।
ਤਿਸਕੇ ਪਾਛੇ ਲੰਘੇ ਨਿਹੰਗ। ਨਹਿੰ ਕੀਨੀ ਕਿਨ ਗਿਣਤੀ ਸੰਗ।੨੫।
ਨਿਕਟ ਸੁ ਗਿਲਜਨ ਡੇਰੇ ਗਏ। ਝਾੜ ਝਪਾੜਨ ਉਤਰਤ ਭਏ।
ਰਾਵੀ ਜਲ ਸੁ ਸੁਚੇਤੋ ਕੀਓ। ਉਤਿ ਗਿਲਜਨ ਕੋ ਰੌਲੋ ਥੀਓ।੨੬।
ਉਨ ਜਾਨਯੋ ਦਲ ਆਵੈ ਚਲਾ। ਉਹ ਦੇਖਨ ਲਾਗਯੋ ਹੈ ਖਲਾ।
ਅਹਿਮਦਸ਼ਾਹਿ ਦਿਲ ਖਤਰੋ ਭਯੋ। ਕਿਛ ਦਿਲ ਮੈਂ ਤਿਮ ਧੀਰ ਨ ਧਰਯੋ।੨੭।
ਤੁਰਤ ਘੋੜੇ ਪੈ ਭਯੋ ਸਵਾਰ। ਆਗੇ ਕੀਨੈ ਦਸਤੇ ਚਾਰ।
ਕਹਯੋ ਉਨ 'ਹਮ ਪੈ ਹਿੰਦ ਆਈ। ਕਬ ਪਹੁੰਚੇ ਨਠ ਕਾਬਲ ਜਾਈ'।੨੮।
ਫੜ ਸ਼ਮਸ਼ੇਰਹਿ ਸਨਮੁਖ ਹੋਯੋ। ਜਾ ਸਿੰਘਨ ਸੇਂ ਮੁਹਰੋ ਢੋਯੋ।੨੯।

ਦੋਹਰਾ: ਸਿੰਘ ਸੁ ਥੋੜੇ ਥੇ ਲੰਘੇ, ਰਹੇ ਥੋੜੇ ਡੇਰੇ ਮਾਹਿੰ।
ਕਿਛੁ ਨੱਠੇ ਕਿਛੁ ਰੌਲ ਗਏ ਚੰਗੇ ਜੋਉ ਗਿਣਾਇੰ।੩੦।

ਚੌਪਈ: ਸੁੱਖਾ ਸਿੰਘ ਫੌਜ ਆਵਤ ਜਾਨੀ। ਸੰਗ ਆਪਣੇ ਥੋੜੀ ਮਾਨੀ।
ਤਬ ਉਨ ਮਨ ਮੈਂ ਕੀਓ ਬਿਚਾਰ। 'ਸਭੀ ਭਾਂਤ ਅਬ ਭਈ ਲਚਾਰ।੩੧।

---

੧. ਪਾ:- ਬਣੀਏ ਕੇ। ੨. ਪਾ: ਕਰੀ ਲੜਾਈ ਸਿੰਘਨ ਭਾਰੀ॥

Sri Satguru Jagjit Singh Ji eLibrary NamdhariElibrary@gmail.com

ਜੌ ਮੈਂ ਇਨ ਸੌਂ ਕਰੋ ਲਰਾਈ। ਤੌ ਇਨ ਸੌਂ ਨਹਿਂ ਵਾਰੈ ਆਈ।
ਇਹ ਆਟਾ ਹਮ ਹਿੱਸਾ ਲੈਣ। ਲੜ ਕੈ ਮਰਨ ਭਲੋ ਕਹਿ ਕੌਣ।੩੨।
ਜੋ ਅਬ ਹਮ ਜਾਵੈਂਗੇ ਭਾਜ। ਤੌ ਸਿੰਘਨ ਮੈਂ ਆਵੈ ਲਾਜ।'
ਬਾਤ ਬੁਰੀ ਤਿਨ ਦੋਊ ਬਿਚਾਰੀ। 'ਮੈਂ ਲਰ ਮਰੋਂ ਸੁਭਲੀ ਬਿਚਾਰੀ'।੩੩।

ਦੋਹਰਾ: 'ਪਾਛੇ ਪਾਉਂ ਨਾਂ ਪਾਇਓਂ ਢਿਗ ਸਿੰਘਨ ਸੋ ਕਹਿ ਦੀਨ।
'ਇਨਾਂ ਸ਼ਹੀਦ ਹਮ ਹੋਂਹਿਗੇ ਲਰ ਕਰ ਮਜ਼੍ਹਬੇ ਦੀਨ'।੩੪।

ਚੌਪਈ: ਕਹਜੋ ਸੁਖਾ ਸਿੰਘ ਸਾਥ ਨਿਵਾਰ। 'ਜਿਨ ਜਿੰਦ ਰਖਣੀ ਮੁੜ ਜਾਹੁ ਪਾਰ'।
ਸਿੰਘਨ ਕਹਜੋ 'ਹਮ ਕਿਮ ਨਠ ਜਾਹੀਂ। ਸਾਥ ਤੁਸਾਡੇ ਸਨਹਿ ਰੋ ਖਾਹੀਂ।੩੫।
ਅਸੀਂ ਸ਼ਹੀਦੀ ਸਾਥ ਕਮਾਵੈਂ। ਸ਼ਹੀਦਨ ਮੈਂ ਡੇਰਾ ਪਾਵੈਂ।
ਜਸ ਗਉਰੀਓਂ ਥੋ ਫਫੜ ਹਮਾਰਾ। ਨਹਿਂ ਮੁੜਿਓ ਵਹਿ ਬਾਲ ਬਿਚਾਰਾ।੩੬।
ਪਿਤਾ ਹਮਾਰਾ ਉਨ ਦਯੋ ਮੜੋਯਾ। ਆਇ ਸ਼ਾਮ ਸਿੰਘ ਪਾਸ਼ ਖਲੋਯਾ'।
ਇਤਨੇ ਮੈਂ ਫੌਜ ਪਹੁੰਚੀ ਆਇ। ਮੁੜ ਸਿੰਘਨ ਦਏ ਘੋੜੇ ਰਲਾਇ।੩੭।
ਬੰਦੂਕ ਤੀਰ ਤਲਵਾਰ ਚਲਾਈ। ਆਵਤ ਗਿਲਜੇ ਦਏ ਹਟਾਈ।
ਖੜ ਕਰ ਲੜੇ ਨ ਆਏ ਚੱਲ। ਚੂਕ ਗਏ ਸਿੰਘ ਯਾ ਤੇ ਗੱਲ।੩੮।

ਦੋਹਰਾ: ਇਕ ਦਸਤੋ ਦੀਓ ਮੋੜ ਤਿਨ ਮਗਰੋਂ ਆਯੋ ਚੌਣ।
ਐਸ ਭਏ ਸੁ ਸਿੰਘ ਤਹਿਂ ਜਿਵ ਆਟੇ ਮੈਂ ਲੌਣ।੩੯।
ਸੁਖਾ ਸਿੰਘ ਦਿਲ ਇਮ ਅਈ 'ਜਹਿਂ ਹੋਵੈ ਅਹਮਦ ਸ਼ਾਹਿ।
ਤਿਸ ਸੌਂ ਹੱਥ ਮੈਂ ਜਾ ਕਰੋਂ ਜੇ ਕੋ ਦਏ ਬਤਾਇ'।੪੦।

ਚੌਪਈ: ਸੁੱਖਾ ਸਿੰਘ ਕਛੁ ਅੱਗੇ ਗਯੋ। ਪੂਛਤ ਸ਼ਾਹਿ ਕਿਨ ਨਾਂਹਿ ਬਤਯੋ।
ਸਮਝੇ ਨਹਿਂ ਕੋਊ ਤਿਮਕੀ ਬਾਤ। ਗਰਦ ਗੁਬਾਰ ਹ੍ਵੈ ਪਰ ਗਈ ਰਾਤ।੪੧।
ਸਿੰਘ ਕੀ ਕਛੁ ਉਹਾਂ ਲਗੀ ਨ ਘਾਤ। ਕਰੈਂ ਗਿਲਜਨ ਪਰ ਸਿੰਘ ਤਹਿਂ ਹਾਥ।
ਮਾਰ ਮਯੋ ਤਹਿਂ ਭਯੋ ਸ਼ਹੀਦ। ਕਰੀ ਦੇਰ ਉਨ ਹਠ ਸੌਂ ਜੀਦ।੪੨।

ਦੋਹਰਾ: ਸੁੱਖਾ ਸਿੰਘ ਉਹਾਂ ਮੁਯੋ ਫੌਜ ਮੁੜੀ ਸੁ ਤਰਫ ਲਹੌਰ।
ਅਗੋ ਸ਼ਲਕ ਲਹੌਰੀਅਨ ਦਈ ਸਿੰਘਨ ਪਰ ਜੋਰ।੪੩।

ਚੌਪਈ: ਜਬ ਦੋਵੱਲ ਸਿੰਘਨ ਭਈ ਮਾਰੀ। ਤਬ ਖਾਲਸੇ ਕੋ ਭਈ ਖੁਆਰੀ।
ਤਬ ਖਾਲਸੋ ਆਇ ਡੇਰੇ ਅੜਾ। ਰਾਤ ਪੁਵਾਈ ਹੋਕੇ ਖੜਾ।੪੪।

ਦੋਹਰਾ: ਰਾਤ ਪੜੀ ਸਿੰਘ ਸਭਨ ਗਨ ਕੀਓ ਡੇਰੇ ਮਾਝੈ ਵੱਲ।
ਤੁਰਕ ਦੋਊ ਬੇਈਮਾਨ ਹੈਂ ਲੁੱਟ ਖਾਹੋ ਦੋਊਅਨ ਰੱਲ।੪੫।
ਬਿੱਕ੍ਰਮ ਅਠਾਰਾਂ ਸੈ ਬਿਤੇ ਉੱਪਰ ਦਸਵੇਂ ਸਾਲ।
ਭਯੋ ਸ਼ਹੀਦ ਸੁ ਸੁੱਖਾ ਸਿਘ ਸ਼ਾਹਿ ਕਾਬਲੀ ਨਾਲ।੪੬।

Sri Satguru Jagjit Singh Ji eLibrary NamdhariElibrary@gmail.com

ਸਿੰਘਨ ਕੋ ਔ ਤੁਰਕਨ ਕੋ ਕਰਨੌਂ ਭਲੋ ਨ ਜੋੜ।
ਤਬ ਹੀ ਬਿਧਿ ਖੋਟੀ ਭਵੈ ਦੇਵੈ ਚੰਡੀ ਤੋੜ।੪੭।

ਬਾਕੀ ਪ੍ਰਸੰਗ ਅੱਗੇ ਤੁਰਯੋ

੧੫੫. [ਮਹਾਰਾਜਾ ਕੌੜਾ ਮਲ ਦਾ ਜੁੱਧ ਵਿਚ ਸ਼ਹੀਦ ਹਣਾ]

ਦੋਹਰਾ: ਜੇਕੋ ਆਖੈ ਪ੍ਰਸ਼ਨ ਯਹਿ ਫਿਰ ਆਗੈ ਸ਼ਾਹਿ ਕਜਾ ਕੀਨੇ।
ਲਹੌਰ ਤੁਟੀ ਕੈ ਨਾ ਤੁਟੀ ਉਤ੍ਰ ਚਹੀਐ ਤਿਸ ਦੀਨ।੧।
ਉਸੀ ਹੰਗਾਮੇ ਮੈਂ ਮੁਯੋ ਕੌੜਾ ਮਲ ਦੀਵਾਨ।
ਸਾਥੈ ਸੰਗਤ ਸਿੰਘ ਔ ਰਾਜਾ ਜੇਜੋਵਾਨ।੨।

ਚੌਪਈ: ਕਈ ਮਹੀਨੇ ਲਰਤੇ ਭਏ। ਨਹਿੰ ਦਿਲੀਓਂ ਕੋਊ ਮੱਦਤ ਅਏ।
ਤੁਰਤ ਰੁਹੇਲੇ ਰੌਲਾ ਪਾਯਾ। ਮੀਰ ਮੰਨੂੰ ਇਮ ਸ਼ਾਹਿ ਹਰਾਯਾ।੩।
ਹਾਥ ਬੰਧ ਗਲ ਕਪੜੇ ਪਾਇ। ਨੱਠ ਨ ਗਯੋ, ਮਿਲ ਪਯੋ ਸ਼ਾਹਿ।
ਪਚਾਸ ਲੱਖ ਰੁਪਯੋ ਲਯੋ ਉਨ ਮੰਨ: ਫਿਰ ਸ਼ਾਹਿ ਬਹਾਯੋ ਕਰ ਆਪੰਨ।੪।
ਲਹੌਰ ਜਿੱਤ ਦਿੱਲੀ ਜਿੱਤ ਲਈ। ਖਾਂ ਨਜੀਬ ਕੋ ਦਿੱਲੀ ਦਈ।
ਬਹਾਯੋ ਉਨ ਕਰ ਅਪਨ ਵਜੀਰ। ਸ਼ਾਹੀ ਮੁਗਲਨ ਕੀ ਭਈ ਦਿਲੀਓਂ ਤਗੀਰ*।

੧੫੬. [ਆਦੀਨਾ ਬੇਗ ਤੇ ਸੋਢੀ ਬਡਭਾਗ ਸਿੰਘ, ਜਲੰਧਰ ਕਤਲ]

ਦੋਹਰਾ: ਇਸ ਦਿੱਲੀ ਪਰਚਾਵਣੇ ਉਠਜੋ ਥੇ ਬਹੁਤੀ ਵਾਰ।
ਦੱਖਣੀ ਔ ਬਡ ਪੱਛਮੀ ਲਰ ਮਰ ਭਏ ਖੁਵਾਰ।੧।
ਹੁਤੋ ਜੁ ਚੌਥੋ ਮੁਗਲ ਸੋ ਦਿੱਲੀ ਕੋ ਜੁ ਵਜ਼ੀਰ।
ਸੋ ਨੱਠ ਮਰਹਟਨ ਪੈ ਗਯੋ ਦਿਲੀਓਂ ਹੋਇ ਤਗੀਰ।੨।

ਚੌਪਈ: ਨਾਮ ਗਾਜਦੀਂ ਸੋਊ ਕਹਾਯਾ। ਅਲਕਾਬ ਪਤਸ਼ਾਹੋਂ 'ਬਨਰਾ' ਪਾਯਾ।
ਮਲਾਰ ਮਰਹਟੇ ਸੋਂ ਦੋਸਤੀ ਲਾਈ। ਜਾ ਬੈਠੋ ਸੋ ਤਿਸਕੈ ਪਾਈ।੩।
ਕਈ ਬਰਸ ਸੋ ਊਹਾਂ ਰਹਜੋ। ਤਿਹਿ ਪਾਛੈ ਉਨ ਚਾਉਨੋ ਚਯੋ।
ਲਾਖ ਟਕਾ ਉਨ ਕੂਚ ਠਹਰਾਯੋ। ਪੱਚੀ ਹਜ਼ਾਰ ਜਹਿੰ ਡੇਰਾ ਲਾਯੋ।੪।
ਇਸੀ ਭਾਂਤਿ ਉਨ ਦਿੱਲੀ ਛੁਡਾਈ। ਰੁਹੇਲਾ ਦਿੱਲੀਓਂ ਗਇਓ ਪਰਾਈ।
ਨਜੀਬ ਗੜੇ ਜਾ ਨਜੀਬਾ ਵੜਾ। ਮ੍ਰਹਟੇ ਡੇਰਾ ਆਇ ਦਿੱਲੀ ਕਰਾ।੫।

ਦੋਹਰਾ: ਮਲਾਰ ਰਾਘੋ ਦੋਇ ਸੀਪੀਏ ਔ ਤੁੱਕੋ ਹੁਲਕਰ ਥੋਇ।
ਆਇ ਦਿੱਲੀ ਬਹੁ ਦਿਨ ਰਹੇ ਆਗੇ ਚੜ੍ਹੈ ਨ ਕੋਇ।੬।

ਚੌਪਈ: ਆਗੇ ਗਿਲਜਨ ਤੇ ਵਹਿ ਭੀ ਡਰੇ। ਆਗੇ ਡੇਰੋ ਸੋ ਨਹਿੰ ਕਰੇ।
ਇਹ ਬਿਧਿ ਬੀਤਤ ਭਯੋ ਸੁ ਸਾਲ। ਦੀਨਾਂ ਬੇਗ ਕੋ ਸੁਨੋਂ ਹਵਾਲ।੭।

* ਬਦਲ ਗਈ, ਭਾਵ ਹਟ ਗਈ।

Sri Satguru Jagjit Singh Ji eLibrary NamdhariElibrary@gmail.com

ਪਹਾੜਨ ਮੈਂ ਉਨ ਪਾਯੋ ਜ਼ਵਾਲ। ਰਹਜੋ ਨ ਥੋ ਉਸ ਪੱਲੇ ਮਾਲ।
ਮੁਲਕ ਯਾਦ ਕਰ ਹਾਹੁਕੇ ਭਰੇ। ਬਿਨਾਂ ਜੋਰ ਕਿਛ ਨਾਹੀਂ ਸਰੇ।੮।
ਮਾੜੇ ਸ਼ਾਹਿ ਜਿਮ ਖੇਪਾਂ ਭਰੇ। ਬਿਨਾਂ ਦਾਵ ਕੁਛ ਉਸ ਨਹਿੰ ਸਰੇ।
ਸੋ ਵਹਿ ਗਿਨਤੀ ਦਿਲ ਮੇਂ ਕਰਾਹੀ। ਉਪਾਉ ਉਸੇ ਕੁਛ ਦਿੱਸੈ ਨਾਹੀਂ।੯।

ਦੋਹਰਾ: ਬਹੁਤ ਮਨਸੂਬੇ ਚਕ ਰਹਜੋ ਬਨੈ ਨ ਕਿਛੂ ਉਪਾਇ।
ਉਸੈ ਸਿੱਖ ਇਕ ਢਿਗ ਹੁਤੋ ਤਿਨ ਬਿਧ ਦਈ ਬਤਾਇ।੧੦।

ਚੌਪਈ: 'ਬਡਭਾਗ ਸਿੰਘ ਸੌਂ ਜੌ ਖਣ ਆਵੈ। ਸਿੰਘ ਲਾਖ ਸੋ ਤੁਰਤ ਮੰਗਾਵੈ'।
ਜਬੈ ਨਬਾਬ ਸੁ ਐਸੀ ਸੁਨੀ। ਉਸ ਕੋ ਲੋੜ ਭਈ ਚੌਗੁਨੀ।੧੧।
ਫਿਰ ਸਿੰਘਨ ਪਰ ਬਾਤ ਹੂੰ ਆਈ। ਸੁਨੋਂ ਸਿੰਘ ਤੁਮ ਗੁਰਮੁਖ ਭਾਈ।
ਖਡਭਾਗ ਸਿੰਘ ਪਰਬਤ ਮੈਂ ਰਹਜੋ। ਕਰਤਾਰਪੁਰੇ ਜਬ ਕਤਲੋ ਭਯੋ।੧੨।
ਸੋ ਭੀ ਹਾਥ ਕਟੇ ਕਟ ਖਾਇ। ਔਰ ਕਿਛ ਤਿਸ ਲਗੈ ਨ ਦਾਇ।
'ਪਠਾਨ ਜੌ ਗੜ੍ਹੀ ਜਲੰਧਰ ਵਾਰੇ। ਜਬ ਲਗ ਸਕਉਂ ਨ ਉਸ ਕੋ ਮਾਰੇ।੧੩।
ਥੰਮ੍ਹ ਗੁਰੂ ਕੋ ਦੀਨੋ ਫੂਕ'। ਬਡਭਾਗ ਸਿੰਘ ਦਿੱਲੀਓਂ ਉੱਠੇ ਕੂਕ।
ਸਿਰ ਤੇ ਪੱਗ ਸੁ ਦੀਨੀਂ ਡਾਰ। 'ਬੰਨ੍ਹੌਂ ਜਲੰਧਰ ਕੋ ਮੈਂ ਮਾਰ'।੧੪।

ਦੋਹਰਾ: ਦੋਨੋਂ ਦੁਖੀਏ ਅਤਿ ਦਿਲੇ ਮਿਲ ਦੇਵੈਂ ਚਾਹੇਂ ਕਾਮ।
ਤਿਸੈ ਸਮਾਂ ਤਿਮ ਆ ਪੁਜਾ ਸੁਗ੍ਰੀਵ ਮਿਲੇ ਜਿਮ ਰਾਮ।੧੫।

ਚੌਪਈ: ਰਾਜਪੁਰੇ ਰਹੈ ਦੀਨਾਂ ਬੇਗ। ਗੁਰ ਕੀ ਚਲੈ ਕੁਲਾਹਲ ਦੇਗ।
ਦੋਊ ਦੁਖੀਏ ਦੁਖ ਕੇ ਭਰੇ। ਦੇਖੈਂ ਸੁਖ ਕਉ ਹੁਇ ਹੁਇ ਖਰੇ।੧੬।
ਸੂਬੇਦਾਰੀ ਦੁਖ ਦੀਨਾ ਬੇਗ। ਬਡਭਾਗ ਸਿੰਘ ਦੁਖ ਥੰਭ ਸੜੇਗ।
ਦੀਨਾਬੇਗ ਕੋ ਗਯੋ ਵਕੀਲ। ਗੁਰੂ ਮਿਲਨ ਕਛੁ ਕਰੀ ਨ ਢੀਲ।੧੭।
ਦੋਨੋਂ ਮਿਲਨੇ ਬਾਤ ਠਹਿਰਾਈ। ਅੱਧ ਬਿਚਾਲੇ ਜਾਗਾ ਠਾਈ।
ਬਡਭਾਗ ਸਿੰਘ ਆਪ ਪਹਿਲਾਂ ਖੜਾਯਾ। ਤੁਰਤ ਨਬਾਬ ਤਹਾਂ ਚਲ ਆਯਾ।੧੮।
ਦੋਨੋਂ ਉਤਰ ਇਕ ਜਾ ਆਏ। ਹਾਥਨ ਮੈਂ ਹੱਥ ਗੁਰੂ ਦਬਾਏ।
ਨੂਬ ਕਹਜੋ 'ਤੁਮ ਪੀਰ ਹਮਾਰੇ'। ਗੁਰੂ ਕਹੀ 'ਇਮਾਨ ਸਲਾਮਤ ਦਿਦਾਰੇ'।੧੯।
ਮਸਲਦ ਇਕ ਪੈ ਦੋਨੋਂ ਬਟੇ। ਆਪ ਆਪਨੇ ਸਭ ਦੁਖ ਕਹੇ।
ਨਬਾਬ ਕਹੀ 'ਹਮ ਮੁਲਕ ਦਿਵਾਵੋ। ਤੁਮ ਹੋ ਪੀਰ ਹਮ ਮੁਰੀਦ ਬਨਾਵੋਂ'।੨੦।

ਦੋਹਰਾ: 'ਕਰਤਾਰਪੁਰੇ ਜਿਤਨੀ ਕਰੀ ਪਠਾਣਨ ਜਲੰਧਰ ਵਾਲ।
ਕਰੋਂ ਕਤਲ ਜਲੰਧਰ, ਤੂੰ ਲਿਖ ਦੇਹ ਨਿਜ ਹਥ ਨਾਲ।੨੧।

ਚੌਪਈ: ਨਾਸਰ ਅਲੀ ਕੋ ਫੂਕੋਂ ਤਿਮ ਹੀ। ਉਨ੍ਹੈਂ ਫੂਕਿਓ ਥੰਮ੍ਹ ਕੋ ਜਿਮ ਹੀ।
ਜਿਉਂ ਤਹਿੰ ਗਊ ਪਠਾਣਨ ਘਾਈ। ਮੈਂ ਊਹਾਂ ਦੇਊਂ ਸੂਰ ਜਲਾਈ।੨੨।

Sri Satguru Jagjit Singh Ji eLibrary NamdhariElibrary@gmail.com

ਜਲੰਧਰ ਮੁਸਲੇ ਕਤਲੇ ਕਰੂੰ। ਫੇਰ ਟਰਾਵੈਂ ਮੈਂ ਨਹਿਂ ਟਰੂੰ।
ਹਿੰਦਵਾਨੀ ਜਿਮ ਮੁਗਲਾਨੀ ਫੜਾਊਂ। ਚੂਹੜਨ ਕੇ ਮੈਂ ਪਠਾਨੀ ਕਰਾਊਂ।੨੩।
ਕਸਮ ਸਾਥ ਮੋ ਕੋ ਲਿਖ ਦੇਹੁ। ਮੁਲਕ ਦੁਆਬਾ ਮੈਂ ਤੇ ਲੇਹੁ।
ਪਹਿਲੇਂ ਦੀ ਮੈਂ ਦੇਉਂ ਛੁਡਾਈ। ਪਾਛੈ ਹਮਰੋ ਮਨ ਪਤਿਆਈ'।੨੪।

ਦੋਹਰਾ: ਬਡਭਾਗ ਸਿੰਘ ਜੋਊ ਕਹੀ ਸੋ ਉਨ ਲੀਨੀ ਮਾਨ।
ਖਾਈ ਕਸਮ ਕੁਰਾਨ ਕੀ 'ਸਾਬਤ ਰਖੋਂ ਈਮਾਨ'।੨੫।

ਚੌਪਈ: 'ਬਡਭਾਗ ਸਿੰਘ ਲਿਖ ਖਾਲਸੇ ਕਹੀ। ਹਮ ਗੁਰ ਹੇ ਤੁਮ ਸਿੰਘ ਹੋ ਸਹੀ।
ਆਵੋ ਪਰਸ੍ਵਾਰਥ ਗੁਰ ਕਾਜ। ਆਵੇ ਸਭ ਖਾਲਸੋ ਕਰ ਸਾਜ'।੨੬।
ਨਵਾਬ ਡੇਰਾ ਤਬ ਕੀਓ ਤਿਆਰ। ਬੁਲਾਏ ਪਹਾੜੀਏ ਲੜਨੇ ਵਾਰ।
ਸਿੰਘਨ ਕੋ ਯੌ ਲਿਖ ਪਠਾਯੋ। 'ਜਾਣੋ ਮੋਹਿ ਜਲੰਧਰ ਆਯੋ।੨੭।
ਆਗੇ ਡੇਰਾ ਤੁਮ ਤੇ ਲਜਾਊਂ। ਨੀਹਲ[1] ਆਨ ਮੈਂ ਡੇਰਾ ਪਾਊਂ'।
ਆਗੇ ਗਿਲਜਨ ਸੁਨੀ ਅਵਾਈ। ਉਤਰੇ ਮੁਹਰੇ ਸੋਈ ਆਈ।੨੮।
ਪਾਂਛੜ[2] ਜਾਇ ਉਨ ਡੇਰਾ ਕਰਾ ਨਵਾਬ ਉਹਾਂ ਉਨ ਤੇ ਬਹੁ ਡਰਾ।
ਅਗੇ ਤੁਰਕਨ ਉਸੈ ਭੁੱਲ ਗਯੋ। ਰਹਣ ਉਹਾਂ ਉਸ ਦੁੱਭਰ ਭਯੋ।੨੯।

ਦੋਹਰਾ: ਸੁਨਤ ਖਾਲਸੋ ਚੜ੍ਹ ਤੁਰਾ ਜਲੰਧਰ ਕੇ ਰਾਹੁ।
ਮਾਰਤ ਕੂਟਤ ਮੁਲਕ ਉਸ ਢੁਕਯੋ ਫੌਜ ਕੇ ਪਾਹਿ।੩੦।

ਚੌਪਈ: ਜੋਊ ਮੂਰ ਹੁਤੇ ਅਤਿ ਭਾਰੋ। ਕਹੈਂ 'ਨਵਾਬ ਬਿਨਾ ਇਸ ਮਾਰੋ'।
ਔ ਸਿੰਘ ਸਯਾਣੇ ਕਹੈਂ 'ਨਵਾਬ ਬੁਲਾਵੈਂ। ਪਹਿਲੇ ਉਸ ਤੇ ਜੁੱਧ ਮਚਾਵੈਂ।੩੧।
ਉਸੈ ਗੁਮਰਾਹੀ ਲਯੈ ਕਢਾਇ। ਪਾਛੇ ਮਾਰੈਂ ਗਿਲਜਨ ਧਾਇ।
ਸੁਨੈ ਨਿਬਾਬ ਖਾਲਸੋ ਆਯੋ। ਜਣਯੋਂ ਹੋਗ ਮੋਮਨ ਕੋ ਭਾਯੋ[3]'।੩੨।

ਦੋਹਰਾ: ਨਬਾਬ ਪਹਾੜੋਂ ਤੋਂ ਲਹਯੋ ਜਬ ਸਿੰਘਨ ਉਇ ਲੈ ਜੋਇ।
ਫੇਰ ਸੁ ਸਿੰਘਨ ਤੇ ਡਰਯੋ 'ਮਤ ਜੀਤੈਂ ਮੈਂ ਸੋਇ[4]'।੩੩।

ਚੌਪਈ: ਬਡਭਾਗ ਸਿੰਘ ਸੋਂ ਉਨ ਸਭ ਕਹੀ। ਗੁਰੂ ਕਹਯੋ 'ਤੂੰ ਡਰ ਕਿਛੁ ਨਹੀਂ'।
ਬਡਭਾਗ ਸਿੰਘ ਤਿਸ ਧੀਰ ਧਰਾਈ। ਤਬ ਆਯੋ ਵਹਿ ਖਾਲਸੇ ਪਾਈ।੩੪।

ਦੋਹਰਾ: ਸਯਾਮ ਸਿੰਘ ਜੱਸਾ ਸਿੰਘੇ ਮੁਗਲ ਲਯੋ ਮਿਲਾਇ।
ਨਜ਼ਰਾਨਾ ਖਾਲਸੇ ਲਯੋ ਔ ਕੁਛ ਲਾਈ ਤਨਖਾਹਿ।੩੫।

---

੧. ਹੇਠ, ਮੈਦਾਨ ਵਿਚ, ਪਹਾੜਾਂ ਦੀ ਉਤਰਾਈ ਵਿਚ। ੨. ਪਿੱਛੇ।
੩. ਮੋਮਨ (ਅਦੀਨਾ ਬੇਗ) ਦਾ ਭਾ ਭੱਤਾ (ਤਦ ਤਾਂ) ਲਗ ਚੁਕਾ ਹੋਵੇਗਾ (ਕਿ ਉਸਨੇ ਜਲੰਧਰ ਵਿਚ ਕਿਹੋ ਜਿਹੀ ਮਦਦ ਕੀਤੀ ਹੈ)।
੪. ਮਤੇ ਮੈਨੂੰ ਬੀ ਨਾ ਕਿਤੇ ਜਿੱਤ ਲੈਣ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤਬ ਨਵਾਬ ਖਾਲਸੇ ਕਹੀ 'ਹਮ ਤੁਮ ਗੁਰ ਕੀ ਆਸ।
ਸਵੇਹੇ ਮਾਰੋ ਕਾਬਲੀ ਹਮ ਤੁਮ ਕੰਮ ਹੁਇ ਰਾਸ'।੩੬।

ਚੌਪਈ: ਤਬੈ ਖਾਲਸੈ ਯੌਂ ਹਸ ਕਹੀ। 'ਹਮ ਤੁਮ ਰਲ ਮਿਲ ਲੜਨੋਂ ਨਹੀਂ।
ਜਬੈ ਖਾਲਸੇ ਉਠੇ ਤਰਵਾਰ। ਬਿਨ ਪਛਾਣ ਸਭ ਹੁਇ ਹੈਂ ਮਾਰ'।੩੭।
ਤਬ ਨਵਾਬ ਨੇ ਅਸ ਠਹਰਾਈ। 'ਹਮਰੀ ਫੌਜ ਸਿਰ ਟੰਗੈ ਹਰਿਆਈ'।
ਤਬਹਿ ਖਾਲਸੇ ਲਈ ਸੁ ਮਾਨ। 'ਹਮ ਛਾਡੈਂ ਯੌ ਤੁਮੈਂ ਪਹਿਚਾਨ'।੩੮।

ਦੋਹਰਾ: ਸੋਊ ਕੀਨੋ ਪ੍ਰਾਤ ਉਠ ਸਿਰ ਪਰ ਕਣਕ ਟੰਗਾਇ
ਡੇਰਾ ਕੀਨੋ ਕੂਚ ਤਬ ਦਈ ਲੜਾਈ ਪਾਇ।੩੯।

ਚੌਪਈ: ਉਨ ਆਗੈ ਯੌਂ ਜੁਗਤ ਬਨਾਈ। ਮੋਹਰੇ ਮੋਰਚੋ ਬੰਧਯੋ ਆਈ।
ਤੋਪਖਾਨੇ ਕੀਓ ਆਗੇ ਜ਼ੋਰ। ਦੁਈ ਤਰਫ ਕੀ ਜੰਬੂਰਨ ਕੋਰ।੪੦।
ਮੱਧ ਸੁ ਫੌਜ ਅਸਵਾਰੀ ਰਹੀ। ਇਸ ਬਿਧਿ ਲੜਾਈ ਕੀਨੀ ਸਹੀ।
ਉਤੇ ਨਵਾਬ ਭੀ ਫੌਜ ਚੜ੍ਹਾਈ। ਗਿਲਜਨ ਦੀਨੀ ਸੋਊ ਹਟਾਈ।੪੧।
ਨਵਾਬ ਸਿੰਘਨ ਪੈ ਮਨੁਖ ਦੁੜਾਵੈ। ਸਿੰਘ ਸੇ ਲੜਨੇ ਥੋੜੇ ਆਵੈਂ।
ਨਵਾਬ ਫੌਜ ਉਨ ਦਈ ਚਲਾਈ। ਤੋਪ ਜੰਬੂਰਨ ਬਹੁਤੀ ਘਾਈ।੪੨।
ਨਵਾਬ ਫੌਜ ਤਬ ਫੀਕੀ ਭਈ। ਨਵਾਬ ਦਿਲੇ ਬਹੁ ਚਿੰਤਾ ਠਈ।
ਤਬ ਨਵਾਬ ਨੇ ਘੱਲੇ ਅਸਵਾਰ। 'ਖਾਲਸੋ ਨਹਿਂ ਆਯੋ ਹਮ ਲਏ ਮਾਰ'।੪੩।

ਦੋਹਰਾ: ਤਬਹਿ ਖਾਲਸੇ ਯੌਂ ਕਹਯੋ 'ਹਮ ਲਰੈਂ ਸੁ ਵਖਤੇ ਔਰ।
ਸੁੱਖਾ ਪੀ ਕਾਬੇ ਫਿਰੈਂ ਫਿਰ ਕਰੈਂ ਸੁਚੇਤੇ ਤੌਰ।੪੪।
ਖਾਲਸੋ ਪਗੜੋ ਜਬ ਬੰਧੇ ਔ ਬਾਨੀ ਕਰੇ ਉਚਾਰ।
ਹਮ ਪੈ ਹਮ ਗੁਰ ਆ ਖੜੇ ਹੋਇ ਫਤੇ ਜੈਕਾਰ'।੪੫।

ਚੌਪਈ: ਇਤਨੇ ਮੈਂ ਸਿੰਘ ਭਏ ਸੁ ਤਯਾਰ। ਪੀ ਪੀ ਸੁੱਖੇ ਲਏ ਹਥਯਾਰ।
ਜਾਇ ਨਿਹੰਗਨ ਮੁਹਰਾ ਲਯੋ। ਦੀਨ ਮਜ਼ਹਬ ਜੁਧ ਸਿੰਘਨ ਠਯੋ।੪੬।
ਸਿੰਘਨ ਆਗੈ ਧਾਰੇ ਪਾਇ। ਗਿਲਜਨ ਦੀਨੇ ਸੋਊ ਹਟਾਇ।
ਤਬ ਨਵਾਬ ਕੈ ਸੋਚੈਂ ਪਰੀ। ਖਾਲਸੇ ਤੇ ਕਿਛ ਅਛੀ ਨ ਸਰੀ।੪੭।

ਦੋਹਰਾ: ਸ਼ਾਮ ਸਿੰਘ ਕੇ ਡੇਰਿਓਂ ਪੈਜ ਗੜ੍ਹੀਯੋ ਕਰਮ ਸਿੰਘ।
ਤਿਨ ਸ਼ਸਤ੍ਰ ਔ ਬਸਤ੍ਰ ਸੌਂ ਕੀਓ ਸ਼ਨਾਨ ਨਿਸ਼ੰਗ।੪੮।

ਚੌਪਈ: ਤਬਹਿ ਕਰਮ ਸਿੰਘ ਭਯੋ ਅਸ੍ਵਾਰ। ਦੀਨ ਮਜ਼ਹਬ ਜੁਧ ਰਿਦੈ ਸੁ ਧਾਰ।
ਔ ਗੁਰ ਗ੍ਰਿਹ ਕੇ ਬਦਲੇ ਜਾਣ। ਪਿੱਛੈ ਮੁੜਨ ਨ ਕੀਨੋ ਧਯਾਨ।੪੯।
ਸੰਜੋਇ ਧਾਰ ਸਿਰ ਮੁਕਟ ਬਧਾਯੋ। ਢਾਲ ਹਾਥ ਗਲ ਤੇਗੋ ਪਾਯੋ।
ਯੋ ਕਰਤੇ ਤਿਨ ਘੋੜੇ ਚਲਾਏ। ਜੋ ਉਸ ਪਯਾਰੇ ਸੋ ਸੰਗ ਧਾਏ।੫੦।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਜਹਿਂ ਗਿਲਜਨ ਕੋ ਜੋਰ ਥੋ ਤਹਿਂ ਪਹੁੰਚੇ ਸਿੰਘ ਧਾਇ।
ਉਨ ਕੇ ਮੁਹਰੇ ਹਰੌਲ ਥੋ ਸਿੰਘ ਪਰਜੋ ਉਸੀ ਪੈ ਜਾਇ।੫੧।

ਚੌਪਈ: ਹਰੌਲ ਸਿੰਘ ਜਬ ਆਵਤਾ ਦੇਖਾ। ਪਰਜੋ ਸਿੰਘ ਪੈ ਹੋਇ ਸੁਰੇਖਾ।
ਆਇ ਤਲਵਾਰ ਸਿੰਘ ਤਿਨ ਸਿਰ ਲਾਈ। ਮੁਕਟ ਮਹਤ ਸਿਰੋਂ ਪੱਗ ਗਿਰਾਈ।

ਦੋਹਰਾ: ਸਿੰਘ ਸੁ ਬਿਨ ਹੀ ਪੱਗ ਤੇ ਉਇ ਸਿਰ ਤੇਗ ਸੁ ਝਾਰ।
ਗਿਰਜੋ ਭੂ ਮਹਿ ਝੰਬ ਸੌ ਤੇਗ ਲਗੀ ਸਿਰ ਪਾਰ।੫੩।
ਕਰਮ ਸਿੰਘ ਪੱਗ ਬਿਨ ਪਰਜੋ ਜਨ ਬਿਨ ਬਾਜ ਕੁਲਾਹਿ।
ਤਿੱਤਰ ਜਿਮ ਗਿਲਜੋ ਪਰਜੋ ਰੱਖਜੋ ਉਸ ਹੀ ਥਾਇ।੫੪।

ਚੌਪਈ: ਤਬਹਿ ਖਾਲਸੇ ਹੱਲਾ ਕੀਯੋ। ਮਾਰ ਤਲਵਾਰ ਅਗੇ ਧਰ ਲੀਯੋ।
ਲਈ ਓਟ ਉਨ ਤੋਪਨ ਮੁਹਰੇ। ਮਾਰਹਿਂ ਛਲਕ ਜਿਹ ਗੋਲੇ ਦੁਟਰੇ।੫੫।
ਔ ਟਕਿਅਨ ਕੀ ਥੈਲੀ ਚਲਾਵੈਂ। ਸਿੰਘ ਸੂਰ ਬਹੁ ਗਿਰ ਗਿਰ ਪਾਵਹਿਂ।
ਤਬ ਸਿੰਘਨ ਕਛੁ ਥੰਭਨ ਲੀਯੋ। ਬੰਦੂਕਨ ਕੋ ਬਹੁ ਰਾਬਾ ਦੀਯੋ।੫੬।
ਬੰਦੂਕਲ ਸੋਂ ਬਹੁ ਦੁਰਾਨੀ ਗਿਰੇ। ਨੱਠਨ ਓਟ ਲੁਕਾਵੈਂ ਸਿਰੇ।
ਸ਼ੁਤਰ ਨਾਲ ਲੈ ਸ਼ੁਤਰ ਸੁ ਤਰੇ। ਨੱਠ ਦੁਰਾਨੀ ਡੇਰਨ ਮੁੜੇ।੫੭।

ਦੋਹਰਾ: ਤਬ ਨਵਾਬ ਸੋ ਦੇਖਿਓ ਫਤੇ ਖਾਲਸੋ ਪਾਇ।
ਨਠੇ ਦੁਰਾਨੀ ਦੇਖ ਤਿਨ ਝੰਡ ਦੀਓ ਖੜਾਇ।੫੮।

ਚੌਪਈ: ਨਵਾਬ ਸਿੰਘਨ ਪੈ ਵਕੀਲ ਦੁੜਾਏ। 'ਸਿੰਘ ਜੀ! ਫਤੇ ਲਈ ਤੁਮ ਪਾਏ।
ਆਗੇ ਕਦਮ ਨ ਕੀਓ ਜਾਏ। ਈਹਾਂ ਕੀਜੇ ਡੇਰਾ ਥਾਏ।੫੯।
ਇਮ ਹਮ ਝੰਡਾ ਦਯੋ ਖੜਾਏ। ਨਠੇ ਕੁੱਤੇ ਨਹਿਂ ਗੈਲ ਦਬਾਏ।
ਫੌਜ ਨਠੇ ਨਹਿਂ ਗੈਲ ਦਬੱਯੇ। ਚਪੇ ਚੋਰ ਤੇ ਸੱਟ ਨ ਖੱਯੇ।੬੦।

ਦੋਹਰਾ: ਨੱਠੀ ਜਾਤੀ ਫੌਜ ਭੀ ਕਰਤ ਜੀਅ ਪੈ ਖੇਲ।
ਜਾਇ ਮਰੈ ਕੋਈ ਸੂਰਮਾਂ ਫਿਰ ਕਬ ਹੋਵੈ ਮੇਲ।੬੧।

ਚੌਪਈ: ਹਮ ਤੋ ਲੋੜ ਫਤੇ ਕੀ ਅਈ। ਸੋ ਅਬ ਹਮ ਕੋ ਤੁਮ ਗੁਰ ਦਈ'।
ਸਿੰਘ ਮਾਨ ਤਹਿਂ ਹੀ ਭਏ ਖੜੇ। ਦੁਰਾਨੀ ਨਠ ਜਾ ਡੇਰਨ ਵੜੇ।੬੨।
ਤੌ ਲਗ ਪਰ ਗਈ ਥੀ ਤਹਿਂ ਰਾਤ। ਐਸੀ ਭਈ ਤਹਾਂ ਕੀ ਬਾਤ।
ਗਏ ਦੁਰਾਨੀ ਅਪਣੇ ਡੇਰੇ। ਸਭ ਨਠ ਚਲੇ ਰਖੇ ਕੋ ਘੇਰੇ।੬੩।

ਦੋਹਰਾ: ਸਿੰਘ ਜੋਊ ਹੁਸ਼ਿਆਰ ਥੇ ਗਏ ਜੁ ਗਿਲਜਨ ਗੈਲ।
ਨਠਤ ਭਯੋ ਉਨ ਦੇਖ ਕੈ ਲੂਟ ਕਰੀ ਉਨ ਸੈਲ।੬੪।

ਚੌਪਈ: ਆਧੀ ਰਾਤ ਚਾਂਦਨੀ ਭਈ। ਸਿੰਘਨ ਡੇਰੇ ਖਬਰੋ ਅਈ।
ਸਿੰਘਨ ਨਗਾਰੇ ਦਏ ਬਜਾਇ। ਹੁਯੋ ਜੋਊ ਲਯੇ ਸਿੰਘਨ ਲੁਟਾਇ।੬੫।

Sri Satguru Jagjit Singh Ji eLibrary NamdhariElibrary@gmail.com

ਜਿਨੈ ਲਭੀ ਸੋ ਤਿਨ ਹੀ ਲਈ। ਤਿਨ ਕੀ ਭੂਖ ਬਹੁਤ ਭਜ ਗਈ।
ਨਬਾਬ ਡੇਰੇ ਯੌ ਦਏ ਕਹਾਏ। 'ਕੋਊ ਤੁਮਾਰੋ ਲੁਟਨ ਨ ਜਾਏ।੬੬।
ਸਿੰਘ ਲੇਹਿੰਗੇ ਸਾਥੇ ਲੂਟ। ਔਰ ਦੇਹਿੰਗੇ ਸਿਰ ਭੀ ਕੂਟ'।
ਤਿਨ ਕੀ ਚੀਜ਼ ਸਭ ਸਿੰਘਨ ਲਈ। ਡੇਰੇ ਤੋਪ ਸੋ ਫੂਕ ਬੁਝਈ।੬੭।

ਦੋਹਰਾ: ਸਿਰ ਬਲੰਦ ਜਦ ਨਠ ਤੁਰਯੋ ਰਹਿਤੀ ਅੱਧੀ ਰਾਤ।
ਭਾਰ ਬ੍ਰਦਾਰੀ ਸਭ ਰਹੀ ਭਈ ਜਲੰਧ੍ਰ ਪ੍ਰਭਾਤ।੬੮।

ਚੌਪਈ: ਜਾਇ ਜਲੰਧਰ ਰਹਯੋ ਨ ਘੜੀ। ਸਿੰਘਨ ਫੌਜ ਤਿਸ ਪਾਛੈ ਚੜੀ।
ਬਹੁਤ ਘੋੜੇ ਉਮ ਨਦੀਅਨ ਗੱਡੇ। ਨੱਠੇ ਪੈਰੀ ਘੋੜੇ ਛੱਡੇ।੬੯।
ਊਹਾਂ ਜਲੰਧਰ ਭਾਜੜ ਪੜੀ। ਧੋਗੜੀ ਆਇ ਜਲੰਧਰ ਵੜੀ।
ਤੋ ਲੌ ਸਿੰਘਨ ਫਿਰੀ ਆਇ ਛੂਟ। ਖੂਬ ਕਰੀ ਭਾਜੜ ਕੀ ਲੂਟ।੭੦।
ਤਬ ਲੌ ਸਭ ਦਲ ਆਇ ਪਹੂਚਾ। ਪਹਿਲੇ ਲੂਟੇ ਗਿਰਦੇ ਕੂਚਾ।
ਦੀਨਾ ਬੇਗ ਪੈ ਤੁਰਕ ਪੁਕਾਰੇ। 'ਰਖ ਲੋ ਜਲੰਧਰ ਹੈਸੇ ਦੇਹਿੰ ਭਾਰੇ।੭੧।
ਕਰੋੜ ਰੁਪੱਯੇ ਜਲੰਧਰ ਮਾਂਹਿ। ਹਥੀਂ ਦੇਹਿੰ ਤਾਂ ਲੁਟਾਓ ਮੁ ਨਾਂਹਿ'।
ਦੀਨਾ ਬੇਗ ਜੱਸਾ ਸਿੰਘ ਪਾਸ। ਖਾਲਸਯੋਂ ਗੁਪਤੀ ਭੇਜੀ ਅਰਦਾਸ।੭੨।

ਦੋਹਰਾ: 'ਮੇਰੋ ਮੂੰਹਿ ਨ ਕਹਿ ਸਕੇ ਬਡਭਾਗ ਸਿੰਘ ਕੇ ਪਾਹਿ।
ਜਲੰਧਰ ਖਚੇ ਬਚਾਇ ਜਿਮ ਲੇ ਟਕੇ ਸੁ ਬੇਪਰਵਾਹਿ'।੭੩।

ਚੌਪਈ: ਤਬ ਜੱਸਾ ਸਿੰਘ ਨਗਾਰਾ ਬਜਵਾਯਾ। ਬਡਭਾਗ ਸਿੰਘ ਨੇ ਸੋ ਸੁਣ ਪਾਯਾ।
ਸਰਬੱਤ ਖਾਲਸੋ ਸੱਦ ਬੁਲਾਯਾ। ਇਕ ਥਾਂ ਤਿਨਕਾ ਦਿਵਾਨ ਲਗਾਯਾ।੭੪।
ਬਡਭਾਗ ਸਿੰਘ ਤਬ ਬੋਲਯੋ ਗੱਜ। 'ਹੈ ਕੋ ਜਲੰਧਰ ਰਖੈ ਜੁ ਅੱਜ'।
ਧੂਹ ਕਟਾਰ ਤਿਨ ਹੱਥ ਚਮਕਾਯਾ। 'ਉਸੈ ਮਾਰ ਮੈਂ ਮਰਹੋਂ ਘਾਯਾ'।੭੫।
ਉਠਯੋ ਖਾਲਸੋ ਹੱਥ ਸਭ ਜੋੜ। 'ਕੌਨ ਸਕੈ ਤਵ ਬਚਨ ਸੁ ਮੋੜ'।
ਦਏ ਨਗਾਰੇ ਸਭਨ ਬਜਾਈ। 'ਦੀਨਾ ਰਖੈ ਤੋ ਉਸੈ ਲੁਟਾਈ'।੭੬।
ਦੀਨਾ ਬੇਗ ਨੇ ਯੌ ਸੁਨ ਪਾਈ। 'ਮਤ ਮੈਂ ਪਹਿਲੋਂ ਜਾਉਂ ਲੁਟਾਈ'।
ਨਗਾਰਾ ਤੁਰਤ ਸੁ ਦਯੋ ਬਜਾਈ।ਤੁਰ ਖਾਲਸੇ ਮੈਂ ਪਹੁੰਚਜੋ ਆਈ।੭੭।

ਦੋਹਰਾ: ਬਡਭਾਗ ਸਿੰਘ ਪੈ ਹੋ ਖੜੋ ਕਹਜੋ 'ਮੁਰਚੋ ਹਮੈ ਬਤਾਉ।
ਅਬ ਪਿਛਲੋ ਪੈਸੋ ਤਾਰੀਏ ਔ ਅਗੇ ਲਿਯੋ ਕੜਾਹੁ'।੭੮।

ਚੌਪਈ: ਬਡਭਾਗ ਸਿੰਘ ਨੇ ਯੌ ਤਬ ਕਹੀ: 'ਕਤਲ ਪਠਾਨਨ ਕਰਕੇ ਮਹੀ।
ਨਾਸਰ ਅਲੀ ਫੂਕ ਕੇ ਆਗ। ਔਰ ਕੰਮ ਹਮ ਪਿਛਲੇ ਲਾਗ'।੭੯।

ਦੋਹਰਾ: ਬਡਭਾਗ ਸਿੰਘ ਖਾਲਸੇ ਕਹੈ 'ਹੈ ਜੋ ਸਿੱਖ ਮੁਰੀਦ।
ਤੁਰਕਨ ਕੀ ਲੇ ਤੁਰਕਨੀ ਹਮਰੀ ਯਹੀ ਤਰੀਦ'।੮੦।

Sri Satguru Jagjit Singh Ji eLibrary NamdhariElibrary@gmail.com

ਚੌਪਈ: ਦੀਨਾਬੇਗ ਨੂੰ ਯੌ ਕਹਿ ਦੀਯੋ। ਤੁਮ ਅਪਨੇ ਡੇਰੇ ਤੇ ਨਿਕਲਨ ਨ ਦੀਓ।
ਕਿਆ ਜਾਨੈਂ ਕੋਈ ਹੈ ਜੇ ਬਾਤ। ਵਿਚੋਂ ਹੋਵੈ ਤੁਮਰੋ ਘਾਤ'।੮੧।
ਦੀਨਾ ਬੇਗ ਤਬ ਯੌ ਕਹਿ ਦੀਯੋ। 'ਮੈਂ ਅਬ ਤੁਮਰੋ ਸਿੱਖ ਹੈ ਰਹਜੋ।
ਭੇਡਾ ਸਿੱਖ ਮੈਂ ਤੁਮਰੋ ਭਯੋ। ਜਿਮ ਚਾਹੇ ਤਿਮਹੀ ਰਖ ਲਯੋ'।੮੨।
ਤਬੈ ਖਾਲਸੈ ਹੱਲਾ ਕੀਯੋ। ਵੜੇ ਸੁ ਸ਼ਹਰ ਕਤਲ ਯੌ ਕੀਯੋ।
ਬੋਦੀ ਵਾਲੇ ਦੇਵੈਂ ਛਾਡ। ਬਿਨ ਬੋਦੀ ਤਿਸ ਦੇਵੈਂ ਕਾਟ।੮੩।

ਦੋਹਰਾ: ਬਡਭਾਗ ਸਿੰਘ ਥੀ ਜਿਮ ਕਹੀ ਸੋਈ ਖਾਲਸੇ ਕੀਨ।
ਗੋਰੋਂ ਕਢ ਨਾਸਰਅਲੀ ਤਿਮੈਂ 'ਸੂਰ ਮੁਖ ਦੀਨ'।੮੪।

ਚੌਪਈ: ਮੁਗਲ ਪਠਾਣੀ ਸ਼ੇਖ ਸੈਦਾਣੀ। ਫੜ ਰੰਘਰੇਟਨ ਸੋਊ ਆਣੀ।
ਸਰੂਪ ਸਿੰਘ ਇਕ ਬਾਹਮਨ ਸਿੱਖ। ਚਿਨਾਲ ਥਲੇ ਮੇਂ ਜਨਮਜੋਂ ਦਿੱਖ।੮੫।
ਬਡਭਾਗ ਸਿੰਘ ਜੀ ਥੀ ਯੌ ਕਹੀ। 'ਜਲੰਧ੍ਰੋਂ ਤੁਰਕਨੀ ਰਖੋ ਸਿਖ ਸਹੀ।
ਜਲੰਧ੍ਰੋਂ ਤੁਰਕਨੀ ਸਿੱਖ ਰਖੈ ਜੋਊ। ਐਥੇ ਓਥੇ ਮੈਂ ਵਾਲੀ ਹੋਊਂ'।੮੬।

ਦੋਹਰਾ: ਡੇਰਾ ਲਾਯੋ ਭਾਦਸੋਂ ਸਭ ਸਿਖ ਮੈਂ ਤਿਸ ਆਣ।
ਬਚਨ ਮੰਨਜੇ ਉਨ ਗੁਰੂ ਕੇ ਧੰਨ ਸਿੱਖ ਸੋਊ ਜਾਣ।੮੭।
ਦੀਨਾ ਬੇਗ ਤਬ ਆਇਓ ਲੇਇ ਰੁਪੱਯੇ ਲਾਖ।
ਕੜਾਹ ਲਿਆਯੋ ਹਜ਼ਾਰ ਕੇ ਦੀਓ ਅਗੈ ਖਾਲਸੈ ਰਾਖ।੮੮।

ਚੌਪਈ: ਪੈਸੇ ਸੌਂਪੇ ਸ਼ਜਾਮ ਸਿੰਘ ਪਾਸ। ਕੜਾਹ ਵਰਤਾਯੋ ਕਰ ਅਰਦਾਸ।
ਨਵਾਬ ਕੜਾਹ ਜਬ ਮੁਖ ਮੈਂ ਪਾਯੋ। 'ਧੰਨ ਨਾਨਕ ਗੁਰ' ਉਨ੍ਹੈਂ ਅਲਾਯੋ।੮੯।
'ਹਮ ਸੇ ਬੁੱਢਣ ਕੋ ਯਹ ਖਾਣਾ। ਹੈ ਯਹ ਬਹਿਸ਼ਤੋਂ ਨਾਨਕ ਜੀ ਆਣਾ'।
ਪੰਝੀ ਹਜ਼ਾਰ ਔਰ ਕਰ ਲੀਓ। ਦੁਆਬੇ ਟਕਾ ਸਵਾ ਲਾਖ ਥੀਯੋ।੯੦।
ਨਵਾਬ ਦੁਵਾਬਾ ਲੁਟਣੋ ਹਟਾਯਾ। ਸਾਂਝਾ ਖਾਲਸੇ ਸਾਥ ਬਣਾਯਾ।
ਅਠਾਰਾਂ ਸੌ ਤੇਰਵੇਂ ਸਾਲ। ਐਸੋ ਭਯੋ ਖਾਲਸੇ ਚਾਲ।੯੧।

ਸਾਖੀ ਮਰਹੱਟਨ ਔ ਪੰਥ ਖਾਲਸੇ ਨੇ ਸ਼ਹਿਰ ਲੁੱਟਕੇ ਅਹਮਦ ਸ਼ਾਹ ਕੰਧਾਰੀ ਕੋ ਸੂਬਾ ਅਸਮੁੰਦ ਖਾਂ ਪਕੜਾਯਾ

੧੫੭. [ਸਰਹੰਦ ਲੁੱਟਣੀ ਤੇ ਮਰਹੱਟਿਆਂ ਨਾਲ ਮੁਠਭੇੜ]

ਦੋਹਰਾ: ਮੁਗਲ ਜੁ ਦਿੱਲੀ ਪਤਿ ਹੁਤੇ ਸੁ। ਕਿਤ ਰਹੇ ਦਿੱਲੀਏ ਮੱਧ ਦੜਾਇ*।
ਪਠਾਣ ਕੰਧਾਰੀ ਹ੍ਵੈ ਰਹਜੋ ਦਿੱਲੀ ਗਿਰਦ ਪਤਿਸ਼ਾਹਿ।੧।

* ਦੜ ਵੱਟ ਰਹੇ, ਭਾਵ ਚੁੱਪ ਹੋ ਰਹੇ।

Sri Satguru Jagjit Singh Ji eLibrary NamdhariElibrary@gmail.com

ਦਿੱਲੀ ਮੇਂ ਜਬ ਯੌਂ ਸੁਨਯੋ ਗਯੋ ਬੁਲੰਦ ਖਾਂ ਭਾਜ।
ਲਏ ਮਰਹੱਟੇ ਸੰਗ ਉਨ ਉਠਯੋ ਗਾਜਦੀਂ ਗਾਜ।੨।

ਚੌਪਈ: ਲਾਖ ਟਕਾ ਤਿਸ ਤੇ ਸੁ ਰਲਾਯਾ। ਤੌ ਮਰਹੱਟਨ ਅਗੈ ਚਲਾਯਾ।
ਸ੍ਰਿਹੰਦ ਸਮੁੰਦ ਖਾਂ ਆਕੀ ਭਯੋ। ਮ੍ਰਹੱਟਨ ਭੇੜਾ ਆਨ ਸੁ ਕਯੋ।੩।
ਸੋ ਉਨ ਸ਼ਹਰ ਵੜਨ ਨਾ ਦਏ। ਬਹੁ ਦਿਨ ਲੜੇ ਸੁ ਫਿੱਕੇ ਭਏ।
ਦੀਨ ਬੇਗ ਯੌਂ ਬਜ਼ੀਰਹਿ ਕਹਯੋ। 'ਬਿਨਾ ਸਿੰਘਨ ਮਰਤੋ ਨਹਿੰ ਅਹਯੋ'।੪।
ਬਜੀਰ ਕਹੀ 'ਦੇ ਟਕੇ ਲੈ ਆਓ। ਸਿੰਘਨ ਸੇਤੀ ਬਾਤ ਬਨਾਓ'।
ਦੀਨਾ ਬੇਗ ਸਦੀਕੋ ਭਿਜਾਯੋ। ਸੋ ਸਿੰਘਨ ਕੋ ਲੈਕੇ ਆਯੋ।੫।
ਸਿੰਘਨ ਕਹਯੋ 'ਹਮ ਟਕੇ ਨ ਲੇਵੈਂ। ਗਿਲਜਨ ਕੋ ਹਮ ਮਾਰ ਗਿਰੇਵੈਂ।
ਜੋ ਸਿੰਘਨ ਸੋਂ ਸ਼ਹਰ ਲੁਟਾਵੈ। ਤੌ ਸਿੰਘਨ ਕੋ ਤੁਰਤ ਕਢਾਵੈ।੬।

ਦੋਹਰਾ: ਸ਼ੇਰ ਤਬੈ ਤੁਰਤ ਮਾਰੀਏ ਜੋ ਦਏ ਬੇਲੇ ਕੋ ਫੂਕ।
ਕਿਲਾ ਤੁਟਤ ਹੈ ਤਬ ਝਬੈ ਜਬ ਸ਼ਹਰ ਪਰਤ ਹੈ ਲੂਕ'।੭।

ਚੌਪਈ: ਸਿੰਘਨ ਲੂਟ ਸੁ ਮਾਫ਼ ਕਰਾਈ। ਕੁਰਾਨ ਕਸਮ ਉਨ ਬਹੁਤੀ ਖਾਈ।
ਸਿੰਘਨ ਡੇਰਾ ਪੰਜਾਬੀ ਪਾਯਾ। ਸਿਰਹੰਦ ਸ਼ਹਿਰ ਨੂੰ ਹੱਲਾ ਕਰਾਯਾ।੮।

ਦੋਹਰਾ: ਸਤਿਗੁਰ ਕੋ ਥੋ ਹੁਕਮ ਜੋ ਬਨੀ ਬਿਧੀ ਅਬ ਆਇ।
ਸਿੰਘਨ ਉਜਾੜਨ ਲੂਟਨੋ ਕੀਨੋ ਚਿਤ ਬਹੁ ਲਾਇ।੯।
ਸਿੰਘਨ ਯੌਂ ਹੱਲਾ ਕੀਯੋ ਜਿਮ ਲੰਕਾ ਪਰ ਕਪਿ ਸੂਰ।
ਦੌੜ ਜਾਇ ਕੰਧਨ ਚੜੇ ਸਿੰਘ ਦਿਸੈਂ ਕੰਗੂਰੈ ਕੰਗੂਰ[੧]।੧੦।

ਚੌਪਈ: ਜਬ ਸਿੰਘ ਟਪ ਕਰ ਅੰਦਰ ਵੜੇ। ਗਿਲਜੇ ਰਹੇ ਨ ਅੱਗੇ ਖੜੇ।
ਜੋ ਕੋ ਅੜਯੋ ਸੁ ਲੀਨੋ ਮਾਰ। ਇਹ ਬਿਧ ਦੁਰਾਨੀ ਗਏ ਸੁ ਹਾਰ।੧੧।
ਤਬ ਸਿੰਘਨ ਬਹੁ ਲੂਟ ਮਚਾਈ। ਚੰਗੀ ਵਸਤੁ ਸਿੰਘ ਡੇਰਨ ਆਈ।
ਦੂਏ ਦਿਨ ਮ੍ਰਹਟੇ ਲੁਟ ਪਾਏ। ਫੇਰ ਚੁਤਰਫੋਂ ਸਭ ਵੜ ਆਏ।੧੨।
ਸਿੰਘ ਮ੍ਰਹਫਨ ਦੰਗਾ ਭਯੋ। ਮ੍ਰਹੱਟਨ ਕੋ ਭੀ ਲੂਟਨ ਠਯੋ।
ਤਬਹਿ ਮਰਹਟੇ ਯੌਂ ਚਿਤ ਠਈ। ਡੇਰਾ ਸਿੰਘਨ ਲੁੱਟਨ ਚਿਤਈ।੧੩।
'ਜਬ ਸਿੰਘ ਲੁੱਟਨ ਸ਼ਹਿਰ ਵੜਾਹਿਂ। ਥੋੜੇ ਰਹੈਂ ਸੁ ਡੇਰਨ ਮਾਂਹਿ।
ਤਬ ਉਨ ਡੇਰਾ ਹੋਏ ਮਾਰ। ਨਹੀਂ ਤਾਂ ਹਮ ਕੋ ਕਰੈਂ ਖੁਆਰ'।੧੪।

ਦੋਹਰਾ: ਦੀਨਾ ਬੇਗ ਨੇ ਸੋ ਸੁਨੀ ਤਿਨ ਸਿੰਘਨ ਕਹਿ ਦੀਨ।
'ਹਮਰੀ ਤੁਮਰੀ ਕਸਮ ਜੋ ਅਬ ਲੌ ਪੂਰੀ ਥੀਨ।੧੫।

ਚੌਪਈ: ਅਬ ਡੇਰਾ ਕਰ ਜਾਓ ਕੂਚ। ਸ਼ਹਰ ਨ ਵੜਿਓ ਰਹਿਓ ਸੂਚ[੨]।'
ਸਿੰਘਨ ਸੋਈ ਬਾਤ ਬਨਾਈ। ਤੀਏ ਪਹਰ ਤਿਨ ਕੂਚ ਕਰਾਈ।੧੬।

੧. ਭਾਵ ਫਸੀਲ ਦੇ ਕਿੰਗਰੇ ਕਿੰਗਰੇ ਦੇ ਉੱਤੇ। ੨. ਸੁਚੇਤ।

Sri Satguru Jagjit Singh Ji eLibrary NamdhariElibrary@gmail.com

ਮਰਹਟੇ ਤਕਾਵੈਂ ਹੁਇ ਹੁਇ ਖੜੇ। ਸਿੰਘ ਤੁਰੇ ਤੇ ਤੁਰਤ ਆ ਪੜੇ।
ਹੁਤੋ ਸਿੰਘਨ ਥੋ ਥੰਨਾ ਬਨਾਯਾ। ਦੇਕੇ ਪਿਠ ਮਰਹਟਨ ਚਲਾਯਾ।੧੭।
ਕੋਸ ਦੋਇ ਕੁ ਮਰਹੱਟੇ ਆਏ। ਸਿੰਘਨ ਘੋੜੇ ਮੋੜ ਪਲਟਾਏ।
ਦਈ ਬੰਦੂਕਨ ਕੀ ਤਬ ਝਾਰ। ਲਏ ਮ੍ਰਹੱਟੇ ਬਹੁਤੇ ਮਾਰ।੧੮।
ਹੰਨਾ ਹੰਨਾ ਕਰ ਪਿੱਛੇ ਮੁੜੇ। ਸਿੰਘ ਤਿਨ੍ਹਾਂ ਕੀ ਮੋਢੀਂ ਚੜ੍ਹੇ।
ਨੇਜੇ ਵਾਲਾ ਜੋਊ ਤਕਾਵੈਂ। ਮਾਰ ਬੰਦੂਕ ਤਿਸ ਸਿੰਘ ਗਿਰਾਵੈਂ।੧੯।

ਦੋਹਰਾ: ਜੋ ਸਿੰਘਨ ਆਗੇ ਟਿਕਯੋ ਸੋ ਤੋ ਲੀਨੇ ਮਾਰ।
ਰਾਤ ਹਨੇਰੀ ਆ ਗਈ ਮੁੜ ਡੇਰਨ ਗਏ ਖ੍ਵਾਰ।੨੦।

ਚੌਪਈ: ਬੰਦੂਕੀਅਨ ਵਹਿ ਲਭਯੋ ਸ਼ਿਕਾਰ। ਬਾਜ ਬਟੇਰਨ ਮਾਰੇ ਕਰ ਖ੍ਵਾਰ।
ਫਿਰ ਮਾਝੈ ਜਾ ਕਾਜ ਸਵਾਰੇ। ਪਹੁੰਚ ਲਹੌਰ ਢਿਗ ਘੋੜੇ ਖਲ੍ਹਾਰੇ।੨੧।
ਲੁਟ ਸਿੰਘ ਗਏ ਸ਼ਹਿਰ ਉਜਾਰੇ। ਸਮੁੰਦ ਖਾਨ ਥੋ ਗਯੋ ਹਾਰੇ।
ਨਠਨ ਨ ਦੀਨੇ ਮਰਹਟਨ ਘੋੜੀ। ਸੋ ਫੜ ਲਯੋ ਸੋ ਵਾਟੇ ਥੋੜੀ।੨੨।
ਮਰਹਟਨ ਲਹੌਰੈ ਦਯੋ ਜੋਰਾ। ਸਿੰਘਨ ਜਾਇ ਮਚਾਯੋ ਰੌਰਾ।
ਤਮੂਰ ਸ਼ਾਹਿ ਤਬ ਲਹੌਰੈ ਗਯੋ। ਸੋ ਨਠ ਰਾਹਿ ਕਾਬਲ ਕੇ ਪਯੋ।੨੩।
ਲਹੌਰ ਮੁਲਤਾਨ ਤਬ ਖਾਲੀ ਹੋਯੋ। ਅਟਕੋਂ ਉਰੇ ਨ ਗਿਲਜਾ ਖਲੋਯੋ।
ਸਿੰਘ ਰਹੈਂ ਯਾ ਮੁਗਲ ਸੁ ਦੋਈ। ਤੀਜੋ ਮਰਹਟਾ ਚਾਕਰ ਥੋਈ।੨੪।
ਝੁਨਕਰ ਤਿਨ ਮੈਂ ਥੋਊ ਸ੍ਰਦਾਰ। ਤੁੱਕੋ ਹੁਲਕਰ ਰਾਘੋ ਮਲ੍ਹਾਰ।
ਸਿੰਘ ਮਰਹਟੇ ਰਹੈਂ ਘੁਰਮਘੂਰੀ। ਚੜ੍ਹੇ ਸਿੰਘ ਰਹੈਂ ਤੁਰਕਨ ਮੋਰੀਂ।੨੫।
ਸਿੰਘਨ ਲੀਨੇ ਕਿਲ੍ਹੇ ਚਿਣਾਇ। ਸਿੰਘ ਲਗੇ ਲੈਨ ਮੁਲਕ ਉਗਰਾਹਿ।
ਮੁਗਲ ਸਿੰਘਨ ਤੇ ਬੋਚ ਗਏ ਕੰਨ। ਦੇਖ ਕਲਾ ਯਹਿ ਸਤਿਗੁਰ ਧੰਨ।੨੬।
ਚਿੜੀਅਨ ਤੇ ਤਿਨ ਬਾਜ ਤੁੜਾਏ। ਸਸਿਅਨ ਤੇ ਜਿਨ ਸ਼ੇਰ ਮ੍ਰਵਾਏ।
ਮੁਗਲਨ ਸਮਝੇ ਸਿੰਘ ਅਤਿ ਸੂਰ। ਪਠਾਣ ਮਾਰ ਕੀਯੋ ਸਿੰਘਨ ਦੂਰ।੨੭।
ਮੁਗਲਨ ਕੀ ਇਨ ਮੱਦਤ ਕਈ। ਹਮ ਇਨਕੇ ਇਹ ਹਮਰੇ ਭਈ।
ਮਰਹਟਨ ਕੋ ਘੂਰ ਸਿੰਘਨ ਦਿਖਾਵੈਂ। ਸਿੰਘਨ ਉਹਲੇ ਸੋ ਲੁਕ ਜਾਵੈਂ।੨੮।

ਦੋਹਰਾ: ਦੀਨਾ ਬੇਗ ਕੋ ਘੇਰਿ ਕੈ ਮਰਹਟਨ ਲੀਨੋ ਘੂਟ।
ਹੁਤੋ ਪਟੈਲ ਜੋ ਸਾਹਿਬਾ ਲਯੋ ਡੇਰੋ ਉਨ ਲੂਟ।੨੯।

ਸਾਖੀ ਮੁਗਲ ਸੰਦੀਕ ਬੇਗ ਕੀ ਯਾਰੀ ਮੈਂ ਖ੍ਵਾਰੀ ਕੀ

੧੫੮. [ਸਦੀਕ ਬੇਗ ਸ੍ਰਹੰਦੀ ਨਾਲ ਮੁਕਾਬਲਾ ਤੇ ਫੇਰ ਸੁਲਹ]

ਦੋਹਰਾ: ਅਠਾਰਾਂ ਸੈ ਔ ਪੰਧ੍ਰਮੋਂ ਬਿਕ੍ਰਮ ਰਾਇ ਕੋ ਸਾਲ।
ਸਾਈ ਡੇਰਾ ਥੋ ਖਾਲਸੈ ਢਿਗ ਰਾਇਪੁਰ ਗੁੱਜਰਵਾਲ।੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤੌ ਹੋਲੇ ਕੋ ਮੇਲਾ ਆਯਾ। ਸਿੰਘਨ ਅਨੰਦਪੁਰ ਚਹਿਓ ਜਾਯਾ।
ਬੀਸ ਹਜ਼ਾਰ ਸਿੰਘ ਭਯੋ ਤਿਆਰ। ਤਾਰਾ ਸਿੰਘ ਭਯੋ ਮੁਹਰੇ ਵਾਰ।੨।
ਸੰਦੀਕੁ ਬੇਗ ਥੋ ਸਿਰਹੰਦਿ ਮਾਂਹਿ। ਟਕੈ ਸਿੰਘਨ ਦੀਓ ਦੇਣ ਭੁਲਾਇ।
ਖਾਲੀ ਵਕੀਲ ਆਏ ਖਾਲਸੇ ਪਾਹਿ। ਸੋ ਗਲ ਥੀ ਦਿਲ ਸਿੰਘਨ ਮਾਂਹਿ।੩।

ਦੋਹਰਾ: ਸਿੰਘ ਅਨੰਦਪੁਰ ਜਾਤ ਥੇ ਸਿਰਹੰਦੈ ਕੈ ਢਿਗ ਰਾਹੁ।
ਕਹੀ ਸਦੀਕੇ ਕੀ ਚੜੀ ਸਿੰਘਨ ਗਰਦ ਦਿਖਾਹਿ।੪।

ਚੌਪਈ: ਸਿੰਘਨ ਮੋੜਾ ਉਸੀ ਵਲ ਲਾਯਾ। ਕਹੀ ਵਾਰਨ ਭੀ ਦਲ ਦੇਖ ਪਾਯਾ।
ਉਨ ਭੀ ਪਿੱਛੈ ਮੂੰਹ ਫਿਰਾਯਾ। ਉਨ ਕੋ ਸਮੈਂ ਉਹੀ ਬਨ ਆਯਾ।੫।
ਫਿਰਜੋ ਜਾਤ ਸਿੰਘਨ ਲਖ ਲਯੋ। ਅਕਾਲੀ ਹੱਲਾ ਖਾਲਸੈ ਭਯੋ।
ਲੂਟ ਕੂਟ ਸਿੰਘ ਅਗੈ ਸਿਧਾਰੇ। ਹੋਲਾ ਖੇਡਜੋ ਜਾਇ ਅਨੰਦਪੁਰ ਦ੍ਵਾਰੇ।੬।

ਦੋਹਰਾ: ਸੁਨੀ ਸਦੀਕੇ ਬੇਗ ਯੌਂ ਤੁਰਤ ਕੀਨੀ ਫੌਜ ਤਿਆਰ।
ਜਾਇ ਪਰਜੋ ਡੇਰੇ ਉਤੇ ਅਚਾਨਕ ਸਾਂਈ ਵਾਰ।੭।

ਚੌਪਈ: ਤੋਪ ਜੰਬੂਰਨ ਛਲਕ ਚਲਈ। ਸਿੰਘਨ ਭੂਲ ਸਭੋ ਸੁਧ ਗਈ।
ਚੰਗੀ ਫੌਜ ਸੋ ਹੋਲੈ ਗਈ। ਔਰ ਖਿੰਡੀ ਥੀ ਖ੍ਰੀਦ ਜੁ ਲਈ।੮।
ਕੋਊ ਘਾਸ ਕੋਊ ਲਕਰੀ ਕਾਰ। ਖਿੰਡੀ ਫੌਜ ਇਮ ਸਿੰਘਨ ਵਾਰ।
ਸਕਜੋ ਨ ਕੋਊ ਸੰਭਾਲ ਲੜਾਈ। ਸਭ ਨਠ ਤੁਰੇ ਪਗ ਜੁਤੀ ਨ ਪਾਈ।੯।
ਕਿਛੁ ਵੜ ਅੜੇ ਸੁ ਪਿੰਡ ਮਝਾਰ। ਹੁਤੇ ਜੁ ਮਿਸਲਨ ਮੈਂ ਸਰਦਾਰ।
ਸਿੰਘਪੁਰੀਏ ਆਹਲੂਵਾਲ ਸੁ ਇੱਕ। ਡੱਲੇ ਵਾਲੀਓ ਸਭ ਖੜੇ ਮਿਕ।੧੦।
ਸੰਗਤ ਸਿੰਘ ਨਿਸ਼ਾਨੋ ਵਾਲੋ। ਨਿਹੰਗ ਸ਼ਹੀਦ ਔ ਸੋਢੀ ਅਕਾਲੋ।
ਸ਼ਜਾਮ ਸਿੰਘ ਪਾਸ ਕਰੋੜਾ ਸਿੰਘ ਖੜਾ। ਬਹੁਤ ਸ੍ਰਦਾਰ ਲੈ ਊਹਾਂ ਅੜਾ।੧੧।
ਪੰਜ ਮਿਸਲ ਥੀ ਮਾਝੇ ਵੱਲ। ਬਹੀਰ ਉਤਰਜੋ ਥੋ ਇਨ ਸੋਂ ਚੱਲ।
ਆਪੋ ਆਪਣੀ ਕਰ ਤਕਰਾਈ। ਬੈਠੇ ਸਿੰਘ ਚੌਫੇਰ ਬਨਾਈ।੧੨।
ਅੜੈ ਖੜੈ ਊਹਾਂ ਸਰਦਾਰ। ਝਲੀ ਲੜਾਈ ਘੜੀ ਇਕ ਬਾਰ।
ਤੌ ਤੋਪਨ ਆਇ ਨੇੜੈ ਧਰੀ। ਭਰ ਭਰ ਟਕਿਅਨ ਮਾਰ ਤਿਨ ਕਰੀ।੧੩।
ਸਿੰਘਨ ਕੇ ਤਹਿੰ ਲਗੇ ਨ ਪੈਰ। ਨਠੇ ਸਿੰਘ ਉਨ ਤੇ ਮਨ ਡੈਰ।
ਭਾਰ ਬ੍ਰਦਾਰੀ ਊਹਾਂ ਹੀ ਰਹੀ। ਕੌਣ ਚਕੈ ਊਹਾਂ ਜਿੰਦ ਕੀ ਪਈ।੧੪।

ਦੋਹਰਾ: ਕੋਸ ਸੁ ਦੁਇ ਤਿਨ ਜਾਇਕੈ ਊਹਾਂ ਸਿੰਘਨ ਆਯੋ ਰੋਸ।
ਖੜੇ ਅੜੇ ਮੁੜ ਮੁੜ ਲੜੈਂ ਮਰੈਂ ਮਾਰੈਂ ਭੀ ਓਸ।੧੫।

ਚੌਪਈ: ਤੋਪ ਜੰਬੂਰੇ ਉਨ ਦੂਰ ਰਹੇ। ਸਿੰਘ ਬੰਦੂਕਨ ਮਾਰਨ ਡਹੇ।
ਮਾਰ ਮੁਗਲਨ ਕੇ ਘੋੜੇ ਗੇਰੇ। ਮਾਰ ਮੁਗਲਨ ਕੇ ਸੀਸ ਸੁ ਫੇਰੇ।੧੬।

Sri Satguru Jagjit Singh Ji eLibrary NamdhariElibrary@gmail.com

ਸ੍ਰਦਾਰਨ ਤਹਿੰ ਮਿਲ ਅੜਨਾ ਕੀਓ। ਸੂਰਨ ਨੈ ਮੁੜ ਹੱਲਾ ਥੀਓ।
ਬੰਦੂਕ ਤੀਰ ਔ ਨੇਜੇ ਕਮਾਨ। ਮਾਰ ਮੁਗਲ ਕੀਨੇ ਪਸ਼ੇਮਾਨ।੧੭।

ਦੋਹਰਾ: ਮਾਰ ਮੁਗਲ ਪਾਛੈ ਕੀਏ ਵੜੇ ਤੋਪਨ ਸੌਂ ਜਾਇ।
ਸਿੰਘ ਭੀ ਊਹਾਂ ਖੜ ਭਏ ਤੁਟੇ ਫੁਟੇ ਲਏ ਮਿਲਾਇ।੧੮।

ਚੌਪਈ: ਕਈ ਸਿੱਖ ਥੇ ਪਿੰਡ ਹੀ ਰਹੇ। ਰਹੇ ਭੂਲੇ ਤਹਿੰ ਆਵਤ ਭਏ।
ਜੋ ਜੋ ਜ਼ਖਮੀ ਸਿੰਘਨ ਲਭ ਲਏ। ਸਿੰਘਨ ਚੱਕ ਸੁ ਮੁਹਰੇ ਕਏ।੧੯।
ਬਹੁਤ ਜ਼ਖਮ ਸਿਰਦਾਰਨ ਖਾਏ। ਕਿਸ ਇਕ ਕਿਸ ਦੁਇ ਜ਼ਖਮ ਗਿਨਾਏ।
ਖੜ ਖੜ ਲਗੇ ਬਧਾਵਨ ਸੋਊ। ਐਸੀ ਪ੍ਰੀਤਿ ਭਈ ਵਲ ਦੋਊ।੨੦।

ਦੋਹਰਾ: ਜੱਸਾ ਸਿੰਘ ਨਿਜ ਤਹ ਫਟਜੋ ਲਗ ਜ਼ਖ਼ਮ ਉਸ ਦੋਇ।
ਪਹੁੰਚ ਡਰੋਲੀ ਕਰ ਡੇਰੋ ਭਯੋ ਚੰਗੋ ਤਿਹ ਸੋਇ।੨੧।
ਸਦੀਕੇ ਨੇ ਮਗਰੋਂ ਤਹਾਂ ਨਜ਼ਰਾਨਾ ਦਯੋ ਘਲਾਇ।
'ਉਧਾਰ ਉਤਾਰਜੋ ਤੁਰਤ ਅਬ ਹਮ ਤੁਮ ਵਹੀ ਭੇਰਾਇ।੨੨।

ਚੌਪਈ: ਯਾਕੋ ਗੁੱਸੋ ਤੁਸੀਂ ਨ ਕਰਿਓ। ਕਹੀ ਲੁਟੀ ਹਮ ਨਹਿੰ ਚਿਤ ਧਰਿਓ'।
ਸਿੰਘਨ ਕਹਜੋ 'ਹਮ ਨਿਤ ਯਹ ਕਾਰ। ਲੜੈਂ ਮਰੈਂ ਨਿਤ ਤੁਰਕਨ ਨਾਰ।੨੩।
ਤੈਂ ਨਜ਼ਰਾਨਜੋ ਦੇਰ ਲਗਾਈ। ਤਊ ਖਾਲਸੇ ਨੇ ਕਹੀ ਲੁਟਾਈ।
ਅਗੈ ਖਾਲਸੈ ਸੋਂ ਖੋਟੀ ਕਰੈਂ। ਸਿੰਘ ਲੁਟਨ ਤੇ ਫਿਰ ਕਬਿ ਟਰੈਂ'।੨੪।
ਘਲ ਵਕੀਲ ਉਲ ਸੁਲ੍ਹਾ ਠਹਿਰਾਈ। ਦਯੋ ਨਜ਼ਰਾਨੋ ਓਦੂੰ ਸਵਾਈ।
ਐਸੇ ਭਯੋ ਥੋ ਪੰਦ੍ਹਾਂ ਸਾਲ। ਨਿਤਪ੍ਰਤਿ ਵਧੇ ਯੌਂ ਸਿੰਘਨ ਇਕਬਾਲ।੨੫।

ਅਥ ਸਾਖੀ ਮੁਗ਼ਲ ਗਾਜਦੀਂ ਵਜੀਰ ਕੀ ਤੁਰੀ

੧੫੯. [ਗਾਜ਼ੀਉੱਦੀਨ ਵਜ਼ੀਰ ਤੇ ਗੰਗ ਕਵੀ]

ਦੋਹਰਾ: ਸ਼ਾਹਿ ਕਾਬਲੀ ਕੱਢ ਦਯੋ ਸਿੰਘਨ ਮਰਹੱਟਨ ਰੱਲ।
ਮਰਹਟੇ ਫੈਲ ਸਭ ਥਾਂ ਗਏ ਦਿਲੀ ਲਹੌਰ ਸੁ ਮੱਲ।੧।
ਸੁਨੀ ਨਵਾਬ ਲਹੌਰੀਅਨ ਚਹੈ ਸੁ ਗਾਜਦੀਂ ਆਇ।
ਦੈ ਡੋਲੇ ਉਨ ਮੋੜਿਓ ਸੋ ਦਿੱਲੀ ਕੇ ਰਾਹੁ।੨।

ਚੌਪਈ: ਸ਼ਾਹੁ ਦਿੱਲੀ ਕੇ ਸੁਸਤ ਸੁ ਭਯੋ। ਵਜ਼ੀਰ ਗਾਜਦੀਂ ਗਾਜ਼ਤ ਭਯੋ।
ਮਨ ਮੈਂ ਗਾਜਦੀਂ ਕੀਓ ਅਭਿਮਾਨ। ਬੁਲਾਇ ਗੰਗ ਭਟ ਕਹਜੋ ਬਖਾਨ।੩।
'ਅਬ ਤੁਮ ਹਮਰੋ ਜੱਸ ਬਨਾਯੋ। ਹਮ ਕੋ ਤੁਮ ਬਡ ਬਜ਼ੀਰ ਅਖਾਯੋ।
ਗਾਜਦੀਂ ਬਨਰੋ ਹਮਰੋ ਖਿਤਾਬ। ਦਯੋ ਪਤਿਸ਼ਾਹਿ ਸੁ ਮੋ ਕੋ ਆਬ'।੪।
ਤਬੈ ਗੰਗ ਨ ਐਸੇ ਕਹਜੈ। 'ਹਮ ਤੇ ਝੂਠ ਨ ਆਖਤ ਜਯੋ।
ਸੱਚੋ ਸੱਚ ਜੁ ਕਹੋਂ ਬਖਾਨ। ਕਰੌਂ ਸੱਚ ਪੈ ਜਾਨ ਕੁਰਬਾਨ।੫।

Sri Satguru Jagjit Singh Ji eLibrary NamdhariElibrary@gmail.com

ਪਿਛਲੇ ਭੱਟ ਕਚਹਿਰੀ ਮਾਂਹਿ। ਝੂਠ ਨ ਬੋਲੇ ਗਏ ਜਾਨ ਗਵਾਇ।
ਅਬ ਮੈਂ ਆਖੋਂ ਸਾਚ ਪਛਾਣ। ਮੈਂ ਬੀ ਕਰੋ ਅਬ ਜਾਨ ਕੁਰਬਾਨ'।੬।

--ਰੰਗ ਵਾਚ--

ਦੋਹਰਾ: 'ਬਨਰੇ ਤੇ ਬਨਰੀ ਭਈ ਖਸਮ ਸੁ ਕੀਯੋ ਮਲ੍ਹਾਰ।
ਝਾਂਟ ਨ ਖੁੱਸੀ ਜਾਟ ਕੀ ਇਮ ਲੂਟ ਖਯੋ ਸੰਸਾਰ'।੭।
ਯੌ ਸੁਨ ਤਿਸਕੋ ਅਗ ਲਗੀ ਅਗੈ ਗਯੰਦ* ਦਯੋ ਡਾਰ।
ਮਰਤਾ ਹੂਆ ਕਹਿ ਮੁਯੌ ਸੋ ਫੈਲ ਗਯੋ ਸੰਸਾਰ।੮।
'ਕਦੇ ਨ ਗਾਂਡੂ ਰਣ ਚੜੈ ਕਦੇ ਨ ਬਾਜੈ ਬੰਬ।
ਸਗਲ ਸਭਾ ਕੋ ਰਾਮ ਰਾਮ ਬਿਦਾ ਹੋਤ ਹੈ ਰੰਗ'।੯।

ਚੌਪਈ: ਯਹੀ ਗਜਬ ਗਾਜਦੀਂ ਪੈ ਪੜਾ। ਗਾਜਦੀਂ ਮਰਹਟਨ ਕੋ ਲੈ ਹੜਾ।
ਸੋਊ ਸੁਨੀਓਂ ਅਗੈ ਕਹਾਣੀ। ਬਿਸਵਾਸ ਰਾਇ ਸਿਰ ਭਾਊ ਬਿਹਾਣੀ।੧੦।

ਸਾਖੀ ਤੁਰਕ ਸਰਬਤ ਹਿੰਦੁਸਤਾਨੀ ਔ ਗਿਲਜ਼ੋਂ ਕੀ

੧੯੦. [ਤੁਰਕਾਂ ਨੇ ਰਲਕੇ ਮਰਹਟਿਆਂ ਨੂੰ ਕੱਢਣ ਹਿਤ ਸਲਾਹ ਕੀਤੀ]

ਦੋਹਰਾ: ਗਿਲਜਨ ਤੇ ਹਿੰਦ ਛੁਟ ਗਈ ਰਹਯੋ ਅਟਕ ਕਸ਼ਮੀਰ।
ਹਿੰਦ ਪਤਿਸ਼ਾਹੀ ਲੈਨ ਫਿਰ ਕਰੀ ਸ਼ਾਹਿ ਤਤਬੀਰ।੧।

ਚੌਪਈ: ਲਹੌਰਹਿ ਛੋਡ ਗਯੋ ਉਸ ਬੇਟਾ। ਲਗੀ ਅੱਗ ਤਬ ਤੇ ਉਸ ਪੇਟਾ।
ਤਿੰਨ ਲਖ ਫੌਜ ਫੇਰ ਕਰਿ ਲ੍ਯਾਯੋ। ਅਠਾਰਾਂ ਸੈ ਪੰਦ੍ਰੈ ਚੜ੍ਹਿ ਆਯੋ।੨।
ਮਾਰ ਮ੍ਰਹੱਟੇ ਅੱਗੈ ਧਰੇ। ਮਾਰ ਭਜਾਏ ਜਹਿਂ ਜਹਿਂ ਲਰੇ।
ਦਿੱਲੀ ਬਿਨਾਂ ਰਹ੍ਯ ਨਹਿਂ ਠਾਣਾ। ਝੁਨਕੂ ਜੱਟ ਕੇ ਪਾਸ ਲੁਕਾਣਾ।੩।
ਸਭ ਮੁਸਲਮਾਨੀ ਇਕਠੀ ਭਈ। ਮੁਗਲ ਪਠਾਣਨ ਇਕ ਮਤ ਠਈ।
'ਦਯੈ ਮ੍ਰਹਟਨ ਦੇਸੋਂ ਕਢਾਇ। ਹੈਂ ਮੁਸਲਮਾਨਨ ਏ ਦੁਖਦਾਇ'।੪।

ਦੋਹਰਾ: ਸਭ ਮੁਸਲਮਾਨਨ ਕਸਮ ਕਰ ਇੱਕੋ ਕਰੀ ਸਲਾਹ।
ਹਿੰਦੁਸਤਾਨ ਬਜੀਰ ਤਿੰਨ ਔ ਕੰਧਾਰੀ ਪਤਿਸ਼ਾਹਿ।੫।

ਚੌਪਈ: ਮਤੋ ਪਕਾਇ ਜੱਟ ਪੈ ਚੜ੍ਹੇ। ਮਥਰੋ ਮਾਰ ਹਿੰਦੂ ਬਹੁ ਫੜੈ।
ਕੋਇਲ ਕੋ ਗੜ ਲਯੋ ਛੁਡਾਇ। ਮ੍ਰਹੱਟਨ ਕੀ ਦਈ ਪੱਤਿ ਗਵਾਇ।੬।

ਸਾਖੀ ਖਾਲਸੇ ਔ ਗਿਲਜੇ ਕੇ ਦਾਈਏ ਕੀ

੧੯੧. [ਖਾਲਸੇ ਤੇ ਗਿਲਜਿਆਂ ਦੀ ਖਿਚਾ ਖਿਚੀ]

ਚੌਪਈ: ਤਬ ਵਹਿ ਆਇ ਲਹੌਰੇ ਰਹਯੋ। ਪੰਜ ਸੂਬਨ ਸਿਰ ਤੰਤਹ ਲਯੋ।
ਕਸ਼ਮੀਰ ਮੁਲਤਾਨ ਔ ਭੱਖਰ ਅਟਕ। ਲਹੌਰ ਰਹਨ ਕਰ ਲੈਲੈ ਸਟਕ।੧।

* ਹਾਥੀ।

Sri Satguru Jagjit Singh Ji eLibrary NamdhariElibrary@gmail.com

ਤਬ ਵਹਿ ਸਿੰਘਨ ਮਾਰਜ ਚਹੈ। ਜਹਾਨ ਖਾਨ ਸੁ ਗੈਲੈ ਰਹੈ।
ਸੋ ਮਾਰੈ ਜੋਈ ਹਥ ਆਵੈ। ਵਹਿ ਬਹੁ ਸਿੰਘਨ ਹੱਥ ਨ ਲਗਾਵੈ।੨।

ਦੋਹਰਾ: ਸਿੰਘ ਭੀ ਤਿਸਕੋ ਬਹੁ ਲੁਟੈਂ ਆਗੇ ਪਾਛੈ ਦੌੜ।
ਉਇ ਮਾਰੈ ਬਹੁ ਤੁਮਨ ਕਰ ਸਿੰਘ ਮਾਰੈਂ ਬਿਧ ਸਜੌਂ ਥੋੜ।੩।

ਚੌਪਈ: ਕਛੂ ਸਿੰਘ ਲੁਕ ਦੇਸਹਿੰ ਰਹੇ। ਕਛੂ ਸਿੰਘ ਝਲ ਮਧ ਲੁਕ ਰਹੇ।
ਔਰ ਸਿੰਘ ਜਾ ਮਾਲਵੇ ਵੜੇ। ਇਕਠੇ ਦਲ ਹੁਇ ਰਹੇ ਸੁ ਖੜੇ।੪।

ਸਾਖੀ ਹਾਠੂ ਸਿੰਘ ਮਝੈਲ ਕੀ

੧੬੨. [ਹਾਠੂ ਸਿੰਘ ਮਝੈਲ ਨੂੰ ਹਾਥੀਆਂ ਦੇ ਪੈਰਾਂ ਨਾਲ ਬੰਨ੍ਹਕੇ ਸ਼ਹੀਦ ਕੀਤਾ]

ਦੋਹਰਾ: ਮਾਝੈ ਮੈਂ ਥੋ ਸਿੰਘ ਰਹਜੋ ਹਾਠੂ ਸਿੰਘ ਤਿਸ ਨਾਮ।
ਸੂਰਾ ਪੂਰਾ ਹਠੀ ਤਪੀ ਕਾਨ੍ਹਾਕਾਛਾ ਗ੍ਰਾਮ।੧।

ਚੌਪਈ: ਗਿਲਜਨ ਢਿਗ ਨਿਸ ਲਾਗਜੋ ਆਇ। ਸੋ ਫਿਰ ਗਯੋਨ ਲਾਗਜੋ ਦਾਇ।
ਫਿਰਕੇ ਜਾਤ ਗਿਲਜਨ ਲਖ ਲਯੋ। ਘੋੜੇ ਜਾਤ ਤਿਲਕ ਤਹਿੰ ਪਰਜੋ।੨।
ਉਠਨ ਨ ਦਯੋ ਘੋੜੇ ਤਲ ਅਯੋ। ਉਠਨ ਨ ਭਯੋ ਗਿਲਜਨ ਫੜ ਲਯੋ।
ਅਹਮਦ ਸ਼ਾਹ ਪੈ ਸੋ ਪਹੁੰਚਾਯੋ। ਖੂੰਨੀ ਗਜ ਕੇ ਆਗੇ ਪਾਯੋ।੩।
ਸੋ ਗਜ ਖੂੰਨੀ ਤਿਸੈ ਨ ਮਾਰੈ। ਸ਼ਾਹ ਮਹਾਵਤ ਦੇ ਰਹਜੋ ਗਾਰੈ।
ਫੇਰ ਹਾਥੀ ਸੰਗ ਪੈਰ ਬੰਧਾਯਾ। ਤੌ ਭੀ ਹਾਥੀ ਨਾਂਹਿ ਮਰਾਯਾ।੪।
ਤਬਹਿ ਸ਼ਾਹਿ ਗਜ ਔਰ ਮੰਗਾਯਾ। ਸੋ ਭੀ ਵਾਂਕੋ ਮਾਰਨ ਨ ਧਾਯਾ।
ਤਬੈ ਸ਼ਾਹਿ ਬਹੁ ਗੁੱਸਾ ਖਾਈ। ਦੂਏ ਹਾਥੀ ਟੰਗ ਦੂਈ ਬੰਧਾਈ।੫।

ਦੋਹਰਾ: ਦੋਊ ਵਲ ਦੋਊ ਗਜ ਲਗੇ ਸਿੰਘ ਮਧ ਦੀਓ ਬੰਧਾਇ।
ਦਯੋ ਚਿਰਾਇ ਇਮ ਰੋਬਰੋ ਸ਼ਾਹਿ ਸੁ ਗੁੱਸਾ ਖਾਇ।੬।

ਸਾਖੀ ਬੀਕਾਨੇਰ ਕੀ

੧੬੩. [ਬੀਕਾਨੇਰੀਏ ਦੀ ਸਹੈਤਾ ਕੀਤੀ]

ਦੋਹਰਾ: ਏਕ ਬਰਸ ਗਿਲਜੋ ਰਹਜੋ ਲਹੌਰ ਮਾਂਹਿ ਸੋ ਬੈਠ।
ਬਹੁਤ ਫੌਜ ਤਿਨ ਰਖ ਲਈ ਚਾਰ ਸੂਬੇ ਦੇ ਹੇਠ।੧।

ਚੌਪਈ: ਸਿੰਘ ਮਾਲਵੇ ਇਕਠੇ ਹੋਇ। ਰਹੈਂ ਭੂਖੇ ਕੁਛ ਗੁਜ਼ਰ ਨ ਹੋਇ।
ਤਬ ਬੀਕਾਨੇਰੀਏ ਸਿੰਘ ਬੁਲਾਏ। ਕਈ ਹਜ਼ਾਰ ਉਹਾਂ ਪਹੁੰਚੇ ਜਾਏ।੨।
ਜੈਸਿਲਮੇਰ ਪਰ ਦਏ ਚੜ੍ਹਾਇ। ਤਿਸ ਕੋ ਕੰਮ ਤਿਨ ਦਯੋ ਬਨਾਇ।
ਤਬ ਤਿਨ ਦੀਨੋ ਸਿੰਘ ਹਟਾਇ। ਸੋ ਨ ਦਯੋ ਜੋ ਆਖਜ ਥਾਇ।੩।

Sri Satguru Jagjit Singh Ji eLibrary NamdhariElibrary@gmail.com

ਕਛੁ ਸਿੰਘਨ ਕੋ ਪੈਸਾ ਰਹਜੋ। ਸੋ ਭਿ ਨ ਦਯੋ ਜੋਊ ਥੋ ਕਹਜੋ।
ਫਿਰ ਤਿਸ ਮੁਲਕ ਦਲ ਹੋਕੇ ਮਾਰਜੋ। ਖਾਲਸੇ ਨੈਅਸ ਕਸ਼ਟ ਸਹਾਰਜੋ।੪।

੧੬੪. [ਸਾਖੀ ਬਾਂਗਰ ਦੇਸ਼ ਕੀ]

ਦੋਹਰਾ: ਸਿੰਘਨ ਖਰਚ ਸੁ ਨਹਿਂ ਤੁਰੇ ਤੌ ਖਾਲਸੇ ਕਰੀ ਸਲਾਹਿ।
'ਮਾਰੋ ਮੁਲਕ ਕੋਈ ਦੌੜ ਕਰ ਫਿਰ ਬੈਠ ਮਾਲਵੇ ਖਾਹਿਂ'।੧।

ਚੌਪਈ: ਤਬ ਖਾਲਸੈ ਮਲਵਈ ਬੁਲਾਏ। 'ਹੁਇ ਆਗੈ ਕੋ ਮੁਲਕ ਬਤਾਏ'।
ਆਲੋ ਸਿੰਘ ਔ ਬੁੱਢੋ ਸਿੰਘ ਭਾਈ। ਭਾਈ ਗੁਰਬਖਸ਼ ਸਿੰਘ ਲਯੋ ਬੁਲਾਈ।੨।

ਦੋਹਰਾ: ਅਗੋ ਕਰੇ ਵਕੀਲ ਇਨ ਜੋ ਉਨ ਕੋ ਮਿਲ ਪਾਇ।
ਸਿੰਘਨ ਦੇਹਿਂ ਮਿਲਾਇ ਓਇ, ਕਰ ਅਪਨੇ ਲੇਹਿਂ ਬਚਾਇ।੩।

ਚੌਪਈ: ਕੈਥਲੀਏ ਹਥ ਭਾਈ ਮਿਲਾਏ। ਆਲੇ ਸਿੰਘ ਅਠ ਖੇੜੇ ਬਚਾਏ।
ਮਾਰ ਸਫੀਦੋ ਜੀਂਦ ਮਿਲਾਈ। ਮਲਵਈਅਨ ਹਥ ਕਛੁ ਪੈਸੇ ਚੁਕਾਈ।੪।

ਦੋਹਰਾ: ਦੌੜ ਸੁ ਹਾਂਸੀ ਜਾ ਲੁਟੀ ਨਾਰਨੌਲ ਹਿਸਾਰੈ ਮਾਰ।
ਫਿਰ ਕਾਮਾ ਪਹਾੜੀ ਲੁਟਿਕੈ ਢਿਗ ਜੈਪੁਰ ਦੀਨੋ ਸਾਰ।੫।

ਚੌਪਈ: ਤੌ ਜੈਪੁਰੀਏ ਵਕੀਲ ਭਿਜਾਏ। 'ਹਮ ਤੁਮ ਗੁਰ ਕੇ ਸਿੱਖ ਕਹਾਏ।
ਤੇਗ ਬਹਾਦਰ ਦੱਖਨ ਜਿਤਈ। ਤਬ ਰਾਜੇ ਹਮ ਸਰਣਹਿ ਲਈ।੬।
ਹਮ ਤੁਮ ਹੈਂ ਯੌਹੀ ਗੁਰਭਾਈ। ਮੁਲਕ ਹਮਾਰ ਉਜਾੜੋ ਨਾਂਹੀਂ'।
ਤੌ ਸਿੰਘਾਂ ਨੇ ਮੋੜਾ ਲਾਯਾ। ਜਮਨਾ ਢਿਗ ਆਇ ਡੇਰਾ ਪਾਯਾ।੭।

ਸਾਖੀ ਮਿਤ ਸਿੰਘ ਸ਼ਹੀਦ ਕੀ

੧੬੫. [ਮਿਤ ਸਿੰਘ ਦਾ ਸ਼ਹੀਦ ਹੋਣਾ, ਜਹਾਨ ਖਾਂ ਨਾਲ ਟਾਕਰਾ]

ਦੋਹਰਾ: ਡੱਲੇਵਾਲੀਏ ਮਿਸਲ ਮੈਂ ਇਕ ਤਾਰਾ ਸਿੰਘ ਅਖਾਇ।
ਤਿਸ ਡੇਰੇ ਮਿਤ ਸਿੰਘ ਰਹੇ ਤਿਨ ਯੌਂ ਮਤੋ ਪਕਾਇ।੧।

ਚੌਪਈ: 'ਦਸ ਹਜਾਰ ਤਨ ਸਿੰਘ ਉਛੇਰੇ। ਜਮਨਾ ਟਪ ਲੰਘ ਪਈਏ ਸਵੇਰੇ'।
ਤਾਰਾ ਸਿੰਘ ਤਬੈ ਸੁਨ ਕਹੀ। 'ਤੂੰ ਬੇਫਤੂ ਖਾਲਸੇ ਕੇ ਮਹੀ।੨।
ਥੋੜੈ ਦਲ ਸਿਉਂ ਪਾਰ ਨ ਜੇਯੋ। ਕਟਾਇ ਸਿੰਘਨ ਫਿਰ ਨੱਠ ਨ ਐਯੋ।
ਛਪਜੋ ਆਇ ਜੁ ਲਹੌਰੈ ਮਾਂਹਿ। ਉਸ ਦੂਰ ਨ ਜਾਣੀ ਅਹਮਦ ਸ਼ਾਹ'।੩।
ਉਨ ਨਹਿਂ ਮਾਨੀ ਪਾਰ ਸਿਧਾਯਾ। ਮੁਲਕ ਰੁਹੇਲੇ ਕਾ ਸੁ ਲੁਟਾਯਾ।
ਰੁਹੇਲੇ ਕੋ ਅਹਿਮਦ ਸ਼ਾਹਿ ਹੋਤ ਸੁ ਸਾਥੀ। ਡਾਕ ਦੁੜਾਈ ਸ਼ਾਹਿ ਜਹਾਂ ਥੀ।੪।
ਆਗੈ ਥੋਂ ਹੈ ਤਕਤੇ ਰਹੈ। ਸ਼ਾਹਿ ਦੁੜਾਈ ਫੌਜ ਤਿਸ ਕਹੇ।
ਲਹੌਰੋਂ ਸਿਰਹੰਦੋਂ ਪਹੁੰਚੀ ਦੌੜ। ਅਗੈ ਰੁਹੇਲ ਥੀ ਪੜੀ ਸੌੜ।੫।

Sri Satguru Jagjit Singh Ji eLibrary NamdhariElibrary@gmail.com

ਦਸ ਦਿਨ ਲਗ ਰਹੇ ਲੂਟਤ ਦੇਸ। ਮੇਰਠ ਲੂਟਯੋ ਸ਼ਹਿਰ ਸੁਬੇਸ਼।
ਨਹਿੰ ਤਿਨ ਚਿੰਤਾ ਨਹਿੰ ਹੰਦੇਸ। ਭਈ ਨ ਖਬਰ ਜੁ ਅਏ ਮਲੇਛ।੬।

ਦੋਹਰਾ: ਰਾਤ ਦਿਵਸ ਕੱਠੀ ਭਈ ਰੁਹੇਲੀ ਗਿਲਜੀ ਫੌਜ।
ਸੂਰ ਚੜ੍ਹੇ ਤੇ ਆਇ ਪਈ ਜਿਮ ਦਰਿਆਏ ਮੌਜ।੭।

ਚੌਪਈ: ਸਿੰਘਨ ਪੈ ਲਦੇ ਘੋੜੇ ਭਾਰ। ਆਪ ਬੰਨ੍ਹੇ ਗੰਢ ਮਗਰੈ ਨਾਲ।
ਇਸ ਬਿਧ ਸਿੰਘ ਸੁ ਭਏ ਖੁਆਰ। ਸਕੈਂ ਨ ਸੈ ਹਥਿਆਰ ਸੰਭਾਰ।੮।
ਸਿੰਘ ਭਏ ਤਬ ਭੱਜਨ ਵਾਰ। ਇਮ ਕਰ ਭਈ ਨ ਲਰਨੇਂ ਕਾਰ।
ਜੇ ਜੇ ਹੁਤੇ ਸੁ ਸਿੰਘ ਅੜਿਯਾਰੇ। ਸੋ ਨਾ ਰਹੇ ਤਹੀਂ ਸੋ ਮਾਰੇ।੯।
ਮਿੱਤ ਸਿੰਘ ਕੈ ਚਿਤ ਤੌ ਆਈ। 'ਭਈ ਸੋਊ ਜੋ ਸਿੰਘਨ ਬਤਾਈ'।
ਸੋ ਮੁੜ ਮੁੜ ਕੇ ਲੜਤੋ ਜਾਵੈ। ਬਹੁਤਨ ਕੇ ਕਬਿ ਵਾਰੇ ਆਵੈ।੧੦।
ਲਗ ਗੋਲੀ ਘੋੜਾ ਗਿਰ ਪਯੋ। ਮੱਧ ਰਕਾਬੈ ਪਗ ਫਸ ਰਹਯੋ।

ਦੋਹਰਾ: ਜਿਨ ਕੇ ਘੋੜੇ ਥੇ ਬਡੇ ਤੇ ਆਏ ਮੁਹ ਮਾਰ।
ਲਰਤ ਭਜਤ ਫਿਰ ਫਿਰ ਲਰਤ ਪੰਜ ਛੇ ਮੁਏ ਹਜ਼ਾਰ।੧੧।

ਚੌਪਈ: ਮੁਖਤ ਫਤੇ ਯੌਂ ਕਾਬਲੀ ਆਈ। ਜਹਾਂ ਖ਼ਾਨ ਫੌਜਦਾਰ ਕਹਾਈ।
ਉਨ ਸਿਰ ਸਿੰਘਨ ਕੇ ਜੁ ਕਟਾਏ। ਅਠਾਰਾਂ ਗੱਡੇ ਨਜੀਬੈ ਲਦਵਾਏ।੧੨।

ਦੋਹਰਾ: ਜਬ ਸਿਰ ਗੱਡੇ ਲੰਘ ਤੁਰੇ ਘੱਗਰ ਹੁਤੀ ਸਰਾਇ।
ਤਬ ਸਿੰਘਨ ਕੇ ਦਲ ਬਡੇ ਸੁਨੀ ਅਵਾਈ ਆਇ।੧੩।

ਚੌਪਈ: ਉਨ ਸਿਰ ਦੀਨੇ ਉਹਾਂ ਗਿਰਾਇ। ਗੱਡੇ ਲੈ ਗਏ ਨੱਠ ਪਿਛਾਂਹਿ।
ਹੁਤੇ ਭਤੀਜੇ ਮਿਤ ਸਿੰਘ ਦੋਇ। ਭਾਗ ਸਿੰਘ ਭੰਗਾ ਸਿੰਘ* ਸੋਇ।੧੪।
ਲਈ ਥਨੇਸਰ ਥੀ ਜਿਨ ਮੱਲ। ਸੀਸ ਫੂਕੇ ਉਨ ਦੌੜ ਸੁ ਚੱਲ।
ਸ਼ਹੀਦ ਗੰਜ ਇਮ ਉਹਾਂ ਕਹਾਵੈ। ਚਾੜ੍ਹੈ ਚੜ੍ਹਾਵਾ ਸੁਖ ਸੋ ਪਾਵੈ।੧੫।

ਦੋਹਰਾ: ਸਾਲ ਅਠਾਰਾਂ ਸੈ ਬਿਤੇ ਉੱਪਰ ਤੇਈਏ ਸਾਲ।
ਮਿਤ ਸਿੰਘ ਸ਼ਹੀਦੀ ਇਮ ਲਈ ਸੁ ਲੜਜੇ ਜਹਾਨ ਖਾਂ ਨਾਲ।੧੬।

ਸਾਖੀ ਮੀਰ ਮੰਨੂੰ ਕੀ

੧੬੬. [ਦਾਦੂ ਰਾਮ ਸਾਧ ਨੂੰ ਕਸ਼ਟ। ਮੀਰ ਮੰਨੂੰ ਦੀ ਮੌਤ]

ਦੋਹਰਾ: ਸਾਖੀ ਮੀਰ ਸੁ ਮੰਨੂਐ ਸੁਨਜੋ ਮੁਯੋ ਜਿਮ ਦਾਇ।
ਮਾਰਨ ਚੜ੍ਹਿਓ ਖਾਲਸੈ ਮੁਯੋ ਆਪ ਦੁਖ ਪਾਇ।੧।

ਚੌਪਈ: ਕੌੜਾ ਮੱਲ ਜਬੈ ਮਰਿ ਗਯੋ। ਸਿੰਘਨ ਹੁਤੋ ਵਸੀਲੋ ਵਹਯੋ।
ਟਕੇ ਦੇਨ ਤੇ ਤੁਰਤ ਮਿਟ ਗਏ। ਸਿੰਘਨ ਨੈ ਫਿਰ ਤੁਰਕ ਸੰਤਏ।੨।

* ਪਾ:- ਗੰਗਾ ਸਿੰਘ।

Sri Satguru Jagjit Singh Ji eLibrary NamdhariElibrary@gmail.com

ਲਹੌਰ ਢਿਗ ਘੋੜੇ ਜਾਇ ਦੁੜਾਏ। ਗੈਲ ਪੜੈਂ ਰਲੈਂ ਝਾੜਨ ਜਾਏ।
ਥੋੜਨ ਕੋ ਸਿੰਘ ਮੁੜ ਭੀ ਮਾਰੈਂ। ਬਹੁਤਨ ਕੋ ਕਿਤ ਅਗਾੜੈ ਪਛਾੜੈਂ।੩।
ਤੌ ਬਜੀਰ ਕੇ ਦਿਲ ਇਮ ਆਈ। 'ਦੇਈਏ ਖਾਲਸਾ ਸਭ ਮਰਵਾਈ';
ਚਾਰ ਓਰ ਦਈ ਫ਼ੌਜ ਦੁੜਾਏ। ਦੀਏ ਸਿੰਘ ਤਿਨ ਮਾਰ ਕਢਾਏ।੪।
ਸ਼ਜ਼ਾਦੈ ਰਹੇ ਕਿਤ ਲੁਕਛੁਪ ਦਾਏ। ਸੋ ਭੀ ਲੁਟ ਮਾਰਤ ਤਿਵਹੀ ਖਾਏ।
ਸੁਨ ਬਜੀਰ ਮਨ ਕੋਪੀ ਆਈ। ਆਪ ਬਜੀਰ ਚੜ੍ਹਯੋ ਕਰ ਧਾਈ।੫।

ਦੋਹਰਾ: ਦਏ ਹਲਕਾਰੇ ਬਜੀਰ ਘਲ ਆਈ ਖਬਰ ਜਾ ਪਾਇ।
ਸੁਨੈ ਕਬੀਲੇ ਸਿੰਘਨ ਜਹਿਂ ਤਹਿਂ ਪੁਜ ਘੇਰ ਕਢਵਾਇ।੬।

ਚੌਪਈ: ਨਿਤ ਬਜੀਰ ਚੜ੍ਹ ਸਿੰਘਨ ਸ਼ਿਕਾਰ। ਝਾੜੋਂ ਕਮਾਦੋਂ ਕਢ ਲਏ ਮਾਰ।
ਜੋ ਸਿੰਘ ਖੇਤੀ ਕਰਨੇ ਵਾਰੇ। ਸੋ ਭੀ ਟੋਲ ਸਿੰਘ ਉਇ ਮਾਰੇ।੭।
ਹਾਹਾਕਾਰ ਭਯੋ ਮਾਝੇ ਮਾਂਹਿ। ਲੁਕਨੇ ਜਗਾ ਕਬੀਲਨ ਨਾਂਹਿ;
ਇਕ ਨਾਮ ਪੰਡੋਰੀ ਹੁਤੋ ਗਰਾਂਮ[1]। ਹੁਤੋ ਪ੍ਰਸਿਧ ਜਗ ਦਾਦੂ ਰਾਮ।੮।
ਤਹਾਂ ਮਾਤ ਦਾਦੀ ਹਮਰੀ ਛਪ ਰਹੀ। ਹਲਕਾਰਨ ਜਾਇ ਬਜੀਰੈ ਕਹੀ।
ਤਹਿਂ ਹੀ ਉਤਰਯੋ ਆਇ ਬਜੀਰ। ਘੇਰਯੋ ਪਿੰਡ ਉਨ ਕਰ ਤਤਬੀਰ।੯।

ਦੋਹਰਾ: ਦਾਦੂ ਰਾਮ ਕੋ ਪੋਤਰੋ ਫੜ ਉਨ ਲਯੋ ਮੰਗਾਇ।
ਕਹਯੋ 'ਪਾਸ ਤੁਝ ਦੁਜ਼ਦ[2] ਘਣੇ ਸੋ ਹਮ ਦੇਹੁ ਫੜਾਇ'।੧੦।

ਚੌਪਈ: ਬਾਲਕ ਮਹੰਤ ਮੁਕਰਤ ਤਹਿਂ ਭਯੋ। ਉਸਕੋ ਘਰ ਬਜੀਰ ਟੋਲਨ ਕਰਯੋ।
ਮਾਤੈ ਹਮਰੀ ਔਰ ਜੁ ਸਿਖਨੀ। ਕਪੜੇ ਰੰਗ ਕੀਓ ਸਭ ਬਿਸਨੀ[3]।੧੧।
ਕੋਊ ਭੈਨ ਕਿਸੇ ਬੇਟੀ ਕਹੀ। ਗੋਲੀ ਸੇਵਕ ਕੇਤੀ ਯੌ ਕਹੀ।
ਇਮ ਉਨ ਪੜਦੋ ਸਭ ਪਰ ਪਾਯੋ। ਅਪਨੇ ਊਪਰ ਦੁਖੈ ਸਹਾਯੋ।੧੨।
ਬਜੀਰ ਕਹੀ 'ਇਨ ਦੁਜ਼ਦ ਲੁਕੋਯੋ'। ਦੈ ਮੁਸ਼ਕੈਂ ਅਗੈ ਹਾਥੀ ਸੁਟੋਯੋ।
ਹਾਥੀ ਖੂੰਨੀ ਸੁੰਡ ਪੈਰੀ ਲਾਯੋ। ਪੈਰ ਛੁਹੇ ਔ ਸੀਸ ਹਿਲਾਯੋ।੧੩।
ਬਹੁ ਮਹਾਵਤ ਉਸ ਰਹਯੋ ਦਬਾਇ। ਹਾਥੀ ਖੂਨੀ ਹਟ ਪਿਛੈ ਜਾਇ।
ਸੁਨ ਬਜੀਰ ਬਹੁ ਗੁੱਸੇ ਕੀਓ। 'ਇਨੈਂ ਮਹਾਵਤ ਲਬ ਲੈ ਲੀਓ'।੧੪।

ਦੋਹਰਾ: ਮੀਰ ਮੰਨੂੰ ਨੈ ਭੇਜਿਓ ਮਹਾਵਤ ਔਰ ਖਿਝਾਇ।
ਤੌ ਭੀ ਬਾਲਕ ਨਹਿਂ ਮਰਯੋ ਸਤਿਗੁਰ ਭਈ ਰਜਾਇ।੧੫।

ਚੌਪਈ: ਉਨ ਫੀਲਦਾਰ ਬਜੀਰਹਿ ਕਹੀ। 'ਬਾਲਕ ਖਾਲੀ ਬਰਕਤੋਂ ਨਹੀਂ'।
ਤਊ ਬਜੀਰਹਿ ਹਾਥੀ ਹਟਵਾਯੋ। ਉਸ ਬਾਲਕ ਕੋ ਕੈਦ ਕਰਾਯੋ।੧੬।

---

੧. ਇਥੇ ਇਕ ਹੋਰ ਵਾਧੂ ਤੁਕ ਛਾਪੇ ਦੀ ਪੋਥੀ ਵਿਚ ਹੈ:-
ਤਹਿਂ ਹੁਤੇ ਮਹੰਤ ਬਡ ਬਰਾਗੀ ਸਾਧ।

੨. ਚੋਰ। ੩. ਵੈਸ਼ਨੋ, ਭਗਵੇ।

Sri Satguru Jagjit Singh Ji eLibrary NamdhariElibrary@gmail.com

ਸਿਖ ਆਣੇ ਥੇ ਫੌਜ ਫੜ ਚਾਰ। ਕਹਜੋ ਬਜੀਰ 'ਇਨ ਦੇਵੋ ਮਾਰ'।
ਉਸ ਬੇਗਮ ਆਣੀ ਥੀ ਸਾਥ। ਕਰੀ ਅਰਜ਼ ਉਨ ਜੋੜੇ ਹਾਥ।੧੭।
'ਮੈਂ ਦੇਖਜੋ ਕਬ ਕੋ ਸਿਖ ਨਾਂਹਿ'। ਇਮ ਕਹਿ ਲੀਨੇ ਸਿੱਖ ਮੰਗਾਇ।
ਦੇਖ ਬੇਗਮ ਤੇ ਦਏ ਛੁਡਾਇ। ਬਨਜੋ ਸਬੱਬ ਉਨ੍ਹੈਂ ਜਿੰਦ ਆਇ।੧੮।
ਤੌ ਲੌ ਆਇ ਹਲਕਾਰੇ ਬੋਲੇ। 'ਚੜ੍ਹ ਮਾਰੇ ਸ਼ਿਕਾਰ ਹਮ ਦੇਖ ਆਏ ਕੋਲੇ'।
ਤਊ ਬਜੀਰ ਨੇ ਘੋੜੇ ਮੰਗਾਯੋ। ਲੈ ਹਲਕਾਰਨ ਮੁਹਰੇ ਧਾਯੋ।੧੯।

ਦੋਹਰਾ: ਫਿਰੇ ਕਮਾਦ ਵਡ ਖੇਤ ਥੇ ਸਿੰਘ ਹੁਤੇ ਉਸੈ ਬਹੁ ਮਾਂਹਿ।
ਇਆਣੇ ਸਜਾਣੇ ਬਾਲ ਬ੍ਰਿਧ ਘੇਰ ਲਏ ਗਿਰਦ ਤਾਂਹਿ।੨੦।

ਚੌਪਈ: ਉਨਕੀ ਮਾਵੇਂ ਭੈਣ ਬ੍ਰਿਲਾਹਿਂ। ਕਹਿ ਨ ਸਕੈਂ ਵਹਿ ਕਿਸੇ ਸੁਨਾਹਿਂ।
ਲੋਕ ਖੜੇ ਦੇਖ ਗਿਰਦ ਕੰਪਾਹਿਂ। 'ਇਹ ਅਬ ਬਚਤੇ ਦਿਸਤੇ ਨਾਂਹਿਂ।੨੧।
ਕਜਾ ਜਾਣੀਐ ਇਨ ਪਿਛੈ ਕਜਾ ਹੋਇ'। ਕਹੈ ਪਿੰਡ 'ਤੁਮ ਰਖੇ ਲੁਕੋਇ'।
ਹਾਹਾਕਾਰ ਬਹੁ ਲੋਕਨ ਕਯੋ। ਤੌ ਸਤਿਗੁਰ ਇਮ ਭਾਣੇ ਭਯੋ।੨੨।
ਸੀਖ-ਪਾਉ[1] ਘੋੜਾ ਭਯੋ ਬਜੀਰ। ਗਿਰਜੋ ਭੂਮ ਮਧ ਝੂਮ ਸੁ ਗੀਰ।
ਏਕ ਪੈਰ ਮਧ ਫਸਜੋ ਰਕਾਬ। ਗਈ ਜਾਨ ਬਹੁ ਪਾਇ ਅਜ਼ਾਬ।੨੩।
ਸਿੰਘਨ ਸ਼ਿਕਾਰ ਤੁਰਕਨ ਭੁਲ ਗਯੋ। ਫੜਜੋ ਹੁਤੇ ਸੋ ਭੀ ਛਡ ਦਯੋ।
ਐਸੇ ਮੁਯੋ ਮੰਨੂੰ ਹਵਾਲ। ਅਠਾਰਾਂ ਸੈ ਪਰ ਤੇਈਏ[2] ਸਾਲ।੨੪।

ਸਾਖੀ ਮਥਰਾ ਔ ਕੋਇਲ ਕੀ

੧੬੭. [ਮਥਰਾ ਲੁਟੀ ਤੇ ਅਲੀਗੜ ਦਾ ਕਿਲ੍ਹਾ ਮਾਰਿਆ]

ਦੋਹਰਾ: ਏਕ ਬਰਸ ਕਾਬਲੀ ਰਹਜੋ ਮੱਧ ਰੁਹੇਲੇ ਦੇਸ਼।
ਨਵਾਬ ਸਭਨ ਪੈਸੇ ਦਏ ਔ ਲਹੌਰ ਮੱਲੀ ਉਨ ਬੇਸ਼।੧।

ਚੌਪਈ: ਜੇ ਸਭ ਉਸ ਕੀ ਕਥਾ ਕਥੱਯੈ। ਗ੍ਰੰਥ ਵਧੇ ਕੁਛ ਸੁਖ ਨਹਿਂ ਪੱਯੈ।
ਜੁੱਧ ਭਯੋ ਬਡ ਭਾਊ ਸਾਥ। ਉਸ ਮੈਂ ਬਹੁਤ ਬਧਤ ਹੈ ਬਾਤ।੨।
ਤਾਂਤੇ ਸੂਛਮ ਬਾਤ ਸੁਨਾਊਂ। ਗ੍ਰੰਥ ਬਢਨ ਤੇ ਅਧਿਕ ਡਰਾਊਂ।
ਸਭ ਤੁਰਕਨ ਯੌ ਬਾਤ ਬਨਾਈ। ਹਿੰਦੂ ਮਰਹਟੇ ਸਭ ਦਏ ਗਵਾਈ।੩।
ਨਬਾਬ ਬਜੀਰਨ ਫੌਜ ਮੰਗਾਈ। ਹਿੰਦੂਅਨ ਊਪਰ ਦੌੜ ਕਰਾਈ।
ਮਥਰਾ ਮਾਰ ਬੰਦੀ ਬਹੁ ਕਰੀ। ਬਚਜੋ ਸੋਊ ਜੋ ਰਹਜੋ ਨ ਘਰੀ।੪।

ਦੋਹਰਾ: ਸੋ ਬਚਿਓ ਜੋ ਭਜ ਗਯੋ ਭਰਤ ਪੁਰੇ ਕੇ ਪਾਹਿ।
ਮਗਰ ਗਈ ਫੌਜ ਤੁਰਕ ਕੀ ਮਾਰ ਤੋਪਨ ਦਈ ਹਟਾਇ।੫।

---

੧. ਘੋੜਾ ਜਦੋਂ ਭੂਏ ਹੋਕੇ ਅਗਲੇ ਪੈਰ ਚੁਕ ਲੈਂਦਾ ਹੈ ਉਸਨੂੰ ਸੀਖ-ਪਾਉ ਕਹਿੰਦੇ ਹਨ।
੨. ਲਿਖਾਰੀ ਦੀ ਉਕਾਈ ਜਾਪਦੀ ਹੈ ਪਾਠ 'ਦਹੀਏ' ਹੋਣਾ ਹੈ-੧੮੧੦।

Sri Satguru Jagjit Singh Ji eLibrary NamdhariElibrary@gmail.com

ਚੌਪਈ: ਮਥਰਾ ਡੇਰਾ ਗਿਲਜਨ ਪਾਯਾ। ਭਰਤ ਪੁਰੇ ਤੇ ਮਾਰ ਹਟਾਯਾ।
ਤੋਪਖਾਨੇ ਕੀ ਸ਼ਲਕ ਸੁਨਈ। ਮੁਗਲ ਪਠਾਣ ਸੁ ਅਕਲ ਗਵਈ।੬।
ਡੀਕ ਮਾਹਿ ਬਹੁਤੇ ਜਟ ਵਰੇ। ਮਰਹਟੇ ਝੁਨਕੂ ਘੁਮੇਰਹਿ ਅੜੇ।
ਔਰ ਹੁਤੋ ਇਕ ਗੜ੍ਹ ਵਡ ਭਾਰੀ। ਜਿਸ ਪਰ ਜਟ ਉਮੈਦ ਬਹੁ ਸਾਰੀ।੭।
ਜੱਟ ਫੌਜ ਨਿਜ ਖਾਸੀ ਭਰੀ। ਤੋਪ ਜੰਬੂਰੇ ਬਹੁ ਜੰਜਾਇਲ ਵਰੀ।
ਖਾਈ ਕੰਧ ਥੀ ਬੇਸ਼ ਬਨਾਈ। ਸੁਰੰਗ ਹੱਲੋ ਕੀ ਭੈ ਨਹਿੰ ਕਾਈ।੮।

ਦੋਹਰਾ: ਤੋਪਨ ਕੰਧ ਸੁ ਨਹਿੰ ਢਹੈ ਨਹਿੰ ਸੁਰੰਗਹਿ ਹੋਇ ਲਗਾਇ।
ਹੱਲੋ ਕਿਛੁ ਤਿਸ ਨਾ ਕਰੈ ਖਰਚ ਬਹੁਤ ਦਜੋ ਪਾਇ।੯।

ਚੌਪਈ: ਕੋਇਲ ਕੋ ਉਹ ਗੜ੍ਹਾ ਕਹਾਵੈ। ਹਿੰਦੂ ਰਾਮਗੜ੍ਹ ਉਸੇ ਸੁਨਾਵੈਂ।
ਮੁਸਲੇ ਨਾਮ ਅਲੀਗੜ੍ਹ ਕਹਿਹੀਂ। ਬਰਸ ਬਾਰਾਂ ਕੋ ਖਰਚ ਤਿਹਮਾਂਹੀ।੧੦।
ਬਹੁ ਗੁਮਰਾਹੀ ਜਟਨ ਮਨ ਰਹੈ। ਜਾਤ ਬਨਜਾਰੋ ਫੌਜਨ ਕਹੈਂ।
ਮਧ ਧੌਂਸ ਉਨ ਦਈ ਬਜਾਈ। ਅਹਮਦ ਸ਼ਾਹਿ ਸੋਊ ਸੁਨ ਪਾਈ।੧੧।
ਰਹਜੋ ਰੁਹੇਲੇ ਉਸੈ ਟਲਾਈ। 'ਮਤ ਈਹਾਂ ਰਹੈ ਸੁ ਸ਼ਾਹੁ ਫਸਾਈ।
ਕਿਲ੍ਹਾ ਤੁਟੈ ਨਹਿੰ ਬਾਰੈ ਬਰਸ ਤਾਈਂ; ਔਰ ਕਾਮ ਹਮ ਪਿਛੈ ਸਭ ਪਾਈ।੧੨।
ਔਰ ਕਾਮ ਜਾਹਿੰ ਹਮਰੇ ਡੂਬ। ਕਿਲੈ ਪਿਲਚਨ ਨਹੀਂ ਸ਼ਾਹੈ ਖੂਬ'।
ਨਜੀਬਾ ਕਹੈ 'ਇਹੁ ਫਕੀਰ ਬਜਾਯਾ'। ਇਕ ਦਿਨ ਇਮ ਕਰ ਸ਼ਾਹੂ ਟਲਾਯਾ।੧੩।
ਮੌਤ ਜਟਨ ਕੀ ਨੇੜੈ ਆਈ। ਜੱਟ ਨ ਟਲੈਂ ਸੁ ਜਾਹਿੰ ਬਜਾਈ'।
ਫਿਰ ਸੁਨਜੋ ਸ਼ਾਹਿਮਨ ਕਰਜੋ ਕ੍ਰੋਧ। 'ਅਗੈ ਨ ਜਾਵੈਂ ਇਨ ਬਿਨ ਸੋਧ'।੧੪।
ਨ੍ਵਾਬ ਕਹੈ 'ਇਹੁ ਕਰਤ ਬਧਾਈ। ਤੁਮਰੋ ਹੁਕਮ ਭਯੋ ਈਹਾਂ ਆਈ'।
ਸ਼ਾਹੁ ਕਹੈ 'ਮੈਂ ਮੰਨੋਂ ਨ ਬਾਤ। ਬਿਨ ਮਾਰੇ ਮੈਂ ਅਗੈ ਨ ਜਾਤ।੧੫।
ਹਮ ਕੋ ਤੋ ਇਹ ਮਜਾਖਨ ਕਰੈਂ। ਹਮ ਦੇਵੈਂ ਉਸ ਬਦਲੈ ਸਰੈ'।
ਤਬੈ ਰੁਹੇਲੇ ਖੋਲ ਸੁਨਾਈ। 'ਹਮਤੇ ਇਹੁ ਗੜ੍ਹ ਮਾਰਜੋ ਨ ਜਾਈ।੧੬।

ਦੋਹਰਾ: ਬਹੁਤ ਖਰਚ ਯਾ ਮਾਂਹਿ ਹੈ ਸਿਪਾਹਿ ਸੁ ਕਈ ਹਜ਼ਾਰ।
ਬਰਸ ਬਾਰਾਂ ਲੌ ਫਸ ਰਹੈਂ ਤੌ ਫਿਰ ਹੋ ਹੈ ਮਾਰ'।੧੭।

ਚੌਪਈ: ਯੌ ਸੁਨ ਸ਼ਾਹਿ ਸੁ ਗੁੱਸੋ ਖਾਯੋ। 'ਹਿੰਦੁਸਤਾਨ ਮੈਂ ਕਾਹੇ ਆਯੋ।
ਜੌ ਹਮ ਪੈ ਨਹੀਂ ਏਤੀ ਸ਼ਕਤ। ਹੁਇ ਪਤਿਸ਼ਾਹੀ ਹਮ ਤੇ ਕਦ ਤਕ।੧੮।
ਗੜ੍ਹ ਮਾਰਨ ਗਤ ਬਿਦਜਾ ਨ ਜਾਨੈਂ। ਕਿਮ ਹਮ ਰਾਖੈਂ ਬ੍ਰਿੱਧ ਸਯਾਨੇ'।
ਗੜ੍ਹ ਮਾਰਨ ਸ਼ਕਤਿ ਕਿਤਾਬ ਮੰਗਾਈ। ਗੜ੍ਹ ਕੀ ਨਕਲ ਸਭ ਲਈ ਲਿਖਾਈ।੧੯।
ਦੋਨੋ ਕੀ ਉਨ ਜੁਗਤ ਰਲਾਇ। ਸੋ ਗੜ੍ਹ ਮਾਰਨ ਗਤਿ ਲਈ ਪਾਇ।
ਮੂਛਨ ਪਰ ਤਿਨ ਦੀਨੰ ਤਾਉ। ਕਹਜੋ 'ਨਗਾਰਾ ਦੇਹੁ ਬਜਾਇ'।੨੦।
ਔਰ ਤੁਰਕਨ ਘਰ ਪਰ ਗਜੋ ਸੋਗ। 'ਕੀਓ ਸ਼ਾਹਿ ਨੈ ਬਡੋ ਅਜੋਗ'।
ਸ਼ਾਹਿ ਮਥੀ ਗੜ੍ਹ ਸੋਊ ਲੜਾਈ। ਸ਼ਾਹਿ ਜੰਤ੍ਰ ਮੈਂ ਥੀ ਬਿਧਿ ਆਈ।੨੧।

Sri Satguru Jagjit Singh Ji eLibrary NamdhariElibrary@gmail.com

ਆਠ ਦਿਨਨ ਮੈਂ ਮਰਤ ਜਿਮ ਸੋਇ। ਹੁਇ ਅਸ਼੍ਰਧਾਤੀ ਕੰਧਹਿਂ ਜੋਇ।
ਕਰੈ ਨ ਗੋਲਾ ਖਤ ਤਿਹ ਤਾਂਈ। ਮੁਰੰਗ ਲਗੈ ਨਹਿਂ ਕਿਤੇ ਸੁਦਾਈ।੨੨।

ਦੋਹਰਾ: ਫੇਰ ਜੋੜ ਕੇ ਤੁਰਕ ਹਥ ਸ਼ਾਹੁ ਸੁ ਰਹੇ ਟਲਾਇ।
'ਅਗਜੋਂ ਆਗਰੋ ਮਾਰਿਕੈ ਫੇਰ ਘੇਰੈਂਗੇ ਆਇ'।੨੩।

ਚੌਪਈ: ਸ਼ਾਹਿ ਤਿਨੈ ਕੀ ਏਕ ਨ ਮਾਨੀ। ਸ਼ਾਹੁ ਹੁਤੋ ਥੋ ਜੰਤਰ ਗਜਾਨੀ।
'ਇਸ ਮਾਰੈਂ ਤੇ ਆਗਰੋ ਛੁੱਟੈ। ਇਸ ਛੱਡੇ ਹਮ ਆਗਰੋ ਨ ਤੁੱਟੈ'।੨੪।

ਦੋਹਰਾ: ਸ਼ਾਹੁ ਜੰਤ੍ਰ ਕੇ ਜੋਰ ਤੇ ਦਿਲ ਸ਼ਾਹਿ ਹੁਤੋ ਹੁਲਾਸ।
ਚੌਤਰਫੇ ਮੁਰਚੇ ਵੰਡ ਦਏ ਲਾਯੋ ਡੇਰਾ ਇਕ ਪਾਸ।੨੫।

ਚੌਪਈ: ਮੱਧ ਕਿਲੇ ਥੋ ਰਾਜੇ ਮਾਮਾ। ਰਾਇ ਮੱਲ ਥੋ ਉਸ ਜਟ ਕੋ ਨਾਮਾ।
ਮੱਧ ਕਿਲੇ ਬੇਗ਼ਮ ਹੁਇ ਸੋਵੈ। ਚਾਰੋਂ ਤਰਫ ਲੜਾਈ ਹੋਵੈ।੨੬।
ਅੰਦਰੋਂ ਤੋਪਨ ਕੀ ਸ਼ਲਕ ਚਲਾਵੈਂ। ਬਾਹਰੋਂ ਤੋਪ ਸੁ ਢੁਕਨ ਨ ਪਾਵੈ।
ਸੁਰੰਗ ਪਟੈਂ ਜਲ ਨਿਕਸ ਸੁ ਆਵੈ। ਇਸ ਕਰ ਜੰਤ੍ਰਨ ਲਗੈ ਨ ਦਾਵੈ।੨੭।
ਬਹੁ ਨਬਾਬ ਕੋ ਚਿੰਤਾ ਪਰੀ। 'ਕਰੀ ਪਤਿਸ਼ਾਹਿ ਕਿਮ ਅਪਨੀ ਅਰੀ'।
ਫੇਰ ਕਹੈਂ 'ਅਕਥਕ ਉਠ ਜਾਉਗੁ। ਈਹਾਂ ਨਹੀਂ ਇਹ ਫਤੇ ਸੁ ਪਾਉਗੁ'।੨੮।

ਦੋਹਰਾ: ਇਸੀ ਭਾਂਤ ਦਿਨ ਸਾਤ ਕੁ ਲੌ ਹੋਇ ਨਬਾਬ ਇਕਤ੍ਰ ਆਇ।
ਪੂਛਤ ਭਏ ਸੁ ਸ਼ਾਹਿ ਕੋ 'ਹਮ ਕੋ ਇਤੀ ਬਤਾਇ।੨੯।

ਚੌਪਈ: ਕੌਨ ਭਾਂਤਿ ਤੇ ਇਹ ਗੜ੍ਹ ਤੋੜੈਂ। ਕਿਸ ਉਮੈਦ ਇਹ ਮੁਰਚੇ ਜੋੜੈਂ'।
ਸ਼ਾਹਿ ਕਹੀ 'ਭਲ ਕਹਨ ਨ ਬਾਤ। ਬਾਤ ਬਤਾਈਐ ਲਗੈ ਨ ਘਾਤ।੩੦।
ਮਾਰ ਦਿਖਾਲੋਂ ਮਧ ਦਿਨ ਰਾਤ। ਮੁਖੋਂ ਕਹਿਨ ਨਹਿਂ ਆਛੀ ਬਾਤ'।
ਮੂਰਖ ਲੋਕਨ ਮਨ ਨਹੀਂ ਆਵੈ। ਕਹੈਂ 'ਸ਼ਾਹ ਹਮ ਇਮ ਪਰਚਾਵੈ'।੩੧।
ਯੌ ਕਹਿ ਸ਼ਾਹ ਸੁ ਕਰੀ ਸਵਾਰੀ। ਸਾਥ ਲਏ ਨਹਿਂ ਸ੍ਵਾਰ ਦੁਇ ਚਾਰੀ।
ਛਤ੍ਰੀ ਪਖੋ ਡਾਰਯੋ ਜਾਨ। ਫਿਰ ਚੌਤਰਫੇ ਹੁਇ ਅਨਜਾਨ।੩੨।
ਦੇਖੀ ਜਗਾ ਉਨ ਉੱਚੀ ਨੀਚ। ਬਿਧਿ ਰਾਖੀ ਸਭ ਦਿਲ ਕੇ ਬੀਚ।
ਆਇ ਲਏ ਸਰਦਾਰ ਬੁਲਾਇ। ਦਏ ਮੋਰਚੇ ਨੇੜੈ ਕਰਾਇ।੩੩।
ਦਿਨੈ ਦੇਵੈ ਫਿਰ ਪਿਛੈ ਹਟਾਇ। ਰਾਤ ਦੂਰ ਕਦ ਨੇੜੇ ਕਰਾਇ।
ਇਸ ਬਿਧ ਉਨਕੋ ਬਹੁ ਭਰਮਾਵੈ। ਉਨਕੈ ਦਿਲ ਕਛੁ ਗ਼ਮ ਨਹਿਂ ਆਵੈ।੩੪।

ਦੋਹਰਾ: ਇਹੀ ਖਿਪੀ ਤਿਹ ਕਰਤ ਹੀ ਆਈ ਰਾਤ ਹਨੇਰ।
ਬੁਲਾਏ ਅਪਣੇ ਸਰਦਾਰ ਸਭ ਦਯੋ ਹੁਕਮ ਯੌਂ ਫੇਰ।੩੫।

ਚੌਪਈ: 'ਕਿਲੇ ਊਚੋ ਥੋ ਹਾਥ ਸੁ ਤੀਸ। ਕੰਧ ਬਨਾਵੌਂ- ਹਾਥ ਚਲੀਸ'।
ਊਚੀ ਦੇਖ ਆਯੋ ਥੋ ਜਗਾ ਜੋਈ। ਤਬਹਿ ਬਤਾਈ ਉਨਕੋ ਸੋਈ।੩੬।

Sri Satguru Jagjit Singh Ji eLibrary NamdhariElibrary@gmail.com

ਏਕ ਰਾਤ ਮੇਂ ਸੋ ਕਰ ਲਈ। ਉਸ ਕੀ ਬਿਧ ਨਹਿੰ ਈਹਾਂ ਬਤਈ।
ਚਹੀਯਤ ਹੈ ਯਹਿ ਗੋਪ ਰਖਾਈ। ਨਿਫਲ ਹੋਤ ਹੈ ਬਹੁਤ ਸੁਨਾਈ।੩੭।

ਦੋਹਰਾ: ਸਭੀ ਜੁਗਤ ਮੈਂ ਕਹੌਂਗਾ ਦੁਗਸਤ ਕੇ ਮਾਂਹਿ।
ਸ਼ਾਹਿ ਜੰਤ੍ਰ ਜਿਹ ਬਿਧ ਰਚਜੋ ਕੋਇਲ ਗੜ੍ਹ ਜਿਮ ਸ਼ਾਹਿ।੩੮।
ਪ੍ਰਾਤ ਹੋਤ ਉਨ ਦੇਖਿਓ ਭਯੋ ਅਚੰਭੋ ਬਾਤ।
'ਪਰਬਤ ਕੋ ਇਟਾਂ ਧਰ ਗਯੋ ਹੈ ਹਨੂਮਾਨ ਇਨ ਸਾਥ'।੩੯।

ਚੌਪਈ: ਅਧੀ ਲੜਾਈ ਦੇਖਤ ਹਾਰੇ। ਉਪਰ ਚੜ੍ਹਾਏ ਭਾਂਡੇ ਸਾਰੇ।
ਸਾਠ ਤੋਪ ਤਿਸ ਉਪਰ ਚੜ੍ਹਾਈ। ਆਠ ਗੁਬਾਰੇ ਦਏ ਲਗਾਈ।੪੦।
ਜੰਬੂਰੇ ਪੰਜ ਸੈ ਦਏ ਚੜ੍ਹਾਇ। ਕਈ ਹਜ਼ਾਰ ਬੰਦੂਕ ਦਈ ਲਾਇ।
ਦਈ ਛਲਕ ਬਹੁ ਬਾਨਨ ਕੇਰੀ। ਹੁਇ ਗਈ ਦਿਨ ਤੇ ਰਾਤ ਹਨ੍ਹੇਰੀ।੪੧।

ਦੋਹਰਾ: ਗੋਲੇ ਬਾਨ ਔ ਤੀਰ ਸੋਂ ਮਧ ਅਗਨ ਦਈ ਬਹੁ ਫੂਕ।
ਛੁਰੀਆਂ ਬੁਰੀਆਂ ਤਿੱਖੀਆਂ ਮਾਰੈਂ ਹਥ ਸੋਂ ਚੂਕ।੪੨।

ਚੌਪਈ: ਅਸਮਾਨੋਂ ਬਿਜਲੀ ਜਨੁ ਪਰੈ। ਅੰਦਰ ਲੋਕ ਸਭ ਸਹਸੇ ਭਰੈ।
ਜ਼ਹਰ ਬਾਨਨ ਕੀ ਜੁਗਤ ਲਗਾਈ। ਆਂਖਨ ਤੇ ਕੀਏ ਅੰਧੇ ਬਨਾਈ।੪੩।
ਕੁਹਕ ਬਾਨਨ ਸਜੋਂ ਅਗਨ ਲਗ ਗਈ। ਅੰਦ੍ਰਨ ਕੋ ਬਹੁ ਚਿੰਤਾ ਭਈ।
ਉਪਰ ਤੋਪ ਉਨ ਥੀ ਜੋ ਚੜ੍ਹਈ। ਸੋ ਹੀ ਬੰਦੂਕਨ ਠਹਿਰ ਨ ਦਈ।੪੪।
ਤਰਫ ਚੌਖੀਓਂ ਮੁਰਚੇ ਚੁਕਾਏ। ਕਹਜੋ 'ਨ ਮਾਰੋ ਜੋ ਨਠ ਜਾਏ'।
ਬਹੁਤ ਗਏ ਭਜ ਜਾਨ ਤਰਾਸ। ਸਭ ਨੇ ਭੱਜਨ ਕੀਨੀ ਆਸ।੪੫।

ਦੋਹਰਾ: ਸਾਬਤ ਥੋੜੇ ਰਹਿ ਗਏ ਫਟੇ ਜਲੀ ਬਹੁ ਦੇਹ।
ਲਰਨ ਭਿਰਨ ਸਭ ਭੁਲ ਗਯੋ ਭਯੋ ਅਚੰਭੋ ਏਹ।੪੬।

ਚੌਪਈ: ਤਬ ਬਿਚਲਨ ਨੇ ਖਾਤਾਂ ਪਾਈ। 'ਜਾਨ ਦਿਹੋ ਹਮ ਕੋ ਇਕ ਦਾਈ'।
ਸ਼ਾਹੁ ਕਹਜੋ 'ਤੁਮ ਦੀਨੋ ਰਾਹੁ। ਨਿਕਲ ਜਾਹੁ ਤੁਮ ਹੁਇ ਇਕ ਦਾਹਿ।੪੭।
ਅੱਧੀ ਰਾਤ ਕਿਲਾ ਛਡ ਗਏ। ਜਾ ਜਮਨਾਂ ਢਿਗ ਠਾਂਢੇ ਭਏ।
ਆਗੇ ਰਾਜੇ ਘਲੇ ਹਲਕਾਰੇ। 'ਮਾਮੋ ਲਗੈ ਨ ਮੂੰਹ ਹਮਾਰੇ'।੪੮।
ਸੋ ਜਾਮਨਾਂ ਮਧ ਮਰ ਗਯੋ ਕੂਦ। ਬਡੀ ਧਾਰ ਮਹਿੰ ਬਹਿ ਗਯੋ ਬੂਡ।
ਰਾਇ ਮਲ ਥੋ ਤਿਸ ਕੋ ਨਾਮ। ਸੂਰਜ ਮਲ ਕੋ ਸਾਲੋ ਥਾਮ।੪੯।

ਦੋਹਰਾ: ਤਬੈ ਆਗਰੋ ਛੁਟ ਗਯੋ ਜੱਟ ਭਯੋ ਬਹੁ ਥਰਥੱਲ।
ਕਾਬਲੀ ਹਿੰਦ ਸੁ ਆ ਵੜਜੋ ਦੱਖਣ ਗਈ ਸੁ ਗੱਲ।੫੦।

ਚੌਪਈ: ਦਖਣੋਂ ਤਿੰਨ ਲਖ ਘੋੜੀ ਆਈ। ਆਇ ਪਾਨੀਪਤ ਕਰੀ ਲੜਾਈ।
ਛੇ ਲਖ ਤੁਰਕ ਇਕੱਠੇ ਹੋਯੋ। ਮਰਹਟੇ ਕੋ ਕਛੁ ਸਕੈ ਨ ਖੋਯੋ।੫੧।

Sri Satguru Jagjit Singh Ji eLibrary NamdhariElibrary@gmail.com

ਤਬ ਮਨਸੂਬਾ ਤੁਰਕਨ ਕੀਆ। ਕਸਮ ਧਰਮ ਕਰ ਜਟ ਪਾੜ ਲੀਆ।
ਜੱਟ ਫਟਜੋ ਜਦ ਮਰਹਟੇ ਫਾਰੇ। ਇਸ ਬਿਧ ਸਭਨ ਸੁ ਮਰਹਟੇ ਮਾਰੇ।੫੨।
ਦਿੱਲੀ ਲੀਨੀ ਸ਼ਾਹਿ ਛੁਡਾਈ। ਨਜੀਬ ਖਾਨ ਰੁਹੇਲੋ ਦੀਓ ਵੜਾਈ।
ਸੂਹੰਦ ਮੈਂ ਦੀਨੋਂ ਜੈਨਾ ਵਾੜ। ਵੜਿਓ ਸ਼ਾਹਿ ਲਹੌਰਹਿ ਤਾੜ।੫੩।
ਮੁਲਤਾਨ ਭਖਰ ਕੇ ਟਕੇ ਚਲ ਆਵੈਂ। ਕਸ਼ਮੀਰ ਪਹਾੜਨ ਨਾਂਹਿ ਅੜਾਵੈਂ।
ਬਹੁਤ ਸ਼ਾਹੁ ਮਨ ਜਰਬਾ ਆਯਾ। ਆਇ ਡੇਰਾ ਤਿਨ ਅੰਮ੍ਰਿਤਸਰ ਪਾਯਾ।੫੪।
ਬਾਤ ਅਬੈ ਸਿੰਘਨ ਪਰ ਆਈ। ਸੋਈ ਸੁਨੋਂ ਤੁਮ ਚਿੱਤ ਲਗਾਈ।
ਬਾਤ ਪੁਰਾਤਨ ਜਿਮ ਸੁਨ ਲਈ। ਰਤਨ ਸਿੰਘ ਲਿਖ ਸਾਖੀ ਠਈ।੫੫।

ਦੋਹਰਾ: ਸਾਲ ਅਠਾਰਾਂ ਸੈ ਬਿਤੇ ਪੁਨਹਿ ਅਠਾਰੈ ਲਾਇ।
ਐਸੀ ਬਿਧਿ ਪਾਛੇ ਭਈ ਸੁਨੋ ਸੁ ਆਗੈ ਆਇ।੫੬।

ਸਾਖੀ ਘੱਲੂ ਘਾਰੇ ਮਲੇਰ ਔ ਕੁਪਰਹੀੜੈ ਕੀ ਤੁਰੀ

੧੬੮. [ਵੱਡਾ ਘੱਲੂ ਘਾਰਾ, ਕੁਪਰਹੀੜੇ]

ਕੁੰਡਲੀਆ: ਸੁਨੋ ਬਾਤ ਅਬ ਸਿੰਘਨ ਕੀ ਕਰੀ ਸ਼ਾਹਿ ਜਿਮ ਕੂਟ।
ਕੂਟਤ ਮਾਰਤ ਸੋ ਥਕਜੋ ਖਾਲਸੈ ਭਯੈ ਅਖੂਟ।
ਖਾਲਸਾ ਭਯੋ ਅਖੂਟ ਨਦੀ ਜਿਮ ਸੁੰਮੋਵਾਣੀ।
ਅਗਲੇ ਆਗੈ ਤੁਰੇ ਔਰ ਝਬ ਆਵੈ ਪਾਣੀ।
ਸਤਿਗੁਰ ਵਧਾਯਾ ਖਾਲਸਾ ਸਭ ਆਖ ਉਚਾਰੇ।
ਜੋ ਦੁਸ਼ਮਨ ਥੇ ਖਾਲਸੈ ਸੋ ਥੋਹਰ ਜਿਉਂ ਗਾਰੇ।੧।

ਦੋਹਰਾ: ਟਬਰ ਬਹਾਲੇ ਮਾਲਵੇ ਚੜ੍ਹ ਲੂਟਤ ਫੌਜ ਸੁ ਖਾਹਿ।
ਆਗੇ ਪਾਛੈ ਰਾਤ ਦਿਨ ਦੌੜ ਸੁ ਸ਼ਾਹਿ ਅਕਾਹਿੰ।੨।
ਕਿਲਾ ਹੁਤੋ ਜੋ ਥੋ ਕੀਓ ਤਿਹ ਮੱਧ ਉਤਰਿਓ ਸ਼ਾਹਿ।
ਅੰਮ੍ਰਿਤਸਰ ਭਲ ਜੋ ਜਗਾ ਲਾਗੇ ਦੇਨ ਗਿਰਾਇ।੩।

ਚੌਪਈ: ਤਾਲ ਮੱਧ ਦਈ ਲਿੱਦ ਗਿਰਾਇ। ਜੌ ਬੀਜੇ ਜਾਉ ਖੂਦ ਚਰਾਇ।
ਮੱਧ ਹਰਮੰਦਰ ਢਾਹ ਤਿਨ ਦਯੋ। ਤਿਹ ਦਾਰੂ ਕੁਪੇ ਚਿਣਾਵਤ ਭਯੋ।੪।
ਦੀਨੀ ਤਿਨਕੋ ਅਗਨ ਲਗਾਂਇ। ਉਡੀ ਇਟ ਊਹਾਂ ਪਹੁੰਚੀ ਜਾਇ।
ਲਗੀ ਨੱਕ ਕੇ ਊਪਰ ਸਾਇ। ਹੋਇ ਨ ਚੰਗਾ ਰੋਗੀ ਕਹਾਇ।੫।
ਤੌ ਲਹੌਰ ਕੇ ਤੁਰ ਪਜੋ ਰਾਹਿ। ਲਹੌਰ ਤਖਤ ਪੈ ਬੈਠਜੋ ਜਾਇ।
ਲਗੋ ਸਿੰਘਨ ਕੋ ਚੁਨ ਚੁਨ ਮਾਰਨ। ਬਹੁਤ ਖੋਟੇ ਉਨ ਕੀਨੇ ਕਾਰਨ।੬।

ਦੋਹਰਾ: ਬਹੁਤ ਸਿੰਘ ਮਾਲਵੇ ਵੜੇ ਕਿਤਕੁ ਰਹੇ ਵੜ ਝੱਲ।
ਲੂਟੇ ਸੁ ਕਾਬਲ ਰਾਹਿ ਕੋ ਲਹੌਰ ਸੁ ਗਿਲਜਨ ਚੱਲ।੭।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸ਼ਾਹਿ ਸਿੰਘਨ ਨੇ ਬਹੁਤ ਅਕਾਯਾ। ਢੂੰਡਨ ਸਿੰਘਨ ਦਸਤਾ ਚੜ੍ਹਾਯਾ।
ਸੋ ਦਸਤੋ ਸਿੰਘਨ ਲਯੋ ਲੂਟ। ਰਾਤ ਦਿਵਸ ਮਹਿਂ ਕਰਤੇ ਛੂਟ।੮।
ਗਿਲਜੇ ਮੂਧੇ ਹੋਕੈ ਪਾਵੈਂ। ਸਿੰਘ ਘੋੜੇ ਚੜ ਲੈ ਨਠ ਜਾਵੈਂ।
ਸ਼ਾਹਿ ਸੁਨੀ ਯੌਂ ਬਹੁਤ ਰਿਸਾਯਾ। ਸਿੰਘਨ ਉਪਰ ਕਰਨ ਚਹੇ ਧਾਯਾ।੯।
ਸ਼ਾਹੁ ਕਹੇ 'ਚੜ੍ਹ ਜੰਗਲ ਦੌੜੈਂ'। ਬਜੀਰ ਕਹੀ 'ਹਮ ਦੌੜ ਹੋਹਿਂ ਹੌਰੇ।
ਮਝੈਲ ਸਿੰਘ ਉਹਾਂ ਕਈ ਹਜ਼ਾਰ। ਚੰਗੇ ਘੋੜੇ ਔ ਬੰਦੂਖਨ ਵਾਰ।੧੦।
ਬਿਨ ਪਾਨੀ ਹਮ ਮਰੈਂ ਪਿਆਸੇ। ਹਮ ਕੋ ਮਾਰੈਂ ਦੇ ਕੈ ਤ੍ਰਾਸੇ।
ਉਹ ਹੈਂ ਭੂਮੀਏਂ ਹਮ ਪਰਦੇਸੀ। ਰਲ ਮਾਰੈਂ ਹਮ ਉਨ ਕੌ ਖੇਸੀ'।੧੧।

ਦੋਹਰਾ: ਕੁੜ੍ਹੈਂ ਰੁੜ੍ਹੰ ਚਿੰਤਾ ਜੁੜੈਂ ਸੋਚੈਂ ਯੌਂ ਪਛੁਤਾਇ।
'ਦੱਖਣ ਪੂਰਬ ਮੈਂ ਲੁਟੀ ਸੁਧ ਸਿੰਘਨ ਦਈ ਰਾਵਾਇ'।੧੨।

ਚੌਪਈ: ਵਹਿ ਮੂਰਖ ਯੌਂ ਲਖੈਂ ਨ ਬਾਤ। ਪੰਥ ਬਲੀ ਕੋ ਹੋ ਕਿਮ ਘਾਤ।
ਦਸ ਪਤਿਸ਼ਾਹੀ ਲੜਤ ਬਿਤਾਈ। ਇਨਕੀ ਜੜ੍ਹ ਨਿਤ ਹੋਵੈ ਸਾਈ।੧੩।
ਲੜਤੇ ਮਰਤੇ ਵਧਤੇ ਜਾਹਿਂ। ਮੂਲੋਂ ਕਿਸ ਤੇ ਨਾਂਹਿ ਖਪਾਹਿਂ।
ਜਿਮ ਕਾਟੇ ਤੇ ਫਲੇ ਗੁਲਾਬ। ਤਿਮ ਇਹ ਵਾਧੈਂ ਪਾਇ ਅਜ਼ਾਬ।੧੪।

ਦੋਹਰਾ: 'ਸਿੰਘ ਮਾਲਵੇ ਵੜ ਰਹੈਂ ਲੈ ਪਲਜੋਂ ਖਰੀਦ ਸੁ ਖਾਹਿਂ।
ਬਿਨ ਲੂਟੇ ਹਮ ਕਿਉਂ ਬਚੈਂ' ਯੌਂ ਮਿਲ ਕਰੈਂ ਸਲਾਹਿ।੧੫।

ਚੌਪਈ: ਮਿਲ ਖਾਲਸੇ ਦੀਵਾਨ ਲਗਾਯਾ। ਚੜ੍ਹਨੇ ਕੋ ਸਭ ਉਦਮ ਕਰਾਯਾ।
ਲੁਟਣ ਖਾਨ ਕੋ ਡੇਰਾ ਤੁਰਾਯਾ। ਸਰਹੰਦ ਗਿਰਦ ਚੜ੍ਹ ਸ਼ੋਰ ਮਚਾਯਾ।੧੬।
ਜੈਨਾਂ ਘੇਰ ਵਿਚ ਸ਼ਹਿਰ ਵੜਾਯੋ। ਡੇਰਾ ਮੋੜ ਮਲੇਰ ਢਿਗ ਲਾਯੋ।
ਕੋਈ ਕਹੇ 'ਲਿਹੋ ਮਲੇਰਸੁ ਮਾਰ। ਨਿਤ ਨਿਤ ਕੀ ਹੁਇ ਅਲਖ ਬਿਡਾਰ'।੧੭।
ਕੋਊ ਕਹੈ 'ਯਿਹ ਮਰੈਂ ਅਬਾਹੀ'। ਕੋਊ ਕਹੈ 'ਯਿਹ ਮਰਤੀ ਅਬ ਨਾਹੀਂ।
ਗੁਰ ਬਚਨੀ ਭਈ ਰੱਛਜਾ ਯਾਹੀਂ'। ਸੋਊ ਬਾਤ ਉਹਾਂ ਬਨ ਆਈ।੧੮।

ਦੋਹਰਾ: ਜਬੈ ਪਠਾਣਨ ਇਮ ਸੁਨੀ ਯੌਂ ਸਿੰਘਨ ਕੀਨ ਸਲਾਹਿ।
ਲਜਾਏ ਜ਼ੈਨੇ ਸ੍ਰਹੰਦ ਤੇ ਰਾਤੋ ਰਾਤ ਦੁੜਾਇ।੧੯।

ਚੌਪਈ: ਔਰ ਸ਼ਾਹ ਪੈ ਗਏ ਹਲਕਾਰੇ। 'ਸਿੰਘ ਆਏ ਹੈਂ ਦਾਇ ਹਮਾਰੇ।
ਹਮ ਇਤ ਵਲ ਤਿਹ ਰਾਖੈਂ ਘੇਰ। ਤੁਮ ਇਨ ਮਾਰੋ ਹੋਤ ਸਵੇਰ।੨੦।
ਹਮ ਤੁਮ ਮਿਲ ਇਨ ਜਾਨ ਨ ਦੇਹਿਂ। ਏ ਕਾਰਜ ਹਮ ਬਰਸੈਂ ਮੇਹਿਂ'।
ਯੌ ਸੁਨ ਸ਼ਾਹਿ ਲਹੌਰੋਂ ਚੜ੍ਹਿਓ। ਡੇਰਾ ਆਨ ਜੰਡਯਾਲੇ ਕਰਿਓ।੨੧।
ਦੂਜੋ ਕਰਾ ਤਲਵਨ ਕੈ ਪਾਹਿ। ਸਿੰਘਨ ਕੋ ਕਛੁ ਖਬਰ ਨ ਆਹਿ।
ਸਿੰਘਨ ਡੇਰਾ ਕੂਚ ਕਰਾਯਾ। ਰਾਇਪੁਰੋਂ ਗੁੱਜਰਵਾਲ ਤਕਾਯਾ।੨੨।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸ਼ਾਹ ਹਲਕਾਰੇ ਘਲ ਸੱਦੇ ਜ਼ੈਨਾਂ ਔਰ ਪਠਾਨ।
'ਸਵੇਰੇ ਹਮ ਤੁਮ ਰਲ ਪਵੈਂ ਮਾਰੈਂ ਸਿੰਘਨ ਪਛਾਨ'।੨੩।

ਚੌਪਈ: ਸੋਊ ਬਾਤ ਤਿਨ ਪ੍ਰਾਤੇ ਕਰੀ। ਆਈ ਖਾਲਸੇ ਖੋਟੀ ਘਰੀ।
ਸਿੰਘ ਤੁਰੇ ਵਲ ਸੋਈ ਦਰਿਆਇ। ਅਗਿਓਂ ਆਇਓ ਅਹਮਦਸ਼ਾਹ।੨੪।
ਲਾਲ ਲਾਲ ਉਸ ਦਿੱਸੈ ਬਾਣਾ। ਸਿੰਘਨ ਕੇਸੂ ਫੂਲੇ ਜਾਣਾ।
ਜੇ ਹੋਤੇ ਥੇ ਸਿੰਘ ਸਿਆਨੇ। ਗਿਲਜੇ ਆਵਤ ਉਨ੍ਹੈਂ ਪਛਾਨੇ।੨੫।
ਠਠਕ ਸਿੰਘ ਤਹਿੰ ਗਏ ਖਲੋਇ। ਤੌ ਲੌ ਆਯੋ ਚਾਨਨ ਹੋਇ।
ਆਇ ਗਿਲਜਨ ਨੇ ਘੋੜੇ ਰਲਾਏ। ਸਿੰਘਨ ਨਹਿੰ ਥੇ ਤੋੜੇ ਲਾਏ।੨੬।
ਤੀਰ ਤਲਵਾਰਨ ਭਈ ਲੜਾਈ। ਪਰੇ ਅਚਾਨਕ ਉਹ ਥੇ ਆਈ।
ਤੌ ਭੀ ਸਿੰਘ ਸੁ ਖੜ ਖੜ ਲੜੈਂ। ਦੀਨ ਮਜ਼ਹਬ ਕਰ ਜੁੱਧਹਿ ਅੜੈਂ।੨੭।

ਦੋਹਰਾ: ਲੁੱਟਨ ਖੋਸਨ ਜੋ ਗਏ ਰਲੇ ਸੁ ਗਿਲਜਨ ਜਾਇ।
ਤਿਨ ਕੀ ਸ਼ਾਮਤ ਆ ਪਈ ਤੇ ਉਨ ਦਏ ਖਪਾਇ।੨੮।

ਚੌਪਈ: ਲਰੋ ਖਾਲਸੋ ਕਰਨ ਲਰਾਈ। ਮੂਹਰਜੋਂ ਦੋਨੋਂ ਬਹੀਰ ਮੁੜਾਈ।
ਸਿਰ ਮੁਹਰੀਅਨ ਕੈ ਪਰੀ ਲੜਾਈ। ਬਹੁਤ ਮਾਰ ਉਨ ਸਿੰਘਨ ਖਾਈ।੨੯।
ਮੁੜ ਮੁੜ ਸਿੰਘ ਇਕੱਤਰ ਭਏ। ਗਿਲਜਨ ਸੌਂ ਸਿੰਘ ਲੜਨੇ ਡਹੇ।
ਬੰਦੂਕ ਕਮਾਨ ਨੇਜੋ ਤਲਵਾਰ। ਲਗੀ ਦੁਤਰਫੀਂ ਹੋਵਨ ਮਾਰ।੩੦।
ਹਰੌਲ ਸਿੰਘਨ ਤੇ ਲਭਜੋ ਸੰਭਾਰ। ਸ੍ਰਦਾਰਨ ਮਿਲ ਤਬ ਕੀਓ ਬਿਚਾਰ।
'ਕਰੋ ਬਹੀਰ ਅਬ ਮਾਲਵੇ ਵੱਲ'। ਵਕੀਲ ਮਲਵੱਯਨ ਕਹੀ ਸੱਦ ਗਲ।੩੧।
'ਚਲੋ ਮੁਹਰੇ ਲਗ ਅਪਨੇ ਦੇਸ਼। ਵਹੀਰ ਚਲੋ ਲੈ ਮੁਹਰੇ ਬੇਸ'।
ਵਕੀਲ ਭਾਈ ਕਾ ਦਰਾਜ ਮੁਵਾਰਾ। ਨਾਮ ਸੰਗੂ ਸਿੰਘ ਗੁਰੂ ਪਿਆਰਾ।੩੨।
ਦੂਜੇ ਆਲਾ ਸਿੰਘ ਕੌ ਕੁਤਵਾਲ। ਨਾਮ ਸੇਖੂ ਸਿੰਘ ਹੰਬਲ ਵਾਲ।
ਬੁੱਢੇ ਸਿੰਘ ਭਾਈ ਕੋ ਤੀਓ। ਗਿਣ ਖਾਲਸੇ ਸੋ ਮੁਹਰੇ ਕੀਓ।੩੩।

ਦੋਹਰਾ: ਤਿਨ ਨੇਜਨ ਕਪੜੇ ਬੰਧੇ ਬੈਰਕ ਜਿਵ ਕਰ ਲੀਨ।
ਵਹੀਰ ਮਗਰ ਤਿਨ ਹੁਇ ਤੁਰਜੋ ਮਾਲਵੇ ਵੱਲ ਜ਼ਮੀਨ।੩੪।

ਚੌਪਈ: ਕਹੈਂ ਮਲਵਈ 'ਹਮ ਮਗਰੇ ਆਯੋ'। ਊਚੇ ਕਹਿ ਕਹਿ ਬੋਲ ਸੁਨਾਯੋ।
ਬਹੀਰ ਮਲਵੱਯਨ ਮਗਰ ਲਗ ਤੁਰਾ। ਗਿਲਜੇ ਹਰੌਲ ਸਿੰਘ ਕੀਓ ਖਰਾ।੩੫।

ਦੋਹਰਾ: ਬਹੀਰ ਕੋਸ ਦੁਇ ਤਿੰਨ ਗਯੋ ਤੌ ਆਗੇ ਪਰੇ ਰਿਪੁ ਔਰ।
ਜੈਨਾ ਅਤੇ ਮਲੇਰੀਏ ਮਾਰੇ ਉਨ੍ਹੈਂ ਬਹੁ ਦੌਰ।੩੬।

ਚੌਪਈ: ਬਹੀਰ ਗਯੋ ਥੋ ਸੁੰਨੋਂ ਤੋਊ। ਹੁਤੋ ਸ੍ਰਦਾਰ ਨ ਉਨ ਸੰਗ ਕੋਊ।
ਅਗਜੋਂ ਬਹੀਰ ਉਨ ਲੀਨੋ ਘੇਰ। ਜਿਮ ਅੱਯੜ ਮੇਂ ਵੜ ਗਜੋ ਸ਼ੇਰ।੩੭।

Sri Satguru Jagjit Singh Ji eLibrary NamdhariElibrary@gmail.com

ਬਹੁਤ ਲੋਕ ਉਨ ਕਤਲੈ ਕਰੇ। ਬਚੇ ਬਹੀਰੀਏ ਮੁੜ ਦਲ ਰਲੇ।
ਤਬਹਿ ਖਾਲਸੈ ਕਹਜੋ ਬਿਚਾਰ। 'ਚਲੋ ਵਹੀਰ ਸੰਗ ਕੋਊ ਸਰਦਾਰ'।੩੮।

ਦੋਹਰਾ: ਜੱਸਾ ਸਿੰਘ ਸ਼ਾਮ ਸਿੰਘ ਏਹ ਹੋਤ ਥੇ ਬੰਨੇ ਵਾਲ।
ਤਿਨਕੋ ਸਭ ਸਿੰਘਨ ਕਹਜੋ 'ਇਕ ਰਲੌ ਬਹੀਰੈ ਨਾਲ'।੩੯।

ਚੌਪਈ: ਸਭ ਖਾਲਸੇ ਸਿਉਂ ਸ਼ਾਮ ਸਿੰਘ ਕਹਜੋ। 'ਜੈਨੇ ਮਲੇਰੀ ਵੱਲ ਮੈਂ ਰਹਜੋ।
ਤੀਨ ਤਰਫ ਤੁਮ ਸਭੇ ਨਿਬਹਜੋ। ਦੀਨ ਮਜ਼੍ਹਬ ਕੋ ਜੁਧ ਸੰਬਟਜੋ'।੪੦।
ਸੋਊ ਖਾਲਸੇ ਨੇ ਮੰਨ ਲਯੋ। ਤੁਰਤ ਉਨ੍ਹੈਂ ਵਲ ਸ਼ਾਮ ਸਿੰਘ ਗਯੋ।
ਰਹੀ ਮਿਸਲ ਨੌ ਸ਼ਾਹਿ ਸੁ ਵੱਲ। ਤੁਰਜੋ ਸ਼ਾਮ ਸਿੰਘ ਯੌਂ ਕਹਿ ਗੱਲ।੪੧।
ਆਪੋ ਅਪਣੌਂ ਧੌਂਸ ਬਜਾਯੋ। ਨਿਸ਼ਾਨ ਬੈਰਕੀ ਸਾਥ ਰਖਾਯੋ।
ਪਰੈ ਜੋਰ ਫੌਜਨ ਕੋ ਜਹਾਂ। ਰਲ ਮਿਲ ਮਿਸਲ ਪਰਜੋ ਸਭ ਤਹਾਂ।੪੨।

ਦੋਹਰਾ: ਯੌਂ ਕਹਿਕੈ ਸੋ ਜਾ ਲਰਜੋ ਮਲੇਰੀਅਨ ਜੈਨੇ ਸਾਥ।
ਬਹੀਰ ਤੁਰਾਯੋ ਫੇਰ ਉਨ ਗਿਲਜਨ ਦਿਖਾਕੇ ਹਾਥ।੪੩।
ਬੰਦੂਕ ਕਮਾਨਨ ਬਰਛੀ ਫੜ ਤੇਗ ਸੰਭਾਰ ਚਲਾਇ*।
ਮਾਰੇ ਸਿੰਘ ਬਡ ਸੂਰਮੇਂ ਘੋੜੇ ਵਿਚ ਰਲਾਇ।੪੪।

ਚੌਪਈ: ਬਹੀਰੋਂ ਜੈਨਾਂ ਦੂਰ ਹਟਾਯਾ। ਬਹੁ ਗਿਲਜਨ ਸੌਂ ਜੰਗ ਮਚਾਯਾ।
ਲਛਮੀ ਨਰਾਇਣ ਔਰ ਪਠਾਨ। ਮਾਰ ਹਟਾਏ ਕਰ ਘਿਮੇਮਾਨ।੪੫।
ਮਿਸਲ ਸ਼ਾਮ ਸਿੰਘ ਬਹੁ ਸਰਦਾਰ। ਮਾਰ ਰਾਮਜੰਗੇ ਗਿਲਜੇ ਦਏ ਟਾਰ।
ਕਰਮ ਸਿੰਘ ਔ ਕ੍ਰੋੜਾ ਸਿੰਘ। ਨਾਹਰ ਸਿੰਘ ਔ ਬਿੰਡਾ ਸਿੰਘ।੪੬।
ਐਸੇ ਥੇ ਤਹਿੰ ਬਹੁ ਸਰਦਾਰ। ਬਹੀਰੋਂ ਦੀਨੇ ਤੁਰਕ ਨਿਕਾਰ।
ਦੂਰੋਂ ਲਰਤਾ ਜੈਨਾ ਜਾਵੈ। ਕਦੇ ਦੂਰ ਕਦੇ ਢੁਕ ਭੀ ਆਵੈ।੪੭।
ਫੇਰ ਸ਼ਾਮ ਸਿੰਘ ਮਲਵਈ ਬੁਲਾਏ। ਉਸੀ ਤੌਰ ਵਹਿ ਮੁਹਰੇ ਲਾਏ।
ਅਗੇ ਮੂਨੋਂ ਖੜ ਦਲ ਕੀ ਗੱਲ। ਨਠੇ ਭਜੇ ਕਿਤ ਰਹੇ ਅਚੱਲ।੪੮।

ਦੋਹਰਾ: ਤੌ ਚੜ੍ਹ ਸਿੰਘ ਨੇ ਯੌਂ ਕਹਜੋ 'ਮੇਰੀ ਸੁਨੋਂ ਸਲਾਹਿ।
ਜਿਮੈ ਸ਼ਾਹਿ ਤੁੰਮਨ ਰਚੇ ਤਿਮ ਲੜੋ ਤੁਮ ਮਿਸਲ ਬਨਾਇ।੪੯।

ਚੌਪਈ: ਚਾਰ ਮਿਸਲ ਕੋ ਥੱਨੋ ਬਨਾਵੋ। ਦੁਇ ਦੁਇ ਮਿਸਲ ਦੁਤਰਫੀਂ ਲਾਵੋ।
ਜੋਰ ਪਰੈ ਜਿਸ ਬਹੁਤੋ ਆਇ। ਮੈਂ ਜਾ ਕਰੂੰ ਸੁ ਉਸੈ ਸਹਾਇ।੫੦।
ਕਰੋ ਲਰਾਈ ਯੌਂ ਬੰਨ੍ਹ ਬੰਨੇ। ਬਚੈਂ ਨਹੀਂ ਇਨ ਆਗੇ ਭੰਨੇ।
ਇਨ ਕੇ ਘੋੜੇ ਸੌ ਕੋਹੁ ਦੌੜੈਂ। ਪੁਜੈਂ ਨ ਜੰਗਲ ਲੌ ਹਮ ਘੋੜੇ'।੫੧।
ਜਸੈ ਸਿੰਘ ਤੇ ਆਦ ਸਿਆਣੇ। ਤਿਨ ਸੁਣ ਐਸੇ ਬਚਨ ਬਖਾਣੇ:-
'ਮਿਸਲ ਵੰਡ ਅਬ ਕਬਹੁੰ ਨ ਪਾਵੋ। ਰਲ ਮਿਲ ਖੜ ਤੁਰ ਪੰਥ ਬਚਾਵੋ।੫੨।

* ਪਾ:-ਸ਼ਾਮ ਸਿੰਘ ਕੇ ਸਰਕਾਰ ਜੋ ਬਹੁ ਬਰਛੀ ਤੇਗ ਚਲਾਇ।

Sri Satguru Jagjit Singh Ji eLibrary NamdhariElibrary@gmail.com

ਤੁਰਕ ਆਟਾ ਹਮ ਲੂਣ ਸਿਵਾਪੈਂ। ਵਹਿ ਅੰਧੇਰੀ ਹਮ ਬਰੋਲੋ ਸਿਵਾਪੈਂ।
ਤੁਰ ਤੁਰ ਲਰੇ ਔ ਲਰ ਲਰ ਤੁਰੇ। ਬਹੀਰ ਬਚਾਵਨ ਖਾਤਰ ਅੜੇ।੫੩।

ਦੋਹਰਾ: ਚੜ੍ਹ ਸਿੰਘ ਭੀ ਸੋ ਮੰਨ ਲਈ ਕਹੀ ਸਿਆਨਨ ਜੋਇ।
ਖੇੜੇ ਸਿੰਘ ਅੜੇ ਸ਼ੇਰ ਜਿਮ ਗਿਲਜਨ ਆਗੈ ਤੋਇ।੫੪।

ਚੌਪਈ: ਲੜੈਂ ਸਿੰਘ ਪਰਮ੍ਾਰਥ ਜਾਨ। ਟਲੈਂ ਨ ਮਰਨੋਂ ਸਿੰਘ ਸੁਜਾਨ।
ਪੰਥ ਗੁਰੂ ਕੀ ਸਮਝੈਂ ਲਾਜ। ਦੀਨ ਮਜ਼੍ਹਬ ਕੇ ਜੁੱਧੇ ਕਾਜ।੫੫।
ਘੜੀ ਦੋ ਤਿੰਨ ਕੁ ਤਹਿਂ ਸਿੰਘ ਅੜੇ। ਹਰੌਲ ਥੰਮ੍ਹਜੋਂ ਹੁਏ ਥੰਮ੍ਹ ਜਿਮ ਖੜੇ।
ਔਰ ਤੁੰਮਣ ਦੁਇ ਮਗਰੋਂ ਆਏ। ਬਿਲੰਦ ਜਹਾਂਨਾ ਸੂਬੇਦਾਰ ਜੇਤਾਏ।੫੬।
ਤਿਨ੍ਹੈਂ ਦਏ ਸੋ ਸਿੰਘ ਹਲਾਇ। ਜਿਮ ਪਤ ਪਿਪਲ ਪੌਨ ਉਡਾਇ।
ਲੜੈਂ ਨਠੈਂ ਖੜ ਖੜ ਮੁੜ ਲੜੈਂ। ਬਹੁਤੇ ਗਿਲਜੇ ਕਜਾ ਸਿੰਘ ਕਰੈਂ।੫੭।
ਚੜ੍ਹ ਸਿੰਘ ਮੁੜ ਮੁੜ ਕਚੀਚੀ ਲੇਵੈ। ਬਹੁਤ ਫੌਜ ਬਲ ਨਾਂਹਿ ਬਸੇਵੇ।
ਨਠ ਲੜ ਸਿੰਘ ਬਹੀਰੈ ਰਲੇ। ਬਹੀਰ ਸਾਥ ਹਲ ਫਿਰ ਭਏ ਖਲੇ।
ਬਹੀਰੈ ਉਤੈ ਬਲ ਪੈਨ ਨ ਦੱਯੋ। ਅਪਨੋ ਤਨ ਤਿਨ ਆਗੈ ਕਯੋ।੫੮।

ਦੋਹਰਾ: ਘੜੀ ਏਕ ਸਿੰਘ ਖੜ ਲੜੇ ਰਖਜੋ ਬਹੀਰ ਚਲਾਇ।
ਤੌ ਫਿਰ ਮਗਰੋਂ ਕਰ ਹਲੋ ਆਇ ਪਰਜੋ ਸੁ ਅਹਮਦਸ਼ਾਹਿ।੫੯।

ਚੌਪਈ: ਕੋਸ ਚਾਰ ਕੁ ਥੋ ਗਯੋ ਬਹੀਰ। ਪਿਛੈ ਲੜਤ ਥੋ ਸਿੰਘ ਧਰ ਧੀਰ।
ਸ਼ਾਹ ਤਿਨੈ ਪੈ ਆਪ ਆਇ ਪੜਿਓ। ਉਠੀ ਧੂੜ ਰਣ ਨਦਰ ਨ ਪੜਿਓ।੬੦।
ਸਿੰਘ ਗਰਦ ਸੋਂ ਦਏ ਦਬਾਇ। ਨਠਜੋ ਥੰਨੋ ਅਰ ਬੜ੍ਹਤੋ ਜਾਇ।
ਅਹਿਮਦਸ਼ਾਹ ਸੰਗ ਤੁੰਮਨ ਚਾਰ। ਦੁਰਾਨੀ ਦੁਅਸ ਪੇ ਬਾਰਾਂ ਬਾਰਾਂ ਹਜ਼ਾਰ।੬੧।
ਕਰੀ ਥੰਨੇ ਪੈ ਉਨ ਬਡ ਮਾਰ। ਦਯੋ ਖਾਲਸੇ ਬਹੀਰੋਂ ਟਾਰ।
ਬਹੀਰ ਰਹਜੋ ਜਬ ਥੰਨੈ ਬਗੇਰ। ਬਹੁਤ ਗਿਲਜਨ ਲਜੋ ਬਿਚਤੇ ਘੇਰ।੬੨।
ਮੁੜ ਫਿਰ ਕੀਓ ਖਾਲਸੈ ਉਪਰਾਲਾ। ਕਿਛਕੁ ਬਹੀਰ ਕੋ ਛੁਟਜੋ ਖਿਆਲਾ।
ਨੱਠ ਰਲਜੋ ਸੋ ਅਗਲਨ ਨਾਲ। ਅਗੈ ਰਲੇ ਲਏ ਸਿੰਘਨ ਸੰਭਾਲ।੬੩।

ਦੋਹਰਾ: ਤੌ ਭੀ ਸਿੰਘ ਲੜਤੇ ਤੁਰੈਂ ਰਖਨ ਬਹੀਰੈ ਕਾਜ।
ਕਿਤੈ ਲੜੈਂ ਕਿਤ ਖੜ ਤੁਰੈਂ ਕਿਤੈ ਗਏ ਕਰ ਭਾਜ।੬੪।

ਚੌਪਈ: ਸ਼ਾਹੁ ਕਰਤ ਗੈਲ ਹੱਲੋ ਆਵੈ। ਕੱਢ ਬਹੀਰੋਂ ਪੰਥ ਚਲਾਵੈ।
ਬਿਨਾਂ ਫੌਜ ਕਰ ਲਯੋ ਬਹੀਰ। ਬਹੀਰ ਬਿਚੋਂ ਕਰ ਸ਼ਾਹਿ ਦਯੋ ਚੀਰ।੬੫।
ਕਿਛਕੁ ਹਿੰਮਤ ਕਰ ਬਹੀਰ ਭੀ ਮਰਜੋ। ਕਿਛਕੁ ਬੇਲ ਇਮ ਬਹੀਰਹ ਪਰਜੋ।
ਕਿਛਕੁ ਸਿੰਘ ਮੁੜ ਕਰੈਂ ਉਪਰਾਲਾ। ਲੁਟਜੋ ਬਹੀਰ ਕੋ ਕਿਛ ਇਮ ਖਜਾਲਾ।੬੬।
ਫੇਰ ਸ਼ਾਹਿ ਨੇ ਕੀਨੀ ਦੌੜ। ਔਰ ਬਹੀਰ ਉਨ ਲੀਨੇ ਤੋੜ।
ਪੜੈ ਬਹੀਰ ਸਿਰ ਪੈਨੀਂ ਤੇਗ। ਜਾਟ ਕਟਤ ਜਿਮ ਪੱਤੋ ਬੇਗ।੬੭।

ਜਿਮ ਕ੍ਰਿਸ਼ਾਨ ਇਕ ਖੇਤ ਕਟਾਵੈ। ਉਪਰ ਦੂਏ ਕੈ ਘੇਰੋ ਪਾਵੈ।
ਤਿਮ ਵੜ ਵਿਚ ਗਿਲਜੇ ਲੇਵੈਂ ਚੀਰ। ਕੋਈ ਨੱਠ ਮਿਲ ਬਚੈ ਬਹੀਰ।੬੮।

ਦੋਹਰਾ: ਤਬੈ ਸ਼ਾਹਿ ਮਨ ਮੈਂ ਲਖਯੋ ਬਿਨ ਘਿਰੇ ਨ ਸਿੰਘ ਮਰਾਂਹਿ।
ਜਿਮ ਕਿਮ ਇਨ ਕੋ ਘੇਰਐ। ਤੌ ਇਹ ਮਾਰਹਿ ਖਾਂਹਿ।੬੯।

ਚੌਪਈ: ਤਬੈ ਸ਼ਾਹਿ ਨੇ ਨਿਕਸਚੀ ਦੁੜਾਏ। ਉਪਰ ਜੈਨੇ ਕੇ ਗਿਲਾ ਠਹਰਾਏ।
'ਜੋ ਤੈਂ ਕਹੀ ਕਰੀ ਨਹਿ ਬਾਤ। ਮੁਹਰਯੋਂ ਸਿੰਘ ਨ ਘੇਰੇ ਜਾਤ।੭੦।
ਬੀਸ ਹਜ਼ਾਰ ਥੋ ਤੁਹਿ ਪਹਿ ਘੋੜਾ। ਕਜਾ ਸਿੰਘਨ ਲੁਟ ਕਰ ਦਯੋ ਥੋੜਾ।
ਲਛਮੀ ਨਰਾਇਣ ਠਾਣ ਮਲਰੀ। ਤੂੰ ਘੇਰ ਨ ਸਕਯੋਂ ਥੀ ਫੌਜ ਬਹੁਤੇਰੀ।੭੧।
ਜੇ ਤੂੰ ਇਨ ਕੋ ਲੇਵੈਂ ਘੇਰ। ਚਾਰ ਘੜੀ ਸਬ ਦਿਓਂ ਨਿਬੇਰ।
ਬਿਨ ਘੇਰੈ ਸਿੰਘ ਮਰੈਂ ਸੁ ਨਾਹੀਂ। ਖ਼ੂਬ ਬਿਚਾਰੀ ਮੈਂ ਮਨ ਮਾਂਹੀ'।੭੨।
ਸੁਨ ਜੈਨੇ ਕੋ ਲਾਗੀ ਆਗ। ਸੂਤੋ ਸ਼ੇਰ ਜਨ ਉੱਠਯੋ ਜਾਗ।
ਸੋ ਸਿੰਘਨ ਕੋ ਘੇਰਨ ਪਰਯੋ। ਫਿਰ ਸ਼ਾਮ ਸਿੰਘੀਅਨ ਮਾਰਹ ਟਰਯੋ।੭੩।

ਦੋਹਰਾ: ਤਬ ਜੈਨੇ ਸ਼ਾਹ ਆ ਕਹਯੋ ਅਗਯੋਂ ਨ ਘੇਰੇ ਜਾਹਿ।
ਦੇਖਨ ਮੈਂ ਥੋੜੇ ਦਿਸੈਂ ਲੜਤੇ ਘਣੇ ਦਿਸਾਹਿੰ।੭੪।

ਚੌਪਈ: ਤੌ ਜ਼ੈਨੇ ਸ਼ਾਹਿ ਆਇ ਸੁਨਾਈ। 'ਘੇਰਨ ਭਏ ਸਿੰਘ ਸੂਰ ਬੁਲਾਈ।
ਬਹੀਰ ਛੱਡ ਆਪ ਇਸ ਪਰ ਪਰੌ। ਅੱਵਲ ਕਤਲ ਇਸ ਫੌਜੇ ਕਰੋ'।੭੫।
ਸੁਨਤ ਸ਼ਾਹਿ ਸੋਈ ਮੰਨ ਲਈ। ਦੌੜ ਫੌਜ ਕੈ ਊਪਰ ਕਈ।
ਕਿਛਕੁ ਸਿੰਘਨ ਖੜ ਸ਼ਲਕ ਚਲਾਈ। ਦਏ ਗੇਰ ਜੋਊ ਆਵਤ ਧਾਈ।੭੬।
ਤਬ ਸਿੰਘਨ ਸ਼ਾਹਿ ਆਵਤ ਜਾਨਾ। ਸਰਕ ਤੁਰੇ ਤਿਨ ਖੜਨੁ ਤਜਾਨਾ।
ਮੁੜ ਖੜ ਸਿੰਘ ਰਮਜੰਗੇ ਚਲਾਵੈਂ। ਨੇੜ ਢੁਕੈ ਉਸ ਮਾਰ ਗਿਰਾਵੈਂ।੭੭।
ਕਬ ਮੁਕੈ ਨਿਜ ਸ਼ਾਹਿ ਬਹੁ ਫੌਜ। ਉਛਲ ਸਮੁੰਦ ਜਨੁ ਆਵਤ ਮੌਜ।
ਨੱਠ ਸਿੰਘ ਕੋਹ ਡੇਢ ਕੁ ਚੱਲੇ। ਫੇਰ ਸਿੰਘ ਤਹਿੰ ਹੋ ਰਹੇ ਖੱਲੇ।੭੮।

ਦੋਹਰਾ: ਚੜ੍ਹਤ ਸਿੰਘ ਓਹੀ ਹੱਲੈ ਰਹਯੋ ਬਿਹੀਰੈ ਮਾਂਹਿ।
ਲੜਤ ਭਿੜਤ ਪਾਛੈ ਅਗੈ ਬਿਹੀਰੈ ਕਰੈ ਅਗਾਹਿ।੭੯।

ਚੌਪਈ: ਜੱਸਾ ਸਿੰਘ ਤਹਿੰ ਖੜਕੀਓ ਅਰੜਾ। ਨਿਜ ਫੌਜ ਖੜਾਈ ਕਰ ਬਡ ਝਗੜਾ।
ਫੌਜ ਕਹੈ 'ਹਮ ਖੜੇ ਬਚੈਂ ਨਾਹੀਂ। ਕਿਛਕੁ ਹੋਣ ਹਮ ਦਿਹੋ ਅਗਾਹੀਂ'।੮੦।
ਜ਼ਖਮ ਬਹੁਤ ਜੱਸਾ ਸਿੰਘ ਖਾਏ। ਤੀਰ ਗੋਲੀ ਔ ਤੇਗ ਘਾਇ ਆਏ।
ਆਪ ਮਾਰੇ ਔ ਉਨਕੇ ਝੇਲੈ। ਮੌਹੇ ਮੱਥੇ ਰੱਖ ਘੋੜੇ ਮੇਲੈ।੮੧।
ਜਸੈ ਸਿੰਘ ਕੋ ਥਕ ਰਹਯੋ ਘੋੜੋ। ਕਰਤ ਜੰਗ ਥੋ ਸੋ ਬਹੁ ਦੌੜੋ।
ਜਬੈ ਸਿੰਘ ਉਸ ਅੱਡੀ ਲਗਾਵੈ। ਨਹਿੰ ਮਾਨੈ ਕਛੁ ਅਗੈ ਨ ਧਾਵੈ।੮੨।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਜੱਸਾ ਸਿੰਘ ਕੋ ਪਾਲਕੋ ਗੁਰਮੁਖ ਸਿੰਘ ਜਿਹ ਨਾਮ।
ਤਿਨ ਸਿੰਘ ਜੀ ਕੋ ਆਖਿਓਂ 'ਅਬ ਈਹਾਂ ਖੜਨ ਨਹਿਂ ਕਾਮ।੮੩।

ਚੌਪਈ: ਈਹਾਂ ਖੜੇ ਹਮ ਬਚਤੇ ਨਾਹੀਂ। ਤੁਮ ਹਮਰੀ ਇਮ ਜਾਂਨ ਗਵਾਹੀ'।
ਤੌ ਸਿੰਘ ਜੀ ਫਿਰ ਇਮ ਫੁਰਮਾਵੈ'। 'ਹਮਰੋ ਘੋੜੋ ਅਗੈ ਨ ਧਾਵੈ'।੮੪।
ਤਬ ਗੁਰਮੁਖ ਸਿੰਘ ਚਾਬਕ ਉਠਾਯਾ। ਚਾਹਤ ਘੋੜੇ ਤਨ ਕੇ ਲਾਯਾ।
ਤਬ ਸਿੰਘ ਜੀ ਨਿਜ ਦੇਖ ਹਟਾਯੋ। 'ਚਹੈਂ ਹਮਕੋ ਤੂੰ ਚਟਕ ਲਗਾਯੋ।੮੫।
ਪੰਥ ਸੁਨੈ ਹਮ ਕੋ ਕਰੈ ਠੱਠਾ। ਘੋੜਾ ਕੁਟਾਇ ਜੱਸਾ ਸਿੰਘ ਨੱਠਾ।
ਕਜਾ ਮੁਖ ਲੈ ਮੈਂ ਬਹੋਂ ਦਿਵਾਨ। ਕਰੈਂ ਮਸਕਰੀ ਹਮ ਕੋ ਆਨ।੮੬।
ਮੈਂ ਖਾਲਸੈ ਪਤਿਸ਼ਾਹੁ ਕਹਾਯੋ। ਤੁਮ ਚਾਹਤ ਹਮ ਗੀਦੀ ਬਨਾਯੋ।
ਇਸ ਜੀਵਣ ਤੇ ਮਰਨੋ ਬੇਸ਼। ਰਹੈ ਜੱਸ ਜਿਸ ਜਗ ਮੈਂ ਲੇਸ਼'।੮੭।

ਦੋਹਰਾ: ਗੁਰਮੁਖ ਸਿੰਘ ਨਿਜ ਛਡ ਤੁਰਾ ਸਿੰਘ ਜੀ ਲਯੋ ਚੜ੍ਹਾਇ।
ਲੜਤ ਭਿੜਤ ਖੜਤੋ ਤੁਰਤ ਜੋਖੋਂ ਸਿਰ ਨਿਜ ਖਾਇ।੮੮।

ਚੌਪਈ: ਜੱਸਾ ਸਿੰਘ ਖਾਏ ਬਾਈ ਘਾਇ। ਤੌ ਭੀ ਸਿੰਘ ਜੀ ਲੜਤੋ ਜਾਇ।
ਜੱਸਾ ਸਿੰਘ ਜਬ ਜ਼ਖਮੀ ਸੁਨਯੋ। ਸਭ ਸਿਰਦਾਰਨ ਸੁਨ ਸਿਰ ਧੁਨਯੋ।੮੯।
ਵਿਚ ਥੰਨੇ ਸਭ ਆਣ ਖਲੋਏ। ਭੰਗੀ, ਘਨੀਏ, ਰਾਮਗੜੀਏ ਜੋਇ।
ਨਕਈ, ਨਿਸਾਨਚੀ, ਡੱਲੇ ਵਾਲ। ਕਪੂਰ ਸਿੰਘੀ ਔ ਆਲੂ ਜੁ ਵਾਲ।੯੦।
ਸੁਕ੍ਰ ਚੱਕੀਏ, ਸ਼ਾਮ ਸਿੰਘੀਏ ਸਾਰੇ। ਸ਼ਹੀਦ ਨਿਹੰਗ ਔ ਗੁਰੂ ਪਿਆਰੇ।
ਅੰਮ੍ਰਿਤਸਰੀਏ ਔਰ ਪੁਰੀਯੋ ਅਨੰਦ। ਰਮਦਾਸੀਏ ਰੰਘਰੇਟੇ ਔਰ ਮਸੰਦ।੯੧।
ਬੇਦੀ ਸੋਢੀ ਤੇਹਨ ਔ ਭੱਲੇ। ਰਹਤ ਹੁਤੇ ਜੇ ਖਾਲਸੇ ਰਲੇ।
ਸ਼ਹੀਦ ਹੋਹਿਂ ਔ ਜ਼ਖਮੀ ਹੋਹਿਂ। ਕਦੈ ਖੜੈਂ ਕਦ ਲੜੈਂ ਤੁਰੋਹਿ।੯੨।

ਦੋਹਰਾ: ਨਿੱਕੇ ਵੱਡੇ ਜੇ ਹੁਤੇ ਸਭ ਫੜ ਖੜ ਹਥਿਆਰ।
ਅਗੈ ਉਹਾਂ ਤੇ ਤੌ ਤੁਰੈਂ ਇਕ ਇਕ ਦੁਇ ਦੁਇ ਮਾਰ।੯੩।
ਤਬਹਿ ਕਿਸੇ ਨੈ ਕਹਿ ਦਯੋ ਚੜ੍ਹ ਪਿਆ ਬੀਰ ਸਨਾਇ।
'ਤੂੰ ਜੁ ਕਹਿਤ ਥੋ ਮੈਂ ਲੜੌਂ ਜਹਿਂ ਹੋਵੈ ਅਹਿਮਦ ਸ਼ਾਹਿ'।੯੪।

ਚੌਪਈ: ਸੋ ਸੁਨ ਚੜ ਸਿੰਘ ਗੁੱਸਾ ਖਾਯਾ। ਅਹਿਮਦ ਸ਼ਾਹ ਵਲ ਘੋੜੋ ਚਲਾਯਾ।
ਲਭਯੋ ਨ ਟੋਲਤ ਸੋ ਰਹਯੋ ਦੂਰ। ਦਿਸੈ ਨ ਦੂਰੋਂ ਉਡ ਰਹੀ ਧੂਰ।੯੫।
ਫਿਰ ਸਿੰਘ ਟੋਲ ਮੁੜ ਵੜਯੋ ਬਹੀਰ। ਤੇਗ ਮਾਰ ਕਢੈ ਗਿਲਜੇ ਚੀਰ।
ਮਾਰਤ ਤੇਗ ਗਯੋ ਹਥ ਥਾਕ। ਤੌ ਸਿੰਘ ਜੀ ਲਯੋ ਨੇਜੋ ਚਾਕ।੯੬।
ਮਾਰਤ ਨੇਜਨ ਫਲ ਟੁਟ ਗਯੋ। ਫਿਰ ਸਿੰਘ ਹਾਥ ਰਾਮ ਜੰਗੋ ਲਯੋ।
ਥਕਯੋ ਘੋੜੋ ਤਬ ਔਰ ਬਦਲਾਯੋ। ਲਗਯੋ ਜ਼ਖਮ ਖੜ ਸਿੰਘ ਬੰਧਾਯੋ।੯੭।
ਲਈ ਫੌਜ ਸਭ ਅਪਨੀ ਸਾਥ। ਬਹੁਤ ਗਿਲਜਨ ਸਿਰ ਮਾਰੈ ਹਾਥ।
ਜਹਾਂ ਬਹੀਰ ਬਹੁ ਪਰੇ ਭੀਰ। ਆਪ ਡਰੈ ਤਹਿਂ ਸਿੰਘ ਸਰੀਰ।੯੮।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਬਹੁ ਗਿਲਜਨ ਕੌ ਮਾਰਕੈ ਬਹੁ ਸਿੰਘਨ ਲਏ ਬਚਾਇ।
ਗਿਲਜਨ ਕੇ ਘੋੜੇ ਲਭੈ ਪਜਾਦਨ ਤੁਰੈ ਚੜ੍ਹਾਇ।੯੯।

ਚੌਪਈ: ਚੜ੍ਹ ਸਿੰਘ ਸਾਥ ਨ ਕਿਸਤੇ ਹੋਇ। ਜੋਊ ਲਲਕਾਰੈ ਤਹਿੰ ਜਾਇ ਸੋਇ।
ਬਹੀਰੈ ਨ ਛੋਡੇ ਖੜ ਤੁਰ ਲੜੈ। ਤੁਰੈ ਅਗੈ ਕਬ ਪਿੱਛੈ ਮੁੜੈ।੧੦੦।
ਫੌਜ ਛੱਡ ਕਬ ਏਕਲ ਧਾਵੈ। ਮਾਰ ਗਿਲਜਨ ਫਿਰ ਫੌਜੇ ਆਵੈ।
ਨਿਜੈ ਫੌਜ ਬਹੁ ਜੋਖੋਂ ਖਾਵੈ। ਫਟੇ ਗਿਰੇ ਕਿਸੇ ਬੇਲੇ ਪਾਵੈ।੧੦੧।
ਕਈਅਨ ਕੌ ਗਹਿ ਅਗੈ ਚਲਾਵੇ। ਕਈਅਨੁ ਕੋ ਨਿਜ ਕੋਤਲ ਚਲਾਵੈ।
ਇਮ ਬਹੀਰੀਅਨ ਕਰੈ ਨਿਬਾਹਿ। ਬਹੁਤ ਲੋਕ ਇਮ ਦਏ ਬਚਾਇ।੧੦੨।
ਦੌੜ ਗਿਲਜਨ ਪਰ ਯੌਂ ਸਿੰਘ ਕਰੈ। ਜਨੁ ਕੂੰਜਨ ਪੈ ਬਹਰੀ ਪਰੈ।
ਕਿਸੈ ਇਕ ਕਿਸ ਦੁਇ ਸੱਟ ਲਾਵੈ। ਇਤ ਤੇ ਉਤ ਉਤ ਤੇ ਇਤ ਧਾਵੈ।੧੦੩।

ਦੋਹਰਾ: ਗੰਗੇਰੀ ਜਿਮ ਘੋੜੇ ਘੁਮੈਂ ਵੜ ਬਿਜੂਲ ਜਿਮ ਦਲ ਆਪ।
ਚੜ੍ਹ ਸਿੰਘ ਗਿਲਜਨ ਇਮ ਕਟੈ ਪੁੰਨ ਕਟੈ ਜਿਮ ਪਾਪ।੧੦੪।

ਚੌਪਈ: ਬਹੀਰ ਛਡ ਸਿੰਘ ਦੂਰ ਨ ਜਾਵੈ। ਆਪ ਫਤੇ ਔਰ ਬਹੀਰ ਬਚਾਵੈ।
ਲੋਹੂ ਰੰਗ ਸਭ ਕਪੜੇ ਭਏ। ਖੇਲ ਫਾਗ ਜਨੁ ਰੰਗਾ ਰੰਗਾਏ।੧੦੫।
ਪੰਜ ਘੋੜੇ ਨਿਜ ਕੋਤਲ ਰਖ਼ਾਏ। ਛੋਡ ਏਕ ਕੋ ਔਰ ਚੜ੍ਹ ਧਾਏ।
ਸ਼ਸਤਰ ਚੜ੍ਹ ਸਿੰਘ ਬਹੁਤੇ ਖਾਏ। ਦੇਖ ਨ ਓਦਰੇ ਫੇਰ ਲੜਾਏ।੧੦੬।
ਆਗੈ ਹੁਇ ਹੁਇ ਬੰਦੂਖ ਚਲਾਏ। ਇਕ ਕੋ ਮਾਰ ਦੂਏ ਤਨ ਲਾਏ।
ਵਹੁ ਬੰਦੂਖ ਜਬ ਖਾਲੀ ਹੋਇ। ਲਏ ਔਰ ਕੇ ਹਥ ਤੇ ਖੋਹਿ।੧੦੭।
ਬੰਦੂਖੀ ਦਲ ਮੈਂ ਅਢਾਈ ਬਤਾਵੈ। ਇਕ ਚੜ੍ਹ ਸਿੰਘ ਦੁਯੋ ਸਭ ਦਲ ਅਗਾਵੈ।
ਔਰ ਬੰਦੂਖੀ ਬਡੋ ਅਖਾਵੈ। ਚੜ੍ਹ ਸਿੰਘ ਆਗੇ ਅਧੋ ਬਤਾਵੈ।੧੦੮।

ਦੋਹਰਾ: ਬੰਦੂਖ ਸਰਦਾਰ ਚੜ੍ਹ ਸਿੰਘ ਕੀ ਕੀਓ ਜਗ ਮੈਂ ਮਸ਼ਹੂਰ।
ਜੈਸੇ ਮਾਰੇ ਨੇੜਿਓਂ ਤੈਸੇ ਮਾਰੈ ਦੂਰ।੧੦੯।
ਤੁਰਤ ਫੁਰਤ ਲਰਤੇ ਮਰਤ ਬਹੀਰ ਰਾਯੋ ਕੋਹ ਔਰ।
ਤੌ ਫਿਰ ਅਹਮਦਸ਼ਾਹੁ ਨਿਜ ਕਰ ਪਰਜੋ ਸਿੰਘਨ ਪਰ ਧੌਰ।੧੧੦।

ਚੌਪਈ: ਜ਼ੋਰ ਪਾਇ ਸਿੰਘ ਫੌਜ ਨਿਕਾਰੀ। ਘੇਰਜੋ ਬਹੀਰ ਬਹੁ ਤੁੰਮਣ ਭਾਰੀ।
ਤਿਨ ਮੈਂ ਗ੍ਰੰਥ ਤੁਰ ਤਬੇ ਦੋਇ। ਇਕ ਅੰਮ੍ਰਿਤਸਰੀਏ ਦਮਦਮੀਏਂ ਜੋਇ।੧੧੧।
ਘੇਰ ਲਯੋ ਤਿਨ ਅਗਜੋਂ ਆਇ। ਜੁਦੈ ਜੁਦੈ ਤੇ ਦਏ ਕਰਾਇ।
ਧਰ ਗਰੰਥ ਤਹਿੰ ਲੜੇ ਮਝੈਲ। ਰਖਤ ਹੁਤੇ ਥੇ ਸ਼ਸਤਰ ਗੈਲ।੧੧੨।
ਘੜੀਕੁ ਲੜੇ ਫਿਰ ਲੀਨੇ ਮਾਰ। ਫਿਰ ਦਮਦਮੀਅਨੁ ਪਰ ਧਰੀ ਤਲਵਾਰ।
ਪਾਉ ਘੜੀ ਤਹਿੰ ਤੇਊ ਲੜੇ। ਬਿਨ ਹਥਿਆਰ ਹੁਤੇ ਕਜਾ ਕਰੇ।੧੧੩।
ਦੀਨ ਮਜ਼ਹਬ ਕਾ ਜੁੱਧ ਪਛਾਣ। ਢੀਮ ਸੋਟੇ ਕਰ ਮਾਰਨ ਤਾਣ।
ਢੀਮ ਸੋਟਨ ਤੇ ਕਬ ਵੇ ਮਰੈਂ। ਮਾਰ ਤੇਗ ਇਨ ਦੁਇ ਧੜ ਕਰੈਂ।੧੧੪।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਗਹਲ ਪਿੰਡ ਢਿਗ ਆ ਪੁਜਯੋ ਮਾਰਤ ਮਟਤ ਬਹੀਰ।
ਕਦੇ ਸਿੰਘ ਵਿਚ ਆ ਲੜੈਂ ਕਦੇ ਜਾਹਿਂ ਹੁਇ ਤੀਰ।੧੧੫।

ਚੌਪਈ: ਤਬ ਬਹੀਰ ਨੇ ਪਿੰਡ ਤਕਾਯੋ। ਪਿੰਡ ਲੋਕਨ ਨੇ ਬੂਹੇ ਅੜਾਯੋ।
ਪਿੰਡ ਮੈਂ ਵੜਨ ਨ ਦੀਨੋ ਕੋਊ। ਔਖੀ ਬਨੀ ਬਹੀਰ ਸੁ ਤੋਊ।੧੧੬।
ਕਿਛੁ ਲੁਕ ਪੜੇ ਗੁਹਾਰਨ ਮਾਂਹਿ। ਸੋ ਗਿਲਜਨ ਨੇ ਛੋਡੇ ਨਾਂਹਿ।
ਚਮਿਆਰਨ ਚੂਹੜਨ ਕੈ ਜੁੜ ਵੜੇ। ਕਾਢ ਲੋਕਨ ਤੇ ਬਾਹਰ ਕਰੇ।੧੧੭।
ਲੋਥਨ ਉਪਰ ਲੋਥ ਹੁਇ ਪਈ। ਉਨ ਤਲ ਗਿਰ ਕੈ ਬਚ ਰਹੇ ਕਈ।
ਉਨ ਕੈ ਚੀਜ ਜੁ ਟੋਲਨ ਵਾਰ। ਕਿਤਨੇ ਵੈ ਫਿਰ ਦੀਨੇ ਮਾਰ।੧੧੮।

ਦੋਹਰਾ: ਊਹਾਂ ਸੁ ਛੋਰੀ ਥੀ ਘਣੀ ਚਰ੍ਹੀ ਬਾਜਰੇ ਵਾਰ।
ਬਹੁ ਲੋਕ ਤਿਨ ਮੈਂ ਛਪੇ ਸੋ ਉਸ ਦੀਨੋ ਜਾਰ*।੧੧੯।

ਚੌਪਈ: ਊਹਾਂ ਚੜ੍ਹ ਸਿੰਘ ਗੁੱਸਾ ਖਾਯਾ। ਮੁੜ ਕਰ ਘੋੜਾ ਬਹੀਰ ਰਲਾਯਾ।
ਪੰਜ ਬੰਦੂਕੀਏ ਭਰ ਦੇਹਿਂ ਬੰਦੂਖ। ਮਾਰੈ ਚੜ੍ਹ ਸਿੰਘ ਗਿਲਜਨ ਅਚੂਕ।੧੨੦।

ਦੋਹਰਾ: ਭਯੋ ਪਿਆਸੋ ਸ਼ਾਹੁ ਥੋ ਖੜ੍ਹ ਤਿਨ ਪੀਤੋ ਨੀਰ।
ਧੀਰੀ ਧੀਰੀ ਹੁਇ ਅਈ ਤੌ ਪਰ ਗਜੋ ਫਰਕ ਬਹੀਰ।੧੨੧।

ਚੌਪਈ: ਸ਼ਾਹੁ ਹੁਤੋ ਕਛੁ ਧੂਪ ਸੰਤਾਯੋ। ਧੁਪੇ ਖਾਲਸੋ ਹੋਤ ਸਵਾਯੋ।
ਜਹਾਂਨ ਖਾਂਨ ਉਠ ਲਾਗਜੋ ਗੈਲ। ਸੋ ਸਿੰਘਨ ਕਰ ਦੀਨੋ ਘੈਲ।੧੨੨।
ਗਹਲ ਗਾਮ ਲੰਘ ਫਿਰ ਸਿੰਘ ਲੜੇ। ਜੋਰ ਰਹਜੋ ਲਾਇ ਅਗਜੋਂ ਨ ਟਲੇ।
ਬਹੀਰ ਬਚਜੋ ਸੋ ਲੀਨੋ ਸਾਂਭ। ਲੱਗ ਤੁਰੇ ਸਿੰਘ ਦੋਨੋ ਲਾਂਭ।੧੨੩।
ਜਿਮ ਕਰ ਕੁਕੜੀ ਬਚਿਅਨ ਛੁਪਾਵੈ। ਫਿਲਾਇ ਪੰਖ ਦੁਇ ਤਰਫ ਰਖਾਵੈ।
ਇਮ ਖਾਲਸੇ ਨੈ ਬਹੀਰ ਛਪਾਯੋ। ਜੋ ਬਚ ਰਹਜੋ ਸੁ ਆਗੈ ਲਗਾਯੋ।੧੨੪।

ਦੋਹਰਾ: ਕੁਤਬੋ ਬਾਹਮਣੀ ਥੋ ਕਹਤ ਊਹਾਂ ਪਿੰਡ ਕੋ ਨਾਮ।
ਬਹੁਤ ਬਹੀਰੀਏ ਤਹਿਂ ਵੜੇ ਦੇਖ ਸੁ ਵਸਤੇ ਗ੍ਰਾਮ।੧੨੫।

ਚੌਪਈ: ਰੱਯਤ ਹੁਤੀ ਪਠਾਣਨ ਕੇਰੀ। ਲੀਏ ਮਲੇਰੀਅਨ ਤਹਿਂ ਵੈ ਘੇਰੀ।
ਤਿਨੈ ਗ੍ਰਾਮ ਲੋਕਨ ਕਹਿ ਦੀਯੋ। ਮਾਰ ਲੂਟ ਉਨ ਸਿੰਘਨ ਲਿਯੋ।੧੨੬।
ਬਜਾਇ ਢੋਲ ਫਿਰ ਬਾਹਰ ਧਏ। ਗੈਲ ਬਹੀਰੈ ਤੇ ਭੀ ਪਏ।
ਤੌ ਬਹੀਰ ਭਜੋ ਹਾਹਾਕਾਰ। ਸੋ ਚੜ੍ਹ ਸਿੰਘ ਨੇ ਸੁਨੀ ਪੁਕਾਰ।੧੨੭।
ਕਰੀ ਦੌੜ ਪਰ ਪਿੰਡਨ ਵਾਹ। ਮਾਰ ਰੰਘੜ ਵਿਚ ਕਢੇ ਤਲਵਾਰ।
ਮਰਤ ਸਿੰਘ ਤਿਨ ਲਏ ਬਚਾਇ। ਮਾਰੇਂ ਰੰਘੜ ਖੂਬ ਬਣਾਇ।੧੨੮।

---

* ਪਾ:- ਮਾਰ।

Sri Satguru Jagjit Singh Ji eLibrary NamdhariElibrary@gmail.com

ਜੋ ਪਿੰਡ ਤੇ ਬਾਹਰ ਹਥ ਆਯੋ। ਮਾਰ ਕੂਟ ਤਿਸ ਸੀਸ ਕਟਾਯੋ।
ਉਨ੍ਹੈਂ ਮਾਰ ਮੁੜ ਦਲ ਮੇਂ ਰਲਾ। ਕਰਨ ਲਗੋ ਪਰ ਗਿਲਜਨ ਹਲਾ।
ਸਜਾਨਨ ਨੇ ਸੋ ਲੀਓ ਹਟਾਇ। ਇਟਾਂ ਲੜਨ ਮੁੜ ਨਾਹਿ ਭਲਾਇ।੧੨੯।

ਦੋਹਰਾ: ਗਿਲਜੇ ਭੀ ਲੜ ਥਕ ਪਰੇ ਖੜੇ ਰਹੇ ਤਹਿੰ ਹੋਇ।
ਸਿੰਘ ਭੀ ਅਗਾਜੋਂ ਨਹਿੰ ਟਲੈਂ ਪੀਯ ਜਲ ਸਮਤੇ ਸੋਇ।੧੩੦।

ਚੌਪਈ: ਸਭ ਸਿੰਘ ਉਹਾਂ ਰਹੇ ਖਲੋਇ। ਆਏ ਲੜਤੇ ਬਾਰਾਂ ਕੋਹਿ।
ਦੌੜ ਕਰੀ ਉਨ ਸੌ ਕੋਹ ਸਾਰੀ। ਇਸ ਕਰ ਭਏ ਸੁ ਗਿਲਜੇ ਹਾਰੀ।੧੩੧।

ਦੋਹਰਾ: ਸ਼ਿਖਰ ਦੁਪਹਿਰੋ ਹੁਇ ਗਯੋ ਪਰੈ ਧੂਪ ਕੀ ਤਾੜ।
ਨਠ ਨਠ ਖੜ ਖੜ ਮੁੜ ਲੜਤ ਤਰਸ ਟੋਤ ਚਿਤ ਸਾੜ।੧੩੨।

ਚੌਪਈ: ਘੋੜੇ ਮਰਦ ਪਿਆਸੇ ਭਏ। ਸਬਹਨ ਕੇ ਮੁਖ ਸੂਕ ਸੁ ਗਏ।
ਰਸਤੇ ਮੈਂ ਜਲ ਹੱਥ ਨ ਆਯੋ। ਜੌ ਆਯੋ ਤੌ ਪੀਅਨ ਕਬ ਪਾਯੋ।੧੩੩।
ਕੋਸ ਬਾਰਾਂ ਮੇਂ ਨਹਿੰ ਜਲ ਲੱਭਾ। ਪੀਤੇ ਦੁਤਰਫੀ ਚਾਹੈ ਸੱਭਾ।
ਸਭ ਕੋ ਜਲ ਤਹਿੰ ਨਦਰੀ ਆਯਾ। ਜਨ ਮਰਤੇ ਕਿਨ ਜੀਵਨ ਪਾਯਾ।੧੩੪।
ਭਰੀ ਢਾਬ ਬਡ ਦਵੈ ਠੱਠ। ਪੰਜਾਸੇ ਪਰੇ ਦੁਤਰਫੋਂ ਨੱਠ।
ਬਹੀਰੀਏ ਭੀ ਚਹੈਂ ਪੀਓਂ ਪਾਨੀ। ਪਰਤ ਤਲਵਾਰ ਨ ਤਿਨ ਨੇ ਮਾਨੀ।੧੩੫।
ਗਿਲਜੇ ਭੀ ਲੜਨੋ ਭੂਲ ਗਏ। ਪੀਵਨ ਪਾਨੀ ਢਾਬ ਸੁ ਪਏ।
ਪਜਾਸੇ ਵਿਚਦੋਂ ਨਠ ਜਲ ਪੀਵੈਂ। ਭਾਵੈਂ ਮਰ ਡੂਬ ਭਾਵੇਂ ਜੀਵੈਂ।੧੩੬।

ਦੋਹਰਾ: ਮਲਵਈਅਨ ਖਾਲਸੈ ਕਹਯੋ 'ਆਗੈ ਪਾਨੀ ਦੂਰ।
ਇਹਾਂ ਪਿਆਸੋ ਜੋ ਤੁਰੈ ਆਗੈ ਮਰੂ ਜਰੂਰ'।੧੩੭।

ਚੌਪਈ: ਤਬ ਖਾਲਸੇ ਖੜ ਕਰੀ ਸਲਾਹਿ। 'ਲੇਹੋ ਸਭ ਕੋ ਜਲ ਪਿਲਵਾਇ।
ਪਰ ਸ੍ਵਾਰਥ ਪਰ ਲਾਵੋ ਸਰੀਰ। ਆਪ ਮਰੋ ਔ ਬਚਾਓ ਬਹੀਰ'।੧੩੮।
ਯੋ ਕਰ ਖੜਯੋ ਖਾਲਸੋ ਸਲਾਹਿ। ਅਗੈ ਨ ਮਿਲਯੋ ਗਿਲਜਨ ਧਰਨ ਪਾਇ।
ਦੋਊ ਤਰਫ ਦਲ ਹੁਇ ਰਹੇ ਖਲੇ। ਪੀ ਪੀ ਜਲ ਦਲ ਅਪਨੇ ਰਲੇ।੧੩੯।

ਦੋਹਰਾ: ਤਬੈ ਖਾਲਸੈ ਮੁੜ ਲੜਯੋ ਬਹੀਰ ਗਰੀਬਨ ਕਾਜ।
ਸਿੰਘਨ ਮੁੜ ਸ਼ਸਤਰ ਕਰੇ ਅਏ ਜੁ ਪਹਿਲੇ ਭਾਜ।੧੪੦।

ਚੌਪਈ: ਜਲ ਪਰ ਉਨ ਭੀ ਅਰੜੋ ਕੀਓ। ਜਲ ਦੋਇਨ ਰਲ ਇਕ ਥਾਂ ਪੀਓ।
ਪੀ ਪੀ ਜਲ ਮੁੜ ਅਪਨੇ ਜਾਹਿੰ। ਰਹੀ ਨ ਹੋਸ਼ ਲੜਨ ਕੀ ਕਾਹਿ।੧੪੧।
ਸਿੰਘਨ ਨੈ ਕਰੀ ਅਪਨ ਸੰਭਾਲ। ਫਟੇ ਥਕੇ ਕਰ ਲੀਨੇ ਨਾਲ।
ਡੇਰਾ ਨਠ ਕੋਹ ਦਸ ਔਰ ਗਯੋ। ਖਿੰਡਯੋ ਫੁਟਯੋ ਆਇ ਊਹਾਂ ਰਲਯੋ।੧੪੨।
ਬੀਸ ਹਜ਼ਾਰ ਊਹਾਂ ਪਹੁੰਚਏ। ਔਰ ਮੁਯੋ ਔ ਖਿੰਡ ਭੀ ਗਏ।
ਲੋਕ ਕਹੈਂ ਸਿੰਘ ਇਕ ਲਖ ਸਾਰਾ। ਪਚਾਸ ਬਚਯੋ ਔਰ ਸਭ ਗਯੋ ਮਾਰਾ।੧੪੩।

Sri Satguru Jagjit Singh Ji eLibrary NamdhariElibrary@gmail.com

ਪਿਤਾ ਹਮਾਰੇ ਤੀਸ ਬਤਾਏ। ਰਹੇ ਸੁ ਮਰ ਔਰ ਬਚ ਕਰ ਆਏ।
ਪਿਤਾ ਚਾਚੇ ਦੁਇ ਹਮ ਥੇ ਸਾਥ। ਉਨ ਤੇ ਸੁਨ ਹਮ ਆਖੀ ਬਾਤ।੧੪੪।
ਘੋੜੇ ਊਠ ਕੀ ਗਿਣਤੀ ਨਾਂਹਿ। ਘੱਲੂ ਘਾਰੈ ਇਸਕੇ ਮਾਂਹਿ।
ਕੋਊ ਘੱਟ ਕੋਊ ਆਖੈ ਜਾਦਾ। ਇਤਨਕ ਹਮ ਪਿਤ ਕਹੀ ਮਿਰਯਾਦਾ।੧੪੫।

ਦੋਹਰਾ: ਇਕ ਨਿਹੰਗ ਬੁਕ ਤਹਿਂ ਕਹਜੋ ਊਚੋ ਬਚਨ ਸੁਨਾਇ।
'ਤੱਤ ਖਾਲਸੋ ਸੋ ਰਹਜੋ ਗਯੋ ਸੁ ਖੋਟ ਗਵਾਇ'।੧੪੬।
ਸਰਦਾਰ ਸਬੈ ਜ਼ਖਮੀ ਭਏ ਸਾਬਤ ਰਹਜੋ ਨ ਕੋਇ।
ਲਈ ਸ਼ਹੀਦੀ ਥੀ ਘਨਨ ਗਿਣਤੀ ਸਭਨ ਨ ਹੋਇ।੧੪੭।

ਚੌਪਈ: ਚੜ੍ਹ ਸਿੰਘ ਜ਼ਖਮ ਗਿਣੇ ਨ ਜਾਏ। ਤੀਰ ਤਲਵਾਰਨ ਜੋ ਨੇਜੇ ਖਾਏ।
ਭੀਮ ਸੈਨ ਜਿਮ ਜਿਤ ਵਲ ਜੁੜੇ। ਬਿਨ ਲਾਏ ਸ਼ਸਤਰ ਖਾਲੀ ਨ ਮੁੜੇ।੧੪੮।

ਦੋਹਰਾ: ਤਿਸ ਦਿਨ ਤੈ ਚੜ ਸਿੰਘ ਕੀ ਭਈ ਸਿੰਘਉਂ ਮਸ਼ਹੂਰ।
ਬਚਾਏ ਬਹੁਤ ਬਹੀਰੀਏ ਚਕ ਜੋਖੋਂ ਸੀਸ ਜਰੂਰ।੧੪੯।

ਚੌਪਈ: ਸਭ ਬਹੀਰੀਏ ਧੰਨ ਧੰਨ ਆਖੈਂ। 'ਹਮ ਜਿਵਾਏ ਚੜ੍ਹਤ ਸਿੰਘ' ਭਾਖੈਂ।
'ਜੋ ਜੀਵੈ ਚੜ੍ਹ ਸਿੰਘ ਜਿਵਾਏ'। ਯੌ ਬਹੀਰ ਸਭ ਆਖਤ ਜਾਏ।੧੫੦।
ਰਲ ਬਹੀਰ ਯੌ ਦਏ ਅਸੀਸ। 'ਹੁਇ ਸ੍ਰਦਾਰ ਯਹ ਬਿਸ੍ਵੈ ਬੀਸ।
ਸਰਬ ਪੰਥ ਯਟ ਹੁਇ ਸਰਦਾਰ'। ਸਭ ਇਸ ਦੇਵੈ ਅਸੀਸ ਹਜ਼ਾਰ।੧੫੧।
ਕੋਊ ਕਹੈ 'ਯਹ ਹੁਇ ਪਤਿਸ਼ਾਹਿ'। ਕੋਊ ਕਹੈ 'ਯਹ ਲਹੌਰੈ ਪਾਇ'।
ਕੋਊ ਕਹੈ 'ਯਹ ਲਏ ਮੁਲਤਾਨ'। ਕਹੇ 'ਕਸ਼ਮੀਰ ਔ ਕਾਬਲ ਤਾਨ।੧੫੨।
ਦਿਲੀ ਦੱਖਣ ਪੂਰਬ ਪਹਾਰ। ਇਹੀ ਲਵੈ ਸਭ ਕੁੰਟਾਂ ਚਾਰ'।
ਇਮ ਕਰ ਕਰੈ ਬਹੀਰ ਅਰਦਾਸ। ਲਗੇ ਗੈਲ ਸਭ ਚੜ੍ਹ ਸਿੰਘ ਖਾਸ।੧੫੩।

ਦੋਹਰਾ: ਜਿਧਰ ਚੜ੍ਹ ਸਿੰਘ ਚੜ੍ਹ ਤੁਰੈ ਸਭ ਬਹੀਰ ਸੁ ਤਿੱਧਰ ਜਾਇ।
ਆਦਰ ਸਭ ਖਾਲਸੋ ਕਰੇ ਫਤੈ ਯੁੱਧ ਸਭ ਪਾਇ।੧੫੪।

ਚੌਪਈ: ਸਭ ਖਾਲਸੇ ਮੈਂ ਆਦਰ ਪਾਵੈ। ਲਗੈ ਦਿਵਾਨ ਤਹਿਂ ਪਹਿਲੋਂ ਬੁਲਾਵੈ।
ਲੇ ਸਲਾਹਿ ਤੌ ਤਿਤ ਵਲ ਧਾਵੈ। ਨਜ਼ਰਾਨਾ ਪਹਿਲੋਂ ਪਹੁੰਚਾਵੈ।੧੫੫।

ਅਥ ਬਿਰਾੜਨ ਔ ਖਾਲਸੇ ਕੋ ਬਖੇੜੋ*

੧੬੯. [ਵੈਰਾੜਾਂ ਤੇ ਖਾਲਸੇ ਦੀ ਅਣਬਣ]

ਦੋਹਰਾ: ਘੱਲੂਘਾਰੋ ਕਰਾਇਕੇ ਸਿੰਘ ਵੜੇ ਬਿਰਾੜਨ ਜਾਇ।
ਢੱਟੇ ਥੱਕੇ ਬਹਨ ਕੇ ਚਾਹਤ ਗੁਜਰ ਕਰਾਇ।੧।

* ਇਸੇ ਸਾਖੀ ਦੇ ਅੰਕ ੮ ਤੋਂ ਤੇ ਦੂਜੀ ਸਾਖੀ ਦੇ ਅਖੀਰਲੇ ਛੰਦ ਤੋਂ ਪਤਾ ਲਗਦਾ ਹੈ ਕਿ ਖਾਲਸੇ ਦਾ ਇਹ ਵਿਗਾੜ ਉਨ੍ਹਾਂ ਬੈਰਾੜਾਂ ਨਾਲ ਹੋਇਆ ਸੀ ਜੋ ਅੰਮ੍ਰਿਤ ਹੀਨ ਸਨ।

Sri Satguru Jagjit Singh Ji eLibrary NamdhariElibrary@gmail.com

ਸਿੰਘਨ ਖਿਰਾੜਨ ਕੀ ਜਿਮੈਂ ਸੁਨਾਊਂ ਖਿਗਰੀ ਬਾਤ।
ਜਬ ਸਿੰਘ ਆਵੈਂ ਮਾਲਵੇ ਕਰੈਂ ਸਿੰਘਨ ਕੋ ਘਾਤ।੨।

ਚੌਪਈ: ਸਿੰਘਨ ਕੋ ਨਿਜ ਮਾਲ ਚੁਰਾਵੈਂ। ਸਿੰਘਨ ਪ੍ਰਦੇਸੀ ਤਕ ਖੋਹ ਖਾਵੈਂ।
ਸਿੰਘ ਸੁ ਉਨਤੇ ਟਲਤੇ ਜਾਂਹਿ। ਦੂਰ-ਅੰਦੇਸ਼ੀ ਸਿੰਘ ਕਰਾਹਿਂ।੩।
'ਹਮ ਆਵਤ ਹੈਂ ਇਨ ਕੇ ਘਰੈਂ। ਇਨ ਸੋਂ ਬਨੈ ਨ ਤਣੀ ਕਰੈਂ।
ਹੈ ਤੁਰਕਨ ਸੋਂ ਹਮਰੋ ਬਾਦ। ਇਨ ਸੋਂ ਚਹੀਯੈ ਹਮਹਿ ਸਵਾਦ'।੪।
ਉਨਕੇ ਭਾਗ ਹੁਤੇ ਨਾ ਭਲ। ਨਾਂ ਥੇ ਸਤਿਗੁਰ ਕੇ ਕਹੇ ਚਲੇ।
ਸਤਿਗੁਰ ਫਿਟਕ ਦਈ ਬੁਧਿ ਮਾਰ। ਆਈ ਹੋਣੀ ਉਨ ਕਰਨ ਖੁਆਰ।੫।
ਕਿਸੇ ਸਿੰਘ ਕੀ ਤ੍ਰਿਜਾ ਤਕਾਵੈਂ। ਕਿਸੇ ਸਿੰਘ ਸੋਂ ਹਾਸੀ ਮਚਾਵੈਂ।
ਬੁਲਾਵੈਂ ਸਿੰਘ ਲੈ ਅੱਧੋ ਨਾਮ। ਕਹੈਂ 'ਛਡੋ ਤੁਮ ਹਮਰੋ ਗਾਮ'।੬।

ਦੋਹਰਾ: ਸਿੰਘ ਮਝੈਲ ਤੇ ਥੇ ਬੁਰੇ ਪਰ ਕਰੈਂ ਉਨ੍ਹੈਂ ਸੋਂ ਟਾਰ।
ਕੂਟ ਲੂਟ ਉਇ ਜੋ ਕਰੈਂ ਤੋ ਸਿੰਘ ਰਹਿਂ ਕਰ ਟਾਰ।੭।

ਚੌਪਈ: ਜੋ ਸਿੰਘ ਦੇਹਿਂ ਉਨ ਭਲੀ ਮਲਾਹਿ। ਕਰੈਂ ਮਸ਼ਕਰੀ ਉਲਟੈ ਰਾਹਿ।
ਸਿੰਘ ਕਹੈਂ 'ਲੇਹੁ ਖੰਡੇ ਪਾਹੁਲ'। ਬੈਰਾੜ ਕਹੈ ਅਗਜੋਂ 'ਲੇਹੁ ਅੰਦ੍ਰਾਹਲ'।
ਕਹੈਂ 'ਪਹੁਲ ਹਮ ਦਾਦੈ ਲਈ। ਹਮ ਤੈ ਨਿਕਲ ਕਹਾਂ ਅਬ ਗਈ'।੮।

ਦੋਹਰਾ: ਸੁਨ ਕਰ ਸਿੰਘ ਤਬ ਚੁਪ ਕਰੈਂ 'ਭਾਗ ਇਨ੍ਹਾਂ ਕੈ ਨਾਂਹਿ।
ਏ ਫਿਟਕਾਰੇ ਸਤਿਗੁਰੂ ਰਾਜ ਕਹਾਂ ਏਹ ਪਾਹਿਂ।੯।

ਚੌਪਈ: ਬਹੁਤੇ ਸਿੰਘ ਜੈਤੋ ਕੀ ਰਹੈਂ। ਅਖਲੂ, ਮਹਮੈ, ਭਗਤੂ, ਬਹੈਂ।
ਬਿੱਝੂ, ਕਾਉਣੀ, ਦੋਡਮਤੀ ਮਾਂਹਿ। ਔਰ ਸੁ ਲਾਂਭੇ ਚਾਂਭ ਰਹਾਹਿਂ।੧੦।
ਚੜਿੱਕ, ਚੁਬਾਰੇ, ਘੋਲੀਏ ਤਾਕ। ਫਰੀਦ ਕੋਟ ਔ ਕਾਂਗੜ ਲਾਕ।
ਆਪੋ ਅਪਨੇ ਔਰ ਟਿਕਾਣੇ। ਰਹੇ ਮੁਲਾਹਜੇ ਨਏ ਪੁਰਾਣੇ।੧੧।
ਪਿੰਡ ਪਿੰਡ ਯੌ ਸਿੰਘ ਵਖਤ ਕਟਾਹਿਂ। ਦੁਖ ਬਹੁ ਸਹੈਂ ਸੁ ਗੁਜ਼ਰ ਕਰਾਂਹਿ।
ਤੋ ਬਿਰਾੜ ਬਹੁ ਚਾਵੜ ਕਰੈਂ। ਕਹੈਂ 'ਸਿੰਘ ਹਮ ਤੇ ਬਹੁ ਡਰੈਂ।੧੨।
ਹਮ ਹੈਂ ਜਗ ਮੈਂ ਬਡੇ ਸਿਪਾਹੀ। ਹਮ ਸਮ ਜਗ ਕੋ ਸੂਰਾ ਨਾਹੀਂ।
ਇਕ ਪਲ ਮੇਂ ਲੇਂ ਸਿੰਘਨ ਮਾਰ'। ਐਸੇ ਮੂਰਖ ਬਕੈਂ ਬਿਰਾੜ।੧੩।

ਦੋਹਰਾ: ਪੰਜ ਬਾਰ ਭਾਜੜ ਕਰੀ ਸਿੰਘਨ ਤੇ ਗਿਲਜਾਨ।
ਕਦੇ ਬਰਸ ਕਦੇ ਦੁਇ ਬਰਸ ਸਿੰਘ ਬਸੈਂ ਮਾਲਵੇ ਆਨ।੧੪।

ਚੌਪਈ: ਪੰਜ ਵਾਰ ਤੌ ਸਣ ਪਰਵਾਰ। ਭਾਜੜ ਕਟੀ ਬਿਰਾਨੈ ਬਾਰ।
ਜਿਮ ਜਿਮ ਸਿੰਘ ਉਨਤੇ ਟਲ ਜਾਹਿਂ। ਤਿਮ ਬਿਰਾੜ ਮੂਰਖ ਗਰਬਾਹਿਂ।੧੫।
ਸਿੰਘ ਲੱਖ ਤਿਸ ਵੜ ਜਾਹਿਂ ਦੇਸ਼। ਤੁਰਕ ਨ ਸਕੈਂ ਕਰ ਤਹਿਂ ਪਰਵੇਸ਼।
ਸਿੰਘਨ ਵਲ ਤੇ ਆਕੀ ਰਹੈਂ। ਆਗੈ ਭਰਤ ਟਕੇ ਥੇ ਵਹੈ।੧੬।

Sri Satguru Jagjit Singh Ji eLibrary NamdhariElibrary@gmail.com

ਘੱਲੂ ਘਾਰੇ ਕੇ ਪਿੱਛੈ ਭਏ। ਵੈ ਬੀ ਸਿੰਘਨ ਮਾਰਨ ਡਹੇ।
ਕਹੈਂ ਬਿਰਾੜ 'ਹਮ ਆਪੇ ਸੂਰੇ। ਹਮ ਸੋਂ ਲਰ ਕਥ ਹੁਇ ਸਿੰਘ ਪੂਰੇ।੧੭।
ਦੇਸ਼ ਹਮਾਰੈ ਤੁਮ ਸੁਖ ਪਾਯੋ। ਦੋ ਮੂੰਡ ਕੋ ਤੁਮ ਇਹਾਂ ਰਹਾਯੋ'।
ਰਲ ਬੈਰਾੜਨ ਇਮ ਕਰ ਕਹਜੋ। 'ਸੱਦ ਤੁਰਕਨ ਤੁਮ ਇਹਾਂ ਮੁਵਯੋ'।੧੮।

ਦੋਹਰਾ: ਗੀਡਾ ਸਿੰਘ ਇਕ ਸਿੰਘ ਥੋ ਢੰਡ ਕਸੇਲਨ ਵਾਲ।
ਤਿਸ ਕੀ ਨਾਰ ਲੁਕੋ ਰਖੀ, ਕਹਿ 'ਲਈ ਮੜੈਲਨ ਨਾਲ'।੧੯।

ਚੌਪਈ: ਤੌ ਖਾਲਸੈ ਨੈ ਦਿਵਾਨ ਲਗਾਯੋ। 'ਟਲੇ ਬਨੇ ਨਹੀਂ' ਯੌ ਠਹਿਰਾਯੋ।
'ਭਏ ਬਿਰਾੜ ਅਬ ਬੇਈਮਾਨ। ਲਾਗੇ ਖਾਲਸੇ ਦੇਖਣ ਤਾਨ'।੨੦।
ਉਨਤੇ ਲਏ ਕਬੀਲੇ ਕੱਢ। ਔਰ ਦੇਸ਼ ਮੈਂ ਦੀਨੇ ਛੱਡ।
ਗੁਰੂ ਕੋਠੇ ਮੇਂ ਥੇ ਸੋ ਰਹੇ। ਔਰ ਜਗ੍ਹਾ ਉਨ ਬਹਿਨ ਨ ਦਏ।੨੧।
ਨਿਕਲ ਬਿਰਾੜ ਗਿੱਲਨ ਲਏ ਵਾਰ। ਉਸ ਦਿਨ ਤੇ ਭਏ ਗਿਲ ਸੁਖਕਾਰ।
ਬਿੱਝੂ ਕੀ ਤਿਨ ਟੰਮਕ ਬਜਾਯਾ। ਬਿਰਾੜਨ ਇਕ ਥਾ ਜਥਾ ਬਨਾਯਾ।੨੨।
ਦਿਵਸ ਰਾਤ ਪੜ ਸਿੰਘ ਅਕਾਹਿ। ਜੌ ਲਭੈ ਲੁਟ ਮਾਰ ਤਿਸ ਜਾਹਿ।
ਇਮ ਭਜੋ ਸਿੰਘਨ ਬ੍ਰਾੜਨ ਬਖੇੜਾ। ਕਰੈਂ ਸਿੰਘਨ ਸਿਉਂ ਨਿਤ ਵੈ ਭੇੜਾ।੨੩।
ਸਿੰਘ ਹੁਤੇ ਥੇ ਤਿਹ ਥਾਂ ਥੋੜੇ। ਸਿੰਘਨ ਕਿਮ ਕਿਮ ਰਖੇ ਰਾਤ ਘੋੜੇ।
ਪ੍ਰਾਤ ਹੋਤ ਸਿੰਘ ਰਲੈ ਔਰ ਆਇ। ਤਬ ਲੀਨੋ ਕਿਛ ਠਾਠ ਬਣਾਇ।੨੪।

ਦੋਹਰਾ: ਤੌ ਬਿਰਾੜ ਫਿਰ ਨਹਿ ਟਲੇ ਪੜੇ ਪਹਿਰ ਤੀਏ ਸੋਇ।
ਪੀ ਸੁੱਖਾ ਸਿੰਘ ਥੇ ਖੜ ਭਜੋ ਮੁਠ ਭੇੜੇ ਹੋਇ।੨੫।

ਚੌਪਈ: ਕੋਊ ਸਿੰਘ ਥੋ ਚੰਡੀ ਪੜਤੋ। ਕੋਊ ਸਿੰਘ ਸੁਚੇਤੋ ਕਰਤੋ।
ਸੁਨਤ ਲੜਾਈ ਸਭ ਚੜ੍ਹ ਪੜੇ। ਕਰੈਂ ਮਜ਼ਾਖ ਵੈ ਸਿੰਘਨ ਕੋ ਖੜੇ।੨੬।
ਉਇ ਜਾਨੈ 'ਸਿੰਘ ਨੇੜ ਨ ਆਵੈਂ। ਹਮ ਬ੍ਰਛੀਅਨ ਤੇ ਦੂਰ ਹਟਾਵੈਂ।
ਹਮ ਵਡਭਾਗ ਜੋਹਮ ਪਰ ਆਵੈਂ। ਮਾਰ ਬਰਛੀਅਨ ਘੋੜੇ ਲੈ ਜਾਵੈਂ'।੨੭।
ਸਿੰਘਨ ਜਾਨਜੋ 'ਹਮ ਲਭਜੋ ਸ਼ਿਕਾਰ। ਲੈ ਹੈਂ ਬੰਦੂਕੇ ਬਰਛੀਅਨ ਮਾਰ'।
ਇਮ ਕਰ ਹੱਲੋ ਦੁਵੱਲਨ ਭਯੋ। ਸਿੰਘਨ ਬਿਰਾੜਨ ਤਿਹ ਭੇੜ ਪਯੋ।੨੮।
ਉਇ ਚਾਹੈਂ 'ਹਮ ਬ੍ਰਛੀ ਚਲਾਵੈਂ'। ਸਿੰਘ ਗੋਲੀਅਨ ਸੋਂ ਅਗੈ ਗਿਰਾਵੈਂ।
ਵੈ ਬਰਛੀ ਸੁਟ ਖਾਲੀ ਜਾਹਿ। ਮਾਰ ਗੋਲਨ ਸਿੰਘ ਘੋੜੀ ਖੁਹਾਂਹਿ।੨੯।

ਦੋਹਰਾ: ਉਇ ਸਿੰਘਨ ਕੋ ਇਮ ਲਭੈਂ ਜਿਮ ਲਵੈ ਬਟੇਰੋ ਬਾਜ।
'ਰੋਜ ਰੋਜ ਕੈ ਦੁਖਨ ਤੇ ਕਰੁ ਲੇਹੁ ਅਬੈ ਇਨ ਕਾਜ'।੩੦।

ਚੌਪਈ: ਉਡੀ ਗਰਦ ਤੌ ਭਯੋ ਅੰਧੇਰੋ। ਤਹਿ ਨਹਿ ਸਿਞਾਪੈ ਮੇਰੋ ਤੇਰੋ।
ਕਿਛਕ ਛਲਕਨ ਸੌਂ ਪਹਿਲੋਂ ਮਾਰੈਂ। ਕਿਛਕ ਅਵਾਜਨ ਡਰ ਘੋੜੀਅਨ ਡਾਰੈਂ।੩੧।

Sri Satguru Jagjit Singh Ji eLibrary NamdhariElibrary@gmail.com

ਕੌਨ ਸਕੈ ਤਬ ਬ੍ਰਛੀ ਸੰਭਾਰ। ਪਿੱਛੈ ਸਿੰਘ ਤੇ ਅਗੈ ਬਿਰਾੜ।
ਪੈਰ ਕਾਜ ਜਿਨ ਨੈ ਬਹੁ ਕੀਯੋ। ਤੇ ਤੋ ਲੈਗੇ ਅਪਨੋ ਜੀਯੋ।੩੨।
ਬਜਾਇ ਢੋਲ ਥੇ ਲੁੱਟਨ ਆਏ। ਲੁਕ ਗਏ ਝਾੜਨ ਢੂੰਡੈਂ ਨ ਪਾਏ।
ਐਸੀ ਭਈ ਬਿਰਾੜਨ ਬਾਤ। ਬਚੇ ਸੁ ਯਾਂ ਤੇ ਆ ਭਈ ਰਾਤ।੩੩।
ਪੰਦ੍ਰਾਂ ਸੈ ਦਲ ਘੋੜੀ ਆਈ। ਬਹੁਤ ਲਏ ਸੋ ਜੱਟ ਫੜਾਈ।

ਦੋਹਰਾ: ਕਿਛੁ ਖੋਹੇ ਕਿਛੁ ਬਚ ਗਏ ਸਿੰਘ ਮੁੜੇ ਉਨੈ ਘਰ ਵਾਰ।
'ਮਾਰੋਂ ਸਵੇਰੋ ਆਨ ਤੁਮ' ਯੌਂ ਸਿੰਘਨ ਕਹਯੋ ਪੁਕਾਰ।੩੪।

ਚੌਪਈ: ਸੋ ਨਠ ਗਏ ਤਹਿੰ ਹੋਤੀ ਸਵੇਰ। ਪ੍ਰਾਤ ਸਿੰਘ ਚੜ੍ਹ ਆ ਪਏ ਫੇਰ।
ਦੇਖ ਸਿੰਘਨ ਘਰ ਸੁੰਨੇ ਪਰੇ। ਨਠ ਕਰ ਮਨੁਖ ਕਿਤੈ ਜਾਇ ਵੜੇ।੩੫।
ਰਹੀ ਚੀਜ਼ ਸਿੰਘਨ ਲੁੱਟ ਲਈ। ਐਸੀ ਬਾਤ ਬਿੱਝੂ ਕੀ ਭਈ।
ਸਿੰਘਨ ਲੁੱਟ ਗੁਜਰ ਭਲ ਕਹੀ। ਬਹੁਤ ਚੀਜ ਥੀ ਊਹਾਂ ਉਨ ਪਰੀ।੩੬।
ਖਾਲੀ ਘਰਨ ਤਹਿੰ ਸਿੰਘ ਵੜ ਬਹੇ। ਕਿਛਕ ਦਿਵਸ ਸਿੰਘਨ ਕਟ ਲਏ।
ਵਿਰਾੜ ਵੜੇ ਜਾਇ ਔਰਹ ਥਾਇ। ਕੋਟ ਕਪੂਰੇ ਫਰੀਦੇ ਵਾਇ।੩੭।
ਔਰ ਜੋਊ ਥੇ ਬਡੇ ਗਿਰਾਉਂ। ਸੋ ਹੁਇ ਬਹੇ ਫੇਰ ਇਕ ਥਾਉਂ।
ਰਾਤ ਚੋਰੀ ਕਿਤ ਲਗੈਂ ਸੁਆਇ। ਦਿਨੈ ਸਿੰਘ ਤਿਹ ਪਾਸ ਨ ਦੇਹਿੰ ਜਾਇ।੩੮।

ਦੋਹਰਾ: ਰਤਨ ਸਿੰਘ ਨੈ ਜਿਮ ਸੁਨੀ ਤੈਸੇ ਦਈ ਲਿਖਾਇ।
ਆਗੈ ਪਾਛੈ ਜਿਮ ਭਈ ਕ੍ਰਮ ਸੋਂ ਧਰੀ ਬਨਾਇ।੩੯।

ਸਾਖੀ ਦੂਜੀ ਬਿਰਾੜਨ ਕੀ

੧੭੦. [ਵੈਰਾੜਾਂ ਨਾਲ ਫਿਰ ਮੇਲ]

ਦੋਹਰਾ: ਫੇਰ ਬਿਰਾੜਨ ਸਭਨ ਮਿਲ ਇਮ ਕਹਿ ਕਰੀ ਸਲਾਹਿ।
'ਗਿਲਜਨ ਵਜਾ ਬਨਾਇਕੈ ਪਹੈਂ ਸਿੰਘਨ ਪਰ ਧਾਇ।੧।

ਚੌਪਈ: ਸਿੰਘ ਗਿਲਜਨ ਲਖ ਜਾਵੈਂ ਭਾਜ। ਲੂਟ ਲੇਹਿੰ ਹਮ ਉਨ ਸਭ ਸਾਜ'।
ਸੋਊ ਵਜਾ ਤਬ ਬਿਰਾੜਨ ਖਨਾਈ। ਲਾਲ ਰੰਗ ਕਰਨ ਫੌਜ ਠਹਿਰਾਈ।੨।
ਚੋਪ ਨਾਰਨ ਕੇ ਉਪਰੋਂ ਲਾਹੇ। ਜੀਨ ਪੋਸ਼ ਕਰ ਘੋੜਨ ਪਾਏ।
ਲਾਲ ਖੇਸ ਨਿਜ ਉੱਪਰ ਲਏ। ਸਾਥ ਨੇਜਨ ਕੈ ਚੋਪ ਬੰਧਏ।੩।
ਨਿਸ਼ਾਨ ਬੈਰਕ ਜਿਮ ਊਚ ਕਰਾਏ। ਢੋਲ ਨਿਗਾਰਨ ਜਿਮੇ ਬਜਾਏ।
ਮੁਹਰਖੈ ਸਿੰਘਨ ਕੇ ਰਹਤ ਥੇ ਖੜੇ। ਨਜਰ ਲਾਲ ਰੰਗ ਆਵਤ ਪੜੇ।੪।
ਉਨ ਨਠ ਭਜ ਆਇ ਕਰੀ ਪੁਕਾਰ। ਦਲ ਨਠ ਤੁਰਯੋ ਨ ਕਰੀ ਸੰਭਾਰ।
ਕਈ ਕੋਸ ਭਜ ਗਯੋ ਬਹੀਰ। ਤੌ ਸਿਰਦਾਰਨ ਕਰੀ ਤਤਬੀਰ।੫।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸਿੰਘ ਸਰਦਾਰਨ ਤਬ ਕਹਜ 'ਖੜ ਅਬ ਕਰੋ ਸੰਭਾਰ।
ਧਰਤੀ ਓੜਕ ਹਮ ਅਏ ਕਹਾਂ ਪੜੈਂ ਕਾਬਲੀ ਪਾਰ।੬।

ਚੌਪਈ: ਜੌ ਅਬ ਨੱਠੇ ਅਗੈ ਜਾਵੈਂ। ਮਰੈਂ ਪਿਆਸੈ ਨੀਰ ਨ ਪਾਵੈਂ!
ਲੋੜ ਈਹਾਂ ਹੀ ਅਬਹ ਖਲੋਇ। ਸਤਿਗੁਰ ਚਾਹੈ ਸੋ ਕਛੁ ਹੋਇ'।੭।
ਖੜ ਸਿੰਘਨ ਨੈਂ ਕਰੇ ਨਿਗਾਰੇ। ਨਿਸ਼ਾਨ ਨਵਾਰਨ ਨਿਸ਼ਾਨ ਸੰਭਾਰੇ।
ਸਿੰਘ ਸੂਰਮੇ ਪਿੱਛੈ ਮੁੜੇ। ਸਰਦਾਰ ਸਭੈ ਖੜ ਪਿੱਛੇ ਜੁੜੈ।੮।
ਸਰਦਾਰ ਚੜ੍ਹ ਸਿੰਘ ਥੋ ਪਿੱਛੈ ਰਹਜੋ। ਸੋ ਖੜ ਮੁੜ ਸੰਗ ਬਿਰਾੜਨ ਖਹਜੋ।
ਉਨ ਲਖ ਲੀਨੋ ਭੇਤ ਬਿਰਾਰ। ਸਭ ਸਿੰਘਨ ਸੌਂ ਕਹਜੋ ਪੁਕਾਰ।੯!
ਸੁਨਤ ਸਿੰਘ ਮੁੜ ਕਰ ਦਜੋ ਹੱਲਾ। ਬ੍ਰਾੜਨ ਪੈ ਸੋਊ ਭਯੋ ਨ ਝੱਲਾ।
ਸੋ ਨਠ ਤੁਰੇ ਸਿੰਘ ਗੈਲ ਲਗਾਇ। ਕਿਛ ਫੜ ਲਏ ਕਿਛ ਗਏ ਵਗਾਇ।੧੦।

ਦੋਹਰਾ: ਜਿਨਕੈ ਪੁੱਤਰ ਫੜ ਲਏ ਸੁਨਿ ਅਈ ਤਿਨ੍ਹੈਂ ਕੀ ਮਾਇ।
ਲੀਨੇ ਪੁਤਰ ਛੁਡਾਇ ਉਨ ਸਿੰਘਨ ਬਾਤਾਂ ਲਾਇ।੧੧।

ਚੌਪਈ: ਸਿੰਘਨ ਬਿਰਾੜਨ ਪਰ ਰਹਜੋ ਬੈਰ। ਸਿੰਘ ਕਰੈਂ ਨਹਿੰ ਤਿਨ ਸੰਗ ਖੈਰ।
ਬਿਰਾੜ ਲਗੇ ਪਿੰਡ ਗੜੀ ਚਿਣਾਵਣ। ਲਗਜੋ ਖਾਲਸੋ ਮੋਰਚੇ ਲਾਵਣ।੧੨।
ਕੱਚੈ ਖੂਹਨ ਜਲ ਝਬ ਮੁਕ ਜਾਇ। ਬਿਰਾੜ ਨਠੈਂ ਛਡ ਸੋਈ ਥਾਇ।
ਸਿੰਘ ਬਿਰਾੜਨ ਨਿਕਲਨ ਤੌਂ ਦੇਹਿਂ। ਭੈਸ ਘੋੜੀ ਕਢ ਚੰਗੀ ਲੇਹਿਂ।੧੩।
ਇਮ ਬਿਰਾੜ ਸਿੰਘਨ ਤੇ ਹਾਰੇ। ਕਰਤੂਤ ਆਪਣੀ ਭਏ ਖੁਆਰੇ।
ਕਿਸੈ ਜੁੰਮੈ ਸਿੰਘ ਨਜ਼ਰਾਨਾ ਟਿਕਾਵੈਂ। ਕਿਸੇ ਜੁੰਮੈ ਸਿੰਘ ਸਾਕ ਠਹਿਰਾਵੈਂ।
ਯੌ ਕਰ ਸਿੰਘਨ ਰੱਯਤ ਬਨਾਇ। ਫਿਰ ਉਨ ਹੀ ਘਰ ਡੇਰੇ ਲਾਇ।
ਫਿਰ ਸਿੰਘਨ ਕੇ ਤੇ ਭਏ ਦਾਸ। ਗੁਜਰ ਕਰੈ ਖਾਲਸਾ ਯੌ ਖਾਸ।੧੫।

ਦੋਹਰਾ: ਉਸੀ ਦੇਸ਼ ਸਿੰਘ ਫਿਰ ਵੜੇ ਉਨ ਕੌ ਠੀਕ ਬਣਾਇ!
ਅਗੈ ਆਇ ਸੈਊ ਮਿਲੈਂ ਘਰ ਅਪਨੇ ਲੇਹਿਂ ਉਤਰਾਇ।੧੬।
ਜੇ ਪਾਹੁਲ ਲੈ ਪੰਥ ਰਲੇ ਸੋ ਤਉ ਭਏ ਨਿਹਾਲ।
ਰਤਨ ਸਿੰਘ ਸੁਨ ਪਿਤਾ ਤੇ ਤੈਸੀ ਲਿਖੀ ਸੰਭਾਲ।੧੭।

ਸਾਖੀ ਕਪੂਰੇ ਬਿਰਾੜ ਕੀ ਤੁਰੀ

੧੭੧. [ਕਪੂਰੇ ਦਾ ਫਾਹੇ ਲਗਣਾ]

ਦੋਹਰਾ: ਜੇ ਕੋ ਆਖੈ ਪ੍ਰਸ਼ਨ ਯਹ ਸਭ ਕਹੀ ਬਿਰਾੜਨ ਬਾਤ।
ਸਤਿਗੁਰ ਬਚਨ ਫਾਹੈ ਭਯੋ ਕਿਤੁ ਮੁਯੇ ਕਪੂਰੋ ਭਾਂਤ।੧।

ਚੌਪਈ: ਅਬੈ ਕਪੂਰੈ ਮੌਤ ਬਤਾਊਂ। ਜਿਮ ਭਯੋ ਬਚਨ ਸੁ ਪ੍ਰਸੰਗ ਸੁਨਾਊਂ।
ਜਬ ਸਤਿਗੁਰ ਗਏ ਕੋਟ ਕਪੂਰੇ। ਮਿਲਜੋ ਕਪੂਰੋ ਦਿਲ ਕਰ ਊਰੇ।੨।

* ਭਾਵ ਟਲਣਗੇ ਨਹੀਂ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਕਹਜੋ 'ਸੁਨ ਸਿੱਖ ਪਿਆਰੇ! ਡੇਰਾ ਦਿਹੋ ਹਮ ਕਿਲੇ ਮੰਝਾਰੇ।
ਤੁਰਕ ਆਵਤ ਹੈਂ ਹਮਰੀ ਗੈਲੈ। ਬਿਨਾਂ ਲੜੇ ਵਹਿ ਰਹੈਂ ਨ ਟੈਲੈ*।੩।
ਬਿਨਾਂ ਗੜ੍ਹੈ ਲੜ ਸਕਿਅਤ ਨਾਹੀਂ। ਲੜੈ ਸ਼ੇਰ ਭੀ ਬੇਲੇ ਮਾਹੀਂ।
ਮੱਧ ਗੜੀ ਹਮ ਕੋ ਤੂੰ ਵਾੜ! ਤੁਰਕ ਲੜੈਂ ਈਹਾਂ ਜਾਵੈਂ ਹਾਰ।੪।
ਸਭ ਰੱਯਤ ਹੁਇ ਤੁਮਰੀ ਆਇ। ਤੁਹਿ ਦੇਊਂ ਮੈਂ ਬਡ ਦੇਸ਼ ਲਾਇ'।
ਤਬੈ ਕਪੂਰੇ ਉੱਤਰ ਦਯੋ। ਉਸੀ ਬਚਨ ਤੇ ਉਸ ਮਰਨ ਭਯੋ।੫।

ਦੋਹਰਾ: ਕਪੂਰੇ ਦਿਨ ਖੋਟੇ ਅਏ ਗਜੋ ਸਿੱਖੀਓਂ ਬੇਮੁਖ ਹੋਇ।
ਬੇਈਮਾਨੀ ਚਿਤ ਠਈ 'ਮਤ ਗੜ੍ਹੀ ਲਏ ਗੁਰ ਖੋਹਿ'।੬।

ਚੌਪਈ: ਤਬੈ ਕਪੂਰੈ ਐਸੀ ਕਹੀ। 'ਹਮ ਤੁਰਕਨ ਕੈ ਬੰਦੇ ਅਹੀ।
ਜੌ ਅਬ ਮੱਧ ਹਮ ਤੁਮ ਕੋ ਵਾੜੈਂ। ਹਮ ਕੋ ਫੜ ਤੁਰਕ ਫਾਹੇ ਚਾੜੈਂ'।੭।
ਤਬ ਸਤਿਗੁਰ ਸੁਨ ਬਚਨ ਉਚਾਰੇ। 'ਅਬ ਕਜਾ ਮਰੈਂ ਨ ਫਾਹੇ ਚਾੜੇ।
ਸਿਖੀਓਂ ਭੀ ਬੇਮੁਖ ਹੁਇ ਮਰੈਂ! ਤੌ ਭੀ ਤੂੰ ਫਾਹੇ ਚੜ ਮਰੈਂ'।੮।

ਦੋਹਰਾ: ਯੌਂ ਕਹਿ ਸਤਿਗੁਰ ਤੁਰ ਗਏ ਦਿਨ ਭਏ ਕਿਤਿਕ ਬਿਤਾਇ।
ਜਿਮ ਚੜ੍ਹ ਫਾਹੈ ਸੋ ਮੁਯੋ ਸੋ ਮੈਂ ਦਿਓਂ ਬਤਾਇ।੯।

ਚੌਪਈ: ਹਾਕਮ ਈਸਾਯੋ[1] ਖਾਨ ਕਹਾਏ। ਮੰਜ ਰੰਘੜ ਤਿਨ ਕੋਟ ਬਨਾਏ।
ਹੋਨੀ ਨੇੜੇ ਕਪੂਰੈ ਆਈ। ਦੀਏ ਘੋੜੇ ਉਨ ਈਸੇ ਮੁਲਵਾਈ[2]।੧੦।
ਈਸੇ ਟੌਂਬੂ ਉਸ ਦੁਆਬੈ ਕੀਆ। ਲੈਣ ਦਾਮ ਵਹਿ ਪਾਰੈ ਥੀਆ।
ਉਸ ਹੋਣੀ ਨੈ ਆਨ ਦਬਾਯਾ; ਉਸੈ ਪਾਪ ਦਿਲ ਅੰਦਰ ਆਯਾ।੧੧।
ਸੱਦ ਚੋਰ ਦਏ ਉਹਾਂ ਲਾਇ। ਲਈ ਮਾਰਿ ਸ਼ਾਹਿ ਦਰਬ ਕਢਾਇ।
ਸੋ ਬਹ ਪ੍ਰਗਟੀ ਸਿਰ ਉਸ ਆਈ! ਹੋਣੀ ਹੋਇ ਬੋਲੀ ਮਹ ਰਖਾਈ।੧੨।
ਵਾਕ ਸਤਿਗੁਰ ਕੋ ਨਹਿੰ ਜਾਇ ਖਾਲੀ। ਪ੍ਰਿਥਵਲ ਧਰਤੀ ਜਾਇ ਹਾਲੀ।
ਸੋ ਈਸੈ ਖਾਂ ਪਕੜ ਮੰਗਾਯੋ। ਯੌਂ ਕਹਿਕੈ ਫਾਹੈ ਚੜ੍ਹਵਾਯੋ।੧੩।

ਦੋਹਰਾ: ਇਸੈ ਗੁਰੂ ਕੇ ਵਾਕ ਥੋਂ ਫਾਹੈ ਮੌਤ ਹੋਇ ਯਾਹਿ।
ਔਰ ਕਿਸੂ ਕੋ ਦੋਸ਼ ਨਹਿੰ ਸੋਊ ਫੁਰਿਓ ਆਹਿ।੧੪।
ਪਿੰਡ ਹੋਣੀ ਮਧ ਉਸ ਟੰਗਜੋ ਭਯੋ ਕਪੂਰੈ ਨਾਸ਼।
ਰਤਨ ਸਿੰਘ ਤਿਮ ਹੀ ਲਿਖੀ ਜਿਮ ਸੁਨੀ ਬ੍ਰਿਧਨ ਕੈ ਪਾਸ।੧੫।

ਮੋਰੰਡੇ ਕਤਲ ਕੀ

੧੭੨. [ਮੁਰੰਡੇ ਦੇ ਰੰਘੜਾਂ ਦੀ ਸੋਧ]

ਦੋਹਰਾ: ਅਠਾਰਾਂ ਸੈਅ ਅਠਾਰਵੇਂ ਘੱਲੂਘਾਰੇ ਸਾਲ।
ਲੂਟ ਬਿਰਾੜਨ ਕੋ ਤਬੈ ਚੜ੍ਹਜੋ ਖਾਲਸੋ ਹਾਲ।੧।

---

੧. ਪਾ:- ਅਹੀਯੋ।   ੨. ਮੁੱਲ।

Sri Satguru Jagjit Singh Ji eLibrary   NamdhariElibrary@gmail.com

ਚੌਪਈ: ਆਲਾ ਸਿੰਘ ਪਹਿ ਸਿੰਘਨ ਆਯੋ। ਸਾਥ ਫੁਲਾਇਣ ਸੋ ਲੈ ਧਾਯੋ।
ਸਾਥ ਭਾਈ ਕੇ ਲਏ ਚੜ੍ਹਾਈ। ਖੁੱਢਾ ਸਿੰਘ ਗੁਰਬਖਸ਼ ਸਿੰਘ ਥਾਈ।੨।
ਮਲੇਰ ਮਾਰਨ ਉਨ ਦਈ ਸਲਾਹੇ। ਪਠਾਣ ਮਲਵਈਅਨ ਬੈਰ ਸੁ ਥਾਏ।
ਦੌੜ ਚੁਤਰਫੋਂ ਲੂਟ ਮਚਾਹਿੰ। ਮੁਲਕ ਮਾਰ ਉਨ ਤੁਰੇ ਅਗਾਹਿੰ।੩।
ਸਿੰਘ ਤੁਰੇ ਮਰਹੰਦੈ ਦਾਇ। ਦੇਖ ਬਾਗ ਮੁੜ ਆਏ ਧਾਇ।
ਹੁਤੀ ਫੌਜ ਜੋ ਸ਼ਹਿਰ ਸੁ ਮਾਂਹਿ। ਸਿੰਘਨ ਭੈ ਤੇ ਨਿਕਸੀ ਨਾਂਹਿ।੪।
ਸਿੰਘਨ ਲੀਨੋ ਉਸ ਲਖਿ ਜ਼ੋਰ। ਭਯੋ ਖਾਲਸੋ ਔਰੈ ਤੌਰ।
ਆਖੈ ਖਾਲਸੋ ਸਮੇ ਦੁੜਾਯੋ। ਮਾਰਜੋ ਫਿਰ ਅਬ ਫੇਰੋ ਪਾਯੋ।੫।

ਦੋਹਰਾ: ਸਿੰਘਨ ਮੁਲਖੱਯੇ ਸਦ ਪੁਛੇ ਜੋ ਸਿੰਘ ਊਹਾਂ ਥੋਇ।
'ਦਸ ਦੁਸ਼ਟ ਮਰਵਾਓ ਖਾਲਸੇ ਆਗੂ ਹੋਏ ਦਸੋਇ'।੬।

ਚੌਪਈ: ਘੜੂੰਏਂ ਵਾਲ ਔ ਸਲੌਦੀ ਵਾਲ। ਹੁਤੇ ਕਦੀਮੀ ਸਿੰਘਨ ਨਾਲ।
ਉਨ ਦੋਇਨ ਮਿਲ ਇਮ ਗਲ ਕਹੀ। 'ਦੁਸ਼ਟਨ ਸਿਰ ਦੁਸ਼ਟ ਮੁਰੰਡੋ ਅਹੀ।੭।
ਸਾਹਿਬਜ਼ਾਦੇ ਜਿਨ੍ਹੈ ਫੜਾਏ। ਤਊ ਬਜੀਰੇ ਨੈ ਥੇ ਘਾਏ'।
ਯਹ ਦੋਨਨ ਨੈ ਦਈ ਸਲਾਹਿ। 'ਮਾਰੋ ਯਾਹਿ ਅਬ ਛਾਡੋ ਨਾਂਹਿ'।੮।
ਜੱਸਾ ਸਿੰਘ ਕਛੁ ਚਹੈ ਟਲਾਯਾ। ਗਿਲਜਨ ਢਿਗ ਕਰ ਚਹੈ ਸ਼ੰਕਾਯਾ।
'ਜੋ ਸੰਝ ਲੌ ਯਹ ਤੁਟੈ ਨ ਗ੍ਰਾਮ। ਗਿਲਜੇ ਰਾਤ ਹੋਇੰ ਵਿਚ ਦਾਮ'।੯।
ਉਨ ਕੀ ਮੌਤ ਆਨ ਭਈ ਨੇਰੇ। ਕੌਨ ਸਕੈ ਉਨ ਹੋਣੀ ਫੇਰੇ।
ਵਹਿ ਹੋਣੀ ਥੀ ਇਮ ਹੀ ਗੱਲ। ਅਕਾਲੋ ਬਹੀਰ ਭਯੋ ਓਧਰੇ ਚੌਲ।੧੦।

ਦੋਹਰਾ: ਜੋ ਹੋਣੀ ਸੋ ਹੋਤ ਹੈ ਜਿਤ ਕਿਤ ਤਿਤ ਤਤਬੀਰ।
ਸਮੋਂ ਪਹੁੰਚਜੋ ਆਨ ਤੌਂ ਮੋਰੰਡਨ ਰੰਘੜਣ ਅਖੀਰ।੧੧।

ਚੌਪਈ: ਚਲੇ ਚੁੱਪ ਕਰ ਤਿਸਹੀ ਰਾਹਿ। ਨਹਿੰ ਪਿਲਚਨ ਕੀ ਥੀਯੋ ਸਲਾਹਿ।
ਘੜੂਅਨ ਵਾਰਨ ਫੇਰ ਚਿਤਾਰੀ। ਤੌ ਭੀ ਕਿਸੈ ਨ ਗਲ ਚਿਤ ਧਾਰੀ।੧੨।
ਸੋ ਲਖ ਗਯੋ ਜੁ ਦਲ ਥੋ ਭਾਰੋ। ਰਹਜੋ ਮੋਊ ਜੋ ਥਨੇ ਵਾਰੋ।
ਕਰਨ ਹਾਰ ਨੇ ਸੋਊ ਕਰੀ। ਹੋਨਹਾਰ ਕਬ ਜਾਤ ਸੁ ਟਰੀ।੧੩।
ਰੱਬ ਮਥੱਬ ਜੁ ਕਰਾਜਾ ਲੋਰੇ। ਸੌ ਸਬਬ ਇਕ ਪਲ ਮੈਂ ਜੋਰੈ।
ਕਿਛਕ ਪਿਆਸੇ ਸਿੰਘ ਤਹਿੰ ਭਏ। ਪਾਨੀ ਪੀਵਨ ਢਿਗ ਪਿੰਡ ਅਏ।੧੪।
ਭਾਗ ਸਿੰਘ ਗਡਵਈ ਘਲਾਯੋ। ਜਾਇ ਗਡਵੋ ਉਨ ਖੂਹੇ ਘਤਾਯੋ।
ਰਣ ਸਿੰਘ ਦਯਾ ਸਿੰਘ ਘੜੂਵੈਂ ਵਾਲ। ਪੀਵਣ ਪਾਣੀ ਗਏ ਉਸ ਨਾਲ।੧੫।

ਦੋਹਰਾ: ਸ਼ਸਤ੍ਰ ਫੜੇ ਰੰਘੜ ਖੜੇ ਉੱਪਰ ਬੁਰਜਨ ਸੋਇ।
ਦੇ ਦੇ ਗਾਲੀ ਬਹੁ ਥਕੈਂ ਮਨ੍ਹੈ ਕਰੈ ਨਹਿੰ ਕੋਇ।੧੬।
ਗਾਰੀ ਦੇਹਿੰ ਸੁ ਅਤਿ ਬੁਰੀ ਵਿਚ ਗੁਰੂਅਨ ਸਿੰਘਨ ਮਿਲਾਇ।
ਕਾਲਾ ਰੱਸਾ ਸੀੜ ਕਾ ਦਿਖਲਾਯੋ ਰੰਘੜ ਘੁਮਾਇ।੧੭।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸਿੰਘਨ ਕਹੈਂ 'ਯਿਹ ਬਾਲਨ ਸੀੜ। ਭਯੋ ਪੁਰਾਨੋ ਬਹੁਤ ਗਹੀਰ।
ਅਬ ਹਮ ਬਾਲ ਨਵੇਂ ਦੇ ਜਾਵੇ। ਹਮਸੋਂ ਖੜ ਕੈ ਜੰਗ ਮਚਾਵੇ।੧੮।
ਲਾਨਤ ਤੁਮ ਕੋ ਲੜੋ ਜੁ ਨਾਂਹਿ। ਪਿਠ ਦੇ ਦੇ ਅਬ ਨਠੇ ਕਿਮ ਜਾਂਹਿ।
ਤੁਮਰੇ ਗੁਰ ਕੇ ਹਮ ਪੁੱਤ੍ਰ ਮਾਰੇ। ਤਮ ਮਾਰਨ ਕੋ ਹਮ ਫਿਰੈਂ ਤਿਆਰੇ।੧੯।
ਤੁਮ ਹੋ ਜੱਟ ਹਮ ਹੈਂ ਰਜਪੂਤ। ਹਮਹੋ ਤੁਮਰੋ ਆਦਿ ਨ ਸੂਤ'।
ਘੜੂਅਨ ਵਾਲਨ ਯੌਂ ਸੁਨ ਲਈ। ਅਗਜੋ ਉਨ੍ਹੈਂ ਭੀ ਗਾਲੀ ਦਈ।੨੦।

ਦੋਹਰਾ: ਸੋ ਸੁਨ ਰੰਘੜਨ ਨੈ ਤਬੈ ਦੀਨੀ ਛਲਕ ਚਲਾਇ।
ਤਾਰਾ ਸਿੰਘ ਕੇ ਸਿੰਘ ਕੋ ਲਗੀ ਸੁ ਗੋਲੀ ਆਇ।੨੧।
ਤਾਰੇ ਸਿੰਘ ਸੁਨ ਅਗ ਲਗੀ ਵਖਤ ਪਹੁੰਚਯੋ ਆਇ।
ਘੜੂੰਵੇ ਵਾਲਨ ਸਭ ਕਹੀ ਭਾਂਬੜ ਦੀਓ ਮਚਾਇ।੨੨।

ਚੌਪਈ: ਘੜੂੰਵੇ ਵਾਲਨ ਆਖ ਵਹੀ। ਸੀੜ ਘੁਮਾਇ ਜੁ ਰੰਘੜਨ ਕਹੀ।
ਗੁਰੂ ਪੁਤ੍ਰਨ ਕੇ ਨਾਮ ਸੁਨਾਏ। ਅਗਨ ਉਪਰ ਜਿਮ ਘ੍ਰਿਤ ਡੁਲ੍ਹਾਏ।੨੩।
ਸੁਨਤ ਪਾਸ ਤੇ ਸਭ ਸਿੰਘ ਬੋਲੇ। ਜਨ ਬਰੂਦ ਤਹਿੰ ਕੁੱਪੇ ਡੋਲ੍ਹੇ।
ਤਾਰਾ ਸਿੰਘ ਕੋ ਸੋ ਖਤ ਆਈ। ਸੁਥਰੀ ਉਨ ਦਈ ਤੁਰਤ ਬਜਾਈ।੨੪।
ਮਾਰ ਮਾਰ ਕਰ 'ਅਕਾਲੋ' ਬੋਲੈ। ਬਜਾਇ ਨਗਾਰੇ ਫਿਰ ਝੰਡੇ ਖੋਲੈਂ।
ਘੜੂੰਵੇ ਵਾਲਨ ਤਬ ਲਗ ਗਯੋ ਦਾਯੋ। ਮਾਰ ਮਾਰ ਕਰ ਰੋਲੋ ਮਚਾਯੋ।੨੫।
ਜੱਸਾ ਸਿੰਘ ਪੈ ਸਿੰਘ ਘਲਾਯੋ। 'ਕਰਾਯੋ ਡੇਰਾ ਅਬ ਅਗੇ ਨ ਜਾਯੋ'।
ਪਾਸ ਚੜ੍ਹਤ ਸਿੰਘ ਆਪ ਸੁ ਪਹੁੰਚਜੋ। 'ਮਾਰੋ ਮੋਰੰਡੈ ਅਖ ਬਨੈ ਨ ਸੋਚਜੋ'।੨੬।

ਦੋਹਰਾ: ਸ਼ਾਮ ਸਿੰਘ ਪੈ ਆਪ ਜਾ ਤਹਿੰ ਕਰੋੜਾ ਸਿੰਘ ਸਮਝਾਇ।
ਸਭ ਬਿਰਤੰਤ ਸੁਣਾਇ ਕੈ ਹੱਲੋ ਦੀਓ ਕਰਾਇ।੨੭।

ਚੌਪਈ: ਹਰੀ ਸਿੰਘ ਭੰਗੀ ਮੁੜ ਆਯੋ। ਸਾਥ ਨਕਈ ਕਰਮ ਸਿੰਘ ਧਾਯੋ।
ਹੁਤੇ ਮੁਹਰੇ ਰਾਮਗੜ੍ਹੀਏ ਮੁੜੇ। ਮੁੜੇ ਸੁ ਮਜਬੀ ਜੋ ਰਹੇ ਜੁੜੇ।੨੮।
ਆਯੋ ਘਨੱਯੋ ਸੁਨ ਸੋ ਵਾਜ। ਸਿੰਘ ਪੁਰੀਏ ਭੀ ਕਰੈਂ ਸੁ ਕਾਜ।
ਡੱਲੇ ਵਾਲੀਏ ਥੇਊ ਜੋਊ। ਤਾਰਾ ਸਿੰਘ ਤੇ ਬਾਹਰ ਨ ਕੋਊ।੨੯।
ਸੋਢੀ ਬੇਦੀ ਸ਼ਹੀਦ ਭੁਜੰਗੀ। ਨਿਹੰਗ ਅੰਮ੍ਰਿਤਸਰ ਮਨੀ ਸੁ ਚੰਗੀ।
ਨਿਸ਼ਾਨਨ ਵਾਲਨ ਨਿਸ਼ਾਨ ਦਏ ਖੋਲੇ। ਸੁਕ੍ਰਚਕੀਏ ਭੀ ਮਾਰ ਮਾਰ ਬੋਲੇ।੩੦।

ਦੋਹਰਾ: ਸਾਹਬਜ਼ਾਦੇ ਇਨ੍ਹੈਂ ਨੇ ਦੀਨੇ ਥੇਊ ਫੜਾਇ।
ਸਭੈ ਪਛਾਣ ਮੋਰੰਡੋ ਪਰੇ ਚੁਫੇਰਜੋਂ ਧਾਇ।੩੧।

ਚੌਪਈ: ਜਿਮ ਜਲ ਰੁੜ੍ਹਤੋ ਨੀਚੇ ਆਵੈ। ਜਹਾਜ ਡੁਬੈ ਥੇ ਜਲ ਮਧ ਪਾਵੈ।
ਲਰੈਂ ਮਰੈ ਸਿੰਘ ਪਿੰਡ ਕੋ ਆਵੈਂ। ਬਾਹਰ ਲੱਭੈ ਸੋ ਮਾਰ ਗੁਵਾਵੈਂ।੩੨।
ਆਕੀ ਭਏ ਜੁ ਵੱਡੇ ਗ੍ਰਾਮ। ਬਡੀ ਖਾਈ ਥੀ ਕੰਧ ਵਡ ਥਾਮ।
ਭੇੜ ਪੱਟ ਹੋ ਅੰਦਰ ਖੜੇ। ਊਚੀ ਕੰਧ ਕੋ ਸਕੈ ਨ ਚੜ੍ਹੇ।੩੩।

Sri Satguru Jagjit Singh Ji eLibrary NamdhariElibrary@gmail.com

ਡੂੰਘੀ ਖਾਈ ਵਡ ਊਚੋ ਕੋਟ; ਇਤ ਗੁਮਾਨ ਕੀਓ ਰੰਘੜਨ ਜੋਟ।
ਨਿਕਲਜੋ ਨ ਸਿੰਘ ਜੋ ਖਾਈ ਪਯੋ। ਅਗੇ ਕੋਟ ਬਹੁ ਦਿਸੈ ਉਚਯੋ।੩੪।
ਤਬਹਿ ਸਰਦਾਰਨ ਇਮ ਠਹਿਰਾਈ। 'ਸਿਰਹੰਦ ਕੋਸ ਹੈ ਅਠ ਨੌ ਭਾਈ।
ਮਤ ਦੁਰਾਨੀ ਈਹਾਂ ਪਰੇ ਆਈ। ਚਹੀਅਤ ਯਾਂ ਕੋ ਰਖਜੈ ਉਪਾਈ'।੩੫।

ਦੋਹਰਾ: ਤਬ ਚੜ੍ਹ ਸਿੰਘ ਨੇ ਉਚ ਕਹਜੋ 'ਹਸਾਂਨੋਂ ਇਧਰ ਖੜਾਹੁ।
ਗਿਲਜਨ ਚਿੰਤਾ ਨਹਿੰ ਕਰੋ ਮੁਰੰਡੋ ਮਾਰ ਖੁਲਾਹੁ'।੩੬।

ਚੌਪਈ: ਤਬ ਚੜ੍ਹ ਸਿੰਘ ਨੇ ਐਸ ਉਚਾਰਾ। 'ਇਧਰੋਂ ਜ਼ਿੰਮਾ ਆਹਿ ਹਮਾਰਾ'।
ਇਮ ਕਹਿ ਸਿੰਘ ਜੀ ਉਤ ਵਲ ਗਯੋ; ਆਗੈ ਗਿਲਜਨ ਕੋ ਡਰ ਪਯੋ।੩੭।
ਆਈ ਆਈ ਓਧਰ ਹੋਈ। ਹੁਤੋ ਦੁਵੱਲੋਂ ਡਰ ਤਿਹ ਸੋਈ।
ਅਬ ਓਧਰ ਕੀ ਸੁਨੋ ਸੁ ਬਾਤ। ਕਹਜੋ 'ਮੁਸਲੈ ਸਭ ਕਰੀਏ ਘਾਤ।੩੮।
ਬੋਦੀ ਵਾਲਨ ਦੇਖ ਰਖ ਲਯੋ। ਬਿਨ ਬੋਦੀਯੋ ਸਿਰ ਦੂਰ ਕਰਯੋ'।
ਯੌ ਖਾਲਸੈ ਕਰ ਲਈ ਅਰਦਾਸ। ਬਜਾਏ ਨਗਾਰੇ ਹੋਇ ਦੌ ਪਾਸ।੩੯।
ਤਬ ਸਿੰਘਨ ਕੋ ਚੜ੍ਹਿਓ ਚਾਉ। ਗੁਰ ਸੁਤ ਬੈਰੀ ਛਡਜੋ ਨ ਕਾਉ।
ਫਿਰ ਕਰ ਖਾਲਸੇ ਹੱਲਾ ਕੀਓ। ਉਡੀ ਧੂੜ ਬਹੁ ਹਨੇਰੋ ਭਯੋ।੪੦।

ਦੋਹਰਾ: ਸਿੰਘਨ ਯੌ ਹੱਲਾ ਕੀਓ ਜਿਮ ਲੰਕਾ ਉਪਰ ਲੰਗੂਰ।
ਪਹਿਲੋਂ ਸੋਈ ਆ ਚੜ੍ਹੇ ਹੁਤੇ ਜੁ ਪਾਛੈ ਦੂਰ।੪੧।

ਚੌਪਈ: ਆਵਤ ਸਿੰਘਨ ਉਨ ਛਲਕ ਚਲਾਈ। ਲਗੀ ਅਲਗੀ ਕਿਛ ਜਾਨ ਨ ਪਾਈ।
ਫੁਕ ਸਿੰਘਨ ਫਿਰ ਛੱਲਕ ਕਰੀ। ਸੀਸ ਲਗੀ ਉਨਕੇ ਗਏ ਮਰੀ।੪੨।
ਖਾਈ ਦਿਸੈ ਅਤਿ ਛੋਟੀ ਸੋਇ। ਊਚ ਕੰਧ ਭਈ ਨੀਚੀ ਤੋਇ।
ਸਿੰਘਨ ਚਕ ਚਕ ਸਿੰਘ ਚੜ੍ਹਾਵੈਂ। ਬਿਨ ਪੌੜਨ ਸਿੰਘ ਚੜ੍ਹਤੇ ਜਾਵੈਂ।੪੩।
ਚੜ੍ਹ ਕਰ ਸਿੰਘਨ ਫੜੀ ਤਲਵਾਰ। ਕਟ ਰੰਘੜ ਬਹੁ ਦੀਨੇ ਮਾਰ।
ਘੜੂੰਵੈਂ ਵਾਲ ਘਰ ਵੜੇ ਲੁਹਾਰ। ਲਏ ਹਥੌੜੇ ਉਨ੍ਹੈਂ ਸੰਭਾਲ।੪੪।
ਮਾਰ ਹਥੌੜ ਦਏ ਸਿਰ ਫੌੜ। ਰੰਘੜ ਮਾਰੈਂ ਸਿਰ ਕਰ ਜੋਰ।
ਰੰਘੜਨ ਕੀ ਉਨ ਹੁਤੀ ਪਛਾਂਣ। ਪੰਚ ਟੋਲ ਕਰ ਮਾਰਹਿੰ ਤਾਣ।੪੫।

ਦੋਹਰਾ: ਜਾਨੀ ਮਾਨੀ ਨਾਮ ਉਨ ਬਡੇ ਮੁਕੱਦਮ ਜੋਇ।
ਜਿਨ੍ਹੈਂ ਫੜਾਏ ਆਪ ਥੇ ਸਾਹਿਬਜ਼ਾਦੇ ਦੋਇ।੪੬।

ਚੌਪਈ: ਘੜੂੰਵੈਂ ਵਾਲਨ ਮੋ ਲਭ ਲਏ। ਹਥੌੜਨ ਸੋਂ ਉਨ ਪੁਤ੍ਰ ਮਾਰ ਦਏ।
ਫਿਰ ਉਨਕੇ ਲਏ ਪੋਤ੍ਰੇ ਪਛਾਣ। ਉਲਾਦ ਛੋਡੀ ਨਾ ਉਸਕੀ ਜਾਨ।੪੭।
ਬੰਸ ਘਾਤ ਉਨ ਰੰਘੜਨ ਹੋਈ। ਕਿਮ ਬਚਨੀ ਥੀ ਉਨ ਕੁਲ ਜੋਈ।
ਸਾਹਬਜ਼ਾਦੇ ਹੁਕਮ ਮਤ ਸੁਨਕੇ। ਜਾਨੀ ਮਾਨੀ ਫੜਾਏ ਗੁਨ ਕੇ।੪੮।

Sri Satguru Jagjit Singh Ji eLibrary NamdhariElibrary@gmail.com

ਤੌ ਥੀ ਸਤਿਗੁਰ ਐਸ ਬਖਾਨੀ। 'ਜੜ੍ਹ ਰਹਿ ਜਾਨੀ ਨਾ ਰਹਿ ਮਾਨੀ'।
ਉਨਕੀ ਜੜ੍ਹ ਤੌ ਰਹਨ ਨ ਪਾਈ। ਦਈ ਜੜਾਂ ਉਨ ਬਚਨ ਪੁਟਾਈ।੪੯।
ਹੋਰ ਜੁ ਉਨਕੇ ਭਾਈ ਸ੍ਰਦਾਰ। ਮਾਰ ਹਥੌੜੇ ਸੋ ਦਏ ਮਾਰ।
ਲੂਟਨ ਕੋ ਕੋਊ ਪ੍ਰਿਥਮ ਨ ਪਯੋ। ਰੰਘੜਨ ਮਾਰਨ ਹੀ ਕੋ ਸਭ ਧਯੋ।੫੦।

ਦੋਹਰਾ: ਸਿੰਘਨ ਦਿਲ ਗੁੱਸੇ ਘਣੇ ਲੀਨੀ ਤੇਗ ਉਘਾਰ।
ਖੇਦੀ ਵਾਲੇ ਛੋਡਿਕੈ ਔਰ ਦੀਓ ਸਭ ਮਾਰ।੫੧।

ਚੌਪਈ: ਜੋ ਕੋ ਬਚਯੋ ਹਿੰਦੂਅਨ ਵੜ। ਇਮ ਕਰ ਉਨਕੀ ਰਹਿ ਆਇ ਜੜ।
'ਕਾਹਿ ਫੜਾਵੈਂ ਬਾਲ ਬਿਚਾਰੇ'। ਸ਼ਰੀਕ ਕਹੀ ਥੀ ਉਨੈਂ ਉਚਾਰੇ।੫੨।
ਜਿਨ ਨੇ ਕਹਯੋ ਥੋ 'ਤੂੰ ਨਾਕਰ ਜਾਨੀ'। ਸ਼ਰੀਕ ਕਹੀ ਨਹਿੰ ਮਾਨੀ ਥੀ ਮਾਨੀ।
ਹਾਹ ਨਾਰੈ ਤੇ ਉਨ ਜਦ ਰਹੀ। ਵਾਂਗ ਮਲੇਰੀਅਨ ਉਨ ਭੀ ਕਹੀ।੫੩।
ਕੂਟਤ ਲੂਟਤ ਸਾਂਝ ਹੁਇ ਅਈ। ਇਤਿ ਸਬੱਬ ਬਹੁ ਜਾਨ ਬਚਈ।
ਹਿੰਦੂਅਨ ਘਰ ਜੋ ਵੜ ਥੇ ਰਹੇ। ਰਾਤ ਪਰੀ ਸੋ ਨਿਕਾਰਹਿ ਦਏ।੫੪।
ਜਾਨੀ ਮਾਨੀ ਦੁਇ ਥੇ ਭਾਈ। ਸਾਹਿਬਜ਼ਾਦੇ ਜਿਨ ਦਏ ਫੜਾਈ।
ਸੁਨਿ ਸਤਿਗੁਰ ਯੌ ਕਹਯੋ ਬਖਾਨੀ। 'ਨਹਿੰ ਰਹਿ ਮਾਨੀ ਨਹਿੰ ਰਹਿ ਜਾਨੀ'।

ਦੋਹਰਾ: ਮਾਰ ਮੁਰੰਡੋ ਖੁਸ਼ ਭਏ ਰਹਯੋ ਰੰਗ ਬਡ ਲਾਗ।
ਜੋਹੀ ਫੌਜੇਂ ਦੁਰਾਨੀਆਂ ਸਿੰਘਨ ਭੇਗਯੋ ਭਾਗ।੫੬।
ਰਤਨ ਸਿੰਘ ਜਿਤਨੀ ਸੁਨੀ ਤਿਤਨੀ ਕਹੀ ਬਖਾਨ।
ਔਰ ਜੁ ਆਗੈ ਭੀ ਸੁਨੀ ਸੋ ਭੀ ਸੁਨੋਂ ਸੁਜਾਨ।੫੭।

ਲਛਮੀ ਨਰਾਇਣ ਖੱਤ੍ਰੀ ਲੂਟਯੋ

੧੭੩. [ਲੱਖਮੀ ਨਰੈਣ ਨੱਠਾ। ਬਾਦਸ਼ਾਹ ਨੇ ਸਿੰਘਾਂ ਨਾਲ ਮੇਲ ਹਿਤ ਕਿਹਾ]

ਦੋਹਰਾ: ਤਲਵਨ ਦੁਆਬਯੋਂ ਖੱਤਰੀ ਲਛਮੀ ਨਰਾਇਣ ਨਾਮ।
ਸਿਰਹੰਦੀ ਫੁਜਦਾਰ ਕੋ ਸੋ ਲੇਵਤ ਥੋ ਕਾਮ।੧।

ਚੌਪਈ: ਸੋ ਜੈਨੇ ਥੇ ਭਯੋ ਦਿਵਾਨ। ਚੜ੍ਹਯੋ ਉਗ੍ਰਾਹੁਣ ਕਰ ਸੋਊ ਤਾਣ।
ਤਿਸਕੀ ਬਾਤ ਖਾਲਸੇ ਸੁਨ ਲਈ। ਤਿਸ ਪੈ ਦੌੜ ਫਿਰ ਖਾਲਸੇ ਕਈ।੨।
ਸੋ ਨੱਠਯੋ ਬਹੁ ਫੌਜ ਲੁਟਾਇ। ਬੜਯੋ ਕੁਰਾਲੀ ਕਿਛਕੁ ਬਚਾਇ।
ਤਬ ਤੈ ਸਿੰਘਨ ਫਾਕਾ ਗਯੋ। ਲੁਟ ਕੁਟ ਖਾਲਸੇ ਸੂਦੋ ਭਯੋ।੩।
ਲਾਇ ਸੱਟ ਫਿਰ ਦੂਰ ਹੁਇ ਜਾਇਂ। ਜੌਹਤ ਜੈਨੇ ਦੂਰੋਂ ਰਹਾਹਿਂ।
ਸਿਰਹੰਦੋਂ ਨਿਕਸੈ ਜੈਨਾ ਨਾਂਹਿ। ਮਿਲੈ ਨ ਪੈਸੋ ਮੁਲਕੋਂ ਤਾਂਹਿ।੪।
ਸਿੰਘਨ ਮੁਲਕ ਉਗਰਾਹਿ ਬਹੁ ਲਯੋ। ਉਸ ਫਿਰ ਪੈਸੋ ਕਬ ਕਿਨ ਦਯੋ।
ਬਹੈ ਖਾਲਸਾ ਲਾਇ ਦੀਵਾਨ। ਸਿੰਘ ਭੁਜੰਗੀ ਸਤਿਗੁਰ ਜਾਨ।੫।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤਬ ਆਲੈ ਸਿੰਘ ਸ਼ਾਹੈ ਕਹਯੋ 'ਤੂੰ ਖਾਲਸੈ ਹਮੈ ਮਿਲਾਇ।
ਏ ਦੰਗੋ ਹਮ ਸੋਂ ਨਹਿੰ ਕਰੈ ਮੁਲਖ ਆਪਨੋ ਲੇਹਿ ਲਿਖਾਇ'।੬।

ਚੌਪਈ: ਆਲਾ ਸਿੰਘ ਤਬ ਵਕੀਲ ਘਲਾਯਾ। ਸਭ ਖਾਲਸੈ ਪੈ ਸੋ ਚਲ ਆਯਾ।
ਨਾਨੂ ਸਿੰਘ ਥੋ ਗਰੇ ਸੁ ਵਾਲ। ਜਿਨ ਜਾ ਆਖਯੋ ਸ਼ਾਹਿ ਸੁਵਾਲ।੭।
ਤਊ ਖਾਲਸੈ ਉੱਤਰ ਦਯੋ। 'ਰਾਜ ਮੰਗਯੋ ਕਬ ਕਿਸਨੈ ਦਯੋ।
ਤੁਰਕਨ ਔ ਸਿੰਘਨ ਕਜਾ ਮੇਲ। ਬਰੂਦ ਅਗਨ ਕੋ ਜਿਮ ਹੈ ਖੇਲ।
ਹਮ ਕੋ ਸਤਿਗੁਰ ਰਾਜ ਲਿਖ ਦੀਆ। ਖਾਲਸੈ ਦੇਇ ਭੇਟ ਸਿਰ ਲੀਆ'।੮।

ਸਾਖੀ ਪ੍ਰਿਥਮੈ ਕਸੂਰ ਮਾਰਨ ਕੀ

੧੭੪. [ਕਸੂਰ ਮਾਰਕੇ ਬਾਹਮਣ ਦੀ ਬਾਹਮਣੀ ਦਿਵਾਈ]

ਦੋਹਰਾ: ਸਾਖੀ ਸੁਨੋਂ ਕਸੂਰ ਕੀ ਜਿਮ ਪ੍ਰਿਥਮ ਸਿੰਘਨ ਲਈ ਮਾਰ।
ਆਕੀ ਹੋਤ ਲਹੌਰ ਤੇ ਆਈ ਪਠਾਣਨ ਹਾਰ।੧।

ਚੌਪਈ: ਸਈ ਅਠਾਰਾਂ ਸਤਾਹ੍ਰੇ ਸਾਲ। ਡੇਰੇ ਕਰੇ ਗਿਰਦ ਅੰਮ੍ਰਿਤ ਤਾਲ।
ਬਸਾਖੀ ਨ੍ਹਾਇ ਸਿੰਘ ਭਏ ਤਿਆਰ। ਅੱਧਾ ਦਲ ਭਯੋ ਬਿਆਹੋਂ[1] ਪਾਰ।੨।
ਪੰਜ ਮਿਸਲ ਥੀ ਊਹਾਂ ਰਹੀ। ਰਾਮਗੜ੍ਹੀਏ, ਘਨੱਯੇ, ਸੁਕ੍ਰਚਕੀਏ, ਨਕਈ।
ਭੰਗੀ ਹਰੀ ਸਿੰਘ ਥੋ ਊਹਾਂ ਰਹਯੋ। ਕਿਲੈ ਆਪਨੈ ਸੋ ਥੋ ਬਹਯੋ।੩।
ਅਕਾਲ ਬੁੰਗੈ ਪਹਰ ਤੀਜੇ ਆਵੈ। ਸੁਨ ਰਹਿਰਾਸ ਫਿਰ ਕਿਲੈ ਸਿਧਾਵੈ।
ਨਿਤ ਪ੍ਰਤਿ ਐਸੋ ਕਰਤ ਖਿਆਲ। ਬਰਸੈ ਮੀਂਹ ਭਾਵੈਂ ਵਗੈ ਵਾਲ[2]।੪।
ਇਸੀ ਤੌਰ ਸਭ ਖਾਲਸੋ ਆਵੈ। ਸੁਨ ਅਰਦਾਸ ਸਭ ਡੇਰੈ ਸਿਧਾਵੈ।
ਬੈਰ ਪਾਪ ਤਹਿੰ ਕਰੈ ਨ ਕੋਇ। ਲਾਇ ਦਿਵਾਨ ਸਭ ਗੁਰਮਤੋ ਹੋਇ।੫।

ਦੋਹਰਾ: ਏਕ ਦਿਵਸ ਹਰੀ ਸਿੰਘ ਜੀ ਬੈਠੇ ਹੁਤੇ ਦਰਬਾਰ।
ਦਈ ਦੁਹਾਈ ਆਨ ਬਿਪ ਕਸੂਰੀਓਂ ਊਚ ਪੁਕਾਰ।੬।

ਚੌਪਈ: ਊਚੇ ਬਿਪ ਯੌਂ ਕਰੀ ਪੁਕਾਰ। 'ਖੋਹੀ ਕਸੂਰੀਅਨ ਮੇਰੀ ਨਾਰ।
ਤੁਮ ਖਾਲਸੇ ਹੋ ਹਿੰਦੂ ਧਰਮ। ਪੰਥ ਨਾਨਕ ਕੋ ਛਤ੍ਰੀ ਕਰਮ।੭।
ਤੁਰਕਨ ਕੀਨੀ ਜੁਲਮੀ ਭਾਰੀ। ਤੁਰਕਨ ਆਈ ਗਲਨੈ ਵਾਰੀ।
ਮੈਂ ਆਯੋ ਖਾਲਸੈ ਸ਼ਰਨਾਈ' ਯੌਂ ਕਹਿਕੈ ਫਿਰ ਦਈ ਦੁਹਾਈ।੮।
'ਯਹ ਦ੍ਰਬਾਰ ਛਡ ਔਰ ਕਤ ਜਾਊਂ। ਦਿਸੈ ਨ ਠੌਰ ਜਹਿੰ ਅਦਾਲਤ ਪਾਊਂ'।
ਦ੍ਰਬਾਰ ਅਗੈ ਸੁਟੀ ਪੱਗ ਉਤਾਰ। ਕਹੈ 'ਮਰੂੰ ਮੈਂ ਮਾਰ ਤਲਵਾਰ'।੯।

ਦੋਹਰਾ: ਹਰੀ ਸਿੰਘ ਤਿਸ ਕੋ ਕਹਯੋ 'ਤੂੰ ਕਲ ਆਈਂ ਫੇਰ'
'ਲਗੈ ਦੀਵਾਨ ਜਬ ਖਾਲਸੈ ਪੜ੍ਹੀ ਰਹੁਰਾਸੈ ਕੇਰ'।੧੦।

---

੧. ਬਿਆਸਾ ਤੋਂ। ੨. ਹਵਾ, ਵਾਯੂ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਦਿਨ ਅਗਲੈ ਫਿਰ ਖਾਲਸੋ ਆਯੋ। ਕਰ ਸ਼ਨਾਨ ਦਰਸ਼ਨ ਦ੍ਰਸਾਯੋ।
ਟੇਕ ਮਥੇ ਸਿੰਘ ਬੈਠੇ ਆਣ। ਸਬਦ ਚੌਕੀ ਸੁਨੀਂ ਲਾਇ ਦੀਵਾਨ।੧੧।
ਪੜ੍ਹ ਰਹਿਰਾਸ ਫਿਰ ਅਰਦਾਸੈ ਭਈ। ਫਿਰ ਆਇ ਬਿੱਪ ਦੁਹਾਈ ਦਈ।
'ਕਰੋ ਉਪਰਾਲਾ ਮੇਰਾ ਚੱਲ। ਮਾਰੋ ਕਸੂਰੈ ਬਨੈ ਸਭ ਗੱਲ।੧੨।
ਨਹੀਂ ਤੌ ਮਰੂੰਗੁ ਮੈਂ ਸਿਰ ਚੜ੍ਹ ਥਾਰੇ। ਹੋਵਗੁ ਤੁਮ ਕੋ ਅਪਜਸ ਸਾਰੇ'।
ਹਰੀ ਸਿੰਘ ਸਭ ਖਾਲਸੋ ਪੁੰਛਾ। 'ਦਿਓ ਜੁਆਬ ਜੋ ਤੁਮ ਲਗੈ ਹੱਛਾ'।੧੩।
ਸੂਖਤ ਖਾਲਸੈ ਐਸ ਵਖਾਨਾ। 'ਤੂੰ ਸਭਹਿਨ ਮੈਂ ਆਹਿ ਸਿਆਨਾ।
ਅਪਨਾ ਉਨਕਾ ਲਖ ਲਿਹੁ ਤਾਣ'। ਤਬ ਫਿਰ ਬਿਪ ਨੇ ਕਹੀ ਵਖਾਣ।੧੪।

ਦੋਹਰਾ: ਤੋ ਫਿਰ ਪ੍ਰਾਤੈ ਹਰੀ ਸਿੰਘ ਸਦ ਪੁਛੇ ਸਿਆਨੈ ਲੋਇ।
'ਹਮਰੈ ਉਨਕੈ ਜੋਰ ਕੋ ਕਹੋ ਪਰਤਲੋ ਜੋਇ'।੧੫।

ਚੌਪਈ: ਤਬ ਸਜਾਨਨ ਨੈ ਕਰਜੋ ਉਚਾਰਿ। ਉਇ ਆਟਾ ਹਮ ਲੂਣ ਬਿਚਾਰ।
ਤੁਮ ਪੈ ਕੁਲ ਸਿੰਘ ਪੰਜ ਹਜ਼ਾਰ। ਔਰ ਗਯੇ ਹੈ ਨਿਜ ਘਰ ਬਾਰ।੧੬।
ਔਰ ਮਿਸਲ ਜੋ ਹੈਂ ਈਹਾਂ ਚਾਰ। ਨਹੀਂ ਸਭਨ ਸੰਗ ਅੱਠ ਹਜ਼ਾਰ।
ਕਸੂਰ ਮਾਂਹਿ ਤੁਰਕ ਬਾਰਾਂ ਲਾਖ। ਗੜ੍ਹੀ ਬਾਰਾਂ ਵਸ ਹੈਂ ਵਖ ਵਾਖ।੧੭।
ਕੋਟ ਖਾਈ ਤਿਨ ਖੂਬ ਬਨਾਈ। ਤੋਪ ਜੰਬੂਰਨ ਪਾਂਤਿ ਚੜ੍ਹਾਈ।
ਉਇ ਪਤਿਸ਼ਾਹੋਂ ਆਕੀ ਰਹੈਂ। ਕ੍ਰੋੜਪਤੀ ਬਜੀਰ ਦੁਇ ਅਹੈਂ।੧੮।
ਨਠ ਲਹੌਰ ਵਹਿ ਊਹਾਂ ਵੜੀ। ਆਏ ਮਰਹਟੇ ਤੌ ਰਹੀ ਤਕੜੀ।
ਅਹਮਦ ਸ਼ਾਹਿ ਇਨ ਕੀਓ ਖੁਆਰ। ਹਮ ਤੇ ਕਥ ਹੁਇ ਹੈ ਸੋ ਮਾਰ'।੧੯।

ਦੋਹਰਾ: ਹਰੀ ਸਿੰਘ ਊਚੇ ਕਹੀ 'ਯਹ ਅਬ ਹੋਗੁ ਜ਼ਰੂਰ।
ਹਰੀ ਸਿੰਘ ਤੌ ਮਰ ਰਹੂਗੁ ਜੌ ਨਹਿੰ ਮਰੁਗੁ ਕਸੂਰ'।੨੦।

ਚੌਪਈ: ਤਬ ਸਭ ਖਾਲਸੈ ਯੋ ਕਹਿ ਦੀਆ। 'ਤੁਮਰੈ ਸੰਗ ਕਰੈਂ ਹਮ ਜੀਆ।
ਇਕ ਮੰਨ ਲੈ ਤੂੰ ਹਮਰੀ ਬਾਤ। ਦਲ ਬਡੇ ਕੋ ਕਰ ਲਜੇ ਸਾਥ'।੨੧।
ਹਰੀ ਸਿੰਘ ਨੈ ਯੋ ਫਿਰ ਕਹਜੋ। 'ਕਬ ਦਲ ਆਯੋ ਬਡ ਕਬ ਯੋ ਭਯੋ'।
ਬੋਲਜੋ ਚੜ੍ਹ ਸਿੰਘ ਹਥ ਰਖ ਸ਼ਮਸ਼ੇਰ 'ਮਾਰੋ ਕਸੂਰ ਨ ਲਾਵੋ ਡੇਰ।੨੨।
ਸਤਿਗੁਰ ਬਹਾਨਾ ਜਿ ਹੋਗ ਬਨਾਯਾ। ਹਮ ਪੈ ਬਾਹਮਣ ਜੇ ਹੋਗ ਪੁਚਾਯਾ।
ਲੇਹੁ ਦਰਬਾਰੇ ਗ੍ਰੰਥ ਅਵਾਜ। ਦੇਉਗ ਬਚਨ ਹੋਣ ਕਾਜ ਅਕਾਜ'।੨੩।
ਸਰਬ ਘਨੱਯਨ ਕੈ ਦਿਲ ਆਈ। ਰਾਮਗੜ੍ਹੀਅਨ ਕੈ ਭੀ ਮਨ ਆਈ।
ਨਕਈਅਨ ਨੈ ਭੀ ਆਛੀ ਮਾਨੀ। ਕਰਨਹਾਰ ਯੌ ਕਰਨੀ ਠਾਨੀ।੨੪।

ਦੋਹਰਾ: ਸਬੈ ਕਹੇ ਖਾਲਸੇ ਰਲ ਤੁਰਜੋ ਲੈਨ ਗ੍ਰੰਥ ਅਵਾਜ।
ਜੋ ਹੋਨੋ ਸੋ ਕਹੈਗੋ ਫਤੈ ਅਫਤੈ ਜੁ ਕਾਜ।੨੫।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬ ਸਭ ਖਾਲਸੋ ਰਯੋ ਦੁਬਾਰ। ਹਾਥ ਜੋੜ ਸਭ ਇਕ ਮਨ ਧਾਰ।
'ਦੀਜੈ ਵਾਕ ਜੁ ਕਰਨੋ ਹੋਈ। ਤੂੰ ਸਤਿਗੁਰ ਹਮ ਹੈਂ ਸਿਖ ਤੋਈ।੨੬।
ਕਸੂਰ ਮਰਨ ਕੀ ਦੀਜੈ ਅਵਾਜ। ਹੈ ਜੋ ਕਰਨੇ ਸਿੱਖਨ ਕਾਜ'।
ਹਾਥ ਜੋੜ ਸਭ ਸੰਗਤ ਖੜੀ। ਟੇਕ ਮਥੇ ਕਿਛ ਭੁਇ ਪਰ ਪੜੀ।੨੭।
'ਤੂ ਗੁਰੂ ਗ੍ਰੰਥ ਸਚੀ ਹੈਂ ਦੇਹ। ਸਿਖ ਸੰਗਤ ਕੋ ਸਚ ਵਾਕ ਦੇਹੁ'।
ਚਕ ਪਤਰੇ ਤਬ ਗ੍ਰੰਥ ਜੀ ਦੇਖਾ। ਬਸੰਤ ਵਾਰ ਕੋ ਆਯੋ ਲੇਖਾ।੨੮।

ਪਉੜੀ: "ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ"॥
(ਗੁ:ਗ੍ਰ: ਪੰਨਾ-੧੧੯੩)

ਦੋਹਰਾ: ਗ੍ਰੰਥ ਬਚਨ ਸੁਣ ਖੁਸ਼ ਭਏ ਲਈ ਕਸੂਰ ਜਨੁ ਮਾਰ।
ਕਰੈਂ ਨਗਾਰੇ ਜੈਤ ਕੇ ਗੁਰ ਫਤੇ ਸੁ ਊਚ ਉਚਾਰ।੨੯।

ਚੌਪਈ: ਹਰੀ ਸਿੰਘ ਕਿਮ ਰਾਤ ਬਿਤਾਈ। ਡੇਰਾ ਦੀਨੋ ਪ੍ਰਾਤ ਚਲਾਈ।
ਮਹੂਰਤ ਵਾਰ ਨ ਪੂਛਜੋ ਕੋਇ। ਗ੍ਰੰਥ ਵਾਕ ਉਨ ਸੁਣਿਯੋ ਹੋਇ।੩੦।
ਪਹਿਲੋਂ ਪਿਪਲੀ ਕੀਨੋਂ ਡੇਰਾ। ਪੰਜ ਹਜ਼ਾਰ ਭਲ ਸਿੰਘ ਚੰਗੇਰਾ।
ਆਇ ਰਲੀ ਉਹਾਂ ਮਿਸਲੈਂ ਚਾਰ। ਖਾਸ ਘੋੜਾ ਥਾ ਦਸ ਕੁ ਹਜ਼ਾਰ।੩੧।
ਲਿਖ ਚਿੱਠੇ ਚਾਰ ਤਰਫ ਘਲਾਏ। 'ਬ੍ਰਹਮ ਕਾਜ ਕੋ ਹਮ ਚੜ੍ਹ ਧਾਏ।
ਜਿਸਕੋ ਹੈ ਖਾਲਸੇ ਕੀ ਲਾਜ। ਆਵੋ ਮਰਨੋ ਮਾਰਨ ਕਾਜ'।੩੨।
ਯੌਂ ਲਿਖ ਦੀਨੋ ਡੇਰੋ ਤੋਰ। ਗੁਰੂ ਵਡਾਲੀ ਲਾਯੋ ਠੌਰ।
ਉਹਾਂ ਹਜ਼ਾਰ ਆਇ ਪੰਜ ਕੁ ਰਲੇ। ਸਿੰਘ ਸੂਰਮੇਂ ਦਿਲ ਕੇ ਭਲੇ।੩੩।

ਦੋਹਰਾ: ਡੇਰਾ ਤੋਰ ਉਹਾਂ ਤੇ ਫਿਰ ਉਤਰੇ ਰਾਜੇ ਤਾਲ।
ਹਜ਼ਾਰ ਸੁ ਚਾਰ ਕੁ ਆ ਰਲੇ. ਭਏ ਸੁ ਖਾਲਸੇ ਨਾਲ।੩੪।

ਚੌਪਈ: ਹਜ਼ਾਰ ਚੌਵੀ ਸਭ ਉਹਾਂ ਗਿਨੇ। ਬਾਰਾਂ ਲਖ ਥੇ ਉਹਾਂ ਮਿਨੇ।
ਇਨ ਮੈਂ ਉਨ ਮੈਂ ਥੋ ਬਡ ਫਰਕ। ਯੌਂ ਸਜਾਨੇ ਲੋਕਨ ਜੀਯੋ ਧਰਕ।੩੫।
ਹਰੀ ਸਿੰਘ ਤੋ ਮਿਟੈ ਨ ਕਿਵੈਂ। ਉਸ ਜੀਵ ਧਰਾਵੈ ਚੜ੍ਹ ਸਿੰਘ ਤਿਮੈਂ।
ਜੋ ਫੌਜਨ ਵਲ ਦੇਖਨ ਕੂਰੇ। ਕਹੈਂ 'ਮਾਰ ਕਬ ਹੋਗੁ ਕਸੂਰੈ'।੩੬।
ਜੋ ਦੇਖੈਂ ਫੌਜੈਂ ਕੇ ਸੂਰਾ। 'ਮਾਰ ਲਹੈਂਗੇ' ਕਹੇਂ ਜ਼ਰੂਰਾ।
ਕੱਚੇ ਲੋਕ ਤੋ ਕਹੈਂ ਕਚਾਈ। ਪੱਕੇ ਕਹੈਂ 'ਅਬ ਮਿਟੋ ਸੁ ਨਾਹੀਂ'।੩੭।

Sri Satguru Jagjit Singh Ji eLibrary NamdhariElibrary@gmail.com

ਕੋਈ ਕਹੈ 'ਲਰ ਹੈਂ ਆਇ ਆਗੇ। ਨਹਿਂ ਛੋਡੈਂ ਵਹਿ ਹਮ ਕੋ ਭਾਗੇ'।
ਕੋਈ ਕਹੈ 'ਪੰਥ ਭਜ ਨਹ ਜਾਊਗੁ। ਪ੍ਰਸ੍ਵਾਰਥ ਹਿਤ ਪ੍ਰਾਣ ਤਜਾਊਗੁ'।੩੮।

ਦੋਹਰਾ: ਮੂਜ਼ੀ ਲੋਕ ਤਹਿਂ ਇਮ ਕਹੈਂ 'ਕੌਨ ਪੁੱਛੁਗੁ ਪੰਥ ਸਲਾਹਿ।
ਮਾਰ ਪਊਗੁ ਜਬ ਵਲ ਅਗੋਂ ਨੱਠ ਚਲੂਗੁ ਅਪਨੇ ਰਾਹਿ'।੩੯।

ਚੌਪਈ: ਭੁਜੰਗੀ ਕਹੈਂ 'ਦਈ ਗ੍ਰੰਥ ਅਵਾਜ। ਸੋਊ ਕਰੈਗੋ ਹਮਰੈ ਕਾਜ'।
ਖਾਲਸੈ ਦਿਵਾਨ ਜਾਇ ਅਗਾਹਾਂ ਲਾਯਾ। ਤੁਰਜੋ ਕਸੂਰੋਂ ਸਿਖ ਇਕ ਆਯਾ।
ਖਾਲਸੈ ਸੋਊ ਲਯੋ ਬੁਲਾਇ। ਪੁਛੀ ਹਕੀਕਤ ਮੱਧ ਬਹਾਇ।
'ਤੂੰ ਹੈਂ ਸਿੱਖ ਖਾਲਸੋ ਭਾਈ। ਦਿਹੋ ਸੱਚ ਸਭ ਬਾਤ ਬਤਾਈ।੪੧।
ਕਸੂਰ ਵਿਚ ਕਜਾ ਕਰਤ ਅਣ੍ਹਾਈ। ਕਜਾ ਕੁਛ ਕੀਨੀ ਉਨ ਤਕੜਾਈ।
ਕਹਾਂ ਲੜੈਂ ਵਹਿ ਹਮਰੇ ਸਾਥ। ਹੋਗ ਸ਼ਹਰ ਮੈਂ ਸਭ ਚਲੀ ਬਾਤ'।੪੨।
ਤਬ ਉਨ ਸਿੱਖ ਕਹੀ ਯੌਂ ਬਾਤ। 'ਉਹਾਂ ਤੁਮਰੀ ਚਲੀ ਨ ਬਾਤ।
ਖੁਲ੍ਹੇ ਦਰਵੱਜੇ ਦਿਨ ਰਹਿਂ ਰਾਤ। ਝੂਠੀ ਕਹੌਂ ਨ ਪਹਿ ਸਿਖ ਭ੍ਰਾਤ।੪੩।

ਦੋਹਰਾ: ਸ਼ਿਖਰ ਦੁਪਹਿਰੀ ਵੜ ਸਵੈਂ ਭੋਹਰੀ* ਤਹਾਂ ਪਠਾਨ।
ਓਇ ਗਮ ਨਹਿਂ ਕਰੈਂ ਖੁਦਾਇ ਕੋ ਸੁ ਨਿਕਸੈਂ ਸੰਝ ਪਛਾਨ।੪੪।

ਚੌਪਈ: ਰੋਜ਼ਨ ਕੇ ਦਿਨ ਉਨ ਕੇ ਆਹੀਂ। ਪੀਏਂ ਨ ਪਾਨੀ ਧੂਪ ਨ ਖਾਹੀਂ।
ਔ ਮਨ ਮੈਂ ਵਹਿ ਰਹਿਂ ਮਗਰੂਰ। ਕੋ ਢੁਕ ਸਕੈ ਇਤਿ ਜੂਹ ਕਸੂਰ'।੪੫।
ਸੁਨਤ ਸਿੰਘ ਨ ਤਬ ਯੌਂ ਕਹਿ ਲਈ। ਗੁਰੂ ਗ੍ਰੰਥ ਅਖ ਬਿਧੀ ਬਨਈ।
ਰਖ ਰੋਜੇ ਵਹਿ ਨਿਰਬਲ ਭਏ। ਮਰਨੇ ਦਿਨ ਉਨ ਆਪੇ ਕਏ।੪੬।
ਸ਼ਿਖਰ ਦੁਪਹਿਰੇ ਤਹਿਂ ਚਲ ਵੜੋ। ਚੁਪ ਕਰ ਤੁਰੋ ਨ ਖੜਕੋ ਕਰੋ।
ਨਿਸ਼ਾਨਨ ਖੁਲਾਵੋ ਨ ਖਜਾਵੋ ਨਗਾਰੋ। ਰਾਹਨ ਛੇੜਜੋ ਮਤਿ ਹੁਇ ਪੁਕਾਰੋ'।੪੭।
ਗੁਰਮਤੋ ਖਾਲਸੈ ਥੋ ਯੌਂ ਕਰ ਲਯੋ। 'ਪਠਾਣ ਕਟੇ ਬਿਨ ਲੁਟਨ ਨ ਡਹਜੋ।
ਮੁਹਰੇ ਤੁਰੈਂ ਸੁ ਆਪ ਸ੍ਰਦਾਰ। ਜਿਮ ਕਰ ਵਪਾਰੀਏ ਅਏ ਵਪਾਰ।੪੮।

ਦੋਹਰਾ: ਇਕ ਇਕ ਦੁਇ ਦੁਇ ਹੁਇ ਖੜੇ ਕਈ ਅਗਾੜੇ ਜਾਹਿਂ।
ਕਈ ਉਤਰੈਂ ਕਈ ਹਟ ਬਹੈਂ ਸੌਦੇ ਉਨਹਿ ਪੁਛਾਹਿਂ।੪੯।

ਚੌਪਈ: ਇਕ ਗੜ੍ਹੀ ਵਲ ਪਹਿਲੇ ਪੜੇ। ਦੁਈ ਗੜ੍ਹੀ ਆਇ ਪਿਛਲੇ ਵੜੇ।
ਇਮ ਕਰ ਗੜ੍ਹੀ ਕਈ ਮਲ ਲਈ। ਤੌ ਪਛਾਣ ਤੁਰਕਨ ਨੈ ਕਈ।੫੦।
ਤੌ ਕਿਵਾੜ ਵਹਿ ਭੇੜਨ ਡਹੇ। ਸਿੰਘਨ ਮਾਰ ਤੇਊ ਤਬ ਦਏ।
ਪਰੀ ਸ਼ਹਿਰ ਮੈਂ ਬਡੀ ਹਕਾਹਿ। ਤੌ ਲੌ ਪਹੁੰਚਜੋ ਸਭ ਦਲ ਆਇ।੫੧।
ਤੁਰਕਨ ਉਪਰ ਉਠੀ ਸ਼ਮਸ਼ੇਰ। ਕਿਤਕ ਬੰਦੂਖਨ ਸਜੋਂ ਦਏ ਗੇਰ।
ਜਿਮ ਜਿਮ ਬੰਦੂਖਨ ਖੜਕੋ ਹੋਇ। ਉਠੇ ਭੋਰਨ ਤੇ ਸੁੱਤੇ ਜੋਇ।੫੨।

* ਤਹਿਖਾਨੇ। ਡੋਹਰੇ। ਭੋਰੇ।

Sri Satguru Jagjit Singh Ji eLibrary NamdhariElibrary@gmail.com

ਕਿਸ ਪਹਿ ਸ਼ਸਤਰ ਕਿਸ ਪਹਿ ਨਾਂਹਿ। ਬਿਨ ਸ਼ਸਤ੍ਰਨ ਕਈ ਉਠੇ ਉਘਾਹਿਂ।
ਕਿਸ ਪੈ ਛੁਰੀ ਕਿਸ ਪੈ ਕਟਾਰੀ। ਦੂਰ ਗੋਲੀ ਸਿਉਂ ਸਿੰਘ ਦੇਹਿਂ ਮਾਰੀ।੫੩।

ਦੋਹਰਾ: ਜਿਨ ਪਰਿ ਸ਼ਸਤਰ ਨਹਿਂ ਹੁਤੇ ਤੇ ਮੁੜ ਭੋਹਰੇ ਪਾਹਿਂ।
ਜਿਨ ਕੈ ਤੀਰ ਬੰਦੂਖ ਥੀ ਤੇ ਆਇ ਜੁੱਧ ਮਚਾਹਿਂ।੫੪।

ਚੌਪਈ: ਬੰਦੂਕਨ ਕੇ ਸਿੰਘ ਬਡੇ ਖਿਡਾਰੀ। ਤੀਰਨਦਾਜ ਕੌ ਦਹਿ ਲੇਂ ਮਾਰੀ।
ਪਠਾਣ ਬੰਦੂਖ ਕਰਤ ਸ਼ਿਸਤੋ ਰਹੈਂ। ਤੌਹੀ ਸਿੰਘ ਉਸ ਮਾਰ ਗਿਰਹੈਂ।੫੫।
ਜੋ ਪਠਾਣ ਫੜ ਆਇ ਤਲਵਾਰ। ਲੇਂ ਨੇਜਨ ਸਿਉਂ ਉਸ ਕੋ ਮਾਰ।
ਇਕ ਥਾਇ ਮਾਰ ਸਿੰਘ ਦੂਯੇ ਥਾਂ ਅੜੈਂ। ਦੂਯੇ ਛੁਡਾਇ ਤੀਏ ਥਾਂ ਵੜੈਂ।੫੬।
ਤਬ ਹਟ ਸਿੰਘਨ ਫੜੀ ਤਲਵਾਰ। ਕਰੀ ਕਤਲ ਉਹਾਂ ਪਠਾਣ ਬਿਚਾਰ।
ਕਿਛ ਨੱਠੇ ਕਿਛ ਲਏ ਸੁ ਮਾਰੇ। ਇਮ ਸਤਿਗੁਰ ਕੰਮ ਸਿੰਘਨ ਸੁਵਾਰੇ।੫੭।

ਦੋਹਰਾ: ਪਠਾਣ ਮਾਰ ਜਬ ਸਭ ਲਏ ਕਰੀ ਖਾਲਸੈ ਛੂਟ।
ਪਰੇ ਚੁਤਰਫੋਂ ਸਿੰਘ ਕੁਦ ਲਗੇ ਕਰਨ ਤਬ ਲੂਟ।੫੮।

ਚੌਪਈ: ਸਰਦਾਰਨ ਲਏ ਮਹੱਲੇ ਘੇਰ। ਵਿਚ ਹਵੇਲੀ ਕਰ ਲਈ ਜੇਰ।
ਆਪ ਸਿੰਘਨ ਲਏ ਹਟ ਬਡ ਮੱਲ। ਜਿਨ ਮੈਂ ਦੇਖੀ ਦੌਲਤ ਭੱਲ।੫੯।
ਤੁੰਮਨਦਾਰਨ ਮਲ ਲਏ ਬਜ਼ਾਰ। ਭਰੇ ਭਕੁੰਨੇ ਘਰ ਬਿਸ਼ੁਮਾਰ।
ਚੂਹੜੇ ਚੁਮਾਰ ਜਿ ਰਲ ਆਏ ਜੱਟ। ਲੈ ਗਏ ਵੈ ਪੁਰਸਾਰਨ ਖੱਟ।੬੦।
ਅਕੈ ਸੁਇਨੋ ਅਕੈ ਚਾਂਦੀ ਚੱਕੈਂ। ਮੋਤੀ ਚੂਨੀ ਡਾਰੈਂ ਕਚ ਸ਼ੱਕੈ।
ਕਾਂਸੀ ਪਿਤਲ ਕੋਈ ਨ ਲੇਹਿ। ਕਢ ਕਢ ਸਿਟੈਂ ਫਿਰ ਸ਼ਹਿਰਹੀ ਲੇਹਿ।੬੧।
ਲਏ ਤਬੇਲੇ ਸਰਦਾਰਨ ਘੇਰ। ਭੈਂਸਾਂ ਬੈਲ ਜੱਟ ਲੈ ਗਏ ਚੁਫੇਰ।
ਜਿਸਕੈ ਹਾਥ ਔਰ ਕੰਮ ਪਇਆ। ਪਕੜ ਘੋੜਾ ਕਪੜੇ ਲਦ ਲਇਆ।੬੨।

ਦੋਹਰਾ: ਭਿੱਛਕ ਭੂਪ ਸੁ ਤਹਿਂ ਭਏ ਗਏ ਭੂਪ ਸੁ ਭਿੱਛਕ ਹੋਇ।
ਕਈ ਹਵੇਲੀ ਭਰ ਲਈ ਦਲ ਲੁਟ ਰੱਜਜੋ ਥੋਇ।੬੩।

ਚੌਪਈ: ਤੀਨ ਦਿਵਸ ਦਲ ਲੁਟਤੋ ਰਹਜੋ। ਚੌਥੇ ਦਿਨ ਆਇ ਮੁਲਕ ਬਹੁ ਪਯੋ।
ਉਇ ਭੀ ਲੁਟ ਲੁਟ ਭਏ ਨਿਹਾਲ। ਲੈ ਗਏ ਕੱਪੜ ਬਹੁਭਾਂਤ ਸੰਭਾਲ।੬੪।
ਫੇਰ ਸੁਨੋ ਅਬ ਬਾਮ੍ਹਣ ਬਾਤ। ਫਰਯਾਦ ਕਰੀ ਉਨ ਆਇ ਪਰਾਤ।
'ਅਪਨੋ ਕਾਮ ਤੁਮ ਖਾਲਸੇ ਕੀਓ। ਮੇਰੋ ਕਾਮ ਤੁਮ ਚਿਤ ਨ ਧਰੀਓ'।੬੫।
ਹਰੀ ਸਿੰਘ ਕਹਜੋ 'ਵਖਤ ਲੋੜੇ ਆਵੀਂ। ਲਗੈ ਦਿਵਾਨ ਵਿਚ ਆਖ ਸੁਣਾਵੀਂ'।
ਸੋਈ ਬਾਤ ਆ ਦਿਜ ਨੇ ਕਰੀ। 'ਮੇਰੀ ਬਾਮ੍ਹਣੀ ਰਹੀ ਤੁਰਕ ਪੈ ਫਰੀ'।੬੬।
ਕਹਜੋ ਖਾਲਸੈ 'ਅਬ ਹੁਇ ਚਲ ਆਗੈ'। ਮਗਰੇ ਤੁਰੇ ਸਰਦਾਰ ਸੁ ਲਾਗੇ।
ਗਿਲਜਨ ਕੋਟ ਉਨ ਦਯੋ ਬਤਾਇ। ਬਾਰ ਦੂਈ ਦਜੋ ਕਤਲ ਕਰਾਇ।੬੭।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਪਠਾਨ ਸੁ ਤਬ ਹੀ ਮਾਰਕੈ ਬਿਪਨੀ ਦਈ ਛੜਾਇ।
ਜੈ ਜੈ ਕਰਤੋ ਸੋ ਗਯੋ ਅਪਨੋ ਬਦਲੋ ਪਾਇ।੬੮।

ਸਾਖੀ ਦਿਲੇਰਾਮੀਆਂ ਕੀ

੧੭੫. [ਰਾਮਗੜ੍ਹੀਆਂ ਦਾ ਗਿਰਾਉ]

ਦੋਹਰਾ: ਇਸੈ ਮਾਂਹਿ ਇਕ ਔਰ ਹੀ ਸੁਨੋਂ ਜ਼ੁਲਮ ਕੀ ਗੱਲ।
ਰਾਮਗੜ੍ਹੀਏ ਜਿਮ ਵਧ ਘਣੇ ਗਏ ਖੇਹ ਮੈਂ ਰੱਲ।੧।

ਚੌਪਈ: ਔਰ ਸੁਨੋ ਇਕ ਜ਼ੁਲਮ ਕਹਾਨੀ। ਰਾਮਗੜ੍ਹੀਅਨ ਜਿਮ ਦੜ੍ਹ ਉਖੜਾਨੀ।
ਚਾਰੇ ਭਾਈ ਅਤਿ ਬਡ ਸੂਰੇ। ਜਿਨ ਮੋਂ ਲਰ ਕੋਊ ਉਤ੍ਰਜੋ ਨ ਪੂਰੇ।੨।
ਉਨਕੀ ਪਿਠ ਦੇਖੀ ਕਿਨ ਨਾਂਹਿਂ। ਮੱਲਜੋ ਕਾਂਗੜੋ ਇਕ ਦਿਨ ਮਾਂਹਿ।
ਸਤ ਧਾਰਨ ਕੇ ਭੀ ਪਤਿਸ਼ਾਹ। ਲਾ ਕਰ ਕਸੂਟ ਥੋ ਮੁਲਕ ਉਨ ਪਾਹਿ।੩।
ਅੰਮ੍ਰਿਤਸਰ ਮੇਂ ਹਿੱਸੋ ਚੁਹਾਰਮ। ਹਾਂਸੀ ਹਿਸਾਰ ਮੱਲ ਕਰੀ ਗੁਜ਼ਾਰਮ।
ਜੱਸਾ ਸਿੰਘ ਆਹਲੂ ਇਨ ਫੜਜੋ। ਨਹਿਂ ਪਿਠ ਦੀਨੀ ਜਹਿਂ ਵਹਿ ਲੜਜੋ।੪।
ਯਹੀ ਗਜਬ ਥੋ ਉਨ ਪਰ ਪਰਯੋ। ਉਨਕੋ ਪੁਰਸ਼ ਨ ਢੂੰਡਤ ਲਭਯੋ।
ਤਿਨਕੀ ਬਾਤ ਸਭੇ ਜੋ ਕਹੀਐ। ਗ੍ਰੰਥ ਬਧਨ ਤੇ ਅਤਿ ਡਰ ਪਈਐ।੫।

ਅਥ ਪ੍ਰਸੰਗ ਦਿਲੇਰਾਮੀਆਂ ਕਾ ਤੁਰਿਆ

੧੭੬. [ਕਸੂਰ ਵਿਚ ਦਿਲੇ ਰਾਮ ਦਾ ਸਰਬੰਸ ਨਾਸ਼]

ਦੋਹਰਾ: ਬੇਗਮ ਹੋਤੀ ਸ਼ਾਹ ਕੀ ਸੋ ਤਿਨ ਹੋਤ ਦਿਵਾਨ।
ਦਿਲੇ ਰਾਮ ਤਿਸ ਨਾਮ ਥੋ ਵਿਚ ਲਹੌਰ ਬਡ ਥਾਮ।੧।

ਚੌਪਈ: ਉਸ ਥੀ ਬਹੁਤੀ ਦਰਬ ਕਮਾਈ। ਇਕ ਥਾਂ ਰੋਕੜ ਕ੍ਰੋੜ ਦਬਾਈ।
ਔਰ ਉਪਰ ਥੀ ਗਿਣਤ ਨ ਕਾਈ। ਬਹੁਤ ਲੱਖਨ ਕੇ ਗਹਿਣੇ ਥਾਈ।੨।
ਹਜ਼ਾਰ ਸੈਂਕੜਨ ਕੀ ਗਿਣਤ ਨ ਕਾਈ। ਸੁਨੋ ਸੁ ਉਨ ਸੋਂ ਕੈਸ ਬਿਹਾਈ।
ਕਾਬਲ ਤੇ ਸ਼ਾਹ ਅਹਿਮਦ ਆਵੈ। ਦਿੱਲੀ ਪਤਿ ਤਿਸ ਮੋੜਜੋ ਚਾਹਵੈ।੩।
ਕਈ ਬਾਰ ਇਮ ਭਯੋ ਹਕਾਮ। ਲਹੌਰ ਸ੍ਰਹਿੰਦ ਕੀਓ ਦੰਗੈ ਮੁਕਾਮ।
ਤੁਰਕਨ ਕੀਓ ਤਿਹ ਸਿੰਘਨ ਬੁਰਾ। ਸੋਊ ਬੁਰਾ ਸਿਰ ਸ਼ਹਿਰਨ ਪਰਾ।੪।

ਦੋਹਰਾ: ਦੱਖਣ ਤੈ ਮਰਹੱਟੇ ਆਏ ਕਰਨ ਸ਼ਾਹਿ ਸੋਂ ਜੰਗ।
ਪਰਦੇਸੀ ਮਿਤ ਦਰਬ ਕੇ ਭਏ ਲਹੌਰੀਏ ਤੰਗ।੫।

ਚੌਪਈ: ਮਰਹੱਟੇ ਤਲਬ ਨਿਬਾਬੋਂ ਲੇਹਿਂ। ਨਿਬਾਬ ਕਹੇ 'ਲੇ ਲਹੌਰੋਂ ਦੇਹਿਂ'।
ਇਸ ਡਰ ਲਹੌਰੋਂ ਟਕਾ ਨਿਕਾਰਾ। ਸ਼ਾਹਨ ਕਸੂਰ ਮੇਂ ਬਹੁਤੋ ਡਾਰਾ।੬।
ਦਿਲੇਰਾਮ ਕੇ ਪੁਤ ਥੇ ਜੋਇ। ਤਿਨ ਭੀ ਟਕਾ ਕਸੂਰ ਦਯੋ ਢੋਇ।
ਕੋਟ ਟਕਾ ਊਹਾਂ ਪੁਜਯੋ ਨ ਪੂਰਨ। ਪੰਜ ਲੱਖ ਤੇ ਤਿਹ ਗਏ ਊਰਨ।੭।

Sri Satguru Jagjit Singh Ji eLibrary NamdhariElibrary@gmail.com

ਗਹਿਣੋ ਕਈ ਲੱਖ ਕੋ ਗਯੋ। ਥੋ ਅਣਗਿਣਤ ਨ ਲਿਖਣੋ ਅਯੋ।
ਕਬੀਲੈ ਭੀ ਉਹਾਂ ਦਏ ਘਲਾਇ। ਕਸੂਰ ਆਕੀ ਲਖ ਤਹਿਂ ਬਹੇ ਜਾਇ।੮।
ਸਮੇਂ ਕਰਤੇ ਕੋ ਐਸੋ ਭਯੋ। ਰਹਿਣੋ ਨਹਿਂ ਥੋ ਸੋ ਉਹਾਂ ਗਯੋ।
ਸਾਥ ਲਿਜਾਣੇ ਥੇ ਉਸਕੇ ਪ੍ਰਾਣ। ਉਨ ਪਰ ਔ ਬਿਧ ਪਹੁੰਚੀ ਆਣ।੯।

ਦੋਹਰਾ: ਹਵੇਲੀ ਦਿਲੇ ਸੁ ਰਾਮ ਕੀ ਲਈ ਸੁ ਪਹਿਲੇ ਲੂਟ।
ਖਬਰ ਸੁਦਾਰਨ ਜਬ ਭਈ ਰਖੀ ਆਮ ਤੈ ਹੂਟ।੧੦।

ਚੌਪਈ: ਪਹਿਲੋਂ ਲੁਟੇਰੇ ਵੜੇ ਸੁ ਜਾਇ। ਤਿਨ ਤਹਿਂ ਲੀਨੇ ਹੱਥ ਰੰਗਾਇ।
ਕਿਨ ਝੋਲੀ ਕਿਨ ਮਗਰੀ ਭਰੀ। ਕਿਨ ਮੋਢੇ ਕਿਨ ਸਿਰ ਪਰ ਧਰੀ।੧੧।
ਕਿਨ ਚਾਂਦੀ ਕਿਨ ਸੁਇਨੋ ਪਾਇਓ। ਜੋ ਪਹੁੰਚਯੋ ਸੋ ਅਯੋ ਅਘਾਯੋ।
ਧਰ ਧਰ ਗਠਰੀ ਫਿਰ ਫਿਰ ਜਾਹਿਂ। ਕਈਅਨ ਤੇ ਲੈ ਸੁਦਾਰ ਕਬ ਜਾਹਿਂ।੧੨।
ਤਬੈ ਸੁਦਾਰਨ ਯੌਂ ਲਖ ਲਈ। 'ਇਹਾਂ ਦੌਲਤ ਕਿਤ ਇਕਠੀ ਪਈ'।
ਖੋਹਾ ਖੋਹੀ ਕਿਛ ਸੁਦਾਰਨ ਕਰੀ। ਇਮ ਸਿਰਦਾਰਨ ਕਿਛ ਹਥ ਪਰੀ।੧੩।
ਸੁਦਾਰਨ ਤੇ ਭੀ ਰਖੀ ਨ ਗਈ। ਫੌਜ ਸੁਦਾਰਨ ਪਾਸ ਨ ਰਹੀ।
ਆਪੋ ਆਪ ਸੁ ਲੁੱਟਨ ਗਈ। ਅਕੇਲਨ ਤੇ ਨਹਿਂ ਆਮ ਹਟਈ।੧੪।

ਦੋਹਰਾ: ਫੌਜ ਲੁੱਟ ਸਭ ਰਜ ਮੁੜੀ ਪਾਸ ਆਈ ਸੁਦਾਰਨ ਕੇਰ।
ਦੱਬੀ ਘੁੱਟੀ ਜੋ ਰਹੀ ਲਈ ਸੁਦਾਰਨ ਘੇਰ।੧੫।

ਚੌਪਈ: ਰਾਮਗੜ੍ਹੀਏ ਔ ਮਿਸਲ ਘਨੱਯੇ। ਕਰੰਤ ਡੇਰੈ ਤੇ ਇਕ ਥਾਂ ਵੈਯੇ।
ਅਧੋ ਅਧੀ ਆਈ ਚੀਜੈਂ ਕਰੈਂ। ਇਮ ਕਰ ਉਨ ਬਡ ਮਤਲਬ ਸਰੈ।੧੬।
ਜਿਮ ਕਰ ਉਨ ਕੋ ਹੁਇ ਰਹਯੋ ਮੇਲ। ਸੋਊ ਸੁਨਾਊਂ ਉਨ ਕੋ ਖੇਲ।
ਘਨੱਯੇ ਕਾਨ੍ਹੇ ਗਾਊਂ ਜ਼ਿਮੀਂਦਾਰ। ਤ੍ਰਖਾਣ ਰਾਮਗੜ੍ਹੀਏ ਨਾਨਕ ਵਾਰ।੧੭।
ਇਮ ਕਰ ਇਨ ਉਨ ਬਨੀ ਥੀ ਸਿਆਨ। ਰਹੈਂ ਇਕੱਤਰ ਇਤੇ ਪਛਾਨ।
ਦਿਲੇ ਰਾਮ ਕੋ ਪੁੱਤ੍ਰ ਬਡ ਜੋਊ। ਨਜ਼ਰ ਬੰਦ ਕਰ ਲੀਨੋਂ ਸੋਊ।
ਉਸਕੋ ਮਾਲ ਜੋਊ ਬਚ ਪਰਯੋ। ਦੋਊ ਮਿਸਲ ਰਲ ਜਪਤਹਿ ਕਰਯੋ।੧੮।

ਦੋਹਰਾ: ਪਕੜ ਮਾਰ ਉਸ ਦੇਇ ਦੁਖ ਸਭ ਧਨ ਲੀਓ ਪੁਛਾਇ।
ਜਿਸ ਦੱਸੈ ਤਿਸ ਫੜੈਂ ਤੁਰਤ ਇਮ ਤਿਨ ਦੀਓ ਮੁਵਾਇ।੧੯।

ਚੌਪਈ: ਧਰਯੋ ਧਰਾਯੋ ਉਨ ਕਢ ਦਯੋ। ਇਮ ਕਰ ਉਸ ਹੀ ਕੋ ਜੀਉ ਗਯੋ।
ਉਸਕੋ ਲਾਗੀ ਜਿੰਦ ਪਿਆਰੀ। ਦੀਨੀ ਉਨ ਕਢ ਦੌਲਤ ਸਾਰੀ।੨੦।
ਉਨ ਜਾਨਯੋਂ 'ਮੈਂ ਮੰਗ ਕੈ ਖਾਊਂ। ਕਿਮੈਂ ਜਿਵੇਂ ਮੈਂ ਔਰ ਕਮਾਊਂ।
ਜਿੰਦ ਬਚੈ ਤੌ ਧਨ ਹੁਇ ਔਰ'। ਰਖੀ ਜਿੰਦ ਉਨਿ ਜਿਤਕਿਤ ਤੌਰ।੨੧।
'ਜਿੰਦ ਰਹੈ ਤੌ ਤੀਰਥ ਜਾਊਂ। ਜਿੰਦ ਰਹੇ ਹਰਿ ਭਗਤਿ ਕਮਾਊਂ'।
ਜਿੰਦ ਰਖੀ ਉਨ ਇਮੈ ਬਿਚਾਰ। ਸੋ ਪਾਪਨ ਉਨ ਦੀਨੋ ਮਾਰ।੨੨।

Sri Satguru Jagjit Singh Ji eLibrary NamdhariElibrary@gmail.com

ਜਿਮ ਉਨ ਮਾਰਜੋ ਤਿਮ ਮੈਂ ਕਹੌਂ। ਦਗਾ ਕੀਯੋ ਜਿਮ ਤਿਮ ਲਿਖਵਹੌਂ।
ਲੋਭ ਲਹਿਰ ਮੈਂ ਜਿਮ ਰੁੜ੍ਹ ਗਏ। ਵਹੀ ਪਦਾਰਥ ਈਹਾਂ ਰਹੇ ਪਏ।੨੩।

ਦੋਹਰਾ: ਮਾਲੀ ਸਿੰਘ ਤਿਸ ਫਿਰ ਕਹਜੋ 'ਸੋ ਹਮ ਚੀਜ ਬਤਾਇ।
ਜੋ ਮਖਹਨ ਮੈਂ ਅਤਿ ਘਣੀ ਮੋ ਮੈਂ ਰਖੋਂ ਉਠਾਇ'।੨੪।

ਚੌਪਈ: ਕਹਜੋ 'ਤੋਹਿ ਮੈਂ ਰਾਜ਼ੀ ਕਰੂੰਗਾ। ਅਪਨੀ ਦਿਵਾਨੀ ਤੁਧ ਸਿਰ ਧਰੂੰਗਾ।
ਉਨ ਕਹੀ 'ਇਕ ਸੰਦੂਕੜੀ ਭਾਰੀ। ਮੱਧ ਪੌੜੀਓਂ ਜੋਊ ਨਿਕਾਰੀ।੨੫।
ਬਡੀ ਬਿੱਜ ਭਾਰੀ ਉਸ ਮਾਂਹਿ। ਕੱਢ ਅੜਾਈ ਕੋਠੜੀ ਤਾਂਹਿ।
ਦੁਹੂੰ ਵਲ ਕੇ ਜਹਿਂ ਬਹੈਂ ਸਿਪਾਹੀ। ਸੋ ਅਬ ਤੁਮਰੇ ਕਿਮ ਹਥ ਆਈ ?।੨੬।
ਜੋ ਬਿਧ ਬਨੈ ਤੋ ਕਿਮੈ ਲਈ ਕੱਢ। ਔਰ ਵਸਤ ਭਾਵੈਂ ਦਈ ਛੱਡ।
ਹੈ ਬੇਗਮ ਕੋ ਉਸ ਮੈਂ ਗਹਿਣੋ। ਸੋ ਸਾਂਭੋ ਜੇ ਤੁਮ ਹੁਇ ਲਹਣੋ।੨੭।
ਏਹ ਜੁ ਸੰਦੂਖ ਜੇਵਰ ਕੇ ਧਰੇ। ਖੋਲ ਦਿਖੈ ਤੈ ਚੰਦ ਸੇ ਚਰੇ।
ਖੂਬ ਜੁਆਹਰ ਜੜਤੀ ਬੇਸ਼। ਲੇਤ ਮੋਹ ਜੋ ਦੇਖੈ ਤੇਸ।੨੮।
ਸੇਤ ਗੁਲਾਬੀ ਜਿਮ ਝਲਕੈਂ ਤਾਰੇ। ਸੁਰਖ ਸੂਹੇ ਜਿਮ ਫੁੱਲ ਅਨਾਰੇ।
ਮੋਰ ਕੰਠ ਜਿਮ ਨੀਲ ਸੁ ਝਮਕੈਂ। ਸਬਜ਼ ਸਰਪ ਜਿਮ ਸਬਜ਼ੇ ਚਮਕੈਂ'।੨੯।

ਦੋਹਰਾ: ਮਾਲੀ ਸਿੰਘ ਨੈ ਉਸ ਕਹਜੋ 'ਉਸ ਕੋ ਮਾਲ ਬਤਾਉ।
ਕੌਨ ਕੌਨ ਸੀ ਚੀਜ ਹੈ ਭਿੰਨ ਭਿੰਨ ਆਪ ਸੁਨਾਉਂ।੩੦।

ਚੌਪਈ: ਤਬ ਉਨ ਕਹੀ 'ਸਭ ਕਹੀ ਨ ਜਾਵੈ। ਕਾਗਜ਼ ਕੀਤੇ ਸ਼ੁਮਾਰ ਨ ਆਵੈ।
ਦਸ ਬੀਸ ਹੁਇ ਤੌ ਦੇਹੁ ਸੁਨਾਇ। ਹੈਂ ਸੈਂਕਰ ਉਨ ਚੀਜਨ ਨਾਇ।੩੧।
ਆਹਿ ਸੁਵਰਨ ਸਭ ਗਹਿਨਨ ਭਰੀ। ਬਹੁਤ ਜੜਾਊ ਕੰਮ ਸਾਦੈ ਗਰੀ।
ਕਈ ਜੁਵਾਹਰ ਗਲ ਕੇ ਨਜਾਰੇ। ਕਈ ਨੱਕ ਕਈ ਕੰਨਨ ਧਾਰੇ।੩੨।
ਕਈ ਹਥਨ, ਕਈ ਪੈਰ ਤਨ ਪੱਯੇ। ਕਈ ਜੜਤੀ ਕਈ ਪ੍ਰੋਇ ਦਿਖੱਯੇ।
ਕਈ ਅੰਗੂਠੀ ਮੁਰਟਨ ਕੇਰੀ। ਬਾਜੂ ਬੰਦ ਔ ਜਿਗਾ ਘਨੇਰੀ।੩੩।
ਸੁਰਾਹੀ ਪਜਾਲੇ ਉਸ ਕੈ ਮਧ। ਸੂਰਨ ਘੜੇ ਜੁਵਾਹਰ ਕਈ ਵੱਧ।
ਕਹਾਂ ਲਗੇ ਤੁਹਿ ਆਖ ਸੁਣਾਊਂ। ਤਬ ਪਤਜਾਊਂ ਜਬ ਅਪੀਂ ਦਿਖਾਊਂ'।੩੪।

ਦੋਹਰਾ: ਜਿਮ ਵਹਿ ਆਖੈ ਮਾਲ ਬਡ ਤਿਮ ਬਡ ਲੋਭ ਸੰਤਾਇ।
ਲੋਭ ਲਗੈ ਜਬ ਪੁਰਸ਼ ਕੋ ਪਾਪੋਂ ਸੋ ਨ ਡਰਾਇ।੩੫।
ਸੁਨੀ ਜਬ ਵਸਤ ਸੰਦੂਕੜੀ ਮਾਲੀ ਸਿੰਘ ਤਰਖਾਨ।
ਹੈਰਤ ਗਈ ਸੁ ਗੁੰਮ ਉਸ ਬਦਲਤ ਭਯੋ ਇਮਾਨ।੩੬।

ਚੌਪਈ: ਮਾਲੀ ਸਿੰਘ ਕੋ ਜਬ ਕੰਨ ਪਰੀ। ਲੋਭ ਲਹਿਰ ਨਾਗਨ ਜਿਮ ਲਰੀ।
ਸ਼ੋਨ ਪੌਰ ਚੜ੍ਹ ਗਈ ਸੁ ਜ਼ਹਿਰ। ਬਿਨ ਬਡ ਗਾਰਰੂ ਮਿਟੈ ਕਿਮ ਲਹਰ।੩੭।

Sri Satguru Jagjit Singh Ji eLibrary NamdhariElibrary@gmail.com

ਚਿਤ ਮੈਂ ਚਿਤਵੈ 'ਹੋਵੈ ਸਵਾਈ। ਸਗਵਾਂ ਇਹ ਬਹੁ ਬਧਤੀ ਆਈ'।
ਸੁਨਤ ਜਵਾਹਰ ਫਿਟ ਗਈ ਨੀਤ। ਤੁਟ ਗਈ ਧਰਮ ਕਰਮ ਕੀ ਪ੍ਰੀਤਿ।੩੮।
ਕਦੈ ਬਹੈ ਕਦ ਲੰਬੋ ਪਰਤ। ਕਦੇ ਤੁਰੇ ਕਦ ਉਠਿਕੈ ਖਰਤ।
ਲਗੀ ਅਚਵੀ ਕੰਪੈ ਉਸ ਦੇਹ। ਚਲਜੋ ਜਸਾ ਸਿੰਘ ਪੈ ਲੇਹਾ ਦੇਹਿ।੩੯।

ਦੋਹਰਾ: ਜਸਾ ਸਿੰਘ ਨੈ ਦੇਖਿਓ ਕਿਮ ਆਵਤ ਭਾਈ ਉਤਾਲ।
ਕੈ ਖੜ ਬਿਗਰਜੋ ਕੰਮ ਕੋ, ਕੈ ਬਡ ਨਿਕਸਜੋ ਮਾਲ।੪੦।

ਚੌਪਈ: ਉਸ ਤੇ ਸੁਨੀ ਸਭੀ ਇਨ ਕਹੀ। 'ਬਡੀ ਚੀਜ਼ ਅਬ ਨਿਕਸ ਸੁ ਭਈ।
ਸੋ ਮੈਂ ਦੇਉਂਗੁ ਉਨੈਂ ਨ ਖਾਂਟ। ਜਿਹ ਬਿਧ ਰਹੈ ਦਸੋ ਸੋ ਠਾਟ'।੪੧।
ਜੱਸਾ ਸਿੰਘ ਸੋ ਆਂਖ ਚੁਰਾਈ। 'ਇਮ ਨਹਿੰ ਕਹਜੋ ਬਨੈ ਸੁਨ ਭਾਈ।
ਹਮ ਨੈ ਉਨ ਨੈ ਨੇਮ ਕਰ ਲੀਏ। ਨੇਮ ਹਾਰੀ ਕਿਤ ਜੀਵਣ ਜੀਏ।੪੨।
ਧਰਮ ਹਾਰ ਜੋ ਦਰਬ ਕਮਾਯੋ। ਹੋਤ ਅਜਸ ਔ ਰਹਤ ਸੁ ਜਾਯੋ'।
ਮਾਲੀ ਸਿੰਘ ਕਹਿ 'ਮੈਂ ਟਰੋਂ ਸੁ ਨਾਂਹੀ। ਮੇਰੀ ਸੁਰਤ ਗਈ ਉਨ ਮਾਂਹੀ।੪੩।
ਮੈਂ ਉਨ ਦੇਕੈ ਜੀਵੋਂ ਨਾਂਹਿ। ਮੈਂ ਉਨ ਸੰਗ ਦੇਊਂ ਪ੍ਰਾਨ ਗਵਾਇ।
ਪਹਿਲੇ ਹਵੇਲੀ ਅਸਾਂ ਸੀ ਰੋਕੀ। ਤੈਂ ਹੀ ਰਲਾਇ ਘਨੱਯਨ ਮੈਂ ਝੋਕੀ'।੪੪।

ਦੋਹਰਾ: ਜਸੈ ਸਿੰਘ ਤਬ ਇਮ ਕਹਜੋ 'ਅਬ ਹਮ ਜਾਨਤ ਯਾਹਿ।
ਦਿਲੈ ਰਾਮ ਕੇ ਘਰ ਬਿਖੈ ਏਤੀ ਪੜੀ ਬਲਾਇ'।੪੫।

ਚੌਪਈ: ਜੱਸਾ ਸਿੰਘ ਫਿਰ ਬਹੁ ਸਮਝਾਯਾ। 'ਆਵਣ ਜਾਣ ਸੁ ਹੈ ਯਹ ਮਾਯਾ।
ਆਪ ਘਨੱਯੇ ਬਹੁ ਫੌਜਨ ਵਾਰੇ। ਇਕ ਹੀ ਰਲ ਸਭ ਜਟ ਹੋਹੁ ਸਾਰੇ।੪੬।
ਹਮ ਤ੍ਰਖਾਣ ਇਕ ਹਿੱਸੇ ਸਾਰੇ। ਸੌ ਹਿੱਸੇ ਜਟ ਹਮ ਤੇ ਭਾਰੇ।
ਏਹ ਹਮ ਕੋ ਬਡ ਕਰੈਂ ਖੁਆਰੀ। ਭਾਈ ਖੁਸ਼ਾਲ ਸਿੰਘ ਦੀਓ ਇਨ ਮਾਰੀ।੪੭।
ਵਹਿ ਵੇਲਾ ਉਸ ਹੀ ਦਿਨ ਗਯੋ। ਅਬ ਹਮ ਛੇੜ ਕੋ ਮੁਖ ਨ ਸਮੈਯੋ'।
*'ਹਮ ਕੋ ਰੱਖਣ ਦੇਹੁ ਇਹ ਮਾਲ। ਲੜ ਮੈਂ ਦਿਖਾਲੋਂ ਸਭ ਪੰਥ ਨਾਲ।੪੮।

ਦੋਹਰਾ: ਜੋ ਤੂੰ ਰਾਖੈਂ ਮਾਲ ਅਬ ਤੌ ਮੈਂ ਰਾਖੋਂ ਪ੍ਰਾਣ।
ਜੌ ਤੂੰ ਦੇਵੈਂ ਮਾਲ ਵੰਡ ਲਰ ਮਰੋਂ ਇਸ ਮੈਦਾਨ'।੪੯।

ਚੌਪਈ: ਜੱਸਾ ਸਿੰਘ ਦੋਊ ਔਖੀ ਆਈ। ਉਵ ਜਾਇ ਧਰਮ ਔ ਇਵ ਜਾਇ ਭਾਈ।
ਵਹਿ ਭੀ ਲਹਰ ਲੋਭ ਕੀ ਰੋੜਾ। ਭਾਈ ਰਖਜੋ ਔ ਧਰਮ ਉਨ ਤੋੜਾ।੫੦।
ਤੌ ਜੱਸਾ ਸਿੰਘ ਯਹ ਬਿਧ ਭਾਖੀ। 'ਲਈ ਨ ਪ੍ਰਗਟ ਗੋਪ ਕਿਮ ਰਾਖੀ।
ਦਿਲੈ ਰਾਮ ਸੁਤ ਲੀਜੈ ਸਮਝਾਇ। ਮਤ ਵਹਿ ਉਨ ਕੋ ਦੇਇ ਬਤਾਇ।੫੧।
ਧਰਮ ਜਾਇ ਔ ਧਨ ਭੀ ਜਾਇ। ਓਇ ਲੇਵੈਂ ਫਿਰ ਦਗੋ ਕਰਾਇ'।
ਇਤਨੀ ਸੁਨ ਮਾਲੀ ਸਿੰਘ ਗਯੋ। ਖੁਸ਼ੀਆਂ ਕਰਤ ਸੁ ਮਨ ਮੈਂ ਭਯੋ।੫੨।

* ਮਾਲੀ ਸਿੰਘ ਕਹਿੰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਉਸੈ ਜਾਗਤ ਗਈ ਸਾਰੀ ਰਾਤ। ਲੈ ਫੌਜ ਚੜ੍ਹਯੋ ਬਹੁ ਹੋਤ ਪ੍ਰਭਾਤ।
ਖੋਲ ਸੁ ਕੋਠੜੀ ਬੰਡਨ ਲਾਇ। ਲਈ ਸੰਦੂਖੜੀ ਇਨੈਂ ਉਠਾਇ।੫੩।

ਦੋਹਰਾ: ਕਹੀ 'ਹਮੈ ਯਹ ਬੰਡ ਆਈ' ਛਲ ਬਲ ਬਾਤ ਬਨਾਇ।
ਰੌਲੋ ਬੋਲੋ ਹੋਤ ਲੌ ਡੇਰੇ ਦਈ ਘਲਾਇ।੫੪।

ਚੌਪਈ: ਤੌ ਦੁਇ ਤਰਫੀਂ ਰੌਲੋ ਭਯੋ। ਘਨਈਅਨ ਕੋ ਦਲ ਲੜਨੈ ਅਯੋ।
ਰਾਮਗੜ੍ਹੀਏ ਥੇ ਅਗੈ ਤਿਆਰ। ਗੱਲ ਆਈ ਪਰ ਚਲਨ ਹਥਿਆਰ।੫੫।
ਤੌ ਔਰ ਪੰਥ ਬਿਚਾਲੇ ਆਯੋ। ਬਾਤਨ ਉਪਰ ਬਾਤ ਲੈ ਆਯੋ।
ਕਹੈ ਘਨੱਯੇ 'ਮੱਧ ਉਸ ਧਨ ਭਾਰੀ'। ਰਾਮਗੜ੍ਹੀਏ ਕਹੈਂ 'ਕਿਛ ਨਿਕਲਯੋ ਨ ਕਾਰੀ'।
ਤਬ ਚੜ੍ਹ ਸਿੰਘ ਵਿਚ ਬਾਤਨ ਆਯੋ। ਦਿਲੇਰਾਮੀਏਂ ਪਰ ਗਲ ਲੈ ਆਯੋ।
ਮਾਲੀ ਸਿੰਘ ਦਿਲ ਦੁਸ਼ਟੀ ਆਈ। 'ਦਿਲੇਰਾਮੀਏਂ ਦੇਯੇ ਮਰਵਾਈ'।੫੭।
ਭਯੋ ਉਵੈਂ ਜਿਮ ਗੁਰੂ ਉਚਾਰਾ। ਪਾਪ ਬੁਰਾ ਪਾਪੀ ਕੋ ਪਜਾਰਾ।
ਇਤਨੀ ਬਾਤਨ ਉਨ ਦਿਲ ਆਈ। ਲਾਗੇ ਕਰਨੇ ਪਾਪ ਬਧਾਈ।੫੮।
ਮਾਲੀ ਸਿੰਘ ਕੈ ਇਮ ਚਿਤ ਆਈ। 'ਮਤ ਦਿਲੇਰਾਮੀਆਂ ਦਏ ਬਤਾਈ।
ਧਨ ਜਾਏ ਔਰ ਪਤ ਭੀ ਜਾਈ। ਇਸ ਪਤ ਖਾਤਰ ਕੋ ਕਰੀਏ ਉਪਾਈ'।੫੯।
ਇਮ ਉਨ ਪਾਪਨ ਚਿੱਤ ਨ ਆਈ। ਬਿਨ ਲਬ ਬਹੁਤਨ ਪਤ ਗਵਾਈ।
ਪਾਪ ਕਹੇ ਤੇ ਧਨ ਘਰ ਰਾਖੈ। ਪੜੈ ਨਰਕ ਕੈਸੋ ਬਡ ਨਾਖੈ।੬੦।
ਉਨ ਪਾਪੀ ਇਹ ਪਾਪ ਬਿਚਾਰਾ। ਜਿਹ ਸੁਨ ਕੰਪਤ ਤਨ ਹੋ ਸਾਰਾ।
ਦੁਸ਼ਟ ਸੱਦ ਇਕ ਦਯੋ ਸਮਝਾਇ। 'ਮਾਰ ਦਿਲੇਰਾਮੀਏ ਤੂੰ ਕੰਗਨ ਪਾਇਂ।੬੧।
ਦਿਲੇਰਾਮੀਏਂ ਹਿਰਦੇ ਰਾਮ ਦੇਹੁ ਮਾਰ। ਬਿਨ ਮਾਰੇ ਹੋਤ ਕੰਮ ਖੁਆਰ'।
ਉਸ ਸਮਝਾਯੋ ਕੀਓ ਤਿਆਰ। 'ਦਹੀਂ ਪਾਇ ਸਿਹ ਲਾਈਂ ਤਲਵਾਰ'।੬੨।
ਤੌ ਦਿਲੇਰਾਮੀਓਂ ਲਯੋ ਬੁਲਾਇ। ਉਸ ਕੋ ਆਖਯੋ ਬਾਤ ਚਲਾਇ।
'ਬਹੁਤ ਦਿਵਸ ਤੈਂ ਨ੍ਹਾਤੇ ਹੋਇ'। ਨੁਲ੍ਹਾਇ ਦੀਯੋ ਉਨ ਪਾਸ ਖਲੋਇ।੬੩।
ਨੀਵੀਂ ਗ੍ਰੀਵ ਕਰ ਦਹੀਂ ਪੁਵਾਯੋ। ਖੈਂਚ ਤੇਗ ਉਸ ਉਸ ਗਲ ਲਾਹਯੋ।
ਇਤ੍ਰ ਬਿਤ੍ਰ ਕਰ ਦੀਓ ਭਜਾਇ। ਕਹਯੋ 'ਮਾਰ ਕੋ ਗਯੋ ਵਗਾਇ'।੬੪।
ਐਸੋ ਪਾਪ ਉਨ ਬੱਜਰ ਕੀਓ। ਕਰਤ ਪਾਪ ਉਨ ਕੰਪਯੋ ਨ ਹੀਓ।
ਯਾਂਤੇ ਉਨ ਕੋ ਕਛੂ ਨ ਰਹਯੋ। ਧਨ ਭੀ ਗਯੋ ਔ ਧਰਮ ਭੀ ਗਯੋ।੬੫।
ਵਹੀ ਮਾਲ ਚੜ੍ਹ ਸਿੰਘ ਘਰ ਆਯੋ। ਜਿਸ ਵਿਚਦੈ ਧੋ ਦਗੋ ਕਮਾਯੋ।
ਸੁਨੋ ਸਿਖ ਗੁਰ ਸਿੰਘ ਪਿਆਰੇ। ਰਤਨ ਸਿੰਘ ਸੁਨ ਲਿਖੀ ਸੁਧਾਰੇ।੬੬।

ਦੋਹਰਾ: ਬਹੁਤ ਖਾਲਸੇ ਧਨ ਲਭਯੋ ਗਯੋ ਦਲਿੱਦਰ ਦੂਰ।
ਰਤਨ ਸਿੰਘ ਲੁੱਟੀ ਸੁਨੀ ਤਿਮ ਲਿਖ ਧਰੀ ਕਸੂਰ।੬੭।

Sri Satguru Jagjit Singh Ji eLibrary NamdhariElibrary@gmail.com

ਸਾਖੀ ਦੁਆਬੇ ਕੇ ਰੋਕਨ ਕੀ

੧੭੭. [ਬਿਸ਼ੰਭਰ ਦੀਵਾਨ ਨੂੰ ਸੋਧ ਕੇ ਦੁਆਬਾ ਮੱਲਣਾ]

ਦੋਹਰਾ: ਅੱਧੋ ਦਲ ਜੋ ਪ੍ਰਿਥਮ ਟੁਰ ਟਪਜੋ ਬਿਆਸੇ ਪਾਰ।
ਸੁਨੋ ਦੁਆਬਾ ਜਿਮ ਮਲਜੋ ਹਤ ਦੀਨਾ ਬੇਗ ਕਾਰਦਾਰ।੧।

ਚੌਪਈ: ਖੱਤ੍ਰੀ ਦਿਵਾਨ ਥੋ ਬਿਸ਼ੰਭਰ ਨਾਮ। ਹੁਤੋ ਪ੍ਰਿਥਮ ਤਿਸ ਲਿਸਾੜੇ ਧਾਮ।
ਦੀਨਾ ਬੇਗ ਕੀ ਬੇਗਮ ਪਾਸ। ਹੁਤੋ ਦੀਵਾਨ ਸਭਨ ਮੈਂ ਖਾਸ।੨।
ਪਚੀਸ ਹਜ਼ਾਰ ਰਖੇ ਫੌਜ ਤਿਆਰ। ਬਹੁਤ ਤੋਪ ਔ ਜੰਬੂਰਕ ਨਾਰ।
ਕਈ ਪਰਬਤੀ ਸੰਗ ਉਸ ਰਾਜੇ। ਉਨੈਂ ਮੰਗਾਏ ਲਰਨੇ ਕਾਜੇ।੩।
ਅੱਧੈ ਖ਼ਾਲਸੇ ਦਈ ਸਲਾਹਿ। 'ਬੁੱਢੈ ਦਲ ਕੀ ਓਰ ਤੂੰ ਜਾਹਿ।
ਹਮ ਬਿਨ ਲਰਨੈ ਜੋਗੈ ਨਾਂਹਿ। ਤੂੰ ਉਨ ਦੇਈਂ ਦੁਆਬਜੋ ਤਾਹਿ'।੪।
ਦੀਨਾ ਨਗਰ ਛੱਡ ਤੁਰਿਓ ਗੈਲ। ਲੰਘ ਬਜਾਸ ਕੀਓ ਦ੍ਵਾਬੇ ਸੈਲ।
ਮਗਰੇ ਡੇਰੋ ਉਨ ਦਜੋ ਪਾਇ। ਦਈ ਸਿੰਘਨ ਕੋ ਘੂਰ ਘਲਾਇ।੫।

ਦੋਹਰਾ: ਘਲਜੋ ਸਿੰਘਨ ਕੋ ਲਿੱਖ ਯੌਂ 'ਜੋ ਸੁਖ ਚਾਹੋ ਆਪ।
ਜਾਹੋ ਦੁਆਬੋ ਛੱਡ ਅਬ ਜੌ ਰਹੌ ਤੁ ਮੈਂ ਕਰੌਂ ਖਾਪ'।੬।

ਚੌਪਈ: ਸੁਨਤ ਸਿੰਘਨ ਤਬ ਚੜ੍ਹ ਗਜੋ ਰੋਹ। ਲਾਇ ਦੀਵਾਨ ਗੁਰਮਤੋ ਕੀਯੋ ਤੋਹ।
'ਮਾਰ ਖੱਤ੍ਰੀ ਮਲ ਲੇਹੋ ਰਾਜ। ਆਯੋ ਹੋਣ ਏ ਖਾਲਸੈ ਕਾਜ।੭।
ਪਹਿਲੋਂ ਟਕੇ ਮੰਗੋ ਯਹਿ ਕੋਲ। ਯਹਿ ਦੇਉਗ ਔ ਬੋਲਗੁ ਕਬੋਲ'।
ਤਬ ਖਾਲਸੈ ਨੈ ਯੌਂ ਲਿਖ ਦੀਓ 'ਟਕੇ ਘੱਲ ਜੋ ਰੱਖਣੋ ਜੀਓ'।੮।
ਤਬ ਇਨ ਅਗਜੋ ਦੀਓ ਜੁਆਬ। 'ਸਭ ਦਲ ਰਲੂਗਾ ਮੈਂ ਦੇਊਂ ਤਾਬ।
ਨਿਕਲ ਦੁਆਬਜੋਂ ਜਾਹੋ ਕਹੂੰ ਔਰ। ਟਕੈ ਘਲਾਊਂ ਊਹਾਂ ਤੁਮ ਕੋਰ'।੯।

ਦੋਹਰਾ: ਤਬ ਖਾਲਸੈ ਨੇ ਲਿਖ ਘਲਜੋ 'ਜੌ ਅਬ ਦੇਵੈਂ ਨਾਂਹਿ।
ਕਾਢ ਦੁਆਬੇ ਤੇ ਅਸਾਂ ਕਖ ਤੂੰ ਫਿਰ ਪਹੁੰਚਾਹਿਂ'।੧੦।

ਚੌਪਈ: ਕਹਜੋ ਖਾਲਸੈ 'ਤੂੰ ਚੌਕਸ ਹੋਇ। ਕਹੀਂ ਨਹੀਂ ਖਬਰ ਕਰੀ ਨਹਿਂ ਮੋਹਿ।
ਦੀਨਾ ਬੇਗ ਕੋ ਹੁਤੋ ਕਰਾਰ। ਲੜੂੰਗੋ ਨਹੀਂ ਮੈਂ ਖਾਲਸੇ ਨਾਲ।੧੧।
ਯਾਂਤੇ ਖਬਰ ਦਈ ਤੁਮੇਂ ਕਰ। ਭਾਵੇਂ ਮਿਲ ਪਉ ਭਾਵੈਂ ਲਰ ਮਰ'।
ਬਿਸ਼ੰਭਰ ਕਹੀ 'ਆਓ ਤੁਮ ਮਾਰਨ। ਹਮਕੋ ਕਹੋ ਤੁਮ ਆਪ ਸੰਭਾਰਨ।੧੨।
ਮੈਂ ਆਯੋ ਤੁਮ ਕਰੋ ਸੰਭਾਰ। ਭਲੋ ਚਹੋ ਹੋਵੋ ਦ੍ਵਾਬਜੋਂ ਪਾਰ'।
ਇਮ ਦੋਊ ਵੱਲ ਬਹਿਸਾਂ ਕਰੈਂ। ਦੋਊ ਵਲ ਤੇ ਦੋਊ ਨ ਟਰੈਂ।੧੩।
ਬੁਰਾ ਹੋਣ ਖੱਤ੍ਰੀ ਕੋ ਆਯਾ। ਖਾਲਸੇ ਹੋਣੋਂ ਭਯੋ ਸੁਵਾਯਾ।
ਉੜਮਿਲ ਟਾਂਡੈ ਢਿਗ ਕਰਕੇ ਡੇਰੋ। ਕੀਓ ਸਿੰਘਨ ਸਜੋਂ ਚਹਿ ਭਟਭੇਰੋ।੧੪।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਦੀਨਾ ਬੇਗ ਕੈ ਮੁਏ ਤੇ ਫੌਜ ਦੂਨੀਂ ਕਰੀ ਤਿਆਰ।
ਸੋਊ ਦੇਖ ਗਰਬਤ ਭਯੋ ਨਾਲ ਕੁੰਮਕੁ ਰਲਜੋ ਪਹਾਰ।੧੫।

ਚੌਪਈ: ਸਿੰਘਨ ਕੀ ਉਨ ਖਬਰ ਮੰਗਾਈ। 'ਗਏ ਖਿੰਡ ਸਿੰਘ ਲੁੱਟਨ ਤਾਈਂ।
ਡੇਰਾ ਲਈਏ ਉਨ ਕੋ ਮਾਰ'। ਸੋ ਚੜ੍ਹ ਦੌੜਜੋ ਇਤੈ ਬੀਚਾਰ।੧੬।
ਦਿਯੋ ਟਿੱਡ ਜਿਮ ਉਨ ਦਲ ਤੋਰ। ਜਾ ਢੁੱਕਜੋ ਵਹਿ ਸਿੰਘਨ ਕੋਰ।
ਅੱਗੈ ਸਿੰਘਨ ਕਰੀ ਤਿਆਰੀ। ਹੁਤੇ ਸਿੰਘ ਤਹਿਂ ਥੋੜੇ ਕਾਰੀ।੧੭।
ਏਕ ਬਾਰ ਸਿੰਘ ਪਿੱਛੈ ਉਨ ਮੋੜੇ। ਚਾੜ੍ਹ ਦੀਏ ਸਿਰ ਸਿੰਘਨ ਘੋੜੇ।
ਸਿਰਦਾਰਨ ਸਿਰ ਖੜਖਾਈ ਮਾਰ। ਸੁਣ ਖੜਕੋ ਸਿੰਘ ਆਏ ਹਜ਼ਾਰ।੧੮।
ਜਿਮ ਸੁਲਭੀ ਪਰ ਤਿਲਿਯਰ ਪੜੇ। ਮਾਰ ਸਿੰਘਨ ਸੋ ਮੁਹਰੈ ਧਰੇ।
ਤਦੇ ਬਿਸ਼ੰਭਰ ਮਨ ਮੈਂ ਧਾਰੀ। ਨੱਠੀ ਫੌਜ ਸਿੰਘਨ ਤੈ ਹਾਰੀ।੧੯।

ਦੋਹਰਾ: ਬਿਸ਼ੰਭਰ ਘੋੜੋ ਛੋਡ ਤੌ ਖੜ ਰਹਜੋ ਰਣ ਭੂਮ ਮੰਝਾਰ।
ਕਰ ਹੱਲਾ ਸਿੰਘ ਆਇ ਪਰੇ ਸਿਰ ਦੀਨੋ ਉਸੈ ਉਤਾਰ।੨੦।
ਮਾਰ ਬਿਸ਼ੰਭਰ ਜਬ ਲੀਓ ਪਰੀ ਫੌਜ ਮੈਂ ਲੂਟ।
ਘੋੜੇ ਤੰਬੂ ਬਹੁ ਲੁਟੇ ਮਾਲ ਭਰੇ ਲਏ ਊਠ।੨੧।

ਚੌਪਈ: ਹਜ਼ਾਰ ਬੀਸਕ ਉਠ ਘੋੜਾ ਰਲਾਯਾ। ਭਰਾ ਭਰਾਇਓ ਡੇਰਾ ਮਿਲਾਯਾ।
ਬਿੱਚ ਬਜ਼ਾਰ ਚੀਜ਼ ਸੀ ਘਨੀ। ਸੋਊ ਲੁਟੇਰਨ ਸਿੰਘਨ ਬਣੀ।੨੨।
ਤੋਸ਼ੈ ਖਾਨੇ ਖਾਸ ਦਿਵਾਨ। ਜਿਨ ਢਹੇ ਆਯੋ ਚਕਜ ਉਠਾਨ।
ਸ਼ਸਤ੍ਰ ਹੀਨ ਜੋ ਸਿੰਘ ਪਿਆਰੇ। ਤਿਨ ਨੇ ਸ਼ਸਤਰ ਬਹੁ ਸੰਭਾਰੇ।੨੩।
ਕਈਅਨ ਘੋੜੇ ਦੁਇ ਦੁਇ ਫੜੇ। ਇਕ ਛੱਡ ਮੰਦੇ ਚੰਗਨ ਪੈ ਚੜ੍ਹੇ।
ਕਈਅਨ ਕੇ ਹੱਥ ਪੜੇ ਹਥਜਾਰ। ਭਏ ਦਲਿਦ੍ਰੋਂ ਕਈ ਇਮ ਪਾਰ।੨੪।
ਤੋਪਖਾਨੋਂ ਕਿਨ ਚੱਕਜੋ ਨਾਂਹਿ। ਦਯੋ ਫੂਕ ਸੋ ਉਸ ਹੀ ਥਾਹਿ।
ਸਈ ਅਠਾਰਾਂ ਅਠਾਰੈ ਸਾਲ। ਮਾਰਯੋ ਬਿਸ਼ੰਭਰ ਲੁਟਯੋ ਉਮ ਮਾਲ।੨੫।

ਆਗੈ ਮੁਲਖ ਮੱਲਨ ਕੀ ਸਾਖੀ ਤੁਰੀ

੧੭੮. [ਵਜਕਤੀ ਗਤ ਮੁਲਖ ਮੱਲਣਾ]

ਦੋਹਰਾ: ਇਮ ਹੁਤ ਥੋ ਖਾਲਸੋ ਮਿਥ ਤੁਰਜੋ ਕਰ ਬੁੰਗੇ ਅਕਾਲ ਅਰਦਾਸ।
'ਜੋ ਜਹਿਂ ਰੱਯਤ ਆਇ ਮਿਲੈ ਰਹਿ ਪਿੰਡ ਉਸੈ ਸਿੰਘ ਪਾਸ'।੧।
ਡੇਰਾ ਲੁਟਤੌ ਸਿੰਘ ਮੁੜੇ ਪੜੇ ਸੁ ਮੁਲਖਹਿ ਦੌੜ।
ਜੋ ਜਿਮ ਜਾਗਾ ਵੜ ਬਹਜੋ ਕਢਜੋ ਨ ਤਿਨ ਇਸ ਠੌਰ।੨।

ਚੌਪਈ: ਜਿਸੈ ਪੈਰ ਜਹਾਂ ਕੋ ਪੜ ਰਹਜੋ। ਕਿਸੈ ਨਿਕਾਰਤ ਨ ਕੋਊ ਭਯੋ।
ਛੋਟੀ ਜਗਾ ਲਖ ਛੋਟੇ ਵੜੇ। ਵਡ ਸ਼ਹਿਰਨ ਸਿਰਦਾਰ ਵਡ ਖੜੇ।੩।

Sri Satguru Jagjit Singh Ji eLibrary NamdhariElibrary@gmail.com

ਕਿਨੈ ਸਾਕ ਕਿਨ ਸਜ਼ਾਣ ਕਢ ਲਈ। ਕਿਨੈ ਰਯਤ ਸੌਂ ਮਰਜੀ ਕਈ।
ਕਿਨੈ ਅਚਾਨਕ ਮੁਣੀਂ ਤਕਾਈ। ਇਮ ਕਰ ਲੀਨੋ ਮੁਲਕ ਮਲਾਈ।੪।
ਵਡੀ ਠਕਰਾਇਤ ਕੀ ਜੋ ਜਗਾ। ਸੋਊ ਸਰਦਾਰਨ ਵਡ ਗਲ ਲਗਾ।
ਜਿਨ ਜਿਨ ਮਰਜੀ ਸਾਥ ਰੱਯਤ ਰਲਾਈ। ਉਨ ਉਨਸੋਂ ਗਲ ਬਹੁ ਬਨਿ ਆਈ।੫।
ਜਿਨ ਜਿਨ ਰੱਯਤ ਸੋ ਸ਼ਿਤਾਬ ਗੁਵਾਈ। ਉਨ ਨੇ ਦੀਨੋ ਵਹੀ ਕਢਾਈ।
ਐਸੀ ਭਾਂਤ ਭਯੋ ਮੁਲਕ ਸੁ ਮੱਲ। ਸੁਣ ਰਤਨ ਸਿੰਘ ਤਿਮ ਕਹੀ ਗੱਲ।੬।

ਦੋਹਰਾ: ਜੋ ਕੋ ਕਿਸ ਕੋ ਫਿਰ ਕਢੈ ਤੋ ਮਿਸਲ ਉਪਰਾਲੋ ਹੋਇ।
ਜੋ ਪਹਿਲੌਂ ਕੋ ਵੜ ਬਹਜੋ ਉਸੈ ਦਿਵਾਵੈ ਸੋਇ।੭।

ਚੌਪਈ: ਪਹਿਲੌਂ ਥੇ ਸਿੰਘ ਹੁਤੇ ਅਕਾਰੇ। ਮੁਲਕ ਲੁੱਟ ਹੋਏ ਦੁਇ ਦੁਇ ਚਾਰੇ।
ਆਈ ਉਗ੍ਰਾਹੀ ਉਨਕੈ ਪਾਸ। ਕਿਨੈ ਸੈਂਕਰ ਕਿਨ ਹੱਥੇ ਪਚਾਸ।੮।

ਸਾਖੀ ਦੂਜੇ ਤਰਨ ਦਲ ਕੀ ਚਲੀ

੧੭੯. [ਖਾਲਸੇ ਨੂੰ ਖੁੱਲ੍ਹਾਂ, ਅਹਿਮਦ ਸ਼ਾਹ ਨੇ ਤੁੰਮਣਦਾਰ ਛੱਡੇ]

ਦੋਹਰਾ: ਅਬ ਸੁਣ ਗੱਲ ਉਸ ਦਲ ਕੀ ਕਸੂਰ ਮਾਰ ਰਹੇ ਰੱਜ।
ਮਾਰਜੋ ਬਿਸ਼ੰਭਰ ਉਨ ਮੁਨਜੋ ਔਰ ਮੁਲਕ ਲਜੋ ਦੱਬ।੧।

ਚੌਪਈ: 'ਮੁਲਕ ਉਨੈ ਏਕਲ ਮਲ ਲਯਾ। ਅਬ ਹਮ ਕੋ ਕਬ ਉਨ ਹਿੱਸਾ ਦਯਾ।
ਕੈ ਅਬ ਹਮ ਰਲ ਉਨ ਸੌਂ ਲਰੀਏ। ਕੈ ਕਛੁ ਔਰਹਿ ਉੱਦਮ ਕਰੀਏ'।੨।
ਓਇ ਕਹੈਂ 'ਹਮ ਲੁਟਣੋ ਰਹੇ। ਕਸੂਰ ਲੁਟਿਕੈ ਓਇ ਰਜ ਬਹੈ।
ਅਬ ਕਜਾ ਹੋਤ ਹਮੈ ਪਛੁਤਾਵੈ। ਹਮੈਂ ਹਾਥ ਕਬ ਵਹ ਲੁਟ ਆਵੈ'।੩।
ਦੁਊ ਵੱਲ ਇਮ ਕਰੈਂ ਪਛੁਤਾਏ। ਜਿਤ ਜਿਤ ਕਰਮ ਤਿਤੋ ਤਿਤ ਪਾਏ।
ਤਬ ਇਨਕੈ ਦਿਲ ਉੱਦਮ ਆਯੋ। ਲਹੌਰ ਗਿਰਦ ਉਨ ਸੁੰਨੋ ਤਕਾਯੋ।੪।
ਤੀਨ ਮਿਸਲ ਚੜ੍ਹ ਅੱਗੈ ਦੌੜੀ। ਦੋਇ ਫਿਰੀ ਮਾਝੇ ਔ ਪਹਾੜਨ ਓੜੀ।
ਮਾਝੈ ਮੈਂ ਥੇ ਜਿਨ ਕੇ ਗ੍ਰਾਮ। ਸੋ ਸੋ ਕੀਨੇ ਉਨ ਉਨ ਕਾਇਮ।੫।

ਦੋਹਰਾ: ਨਕਈ ਸੁਵਲਨ ਕੇ ਤੁਰੇ ਭੰਗੀ ਪੱਛਮ ਤੈ ਮੁਲਤਾਨ।
ਚੜ੍ਹ ਸਿੰਘ ਲਾਂਭੇ ਛਾਂਭ ਤਕ ਵਿਚ ਵਿਚ ਰੋਕੇ ਥਾਨ।੬।

ਚੌਪਈ: ਚੜ੍ਹ ਸਿੰਘ ਆਪ ਕਜਾ ਕੀ ਤਾਣ। ਰੋਕਜੋ ਮੁਲਕ ਸੁ ਘੋੜੇ ਖਾਣ।
ਕੁਜਰਾਂਵਾਲ ਬਹਾਯਾ ਠਾਣਾ। ਔਰ ਮੁਲਕ ਕਰਿਓ ਲੁਟ ਖਾਣਾ।੭।
ਭੰਗੀਅਨ ਮੈਂ ਭਏ ਬਹੁ ਸਰਦਾਰ। ਉਨ ਬਹੁ ਘੇਰਜੋ ਉਰਾਰ ਔ ਪਾਰ।
ਚੜ੍ਹ ਸਿੰਘ ਸੌਂ ਰਾਖੈਂ ਖਹੋਖਈ। ਚੜ੍ਹ ਸਿੰਘ ਉਨਸੋਂ ਘੁਲਤ ਬਿਤਈ।੮।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਕਸੂਰ ਲੁਟੀ ਬਿਸ਼ੰਭਰ ਕੁਟਾ, ਲਭਜੋ ਸਿੰਘਨ ਬਡ ਮਾਲ।
ਬਹੁ ਖਾਲਸੇ ਫਰਬੋ[1] ਭਯੋ ਤੁਰਕਨ ਭਯੋ ਬੁਰਾ ਹਾਲ।੯।

ਚੌਪਈ: ਬਹੁਤ ਸ਼ੋਰ ਸਿੰਘਨ ਕੋ ਭਯੋ। ਤਰਫ ਚਾਰ ਦੁਸ਼ਟਨ ਗਮ ਪਯੋ।
ਲਹੌਰ ਮਾਂਹਿ ਜੋ ਤੁਰਕ ਫੁਜਦਾਰ। ਖਰਚ ਬਿਨਾਂ ਸੋ ਭਯੋ ਲਚਾਰ।੧੦।
ਲਗੇ ਲਹੌਰ ਕੋਲ ਲੁਟ ਲੁਟ ਖਾਣ। ਬਾਹਰ ਨਿਕਲਨ ਕੋ ਉਸੈ ਨ ਤਾਣ।
ਸਿੰਘਨ ਲਯੋ ਸਭ ਮੁਲਕ ਉਗਰਾਹਿ। ਫੌਜ਼ ਭਈ ਕਮ ਲਹੌਰੈ ਮਾਂਹਿ।੧੧।
ਲਹੌਰ ਬਾਹਰ ਤੁਰਕ ਫਿਰਨ ਨ ਪਾਵੈਂ। ਉਨਕੋ ਬਾਹਰੋਂ ਪੈਸੋ ਨ ਆਵੈ।
ਪੈਸੇ ਬਿਨ ਕਬ ਮਿਲੈ ਸਿਪਾਹਿ। ਇਮ ਕਰ ਫੌਜ ਭਈ ਘਟ ਵਾਹਿ।੧੨।

ਦੋਹਰਾ: ਤਬ ਕਾਬਲ ਤੈ ਦਇ ਤੁੰਮਨ ਭੇਜੇ ਅਹਮਦ ਸ਼ਾਹਿ।
ਸਿਰ ਬੁਲੰਦ ਔ ਜਹਾਨ ਖਾਂ ਆਇ ਬਹੇ ਪੰਜਾਬਹਿ ਮਾਂਹਿ।੧੩।

ਚੌਪਈ: ਸਿਰ ਬੁਲੰਦ ਆਇ ਬਹਜੋ ਰਵਤਾਸ। ਹੋ ਰਹਜੋ ਸੂਬੋ ਸੁ ਅਟਕੈ ਖਾਸ।
ਜਹਾਂਨ ਖਾਂ ਕੀਓ ਸਜਾਲਕੋਟ ਡੇਰੋ। ਸਿੰਘਨ ਸਿਉਂ ਕੀਯੋ ਚਹਿ ਭਟ ਭੇਰੋ।੧੪।
ਤਮੂਹ ਸ਼ਾਹਿ ਲਾਹੌਰੈ ਬਹਿਓ। ਐਸੋ ਬਿਉਂਤ ਤਬ ਗਿਲਜਨ ਕਯੋ।
ਕਰਤ ਲੜਾਈ ਫੌਜ ਸਕੇਲੀ[2]। ਕਰੀ ਇਕਠੀ ਜੇਤੀ ਸਭ ਮੇਲੀ[2]।

ਸਾਖੀ ਦੋਊ ਦਲ ਕੀ

੧੮੦.[ਬੁੱਢਾ ਤੇ ਤਰਨਾ ਦਲ। ਕੁਜਰਾਂਵਾਲੇ ਪਰ ਸੂਬੇ ਦਾ ਹੱਲਾ]

ਦੋਹਰਾ: ਦਲ ਬੁੱਢੈ ਦੁਆਬੋ ਮਲਜੋ ਭਏ ਤਰਨ ਸੁ ਰਾਵੀ ਪਾਰ।
ਤੋੜ੍ਹੇ ਦੁਆਬੇ ਮਲ ਬਹਜੋ ਤੁਰਕਨ ਆਈ ਹਾਰ।੧।
ਚੜ੍ਹ ਸਿੰਘ ਕੁਜਰੈ ਵਾਲ ਮਲ ਕਟੈ ਚੁਤਰਫੋ ਦੌਰ।
ਕਾਬਲ ਰਾਹਿ ਤੌ ਬੰਦ ਭਯੋ ਔ ਭਯੋ ਮੁਲਕ ਮੈਂ ਰੌਰ।੨।

ਚੌਪਈ: ਜਬ ਜਗ ਮੈਂ ਯੌ ਰੌਲਾ ਪਰਾ। ਲਹੌਰੀ ਸੂਬੈ ਮੁਨ ਗੁੱਸਾ ਕਰਾ।
ਚੜ੍ਹਜੋ ਨਬਾਬ ਬਡ ਲੇ ਤੁਪਖਾਨੋ। ਕੁਜਰਾਂਵਾਲ ਗਿਰਦ ਘੇਰੋ ਠਾਨੋ।੩।
ਫੌਜ ਗਿਰਦ ਭਈ ਤੀਸ ਹਜ਼ਾਰ। ਹਜ਼ਾਰ ਕੁ ਸਿੰਘ ਵੜਜੋ ਅੰਦਰ ਵਾਰ।
ਤੁਰਕ ਆਟਾ ਅਰ ਸਿੰਘ ਮਧ ਲੂਣ। ਪਰ ਤੁਰਕਨ ਕੈ ਪੈ ਰਹੀ ਸੂਨ।੪।
ਤੁਪਖਾਨਾ ਦਜੋ ਇਕ ਵਲ ਲਾਇ। ਦਯੋ ਫੌਜ ਵਲ ਤਿੰਨ ਖੜਾਇ।
ਅੰਦਰ ਕੋਊ ਵੜਨੇ ਨਾ ਪਾਵੈ। ਬਾਹਰ ਫੌਜ ਸੁ ਰਲਤੀ ਆਵੈ।੫।
ਤਬ ਸਿੰਘਨ ਕੋ ਔਖੀ ਬਨੀ। ਪਰੀ ਸਿੰਘਨ ਕੋ ਗਿਣਤੀ[3] ਘਨੀ।
ਤਬ ਚੜ੍ਹ ਸਿੰਘ ਨੈ ਯੌ ਰਿਦ ਧਾਰੀ। 'ਨਿਕਲ ਜਾਈਏ ਕੁਈ ਮੋਰਚੇ ਮਾਰੀ'।੬।

---

੧. ਮੋਟਾ, ਭਾਵ ਸੁਖੀ, ਅਮੀਰ।
੨. ਇਨ੍ਹਾਂ ਦੋਹਾਂ ਤੁਕਾਂ ਦੀ ਥਾਵੇਂ ਇਹ ਪਾਠ ਬੀ ਹੈ:-
ਮੁਲਤਾਨ ਕਸ਼ਮੀਰ ਲਏ ਪਿੱਛੈ ਭਖਰ ਪਾਇ। ਲਏ ਕਾਬਲ ਸਿਉਂ ਸੂਬੇ ਪੰਜ ਲਾਇ।
੩. ਸੋਚ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਹੁਤੋ ਸਿੰਘ ਚਕਰੈਲ ਇਕ ਤਿਨ ਯੌਂ ਕਹੀ ਸੁਨਾਇ।
'ਦੁਇ ਸੈ ਸਿੰਘ ਹਮ ਮਾਥ ਹੈਂ ਹਮ ਰਲਹੈਂ ਤੁਮ ਸੰਗ ਆਇ।੭।

ਚੌਪਈ: ਜੋ ਤੁਮ ਪੈ ਬੁਡ ਪੈ ਜਾਇ ਜ਼ੋਰ। ਤੌ ਤੁਮਕੈ ਹਮ ਆਇ ਬੜੈਂ ਕੋਰ।
ਤੁਮ ਤੇ ਫੌਜ ਤੁਰਕ ਬਹੁ ਡਰੈ। ਨਹਿੰ ਤੁਮ ਪਰ ਕੋਉ ਹੱਲਾ ਕਰੈ।੮।
ਜੋ ਕਛੁ ਸਿੰਘ ਆਇ ਬਾਹਰੋਂ ਪਰੈਂ। ਵਿਚੈ ਲੁਟਾਈ ਹਮ ਭੀ ਧਰੈਂ'।
ਉਨ ਸੋਚੀ ਸੋਈ ਬਨ ਆਈ। ਸਿੰਘਨ ਕੀ ਤਹਿੰ ਭਈ ਅਵਾਈ।੯।
ਤੌ ਚਕਰੈਲ ਸੂਬੇ ਪੈ ਗਯੋ। ਜਾਇ ਨਵਾਬ ਡਰਾਵਤ ਭਯੋ।
'ਆਵਤ ਖਾਲਸੋ ਸਭ ਲਹ ਜੋਰ। ਵੜਨ ਨ ਦੇਵੈ ਤੁਝੈ ਲਹੌਰ।੧੦।
ਜੌ ਭਲ ਚਾਹੈਂ ਚੜ੍ਹ ਚਲ ਅੱਖ। ਫੇਰ ਹੁਇ ਜਾਊਗੁ ਖੋਟੋ ਢੱਬ'।
ਸੋ ਸੁਨ ਨਬਾਬ ਕੋ ਪਿਸੂ ਪੜੇ। ਥਰਹਰ ਕੰਪੈ ਮਨ ਸੋਚਾਂ ਕਰੇ।੧੧।

ਦੋਹਰਾ: ਤਬ ਸੈ ਦੋਇਕ ਸਿੰਘ ਕੋ ਪਰਜੋ ਰਾਤ ਸੋਊ ਆਇ।
ਮਾਰ ਸਭ ਖੂਨੀ ਆਇ ਵੜੈ ਚੜ੍ਹ ਸਿੰਘ ਜੀ ਕੀ ਪਾਇ।੧੨।

ਚੌਪਈ: ਨਿਬਾਬ ਲਗੀ ਚਿਤ ਸਿੰਘ ਜੀ ਕੀ ਬਾਤ। ਨਠਜੋ ਕੂਚ ਕਰ ਉਸ ਹੀ ਰਾਤ।
ਹੋਤੋ ਸਿੰਘ ਸੁ ਚਾਕਰ ਉਸ। ਪਾਇ ਦਈ ਉਨ ਵਿੱਚੈ ਖੋਸ।੧੩।
ਤੋਪਖਾਨੋ ਰਹਜੋ ਉਹਾਂ ਖੜਾ। ਨਿਬਾਬ ਤਬੈ ਨਠ ਏਕਲ ਚੜ੍ਹਾ।
ਸੁਨਤ ਸੁ ਚੜ੍ਹ ਸਿੰਘ ਚੜ੍ਹ ਗਯੋ ਗੈਲ। ਕਰੀ ਲੂਟ ਔ ਕੂਟ ਬਹੁਤੈਲ।੧੪।
ਨਵਾਬ ਨੱਠ ਵਲ ਚਲਜੋ ਲਹੌਰ। ਕਰੀ ਸਿੰਘਨ ਉਸ ਗੈਲੇ ਦੌੜ।
ਬਹੁਤ ਮਾਲ ਹਥ ਚੜ੍ਹ ਸਿੰਘ ਅਯੋ। ਉਸ ਦਿਨ ਤੇ ਸੋ ਵਧ ਸਿੰਘ ਭਯੋ।੧੫।

ਦੋਹਰਾ: ਜਬ ਨਿਬਾਬ ਚੜ੍ਹ ਸਿੰਘ ਹਨਜੋ ਸਿੰਘਨ ਵਧਜੋ ਪ੍ਰਤਾਪ।
ਚੜ੍ਹ ਝਨਾਉਂ ਖਾਲਸੋ ਲੰਘਜੋ ਕੀਨੇ ਤੁਰਕ ਬਡ ਪਾਪ।੧੬।

ਚੌਪਈ: ਗੁਜਰ ਸਿੰਘ ਟੱਪ ਮਲੀ ਗੁਜਰਾਤ। ਕਰਮ ਸਿੰਘ ਖਾਵੇ ਲਿਓ ਜਾਤ।
ਸਿਆਲਕੋਟ ਮਲ ਲਯੋ ਸ਼ਹੀਦਨ। ਸਭ ਸਿਧ ਕਾਜ ਖਾਲਸੇ ਦਿਨ ਦਿਨ।

ਸਾਖੀ ਨਵਾਬ ਸਰਬੁਲੰਦ ਫੜਨੇ ਕੀ

੧੮੧. [ਸਰਬੁਲੰਦ ਨੂੰ ਫੜਕੇ ਛਡਿਆ ਤੇ ਕਾਬਲ ਨੂੰ ਟੋਰ ਦਿੱਤਾ]

ਦੋਹਰਾ: ਚੜ੍ਹ ਸਿੰਘ ਚੜ੍ਹ ਜਿਹਲਮ ਟਪਜੋ ਮਿਲ ਸਿਰ ਬੁਲੰਦ ਫੁਜਦਾਰ।
ਡੇਰਾ ਬੈਠਾ ਲਾਇ ਸੋ ਕਿਲੇ ਰਵਤਾਸ ਮਝਾਰ।੧।

ਚੌਪਈ: ਹੁਤੋ ਬਹੁਤ ਥੋ ਮਨ ਮਗਰੂਰ। ਹੁਤੋ ਗਿਲਜਨ ਮੈਂ ਸੋ ਵਡ ਸੂਰ।
ਬੇ ਗਮ ਹੁਇ ਪੜ ਰਹਿਓ ਸੋਇ। ਮਧ ਪਹਾੜਨ ਕਿਲੋ ਲਖਿ ਸੋਇ।੨।
ਚੜ੍ਹ ਸਿੰਘ ਨੇ ਸੋ ਸ਼ਿਕਾਰ ਤਕਾਯਾ। ਦੇ ਫੇਰੀ ਵਿਚ ਸਸਾ ਛਹਾਇਆ।
ਢੁਕ ਨੇੜਿਓਂ ਫਿਰ ਦੂਰ ਹੁਇ ਆਯਾ। ਇਸ ਬਿਧ ਉਸਕੋ ਚਿੱਤ ਵਧਾਯਾ।੩।

Sri Satguru Jagjit Singh Ji eLibrary NamdhariElibrary@gmail.com

ਉਨ ਜਾਨਯੋ ਅਬ ਸਿੰਘ ਮੁੜ ਗਏ। ਮਰਾਟ ਸਿੰਘਨ ਸਮ ਗਿਲਜੇ ਭਏ।
ਤੌ ਚੜ੍ਹ ਸਿੰਘ ਉਨ ਦੇ ਕੈ ਦਾਉ: ਮੁੜ ਲੰਘਯੋ ਔਰ ਪਤਨ ਦਰਜਾਉ।੪।
ਜਾਇ ਚੜ੍ਹਯੋ ਸੁ ਕਿਲੈ ਟਵਤਾਸ। ਬੁਰਜ ਮੱਲ ਬਹਯੋ ਚਾਰੋਂ ਪਾਸ।
ਲਏ ਦਰਵਾਜੇ ਦੋਊ ਘੇਰ। ਧਰੀ ਮਾਰ ਰਮਜੰਗਨ ਕੇਰ।੫।

ਦੋਹਰਾ: ਖਬਰ ਉਨੈ ਕੋ ਤਬ ਭਈ ਜਬ ਬਹੇ ਸਿੰਘ ਗੜ੍ਹ ਮੱਲ।
ਚਾਰ ਓਰ ਉਨ ਸਿੰਘ ਇਮੈਂ ਪਰਯੋ ਗਿਲਜਨ ਥਰਥੱਲ।੬।

ਚੌਪਈ: ਜਿਤ ਵਲ ਗਿਲਜੇ ਦੌੜ ਸੁ ਪਾਹਿਂ। ਮੁੜੈਂ ਉਸੈ ਵਲ ਮਾਰ ਸੁ ਖਾਹਿਂ।
ਨਠਯੋ ਚਹੈਂ ਸੋ ਵਲ ਦਰਵਾਜੇ। ਮਾਰ ਹਟਾਏ ਓਇ ਕਰ ਬਾਜੇ।੭।
ਜਿਤ ਵਲ ਜਾਹਿਂ ਉਤ ਮਾਰਹਿ ਖਾਹਿਂ। ਨਠੇ ਫਿਰੈਂ ਕਿਤ ਜਾਨ ਨ ਪਾਹਿਂ।
ਨੱਠ ਭੱਜ ਕੈ ਸੋ ਥਕ ਪਏ। ਸਿਰ ਬੁਲੰਦ ਢਿਗ ਸੋ ਸਭ ਗਏ।੮।
ਸਿਰ ਬੁਲੰਦ ਤਬ ਲਖ ਲਈ ਗੱਲ। ਹਥਯਾਰ ਸੁਟ ਕਰ ਬਹਯੋ ਮਹੱਲ।
ਚਾਕਰ ਸਦ ਮਸਨੰਦ ਬਿਛਾਈ। ਵਕੀਲ ਘਲਯੋ ਉਨ ਚੜ੍ਹ ਸਿੰਘ ਪਾਈ।੯।
ਵਕੀਲਨ ਕਹੀ ਸਿੰਘ ਜੀ ਸੋਂ ਬਾਤ। 'ਚਲ ਸੂਬੇ ਕੀ ਕਰੋ ਮੁਲਾਕਾਤ'।
ਚੜ੍ਹ ਸਿੰਘ ਜੀ ਨੈ ਸੋਈ ਮਾਨੀ। ਚਾਰ ਹਜ਼ਾਰ ਸਿੰਘ ਮੁਹਰੇ ਠਾਲੀ।੧੦।

ਦੋਹਰਾ: ਸਿੰਘ ਸੂਬੇ ਪੈ ਜਾ ਪੁਜਯੋ ਗਿਲਜਨ ਕਰਕੈ ਦੂਰ।
ਅਗੇ ਹੋਇ ਸੁ ਨਾ ਆਇਓ ਕਰਯੋ ਮਿਜਾਜ ਇਮ ਸੂਰ।੧੧।

ਚੌਪਈ: ਜਬ ਹੀ ਸਿੰਘ ਜੀ ਨੇੜੈ ਗਯੋ। ਕਦਮ ਦੁਇਕ ਭੀ ਅਗੇ ਨ ਅਯੋ।
ਸਿੰਘ ਜੀ ਪਾਸ ਜਾਨੈਂ ਨਹਿਂ ਫਿਰਾ। ਪਾਸ ਗਏ ਸਿੰਘ ਤੇ ਭਜਾ ਖੜਾ।੧੨।
ਕਹੈ 'ਸਿੰਘ ਮੁਹਿ ਆਇ ਮਿਲੋ ਗਲ'। ਮਜਾਣਨ ਕਹਯੋ 'ਮਤ ਯਹ ਕਰੇ ਛਲ'।
ਸਿੰਘ ਕੀ ਠੌਰ ਸਿਪਾਹੀ ਮਿਲਾਯੋ। ਉਸੀ ਠੌਰ ਉਸ ਪਕੜ ਬਹਾਯੋ।੧੩।
ਉਸ ਅਸਬਾਬ ਸਭ ਲੀਨੋ ਸਾਂਭ। ਠਾਣਾਂ ਕੀਨੋ ਕਿਲੇ ਦਰਾਮ।
ਮੁਲਕ ਚੁਤਰਫੀ ਸਭ ਆਇ ਮਿਲਾ। ਗਿਰਦ ਰਵਤਾਸ ਹੋ ਤਥੋ ਜ਼ਿਲਾ।੧੪।
ਉਸ ਦਿਨ ਤੇ ਬਡ ਭਯੋ ਸਰਦਾਰ। ਮਿਲ ਪਯੋ ਮੁਲਕ ਅਉਹਾਰ ਔ ਪਾਰ।
ਜਿੱਧਰ ਜਾਇ ਤਿੱਧਰ ਫਤੇ ਪਾਇ। ਅੱਗੇ ਉਸੈ ਨ ਕੋਊ ਅੜਾਇ।੧੫।

ਦੋਹਰਾ: ਨਾਲੇ ਬੰਧਯੋ ਵਹਿ ਫਿਰੈ ਚਾਚਾ ਅਹਿਮਦ ਸ਼ਾਹਿ।
ਪਾਇ ਰਾਜ ਗਰਰਾ ਭਯੋ ਕਿਸੇ ਨ ਨਜ਼ਰ ਲਿਆਹਿ।੧੬।

ਚੌਪਈ: ਸਿਰ ਬੁਲੰਦ ਲੀਓ ਪਾਲਕੀ ਪਾਇ। ਮਧ ਡੇਰੇ ਉਸ ਡੇਰੋ ਕਰਾਇ।
ਕ੍ਰੋੜ ਰੁਪੱਯਾ ਸਿੰਘ ਜੀ ਉਸ ਮਾਂਗੈ। ਵਹਿ ਖਾਣੋ ਨਿਤ ਸਿੰਘ ਤੇ ਚਾਂਗੈ।੧੭।
ਵਹੁ ਆਖ 'ਮੁਹਿ ਸੂਬਾ ਬਣਾਇ। ਮੇਰੇ ਮਗਰ ਸਭ ਫੌਜ ਲਗਵਾਇ।
ਅਹਿਮਦ ਸ਼ਾਹ ਸਮ-ਤੂੰ ਬਣ ਸ਼ਾਹੁ! ਮੈਨੂੰ ਅਪਨੋ ਸੂਬਾ ਬਨਾਹਿ'।੧੮।

Sri Satguru Jagjit Singh Ji eLibrary NamdhariElibrary@gmail.com

ਸਿੰਘ ਜੀ ਕਹਜੋ 'ਹਮ ਗੁਰੂ ਸ਼ਾਹੁ ਕੀਓ। ਚਹੈਂ ਤੁਮੈਂ ਅਸੀਂ ਕੈਦ ਰਖੀਓ।
ਇਤਕਰ ਕੋਊ ਜਗ ਮੈਂ ਵਾਚਾ। ਚੜ੍ਹ ਸਿੰਘ ਫੜ ਰਖਜੋ ਸ਼ਾਹਿ ਕੋ ਚਾਚਾ'।੧੯।
ਸਿਰ ਬੁਲੰਦ ਤਖ ਅਗਜੋਂ ਸੁਨਾਈ। 'ਇਸਤੇ ਭਲੀ ਇਕ ਔਰ ਗੱਲ ਆਹੀ।
ਸ਼ਾਹਿ ਚਾਚਾ ਫੜਕੇ ਛਡ ਦਯੋ। ਸ਼ਾਹਿ ਸਿਰ ਸ਼ਾਹਿ ਸੋਊ ਕਹਜੋ'।੨੦।

ਦੋਹਰਾ: ਚੜ੍ਹ ਸਿੰਘ ਸੁਨ ਚਿਤ ਮੈਂ ਬਸੀ ਦੀਨੋ ਉਸੈ ਤੁਰਾਇ।
ਖਰਚ ਦੀਓ ਉਸ ਰਾਹਿ ਕੋ ਦੀਨੋ ਅਟਕ ਟਪਾਇ।੨੧।
ਜੈਸੇ ਸੁਨੀ ਤੈਸੇ ਲਿਖੀ ਰਤਨ ਸਿੰਘ ਯਹਿ ਬਾਤ।
ਲੋਕਨ ਤੇ ਮੈਂ ਜਿਮ ਸੁਨੀ ਤਿਮੈਂ ਕਰੀ ਬਿਖਜਾਤ[1]।੨੨।

ਸਾਖੀ ਸਿਰਹੰਦ ਮੱਲਨੇ ਕੀ ਔਰ ਨਿਬਾਬ ਜ਼ੈਨੇ ਮਾਰਨੇ ਕੀ

੧੯੨. [ਜ਼ੈਨ ਖਾਂ ਮਾਰਿਆ]

ਦੋਹਰਾ: ਯਹੈ ਬਾਤ ਗਿਲਜਨ ਸੁਨੀ ਉਨ ਭੇਜੇ ਤੁੰਮਨ ਚਾਰ।
ਭਈ ਅਵਾਈ ਸ਼ਾਹਿ ਕੀ ਭਏ ਸਿੰਘ ਭੀ ਇਕ ਥਾਂ ਸਾਰ।੧।

ਚੌਪਈ: ਪਠਾਣ ਤੁੰਮਨ ਖਿੰਡ ਬਹੇ ਚਹੂੰ ਓਰ। ਸ੍ਰਿਹੰਦ ਮੁਲਤਾਨ ਸਜਾਲਕੋਟ ਲਹੌਰ।
ਸਿੰਘ ਸਭੈ ਇਕ ਵਲ ਹੁਇ ਤੁਰੇ। ਫਿਰ ਸ੍ਰਹੰਦ ਤੇ ਊਪਰ ਘੁਰੇ।੨।
ਉਸ ਕੀ ਮਿਲ ਮਿਲ ਦੂਰ ਤੇ ਕਰੀ। ਸੁਨੀ ਸਿੰਘਨ ਅਬ ਖਾਲੀ ਪਰੀ।
ਸੂਬੋ ਚੜ੍ਹਜੋ ਹੈ ਕਰਨ ਉਗਰਾਹੀ। ਯਹੀ ਬਾਤ ਸਿੰਘਨ ਪੈ ਆਹੀ।੩।
ਸੋ ਸੁਨ ਸਿੰਘ ਦੂਰ ਤੇ ਦੌੜੇ। ਹੁਤੇ ਹਲਕਾਰੇ ਉਸ ਭੀ ਥੋੜੇ।
ਜਾਇ ਹਲਕਾਰਨ ਉਸ ਕਹੀ ਗਲ। ਜ਼ੈਨੋ ਭੀ ਮੁੜਜੋ ਸ੍ਰਿਹੰਦਹਿ ਵੱਲ।੪।
ਤੌ ਮਿਲ ਖਾਲਸੇ ਗੁਰਮਤਾ ਸਾਜਾ। 'ਪਹਿਲੇ ਕਰੋ ਜ਼ੈਨੇ ਕੋ ਕਾਜਾ।
ਅਬ ਹਥ ਆਯੋ ਸੂਰ ਮਦਾਨੈ। ਮਤ ਕਤ ਵੜ ਬਹਿ ਔਖੇ ਥਾਨੈ'।੫।

ਦੋਹਰਾ: ਸੋਊ ਬਾਤ ਪੰਥੈ ਕਰੀ ਲੰਘ ਉਤਰੇ ਸ੍ਰਹੰਦ ਪਾਰ।
ਅੱਗਾ ਰੋਕ ਸੁ ਉਸ ਬਹੇ ਕਰਕੇ ਖੂਬ ਬਿਚਾਰ।੬।

ਚੌਪਈ: ਜ਼ੈਨੇ ਕੋ ਵੀ ਖਬਰ ਸੁ ਭਈ। 'ਰੋਕਜੋ ਮੁਹਰੋਂ ਹਮਹਿ ਮੁਦਈ'।
ਸੋਚੈ ਕਰੈ ਔ ਮਨ ਪਛੁਤਾਵੈ। ਨਿਕਲਜੋ ਸ਼ਹਰੋਂ ਵਖਤ ਨ ਪਾਵੈ।੭।
ਭਾਜ ਵੜਨ ਕੋ ਨਾਹੀਂ ਥਾਮ। ਆਨ ਬਨਜੋ ਅਬ ਮਰਨੈ ਕਾਮ।
ਕਰ ਤੜੀੜ ਵਲ ਸ਼ਹਿਰੈ ਆਯੋ। ਸਿੰਘਨ ਡੇਰੋ ਥੋ ਦੁਇ ਥਾਂ ਪਾਯੋ।੮।
ਬੁੱਢੇ ਦਲ ਕੀਓ ਭਾਗਨਪੁਰੈ ਡੇਰਾ। ਪੰਜੈ ਦਲ ਥੋ ਕੀਓ ਤਰਨੈ ਬਸੇਰਾ।
ਨਨਿਹੇੜੈ ਉਸ ਡੇਰਾ ਪਾਯੋ। ਘਿਰਜੋ ਸਸਾ ਜਿਮ ਝਾੜ ਦਖਾਯੋ।੯।
ਰਾਤ ਰਹੇ ਸਿੰਘ ਚੜੇ ਤਯਾਰ। ਮਤ ਕਤ ਰਾਤ ਵੜੇ ਨਰਕਾਰ[2]।
ਉਨ ਭੀ ਰਾਤ ਸੁ ਖੜੇ ਗੁਜਾਰੀ। ਕਿਛੁਕੁ ਤੜਕੈ ਉਨ ਕਰੀ ਸਵਾਰੀ।੧੦।

੧. ਪ੍ਰਗਟ, ਜ਼ਾਹਰ। ੨. ਨਰਕ, ਭਾਵ ਹੈ ਸਰਹੰਦ ਵਿਚ।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤੋਪ ਜੰਬੂਰੇ ਰਹਕਲੇ ਸਾਥੇ ਕੀਓ ਬਹੀਰ।
ਇਨ ਪੈ ਅਟਕੇ ਖਾਲਸੈ ਇਮ ਚਿਤ ਠਟੀ ਤਤਬੀਰ।੧੧।

ਚੌਪਈ: ਚੁਪ ਕੀਨੈ ਉਨ ਕਰੀ ਮਦਾਰੀ। ਧੌਂਸ ਨਗਾਰੇ ਰਖੇ ਪਿਛਾਰੀ।
ਉਨੈ ਸਾਥ ਉਸ ਕਹਜੋ 'ਬਜਵਾਇ ਨ'। ਸੁਨੇ ਸਿੰਘ ਜਿਮ ਉਸ ਵਲ ਜਾਇਨ।੧੨।
ਹੋਤੋ ਦਲ ਜੁ ਮਝੈਲਨ ਵਾਲ। ਜਾਇ ਲੜਜੋ ਵਹਿ ਡੇਰੇ ਉਤਾਲ।
ਦਲ ਬੁੱਢੈ ਕੀ ਸੁਨੋਂ ਸੁ ਬਾਤ। ਰਖੇ ਮੁਹਰਖੇ ਥੇ ਜੋ ਉਸ ਰਾਤ।੧੩।
ਆਨ ਖਬਰ ਮੁਹਰੱਖਨ ਦਈ। ਸੁਨਤ ਖਬਰ ਸਿੰਘ ਦੌੜੇ ਕਈ।
ਕਜਾ ਕਜਾਇ ਸਿੰਘ ਟਕਰੇ ਜੋਇ। ਦਏ ਬੰਦੂਖਨ ਕੜਾਕੇ ਤੋਇ।੧੪।
ਸੁਨਤ ਕੜਾਕੈ ਔਰ ਜਾਇ ਰਲੇ। ਉਨ ਤੇ ਹੋਇ ਨ ਗਿਲਜੇ ਖਲੇ।
ਓਇ ਚਾਹੈਂ 'ਕਿਮ ਵੜੀਐ ਸ੍ਰਹੰਦ। ਤੌ ਹਮਰੀ ਬਚ ਰਹਿ ਹੈ ਜਿੰਦ'।੧੫।

ਦੋਹਰਾ: ਸਿੰਘ ਕਹੈਂ 'ਇਸ ਮਾਰੀਐ ਸ਼ਹਿਰੋਂ ਬਾਹਰ ਘੇਰ।
ਇਹੁ ਵੜੈ ਜਾਇ ਜੁ ਸ੍ਰਹੰਦ ਮੈਂ ਹਮ ਆਵੈ ਦਾਇ ਨ ਫੇਰ'।੧੬।

ਚੌਪਈ: ਸਿੰਘ ਕਹੈਂ 'ਹਮ ਖੂਨੀ ਆਹਿ। ਘੱਲੂਘਾਰੋ ਦਜੋ ਇਨੈ ਕਰਾਇ।
ਲੇਵੋ ਇਸਤੈ ਬਦਲੋ ਸੱਭ। ਮਾਰ ਇਹਾਂ ਇਸ ਦੀਜੈ ਦੱਬ'।੧੭।
ਹੁਤੇ ਬਹੁਤ ਥੇ ਉਸਤੈ ਦੁਖੀ। ਪਰੈ ਚੀਲ ਜਿਮ ਮਾਸੈ ਭੁਖੀ।
ਵਹਿ ਕਿਤੈ ਚਾਲ ਕਿਤ ਦੌੜੇ ਕਰੈਂ। ਨਹਿੰ ਆਪ ਵਹਿ ਟਿਕ ਕੈ ਲਰੈਂ।੧੮।
ਕਿਛਕ ਫੌਜ ਉਨ ਲਰਨੈ ਲਾਈ। ਚਲਜੋ ਆਪ ਵਹਿ ਸ਼ਹਿਰੇ ਧਾਈ।
ਅੱਗਜੋਂ ਆਯੋ ਕਿਛ ਦਲ ਕੋ ਛਰਰਾ। ਮਾਰ ਬੰਦੂਕਨ ਹਰ ਦਜੋ ਗਰਰਾ।੧੯।
ਸਿੰਘਨ ਰਮਜੰਗਨ ਹੇਠ ਜੋਊ ਆਯਾ। ਕਬ ਕੋਊ ਜਾਣ ਅਛੂਤੋ ਪਾਯਾ।
ਇਕ ਕਹ ਬਿਦਜਾ ਦੂਓ ਦਯਾ ਭਗੌਤੀ। ਹੋਇ ਨ ਕਾਜ ਕਿਮ ਸਿਖਨ ਸਜੋਤੀ।੨੦।

ਦੋਹਰਾ: ਛਲਕ ਦਈ ਜਬ ਖਾਲਸੇ ਗਿਲਜੈ ਸਨਮੁਖ ਹੋਇ।
ਗਈ ਖਾਇ ਰੁਕੜੈ ਉਸੈ ਪਰਜੋ ਭੂਮ ਗਿਰ ਤੋਇ।੨੧।

ਚੌਪਈ: ਬਹੁਤ ਗੌਗੋ ਤਹਿਂ ਗਿਲਜਨ ਕਰਜੋ। 'ਬ੍ਰਕੁਨ ਬ੍ਰਕੁਨ' ਕਹਿ ਚੱਕਨ ਉਚਰਜੋ।
ਤੌ ਸਿੰਘਨ ਨੈ ਲੀਨੋ ਜਾਨ। 'ਇਹਾਂ ਗਿਰਜੋ ਹੈ ਜ਼ੈਨੋ ਪਠਾਨ'।੨੨।
ਤੌ ਲੌ ਆਨ ਸਿੰਘ ਬਹੁ ਰਲੇ। ਛੋਡ ਲੋਥ ਭੱਜ ਗਿਲਜੇ ਚਲੇ।
ਜਹਿਂ ਜਹਿਂ ਜਾਹਿਂ ਤਹੀਂ ਮਾਰੈਂ। 'ਜਾਨ ਰਖੋ' ਕਹਿ ਸ਼ਸਤਰ ਡਾਰੈਂ।੨੩।
ਜਿਨ ਉਤ ਸ਼ਸਤਰ ਦੀਨੇ ਡਾਰ। ਤਿਨ ਪੈ ਸਿੰਘਨ ਕੀਓ ਨ ਵਾਰ।
ਸਿੰਘ ਦਇਆ ਕੋ ਰੂਪ ਸੁ ਆਹਿਂ। ਲਏ ਨ ਬਦਲੇ ਉਨਤੇ ਕਾਹਿ।੨੪।
ਘੋੜੇ ਸ਼ਸਤਰ ਉਸ਼ਟ ਜੁ ਮਾਲ। ਲੁੱਟਨ ਵਾਲੇ ਭਏ ਨਿਹਾਲ।
ਦੋਊ ਦਲ ਲੂਟ ਕਰ ਖੁਸ਼ ਭਏ। ਕਈਅਨ ਕੋ ਵਡ ਦਾਲਿਦ ਗਏ।੨੫।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਲਦੇ ਲਦਾਏ ਊਠ ਬਡ ਔ ਕਸੀ ਕਸਾਈ ਤੋਪ।
ਜਿਸ ਕੀ ਨਦਰੀ ਆਇ ਪਏ ਲਏ ਸਾਂਭ ਕਰ ਚੋਪ।੨੬।

ਚੌਪਈ: ਅਠਾਰਾਂ ਸੈ ਪਰ ਸਾਲ ਤੌ ਬੀਸਾ। ਬੀਤ ਗਏ ਪਰ ਬਿਕ੍ਰਮ ਨਰੀਸ਼ਾ।
ਮਾਘ ਚੌਥ ਸਿਰਹੰਦੋਂ ਕੋਹ ਚਾਰ। ਪੀਰ ਜੈਨ ਢਿਗ ਜੈਨੋ ਲਜੋ ਮਾਰ।੨੭।

ਸਾਖੀ ਫੇਰ ਸਰਹੰਦ ਕੀ ਲਿਖਜਤੇ

੧੮੩. [ਸਰਹੰਦ ਤੀਜੀ ਵਾਰ ਉਜਾੜੀ]

ਦੋਹਰਾ: ਆਗੇ ਸੁਣੋ ਸਰਹੰਦ ਕੋ ਜਿਮ ਲੁੱਟੀ ਤੀਜੀ ਬਾਰ।
ਮਾਲ ਲੁਟਜੋ ਬੋਦਾ ਕੀਓ ਕਿਲ੍ਹੇ ਢਾਹਿ ਕੀਯੋ ਖ੍ਵਾਰ।੧।

ਚੌਪਈ: ਕਈ ਦਿਵਸ ਸਿੰਘ ਬਾਹਰੇ ਬਹੈਂ। ਲੁੱਟ ਲਿਜਾਵੈਂ ਵਿੱਚ ਨ ਬਹੈਂ।
ਸਿੰਘਨ ਕਰੀ ਥੀ ਪ੍ਰਿਥਮ ਅਰਦਾਸ। 'ਰਾਖੀ ਕਰੈ ਇਸ ਤਿਸ ਹੁਇ ਨਾਸ਼।੨।
ਇਹਾਂ ਗਜਬ ਹੈ ਗਾੜ੍ਹਾ ਹੂਆ। ਇਸ ਪਰ ਸਤਿਗੁਰ ਦੂਖ ਕੈ ਕੂਆ।
'ਬਡੋ ਕਟਰ ਹੈ ਇਸ ਜਗ ਭਯਾ। ਬਾਲਕ ਬਿਦੋਸ਼ਨ ਗਲ ਕਟ ਦਯਾ'।੩।
ਨਹਿੰ ਬਾਲਕ ਉਨ ਮੰਦਾ ਬੋਲੇ। ਲੁਕੀ ਨ ਥੀ ਮਾਯਾ ਉਨ ਕੋਲੇ।
ਚੌਦਾਂ ਸੈ ਇਹਾਂ ਦੇਹਲ ਸਿਖਕੀ। ਮਸੰਦ ਸੁਲਖਣੋ ਇਸਹੀ ਵਿਚ ਸੀ।੪।
ਕ੍ਰੋੜ ਰੁਪੱਯੇ ਭਰ ਦਿੱਤੇ ਉਨ੍ਹੈਂ; ਜੋ ਸਭ ਗਜਬ ਨ ਕਰਤੇ ਕੌਨੇ।
ਇਹਾਂ ਗਧਨ ਕੈ ਹਲ ਚਲਵਾਯੋ। ਯਾਕੀ ਇੱਟ ਮੱਧ ਦਰਜਾਇ ਰੁੜ੍ਹਾਯੋ'।੫।

ਦੋਹਰਾ: ਐਸੇ ਕਰਕੇ ਗੁਰਮਤੇ ਤੌ ਵੜੇ ਕਿਲ੍ਹੇ ਮੱਧ ਆਇ।
ਜਿਤ ਜਿਤ ਵਲ ਜੋਊ ਖੜ ਬਹੇ ਨਿਕਸੇ ਉਸੀ ਸੁ ਦਾਇ।੬।

ਚੌਪਈ: ਯਹੀ ਬਾਤ ਠਟ ਹੱਲੋ ਕੀਯੋ। ਚੱਪਾ ਚੱਪਾ ਕੋਟ ਥੋ ਬੰਡ ਲੀਯੋ।
ਢਾਹਿ ਲੰਕ ਜਿਮ ਪਲ ਮੈਂ ਦਏ। ਹੱਥ ਹਥੌੜੇ ਪੰਥਹਿ ਕਏ।੭।
ਜਿਮ ਕਰ ਲੀਓ ਥੋ ਪ੍ਰਿਥਮ ਕਰਾਰ। ਨਿਕਸੇ ਕਰ ਕਰ ਨਿਜ ਸੋਊ ਬਾਰ।
ਫੇਰ ਲਏ ਕਈ ਗਧੇ ਮੰਗਾਇ। ਹਲ ਬਣਾਇ ਤਹਿੰ ਦਏ ਵਗਾਇ।੮।
ਵਡੇ ਸ੍ਰਦਾਰਨ ਹਥ ਆਪ ਲਾਯੋ। ਸਤਿਗੁਰ ਬਚ ਕਹਿ ਪੰਥ ਕਮਾਯੋ।
ਹੁਤੇ ਬਾਪ ਥੋ ਹਮਰੋ ਸਾਥ। ਸੋਊ ਲਿਖੀ ਜੁ ਉਨ ਕਹੀ ਬਾਤ।੯।

ਸਾਖੀ ਦੇਹੁਰੇ ਕੇ ਪ੍ਰਸੰਗ ਕੀ ਲਿਖਜਤੇ

੧੮੪. [ਸਰਹੰਦ ਵਿਖੇ ਦੇਹੁਰੇ ਬਣਵਾਏ]

ਚੌਪਈ: ਅਗੇ ਸੁਨੋ ਅਬ ਮਾਲੀ ਪਜਾਰੇ। ਜਿਸ ਬਿਧ ਦੇਹੁਰੇ ਪੰਥ ਬਨਵਾਰੇ।
ਜਬ ਮੱਧ ਪੰਥ ਕਿਲ੍ਹੇ ਥੋ ਵੜਜੋ। ਨਿਜ ਨਿਜ ਡੇਰਨ ਬਹੁ ਕੜਾਹ ਕਰਜੋ।੧।
ਕਿਨੇ ਮਾਤਾ ਕੈ ਬੁਰਜ ਬਰਤਾਯੋ। ਕੋਈ ਸ਼ਹੀਦਣ ਜਾਗਾ ਆਯੋ।
ਕੋਈ ਗਏ ਸਰ ਜੋਤੀ ਤਾਲ। ਜਹਾਂ ਗਡੇ ਥੇ ਸਤਿਗੁਰ ਲਾਲ।੨।

Sri Satguru Jagjit Singh Ji eLibrary NamdhariElibrary@gmail.com

ਸਭ ਖਾਲਸੈ ਮਿਲ ਮਤੋ ਠਹਿਰਾਯੋ। 'ਚਹੀਯਤ ਇਕ ਹੀ ਦੇਹਰੋ ਬਣਵਾਯੋ।
ਜਿਮ ਜਾਗਾ ਗੁਰ ਮੁਤ ਹੈਂ ਘਾਏ। ਜਿਸੈ ਠੌਰ ਉਨ ਗਲੇ ਕਟਾਏ।੩।
ਜਿਸੈ ਠੌਰ ਉਨ ਵੀਟਯੋ ਰਕਤ। ਉਸੀ ਠੌਰ ਉਨ ਹੋਵਗੁ ਸ਼ਕਤਿ'।
ਬ੍ਰਿੱਧ ਪੁਰਸ਼ ਉਹਾਂ ਪੁੱਛ ਬੁਲਾਏ। ਅਸਥਾਨ ਪਤੇ ਉਨ ਸਭੈ ਬਤਾਏ।੪।

ਦੋਹਰਾ: ਔਰ ਜੁ ਪੀਛੈ ਜਿਮ ਭਈ ਤਿਮ ਉਨ ਦਈ ਸੁਨਾਇ।
ਜਿਮ ਤੁਰਕਨ ਕੌ ਗ੍ਰਸਟ ਨਿਜ ਦੀਪਕ ਲਯੋ ਬਲਵਾਇ।੫।

ਚੌਪਈ: ਜਿਸੈ ਭਾਂਤਿ ਉਨ ਬ੍ਰਿਧਨ ਬਤਾਈ। ਉਸੀ ਭਾਂਤ ਮੈਂ ਲਿਖਯੋ ਬਣਾਈ।
ਜਬੈ ਬਜੀਰੈ ਬਾਲ ਮਰਵਾਯੋ। ਉਸੈ ਬਾਲਨ ਸੌਂ ਪਕੜੋ ਆਯੋ।੬।
ਕਦੈ ਸੂਲ ਕਦ ਕਹੈ ਅਫਾਰਾ। ਭੇਤ ਨ ਦੇਵੇ ਵਹੁ ਮਨ ਸਾਰਾ।
ਜਾਗਤ ਡਰੈ ਔ ਸੂਤੇ ਬ੍ਰੜਾਵੈ। 'ਹਾਇ ਹਾਇ' ਕਰ ਉਠ ਭਜ ਜਾਵੈ।੭।
ਕਹੈ 'ਬਾਣੋ ਕੋਊ ਨੀਲੋ ਧਾਰੀ। ਮਾਰੈਂ ਸੋਟੇ ਮੁਹਿ ਰਾਤ ਸਾਰੀ।
ਦੋਊ ਬਾਲਕ ਜੋ ਅਬ ਹਮ ਮਾਰੇ। ਗਿਰਦ ਫਿਰੈਂ ਫੜ ਕਰਦ ਕਟਾਰੇ'।੮।
ਸੱਦ ਮੁਲਾਣੇ ਭੇਦ ਕਹਿ ਦਯੋ। ਤਬੀਤ ਧਾਗੋ ਉਨ ਨੈ ਬਹੁ ਕਯੋ।
ਤੌ ਭੀ ਉਸ ਕੋ ਛੁਟੈ ਨ ਖਯਾਲ। ਸਗਵੇਂ ਉਸ ਹੁਇ ਬੁਰੋ ਹਵਾਲ।੯।

ਦੋਹਰਾ: ਜਿਮ ਜਿਮ ਤਾਗੇ ਉਨ ਬੰਧੇ, ਪੜ੍ਹਾਏ ਆਇ ਕਲਾਮ।
ਤਿਮ ਤਿਮ ਉਸ ਬਹੁ ਦੁਖ ਲਗੈ ਪਾਇ ਨ ਕਛੂ ਅਰਾਮ।੧੦।

ਚੌਪਈ: ਔਰ ਤੁਰਕ ਕੋਊ ਉਤਵਲ ਜਾਵੈ। ਨਰੜ ਪਕੜ ਹੁਇ ਤੁਰਤ ਗਿਰ ਪਾਵੈ।
ਕਈ ਦੁਸ਼ਟ ਥੇ ਜਦ ਕਰਤ ਪਿਸ਼ਾਬ। ਤੇ ਮਾਰੀਅਤ ਦੇ ਬਹੁਤ ਅਜ਼ਾਬ।੧੧।
ਤੌ ਤੁਰਕਨ ਕੈ ਮਨ ਭੈ ਆਈ। ਪ੍ਰਗਟ ਨ ਭਾਖੈਂ ਗੋਪ ਰਖਾਈ।
ਆਪਸ ਮਧ ਮਿਲ ਬਾਤੈਂ ਕਰੈਂ। 'ਇਤਵਲ ਨਾ ਜਾਈਓ' ਯੌ ਆਖੈਂ ਔ ਡਰੈਂ।੧੨।
ਦੂਦ ਫਾਤੀਆ ਔ ਉਪਾਉ ਬਥੇਰੇ। ਜਿਮ ਜਿਮ ਕਰੈਂ ਤਿਮ ਦੁਖੈਂ ਘਨੇਰੇ।
ਤੌ ਥਕ ਪਕ ਕੇ ਬਾਤ ਉਚਾਰੀ। 'ਨਿਖਾਬ ਨ ਮਿਲੈ ਸੌਣੇ ਰਾਤ ਸਾਰੀ'।੧੩।
ਸਦ ਹਿੰਦੂ ਉਨ ਬਾਤ ਉਚਾਰੀ। 'ਯਾਕੋ ਜਤਨ ਕੋਊ ਕਹੋ ਖਿਚਾਰੀ'।
ਉਹਾਂ ਆਯੋ ਥੋ ਕਪੂਰੋ ਖਿਰਾੜ। ਉਨ ਕਹਿ ਦੀਓ ਐਸ ਬਿਚਾਰ।੧੪।

ਦੋਹਰਾ: ਤਿਨ ਤੁਰਕਨ ਕੋ ਯੌ ਕਹਯੋ 'ਯਾਂਕੌ ਸੁਨੋ ਉਪਾਇ।
ਜਿਹ ਜਾਗਾ ਗੁਰ ਸੁਤ ਬਧੇ ਤਹਿੰ ਜਾਗਾ ਦਿਹੋ ਖਨਾਇ।੧੫।

ਚੌਪਈ: ਨਿਸਾ ਪਰਤਿ ਨਿਤ ਦੀਪ ਬਲਵਾਯੋ। ਗੁਰ ਜਾਗਾ ਕਹਿ ਕੜਾਹੁ ਕਰਾਯੋ।
ਮੰਦੋ ਗੰਦੋ ਕੋਊ ਉਹਾਂ ਨ ਜਾਯੋ। ਝਾੜੂ ਦੇਇ ਸੁਧ ਠੌਰ ਰਖਾਯੋ।੧੬।
ਸੁਖਨੋ ਸੁਖੈ ਤਿਸੈ ਬਰ ਆਵੈ। ਕਰੈ ਤਗਾਫਲੀ ਸੋ ਪਛੁਤਾਵੈ।
ਏਕ ਸਿੱਖ ਤਹਿੰ ਦਿਹੋ ਬਹਾਇ। ਸੋ ਲੇਵਗੁ ਸਭ ਬਿਧਿ ਬਨਵਾਇ'।੧੭।

Sri Satguru Jagjit Singh Ji eLibrary NamdhariElibrary@gmail.com

ਬਜ਼ੀਰੈ ਮਨਜ਼ੂਰ ਸੱਭ ਕਰ ਲਈ। ਅਪਨੇ ਦੁੱਖ ਤੇ ਦੇਰ ਨ ਕਈ।
ਦੀਨੋ ਖਰਚ ਚਬੂਤਰੈ ਲਾਇ। ਐਸੋ ਦਯੋ ਉਨ ਬੂਢਨ ਬਤਾਇ।੧੮।
ਯੌ ਸੁਨ ਖਾਲਸੈ ਕਰੀ ਸਲਾਹਿ। 'ਈਹਾਂ ਦੂਬਾਰ ਦਜੋ ਖੂਬ ਬਨਾਇ।
ਝੰਡੇ ਗਡੋ ਔ ਨਗਾਰੋ ਧਰਾਓ। ਬਹਾਇ ਸਿਘ ਈਹਾਂ ਪੂਜ ਲਗਾਓ'।
ਪ੍ਰਾਤ ਹੋਤ ਪੰਥ ਆਯੋ ਸਾਰੋ। ਕੀਓ ਉਮੈਂ ਜਿਮ ਰਾਤ ਉਚਾਰੋ।੧੯।

ਦੋਹਰਾ: ਪ੍ਰਾਤ ਹੋਤ ਪੰਥ ਆਇ ਸਭ ਲਾਯੋ ਉਹਾਂ ਦਿਵਾਨ।
ਬਨਵਾਇ ਥੜੋ ਚੌਕੀ ਧਰੀ ਉਪਰ ਚੰਦੋਵੋ ਤਾਨ।੨੦।

ਚੌਪਈ: ਚੌਕੀ ਕੋ ਤੁਰਤ ਤਖਤ ਬਣਾਯਾ। ਸਾਧ ਰੁਮਾਲਨ ਖੂਬ ਢਕਾਯਾ।
ਪਾਂਚ ਸ਼ਸਤ੍ਰ ਉੱਪਰ ਧਰੇ ਆਨ। ਗੁਰ ਸਰੂਪ ਲਏ ਸ਼ਸਤਰ ਮਾਨ।੨੧।
ਗੁਰ ਹਜ਼ੂਰ ਜਿਮ ਸ਼ਸਤ੍ਰ ਪੁਜਵਾਏ। ਧੂਪ ਚੰਦਨ ਚਰਚ ਸੁਮਨ ਬਰਸ੍ਵਾਏ।
ਚੌਰ ਮੁਠੇ ਤਹਿਂ ਦਯੋ ਕਰਵਾਇ। ਇਕ ਸਿੰਘ ਬਹਾਲਜੋ ਮੁਖਤਜਾਰ ਠਗ੍ਰਾਇ।੨੨।
ਉਸੈ ਸਿੰਘ ਥੋ ਸਤਿਗੁਰ ਜਾਨਜੋ*। ਟਹਿਲ ਕਰੈ ਅਤਿਹੀ ਮਨ ਮਾਨਜੋ*।
ਬਹੁਤ ਖਾਲਸੈ ਤਹਿ ਕੜਾਹੁ ਕਰਵਾਇ। ਬਹੁਤ ਚੜ੍ਹਾਵੇ ਪੰਥ ਚੜ੍ਹਾਇ।੨੩।
ਦੋਹਿਂ ਪਰਦੱਖਣੋਂ ਬਾਣੀਆਂ ਉਚਾਰੈਂ। ਸੋਊ ਪਾਵੈਂ ਜੋਊ ਚਿਤ ਧਾਰੈਂ।
ਬੈਠਾਇ ਰਬਾਖੀ ਸ਼ਬਦ ਪੜ੍ਹਵਾਯੋ। ਇਮ ਕਰ ਖਾਲਸੋ ਡੇਹਰੋ ਜਗਾਯੋ।੨੪।

ਦੋਹਰਾ: ਦਈ ਜ਼ਗੀਰ ਲਗਾਇ ਯੌ ਸ੍ਰੀ ਗੁਰ ਦੁਵਾਰੇ ਸਾਥ।
ਬੈਠ ਸੁ ਦੇਹਰੇ ਖਾਂਹਿ ਸਿੰਘ ਪਟੇ ਸ਼ਹਿਰ ਨਿਜ ਹਾਥ।੨੫।
ਰਤਨ ਸਿੰਘ ਜਿਮ ਸੁਨੀ ਥੀ ਪਿਤਾ ਆਪਨੇ ਪਾਸ।
ਲਿਖੀ ਸੁ ਖ਼ਾਤਰ ਖਾਲਸੈ ਪੜ੍ਹ ਸੁਣ ਕਰੈ ਅਰਦਾਸ।੨੬।

ਸਾਖੀ ਸਿਰਹਿੰਦ ਰੋਕਣੇ ਕੀ ਔ ਸੌਂਪਣੇ ਕੀ

੧੮੫. [ਸਰਹੰਦ ਉਜਾੜੀ ਤੇ ਕਿਲਾ ਮੱਲਿਆ]

ਦੋਹਰਾ: ਸ਼ਹਿਰ ਮਾਲ ਤੋ ਲੁਟ ਲਯੋ ਰਹਜੋ ਗੜ੍ਹੀ ਇਕ ਮਾਲ।
ਜਿਸੈ ਭਾਂਤ ਸੋਊ ਜਾ ਪੁਟਜੋ ਤਿਸ ਕੋ ਸੁਨੋ ਹਵਾਲ।੧।

ਚੌਪਈ: ਖਾਫਰ ਮਾਲ ਤੌ ਲੁਟ ਲਜੋ ਆਮ। ਰਲਜੋ ਖਾਲਸੈ ਜੋ ਸਿੰਘ ਧਰ ਨਾਮ।
ਨਕਦ ਮਾਲ ਲਜੋ ਲੋਕਨ ਲੁਕਾਇ। ਨੀਹਨ ਮਹਿਲਨ ਹੇਠ ਗਡਵਾਇ।੨।
ਉਨ ਭਲ ਜਾਨ ਦਯੋ ਡੂੰਘੇ ਦੱਬ। ਸਤਿਗੁਰ ਸ੍ਰਾਪ ਯਹ ਬਣਵਾਯੋ ਸਬੱਬ।
ਦਰਬ ਡੂੰਘੀ ਲਖ ਡੂੰਘੀ ਪਟਵਾਈ। ਇਮ ਕਰ ਸ਼ਹਿਰ ਸਭ ਮੁਢੋਂ ਖਟਾਈ।੩।

---

* ਦੋਹਾਂ ਤੁਕਾਂ ਦਾ ਪਾਠਾਂਤ੍ਰ ਹੈ:-
ਉਸੈ ਸਿੰਘ ਥੋ ਅਰਦਾਸ ਕਰਵਾਇ। ਹਾਥ ਜੋੜ ਕੇ ਫਤਹ ਬੁਲਵਾਇ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰ ਕਹੀ ਥੀ ਪ੍ਰਿਥਵੀ ਪਲਟਾਵਨ। ਸਤਿਗੁਰ ਬਚਨ ਨ ਖਾਲੀ ਜਾਵਨ।
ਸਤਿਗੁਰ ਕਰੇ ਥੇ ਤੱਤੇ ਵਾਕ। ਗਏ ਸਾੜ ਵਹੁ ਪਾਣੀ ਲਾਕ।੪।
ਸਤਿਗੁਰ ਬਚਨ ਸੁ ਤਿੱਖੀ ਤਲਵਾਰ। ਵਹਿ ਨਹਿਂ ਛੋਡੈ ਜੌ ਲੁਕੇ ਪਤਾਲ।
ਬਾਰ ਤੀਜੀ ਭਯੋ ਸ਼ਹਿਰ ਲੁਟਾਈ। ਮਰਦਾਰਨ ਹਥ ਬਡ ਦੌਲਤ ਆਈ।੫।

ਦੋਹਰਾ: ਰਾਇ ਸਿੰਘ ਖੱਤ੍ਰੀ ਹੁਤੋ ਮੁਲਕ ਉਗ੍ਰਾਹਨ ਦਾਰ।
ਜੱਟ ਪੁਰੈ ਕੇ ਉਨ ਫਿਰੈ ਇਕ ਲੀਨੀ ਗੜ੍ਹੀ ਸੁਵਾਰ।੬।

ਚੌਪਈ: ਵੜੇ ਲੋਕ ਤਿਸ ਲੈ ਬਡ ਮਾਲ। ਉਸਕੋ ਸੁਨਯੋ ਸ੍ਰਦਾਰਨ ਹ੍ਵਾਲ।
ਵਡੋ ਕਿਲੋ ਗਯੋ ਲੁੱਟਯੋ ਸਾਰੋ। ਤਬੇ ਸ੍ਰਦਾਰਨ ਯੌ ਜੀਅ ਧਾਰੋ।੭।

ਦੋਹਰਾ: ਸ੍ਰਦਾਰਨ ਮਾਲ ਤਕਾਇ ਕੈ ਗੜ੍ਹੀ ਲਈ ਅਟਕਾਇ।
'ਇਸ ਕੀ ਜਪਤੀ ਹਮ ਕਰੈਂ ਪਾਛੈ ਲਿਹੋ ਬਟਾਇ'।੮।
ਬੁੱਢੋ ਸਿੰਘ ਭਾਈ ਹੁਤੋ ਝੰਬੋ ਵਾਲੇ ਜੋਇ।
ਫਤੇ ਸਿੰਘ ਕੋ ਪੋਤਰੋ ਨਿਬਾਬ ਬੰਦੈ ਕੀਓ ਥੋਇ।੯।

ਚੌਪਈ: ਹੁਤੋ ਮਲਵਈਅਨ ਮੈਂ ਹੁਸ਼ਿਆਰ। ਲਯੋ ਕਿਲ੍ਹਾ ਉਨ ਟਕੇ ਚੁਕਾਰ।
ਅੱਸੀ ਹਜ਼ਾਰ ਕਰਯੋ ਸਭਨ ਸੁਨਾਇ। ਪੱਚੀ ਹਜ਼ਾਰ ਕੀਓ ਗੁਪਤ ਨਜ਼ਰਾਇ।੧੦।

ਦੋਹਰਾ: ਬੁੱਢਾ ਸਿੰਘ ਸੋਊ ਜਪਤਯੋ ਕਰ ਕਰ ਬਹੁਤ ਕਲੇਸ਼।
ਕਾਢੀ ਨਾਰ ਨੰਗਿਆਇ ਉਨ ਕਛੁਕੁ ਨ ਕੀਓ ਅੰਦੇਸ।੧੧।

ਚੌਪਈ: ਤਹਾਂ ਸ੍ਰਾਪ ਬਡ ਨਾਰਨ ਦਯੋ। ਸੋਊ ਬੁਢਾ ਸਿੰਘ ਉਪਰ ਪਯੋ।
ਧਰਮ ਖੋਯੋ ਔ ਰਹਯੋ ਨ ਧਨ। ਉਸ ਦਿਨ ਤੇ ਉਸ ਆਯੋ ਘਟਨ।੧੨।
ਵਹੀ ਕਿਲੋ ਪਸਿੰਦ ਸਿੰਘਨ ਕੀਓ। ਸ਼ਹਿਰ ਸ੍ਰਾਪ ਤੇ ਇਕ ਵਲ ਥੀਓ।
ਹੁਤੋ ਸਿ੍ਹੰਦੋਂ ਨਾਮ ਨਿਆਰਾ। ਸ੍ਰੀ ਮੁਖ ਹੂੰ ਤੇ ਜਟ ਪੁਰੋ ਉਚਾਰਾ।੧੩।

ਦੋਹਰਾ: ਲੀਨੇ ਟਕੇ ਨਿਬੜਾਇ ਜਬ ਦੀਓ ਠਾਣੋ ਸਿੰਘਨ ਪਾਇ।
ਫਿਰ ਬੁੱਢਾ ਸਿੰਘ ਜੋੜ ਹਥ ਲੀਨੋ ਸਾਲ ਚੁਕਾਇ।੧੪।

ਚੌਪਈ: ਤੌ ਫਿਰ ਗੜ੍ਹੀ ਬੁਢੈ ਸਿੰਘ ਲਈ। ਹੁਤੇ ਮਧ ਪਿੰਡ ਜੇ ਬਾਗਨ ਤਈ।
ਔਰ ਗਿਰਦ ਲਯੋ ਖਾਲਸੇ ਰੋਕ। ਸਿੱਖਨ ਭਯੋ ਦੁਖ ਦੁਸ਼ਟ ਲੋਕ।੧੫।

ਸਾਖੀ ਮੁਲਕ ਰੋਕਨ ਔਰ ਸ਼ਹਿਰ ਸੌਂਪਨ ਕੀ ਭਾਈ ਭਰਾਤੂਕਿਆਂ ਔ ਫੂਲਕਿਆਂ ਕੋ ਔਰ ਰਯਤ ਕੀ

੧੮੬. [ਖਾਲਸੇ ਦੀਆਂ ਮੱਲਾਂ ਦੀ ਵੰਡ]

ਦੋਹਰਾ: ਲੂਟ ਲਿਓ ਸਰਹੰਦ ਜਬ ਬਹੁ ਸਿੰਘਨ ਵਧਯੋ ਉਛਾਹੁ।
ਸੋਊ ਸੁਨੋਂ ਸਬੱਬ ਅਬ ਜਿਮ ਪਰਯੋ ਖਾਲਸੋ ਦੁਇ ਰਾਹੁ।੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਬ੍ਰਿਧ ਦਲ ਕਹਿ 'ਚੜ੍ਹੋ ਦਿੱਲੀ ਓਰ'। ਤਰੁਨ ਕਹੈ 'ਮੁੜੋ ਵੱਲ ਲਹੌਰ'।
ਕੋਊ ਕਹੈ 'ਚੜ੍ਹ ਲਓ ਪਹਾੜ'। ਕੋਊ ਕਹੈ 'ਲਓ ਦਖਨ ਉਜਾੜ'।੨।
ਜਿਤਨੇ ਮੁਖ ਤਿਤਨੇ ਸੋਊ ਬੋਲੈਂ। ਅਪਨੇ ਅਪਨੇ ਰੁਕਨ ਸੋਊ ਟੋਲੈਂ।
ਬੁੱਢੇ ਦਲ ਚੜ੍ਹ ਲੰਘ ਤੁਰਜੋ ਅਗਾਹਿ। ਤਰੁਨ ਹਟਜੋ ਮੁੜ ਪਿਛਲੈ ਰਾਹਿ।੩।
ਸੋ ਹੋਇਓ ਜਾ ਗਿਰਦ ਲਹੌਰ। ਬ੍ਰਿਧਨ ਕਰੀ ਪਰ ਦਿੱਲੀ ਦੌਰ।
ਰਸਤੈ ਮਧ ਵਡ ਆਵੈ ਸ਼ਹਿਰ। ਮਾਰ ਲੁੱਟ ਲਏ ਖਾਲਸੋ ਲਹਿਰ।੪।
ਜਾ ਪਹੁੰਚਜੋ ਢਿਗ ਅਜ਼ੀਮਾਬਾਦ। ਹੁਤੋ ਤਿਰਾਵੜੀ ਜਿਸ ਨਾਮ ਆਦਿ।
ਮਾਰ ਸ਼ਹਿਰ ਸੋ ਕਰ ਦਯੋ ਡੇਰਾ। ਕਰ ਦਯੋ ਕੂਚ ਭਯੋ ਅਗਲ ਸਵੇਰਾ।੫।

ਦੋਹਰਾ: ਸ਼ਜਾਮ ਸਿੰਘ ਕੈ ਜੋ ਅਗੈ ਕ੍ਰੋੜਾ ਸਿੰਘ ਮੁਖਤਜਾਰ।
ਢੁਕਜੋ ਸੁ ਜਾਇ ਸਰਾਇ ਢਿਗ ਖੇਲਤ ਫਿਰਤ ਸ਼ਿਕਾਰ।੬।

ਚੌਪਈ: ਸਰਾਇ ਊਹਾਂ ਥੀ ਬਡ ਮਜ਼ਬੂਤ। ਕਰਵਾਯੋ ਬੰਦੇ ਧੌ ਜਤਨ ਬਹੂਤ।
ਊਹਾਂ ਵਡੀ ਥੀ ਬਹੁਤ ਸਿਪਾਹਿ। ਕਿਨ ਗੋਲੀ ਦੀਨੀ ਵਿਚੋਂ ਚਲਾਇ।੭।
ਸੋ ਆਇ ਲਗੀ ਕ੍ਰੋੜਾ ਸਿੰਘ ਦੇਹਿ। ਸੋ ਮਰ ਗਯੋ ਢੁਕਯੋ ਉਸ ਥੇਹ।
ਅਗਲੇ ਦਿਨ ਪੰਥ ਤੁਰਜੋ ਅਗੇਰੇ। ਜਾਇ ਲੁਟੇ ਦਲ ਸ਼ਹਿਰ ਘਨੇਰੇ।੮।
ਮਲੀ ਮਾਰ ਲੁਟ ਹਾਂਸੀ ਹਿਸਾਰ। ਫਿਰ ਮੁੜ ਆਇ ਵਲ ਜੀਂਦ ਕੁਨਾਲ।
ਢਿਗ ਜਮੁਨਾ ਔ ਢਿਗੈ ਪਹਾਰ। ਰੋਕ ਖਾਲਸੈ ਕਰੀ ਕੋਰੜੇ ਡਾਰ।੯।
ਪੰਜ ਮਿਸਲ ਕੇ ਭਏ ਮਝੈਲ। ਛਟਵੇਂ ਲਗ ਗਏ ਮਲਵਈ ਗੈਲ।
ਉਨਕੋ ਦੀਨੋ ਰਯਤ ਠਹਿਰਾਇ। ਲਯੇ ਨਜ਼ਰਾਨੇ ਟਕੇ ਚੁਕਾਇ।੧੦।

ਦੋਹਰਾ: ਲਾਕ ਪਟਜਾਲੇ ਨਾਭਿਓਂ ਜੀਂਦ ਕੈਂਥਲ ਛਡ ਦਾਇ।
ਬਾਲੋ ਵਾਲ ਭਦੌੜ ਲੌ ਮਹਿਣੌਂ ਮਹਰਾਜ ਛੁਡਾਇ।੧੧।
ਔਰ ਖਿਰਾੜ ਜੋਊ ਦੁਇ ਧਿਰੈ ਸਾਬੋ ਔ ਬਣਵਾਲ।
ਉਨਕੀ ਮਸਲਤ ਜੁਊ ਚਕੈ ਰਲੈ ਨ ਕੋਊ ਕਿਸ ਨਾਲ।੧੨।

ਚੌਪਈ: ਫੂਲਾਇਣ ਔ ਭਗਤੂ ਵਾਲ। ਚੜ੍ਹਤ ਖਾਲਸੈ ਮਿਲੈ ਅੱਗਲਵਾਲ।
ਬੀੜ ਮਾਂਝੇ ਖਾਲਸੈ ਰਖਵਾਯੋ। ਚੜ੍ਹਨ ਫਿਰਨ ਕੋ ਥਾਮ ਰਖਾਯੋ।੧੩।
ਫਿਰ ਤੁਰ ਡੇਰਾ ਸਿੰਘ ਸੂਹੰਦੇ ਲਾਵੈਂ। ਪਟ ਮਹਿਲਨ ਗੁਰਬਚਨ ਕਮਾਵੈਂ।
ਨੀਂਹ ਪੱਟਦੇਂ ਮਹਿਲ ਉਲਟਾਇ। ਕਿਛ ਗੁਰਬਚਨਨ ਕਿਛ ਲਾਲਚ ਮਾਂਹਿ।੧੪।
ਔਰ ਸਾਬੋ ਕੇ ਜੋਊ ਬਿਰਾੜ। ਭਏ ਟਕੇ ਖਾਲਸੇ ਦੇਨਦਾਰ।
ਬਣਾ ਵਾਲ ਤੀਜੈ ਬੈਰਾੜ। ਲਏ ਖਾਲਸੈ ਅਗੈ ਸੁਧਾਰ।੧੫।
ਘੋੜੇ ਦੇਹੈਂ ਔ ਨਜ਼ਰਾਨੇ ਘਲਾਵੈਂ। ਭਾਜੜ ਟਕਰ ਕੋ ਘਰ ਸੌਂਪਾਵੈਂ।
ਏਸ ਜੁਗਤ ਸਭ ਰਲ ਮਿਲ ਬਹੇ। ਕਈ ਸਾਕ ਕਈ ਸਿੰਘ ਹੀ ਭਏ।੧੬।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਕਈ ਲੇ ਪਾਹੁਲ ਸਿੰਘ ਭਏ ਪਰੀ ਖਾਲਸੈ ਉਸ ਬੋਇ।
ਭਏ ਨਿਹਾਲ ਸੋਊ ਨਾਮ ਧਰ ਮਿਹਨਤ ਕਰੀ ਨ ਓਇ।੧੭।

ਚੌਪਈ: ਸ੍ਰੀ ਗ੍ਰੰਥ ਵਾਕ ਉਨ ਪੈ ਫੁਰਮਾਯਾ। ਹੁਤੋ ਜੁ ਮਧ ਸੁਖਮਨੀ ਧਰਾਯਾ।
'ਸਾਧਕੈ ਸੰਗਿ ਨਹੀ ਕਛੁ ਘਾਲ। ਦਰਸਨੁ ਭੇਟਤ ਹੋਤ ਨਿਹਾਲ।'੧੮।
ਮੁਸਲਮਾਨ ਕਈ ਵਿਚ ਰਹਿ ਪਏ। ਰੱਯਤ ਭਏ ਦੇਣ ਟਕੇ ਸੁ ਠਏ।
ਜੋ ਜੋ ਜਿਸ ਜਿਮ ਹੀ ਕੌ ਮਿਲ ਪਯੋ। ਉਪਰਾਲੋ ਉਸਕੋ ਉਨ ਉਨ ਕਯੋ।੧੯।
ਜਿਹ ਲਗ ਜੈਨੇ ਹੁਤੀ ਸ੍ਰਦਾਰੀ। ਲੁੱਟ ਮਾਰ ਸੋ ਉਗ੍ਰਾਹਿ ਲਈ ਸਾਰੀ।
ਸ਼ਹਰ ਮਲੇਰ ਪਹਿ ਪਠਾਨ ਨ ਛੇੜਯੋ। ਰਖਯੋ ਬਚਨ ਗੁਰ ਹੋਇ ਨ ਤੋੜਯੋ।੨੦।
ਲੇਹਿਂ ਨਜ਼ਰਾਨਾ ਗਿਰਦੋ ਘੇਰ। ਦੇਹਿਂ ਘਰੋਂ ਕਢ ਮੁਹੰਮਦ ਸ਼ੇਰ।
ਪਿੰਡ ਸੈਂਕੜੇ ਇਕ ਤਿਨ ਪਹਿ ਛੋਰਾ। ਸਿੰਘ ਸਾਲ ਲੇਵੈ ਚੜ੍ਹ ਇਕ ਪਿੰਡ ਘੋਰਾ।੨੧।

ਦੋਹਰਾ: ਦਸ ਮਿਸਲ ਰਲ ਥੋ ਕਹਯੋ 'ਇਹ ਰਹਯੋ ਸਾਂਝ ਸਭ ਥਾਂਇ।
ਆਵਤ ਜਾਤੀ ਫੌਜ ਕੋ ਧਰੈ ਬੀੜ ਇਸ ਨਾਇ'।੨੨।

ਚੌਪਈ: ਹੁਤੋ ਰਾਇ ਜਿਗਰਾਵਨ ਵਾਲ। ਆਇ ਮਿਲਯੋ ਵਹਿ ਖਾਲਸੈ ਨਾਲ।
ਵਹਿ ਰਖਤ ਖਾਲਸੈ ਆਦੈ ਮੇਲ। ਰਹਤ ਬਕੀਲ ਉਸ ਖਾਲਸੇ ਗੈਲ।੨੩।
ਜੋ ਤੁਰਕਨ ਕੌ ਦੇਤੌ ਮਾਲ। ਕਰ ਲਯੋ ਚੁਕਾਵੋ ਖਾਲਸੇ ਨਾਲ।
ਹੁਤੀ ਖਾਲਸੇ ਭੀ ਯਹੀ ਸਲਾਹਿ। 'ਚਹੀਯੇ ਮੁਲਕ ਯਹ ਸਾਂਝੇ ਰਖਾਹਿਂ।੨੪।
ਤੀਨ ਠੌਰ ਯਹ ਸਾਂਝ ਰਖਾਵੋ। ਘੋੜੈ ਚਰਨ ਕੋ ਥਾਉਂ ਬਨਾਵਾਵੋ'।
ਸਰਬੱਤ ਖਾਲਸੇ ਉਜਾੜਯੋ ਨਾਂਹਿ। ਅਗੈ ਚਲਨ ਕੋ ਯਹ ਰਹਿਗ ਰਾਹਿ।੨੫।
ਔਰ ਮੁਲਖ ਕਰ ਰਖਿਓ ਪਿਆਰਾ। ਜੋ ਵੜ ਬਹਯੋ ਸਗਤੋ ਔ ਮਾੜਾ।
ਜਿਨ ਰੱਯਤ ਸਿਉਂ ਕੀਓ ਸਨੇਹ। ਕਰਯੋ ਰੱਯਤ ਨੇ ਉਸਸੋਂ ਨੇਹੁ।੨੬।

ਦੋਹਰਾ: ਭਗਤੂ ਔ ਮਹਰਾਜਿਕੇ ਰੰਘੜ ਔਰ ਪਠਾਨ।
ਰਖਯੋ ਬੀੜ ਸਭ ਖਾਲਸੈ ਔ ਰਾਹਿ ਦਿੱਲੀ ਕੌ ਜਾਣ।੨੭।

ਚੌਪਈ: ਏਕ ਮਿਸਲ ਇਨਕੌ ਜੋਊ ਖੋਹੈ। ਦੂਈ ਮਿਸਲ ਚੜ੍ਹ ਇਨ ਵਲ ਹੋਹੈ।
ਇਨਕੋ ਭੀ ਭੇਦ ਖਾਲਸੈ ਆਯੋ। ਦੇ ਨਜ਼ਰਾਨੈ ਰਖੈ ਖਾਲਸੈ ਪੜਵਾਯੋ।੨੮।
ਔ ਸੁਨ ਲੀਜੈ ਮਰੀ ਪਿਆਰੇ। ਮੁਨੀ ਅਸਾਂ ਜਿਮ ਕਹੀ ਉਚਾਰੇ।
ਪਿਤਾ ਹਮਾਰੋ ਰਹਤ ਪੰਥ ਸਾਥ। ਇਸੈ ਭਾਂਤ ਉਨ ਆਖੀ ਬਾਤ।੨੯।

ਸਾਖੀ ਖਾਲਸੋ ਦੋਇ ਥਾਂ ਹੋਯੋ

੧੮੭. [ਲਾਹੌਰ ਤੇ ਚੜ੍ਹਾਈ ਤੇ ਗਿਲਜਿਆਂ ਦੀ ਘਬਰਾਹਟ]

ਦੋਹਰਾ: ਪੰਜ ਮਿਸਲ ਐਧਰ ਰਹੀ ਪੰਜ ਲਖੀ ਲਹੌਰੋਂ ਪਾਰ।
ਮਾਝਾ ਸਾਂਝਾ ਸਭਨ ਰਹਯੋ ਗਿਰਦ ਅੰਮ੍ਰਿਤਸਰ ਗੁਰਦ੍ਵਾਰ।੧।

Sri Satguru Jagjit Singh Ji eLibrary NamdhariElibrary@gmail.com

ਅਬ ਦਲ ਦੂਜੈ ਕੀ ਸੁਨੋ ਜੋ ਵਲ ਮੁੜਜੋ ਲਹੌਰ।
ਜਾਇ ਗਿਰਦੈ ਭਯੋ ਲਹੌਰ ਦੇ ਸ਼ਹਰ ਪਰਜੋ ਬਡ ਸ਼ੋਰ।੨।

ਚੌਪਈ: ਫਿਰੇ ਸਿੰਘ ਜਬ ਜੈਨੇ ਮਾਰ। ਦਿਲ ਲਹੌਰੀਅਨ ਕੇ ਪਰਜੋ ਭੁੰਚਾਰ।
'ਅਬ ਹਮ ਪਰ ਸਭ ਖਾਲਸੋ ਆਵਗ। ਤਬ ਨਠ ਜਾਨ ਕਾ ਖਲ ਕੌਨ ਪਾਵਗ'।
ਐਸੀ ਚਿੰਤਾ ਗਿਲਜਨ ਪਰੀ। ਨੱਠ ਚਲਨ ਉਨ ਚਿਤ ਮੇਂ ਧਰੀ।
'ਬਿਨ ਭਾਗੇ ਹਮ ਬਚਤੇ ਨਾਹੀਂ।' ਕਰੀ ਸਲਾਹਿ ਸਭਨ ਮਨ ਮਾਂਹੀ।

ਸਾਖੀ ਨਿਹੰਗ ਭੁਜੰਗ ਗੁਰਬਖਸ਼ ਸਿੰਘ ਸ਼ਹੀਦ ਜੀ ਕੀ

੧੮੮. [ਸ਼ਹੀਦੀ ਗੁਰਬਖਸ਼ ਸਿੰਘ ਸ਼ਹੀਦ ਜੀ ਦੀ]

ਦੋਹਰਾ: ਗੁਰਬਖਸ਼ ਸਿੰਘ ਨਿਹੰਗ ਕੀ ਸਾਖੀ ਸੁਨੋ ਸੁਜਾਨ।
ਪਾਈ ਸ਼ਹੀਦੀ ਉਨ ਭਲੀ ਭੁਲ ਅੰਮ੍ਰਿਤਸਰ ਅਸਥਾਨ।੧।

ਚੌਪਈ: ਹੁਤੋ ਭੁਜੰਗੀ ਔ ਬਡ ਜੰਗੀ। ਨੀਲ ਬਸਤ੍ਰ ਰਖ ਰਹਿ ਰਹਤ ਚੰਗੀ।
ਪ੍ਰਾਤ ਉਠੇ ਅਰ ਸੁੱਖਾ ਪੀਵੈ। ਹੁਇ ਰਮਣਜੋ ਮੁਖ ਦਾਤਨ ਕੀਵੈ।੨।
ਸਵਾ ਪਹਿਰ ਨਿਸ ਕਰੈ ਸ਼ਨਾਨ। ਬਾਣੀ ਪੜ੍ਹੇ ਖੜ ਪੱਗ ਖਧਾਨ।
ਸਰਬ ਲੋਹ ਕੀ ਪੂਜਾ ਕਰੈ। ਨਮਸਕਾਰ ਕਰ ਸ਼ਸਤਰ ਫੜੈ।੩।
ਸਰਬ ਲੋਹ ਗਲ ਮਾਲਾ ਪਾਵੈ। ਕੰਗਣ ਸਿਮਰਨ ਲੋਹਾ ਸੁਹਾਵੈ।
ਲੋਹ ਚਕ੍ਰ ਲੋਹ ਤੋੜੇ ਧਾਰੈ। ਸਰਬ ਲੋਹ ਕੀ ਰਖਜ ਉਚਾਰੈ।੪।
ਦਸਤ ਦਸਤਾਨੈ ਲਕ ਸੋਟਨ ਸਿਉਂ ਹੇਤ। ਸਵਾ ਗਜਕੁ ਕਛ ਪਹਿਰੈ ਸੇਤ।
ਸੰਜੋਇ ਲੋਹ ਕੀ ਪਹਰਸੁ ਅੰਗ। ਇਮ ਲਾਇ ਦਿਵਾਨ ਨਿਤ ਬਹੈ ਨਿਹੰਗ।੫।

ਦੋਹਰਾ: ਨਿਹੰਗ ਕਹਾਵੈ ਸੋ ਪੁਰਸ਼ ਦੁਖ ਸੁਖ ਮੰਨੇ ਨ ਅੰਗ।
ਜਿਮ ਦੁਖ ਸੁਖ ਦੇਹੀ ਨਾ ਮੰਨੇ ਉਸ ਕਹੈਂ ਬਿਦੇਹੀ ਚੰਗ।੬।
ਹਠੀ ਜਤੀ ਔ ਜਪ ਤਪੀ ਦਾਤਾ ਪੂਰਾ ਸੂਰ।
ਆਵੈਂ ਪਾਸ ਮ੍ਰਦਾਰ ਤਿਸ ਵਹੁ ਰਹੈ ਆਪ ਮਗਰੂਰ।੭।

ਚੌਪਈ: ਜਹਾਂ ਜੁੱਧ ਕੀ ਜਾਗਾ ਹੋਇ। ਮਰਨੈ ਕੈ ਡਰ ਟਰੈ ਨ ਸੋਇ।
ਜਹਾਂ ਪੰਥ ਪੈ ਬਡ ਪਵੈ ਭੀਰ। ਡਾਹੈ ਆਪ ਜਾਇ ਤਹਾਂ ਸ਼ਰੀਰ।੮।
ਜਹਾਂ ਜੁੱਧ ਕੀ ਜਾਗਾ ਹੋਇ। ਫੜ ਨਿਸ਼ਾਨ ਆਪ ਅੱਗੇ ਹੋਇ।
ਸਾਥ ਨਗਾਰਾ ਘੁਰਦਾ ਜਾਵੈ। ਜਾਇ ਲੜਾਈ ਮੂਹਰੈ ਪਾਵੈ।੯।
ਭਏ ਜੁ ਸ਼ਹੀਦ ਮਨੀ ਸਿੰਘ ਭਾਈ। ਉਨੈਂ ਹਾਥ ਥੀ ਪਾਹੁਲ ਪਿਲਾਈ।
ਖੇਮ ਕਰਨ ਢਿਗ ਲੀਲ ਸੁ ਨਾਮ। ਹੁਤੋ ਮਾਝੈ ਮੈਂ ਤਿਸਕੋ ਗ੍ਰਾਮ।੧੦।

ਦੋਹਰਾ: ਪਹਿਲੋਂ ਡੇਰਾ ਉਸ ਤੁਰੈ ਤੋ ਪਾਛੈ ਔਰ ਤੁਰਾਹਿਂ।
ਜਹਾਂ ਸੁ ਝੰਡਾ ਗਡ ਖੜੈ ਖਾਲਸੋ ਉਹਾਂ ਖੜਾਹਿ।੧੧।

Sri Satguru Jagjit Singh Ji eLibrary NamdhariElibrary@gmail.com

ਚੌਪਈ: ਅੰਮ੍ਰਿਤਸਰ ਸਨਮੁਖ ਦਰਬਾਰ। ਅਕਾਲ ਬੁੰਗੇ ਬਹੇ ਤਖਤ ਮਝਾਰ।
ਸਿਰੋਂ ਪਰੈ ਉਸ ਡੇਰਾ ਰਹੈ। ਅਕਾਲ ਅਕਾਲ ਵਹਿ ਮੁਖ ਤੇ ਕਹੈ।੧੨।
ਸੁਨੋ ਉਸੈ ਜੋ ਪੌਰਖ ਕਮਾਯੋ। ਸੀਸ ਲਾਇ ਜਿਮ ਗਿਲਜੋ ਗਾਲਾਯੋ।
ਗਿਲਜੋ ਆਯੋ ਜਿਮ ਉਤ ਬਾਰ। ਤਿਸਕੋ ਬਿਰਵੇ ਲਿਖੋਂ ਉਚਾਰ।੧੩।
ਸੂਰਜ ਮੱਲ ਭਰਤ ਪੁਰੀਯੋ ਸ੍ਰਦਾਰ। ਲਯੋ ਆਗਰੋ ਜਿਨ ਥੋ ਮਾਰ।
ਜੌਰਾ ਭੌਰਾ ਜਿਨ ਲਯੋ ਲੂਟ। ਖਜ਼ਾਨਜੋਂ ਤਲਾਕ ਔ ਪਿਛੋਂ ਲਯੋ ਪੂਟ।੧੪।
ਸੋ ਗਡੋ ਉਸ ਛਿਪਾਹਿ ਤੁਰਾਯੋ। ਤੌ ਭੀ ਉਸ ਕਾ ਅੰਤ ਨ ਪਾਯੋ।
ਨਜੀਬੇ ਰੁਹੇਲੇ ਸਿਉਂ ਵਹੁ ਲਰਯੋ। ਕਿਸੀ ਤੌਰ ਸੂਰਜ ਮਲ ਮਰਯੋ।੧੫।

ਦੋਹਰਾ: ਤਿਸੈ ਪੁਤ੍ਰ ਲੇਨ ਬੈਰ ਪਿਤ ਫੌਜ ਆਪ ਰਖ ਲੀਨ।
ਮਰਹਟੈ ਫਿਰੰਗੀ ਰਜਪੂਤ ਨਿਤ ਦੀਏ ਟਕਾ ਲਖ ਤੀਨ।੧੬।

ਚੌਪਈ: ਜੱਟ ਜ਼ਵਾਹਰ ਦਿੱਲੀ ਘੇਰੀ। ਨਜੀਬੀ ਰੁਹੇਲੇ ਥੋ ਅੰਦਰ ਕੇਰੀ।
ਬਹੁਤ ਤੰਗੀ ਜਬ ਉਸ ਕੋ ਭਈ। ਫਿਰਜਾਦ ਫਿਰ ਕਾਬਲ ਗਈ।੧੭।
ਤੀਸ ਕੋਟ ਉਸ ਟਕਾ ਲਿਖ ਦੀਓ। ਅਹਮਦ ਸ਼ਾਹਿ ਤਿਸ ਮੱਦਤ ਅਹਯੋ।
ਆਯੋ ਆਈ ਜਬ ਉਸ ਕੀ ਭਈ। ਸਿੰਘ ਟੱਬਰਨ ਭਾਜੜ ਪਈ।੧੮।
ਜੋ ਨਠ ਤੁਰਯੋ ਪਹਾੜਨ ਵੱਲ। ਲੁਟੇ ਪ੍ਰਬਤੀਅਨ ਪੁਛੀ ਨ ਗੱਲ।
ਜੋ ਵੜ ਲੁਕੇ ਬੇਲਨ ਮੱਧ ਦਰਜਾਇ। ਚੋਰਨ ਲੁਟੇ ਸ਼ੇਰਨ ਲਏ ਖਾਇ।੧੯।
ਰਹੇ ਦੇਸ਼ ਮੈਂ ਹੀਏ ਕਰ ਜੋਇ। ਗਿਲਜਨ ਫੜਾਏ ਸ੍ਰੀਕਨ ਸੋਇ।
ਘਰ ਕੋ ਛਡ ਸਿੰਘ ਜਹਿਂ ਜਹਿਂ ਜਾਹਿਂ। ਤਹੀਂ ਤਹੀਂ ਦੁੱਖ ਬਹੁਤੇ ਪਾਂਹਿ।੨੦।

ਦੋਹਰਾ: ਜੋ ਜੰਗਲ ਮੇਂ ਜਾਇ ਪੁਜੇ ਸੋ ਰੁਲੇ ਬਿਗਾਨੇ ਖਾਰ।
ਨਿਹੰਗ ਸਿੰਘ ਐਸੇ ਸੁਨਯੋ ਤੌ ਮਨ ਕੀਓ ਬਿਚਾਰ।੨੧।

ਚੌਪਈ: ਪੜ੍ਹੈ ਰਹੁਰਾਸ ਲਗਯੋ ਪੰਥ ਦੀਵਾਨ। ਅਕਾਲ ਬੁੰਗੈ ਢਿਗਤਕਤ ਮਕਾਨ।
ਕਰ ਗੁਰਮਤੋ ਦੀਯੋ ਬਹੀਰ ਤੁਰਾਇ। ਛੜੀ ਫੌਜ ਕਿਛ ਰਹੀ ਉਸ ਖਾਇ।੨੨।
ਤਬ ਨਿਹੰਗ ਸਿੰਘ ਬਾਤ ਉਚਾਰੀ। 'ਹੈ ਕੋਊ ਸਿੰਘ ਇਸ ਪੰਥ ਮਝਾਰੀ।
ਲਾਇ ਸੀਸ ਕਰੈ ਦਰਗਹਿ ਪੁਕਾਰ। ਸੋ ਪੁਕਾਰ ਉਸ ਮੰਨੈ ਕਰਤਾਰ।੨੩।
ਹਠੀਆ ਤਪੀਆ ਜਪੀਆ ਜੋਇ। ਰਹਤਵਾਨ ਸਚਿਆਰ ਭੀ ਹੋਇ।
ਪਰਸ੍ਵਾਰਥ ਹਿਤ ਦੇਹਿ ਸੁ ਲਾਵੈ। ਵਾਂਗ ਤਾਰੂ ਸਿੰਘ ਤੁਰਕਨ ਗਲਾਵੈ'।੨੪।
ਸੋ ਸਿੰਘਨ ਸੁਨ ਐਸੇ ਕਹਯੋ। 'ਤੁਮ ਤੈ ਸਿੱਖ ਭਲੋ ਕੋ ਭਯੋ?
ਐਸੀ ਸ਼ਕਤਿ ਔਰ ਕਿਸ ਮਾਂਹਿ। ਪੁਜੈ ਪੁਕਾਰ ਜਿਸ ਸਦੀ ਦ੍ਰਗਾਹਿ'।੨੫।

ਦੋਹਰਾ: ਸੋ ਸੁਨ ਸਿੰਘ ਜੀ ਮੰਨ ਲਈ ਹਾਥ ਜੋੜ ਸਿਰ ਨਾਇ।
ਖਾਲਸੈ ਅੱਗੈ ਜੋੜ ਹਥ ਗਾਨਾ ਲਯੋ ਬੰਧਾਇ।੨੬।

Sri Satguru Jagjit Singh Ji eLibrary NamdhariElibrary@gmail.com

ਚੌਪਈ: ਨਿਹੰਗ ਸਿੰਘ ਤਬ ਬਚਨ ਉਚਾਰਾ। 'ਹੈ ਗੁਰਮੁਖ ਜੋ ਸਿੰਘ ਪਿਆਰਾ।
ਕਰੈ ਤਿਆਰੀ ਹਮ ਸੰਗ ਸੋਇ। ਮੈਂ ਲਾੜੇ ਵਹਿ ਸ੍ਰਿਬਾਲ੍ਹੋ ਹੋਇ'।੨੭।
ਸੁਨਤ ਬਚਨ ਸਿੰਘ ਕਈ ਖਲੋਏ। ਕਰ ਕੁਰਨਸ਼ ਸਿੰਘ ਚਰਨ ਪ੍ਰਸੋਏ।
ਉਨ ਸਿੰਘਨ ਤਬ ਐਸ ਉਚਾਰਾ। 'ਹਮ ਚਾਹਤ ਥੇ ਬਚਨ ਤੁਮਾਰਾ'।੨੮।
ਸਿੰਘਨ ਦੇਖ ਸਿੰਘ ਔਰ ਭਏ ਖੜੇ। 'ਤੁਮ ਲਾੜੇ ਹਮ ਹੁਇ ਜੰਞ ਚੜ੍ਹੇਂ।
ਤਬ ਨਿਹੰਗ ਸਿੰਘ ਐਸੇ ਕਹਜੋ। 'ਯਾਕੋ ਫਲ ਜਨਮ ਆਗੈ ਲਹਜੋ।੨੯।
ਮੀਸ ਲਾਇ ਹਮ ਕਰੈਂ ਬਿਆਹਿ। ਬਹੁ ਪਤਿਸ਼ਾਹੀ ਅਸੀਂ ਲੇਹਿਂ ਪ੍ਰਣਾਇ।
ਹਮਰੈ ਸੰਗ ਜੋ ਜਾਂਵੀ ਲੋਗ। ਪਤਿਸ਼ਾਹੀਓਂ ਬਡੋ ਉਹ ਬੀ ਹੋਗ।੩੦।

ਦੋਹਰਾ; ਸਮਰ ਸੀਸ ਸਨਮੁਖ ਦਏ ਹੁਇ ਭੂਪ ਪਾਇ ਬਡ ਰਾਜ।
ਉਸਤੋਤ੍ਰ ਚੰਡੀ ਮੈਂ ਕਹੀ ਸ੍ਰੀ ਸਤਿਗੁਰ ਮੁਖ ਵਾਜ।੩੧।

ਚੌਪਈ: 'ਸਮਰਸਾ ਮੁਹੈ ਸੀਸ ਤੇ ਪੈ ਚੜ੍ਹਾਵੈ। ਮਹਾਂਭੂਪ ਹੋਇ ਅਉਤ੍ਰੈ ਰਾਜ ਪਾਵੈ'।
ਹੋਇ ਸਤਿ ਤਿਮ ਜਿਮ ਗੁਰ ਆਖਾ'। ਯਹੀ ਬਚਨ ਗੁਰਬਖਸ਼ ਸਿੰਘ ਭਾਖਾ।੩੨।
ਤੈ ਲੈ ਪੁਜਜੋ ਸ਼ਾਹੁ ਆਇ ਲਹੌਰ। ਚਲਜੋ ਚਹਤ ਕੋ ਦਿੱਲੀ ਓਰ।
ਸ੍ਰੀ ਅੰਮ੍ਰਿਤਸਰ ਸਿੰਘ ਉਨ ਸੁਨੇ। ਪਰਜੋ ਚਹਤ ਸੁ ਉੱਪਰ ਉਨ੍ਹੇ।੩੩।
ਸੁਨ ਅਵਾਈ ਕਮਦਿਲ ਨਠ ਗਏ। ਗੁਰਬਖਸ਼ ਸਿੰਘ ਸਗਾਵਾਂ ਤੋਰ ਦਏ।
ਹੁਤੇ ਭੁਜੰਗੀ ਜੋ ਗੁਰ ਲਾਲ। ਹੋਨ ਸ਼ਹੀਦ ਕਿਛ ਰਹੇ ਸਿੰਘ ਨਾਲ।੩੪।
ਕਿਸੈ ਪੁਸ਼ਾਕ ਥੀ ਨੀਲੀ ਸਜਾਈ। ਕਿਨੈ ਸੇਤ ਕਿਸੈ ਕੇਸਰੀ ਰੰਗਵਾਈ।
ਸ੍ਰੀ ਅਕਾਲ ਬੁੰਗੈ ਸਨਮੁਖ ਦਰਬਾਰ। ਪੀ ਸੁਖੇ ਸਿੰਘ ਭਏ ਤਿਆਰ।੩੫।
ਫੀਮੀਅਨ ਫੀਮ ਸੁ ਲੀਨੀ ਟਾਂਕ। ਕਰੈਂ ਸੁ ਕਾਹਲੀ ਉਠ ਉਠ ਝਾਂਕ।
ਹੋਨ ਸ਼ਹੀਦ ਸੁ ਪਰ ਹਿਤ ਕਾਜ। ਪਹਿਰ ਸ਼ਸਤ੍ਰ ਇਮ ਸਾਜਜੋ ਸਾਜ।੩੬।

ਦੋਹਰਾ: ਬਸਤਰ ਸ਼ਸਤਰ ਪਹਿਰ ਸਿੰਘ ਭਏ ਤਬੇ ਸਵਧਾਨ।
ਗੁਰੂ ਗ੍ਰੰਥ ਬਾਣੀ ਪੜ੍ਹੀ ਗੁਰ ਨਾਨਕ ਪਗ ਪਰ ਧਜਾਨ।੩੭।

ਚੌਪਈ: ਪੰਜ ਪੌੜੀ ਸਿੰਘ ਅਨੰਦ ਪੜ੍ਹਾਯੋ। ਗੁਰ ਗਣੇਸ਼ ਜਿਮ ਗ੍ਰੰਥ ਪੁਜਾਯੋ।
ਬਿਆਹਿ ਵਾਂਗ ਕੀਯੋ ਜੱਗੁ ਉਛਾਹਿ। ਸਿੰਘਨ ਬਹਾਇ ਖੁਲਾਯੋ ਕੜਾਹਿ।੩੮।
ਅਤਰ ਅੰਬੀਰ ਸਿੰਘ ਅੰਗ ਮਲਾਵੈਂ। ਜਿਸ ਬਿਧ ਬਟਨੇ ਲਾੜੇ ਲਾਵੈਂ।
ਸਬਦ ਪੜ੍ਹੈਂ ਸਿੰਘ ਸਾਜ ਬਜਾਵੈਂ। ਵਾਂਗ ਸੁਹਾਗਣਨ ਘੋੜੀਅਨ ਗਾਵੈਂ।੩੯।
ਉਠ ਅੰਮ੍ਰਿਤਸਰ ਸਿੰਘ ਜੀ ਨ੍ਹਾਯੋ। ਅਕਾਲ ਬੁੰਗੈ ਪਰ ਤਖਤ ਬਹਾਯੋ।
ਨਈ ਪੁਸ਼ਾਕ ਸਿੰਘ ਪਹਿਰ ਸੁਹਾਯੋ। ਜੰਘ ਕੱਛ ਗਲ ਚੋਲਾ ਪਾਯੋ।੪੦।
ਸੀਸ ਪੱਗ ਲਈ ਖੂਬ ਛਿਕਾਇ। ਧਰੇ ਚਕ੍ਰ ਸਿਰ ਪੇਚੇ ਦਾਇ।
ਚੱਕ੍ਰਨ ਕੈ ਮੱਧ ਕਰਦ ਗਡੋਈ। ਜਨੁ ਲਾੜੈ ਸਿਰ ਕਲਗੀ ਸੋਹੀ।੪੧।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਦਰਬਾਰੋਂ ਸਿੰਘ ਕੋ ਸੇਹਰੇ ਭੇਜਯੋ ਖੂਬ ਬਣਾਇ।
ਕਰ ਅਰਦਾਸ ਸਿਰ ਪਰ ਧਰਯੋ ਤਊ ਅਸੀਸ ਬਡ ਪਾਇ। ੪੨।
ਕਰ ਕੰਗਨੋ, ਸਿਰ ਸੇਹਰੋ, ਮੋਢੇ ਧਰ ਤਲਵਾਰ।
ਤਖਤੋਂ ਉਤਰ ਨਿਹੰਗ ਸਿੰਘ ਪੂਜਨ ਚਲਯੋ ਦਰਬਾਰ। ੪੩।

ਚੌਪਈ: ਹਰਿਮੰਦਰ ਸਿੰਘ ਤੁਰਿਓ ਓਰ। ਕਰੀ ਕੁਨਸ ਸਿੰਘ ਨਿਜ ਕਰ ਜੋਰ।
ਸਾਥ ਸਾਜਨ ਸਿੰਘ ਸ਼ਬਦ ਪੜ੍ਹਾਹਿੰ। ਮੰਗਲ ਮੁਖੀ ਜਨੁ ਮੰਗਲ ਗਾਹਿੰ। ੪੪।
ਮੁਹਰੇ ਤੋਰਯੋ ਸਿੰਘਨ ਨਿਸ਼ਾਨ। ਸਾਥ ਨਿਗਾਰੇ ਘੁਰਤੇ ਜਾਨ।
ਹੁਤੋ ਦਰਬ ਢਿਗ ਦਾਨ ਕਰਾਯੋ। ਜੰਵ ਚੜ੍ਹਤੀ ਜਿਮ ਲਾਗ ਦਿਵਾਯੋ। ੪੫।
ਜੰਡੀ ਜਿਮ ਸਿੰਘ ਪੂਜਯੋ ਝੰਡਾ। ਦਰਬ ਦਾਨ* ਕਿਛ ਤਹਿੰ ਭੀ ਬੰਡਾ।
ਦਰਸ਼ਨੀ ਦੁਵਾਜੇ ਜਬ ਸਿੰਘ ਗਯੋ। ਕਰ ਕੁੰਨਸ ਸਿਰ ਅਵਨਿ ਟਿਕਯੋ। ੪੬।
ਆਗੇ ਤੁਰ ਢਿਗ ਪੁਜਯੋ ਦਰਬਾਰ। ਦਈ ਪ੍ਰਦੱਛਣਾ ਫਿਰ ਵਲ ਚਾਰ।
ਹੁਤੇ ਸੁਮਨ ਸੋ ਦਏ ਬ੍ਰਸਾਇ। ਹਰਿ ਮੰਦਰ ਢਿਗ ਖੜੇ ਸੁ ਆਇ। ੪੭।

ਦੋਹਰਾ: ਹਰਿਮੰਦਰ ਕੇ ਹਜ਼ੂਰ ਇਮ ਖੜ ਕਰ ਕਰੀ ਅਰਦਾਸ।
'ਸਤਿਗੁਰ ਸਿੱਖੀ ਸੰਗ ਨਿਭੈ ਸੀਸ ਕੇਸਨ ਕੇ ਸਾਸ'। ੪੮।

ਚੌਪਈ: ਉਤ ਗਿਲਜਨ ਵਡ ਕਰੀ ਤਿਆਰੀ। ਸਿੰਘਨ ਫੌਜ ਸੁਨੀ ਉਨ ਭਾਰੀ।
ਗਿਲਜਨ ਟੋਪ ਸੰਜੋਇ ਸਵਾਰੇ। ਸਿੰਘ ਰਖਜਾ ਹਿਤ ਵਸਤ੍ਰਨ ਧਾਰੇ। ੪੯।
ਗਿਲਜਨ ਸਾਜ ਥੋ ਮਾਰਨ ਕੀਓ। ਸਿੰਘਨ ਸਾਜ ਥੋ ਮਰਨੇ ਲੀਓ।
ਗਿਲਜਨ ਲੀਨੇ ਲੰਮੇ ਹਥਜਾਰ। ਤੀਰ ਬੰਦੂਕ ਕਰਾਬੀਨ ਸੁਧਾਰ। ੫੦।
ਸਿੰਘਨ ਨੈ ਤੌ ਫੜੇ ਹਥਿਆਰ। ਕਰਦ ਕਟਾਰੀ ਤੇਗ ਨਮਸਕਾਰ।
ਕਈ ਸਿੰਘਨ ਭੰਗ ਘੋਟਨ ਫੜੇ। ਸਭ ਤੇ ਮੁਹਰੈ ਸੋ ਹੁਇ ਖੜੇ। ੫੧।
ਕਈ ਸਿੰਘ ਚੜ੍ਹ ਘੋੜਨ ਖਲੋਏ। ਔਰਨ ਅਗੈ ਔਰ ਚਹੈਂ ਹੋਏ।
ਆਪ ਬਿੱਚ ਤੇ ਕਰੇ ਕਹਾਰ। 'ਤੁਹਿ ਤੇ ਅਗੈ ਮੈਂ ਹੋਗੁ ਸਿਧਾਰ। ੫੨।

ਦੋਹਰਾ: ਸ੍ਰੀ ਗੁਰਬਖਸ਼ੈ ਸਿੰਘ ਜੁ ਹੋਇ ਬਹਯੋ ਬੁੰਗੈ ਤਯਾਰ।
ਜਨੁ ਲਾੜਾ ਖੁਸ਼ੀਆਂ ਚਿਤੈ ਸੁਨ ਸੁੰਦਰ ਬਹੁ ਮੁਟਿਆਰ। ੫੩।

ਚੌਪਈ: ਨਿਸ਼ਾਨ ਝੁਲੇ ਔ ਨਿਗਾਰੇ ਬਜਵਾਏ। ਰਬਾਬ ਜੋੜੀ ਕਰ ਸ਼ਬਦ ਸੁ ਗਾਏ।
ਰ੍ਰੰਥ ਮੱਧ ਕੀ ਘੋੜੀ ਗਵਾਇ। ਕਰੈ ਫੁਰਮਾਇਸ਼ 'ਔਰ ਸੁਨਾਇ'। ੫੪।
ਪ੍ਰਾਤ ਭਈ ਤੋ ਗਿਲਜੇ ਆਏ। ਸਿੰਘ ਉਡੀਕਤ ਅੱਗੈ ਥਾਏ।
ਕਈ ਸਿੰਘ ਚੜ੍ਹ ਆਗੇ ਲੜੈਂ। ਹੋਇ ਸਜਾਦੇ ਕਈ ਅੱਗੈ ਖੜੈਂ। ੫੫।
ਜਹਿੰ ਜਹਿੰ ਅੜੈਂ ਤਹੀਂ ਤਹਿੰ ਮਰੈਂ। ਕਿਆ ਬਹੁਤਨ ਸਿਉਂ ਥੋੜੇ ਕਰੈਂ।
ਭਏ ਸ਼ਹੀਦ ਸੁ ਬਰੈਂ ਬਰੰਗਨ। ਜੀਵਤ ਰਹੇ ਸੁ ਦੌੜੈਂ ਜੰਗਨ। ੫੬।

---

* ਪਾ:- ਦਰਬਾ।

Sri Satguru Jagjit Singh Ji eLibrary NamdhariElibrary@gmail.com

ਬਗਲ ਚੁਫੇਰਜੋਂ ਗਿਲਜਨ ਲਏ। 'ਬਿਜ਼ਨ' 'ਬਿਜ਼ਨ[1]' ਕਹਿ ਸਭਹੀ ਧਏ।
ਨਿਹੰਗ ਸਿੰਘ ਤਬ ਕਹਜੋ ਪੁਕਾਰ। 'ਹੋ ਸ਼ਹੀਦ ਪਗ ਅੱਗੈ ਧਾਰ।੫੭।

ਦੋਹਰਾ: ਪਗ ਆਗੈ ਪਤ ਊਬਰੇ ਪਗ ਪਾਛੇ ਪਤ ਜਾਇ।
ਬੈਰੀ ਖੰਡੈ ਸਿਰ ਧਰੈ ਫਿਰ ਕਜਾ ਤਕਨ ਸਹਾਇ'।੫੮।

ਚੌਪਈ: ਸੁਨਤ ਸਿੰਘ ਕੂਦ ਪਏ ਚੁਫੇਰੇ। ਪਰੇ ਸਿੰਘ ਜਿਮ ਮਿਰਗਨ ਹੇਰੇ।
ਸਿੰਘਨ ਇੱਛਾ ਮਰਨੈ ਕਰੀ। ਜੀਵਨ ਆਸ ਦੂਰ ਕਰ ਧਰੀ।੫੯।
ਨਿਹੰਗ ਕਹੈਂ 'ਪਗ ਆਗੈ ਧਾਰੋ। ਹੁਵੋ ਸ਼ਹੀਦ ਤਰ ਭਵਜਲ ਪਾਰੋ।
ਜਿਸ ਕੋ ਇੱਛਾ ਸੁਰਗਹਿ ਹੋਇ। ਸਾਥ ਅਪਛਰਾਂ ਜਾਯੋ ਨ ਸੋਇ।੬੦।
ਜਿਨ ਮਿਲ ਖਾਲਸੈ ਕਰਨੋ ਰਾਜ। ਰਹਜੋ ਬਿਰੰਗਨ[2] ਤੇ ਸੋਊ ਭਾਜ।
ਆਇ ਖਾਲਸੈ ਗ੍ਰਿਹ ਜਨਮ ਸੁਧਾਰਜੋ। ਕਰਯੋ ਪਤਿਸ਼ਾਹੀ ਤੁਰਕਨ ਮਾਰਜੋ'।੬੧।
ਤਬ ਖਾਲਸੈ ਨੇ ਬਚਨ ਉਚਾਰਾ। 'ਹਮ ਹੈਂ ਜੰਞ ਤੁਹਿ, ਤੂ ਹਮ ਲਾੜਾ।
ਤੂੰ ਜਾਹਿਂ ਸੁਰਗ ਹਮ ਭੀ ਜਾਹਿਂ। ਤੂੰ ਕਰੈਂ ਪਤਿਸ਼ਾਹੀ ਸੰਗ ਅਸੀ ਕਰਾਹਿਂ।੬੨।

ਦੋਹਰਾ: ਹਮ ਇੱਛਾ ਸੁਰਗੈ ਨਹੀਂ, ਹਮ ਇਛਜਾ ਖਾਲਸੈ ਸੰਗ।
ਲੜਨੋਂ ਮਰਨੋਂ ਨਹਿਂ ਡਰੈਂ ਚਹੈਂ ਤੁਰਕਨ ਸੋਂ ਜੰਗ'।੬੩।

ਚੌਪਈ: ਤਬ ਨਿਹੰਗ ਸਿੰਘ ਬਚਨ ਉਚਾਰਾ। 'ਯਹੀ ਪਰਣ ਹੈ ਨਿਜ ਮਨ ਧਾਰਾ।
ਇਕ ਬਾਰ ਸਤਿਗੁਰ ਪਹੁੰਚ ਦਰਬਾਰ। ਦੇਈਐ ਆਵਨ ਗਿਲਜਨ ਟਾਰ।੬੪।
ਆਇ ਖਾਲਸੈ ਘਰ ਲਏ ਉਤਾਰ। ਜਨਮ ਪਊ ਸਿੰਘ ਬਾਰੋ ਬਾਰ'।
ਫਿਰ ਸਿੰਘ ਜੀ ਯੋਂ ਬਾਣੀ ਕਹੀ। 'ਹੋਹੁ ਸ਼ਹੀਦ ਅਬ ਹੈ ਦੇਰ ਕਹੀ'।੬੫।
ਤੌ ਲਗ ਗਿਲਜੋ ਔਰ ਆਇ ਪੜੇ। ਲੜ ਲੜ ਮਰੈ ਜਹੀਂ ਸਿੰਘ ਅੜੇ।
ਨਾਂਹਿ ਪੈਰ ਕਿਨ ਪਿੱਛੈ ਮੋਰਾ। ਸਿੰਘਨ ਪੈਰ ਸੁ ਅੱਗੈ ਤੋਰਾ।੬੬।
ਤੋ ਉਨ ਸਿੰਘ ਦੀਓ ਲਲਕਾਰਾ। 'ਜਾਹਿ ਨਹੀਂ ਅਬ ਅਗਜੋਂ ਯਾਰਾ।
ਦੀਨ ਮਜ਼ਹਬ ਕੋ ਜੁੱਧ ਖੜ ਕਰੋ। ਟਪ ਘੋੜਨ ਫੜ ਤੇਗਨ ਲੜੋ'।੬੭।

ਦੋਹਰਾ: ਗਿਲਜਨ ਨਹਿਂ ਸਮਝੀ ਕਛੂ ਦਈ ਬੰਦੂਖ ਬਹੁ ਦਾਗ।
ਬਹੁਤ ਸਿੰਘ ਤਹਿਂ ਗਿਰ ਪੜੇ ਹੁਤੇ ਜੁ ਸਿੰਘ ਜੀ ਲਾਗ।੬੮।

ਚੌਪਈ: ਤਬ ਸਿੰਘ ਜੀ ਨੈ ਖੜਗ ਉਠਾਯਾ। ਅਗੈ ਹੋਇ ਗਿਲਜੈ ਤਨ ਲਾਯਾ।
ਕਾਟ ਸੰਜੋਇ ਔ ਉਰੂ ਉਤਾਰਜੋ। ਇਮ ਹੀ ਔਰਹਿ ਤਨ ਪਰ ਝਾਰਜੋ।੬੯।
ਜੁਰੀਅਤ[3] ਕਰ ਸਿੰਘ ਆਗੇ ਧਾਯੋ। ਗਿਲਜਨ ਨੈ ਮੁਖ ਪਿਛੈ ਹਟਾਯੋ।
ਫਿਰ ਗਿਲਜਨ ਮਿਲ ਹੁੱਨਰ ਕੀਓ। ਢਾਲਨ ਉਹਲੈ ਮੁਖ ਧਰ ਲੀਓ।੭੦।
ਸਿੰਘ ਢਾਲ ਹੱਥੋਂ ਦਈ ਡਾਲ। ਬਨੈ ਨ ਉਹਲੋ ਚਿਤ ਕੀਯੋ ਖਜਾਲ।
ਆਵੈ ਜੁ ਗਿਲਜੋ ਤੇਗ ਉਭਾਰੈ। ਹੁਇ ਸਨਮੁਖ ਸਿੰਘ ਸੀਸ ਪੈ ਧਾਰੈ।੭੧।

---

੧. ਮਾਰੋ ਮਾਰੋ। ੨. ਅੱਛਰਾਂ। ੩. ਦਲੇਰੀ।

Sri Satguru Jagjit Singh Ji eLibrary NamdhariElibrary@gmail.com

ਆਂਖ ਨ ਝਮਕੈ ਸੀਸ ਨ ਮੋੜੈ। ਤਕੈ ਨ ਪਿੱਛੈ ਅਗੈ ਨੌ ਦੌੜੈ।
ਗਿਲਜੇ ਨੱਠ ਮੁੜੇ ਉਤ ਵੇਲੇ। ਸਿੰਘ ਕੀ ਤੇਗ ਨ ਖੜ ਕੋਊ ਝੇਲੇ। ੭੨।

ਦੋਹਰਾ: ਗੋਲੀ ਛਾੜੈਂ ਦੂਰ ਖੜ ਔ ਧਰੀ ਤੀਰਨ ਕੀ ਮਾਰ।
ਸਿੰਘ ਗਏ ਚੀਰ ਸਰੀਰ ਕੋ ਪਰੈ ਨ ਜ਼ਖਮ ਸੁਮਾਰ। ੭੩।

ਚੌਪਈ: ਕਈ ਮਾਸ ਕਈ ਹਡ ਗਈ ਚੀਰ। ਹਾਰਜੋ ਨ ਸਿੰਘ, ਕਿਛ ਮੰਨੀ ਨ ਪੀਰ।
ਸਿੰਘ ਸਰੀਰੋਂ ਯੋਂ ਰਤ ਪਰੈ। ਜਿਮ ਬਹੁ ਕੋਲੂ ਪਨਾਰੈ ਪਰੈ। ੭੪।
ਜਨੁ ਬਡ ਮਛਕ ਸੁ ਭਏ ਸੁਲਾਕ*। ਛੁਟੇ ਫੁਹਾਰੇ ਚਹੂੰ ਵਲ ਝਾਕ।
ਜਿਮ ਜਿਮ ਸਿੰਘ ਅਰੈ ਕੋ ਧਾਵੈ। ਜਨੁ ਪਿਚਕਾਰਨ ਖੇਡ ਦਿਖਾਵੈ। ੭੫।
ਰਕਤ ਨਿਕਸ ਸਿੰਘ ਬਿਹਬਲ ਭਯੋ; ਸਰੀਰ ਚਲਨ ਤੇ ਸਿੰਘ ਥਕ ਰਹਜੋ।
ਤੌ ਭੀ ਸਿੰਘ ਪਗ ਅੱਗੈ ਧਾਰੈ। ਲਾਜ ਲਗਨ ਤੇ ਪੈਜ ਸਵਾਰੈ। ੭੬।
'ਪੈਜ ਬਿਰਦ ਕੀ ਸਤਿਗੁਰ ਰਾਖੈ। ਲਾਜ ਨ ਲਾਗੇ' ਯੋਂ ਸਿੰਘ ਆਖੈ।
'ਹੋਇ ਸ਼ਹੀਦੀ ਮੇਰੀ ਪੂਰੀ'। ਬਾਰ ਬਾਰ ਸਿੰਘ ਮੰਗੈ ਜ਼ਰੂਰੀ। ੭੭।

ਦੋਹਰਾ: ਤੌ ਗਿਲਜੇ ਔਰੇ ਅਏ ਬਡੀ ਫੌਜ ਲੈ ਸਾਥ।
ਸਿੰਘ ਪੁਰੋਇ ਸੁ ਉਨ ਲਯੋ ਬਡ ਨੇਜਨ ਕੇ ਸਾਥ। ੭੮।

ਚੌਪਈ: ਤੌ ਫਿਰ ਸਿੰਘ ਜੀ ਪ੍ਰਾਕ੍ਰਮ ਕਏ। ਸਨਮੁਖ ਨੇਜੇ ਬਹੁ ਕਟ ਦਏ।
ਤੌ ਸਨਮੁਖ ਸਿੰਘ ਅਯੋ ਨ ਕੋਇ। ਸਿੰਘ ਤਕਾਉਨ ਨ ਪਿੱਛਾ ਤੋਇ। ੭੯।

ਦੋਹਰਾ: ਸਿੰਘ ਸੁ ਪਿਛਲੀ ਤਰਫ ਕੋ ਫੇਰੈਂ ਨੈਨ ਸੁ ਨਾਂਹਿ।
'ਮਤ ਕਤ ਆਖੈ ਜਗਤ ਕੋ ਸਿੰਘ ਮੁਯੋ ਮੁਖ ਫੇਰ ਪਿਛਾਹਿਂ। ੮੦।

ਚੌਪਈ: ਨੇਜਨ ਸਜੋਂ ਸਿੰਘ ਪਿਛੋ ਦਬਾਯੋ। ਬਹੁਤ ਜੋਰ ਮਜੋਂ ਸਿੰਘ ਝੁਕਾਯੋ।
ਸਿੰਘ ਸੁ ਗਿਰਜੋ ਗੋਡਨ ਕੇ ਭਾਰ। ਤਊ ਨ ਛੋਡੀ ਸਿੰਘ ਤਲਵਾਰ। ੮੧।

ਕੁੰ:ਛੰਦ: ਤਲਵਾਰ ਨ ਛੋਡੀ ਸਿੰਘ ਇਮ ਯਹ ਚਿਤ ਸੋਚ ਬਿਚਾਰ।
ਬਿਨ ਹਥਜਾਰ ਨ ਹਥ ਲਖੈ ਮਤ ਕਰੈ ਨ ਸੀਸੈ ਵਾਰ।
ਮਤ ਕਰੈ ਨ ਸੀਸੈ ਵਾਰ ਸਿੱਖੀਓਂ ਮੈਂ ਰਹਿ ਜਾਊਂ।
ਇਹ ਛਿਨ ਜਾਵੈ ਛੱਲ ਫੇਰ ਕਤ ਵਖਤਹਿਂ ਪਾਊਂ।
ਸਮੋ ਸੁ ਆਯੋ ਸਮਝ ਸੁਭੋ ਚਿਤ ਲੀਨੋ ਧਾਰ:
'ਅਬ ਧੜ ਤੈ ਸੀਸ ਉਤਰਾਈਐ ਕੋਇ ਝਲ ਤਿੱਖੀ ਤਲਵਾਰ'। ੮੨।

ਚੌਪਈ: ਤਬ ਸਿੰਘ ਜੀ ਗਹਿ ਖੰਡੋ ਉਠਾਯੋ। ਦੈ ਲਲਕਾਰੋ ਗਿਲਜਨ ਬੁਲਾਯੋ।
ਦਯੋ ਸੀਸ ਉਨ ਆਗੈ ਨਿਵਾਇ। ਜਿਮ ਤੇਗ ਬਹਾਦਰ ਗੁਰ ਕੀਓ ਦਾਇ। ੮੩।

* ਜਿਵੇਂ ਵਡੀ ਮਛਕ ਵਿਚ ਛੇਕ ਹੋ ਗਏ ਹਨ।

Sri Satguru Jagjit Singh Ji eLibrary NamdhariElibrary@gmail.com

ਗਿਲਜਨ ਤੇਗ ਗ੍ਰੀਵ ਪੈ ਡਾਰੀ। ਭਈ ਮੁੰਡੀ ਤਬ ਧੜ ਤੇ ਨਜਾਰੀ।
ਸਿੰਘ ਕੋ ਪ੍ਰਣ ਪੂਰੋ ਪ੍ਰਭ ਕੀਓ। ਧੰਨ ਮਰਨ ਉਸ ਧੰਨ ਹੈ ਜੀਓ।੮੪।
ਸ਼ਹੀਦਨ ਕੈ ਮਧ ਭਈ ਵਧਾਈ। ਹੁਤੇ ਉਡੀਕਤ ਗੁਰਬਖਸ਼ ਸਿੰਘ ਭਾਈ।
ਅਗਜੋਂ ਲੈਨ ਨਿਹੰਗ ਕੋ ਆਏ। ਉਡਨ ਖਟੋਲੇ ਬਹੁਤ ਸਜਾਏ।੮੫।
ਘੋੜੇ ਆਣੇ ਉਡਣੇ ਸਾਥ। ਪਾਈ ਕਾਠੀ ਕੋਤਲ ਫੜੇ ਹਾਥ।
ਨਿਸ਼ਾਨ ਨਿਰਾਰੈ ਸ਼ਹੀਦਨ ਫੜੇ। ਨੀਲੇ ਬਾਣੇ ਪਹਿਰ ਸੁ ਖੜੇ।੮੬।

ਦੋਹਰਾ: ਪੜ੍ਹੈਂ ਸ਼ਬਦ ਬਡ ਠਾਠ ਕਰ ਸੁੰਦਰ ਜੋੜੀ ਮਿਲਾਇ।
ਤੁਰੇ ਗੁਰਬਖਸ਼ ਸਿੰਘ ਲੈਣ ਕੋ ਬਾਣੋ ਖੂਬ ਬਣਾਇ।੮੭।

ਚੌਪਈ: ਮਨੀ ਸਿੰਘ ਜੀ ਆਏ ਆਪ। ਕਰਤੇ ਗ੍ਰੰਥ ਗੁਰ ਬਾਣੀ ਜਾਪ।
ਤਾਰੂ ਸਿੰਘ ਜੀ ਅਏ ਇਸ ਭਾਇ। ਖਾਨੂ ਨਰੜਜੋ ਦਾਮਨ ਪਾਇ।੮੮।
ਪਗਤ੍ਰਾਨਨ[1] ਵਾਰੇ ਲਾਏ ਗੈਲ। ਮਾਰ ਕੂਟ ਉਸ ਲਾਹੇ ਖੈਲ[2]।
ਜਿਨ ਜਿਨ ਦੁਸ਼ਟਨ ਸਿੰਘ ਮਤਾਏ। ਤੇਤੇ ਤੁਰਕ ਹੇਠ ਪਾਲਕੀ ਲਾਏ।੮੯।
ਝੁਕ ਸਿੰਘ ਗੁਰ ਫਤੇ ਬੁਲਾਈ। ਗੋਡਨ ਛੁਹੇ ਮਿਲੇ ਜੱਫੀਆਂ ਪਾਈ।
ਬਹੁਤ ਖੁਸ਼ੀ ਵਲ ਦੋਹਨ ਆਈ। ਮਿਲੇ ਭਰਥ ਜਿਮ ਲਛਮਨ ਭਾਈ।੯੦।

ਦੋਹਰਾ: ਹਾਥ ਜੋੜ ਠਾਂਢੋ ਭਯੋ ਲਾਇ ਚਰਨ ਸੁ ਗੁਰ ਕੋ ਧਜਾਨ।
ਗੁਰਬਖਸ਼ ਸਿੰਘ ਇਮ ਬਚ ਕਹਜੋ 'ਤੂੰ ਆਪੈ ਜਾਣੀ ਜਾਣ'।੯੧।

ਚੌਪਈ: ਜੋ ਹਜ਼ੂਰ ਨਿਜ ਪੰਥ ਰਚਾਯਾ। ਅਬ ਤਿਸਨੈ ਹੈ ਬਹੁ ਦੁਖ ਪਾਯਾ।
ਕਾਬਲ ਤੇ ਜੋਊ ਕੁਤੋ ਮੰਗਾਯੋ। ਬੰਦੈ ਜਿਮ ਉਸ ਚਹੀਅਤ ਗਲਾਯੋ।੯੨।
ਖਹੁਤ ਦੁਖ ਇਨ ਖਾਲਸੈ ਦਯੋ। ਅਬ ਇਸ ਚਹੀਯਤ ਫੇਟ ਨ ਅਯੋ।
ਤੇਰੋ ਖਾਲਸੋ ਆਪ ਲੜਵੈਯੋ। ਇਨਹੀ ਤੇ ਸਭ ਦੁਸ਼ਟ ਮਰਵੈਯੋ।੯੩।
ਪੰਜਾਬ ਦੌਲਤ ਯਾਹੀ ਤੇ ਸਿੰਘ ਖਾਹਿ। ਦੱਖਣੀ ਪਛਮੀ ਕਿਮ ਲੈ ਜਾਹਿਂ।
ਬਚਨ ਸਿੰਘ ਸੁਨ ਗੁਰ ਖੁਸ਼ ਭਏ। 'ਤਥਾ ਅਸਤੁ' ਸਤਿਗੁਰ ਬਚ ਕਹੇ।੯੪।
ਸ਼ਾਹੁ ਜਹੰਨਮ ਉਤ ਸਾਲੈ ਗਯੋ। ਸਰਬਤ ਖਾਲਸੈ ਇਸ ਬਿਧ ਖੁਸ਼ੀ ਅਯੋ।
ਅਗੈ ਸੁਨੋ ਸੁ ਪਿਛਲੀ ਬਾਤ। ਗਿਲਜੇ ਮੁੜ ਜਿਮ ਸਿੰਘਨ ਕਰਘਾਤ।੯੫।

ਦੋਹਰਾ: ਗਿਲਜਨ ਡੇਰਾ ਤੌ ਕੀਓ ਕਿਲੈ ਭੰਗੀਓਂ ਪਾਸ।
ਰਾਤ ਪਰੀ ਖਾਲਸੋ ਜਾਗਜੋ ਨਿਕਸ ਖਾਤਨ ਖੱਡਨ ਵਾਸ।੯੬।

ਚੌਪਈ: ਗਿਲਜੇ ਥਕ ਵੇ ਮੂਧੇ ਪਏ। ਘੋੜੇ ਕਈ ਖਾਲਸੇ ਕੱਢ ਲਏ।
ਮਾਰ ਗਿਲਜਨ ਕਿਨ ਬਦਲੇ ਲਏ। ਬਹੁਤ ਅਕਾਏ ਸੌਣ ਨ ਦਏ।੯੭।
ਗਿਲਜਨ ਕੀਨੋ ਕੂਚ ਪਰਾਤ। ਰਲੇ ਸ਼ਾਹਿ ਸੌਂ ਜੰਡਾਲੇ ਜਾਤ।
ਅਬ ਸੁਨੋ ਸ਼ਹੀਦਨ ਲੋਥਨ ਬਾਤ। ਸਿੰਘਨ ਫੂਕ ਦਈ ਜਿਹ ਭਾਂਤ।੯੮।

੧. ਜੁਤੀਆਂ। ੨. ਭਾਵ ਖੱਲ।

ਪਰੀ ਨਿਮਾ ਗਿਲਜੇ ਹਟ ਗਏ। ਸਿੰਘ ਖਬਰਨ ਕੋ ਤੌ ਤਹਿਂ ਅਏ।
ਖਿਨ ਸਾਮਨ ਸਭ ਲੋਥਾਂ ਪਾਏ। ਅਪਨ ਬਿਗਾਨਾ ਸਮਝ੍ਯੋ ਨ ਜਾਈ।੯੯।
ਮਿਲ ਸਿੰਘਨ ਯੌਂ ਬਾਤ ਠਹਿਰਾਈ। ਇਕ ਥਾਂ ਸਬਹਨ ਚਿਖਾ ਚਿਨਾਈ।
ਚਕ ਸਿੰਘਨ ਬਹੁ ਲਕੜੀ ਆਣੀ। ਅਕਾਲ ਬੁੰਗੈ ਕੇ ਪਿੱਛੈ ਠਾਣੀ।੧੦੦।

ਦੋਹਰਾ: ਇੱਕ ਚਿਖਾ ਪੈ ਸਭ ਧਰੇ ਦੀਨ ਹੁਤਾਸਨ (ਅੱਗ) ਲਾਇ।
ਕਰਯੋ ਕੜਾਹ ਸੁ ਤਹਿਂ ਹੁਤੋ ਸਭ ਹੀ ਦਯੋ ਵਰਤਾਇ।੧੦੧।

ਚੌਪਈ: ਤੱਤਨ ਮੈਂ ਸਿੰਘ ਤੱਤ ਰਲ ਗਯੋ। ਸਥੂਲ ਬਪੁ ਤਜਿ ਸੂਛਮ ਲਯੋ।
ਅਥਵਾ ਇਕ ਦੇਹ ਸਿੰਘ ਜੀ ਧਾਰੀ। ਰਲਿਓ ਜਾਇ ਸ਼ਹੀਦਨ ਮਝਾਰੀ।੧੦੨।
ਧੰਨ ਧੰਨ ਪੰਥ ਸਭੋ ਉਸ ਆਖੈ। ਮਾਤ ਪਿਤਾ ਸਭ ਧਨ ਉਸ ਭਾਖੈਂ।
ਸ਼ਹੀਦਗੰਜ ਤਹਿਂ ਸਿੰਘਨ ਬਨਵਾਯੋ। ਸੁਖਨਾਂ ਸੁਖੈ ਤਿਸੇ ਬਰ ਆਯੋ।੧੦੩।
ਐਸੀ ਕਲਾ ਉਸ ਜਗਾ ਹੋਈ। ਭੂਤ ਦਰਸ ਤਹਿਂ ਰਹੈ ਨ ਕੋਈ।
ਬਹੁਤ ਸਿੰਘ ਤਹਿਂ ਕੜਾਹੁ ਕਰਾਵੈਂ। ਮਨ ਇੱਛਤ ਸਭ ਹੀ ਫਲ ਪਾਵੈਂ।੧੦੪।
ਆਗੇ ਸੁਨੋਂ ਔਰ ਪਰਸੰਗ। ਪੜ੍ਹਤ ਸੁਣਤ ਚਿਤ ਲਾਗੈ ਰੰਗ।
ਜਬ ਸਤਿਗੁਰ ਬਚ ਸਿੰਘ ਲਏ ਮੰਨ। ਤਬ ਹੀ ਭਯੋ ਖਾਲਸਾ ਧੰਨ।੧੦੫।

ਦੋਹਰਾ: ਗੁਰਬਖਸ਼ ਸਿੰਘ ਮਨ ਯੌਂ ਮਿਥੀ 'ਅਬ ਰਹੀਐ ਸ਼ਹੀਦਨ ਪਾਸ'।
ਠਾਂਢ ਭਯੋ ਕਰ ਜੋਰ ਢਿਗ ਸਤਿਗੁਰ ਕਹੀ ਅਰਦਾਸ।੧੦੬।

ਚੌਪਈ: ਅਗੈ ਸਤਿਗੁਰ ਥੇ ਜਾਣੀ ਜਾਣ। ਹੋਇ ਕ੍ਰਿਪਾਲ ਗੁਰ ਕਹਯੋ ਵਖਾਣ।
'ਖੁਸ਼ੀ ਅਸਾਡੀ ਪ੍ਰਤ ਸਿੰਘਨ ਯਾਹਿ। ਜਨਮ ਧਾਰੋ ਮਧ ਪੰਥ ਨਿਜ ਜਾਇ।੧੦੭।
ਪਗ ਧਰ ਅਗੈ ਸ਼ਹੀਦੀ ਜਿਨ ਪਾਈ। ਤਿਤੋ ਹਜ਼ਾਰ ਫੌਜਦਾਰ ਬਣਵਾਈ।
ਤੂੰ ਸਬਹਨ ਮੈਂ ਹੋਹੁ ਸਰਦਾਰ; ਭਯੋ ਸ਼ਹੀਦ ਜੁ ਗਿਲਜਨ ਮਾਰ'।੧੦੮।
ਤੌ ਸਰਬ ਸ਼ਹੀਦਨ ਫੁਰਮਾਇਸ਼ ਕਰੀ। 'ਹਜ਼ੂਰ ਕਹੀ ਇਨ ਸਿਰ ਪਰ ਧਰੀ।
ਬਰਸ ਬਾਰਾਂ ਯਹਿ ਰਹੈ ਹਜ਼ੂਰ। ਧਾਰੈ ਪੰਥ ਜਾਇ ਜਨਮ ਜ਼ਰੂਰ।੧੦੯।
ਹਜ਼ੂਰ ਪ੍ਰਿਥਮ ਜਿਨ ਕਹੀ ਪਾਤਿਸ਼ਾਹੀ। ਉਨੈਂ ਉਮਰ ਅਬ ਭੁੰਚੀ ਨਾਹੀਂ।
ਬਰਸ ਬਾਰਾਂ ਤੇ ਬਾਦ ਯਹਿ ਜਾਇ। ਲੇਵੈਂਗੇ ਵੈ ਬਚ ਭੁੰਚਾਇ'।੧੧੦।

ਦੋਹਰਾ: ਸ੍ਰੀ ਸਤਿਗੁਰ ਗਲ ਮੰਨ ਲਈ ਰਲ ਕਹੀ ਸ਼ਹੀਦਨ ਜੋਇ।
'ਨਹਿਂ ਸਿੱਖਨ ਤੇ ਗੁਰ ਜੁਦੋ ਗੁਰ ਤੇ ਨਹਿਂ ਸਿਖ ਜੋਇ।੧੧੧।

ਚੌਪਈ: ਸਤਿਗੁਰ ਬਚਨ ਸੋਊ ਮੰਨ ਲਏ। ਤੌ ਸਿੰਘਨ ਦਿਲ ਫੂਲਤ ਭਏ।
ਫੁਨ ਗੁਰਬਖਸ਼ ਸਿੰਘ ਬਚਨ ਉਚਾਰਾ। 'ਹਮਰੋ ਹੁਕਮ ਕਬ ਮੰਨੈਂ ਪੰਥ ਸਾਰਾ'।੧੧੨।
ਤੌ ਸਤਿਗੁਰ ਅਤਿ ਕਿਰਪਾ ਕਰੀ। 'ਤੁਮ ਮੈਂ ਕਲਾ ਨਿਜੈ ਮਮ ਧਰੀ।
ਜੋ ਹੰਨੇ ਹੰਨੇ ਕੀਏ ਥੇ ਪਤਿਸ਼ਾਹ! ਤੂੰ ਉਨ ਸ਼ਾਹਨ ਕੇ ਸਿਰ ਸ਼ਾਹ।੧੧੩।
ਤੁਹ ਅਗੈ ਸਭ ਦੀਨੇ ਡਾਰ। ਤੁਹਿ ਸੌਂ ਲਰੈ ਸੁ ਜਾਵੈ ਹਾਰ।੧੧੪।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਜਿਤ ਵਲ ਦ੍ਰਿਸ਼ਟਿ ਸੁ ਤੂੰ ਧਰੈਂ ਉਸ ਕੋ ਹੋਇ ਬਿਨਾਸ਼।
ਲੜੈ ਅੜੈ ਆਕੀ ਭਵੈ ਹਾਰ ਆਵੈ ਤੁਹਿ ਪਾਸ'।੧੧੫।

ਚੌਪਈ: ਤੌ ਸਤਿਗੁਰ ਸਿੰਘ ਬਚਨ ਉਚਾਰਾ। 'ਧਰੋਂ ਜਨਮ ਮੈਂ ਕਿਹ ਘਰ ਬ੍ਾਰਾ'।
ਸਤਿਗੁਰ ਕਹਯੋ 'ਜੋ ਹੁਇ ਨਰ ਸੂਰਾ। ਲਰ ਗਿਲਜਨ ਸੌਂ ਹੋਇ ਨ ਕੂਰਾ।੧੧੬।
ਜਿਸੈ ਸ਼ਾਹਦੀ ਪੰਥ ਸਭ ਭਰੈ। ਜੋ ਦੁਸ਼ਟਨ ਸੋ ਜੁੱਧੋਂ ਨ ਟਰੈ।
ਜੋ ਪੰਥੈ ਹਿਤ ਸ੍ਰੀਰ ਚਹਿ ਲਾਯਾ। ਜਿਨ ਪੰਥੈ ਹਿਤ ਪਰਸ੍ਵਾਰਥ ਕਮਾਯਾ'।੧੧੭।
ਜੋ ਸਤਿਗੁਰ ਪੁਛ ਲਏ ਮੁਰੀਦ। ਘੱਲੂ ਘਾਰੇ ਜੋ ਭਏ ਸ਼ਹੀਦ।
ਸਬਹਿਨ ਨਾਮ ਚੜਤ ਸਿੰਘ ਕੋ ਲਯੋ। ਸਤਿਗੁਰ ਬਚਨ ਉਸੈ ਘਰ ਦਯੋ।੧੧੮।
ਸਈ ਅਠਾਰਾਂ ਬਾਈਏ ਸਾਲ। ਬੀਤੇ ਬਿੱਕ੍ਰਮ ਸਾਲ ਨ੍ਰਿਪਾਲ।
ਰਤਨ ਸਿੰਘ ਯੌ ਸਾਖੀ ਕਹੀ। ਕਿਛ ਸੁਨਿਕੈ ਕਿਛ ਅਨੁਭਵ ਲਹੀ।੧੧੯।

ਦੋਹਰਾ: ਸਿੰਮ੍ਰਿਤ ਸ਼ਾਸਤ੍ਰ ਬੇਦ ਸਭ ਏਹ ਕੰਚਨ ਕੇ ਚੇਰ।
ਅਨੁਭਵ ਪਾਰਸ ਕੀ ਕਨੀ ਤਾ ਮੈਂ ਲਾਖ ਸੁਮੇਰ।੧੨੦।

ਸਾਖੀ ਅਹਮਦ ਸ਼ਾਹ ਕੀ ਔ ਭਰਤਪੁਰੀਏ ਜਵਾਹਰ ਮਲ ਔ ਨਜੀਬ ਖਾਨ ਰੁਹੇਲੇ ਕੀ

੧੮੯. [ਜੁਆਹਰ ਮਲ ਭਰਤਪੁਰੀਏ ਨੂੰ ਖਾਲਸੇ ਨੇ ਮਦਦ ਦਿੱਤੀ]

ਦੋਹਰਾ: ਤੌ ਮਾਲੀ ਨੇ ਹਮ ਕਹਯੋ 'ਆਗੈ ਮੋਹਿ ਸੁਨਾਇ।
ਕਹਾਂ ਗਯੋ? ਜਾਇ ਕਜਾ ਕੀਓ? ਫਿਰਯੋ ਕਟਾਂ ਤੇ ਸ਼ਾਹਿ?।੧।

ਚੌਪਈ: ਔ ਦਿੱਲੀ ਕਹੀ ਥੀ ਜੋ ਤੁਮ ਘੇਰੀ। ਤਕਸੀਰ ਰੁਹੇਲੇ ਨਜੀਬੇ ਕੇਰੀ।
ਆਪ ਬਚੀ ਕੇ ਬਚਵਾਈ ਸ਼ਾਹੁ? ਦੋਊ ਬਤਾਯੋ ਮੋਹ ਪ੍ਰਤਿ ਰਾਹੁ'।੨।
ਜਿਮ ਉੱਤਰ ਹਮ ਉਸ ਕੋ ਦਯੋ। ਸੋ ਉਸ ਤੌਰ ਹਮ ਕਰੈਂ ਲਿਖਯੋ।
ਆਓ ਆਈ ਜਬ ਸ਼ਾਹ ਕੀ ਭਈ। ਔਰ ਫੌਜ ਜਟ ਰੱਖਣੀ ਠਈ।੩।
ਸਿੰਘਨ ਵਲ ਉਸ ਅਏ ਵਕੀਲ। ਲੱਦ ਮਾਇਆ ਬਹੁ ਗੱਡੇ ਫੀਲ।
ਨਾਮ ਬਿੰਦ੍ਰਾਬਨ, ਮਥਰਾ ਦਾਸ। ਆਇ ਕਹਯੋ ਉਨ ਖਾਲਸੈ ਪਾਸ।੪।
'ਹਮ ਤੁਮ ਛੱਤ੍ਰੀ ਹਿੰਦੂ ਧਰਮ। ਏਕੋ ਜਾਤ ਔ ਏਕ ਹੀ ਕਰਮ।
ਸੰਤ ਰੱਛਕ ਔ ਗਊ ਰੱਛਯਾ। ਤੁਰਕ ਦੁਸ਼ਟ ਕੋ ਚਾਹੈਂ ਭੱਛਯਾ।੫।

ਦੋਹਰਾ: ਹਿੰਦੁ ਲਾਜ ਹਮ ਤੁਮ ਇਕੈ ਉਨੈਂ ਮਜ਼ਬ ਦੀਨਦਾਰ।
ਇਸ ਪਰ ਧਰੋ ਧਿਆਨ ਤੁਮ ਆਇ ਕਰੋ ਪਰਮ ਪ੍ਰਿਤਪਾਰ।੬।

ਚੌਪਈ: ਔਰ ਸਿੱਕੋ ਔ ਦਾਰੂ ਲਈਐ। ਕੜਾਹੁ ਖਾਤਰ ਔਰ ਦਰਬ ਭੀ ਪਈਐ।
ਜੋ ਹਮ ਪੈ ਸਭ ਤੁਮਰੋ ਮਾਲ। ਲਓ ਆਇ ਰਲ ਹਮਰੇ ਨਾਲ।੭।

Sri Satguru Jagjit Singh Ji eLibrary NamdhariElibrary@gmail.com

ਜੋ ਹੈ ਤੁਮ ਕੋ ਹਿੰਦ ਕੀ ਲਾਜ। ਆਇ ਕਰੋ ਅਬ ਹਮ ਕੋ ਕਾਜ।
ਗਿਲਜੋ ਆਇਓ ਦੀਨੈ ਕਾਜ। ਵੜਜੋ ਦੀਨ ਮਧ ਦਿੱਲੀ ਭਾਜ'।੮।
ਉਸੈ ਅਰਜ਼ ਖਾਲਸੇ ਮੰਨ ਲਈ। ਚੜ੍ਹਜੋ ਤੁਰਤ ਕਛ ਦੇਰ ਨ ਕਈ।
ਛਡੇ ਕਬੀਲੇ ਮਾਲਵੇ ਮਾਂਹਿ। ਬਟੇ ਬਿਰਾੜਨ ਸਬਹਨ ਪਾਹਿ।੯।
ਜਾਇ ਦਬਾਈ ਬਾਂਗਰ ਕੌਣ। ਰੋਕ ਲਯੋ ਆਨ ਵੜਨੈ ਠੌਨ।
ਬਹੁਤ ਤੰਗੀ ਤਹਿਂ ਭਈ ਅਨਾਜ। ਦਿੱਲੀ ਛਡ ਛਡ ਲੋਕ ਜਾਹਿਂ ਭਾਜ।੧੦।

ਦੋਹਰਾ: ਉਤੈ ਸ਼ਾਹਿ ਯਹਿ ਸੁਣ ਖਬਰ ਬਹੁ ਸੰਸਾ ਚਿਤ ਕੀਨ।
ਲਏ ਹਾਹੁਕੇ ਸਿਰ ਧੁਨੈ ਧੁਨ ਧੁਨ ਖੁਨੈ ਜ਼ਮੀਨ।੧੧।

ਚੌਪਈ: 'ਅਗੇ ਫੌਜ ਮੈਂ ਭਉੂ ਭਾਰੀ। ਹੁਤੀ ਸੋਊ ਥੀ ਭਲੇ ਨਿਵਾਰੀ।
ਅਬ ਜਾਇ ਰਲੇ ਸੁ ਸਿੰਘ ਭੁਜੰਗੀ। ਮਾਰ ਗਿਰਾਵੈਂ ਧੁਰ ਤੇ ਰਮਜੰਗੀ।੧੨।
ਬਡੇ ਸੂਰ ਔ ਬਡੇ ਦਲੇਰ। ਆਪ ਬਾਜ ਹਮ ਸਮਝੈਂ ਬਟੇਰ।
ਜੋ ਮੈਂ ਫਤੇ ਭਾਊ ਲੈ ਗਯੋ। ਮਤ ਮੋ ਤੇ ਏਊ ਲੇਹਿਂ ਫਿਰਯੋ'।੧੩।
ਐਸੀ ਐਸੀ ਸੋਚੈਂ ਕਰੈ। ਮਨ ਮੈਂ ਕੁੜ੍ਹੈ ਔ ਕੰਪੈ ਡਰੈ।
'ਜੌ ਅਬ ਮੁੜੌਂ ਤੌ ਲਾਗੈ ਲਾਜ। ਆਗੈ ਤੁਰੋਂ ਕੁਛ ਸਰੈ ਨ ਕਾਜ'।੧੪।

ਦੋਹਰਾ: ਹੌਲੀ ਹੌਲੀ ਕਰ ਮਜਲ ਡੇਰੇ ਘਣੇ ਰਖਾਇ।
ਲੋਕਨ ਕੋ ਐਸੇ ਕਹੈ 'ਹਮ ਫੌਜ ਉਡੀਕਤ ਆਹਿਂ'।੧੫।
ਸੋਊ ਰੁਹੇਲੈ ਲਖ ਲਯੋ ਜੋਰ ਜੁ ਅਹਿਮਦ ਸ਼ਾਹਿ।
'ਕੋਹ ਚਾਲੀ ਤੀਸੈ ਦੌੜ ਕਰ ਪਰਨ ਜੋਗ ਅਬ ਨਾਂਹਿ'।੧੬।

ਚੌਪਈ: ਸ਼ਾਹੁ ਰੁਹੇਲੇ ਯੌ ਲਿੱਖ ਪਠਾਵੈ। 'ਫੌਜ ਮੋਹਿ ਕੋ ਰੋਗ ਸੰਤਾਵੈ।
ਜਿਸ ਦਿਨ ਤੇ ਫੌਜ ਇਤ ਵਲ ਆਈ। ਬਹੁਤ ਮਰੀ ਸੋ ਲਿਖੀ ਨ ਜਾਈ।੧੭।
ਨਿਕਸ ਜਾਇ ਜਬ ਫੌਜੋਂ ਰੋਗ। ਤਬ ਇਨ ਸੋਂ ਹਮ ਲਰਨੋ ਹੋਗ।
ਔਰ ਫੌਜ ਮੈਂ ਘਰ ਤੇ ਮੰਗਾਈ। ਆਈ ਫੌਜ ਸੋ ਕਰੈ ਲਰਾਈ।੧੮।
ਏਕ ਮਹੀਨੋ ਰਖ ਤਿਹਿਂ ਮਿਲ। ਤੌ ਦੇਖੀ ਤੂੰ ਹਮਹਿ ਤਜੱਮਲ'।
ਜਿਮ ਜਿਮ ਸ਼ਾਹੁ ਸੁ ਨਿਕਟੈ ਜਾਵੈ। ਸ਼ਾਹਿ ਖ਼ੌਫ ਜਾਨ ਅਪਨੀ ਆਵੈ।੧੯।
ਪਹੁੰਚ ਅੰਬਾਲੇ ਸ਼ਾਹ ਡੇਰਾ ਲਾਯੋ। 'ਕਰੋ ਧੌੜ' ਇਮ ਧਮਕੋ ਲਾਯੋ।
ਉਤੈ ਜੱਟ ਭੀ ਕਰੀ ਤਿਆਰੀ। 'ਲਰੀਐ ਸ਼ਾਹੁ ਸੋਂ ਅੱਗਲ ਵਾਰੀ'।੨੦।

ਦੋਹਰਾ: ਰਜਪੂਤ ਮੁਹੱਟੇ ਬਿਰਾੜ ਸਦ ਦਾਊ ਦਾਵੇਦਾਰ।
ਗੁਸਾਂਈ ਭਈਯੇ ਪਰਬਤੀ ਫਿਰੰਗੀਅਨ ਸਦ ਸਰਦਾਰ।੨੧।

ਚੌਪਈ: ਸਭ ਭਾਈਅਨ ਕੋ ਆਖ ਸੁਨਾਈ। 'ਕਰੌਂ ਗਿਲਜੇ ਪਰ ਮੈਂ ਚੜ੍ਹ ਧਾਈ।
ਪ੍ਰਿਥਮੈ ਹਿੰਦੋਂ ਗਿਲਜੇ ਨਿਕਾਰੋਂ। ਫਿਰ ਆਇ ਦਿੱਲੀ ਪਾਛੈ ਮਾਰੋਂ।੨੨।

Sri Satguru Jagjit Singh Ji eLibrary NamdhariElibrary@gmail.com

ਮਭੀ ਸ੍ਰਦਾਰਨ ਇਮ ਹੀ ਠਟੀ'। ਕਹੀ ਜੱਟ ਥੀ ਜਿਮ ਹੀ ਗਟੀ।
ਸਿੰਘਨ ਕੋ ਭੀ ਦਰਬ ਘਲਾਈ। ਅਪਣੀ ਗਿਣਤੀ ਸਭਹੁੰ ਪੁਚਾਈ।੨੩।
ਸੁਨ ਖਾਲਸੈ ਉਸ ਦਯੋ ਸਹਾਰਾ। 'ਤੁਮ ਖਰਚ ਦਿਹੋ ਉਸ ਲੇਹੋ ਮਾਰਾ'।
ਯਹੀ ਬਾਤ ਕੰਨ ਪਰੀ ਰੁਹੇਲੇ। ਸੁਨਤ ਹੋਸ਼ ਉਸ ਭੁੱਲ ਗਈ ਚੇਲੇ।੨੪।
'ਮਤ ਕਤ ਸ਼ਾਹੁ ਜਾਵੈ ਅਗਜੋਂ ਭਾਜ। ਨਾਂਹਿ ਸ਼ਾਹਿ ਪੈ ਇਨ ਸਮ ਸਾਜ।
ਭਾਊ ਮਾਰਜੋ ਥੋ ਪ੍ਰਦੇਸ਼ੀ ਵਿਚਾਰਾ। ਤੁਰਕ ਹਿੰਦੂਅਨ ਸਭ ਰਲ ਕੈ ਮਾਰਾ।੨੫।

ਸੋਰਠਾ: ਰਾਘੋ ਔਰ ਮਲ੍ਹਾਰ ਤੁੱਕੋ ਹੁਲਕਰ ਏਹ ਜੋਊ।
ਇਸ ਪਿਤ ਲੀਨੇ ਮਾਰ ਸ਼ਾਹਿ ਫਤੇ ਲੇ ਘਰ ਗਯੋ।੨੬।

ਚੌਪਈ: ਇਨ੍ਹੈ ਜੱਟ ਨੈ ਤਖਤ ਭਿੜਾਏ। ਇਨੈ ਜੱਟ ਹਥ ਸ਼ਾਹਿ ਘਰ ਪਾਏ।
ਜੌਰਾ ਭੌਰਾ ਇਨ ਕਢ ਲਯੋ। ਮਾਲ ਪਤਿਸ਼ਾਹੀ ਇਨ ਜੱਟ ਪਚਯੋ।੨੭।
ਯਹੀ ਜੱਟ ਹੈ ਬੁਰੀ ਬਲਾਇ। ਮਤ ਕਤ ਆਵੈ ਸ਼ਾਹ ਭਜਾਇ।
ਫਿਰ ਦਿੱਲੀ ਲਜੋਗੁ ਤੁਰਤਹਿ ਮਾਰ। ਦੇਵੈ ਹਿੰਦੋਂ ਯਹ ਦੀਨ ਉਠਾਏ।੨੮।
ਇਹਾਂ ਅਬੈ ਕੋਊ ਮੰਤ੍ਰ ਚਲਵਯੈ। ਸਾਮ ਦਾਮ ਦੰਡ ਭੇਦ ਜੁ ਹੈਯੇ'।
ਹੁਤੋ ਮ੍ਰਹੱਟੋ ਗਯੋ ਮਲ੍ਹਾਰ। ਜਿਨ ਸੰਗ ਘੋੜੀ ਸੱਠ ਹਜਾਰ।੨੯।
ਰੁਹੇਲੈ ਕੌ ਉਨ ਕਹਜੋ ਥੋ ਭਾਈ। ਵਖ਼ਤ ਭਾਊ ਬੀ ਪਗ ਬਦਲਾਈ।
ਸੋ ਉਨ ਪੈ ਉਨ ਘੱਲੇ ਵਕੀਲ। 'ਵਧਜੋ ਜੱਟ ਹੋਗ ਤੋਹ ਬਖੀਲ।੩੦।

ਦੋਹਰਾ: ਇਨੈਂ ਸ਼ਾਹ ਜੌ ਕੱਢ ਦਯੋ ਹਮ ਤੁਮ ਕਬ ਰਹਣ ਦੇਹਿ।
ਲਯੋ ਬੁਲਾਇ ਜਿਨ ਖਾਲਸੇ ਬਡੇ ਬਹਾਦੁਰ ਜੇਇ।੩੧।

ਚੌਪਈ: ਤੋਰ ਮੋਰ ਯਹੀ ਭਾਈ ਚਾਰੋ। ਰੱਖ ਅਬ ਮੋਹੁ ਮੈਂ ਪਰਯੋ ਹਾਰੋ'।
ਗੁਪਤ ਟਕੇ ਬਹੁ ਦੀਨੇ ਆਖ। 'ਸ਼ਰਨ ਪਰੈ ਕੂ ਅਬ ਲੈ ਰਾਖ'।੩੨।
ਤਊ ਦਿਲਾਸਾ ਮ੍ਰਹੱਟਨ ਦਯੋ। ਤੌ ਭੀ ਕਾਂਪੋ ਉਸ ਦਿਲੋਂ ਨ ਗਯੋ।
ਦੋਊ ਵੱਲ ਤੇ ਦੱਖਣੀ ਖਾਹਿ। ਦੋਊ ਵਲ ਲੀਯੋ ਕੰਮ ਬਣਵਾਹਿ।੩੩।
ਲਗਜੋ ਸਮਝਾਵਨ ਜੱਟੈ ਸੋਇ। 'ਹਮ ਤੁਮ ਭਈ ਪਤ ਇਕੱਠੀ ਹੋਇ।
ਉਤ ਤੇ ਆਵਤ ਅਹਿਮਦ ਸ਼ਾਹ। ਮਤ ਕਤ ਜਾਵੈ ਪਤ ਗਵਾਹਿ।੩੪।
ਤਾਂਤੇ ਸਲਾਹਿ ਹਮਰੀ ਮੰਨ ਲੇਹਿ। ਡੇਰੈ ਸੱਦ ਉਸ ਲੇਹੁ ਮਿਲੇਹੁ।
ਦੇਵੈ ਆਇ ਤੁਵ ਪਿਅ ਕੀ ਕਾਨ*। ਹੋਵਗੁ ਜਸੁ ਬਡ ਤੁਹ ਜਗ ਮਾਣ।੩੫।
ਗਲੈ ਕੁਹਾੜੋ ਮੁਖ ਲੈ ਘਾਸ। ਲਜਾਇ ਬਹਾਵੋਂ ਮੈਂ ਤੁਮ ਪਾਸ'।
ਜੱਟ ਕਹਜੋ 'ਮੋਹਿ ਬੇਟੀ ਦੇਵੈ। ਸਾਥ ਹਮਾਰੇ ਫੇਰੇ ਕਰੇਵੈ'।੩੬।

ਦੋਹਰਾ: ਮਲ੍ਹਾਰ ਕਹਜੋ 'ਉਸ ਧੀ ਨਹੀਂ ਯਹੀ ਬਨੀ ਲਾਚਾਰ।
ਕ੍ਰੋੜ ਰੁਪੱਯੇ ਧੀ ਬਦਲ ਉਸ ਤੈ ਦਯੋਂ ਲਿਖਾਰ'।੩੭।

* ਪਿਉ ਦੀ ਮਕਾਣ।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤਬੈ ਜੁਵਾਹਰ ਐਸ ਨ ਮਾਨੀ। 'ਪਿਤੋ ਨ ਬੇਚੋਂ ਪਦਮ ਨਿਸ਼ਾਨੀ।
ਕਈ ਕ੍ਰੋੜ ਖਰਚ ਆਯੋ ਮੋਰਾ। ਔਰ ਕਰੂੰ ਮੈਂ ਖਰਚ ਘਨੇਰਾ।੩੮।
ਯਹ ਸੁਨ ਬਾਤ ਕਹੇ ਜਗ ਲੋਈ। ਪਿਤਾ ਖੂਨ ਦਜੋ ਟਕਿਅਨ ਤੋਈ'।
ਤਬ ਮਲ੍ਹਾਰ ਰਾਇ ਬਾਤ ਬਿਚਾਰੀ। 'ਅਗਲਨ ਪੁਰਸ਼ਨ ਜੈਮੁ ਸੁਵਾਰੀ।੩੯।
ਆਦਿ ਅੰਤ ਜਿਮ ਹੋਤੀ ਆਈ। ਸੋਊ ਬਾਤ ਤੁਮ ਲੇਹੁ ਕਰਵਾਈ।
ਡੋਲਾ ਘਲਾਵੈਂ ਪ੍ਰਿਥਮ ਤੁਮ ਪਾਹਿ। ਕਾਰਜ ਬੇਟੀ ਉਸੇ ਬਣਵਾਇ।੪੦।
ਜੇਵਰ ਸਹਿਤ ਔ ਖਿਜਮਤਦਾਰ। ਹੋਤ ਆਦਿ ਜਿਮ ਜਗ ਬਿਵਹਾਰ'।
ਯਹੀ ਬਾਤ ਮੰਨ ਜੂਾਹਰ ਲਈ। ਥੀ ਗੱਲ ਰੁਹੇਲੇ ਜਿੰਦ ਲੌ ਅਈ।੪੧।

ਦੋਹਰਾ: ਪ੍ਰਿਥਮੇ ਡੋਲਾ ਘੱਲ ਦਯੋ ਸਾਥ ਗੋਲੀ ਗੋਲੈ ਲਵਾਇ।
ਜੁਆਹਰ ਦੌਲਤ ਬਹੁ ਦਈ ਪਰ ਡੋਲੇ ਸੋਊ ਗਿਰਾਇ।੪੨।

ਚੌਪਈ: ਬਹੁਤ ਖਰਚ ਉਨ ਗੋਲਨ ਦਯੋ। ਆਯੋ ਸੋਊ ਖੁਸ਼ ਹੁਇ ਗਯੋ।
ਲਾਗੀਅਨ ਜਿਮ ਉਨ ਦਈ ਵਧਾਈ। ਆਪਨ ਭੀ ਘਰ ਕਰੀ ਵਧਾਈ।੪੩।
ਬਜਵਾਇ ਸ਼ਦਿਆਨੇ ਛਲਕੈਂ ਛੋਰੀ। ਬਡੀ ਤੋਪ ਸੋਊ ਘਰ ਕੋ ਮੋੜੀ।
ਦਏ ਨਿਸ਼ਾਨ ਗਡਵਾਇ ਪਿਛਾਹਿ। ਮਲ੍ਹਾਰ ਰਾਇਕੀ ਲਗਜੋ ਸਲਾਹਿ।੪੪।
ਨਿਬਾਬ ਡਰੈ ਫਿਰ ਮਿਲਿਓ ਆਇ। ਉਜ਼ਰ ਖਾਹੀ ਗਜੋ ਸਿਰੋਂ ਹਟਾਇ।
ਹਾਥੀ ਘੋੜਾ ਪੱਗ ਦੁਸ਼ਾਲਾ। ਉਜਰ ਖਾਹੀ ਕੋ ਵਰਤਜੋ ਚਾਲਾ।੪੫।
ਜੈ ਜੈ ਕਾਰ ਜਗਤ ਮੈਂ ਭਯੋ। ਪਿਤਾ ਬੈਰ ਖਾਸੋ ਲੈ ਲਯੋ।
ਕੂਚ ਕਰਾਇ ਨਬਾਬ ਘਰ ਕੰਗਯੋ। ਛਡਵਾਇ ਪ੍ਰਾਣ ਸਭੀ ਖੁਸ਼ ਭਯੋ।੪੬।

ਸੋਰਠ: ਦੀਨੋ ਫੌਜ ਤੁਰਾਇ ਦਯੋ ਦਰਮਾਹੋ ਹਿਸਾਬ ਕਰ।
ਰਹਜੋ ਜੱਸ ਜਗ ਛਾਇ ਸਪੂਤ ਜਵਾਹਰ ਮਲ ਭਯੋ।੪੭।

ਔਰ ਪ੍ਰਸੰਗ ਅਹਿਮਦ ਸ਼ਾਹ ਕੋ ਲਿਖਯਤੇ

੧੯੦. [ਅਹਿਮਦ ਸ਼ਾਹ ਦਾ ਆਖਰੀ ਹਮਲਾ, ਅਹਿਮਦ ਸ਼ਾਹ ਦਾ ਮਰਨਾ]

ਦੋਹਰਾ: ਅਗੈ ਸੁਨੋ ਗੱਲ ਸ਼ਾਹਿ ਕੀ ਤਿਸ ਮਿਲਜੋ ਰੁਹੇਲੋ ਆਇ।
'ਤੁਹਿ ਇਕਬਾਲੋਂ ਮੈਂ ਬਚਜੋ' ਇਮ ਤਿਨ ਕਹਜੋ ਬਨਾਇ।੧।

ਚੌਪਈ: ਪੇਸ਼ ਕਸ਼ੀ ਸ਼ਾਹਿ ਆਗੈ ਦਈ। ਸ਼ਾਹ ਕਹਜੋ 'ਮੈਂ ਤੁਝਹਿ ਸੌਂਪਈ'।
ਅਪਨੋ ਨੈਬ ਕਰ ਦਯੋ ਖਹਾਈ।੨।
ਕਹਜੋ ਰੁਹੇਲੇ 'ਹਿੰਦ ਬੰਦਬਸਤ ਕਰੋ। ਸੂਬੇ ਬਾਈਨ ਕੀ ਸ਼ਾਹੀ ਕਰੋ।
ਤਮੂਰ ਸ਼ਾਹਿ ਕੋ ਲਾਹੌਰ ਬਹਾਵੋ। ਸ੍ਰਿਹੰਦ ਫੌਜ ਹਮ ਕੁਮਕੁ ਰਖਾਵੋ'।੩।
ਸ਼ਾਹਿ ਆਪਨੋ ਜ਼ੋਰ ਨਿਹਾਰਜੋ। ਸਿੰਘਨ ਕੋ ਭੀ ਜ਼ੋਰ ਬਿਚਾਰਜੋ।
ਸ਼ਾਹਿ ਕਹਜੋ 'ਹਮ ਸ਼ਾਹੀ ਨਹਿਂ ਲੋੜ। ਮੈਂ ਮੁੜ ਜਾਵੋਂ ਕਾਬਲ ਓੜ'।੪।

Sri Satguru Jagjit Singh Ji eLibrary NamdhariElibrary@gmail.com

ਪੁਜਯੋ ਨ ਦਿੱਲੀ ਫਿਰ ਪਯੋ ਪਿਛਾਹਿਂ। ਸ੍ਰਿਹੰਦ ਕੀਓ ਉਨ ਡੇਰਾ ਆਇ।
ਸਦੇ ਮਲੇਰੀਏ ਸੱਪ ਪਠਾਣ। 'ਤੁਮ ਲਿਹੋ ਸ੍ਰਿਹੰਦ ਮੋਹਿ ਤੇ ਆਣ।੫।

ਦੋਹਰਾ: ਪ੍ਰਿਥਮ ਨਜ਼ਰਾਨੇ ਲੈ ਮਿਲੋ ਸ੍ਰਿਹੰਦ ਬਾਵਨੀ ਲਿਹੋ ਲਿਖਾਇ।
ਸੂਬੇਦਾਰੀ ਤੁਮ ਕਰੋ ਮਾਂਮਲੇ ਲਿਹੋ ਚੁਕਾਇ'।੬।

ਚੌਪਈ: ਜਵਾਬ ਪਠਾਂਨਨ ਦਯੋ ਸੁਨਾਇ। 'ਤੂੰ ਬਹੈਂ ਲਹੌਰ ਹਮ ਮਿਲੈਂ ਤੁਮ ਆਇ।
ਸਿੰਘਨ ਕੋ ਤੂੰ ਦੇਹਿ ਹਟਾਇ। ਤੌ ਤੁਹਿ ਹੋਵਗੁ ਟਕੋ ਉਗਰਾਹਿ'।੭।
ਤੌ ਉਸ ਫਿਰ ਅਮਰ ਸਿੰਘ ਬੁਲਾਯੋ। ਉਮੈ ਚਾਹਤ ਮਧ ਸ੍ਰਿਹੰਦ ਫਸਾਯੋ।
ਅਮਰ ਸਿੰਘ ਲਯੋ ਪਾਸ ਬੁਲਾਇ। ਉਸ ਕੋ ਦੀਨ ਰਾਜੋ ਅਖਵਾਇ।੮।
ਅਮਰ ਸਿੰਘ ਕਰੀ ਸ਼ਾਹ ਸੌਂ ਬਾਤ। 'ਆਹਿ ਖਾਲਸੇ ਹਮ ਮਧ ਹਾਥ।
ਪਾੜ ਖਾਲਸੋ ਤੁਮੈਂ ਮਿਲਾਊਂ। ਤੁਮ ਚਲੋ ਲਾਹੌਰ ਮੈਂ ਤੁਮ ਪੈ ਲਯਾਊਂ'।੯।
ਉਨ ਖਾਲਸੇ ਕੀ ਕਲਾ ਨ ਜਾਨੀ। ਉਨੈਂ ਖਡਜਾਈ ਅਪਨੀ ਠਾਨੀ।
ਹਾਥੀ ਪਗ ਮਧ ਸਭ ਕੋ ਪੈਰ। ਕਹੀ ਨ ਉਨ ਕਿਛ ਖਾਲਸ ਖੈਰ।੧੦।

ਦੋਹਰਾ: ਅਗੈ ਸੁਣੋ ਗੱਲ ਖਾਲਸੇ ਜਿਮ ਗਿਲਜੇ ਸਿਉਂ ਕੀਨ।
ਲਖ ਸਰਹੰਦੇ ਜਬ ਤੁਰਯੋ ਰਾਹੁ ਲਹੌਰ ਕੋ ਲੀਨ।੧੧।

ਚੌਪਈ: ਸਿੰਘਨ ਸਭ ਮਿਲ ਲਾਯੋ ਦਿਵਾਨ। ਇਕਥਾਂ ਬਹਿ ਲੀਓ ਗੁਰਮਤਾ ਠਾਨ।
'ਅਬ ਖੜ ਲੜੋ ਸ਼ਾਹੁ ਕੇ ਸਾਥ। ਦੇਖ ਦਿਖਾਵੋ ਤਿਸ ਕੋ ਹਾਥ।੧੨।
ਨਿਤਪ੍ਰਤਿ ਆਨ ਦੇਤ ਹਮ ਦੁੱਖ। ਬਿਨਾ ਲੜੈ ਕਬ ਪਾਈਐ ਸੁੱਖ।
ਜੋ ਬਚ ਰਹੂਗੁ ਸੋ ਦੋਖ ਨਾ ਪਾਊਗੁ। ਜੋ ਜੋ ਮਰੂਗੁ ਸ੍ਵਰਗ ਸਿਧਾਊਗੁ'।੧੩।
ਯਹੀ ਬਾਤ ਲਈ ਪੰਥੈ ਠੱਟ। ਸੁਖ ਸੌਂ ਗੱਲ ਜਾਇ ਨਾ ਹੱਟ।
ਸਿੰਘ ਭੁਜੰਗਨ ਹਿਮ ਉਦਮ ਕੀਓ। 'ਜੈ ਜੈਕਾਰ ਪੰਥ' ਉਚਰੀਓ।੧੪।
ਕੀਓ ਕੂਚ ਸਨਮੁਖੈ ਲਹੌਰ। ਆਇ ਬਹੇ ਸਿੰਘ ਤਲਬਨ* ਫਲੌਰ।
ਯਹੀ ਸ਼ਾਹਿ ਪੈ ਖਬਰੋ ਗਈ। ਸੁਨਤ ਗਿਲਜੇ ਬਡ ਚਿੰਤਾ ਭਈ।੧੫।
ਗਯੋ ਨ ਸਨਮੁਖ ਰੋਪੜ ਲੰਘ ਗਯੋ। ਪਰਬਤ ਤਕ ਉਨ ਆਸਰੋ ਲਯੋ।
ਤੌ ਖਾਲਸੇ ਉਸ ਲਇਓ ਤਾਨ। ਆਇ ਲੜੇ ਸਿੰਘ ਉਸੀ ਮਦਾਨ।੧੬।

ਦੋਹਰਾ: ਜੋ ਉਸ ਗਿਲਜੈ ਮੁੜ ਖੜੇ ਕਰੈ ਕਰੋਲੀ ਨਿਤ।
ਦੂਰ ਸੁ ਖਾਲਸੈ ਭੌ ਭਯੋ ਕਹੈਂ 'ਗਿਲਜੋ ਲਯੋ ਜਿੱਤ'।੧੭।

ਚੌਪਈ: ਰਾਤ ਦਿਵਸ ਸਿੰਘ ਰਹੈਂ ਚੁਫੇਰੇ। ਜਿਮ ਸ਼ੇਰਨ ਨੇ ਛੇਲੈ ਘੇਰੈਂ।
ਰਾਤ ਤੁਰੈਂ ਦਿਨ ਡੇਰਾ ਲਾਵੈਂ। ਤਿਵੈਂ ਖਾਲਸੇ ਉਸ ਰਾਤ ਅਕਾਵੈਂ।੧੮।
ਤੌ ਉਨ ਰਾਤ ਤੁਰਨ ਛਡ ਦਯੋ। ਵਗਲਵਾੜ ਵਿਚ ਡੇਰਾ ਠਯੋ।
ਦਿਨੇ ਤੁਰੈ ਕਿਛ ਥੋੜੀ ਵਾਟ। ਪਿਛਲੀ ਪੱਟ ਸੇਖ ਅਗੈ ਗੜਾਤ।੧੯।

---

* ਭਾਵ ਪਰਗਨੇ।

Sri Satguru Jagjit Singh Ji eLibrary NamdhariElibrary@gmail.com

ਦੋਹੂੰ ਓਰ ਖੜ ਤੁਮਨ ਰਹਾਹਿੰ। ਤੌ ਬਹੀਰ ਕੁਛ ਤੁਰੈ ਅਗਾਹਿੰ।
ਕਹੀ ਨ ਨਿਕਸਨ ਉਸਕੀ ਪਾਵੈ। ਜੋ ਪਾਵੈ ਤੌ ਦੂਰ ਨਹੀਂ ਜਾਵੈ।੨੦।
ਰਾਤ ਸਬ ਖੂਨੀ ਖਾਲਸੋ ਕਰੈ। ਬਾਲ ਮਹਿਤਾਬੀ ਗਿਲਜ਼ੋ ਲਰੈ।
ਗਿਰਜੋ ਪਰਜੋ ਜੋ ਗਿਲਜੋ ਪਾਵੈ। ਨਹਿੰ ਖਾਲਸੋ ਉਸ ਮਾਰ ਗਵਾਵੈ।੨੧।

ਦੋਹਰਾ: ਹਿਰਾਨ ਕਰੈਂ ਉਨ ਖਾਲਸੋ ਮਾਰ ਰਮਜੰਗਨ ਸਾਥ।
ਅਹਿਮਦ ਸ਼ਾਹਿ ਔਖਾ ਕੀਓ ਲਾਇ ਖਾਲਸੈ ਖੜ ਹਾਥ।੨੨।

ਚੌਪਈ: ਕੋਊ ਮਿਸਲ ਉਠ ਪਰੈ ਸਵੇਰੋ। ਕੋਊ ਮਿਸਲ ਕਰੈ ਦੁਪਹਿਰੋ ਫੇਰੋ।
ਇਕ ਲੜ ਮੁੜੈ ਤਾਂ ਦੂਜੀ ਦੌੜੈ। ਦੂਜੀ ਮੁੜੈ ਤਾਂ ਤੀਜੀ ਧੌੜੈ।੨੩।
ਸਿੰਘ ਅਕਾਲੀ ਛਡੈਂ ਨ ਖਜਾਲ। ਕੋਈ ਜਿ ਮਰੈ ਕਹਿੰ 'ਭਯੋ ਨਿਹਾਲ'।
ਜਬ ਪਰੈ ਜੋਰ ਤੌ ਨਠ ਭੀ ਜਾਹਿੰ। ਜਬ ਵਟ ਫਿਰੈ ਤੌ ਮਗਰ ਦਿਖਾਹਿੰ।੨੪।
ਬਹੁਤ ਜਤਨ ਉਤ ਗਿਲਜੋ ਕਰੈ। ਕਰ ਤੁੰਮਨ ਸੋ ਆਗੈ ਖੜੈ।
ਸੰਜੋਇ ਨਰਨ ਔ ਪਾਖਰ ਤੁਰੰਗਨ। ਫੜ ਸ਼ਮਸ਼ੇਰ ਕਰੈ ਟੂਕ ਜੰਗਨ।੨੫।
ਮਾਰ ਰਮਰੰਜੇ ਜਿਨ ਸਿੰਘ ਦੇਂ ਗੇਰ। ਸੋ ਨਹਿੰ ਮੰਗੈਂ ਪਾਣੀ ਫੇਰ।
ਇਹੀ ਭਾਂਤ ਸੋਂ ਸ਼ਾਹੁ ਅਕਾਯੋ। ਕਾਬਲ ਪਹੁੰਚਨ ਉਸ ਮੁਸ਼ਕਲ ਭਾਯੋ।੨੬।

ਦੋਹਰਾ: ਹੁਤੋ ਜੁ ਉਸ ਕੈ ਘਰ ਬਿਖੈ ਜ਼ਹਾਨ ਖਾਨ ਫੁਜਦਾਰ।
ਅਪਣੀ ਜਾਗਾ ਥੋ ਛਡਯੋ ਤੌ ਤਿਨ ਘਲਯੋ ਬੁਲਾਰ।੨੭।

ਚੌਪਈ: ਹਕੀਕਤ ਸਭ ਲਿਖ ਉਸੈ ਘਲਾਈ। 'ਜੋ ਮੁਹਿ ਚਾਹੋ ਤੌ ਪਹੁੰਚੋ ਆਈ।
ਜੋ ਜਿਸ ਸਮਝਤ ਹਮ ਕਿਛ ਨਾਂਹਿ। ਉਸੀ ਖਾਲਸੈ ਲਯੋ ਬਕਾਇ।੨੮।
ਕਜਾ ਜਾਨੋ ਗੁਰ ਜਗਾ ਗਿਰਾਈ। ਜਾਂ ਤੇ ਮੈਂ ਪੈ ਸਖਤੀ ਆਈ।
ਕਜਾ ਜਾਨੋ ਸਦੀ ਬਾਰਾਂ ਢੁੱਕੀ। ਤੁਰਕਨ ਜੜ੍ਹ ਅਬ ਉਖੜਨ ਢੁੱਕੀ'।੨੯।
ਸੁਨਤ ਖਬਰ ਉਠ ਜਹਾਨਾ ਧਾਯੋ। ਅਟਕ ਲੰਘ ਮਧ ਪੰਜਾਬੈ ਆਯੋ।
ਅਹਿਮਦ ਸ਼ਾਹੁੰ ਤਬ ਡੇਰੋ ਤਰਾਯੋ। ਵਲ ਲਹੌਰ ਡੇਰਾ ਸਿੰਘਨ ਪਾਯੋ।੩੦।
ਲਹੌਰ ਵੜਯੋ ਤਬ ਚਾਹਤ ਸ਼ਾਹਿ। ਨਹੀਂ ਸਿੰਘ ਉਸ ਦੇਵੋਂ ਰਾਹਿ।
ਰਾਤ ਅਕਾਵੈਂ ਦਿਨੈ ਅਕਾਹਿੰ। ਥੋੜੈ ਬਹੁਤੇ ਡਰੈਂ ਸੁ ਨਾਂਹਿ।੩੧।

ਦੋਹਰਾ: ਆਇ ਜਹਾਨੋ ਸ਼ਾਹ ਰਲਯੋ ਬਜਾਸੈ ਰਾਵੀ ਮਾਂਹਿ।
ਮਿਲੇ ਪਿਆਸੇ ਨੀਰ ਸਮ ਜੇਠ ਹਾੜ ਰੁਤ ਮਾਂਹਿ।੩੨।

ਚੌਪਈ: ਤੌ ਉਨ ਸਿੰਘਨ ਕੂਚ ਬਿਦਈ*। ਪਾਸ ਬਟਾਲੇ ਲੜਾਈ ਭਈ।
ਤੌ ਭੀ ਸਿੰਘਨ ਛਡਯੋ ਨ ਖਜਾਲ। ਉਸੀ ਤੌਰ ਲੜ ਰਹੇ ਸ਼ਾਹਿ ਨਾਲ।੩੩।
ਕੋਈ ਕਹੈ 'ਸ਼ਾਹੁ ਅਧੋ ਲੰਘਾਏ। ਤਹਿੰ ਲੁਟੈਂ ਹਮ ਅਗੈ ਉਸ ਜਾਏ'।
ਚੜ੍ਹ ਸਿੰਘ ਕਹਿ 'ਸ਼ਾਹਿ ਜਿਤ ਵਲ ਹੋਇ। ਉਸੀ ਵੱਲ ਤੁਮ ਮੁਹਿ ਦਯੋ ਢੋਇ।੩੪।

* ਬਿਦੀ, ਮਿਥੀ।

Sri Satguru Jagjit Singh Ji eLibrary NamdhariElibrary@gmail.com

ਅਗਿਓਂ ਹੁਇਕੈ* ਮੈਂ ਉਤ ਰਹੋਂ। ਮੈਂ ਤੋ ਸਲਾਹ ਯਹੀ ਤੁਮ ਕਹੋਂ'।
ਔਰ ਸੂਦਾਰ ਜੁ ਬੀ ਤਹਿੰ ਆਹਿ। ਕਰੋ ਨ ਕਾਹਲ ਫਤੇ ਲਈ ਪਾਇ।੩੫।
ਫਤੈ ਖਾਲਸੈ ਸਭ ਬਿਧ ਭਈ। ਮਾਰ ਕੁੱਟ ਕਿਤ ਕਢਜੋ ਸੁ ਦਈ।
ਕਾਹਲ ਅਬ ਹਮ ਚਹੀਅਤ ਨਾਂਹਿ। ਕਹਜੋ ਸਿਆਨਨ ਅਸ ਨੀਤ ਮਾਂਹਿ'।੩੬।

ਦੋਹਰਾ: ਰਾਵੀ ਲੰਘਤ ਸ਼ਾਹਿ ਕੀ ਸੂਦਾਰ ਪਰੇ ਗੈਲ ਨਾਂਹਿ।
ਨਿਹੰਗ ਭੁਜੰਗੀ ਨਹਿੰ ਟਲੇ ਆਏ ਦੰਦ ਤੁੜਾਇ।੩੭।

ਚੌਪਈ: ਸ਼ਾਹਿ ਅਗੇ ਥੋ ਜਤਨ ਬਨਵਾਯੋ। 'ਪਰ ਹੈਂ ਜ਼ਰੂਰ ਸਿੰਘ ਮੋ ਪਰ ਆਯੋ'।
ਜੰਬੂਰ ਖਾਨੋ ਔ ਸੁਤਰਹਿ ਖਾਨੋ। ਸੋਊ ਪ੍ਰਿਥਮ ਉਨ ਪਾਰ ਲੰਘਾਨੋ।੩੮।
ਪਾਛੇ ਉਸ ਕੇ ਤੋਰਜੋ ਬਹੀਰ। ਕਰ ਮਜਬੂਤ ਉਨ ਸੰਗ ਤਤਬੀਰ।
ਪਾਛੇ ਕੀਨੀ ਖਾਸੀ ਫੌਜ। ਜੈਸ ਚੜ੍ਹਜੋ ਨਦ ਦੇਵੈ ਮੌਜ।੩੯।
ਹੁਤੇ ਉਡੀਕਤ ਸਿੰਘਨ ਤਾਈਂ। ਆਇ ਪੜੇ ਕਰ ਸੋ ਖੜ ਧਾਈ।
ਦੋਊ ਵਲ ਤੇ ਛੁਟੇ ਹਥਜਾਰ। ਬਹੁਤ ਦੁਵੱਲੋਂ ਤਹਿੰ ਭਏ ਮਾਰ।੪੦।
ਸੂਦਾਰਨ ਨਹਿੰ ਥੋ ਹੱਲੋ ਕਰਜੋ। ਮੋੜ ਖਾਲਸੋ ਉਨ ਮੁਹਰੇ ਧਰਜੋ।
ਤਬੈ ਪੰਥ ਕੋ ਨਦਰ ਇਮ ਪਰੈ। ਕਰ ਉਪ੍ਰਾਲੋ ਸਿੰਘ ਅਗੈ ਆਇ ਅੜੈ।੪੧।

ਦੋਹਰਾ: ਮੁੜ ਗਿਲਜੇ ਭਏ ਪਾਰ ਅਪਨੋ ਖਜਾਲ ਛੁਡਾਇ।
ਲਹੌਰੇ ਲਾਂਭੇ ਛਾਂਭ ਛਡ ਗਜ ਮੁਲਤਾਨੈ ਦਾਇ।੪੨।

ਚੌਪਈ: ਸ਼ਾਹਿ ਮੁੜਜੋ ਬਡ ਨਮੋਸ਼ੀ ਪਾਇ। ਇਸ ਆਵਨ ਕੋ ਬਹੁ ਪਛੁਤਾਇ।
ਕਹਿ 'ਚਿੜੀਅਨ ਹਮ ਬਾਜ ਦਏ ਗਾਹ। ਕਰੇ ਛੇਲੂਅਨ ਹਮ ਸ਼ੇਰ ਖ੍ਵਾਰ।੪੩।
ਇਨਕੀ ਮੱਦਦ ਆਪ ਖੁਦਾਇ। ਪੁਜਜੋ ਨ ਬਲ ਹਮ ਇਨ ਪਰ ਕਾਇ।
ਇਨ ਮੇਂ ਸ਼ਕਤ ਕਿਛ ਆਹਿ ਕਰੀਮ। ਕਰ ਦੇਖਜੋ ਹਮ ਬਹੁਤ ਫਹੀਮ।੪੪।
ਅਬ ਜੋ ਮੇਰੋ ਇਤ ਦੇਸ਼ ਆਉਗ। ਜੋ ਆਉਗ ਸੋ ਪੱਛੋਤਾਉਗ'।
ਇਸੀ ਅਫਸੋਸੈ ਸੋ ਮਰ ਗਯੋ। ਪੁਜਜੋ ਨ ਕਾਬਲ ਰਾਹਿ ਸੁ ਮੁਯੋ।੪੫।
ਤੁਮ ਸੌਂ ਕਹੀ ਹਮ ਮਰੀ ਪਿਆਰੇ! ਇਮ ਕਰ ਮੁਯੋ ਸ਼ਾਹ ਪੰਥੋ ਹਾਰੇ।
ਜਿਨੈਂ ਸ਼ਾਹਿ ਥੋ ਨਾਦਰ ਮਾਰਜੋ। ਜੋ ਨਾਦਰ ਥੋ ਨਹਿੰ ਕਿਤ ਹਾਰਜੋ।੪੬।

ਦੋਹਰਾ: ਜੋ ਨਾਦਰ ਕੀ ਕਥਾ ਕਥੈਂ ਤੌਂ ਗ੍ਰੰਥ ਅਧਿਕ ਹੁਇ ਆਇ।
ਵਾਂਗ ਸਿਕੰਦਰ ਸਭ ਜਿਤੀ ਪਰਜੋ ਜਹੀਂ ਜਹਿੰ ਜਾਇ।੪੭।
ਦਿੱਲੀ ਮਾਰੀ ਥੀ ਉਨੈਂ ਕਰ ਕਤਲੇ ਸੱਤ੍ਰ ਹਜ਼ਾਰ।
ਜਿਸੈ ਪੁਰਸ਼ ਸੋਊ ਮਾਰਿਓ ਅਬ ਸਿੰਘਨ ਤੇ ਮੁਯੋ ਹਾਰ।੪੮।
ਦਿੱਲੀ ਰਿਪੁ ਨਾਦਰ ਕਹੈਂ, ਰਿਪੁ ਨਾਦਰ ਅਹਿਮਦ ਸ਼ਾਹਿ।
ਰਿਪੁ ਅਹਿਮਦ ਸ਼ਾਹਿ ਖਾਲਸੋ ਜਿਨ੍ਹ ਸੋ ਦਯੋ ਭਜਾਇ।੪੯।

* ਪਾ:-ਅਕੈ ਓਹ ਅਕੈ।

Sri Satguru Jagjit Singh Ji eLibrary NamdhariElibrary@gmail.com

ਗ੍ਰੰਥ ਬਹੁਤ ਬਧ ਜਾਤ ਜੌ ਸਭ ਲਿਖੀਐ ਉਸੈ ਹਵਾਲ।
ਸੇਅ ਅਠਾਰਾਂ ਸੌ ਮੁਯੋ ਉਪਰ ਤੇਈਏ ਸਾਲ।੫੦।
ਸੋਊ ਖਾਲਸੇ ਮੁੜ ਮਲਯੋ ਹੁਤੋ ਜੁ ਪਹਿਲੋ ਦੇਸ਼।
ਕਿਛ ਕਿਸ ਹਲਚਲ ਭੀ ਭਯੋ ਕਰ ਰੱਯਤ ਉਪਦੇਸ਼।੫੧।

ਔਰ ਪ੍ਰਸੰਗ

੧੬੧. [ਸਿੱਖਾਂ ਪਰ ਜ਼ੁਲਮਾਂ ਦਾ ਵੀਚਾਰ ਮਰੀ ਸਾਹਿਬ ਨਾਲ]

ਚੌਪਈ: ਕਹੀ ਰਤਨ ਸਿੰਘ 'ਮਰੀ ਕਪਤਾਨ'। ਕਰ ਉਤਪੱਤੀ ਸਿੰਘਨ ਧਜਾਨ।
ਨਾਦਰ ਅਹਮਦ ਕਜਾ ਪਹਿਲੋ ਥਾਇ। ਸਿੰਘ ਭਏ ਕਜਾ ਪਿੱਛੈ ਆਇ।੧।
ਕਰੀ ਮੁਗਲ ਜੋ ਦਿੱਲੀ ਵਾਲ। ਵਹੀ ਭਈ ਕੈ ਔਰ ਭਈ ਚਾਲ।
ਕਜਾ ਗੁਰ ਅਰਜਨ ਦਰਜਾਇ ਨ ਬੋਰਯੋ। ਕਜਾ ਤੇਗ ਬਹਾਦਰ ਸੀਸ ਨ ਤੋਰਯੋ।੨
ਕਜਾ ਸਾਹਿਬਜ਼ਾਦੇ ਨ ਖੁਹਾਏ ਚਾਰੋ। ਬਿਦੋਸ਼ੈ ਖਾਲਕ ਕਜਾ ਸ਼ੀਰਖੋਰੇ ਨ ਮਾਰੇ।
ਕਜਾ ਤੁਰਕ ਪਰੇ ਨ ਮੁਕਤਸਰ ਜਾਇ। ਨਹਿੰ ਉਨਕੈ ਕੁਛ ਰੋਕਯੋ ਥਾਇ।੩।
ਐਸੇ ਐਸੇ ਬਹੁ ਉਨ ਜ਼ੁਲਮ ਕਰੇ। ਕਹਾਂ ਕਹੌਂ ਕਿਛ ਗਿਣਤ ਨ ਪਰੇ।
ਤੌ ਸਤਿਗੁਰ ਥੋ ਬੰਦਾ ਨ ਘਲਾਯਾ। ਜਿਸੈ ਬਜੀਰਾ ਆਨ ਸੜਾਯਾ।੪।

ਦੋਹਰਾ: ਕਜਾ ਮੁਗਲਨ ਥੇ ਸਿੰਘ ਨਹੀਂ ਮਾਰੇ ਚਰਖ ਚੜ੍ਹਾਇ।
ਖੇਂਚ ਘਸੀਟ ਊਚੇ ਨੀਚੈ ਕਰ ਦਯੋ ਨ ਇਨੈ ਗਿਰਾਇ।੫।

ਚੌਪਈ: ਕਜਾ ਉਨ ਸੀਸ ਨ ਮੋਗਰੀਅਨ ਫੋੜੇ। ਕਜਾ ਮੁਗਲਨ ਗੁਰਦੁਆਰੇ ਨ ਤੋੜੇ।
ਕਜਾ ਬੰਦ ਬੰਦ ਕਟਯੋਨ ਮਨੀ ਸਿੰਘ ਭਾਈ। ਕਜਾ ਤਾਰੂ ਸਿੰਘ ਖੋਪ੍ਰੀ ਨ ਪੁਟਾਈ।੬
ਐਸੇ ਐਸੇ ਬਹੁ ਜ਼ੁਲਮ ਕਰੇ। ਪ੍ਰਿਥਮੇਂ ਮੁਗਲਨ ਤੇ ਨਹਿੰ ਸਰੇ?
ਤੌ ਮੁਗਲਨ ਪਰ ਆਫਤ ਆਈ। ਆਇ ਕ਼ੰਧਾਰੀਅਨ ਦਿੱਲੀ ਗਾਲਾਈ।੭।
ਨਾਦਰ ਅਹਿਮਦ ਸ਼ਾਹਿ ਅਕੱਲ। ਕਹੀ ਸੁ ਮੁਗ਼ਲ ਆਇ ਝੂਠੀ ਗੱਲ।
ਵਖਤ ਨੁਰੰਗੇ ਖਾਲਸੋ ਭਯੋ। ਮੁਗਲ ਚਹਤ ਤਿਸ ਆਜ ਲੁਕਯੋ।੮।
ਖਾਲਸੋ ਪ੍ਰਗਟ ਭਯੋ ਸੂਰਜ ਸਮਾਨ। ਤਿਸ ਕਜਾ ਲੁਕੋਏ ਬੱਦਲ ਆਨ।
ਹਨੇਰ ਜੁ ਖੋਵੈ ਤਿਨੇ ਤਲੋਇ। ਕੌਨ ਸਕੇ ਚੜ੍ਹ ਸੂਰਜ ਲੁਕੋਇ।੯।

ਦੋਹਰਾ: ਸੂਬੇ ਪੰਜ ਜੋਊ ਦਿੱਲੀਓਂ ਲੈ ਨਾਦਰ ਗਯੋ ਕਟਾਇ।
ਆਣ ਅਹਮਦ ਲੀਨੇ ਥੇ ਸੋਊ ਔ ਸਿੰਘਨ ਲਏ ਛੁਡਾਇ।੧੦।

ਚੌਪਈ: ਸਗਵਾਂ ਦਾਵਾ ਹਮਰੋ ਰਿਹਾ। ਗੁਰ ਸਿਰ ਲਾਗੇ ਸੋ ਸਿਖ ਚਹੈਂ ਲਿਆ।
ਜਿਸੈ ਸਿੱਖ ਬਿਚ ਬਰਕਤ ਪਾਊਗੁ। ਉਸੈ ਸਿੱਖ ਕੋ ਤਖਤ ਬਹਾਊਗੁ'।੧੧।
ਸੁਨਤ ਬਚਨ ਮਾਲੀ ਹਸ ਪਰਾ। 'ਦਾਵਾ ਹੈ ਤੁਮ ਗੁਰ ਕੋ ਖਰਾ।
ਜੋ ਕੁਛ ਕਰਤੇ ਕੇ ਦਿਲ ਆਊਗੁ। ਸੋਊ ਕਰਤਾ ਬਾਤ ਬਣਾਊਗੁ'।੧੨।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤੌ ਮਾਲੀ ਨੇ ਫਿਰ ਕਹਜੋ 'ਕਹੀ ਸੱਚ ਤੁਮ ਬਾਤ।
ਦਿੱਲੀ ਵਾਲਨ ਥੀ ਕਹੀ ਬੈਰ ਬਾਦ ਕੀ ਬਾਤ।੧੩।

ਚੌਪਈ: ਭਲੀ ਭਈ ਹਮ ਲਿਖ ਨ ਪਠਾਈ। ਬਾਤ ਹੇਤ ਹਮ ਲੰਦਨ ਝੁਠਾਈ।
ਹਮ ਸਭ ਖੂਬ ਖੋਜ ਲਖਿ ਲੀਆ। ਔਰ ਲੋਕਨ ਤੇ ਭੀ ਸੁਨ ਥੀਆ।੧੪।
ਮੁਸਲਮਾਣ ਅਰ ਹਿੰਦੂ ਪੁਰਾਣੇ। ਖੂਬ ਤਰ੍ਹਾਂ ਹਮ ਪੂਛ ਪਛਾਣੇ।
ਜਿਸੀ ਤੌਰ ਤੁਮ ਤੇ ਹਮ ਸੁਨੀ। ਉਹੀ ਤੌਰ ਕਹਿੰ ਪੁਰਾਣੇ ਗੁਨੀ।੧੫।
ਧੰਨ ਗੁਰੂ ਤੁਮ ਧੰਨ ਤੁਮ ਬੁੱਧਿ। ਕਹੀ ਬਾਤ ਤੁਮ ਨੈ ਸਭਿ ਸੁੱਧ।
ਪੰਥ ਡਾਢੇ ਕੋ ਹੈ ਯਹ ਸਾਚ। ਕੀਓ ਗੁਰਨ ਪਰ ਜ਼ੁਲਮ ਬਡ ਤਾਚ।੧੬।
ਸ਼ਾਹਿਬਜ਼ਾਦੇ ਦੁਇ ਜੈਲ ਧਰੂ ਮਾਰੇ। ਉਨਕੋ ਨਹਿੰ ਕਛੁ ਕੀਓ ਬਿਆੜੇ।
ਫੇਰ ਗੁਰੂ ਵਿਚ ਘੇਰੈ ਲੀਓ। ਸਿੰਘ ਗੁਰੂ ਸਮ ਲਖ ਕਟ ਦੀਓ।੧੭।

ਦੋਹਰਾ: ਨਹਿੰ ਸਤਿਗੁਰ ਉਸ ਮਾਂ ਮਰੀ ਨਹਿ ਉਸ ਮਾਰਜੋ ਬਾਪ।
ਵਲ ਤੋਰੇ ਰੋਹੀ ਆਪ ਕਹਿ ਗੇਲ ਘਲੀ ਫੌਜ ਕਰਨ ਪਾਪ।੧੮।

ਚੌਪਈ: ਸਭੀ ਭਾਂਤ ਤਿਨ ਮੁਗਲ ਝੁਠਾਇ। ਦੂਹੀਂ ਜਹਾਨੀਂ ਨਹਿੰ ਰਹਜੋ ਥਾਇ।
ਜੋਊ ਦੂਬਾਰੋਂ ਝੂਠੋ ਹੁਇ ਜਾਵੈ। ਕਹਾਂ ਹੋਤ ਉਸ ਝੂਠ ਬੁਲਾਵੈਂ।੧੯।

ਦੋਹਰਾ: ਤੌ ਮਾਲੀ ਹਮ ਸੌਂ ਕਹਜੋ 'ਹਮ ਨ ਭਯੋ ਪਤਿਆਹਿ।
ਸੋਊ ਲਿਖ ਹਮ ਭੇਜ ਹੈਂ ਲੰਦਨ ਕੇ ਪਤਿਸ਼ਾਹਿ।੨੦।

ਚੌਪਈ: ਲੰਦਨ ਤੇ ਜਾਊਗੁ ਔਰ ਦੇਸ਼। ਜਹਿੰ ਜਹਿੰ ਹਮਰੋ ਫਿਰਤ ਹੈ ਭੇਸ।
ਪੰਥ ਖਾਲਸੇ ਕੀ ਮਹਿਮਾਂ ਊਚ। ਲਿਖੀ ਗਈ ਕਰ ਸਭ ਹੀ ਸੂਚ।੨੧।
ਰੂਮ ਸਜਾਮ ਔ ਚੀਨ ਮਚੀਨ। ਜਾਇ ਖਿੰਡੇਗੀ ਲੰਘ ਮੁਹੰਮਦੋ ਦੀਨ।
ਰੂਮੀ ਔਰ ਹਫਸ਼ੀਅਨ ਕੇ ਪਾਰ। ਜਾਊਗੁ ਲੰਘ ਕਈ ਟਾਪੂ ਪਹਾੜ।੨੨।

ਦੋਹਰਾ: ਰਤਨ ਸਿੰਘ ਤੇ ਜੋ ਸਰੀ ਸੋ ਤੌ ਦਈ ਸੁਨਾਇ।
ਜੋ ਕਛੁ ਆਗੇ ਸਰੇਗੀ ਸੁਨੀਓਂ ਗੁਰ ਸਿਖ ਭਰਾਇ।੨੩।

ਸਾਖੀ ਸਜਾਮ ਸਿੰਘ ਕੀ ਮਿਸਲ

੧੯੨. [ਅਮਰ ਸਿੰਘ ਪਲਟੇਸ਼੍ਵਰ ਨਾਲ ਬਘੇਲ ਸਿੰਘ ਦਾ ਜੁੱਧ ਤੇ ਫਿਰ ਮਿੱਤ੍ਰਤਾ]

ਦੋਹਰਾ: ਸਾਖੀ ਸਿੰਘ ਸੁ ਸਜਾਮ ਕੀ ਜੌ ਸਰਦਾਰਨ ਭਯੋ ਸਰਦਾਰ।
ਸਤਿਗੁਰ ਉਨ ਦਰਸ਼ਨ ਕੀਓ ਹੁਤ ਬਾਲਕ ਪਿਤ ਕੈ ਨਾਰ।੧।

ਚੌਪਈ: ਸਜਾਮ ਸਿੰਘ ਕੀ ਸੁਨੋ ਕਹਾਨੀ। ਜਿਮ ਕਰ ਹਮਰੀ ਮਾਤ ਬਖਾਨੀ।
ਉਨ ਕੀ ਬੇਟੀ ਥੀ ਹਮਰੀ ਮਾਤਾ। ਇਮ ਹਮ ਖੋਜੁ ਸੁ ਤਿਸ ਕੋ ਜਾਤਾ।੨।
ਸੰਧੂ ਮਾਲੀ ਜਟ ਨਾਰਲੇ ਮਾਂਹਿ। ਸਜਾਮੂ ਮਿਹਰੋ ਭਯੋ ਸੁਤ ਤਾਂਹਿ।
ਤਬ ਹੁਤੇ ਸੁਲਤਾਨੀ ਜੱਗ ਬਹੁ ਲੋਕ। ਜੰਮਜੋ ਸ਼ਾਮੂ ਥੋ ਕਿਤ ਸੁਭ ਜੋਗ।੩।

Sri Satguru Jagjit Singh Ji eLibrary NamdhariElibrary@gmail.com

ਬਾਲਕ ਕੋ ਚਿਤ ਆਯੋ ਚਾਉ। ਸੋ ਨੱਠ ਚਲਯੋ ਖਾਲਸੈ ਦਾਉ।
ਮਸਤਾਨ ਸਿੰਘ ਕੈ ਡੇਰੈ ਗਯੋ। ਆਦਰ ਕਰਯੋ ਉਸ ਨੈ ਰਖ ਲਯੋ।੪।
ਮਸਤਾਨ ਸਿੰਘ ਉਸ ਪਾਹੁਲ ਦਈ। ਹੁਤ ਪੰਜ ਭੁਜੰਗਨ ਤੇ ਜਿਨ ਲਈ।
ਪੰਜਨ ਥੀਂ ਜਿਨ ਸਤਿਗੁਰ ਦਈ। ਉਨਕੀ ਸ਼ਕਤਿ ਹੁਤ ਉਨ ਮਧ ਅਈ।

ਦੋਹਰਾ: ਮਸਤਾਨ ਸਿੰਘ ਨਿਜ ਰਹਤ ਥੋ ਸ੍ਰੀ ਸਤਿਗੁਰੂ ਹਜ਼ੂਰ।
ਸੋ ਬੰਦੈ ਸੰਗ ਕਰ ਦੀਯੋ ਯੌ ਹੋਇਓ ਜਗ ਮਸ਼ਹੂਰ।੬।

ਚੌਪਈ: ਤਿਸ ਕੋ ਬੰਦੈ ਕੀਓ ਫੁਜਦਾਰ। ਲੜ ਸ਼ਹੀਦ ਭਯੋ ਤੁਰਕਨ ਨਾਲ।
ਸ਼ਜਾਮ ਸਿੰਘ ਥੋ ਡੇਰਾ ਸੰਭਾਰਾ। ਹੁਤੋ ਸਾਕ ਔ ਸਿੰਘ ਪਿਆਰਾ।੭।
ਸ਼ਜਾਮ ਸਿੰਘ ਬਡ ਲਾਇਕ ਭਯੋ। ਬਹੁਤ ਜੰਗ ਸੰਗ ਤੁਰਕਨ ਕਯੋ।
ਯਹੀ ਲਾਇਕੀ ਖਾਲਸੈ ਮਾਂਹਿ। ਲੜਨ ਮਰਨ ਮੈਂ ਰਹੇ ਅਗਾਹਿਂ।੮।
ਔਰ ਪ੍ਰਸ਼ਾਦੇ ਵੰਡ ਕੈ ਖਾਹਿ। ਮਿੱਠਾ ਬੋਲੈ ਸਿੱਖੀ ਕਮਾਹਿ।
ਗੁਰਬਾਨੀ ਸਜੋਂ ਲਾਵੈ ਹੇਤ। ਦਿਵਸ ਰੈਨ ਬਹੁ ਰਹੈ ਸੁਚੇਤ।੯।
ਕਿਸੀ ਦੇਸ਼ ਤੇ ਕੋ ਚਲਿ ਆਵੈ। ਦੇ ਪਾਹੁਲ ਤਿਸ ਸਿੰਘ ਬਨਾਵੈ।
ਹਿੰਦੂ ਹੋਇ ਤਿਸ ਖੁਲਾਵੈ ਨਾਲ। ਨੀਚ ਹੋਇ ਤਿਸ ਕਰੈ ਪ੍ਰਿਤਪਾਲ।੧੦।

ਦੋਹਰਾ: ਜੋ ਸਿੰਘ ਮਾਝੈ ਤੇ ਤੁਰੇ ਸੋ ਆਵੈ ਸ਼ਜਾਮ ਸਿੰਘ ਪਾਸ।
ਜੀਉ ਸਦਕੇ ਤਿਸ ਕੋ ਕਹੈ ਕਰੈ ਨ ਲੈਣ ਪਹ ਆਸ।੧੧।

ਚੌਪਈ: ਪਾਸ ਹੋਤਿ ਤੌ ਦੇਤ ਖੁਲਾਇ। ਹੋਇ ਨਹੀਂ ਤਾਂ ਇਕਲੋ ਨ ਖਾਇ।
ਹੁਤੀ ਪਹਿਲੋਂ ਖਾਲਸੈ ਯਹ ਰੀਤ। ਇਕਲੋ ਨ ਖਾਵੈ ਲੁਕ ਕਰ ਕੀਤ।੧੨।
ਇਕ ਪੈ ਹੋਇ ਤੌ ਸਭ ਮਿਲ ਖਾਹਿਂ। ਨਹਿਂ ਹੁਇ ਤੌਂ 'ਲੰਗ੍ਰ ਮਸਤ' ਅਖਾਹਿਂ।
ਔਰ ਖੁਲਾਇ ਆਪ ਪਿੱਛੋਂ ਖਾਵੈ। ਬਹੁਤ ਪਜਾਰ ਕਰ ਸਿੰਘਨ ਸਦਾਵੈ।੧੩।

ਦੋਹਰਾ: ਬੰਦਾ ਬਿਗਰਯੋ ਜਿਹਿਂ ਸਮੈ ਤੱਤ ਖਾਲਸੇ ਨਾਲ।
ਸ੍ਰੀ ਅੰਮ੍ਰਿਤਸਰ ਆਇ ਬਹੇ ਲੁਟ ਖੋਹੈਂ ਤੁਰਕਨ ਮਾਲ।੧੪।

ਚੌਪਈ: ਕਪੂਰ ਸਿੰਘ ਜਬ ਨ੍ਵਾਬੀ ਪਾਈ। ਸਜਾਮ ਸਿੰਘ ਲੀਯੋ ਸੁਨਹਿਰੀਓ ਬਨਾਈ।
ਸ਼ਜਾਮ ਸਿੰਘ ਸੰਗ ਸਿੰਘ ਜੇਊ ਰਲੇ। ਮਝੀ ਸ੍ਰਦਾਰ ਭਏ ਅਤਿ ਭਲੇ।੧੫।
ਨਾਮ ਗਾਮ ਸਭਿ ਜੇਊ ਲਿਖੈਯੇ। ਅਧਿਕ ਹਜ਼ਾਰੋਂ ਸ੍ਰਦਾਰ ਹੀ ਪੈਯੇ।
ਬਾਰਹਿ ਹਜ਼ਾਰ ਥੋ ਘੋੜੇ ਗੈਲੈ। ਲਏ ਰਲਾਇ ਮਿਸਲਨ ਕਰ ਜੈਲੈ।੧੬।
ਪ੍ਰਿਥਮ ਸੁੱਖਾ ਸਿੰਘ ਮਾੜੀ ਵਾਰਾ। ਹੁਤੋ ਸ਼ਜਾਮ ਸਿੰਘ ਕੀਓ ਮੁਖਤਜਾਰਾ।
ਸੋ ਲੜ ਮਰਯੋ ਅਹਿਮਦ ਸ਼ਾਹ ਨਾਲ। ਲਿਖਯੋ ਸਾਖੀ ਮੱਧ ਉਸੈ ਹਵਾਲ।੧੭।
ਤਿਸਤੇ ਮਗਰ ਕਰਮ ਸਿੰਘ ਪੈਜ ਗੜ੍ਹੀਓ। ਸਿੰਘ ਖੱਤ੍ਰੀ ਉਨ ਜਾਤ ਸੁਰੜੀਯੋ।
ਸ਼ਾਹਿ ਪੀਰ ਫੜ ਚਿੱਟੀ ਵਾਲੇ। ਘੇਰੇ ਸ਼ਾਹਿ ਕੌ ਲੈ ਮੁਯੋ ਨਾਲੇ।੧੮।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਤਿਸਕੈ ਮਗਰੋਂ ਸਜਾਮ ਸਿੰਘ ਕੀਓ ਕ੍ਰੋੜਾ ਸਿੰਘ ਮੁਖਤਜਾਰ।
ਜਾਤ ਜੱਟ ਸੰਧੂ ਹੁਤੋ ਬਾਸੀ ਮਾਝੈ ਮਝਾਰ।੧੯।

ਚੌਪਈ: ਉਸੈ ਪ੍ਰਤਾਪ ਬਹੁ ਦਲ ਮਧ ਵਯੋ। ਮੁਹਰੈਲ ਮਿਸਲ ਦਲ ਮਧ ਸੋ ਉਭਯੋ।
ਜੌ ਕੋ ਦੇਵੇ ਕਿਸੇ ਸਿੰਘ ਨਿਕਾਰ। ਵਹਿ ਮਿਲਵਾਇ ਲਏ ਅਪਨੇ ਨਾਲ।੨੦।
ਭੰਗੀ ਕਲਸੀਏ ਥੇ ਮਝੈਲਨ ਨਿਕਾਲੇ। ਬੂੜੀਓ ਛਛਰੌਲੀ ਦੇਕਰ ਲਏ ਨਾਲੇ।
ਸਾਲ ਬਾਹੀਏ ਤੁਰੇ ਦਿੱਲੀ ਵੱਲ। ਮੁਯੋ ਤ੍ਰਾਵੜੀਓ ਵਹੁ ਗੋਲੀ ਚੱਲ।੨੧।
ਉਸ ਚੇਲੋ ਥੋ ਬਘੇਲ ਸਿੰਘ ਧਾਲੀਵਾਲ। ਮੱਧ ਮਾਝੈ ਉਸ ਗ੍ਰਾਮ ਚੁਭਾਲ।
ਅਤਿ ਸੂਰੋ ਅਤਿ ਬਡੋ ਦਨਾਉ। ਫਤੇਦਾਰ ਅਤਿ ਭਲੋ ਸੁਭਾਉ।੨੨।
ਨਿਗਾਰੋ ਨਿਸ਼ਾਨ ਉਨ ਦਯੋ ਸੰਭਾਰ। ਸ਼ਜਾਮ ਸਿੰਘ ਭਯੋ ਥੰਨੇਦਾਰ।
ਉਸ ਕਰ ਦੀਨੋ ਮੁਹਰੇ ਵਾਰ। ਯੋ ਭਯੋ ਸ੍ਰਦਾਰਨ ਸਿਰ ਬਡੋ ਸ੍ਰਦਾਰ।੨੩।

ਦੋਹਰਾ: ਮਿਸਲ ਮਾਝ ਮਧ ਹੁਤ ਘਨੀ ਔ ਦੂਾਬੇ ਚੁਥਾਈ ਦੇਸ।
ਨੀਹਲ ਪਟਬਤ ਲਗ ਰੰਗੇ ਉਸ ਉਗ੍ਰਾਹੀ ਬਿਨੈ ਕਲੇਸ਼[1]।੨੪।

ਚੌਪਈ: ਜੋ ਉਸ ਕੀ ਕੋਊ ਮਿਸਲ ਅਕਾਵੈ। ਕ੍ਰਰ ਉਪ੍ਰਾਲੋ ਉਸ ਦੂਰੋਂ ਪਾਵੈ।
ਮਿਸਲ ਸਭੀ ਜੁ ਹੁਤੀ ਪੰਥ ਮਾਂਹਿ। ਇਕ ਇਕ ਬਾਰ ਲਰ ਗਈ ਨ ਠਾਹਿ।੨੫।
ਏਕ ਬਾਰ ਮਲਵਈ ਸ਼ੂਕ ਗਏ। ਹੁਤੈ ਮਝੈਲਨ ਬਹੁ ਸਾਕ ਗਏ।
ਇਤ ਆਵਨ ਤੇ ਰਹੇ ਹਟਵਾਇ। ਟਕੇ ਨਜ਼ਰਾਨੇ ਚਹੈਂ ਇਨ ਪਾਇ।੨੬।
ਇਨ ਮਿਸਲ ਬਘੇਲ ਸਿੰਘ ਕੀ ਹਥ ਪਾਯੋ। ਮਨੈ ਮਾਜਰੀਓ ਉਨ ਆਨ ਦਬਾਯੋ।
ਰਹਯੋ ਬਘੇਲ ਸਿੰਘ ਉਨ੍ਹੈ ਸਮਝਾਇ। ਸਗੋਂ ਬਿਲੋਲਪੁਰ ਬਿਹੂਨੀ ਲਈ ਚੁਕਾਇ।
ਤਉ ਚੜ੍ਹਯੋ ਬਘੇਲ ਸਿੰਘ ਬਜਵਾਇ ਨਗਾਰੋ। ਜਾ ਸਿਧ ਨੋ ਆਇ ਜਾਸ ਲੋ ਮਾਰੋ।
ਔਰ ਗਿਰਦ ਘਨੋ ਰਲਿਓ ਲੂਟ। ਲਾਇ ਮੋਰਚੇ ਗੜ੍ਹ ਬਹਯੋ ਜੁਟ।੨੮।

ਦੋਹਰਾ: ਅਮਰ ਸਿੰਘ ਖਬਰੋ ਭਈ ਕਛੂ ਚਿੱਤ ਨ ਚਿੰਤਾ ਕੀਨ।
'ਮੈਚਤੂੰਜਬੈ ਬਹੁ ਫੌਜ ਕਰ ਉਸ ਲਈਗੁ ਮੁਲਕ ਸਭ ਛੀਨ'।੨੯।
ਬਹੁ ਫੌਜਨ ਉੱਦਮ ਰਚਯੋ ਹਲਕਾਰੇ ਦਏ ਦੁੜਾਇ।
ਸਾਕ ਸਜਾਣ ਸਾਂਝ ਵਰਤਨ ਕਹਯੋਂ 'ਪਹੁੰਚੋ ਮੋ ਪੈ ਆਇ'।੩੦।
ਫੁਲਵਾਇਣ ਸਭ ਆ ਪੁਜਯੋ ਪੁਜੇ ਭਾਈ ਕੇ ਆਇ।
ਰਾਇ ਜਿਗਰਾਮੀਯੋਂ ਭੀ ਪੁਜਯੋਂ ਸੰਗ ਮਲੇਰੀਅਨ ਗੱਡ[2] ਬਣਾਇ।੩੧

ਚੌਪਈ: ਪਾਖਰ ਸਿੰਘ ਸੰਗ ਮਾਨਸ਼ਾਹੀ ਲਯਾਯੋ। ਮਹਾਂ ਸਿੰਘ ਚੜ੍ਹ ਮੁਦ ਕੀਓਂ ਧਾਯੋ।
ਹੁਤੇ ਰਾਜੇ ਕੇ ਸਾਲੇ ਸੋਊ। ਕੀਏ ਮੁਹਰੈਲ ਬਹੁ ਫੌਜੈ ਸੋਊ।੩੨।
ਫੌਜ ਨਾਹਣੀਓਂ ਬਹੁ ਰਾਜੋ ਲਯਾਯੋ। ਪੱਗ ਬਦਲ ਭਾਈ ਰਾਜੈ ਬਣਾਯੋ।
ਮਹਾਰਾਜੀਏ ਔ ਸਾਬੋ ਕੇ ਵਾਲ। ਕਾਲੇ ਕੇ ਗਿਲ ਮੌੜ ਸੁ ਦਾਰ।੩੩।

੧. ਭਾਵ ਰੀਗਾ ਤਕ ਉਸਦੀ ਉਗਰਾਹੀ ਬੇਰੋਕ ਟੋਕ ਹੁੰਦੀ ਸੀ। ੨. ਪਾ: ਗਠ।

Sri Satguru Jagjit Singh Ji eLibrary NamdhariElibrary@gmail.com

ਸਿੰਘ ਪੁਰੀਏ ਝਬ ਸੱਦੇ ਆਏ। ਹੁਤੇ ਤਊ ਥੇ ਨੇਮ ਬੰਧਾਏ।
ਔਰ ਗਿਰਦੈ ਕੈ ਛੋਟ ਸ੍ਰਦਾਰ। ਰਹਿ ਨਹਿਂ ਸਕਯੋ ਜੁ ਹੁਤੇ ਅਵਾਰ।੩੪।
ਕਈ ਕੁਸ਼ਾਮਦੀ ਕਈ ਸਾਕ ਸੁ ਦਾਰ। ਸਭ ਚੱਲ ਆਏ ਕਿਨ ਕਰੀ ਨ ਟਾਰ।
ਬਿਨ ਸੱਦੇ ਆਏ ਖਾਣੇ ਵਾਰ। ਘਿਓ ਖੰਡ ਕੈ ਚਲਾ ਦਏ ਖਾਰ।੩੫।

ਦੋਹਰਾ: ਰਾਜੇ ਨਦਰੋ ਜੋ ਲਈ ਫੌਜ ਉਪਰ ਘੋੜਨ ਚੜ੍ਹਾਇ।
ਆਯੋ ਗਰਰੋ ਦੇਖ ਬਡ ਫੌਜ ਰਹੀ ਭੂਮ ਛਾਇ।੩੬।

ਚੌਪਈ: ਖਹੁ ਖਜੈਂ ਨਗਾਰੇ ਬਡ ਘਮਘੋਰ ਪਾਈ। ਦਲ ਤੈ ਚੌਗੁਨ ਕਹੈ ਲੁਕਾਈ।
ਫਿਰ ਦੇਖਯੋ ਖਾਨੋ ਜੰਬੂਰ। ਛਲਕ ਕਰੀ ਤੌ ਰਹਯੋ ਕਾਸ* ਪੂਰ।੩੭।
ਫਿਰ ਦੇਖਨ ਪੈਦਲ ਮੰਗਾਯੋ। ਦੇਖ ਉਨੈ ਬਹੁ ਦਿਲ ਹੁਲਸਾਯੋ।
ਤੋਪਖਾਨਨ ਕੀ ਛਲਕ ਕਰਵਾਈ। ਡੇਰੋ ਦੀਨੋ ਬਾਹਰ ਲਵਾਈ।੩੮।

ਦੋਹਰਾ: ਦੇਖ ਫੌਜ ਨ੍ਰਿਪ ਖੁਸ਼ ਭਯੋ ਕਰ ਬੋਲਯੋ ਮਖੋਂ ਹੰਕਾਰ।
'ਕਜਾ ਵਮਤੁ ਬਘੇਲ ਸਿੰਘ ਏਕਲੋ ਸਭ ਪੰਥ ਲੜੈ ਜਾਇ ਹਾਰ।੩੯
ਹਮਰੀ ਗੱਲ ਮੁਖ ਇਕ ਖਿਥੈ ਖਾਲਸੈ ਮੁੱਖ ਹਜ਼ਾਰ'।
ਸੁਨਤ ਹੈਂ ਖੁਸ਼ਾਮਦੀ ਲੋਕ ਤਹਿਂ ਜਾਇ ਨ ਆਇ ਘਰ ਹਾਰ'।੪੦।

ਚੌਪਈ: ਜੋ ਘੱਲੇ ਰਾਜੇ ਥੇ ਗੋਪ ਹਲਕਾਰੇ। ਸੋ ਆਏ ਕਰ ਸਿੰਘਨ ਸ਼ੁਮਾਰੇ।
ਹਜ਼ਾਰ ਚਾਰ ਉਨ ਬੰਦੂਕ ਬਤਾਈ। ਖੁਦ ਮਿਸਲ ਸੁਧੀ ਬਘੇਲ ਸਿੰਘ ਲਿਖਾਈ।੪੧
ਇਕ ਹਜ਼ਾਰ ਆਈ ਮਿਸਲੋਂ ਪਰਾਈ। ਪੰਜ ਹਜ਼ਾਰ ਉਨ ਸਭੋ ਸੁਨਾਈ।
'ਔਰ ਨਾਗੜਬੂਦੀ ਦੀ ਕਜਾ ਕਹੌਂ ਗੱਲ। ਜੇ ਅਏ ਲੁਟੇਰੇ ਹੁਤ ਬਹੁਚੱਲ।੪੨।

ਦੋਹਰਾ: ਯਹ ਸੁਨ ਰਾਜਾ ਖੁਸ਼ ਭਯੋ 'ਫੌਜ ਕਾਬੂ ਕੀ ਹਮ ਆਹਿ।
ਉਨ ਤੇ ਚੌਗੁਨ ਹਮ ਵਿਰੈ ਹਮ ਲੱਯਗੁ ਉਸੈ ਫੜਵਾਇ'।੪੩।

ਚੌਪਈ: ਕਹਿ 'ਬਘੇਲ ਸਿੰਘ ਕਿਤ ਨਠ ਜਾਊਗੁ। ਦਿੱਲੀ ਮਾਝੇ ਮੱਧ ਲੁਕਨ ਨ ਪਾਊਗੁ।
ਪੰਜ ਹਜ਼ਾਰ ਕੁੱਲ ਉਸ ਸੰਗ ਘੋੜਾ। ਹਮਰੇ ਸੰਗ ਹਜ਼ਾਰ ਬਾਰਹ ਜੋੜਾ।੪੪।
ਤੋਪ ਜੰਬੂਰੇ ਉਸ ਸੰਗ ਨ ਕੋਈ। ਅਪਨੇ ਸੰਗ ਹਮ ਬਹੁਤੀ ਜੋਈ।
ਹਮ ਦੀਨੇ ਬਹੁ ਖਜ਼ਾਨੇ ਖੁਲ੍ਹਵਾਇ। ਸਿੰਘਨ ਦਲ ਕਿਛ ਲੁਟੈ ਤੋ ਖਾਹਿ'।੪੫।
ਦੁਲਚਾ ਸਿੰਘ ਸੁਨ ਚਿੰਤਾ ਭਾਰੀ। 'ਮਤਕਤ ਸਿੰਘਨ ਲੜਾਇ ਜਾਇ ਮਾਰੀ'।
ਇਤੇ ਕਰਤ ਬਹੁ ਫੌਜ ਭਈ ਆਇ। ਮਤ ਦੇਵੈ ਹਮ ਫੌਜ ਵਿਚਲਾਇ।੪੬।

ਦੋਹਰਾ: ਮੁਲਕ ਮੇਰੋ ਹੈ ਨਿਕਟ ਇਨ ਤੌ ਇਹ ਲੇਹਿ ਛੁਡਾਇ।
ਬਿਨਾਂ ਲੜੇ ਮਲਵਈਅਨ ਕਿਮ ਲੀਜੈ ਮੁਲਕ ਛੁਡਾਇ'।੪੭।

ਚੌਪਈ: ਬਘੇਲ ਸਿੰਘ ਉਸ ਹੱਮ ਕਰ ਕਹਯੋ। 'ਮੁਲਕ ਲੜੇ ਖਿਨ ਕਿਨ ਛਡ ਦਯੋ।
ਤੁਮ ਡਰ ਰਖਤ ਮਤ ਜਾਯੋ ਹਾਰ। ਮੈਂ ਆਣ ਭਿੜਾਊਂ ਦੱਖਣ ਕੰਧਾਰ'।੪੮।

* ਅਕਾਸ਼।

Sri Satguru Jagjit Singh Ji eLibrary NamdhariElibrary@gmail.com

ਵੱਲ ਪਟਜਾਲੇ ਦਯੇ ਡੇਰੇ ਤੁਰਤ ਤੁਰਵਾਇ। ਸੁਨ ਰਾਜੈ ਦਿਲ ਕ੍ਰੋਧ ਭਜੋ ਆਇ।
ਸੱਦ ਸੁਕਾਰੀਅਨ ਹੁਕਮ ਕਰ ਦਯੋ। 'ਮਾਰ ਸਿੰਘ ਘੋੜੇ ਲੈ ਅਯੋ'।੪੯।
ਵਕੀਲ ਰਾਜੇ ਹੁਤ ਚਨ ਸਿੰਘ ਜੋਊ। ਪਾਸ ਬਘੇਲ ਸਿੰਘ ਰਹਿਤ ਥੋ ਸੋਊ।
ਉਨ ਸੁਨ ਭੇਜੀ ਹਲ ਕਾਰਨ ਜੋੜੀ, 'ਲੜਜੋਨ ਸਿੰਘਨ ਲਖ ਫੌਜ ਥੋੜੀ'।੫੦।
ਰਾਜੇ ਕਹੀ 'ਤੂੰ ਵਕਤ ਖੁੰਝਾਵੈਂ। ਫਿਰ ਯਹਿ ਵੇਲੋ ਹਮ ਕਬ ਪਾਵੈਂ'।
ਸਦ ਛਿੜਵਾਲ ਔ ਫੁਲਵੈਣ ਸ੍ਰਦਾਰ। ਪੁਛੀ ਸਲਾਹ ਸਦ ਭਾਈਚਾਰ।੫੧।

ਦੋਹਰਾ: ਜੋ ਜੋ ਅਏ ਦਨਾਉ ਤਹਿਂ ਸਭ ਕਹਿਤ ਆਏ ਮਾਰ ਮਾਰ।
'ਵਕੀਲ ਰਲਜੋ ਸਾਥ ਸਿੰਘਨ ਕੈ ਵਹਿ ਚਹਿਤ ਤੁਹਾਰੀ ਹਾਰ'।੫੨।

ਚੌਪਈ: ਤੁਮ ਲੜਨੋ ਹਮ ਹੀ ਕੋ ਕਹੋ। ਆਪ ਬੈਠ ਤੁਮ ਪਟਜਾਲੇ ਰਹੋ।
ਹਮ ਫੜ ਲਜਾਵੈਂ ਸਿੰਘ ਬਘੇਲੋ। ਵਕੀਲ ਕਹੇ ਕਿਮ ਚੁਕਤ ਹੈ ਵੇਲੋ।੫੩।
ਉਨ ਲੈਣ ਕੀਨੋ ਕੁਛ ਸਿੰਘਨ ਕੋਲੈ'। ਛਿੜਵਾਲ ਭੁਜਦਾਰ ਇਮ ਕਹਿ ਬੋਲੈ।
ਬੁਰੇ ਦਿਵਸ ਉਨ ਲੋਕਨ ਆਏ। ਅਪਨੀ ਮੌਤ ਉਨ ਆਪ ਸਦਾਏ।੫੪।
ਯਹਿ ਸੁਨ ਵਕੀਲੈ ਫਿਰ ਲਿਖਦਯੋ। 'ਜੌ ਮਿਟੋ ਨਹੀਂ ਤੌ ਦੂਰ ਨ ਅਯੋ'।
ਤੌ ਲੋਕਨ ਇਮ ਹਾਮੀ ਉਚਾਰੀਂ। 'ਵਕੀਲ ਕੀਆ ਹਾਜੈ ਕਜਾ ਭਾਰੀ'।੫੫।
ਤੇ ਛਿੜਵਾਲ ਇਮ ਕਰੀ ਸਲਾਹੋ। 'ਬਿਨ ਪੂਛੇ ਰਾਜੇ ਲੁਟ ਸਿੰਘ ਖਾਹੋ'।
ਜਿਨ ਹੁਤੀ ਨ ਦੇਖੀ ਸਿੰਘਨ ਲੜਾਈ। ਪੋਚ ਪੋਚ ਖਰਛੀ ਤੇ ਕਹੈਂ ਚਮਕਾਈ।੫੬।

ਦੋਹਰਾ: 'ਜਿੱਕਾਂ ਮੜੈਲੇ ਬੇਟੜੇ ਅਮਾਂ ਅਜ ਅੱਡੇ ਆਹਿ।
ਘੈ ਘੋੜੀ ਉਨ ਟੋਡ ਬਹ ਬਰਛੀ ਮੱਧ ਪਿਠੇ ਗਡਾਹਿਂ'।੫੭।

ਚੌਪਈ: ਕੋਊ ਕਹੈ 'ਹਮ ਘੋੜੀ ਲਜਾਵੈ। ਕਿੱਲੈ ਵੱਧਰ ਹਮ ਘਰ ਜਾਇ ਪਾਵੈਂ'।
ਕੋਊ ਕਹੈ 'ਮੈ ਭਲ ਸੌਣ ਆਯੋ। ਆਵੌਂ ਮਾਲ ਜੁ ਮਨ ਮਹਿਂ ਭਾਯੋ'।੫੮।
ਕੋਊ ਕਹੈ 'ਮੋਹਿ ਮਿਲਜੋ ਬਘਜਾੜੋ'। ਕੋਊ ਕਹੈ 'ਮੋਹਿ ਮਿਲਜੋ ਸਪ ਕਾਰੋ'।
ਥੀ ਦੇਖੀ ਜਿਨ ਸਿੰਘਨ ਲੜਾਈ। ਕਹਿਂ ਮਲਵੱਯਨ 'ਮਿਲ ਅਏ ਹੋ ਮਾਈ ?।੫੯।
ਜੇ ਨਹਿਂ ਮਿਲੇ ਤਾਂ ਅਖ ਮਿਲ ਆਵੇ। ਸਿੰਘਨ ਲੜ ਫਿਰ ਮਿਲਨ ਨ ਪਾਵੇ'।
ਐਸੀ ਐਸੀ ਕਹਿ ਬਾਤ ਹੰਸਾਹਿਂ। ਕਰੈਂ ਖਿੱਲੀ ਸੁ ਮੜੈਲਨ ਸੁਨਾਹਿ।੬੦।
ਅਬ ਆਗੈ ਸੁਨੋ ਸਿੰਘਨ ਕੀ ਬਾਤ। ਉਨ ਸੁਨਜੋ ਆਏ ਮਲਵਈ ਬਹੁਧਾਂਤ।
ਭਈ ਬਹੀਰੀਅਨ ਮਨ ਸੰਕਾਇ। ਕਈ ਅਨਦੀਨੀ ਚੀਜੈ ਮੁੜਵਾਇ।੬੧।

ਦੋਹਰਾ: ਕਹਿਂ 'ਥੋੜੇ ਸਿੰਘ ਹਮ ਆਇ ਫਸੇ ਦੇਸ਼ ਉਨ੍ਹੈਂ ਕੈ ਮਾਂਹਿ।
ਜੋ ਆਇ ਸੁਕਾਰੈ ਘੇਰ ਹੈ ਹਮ ਫੇਰ ਨ ਨਿਕਸਨ ਪਾਹਿ'।੬੨।

ਚੌਪਈ: ਐਸੀ ਸੋਚ ਇਤ ਦਲ ਮਧ ਭਈ। ਨਹਿਂ ਢਿਗ ਬਘੇਲ ਸਿੰਘ ਡਰ ਕਿਨ ਕਹੀ।
ਇਕ ਦੁਲਚੈ ਇਮ ਆਨ ਉਚਾਰੀ। 'ਖਹੁ ਅਏ ਮਲਵਈ ਅਬ ਕਰ ਫੌਜ ਭਾਰੀ।੬੩

Sri Satguru Jagjit Singh Ji eLibrary NamdhariElibrary@gmail.com

ਤੁਸੀਂ ਮਿਸਲ ਕੋਈ ਸਾਥ ਨ ਲਈ। ਤੁਮ ਹਮ ਪੁਛੈ ਬਿਨ ਕਾਹਲ ਕਈ।
ਅਬ ਦਸ ਪੰਜ ਦਿਨ ਧੀਰ ਧਰਾਵੋ, ਮੁੜ ਡੇਰਾ ਦੇਸ਼ ਅਪਨੇ ਲਾਵੋ'।੬੪।
ਤੌ ਹਸ ਬਘੇਲ ਸਿੰਘ ਐਸ ਉਚਾਰੀ। 'ਅਬ ਮੁੜ ਚਲੇ ਕਜਾ ਰਹੂਗ ਤੁਮਾਰੀ।
ਮਗਰੇ ਡੇਰਾ ਮਲਵਈ ਚਲਾਵੈਂ, ਯਹ ਪੰਥ ਮਧ ਕਜਾ ਹਾਸੀ ਕਰਾਵੈਂ'।੬੫।
ਤਉ ਕਹੀ ਸਿੰਘ 'ਬਜਾਓ ਨਗਾਰੇ। ਕਰੂਗੁ ਗੁਰੂ ਜੋ ਉਸੈ ਭਾਵੈ ਕਾਰੇ'।
ਸੱਦ ਸ੍ਰਦਾਰਨ ਦੀਵਾਨ ਲਗਾਯੋ, ਜੰਗ ਕਰਨ ਕੋ ਮਤੋ ਮਤਾਯੋ।੬੬।

ਦੋਹਰਾ: ਖਾਲਸੇ ਸੋਊ ਮੰਨ ਲਈ ਕਹੀ ਜੁ ਸਿੰਘ ਬਘੇਲ।
'ਹਮ ਲਰਨੋ ਮਰਨੋ ਕਿਮ ਸੰਗੈਂ ਯਹ ਹੈ ਹਮਰੀ ਨਿਤ ਖੇਲ'।੬੭।

ਚੌਪਈ: ਤੌ ਦੂਲਚੈ ਸਿੰਘ ਕੋ ਥੰਨੋ ਸੌਂਪਾਯੋ। ਸੁੱਖੂ ਸਿੰਘ ਸੱਦ ਮੁਹਰੈ ਲਾਯੋ।
ਮਜ਼ਾਮ ਸਿੰਘ ਸਲੀਨੀਏ ਮਨੇਮਾਜਰੀਏ। ਰਸੂਲਪੁਰੀਏ ਚੋਲੀਏ ਚੁਭਾਲੀਏ।੬੮।
ਏ ਸਭ ਲਾਏ ਮੱਜੀ ਓਰ। ਵਲ ਕਲਸੀਏ ਦਏ ਧੱਬੀ ਵਲ ਤੋਰ।
ਬਘੇਲ ਸਿੰਘ ਕਹੀ ਉਨੈਂ ਸ੍ਰਦਾਰਨ। 'ਹੈ ਤੁਮ ਹੀ ਕੋ ਲੱਜਾ ਜਿੱਤਨ ਹਾਰਨ'।੬੯।
ਔਰ ਮਿਸਲ ਭੀ ਰਲੀ ਕੁਛ ਆਇ। ਕਹਜੋ ਉਨੈਂ 'ਰਹਜੋ ਬਹੀਹੇ ਦਾਇ'।
ਰਹੋ ਸੁਚੇਤ ਕਰੋ ਤਕੜਾਈ। ਸ਼ਸਤਰ ਪਕੜੋ ਕਰੋ ਲੜਾਈ'।੭੦।

ਦੋਹਰਾ: ਔਰ ਦੁਆਬੀਏ ਜੋ ਹੁਤੇ ਤੇ ਰਾਖੇ ਨਿਜ ਸਾਥ।
ਦੇ ਦੇ ਦਿਲਾਸੇ ਸਭਨ ਕੋ ਕਹਜੋ 'ਅਬ ਕਰੋ ਇਨ ਸੋਂ ਹਾਥ'।੭੧।

ਚੌਪਈ: ਇਕ ਔਰ ਬਚ ਸ੍ਰਦਾਰਨ ਕਰਜੋ। 'ਜਿਨ ਛਕਜੋਨ ਪ੍ਰਸਾਦ ਸੋਊ ਛਕ ਤੁਰਜੋ।
ਚਾਰ ਪਹਿਰ ਕੀ ਹੋਗੁ ਲਰਾਈ। ਹੋਨ ਮਿਲੁਗੁ ਨ ਡੇਰੋ ਬਿਨ ਫਤੈ ਪਾਈ।੭੨।
ਸੋਊ ਸ੍ਰਦਾਰਨ ਮੰਨ ਲਈ ਸੱਭ, ਲਰਨ ਪਹਿਰ ਚਾਰ ਕਰ ਲਜੋ ਢੱਬ।
ਤੁਰੇ ਘਨੌਰੋਂ ਮੋਰਚੇ ਉਠਾਇ: ਚੜ੍ਹ ਤੁਰੇ ਨਿਸ਼ਾਨਚੀ ਪਟਜਾਲੇ ਦਾਇ।੭੩।
ਬਜੇ ਨਗਾਰੇ ਪਈ ਘਮਘੋਰ, ਗਿਰਦ ਪਟਜਾਲੇ ਬਹੁ ਪੜ ਗਜੋ ਸ਼ੋਰ।
ਚਾਹ ਤਰਫ ਭਈ ਆਓ ਆਈ; ਭਯੋ ਗਰਦ ਮੈਂ ਸੂਰਜ ਛਾਈ।੭੪।

ਦੋਹਰਾ: ਰਾਜੇ ਦੇਖੀ ਗਰਦ ਦਲ ਉੱਪਰ ਬੈਠ ਮਹੱਲ।
ਦੈ ਬਾਰੂਦ ਸਿੱਕੋ ਸਭਨ ਕਹੀ 'ਲੜੋ ਅਬ ਚੱਲ'।੭੫।

ਚੌਪਈ: ਰਾਜ਼ੇ ਸ੍ਰਕਾਰੀ ਅਨਦਯੋ ਫੁਰਮਾਈ। 'ਮਾਰੋ ਸਿੰਘਨ ਦਿਹੋ ਘੋੜੇ ਲਜਾਈ।
ਲਿਹੋ ਦੁਸ਼ਾਲੇ ਕੰਗਣ ਪਾਇ'। ਯੌ ਕਹਿ ਭੇਜੇ ਤਿਨ ਦਿਲ ਵਧਾਇ।੭੬।

ਦੋਹਰਾ: ਦਲ ਤੈ ਚੌਗੁਨ ਘੋਰ ਕਰ ਅਸਖੀ ਸ਼ੁਤਰੀ ਬਜਵਾਇ।
ਉਡੀ ਧੂਰ ਰਵ ਗੁੰਮ ਗਯੋ ਨਹਿੰ ਆਪਨ ਸੁਝੈ ਪਰਾਇ।੭੭।

ਚੌਪਈ: ਦੇਖ ਫੌਜ ਰਾਜੇ ਖੁਸ਼ ਭਯੋ। 'ਬਕੀਲ ਝੂਠ ਹੁਤ ਹਮ ਸੋਂ ਕਹਜੋ।
ਹਮਰੀ ਫੌਜ ਆਹਿ ਅਤਿ ਭਾਰੀ। ਅਬ ਲਿਓਗੁ ਦਲ ਸਿੰਘਨ ਕੈ ਮਾਰੀ'।੭੮।

Sri Satguru Jagjit Singh Ji eLibrary NamdhariElibrary@gmail.com

ਮੁਕਾਰ ਖਾਸ ਦਾਈ ਪ੍ਰਿਥਮ ਚੜ੍ਹਾਇ। ਛੋੜ ਰੱਖੀ ਢਿਗ ਰਾਜੇ ਵਾਇ।
ਉਨ ਜਾਇ ਸਿੰਘਨ ਕੋ ਮੁਹਰੋ ਲਿਯੋ। ਇੱਕ ਬਾਰ ਪਰ ਲੜ ਖੜ ਦਲ ਕਰਜੋ।੭੯।
ਦੋਊ ਦਲ ਡਰ ਸ਼ਸਤ੍ਰ ਚਲਾਵੈਂ। ਗਿਰੈਂ ਖੜੈਂ ਮੁੜ ਹਿਲਚਲ ਪਾਵੈਂ।
ਢੂਕ ਬਰਛੀ ਮਲਵਈ ਚਲਾਹਿੰ। ਓਇ ਢਿਗ ਬੰਦੂਕੀਅਨ ਢੂਕਨ ਨ ਪਾਂਹਿ।੮੦।
ਕੁਵਾਇਤ ਸੋਂ ਸਿੰਘ ਬਰਛੀ ਬਚਾਵੈਂ। ਮਾਰ ਗੋਲੀ ਉਨ੍ਹੈਂ ਦੂਰੋਂ ਗਿਰਾਵੈਂ।
ਖੈਂਚ ਤੇਗ ਜੋਊ ਮਾਰਨ ਆਵੈਂ। ਮਾਰ ਗੋਲੀ ਉਨ੍ਹੈਂ ਦੂਰੋਂ ਗਿਰਾਵੈਂ।੮੧।

ਦੋਹਰਾ: ਘੋੜ ਚੜੇ ਉਨ ਮੱਧ ਭਲੇ ਬਹੁ ਲਾਏ ਸਿੰਘਨ ਭੀ ਹਾਥ।
ਟਰੇ ਨ ਸ਼ਸਤਰ ਫੇਟਿਓਂ ਮਰ ਗਿਰੇ ਗੋਲੀਅਨ ਸਾਥ।੮੨।

ਚੌਪਈ: ਸੁਧਰਾਇ ਪਠਾਣੀ ਫੌਜੈ ਪਾਹਿ। ਕਹਜੋ ਉਨ੍ਹੈਂ 'ਮਾਰੋ ਤੁਸੀਂ ਪਾਛੈ ਜਾਇ'।
ਸੋਊ ਫੌਜ ਪਰ ਬਹੀਰੈ ਪੜੀ। ਉਸ ਅਗਜੋਂ ਫੌਜ ਦੂਲਚੈ ਸਿੰਘ ਅੜੀ।੮੩।
ਉਸ ਉਪਰ ਪਜੋ ਦੇਖਜੋ ਜੋਰ। ਭੇਜਜੋ ਬਘੇਲ ਸਿੰਘ ਤੁਮਣੋ ਹੋਰ।
ਕਿਛ ਸੁੱਖੂ ਸਿੰਘ ਵਲ ਘੱਲੇ ਸ੍ਰਦਾਰ। ਜਿਤਨਕੁ ਦੇਖਿਆ ਉਨ ਵਲ ਭਾਰ।੮੪।

ਦੋਹਰਾ: ਦੋਊ ਵਲ ਫੌਜੈਂ ਲਰੈਂ ਕਰ ਕਰ ਮਨ ਵਡ ਚਾਉ।
'ਜਾਂਕੋ ਪਗ ਪਾਛੈ ਮੁੜੈ ਰਹੂਗੁ ਨ ਤਿਸੈ ਹਿਯਾਉ'।੮੫।

ਚੌਪਈ: ਘੜੀ ਦੋ ਇਕ ਤਹਿੰ ਐਸੇ ਲੜੇ। ਪਿੱਛੈ ਪਾਉਂ ਨ ਕਿਸਕੇ ਪੜੇ।
ਜਿਮ ਜਿਮ ਸ਼ਸਤਰ ਤਨ ਗਏ ਚੀਰ। ਤਿਮ ਤਿਮ ਬਿਹਬਲ ਭਏ ਸਰੀਰ।੮੬।
ਸਿੰਘ ਫਟੇ ਤਹਿੰ ਹੀ ਥਾਂ ਬਹੇ। ਮਲਵਈ ਫਟੇ ਵਲ ਪਿੱਛੇ ਧਏ।
ਇਕ ਨੂੰ ਚੱਕ ਦੁਇ ਚਾਰ ਮੁੜਾਹਿੰ। 'ਗਏ ਗਏ' ਸਿੰਘ ਉਨ੍ਹੈਂ ਅਖਾਹਿੰ।੮੭।
ਉਹਾਂ ਕਲਾ ਕਿਛ ਐਸੀ ਭਈ। ਮਲਵੱਯਨ ਫੌਜ ਵਲ ਦੋਊ ਹਿਲ ਗਈ।
ਸੁੱਖੂ ਸਿੰਘ ਤਹਿੰ ਗੈਲ ਦਬਾਈ। ਦੂਲਚੈ ਸਿੰਘ ਦਜੋ ਬਹੀਰ ਧਕਾਈ।੮੮।
ਬਘੇਲ ਸਿੰਘ ਤਹਿੰ ਸ਼ੁਤੁਰੀ ਬਜਾਇ। ਹੌਲੀ ਹੌਲੀ ਦਜੋ ਧੱਕੋ ਲਗਾਇ।
ਰਾਜੈ ਦੇਖੀ ਫਿਰੀ ਲੜਾਈ। ਰੁਹੇਲ ਪਜਾਦ ਦਏ ਪ੍ਰਬਤੀ ਤੁਰਾਈ।੮੯।

ਦੋਹਰਾ: ਨੱਠ ਭੱਜ ਕਿਛ ਜਾ ਪੁਜ ਦਈ ਇਕ ਇਕ ਬੰਦੂਖ ਚਲਾਇ।
ਦੇਖ ਅਗੇ ਨਠ ਆਵਤੇ ਉਨ ਤਹਿੰ ਲਗੇ ਨ ਪਾਇ।੯੦।

ਚੌਪਈ: ਫੌਜ ਅਸਵਾਰੀ ਤਹਿੰ ਤੁਰ ਗਈ। ਬਹੁਤ ਮਾਰ ਪੈਦਲ ਪਰ ਭਈ।
ਜਿਨ ਕੇ ਪੈਰ ਕਾਜ਼ ਕਰ ਗਏ। ਬਚੇ ਸੋਊ ਔਰ ਮਾਰ ਖੋਸ ਲਏ।੯੧।
ਇਸੀ ਤੌਰ ਭਜ ਵੜੇ ਪਟਜਾਲੇ। ਲਏ ਅੜਾਇ ਪਟ ਪੱਟਣ ਵਾਲੇ।
ਕੋਊ ਖੰਦਕ ਕੋਈ ਖਾਈਅਨ ਮਾਂਹਿ। ਗਿਰੇ ਪਰੇ ਤਹਿੰ ਜਾਨ ਬਚਾਹਿ।੯੨।

ਦੋਹਰਾ: ਤਬੈ ਰਾਜੈ ਅਗਜੋਂ ਕਹਜੋ 'ਕਰੋ ਤੋਪਨ ਕੀ ਮਾਰ।'
ਧੂੰਓਂ ਧਾਰ ਖਟੁ ਮਚਿ ਰਹਯੋ ਨਹਿੰ ਆਪਨ ਪ੍ਰਾਏ ਸਾਰ।੯੩।

I. Sri Satguru Jagjit Singh Ji eLibrary NamdhariElibrary@gmail.com .I

ਚੌਪਈ: ਮਹਾਂ ਸਿੰਘ ਕੋ ਤਹਿਂ ਸੁਤ ਮੁਯੋ। ਪਾਖਰ ਸਿੰਘ ਭੀ ਜ਼ਖਮੀ ਹੁਯੋ।
ਔਰ ਲੋਕਨ ਕੀ ਕਹਾਂ ਸੁਨਾਈਐ। ਗ੍ਰੰਥ ਬਢੈ ਜੋ ਨਾਮ ਲਿਖਾਈਐ।੯੪।
ਲਾਹਲ ਬਡੂੰਗਰ ਢਿਗ ਗ੍ਰਾਮ ਜੋਊ। ਲਏ ਬਹੀਰੀਅਨ ਤਹਿਂ ਲੁਟ ਦੋਊ।
ਤਹਿਂ ਬਘੇਲ ਸਿੰਘ ਪੈ ਚੈਨ ਸਿੰਘ ਆਯੋ। ਟਪ ਘੋੜਜੌਂ ਹਕ ਸਿੰਘ ਵਾਗ ਪਾਯੋ।੯੫
'ਬਸ ਕਰ ਅਬ ਸਿੰਘ ਜੀ ਬਹੁ ਭਈ। ਤੈ ਹਮਤੈ ਦਸਗੁਣ ਕਟ ਲਈ।'
ਦੁਲਚੈ ਸਿੰਘ ਭੀ ਆ ਸਮਝਾਯੋ। 'ਫਤੇ ਲਈ ਅਬ ਜੋਖੋਂ ਮਤ ਖਾਯੋ।'੯੬।
ਮੁੜਜੋ ਸਿੰਘ ਜੀ ਡੇਰੋ ਕਰਾਯੋ। ਮਧ ਪਿੰਡਨ ਦੋਊ ਝੰਡੇ ਗਡਾਯੋ।
ਘਲਜੋ ਚੈਨ ਸਿੰਘ ਉਤ ਸਮਝਾਇ: 'ਤੋਪ ਚੱਲਨੀ ਜਾਇ ਹਟਵਾਇ'।੯੭।

ਦੋਹਰਾ: ਤੌ ਰਾਜੇ ਸੋਂ ਚੈਨ ਸਿੰਘ ਕਹੀ ਜਾਇ ਹਥ ਜੋੜ।
'ਮੈਂ ਲਿਖ ਭੇਜਜੋ ਹੁਤ ਪ੍ਰਿਥਮ ਮਤ ਲੜੋ ਪੰਥ ਲਖ ਥੋੜ।੯੮।

ਚੌਪਈ: ਪੰਥ ਮੱਧ ਹੈ ਗੁਰ ਕੀ ਸ਼ਕਤਿ। ਪੰਥ ਮੱਧ ਜਪਿ ਤਪੀਏ ਭਗਤ।
ਆਦ ਪੰਥ ਕੈ ਨਿਗਾਰੇ ਨਿਸ਼ਾਨ। ਤੁਮ ਬਡੇ ਮਨਤ ਥੇ ਤਿਨ ਕੀ ਆਨ'।੯੯
ਰਾਜੇ ਕਹੀ 'ਔਰ ਰਖੋ ਸਿਪਾਹਿ। ਲੇਹੁ ਬਠਿੰਡੇ ਤੇ ਖਜਾਨੇ ਮੰਗਵਾਇ।
ਰੁਪੱਯਾ ਕਾਫੀ ਦੇਹੁ ਲਗਾਇ। ਉਨ ਹੀ ਕੀ ਫੌਜ ਲਿਹੁ ਤੁੜਵਾਇ।੧੦੦।
ਇਹ ਤੌ ਬਾਤ ਅਦਾਨਕ ਭਈ। ਮੈ ਬਿਨ ਫੌਜ ਇਕੱਲੀ ਨਠ ਅਈ।
ਔਰ ਮਿਸਲ ਦੋ ਚਾਰ ਮੰਗਾਈਏ। ਜੇ ਹੁਤੀ ਬਘੇਲ ਸਿੰਘ ਤੇਊ ਸੁਵਈਏ'।੧੦੧।
ਚੈਨ ਸਿੰਘ ਤਊ ਕਹੀ ਬਿਚਾਰੇ। 'ਹਮ ਦੋਵਲ ਘਰ ਕਿਮ ਕਰੈਂ ਖੁਵਾਰੇ'।
ਮਝੈਲ ਮਲਵਈ ਸਭ ਇੱਕੋ ਭਾਈ। ਅੰਦਰੋਂ ਬਾਹਰੋਂ ਰਲ ਹਮ ਲੁਟ ਖਾਈ।੧੦੨।
ਲੜਨ ਭਿੜਨ ਮੈਂ ਰਹਿਂ ਦੋਊ ਹੱਲ। ਕੋਊ ਖੜੈ ਕੋਊ ਜਾਇ ਸੁ ਚੱਲ।
ਕਈ ਬਾਰ ਹਮ ਉਨ੍ਹੈਂ ਭਜਾਵੈਂ। ਕਈ ਬਾਰ ਹਮ ਉਨਤੇ ਨਠ ਆਵੈਂ।੧੦੩।

ਦੋਹਰਾ: ਸਾਮ ਦਾਮ ਦੰਡ ਭੇਦ ਜੋ ਕਹੈਂ ਉਪਾਇ ਜੁ ਚਾਰ।
ਤਾਂਕੀ ਵਰਤਨ ਵਰਤ ਕੈ ਦਏ ਦੇਸੋਂ ਗ਼ਨੀਮ ਨਿਕਾਰ'।੧੦੪।

ਚੌਪਈ: ਕਹੀ ਰਾਜੇ 'ਤੂੰ ਸਜਾਨੋ ਆਹੀ। ਤੁਮਰੀ ਬਾਤ ਹਮ ਮੋੜੈਂ ਨਾਹੀਂ।
ਮੁੜ ਅਯੋ ਚੈਨ ਸਿੰਘ ਸਿੰਘ ਜ਼ੀ ਪਾਸ। ਮੁਲਕ ਮੋੜ ਉਸ ਦੀਨੋ ਖਾਸ'।੧੦੫।
ਨਜ਼ਰ ਨਜ਼ਰਾਨੋ ਔ ਮਾਮਲੋ ਆਹਿ। ਸੋ ਸਭ ਦੀਨੋ ਉਹਾਂ ਪੁਚਾਇ।
ਔਰ ਜੁ ਮਿਸਲ ਸੰਗ ਸਿੰਘ ਜੀ ਆਈ। ਸਭਨ ਲੀਨੋ ਮਾਮਲੋ ਭੂਵਾਈ।੧੦੬।

ਦੋਹਰਾ: ਤਿਸ ਹੀ ਦਿਨ ਬਘੇਲ ਸਿੰਘ ਸਭ। ਮਿਸਲਨ ਕੰਮ ਸਰਵਾਇ।
ਨਜਰ ਨਜ਼ਰਾਨੋ ਦਿਵਾਇ ਕੈ ਚੜ੍ਹਯੋ ਡੰਕ ਬਜਵਾਇ।੧੦੭।

ਚੌਪਈ: ਤਊ ਚੈਨ ਸਿੰਘ ਬਾਤ ਬਿਚਾਰੀ। 'ਗਰਬਤ ਸਿੰਘ ਮੋਂ ਨਹਿਂ ਖੁਲ੍ਹੀ ਹਮਾਰੀ।
ਹੈ ਬਘੇਲ ਸਿੰਘ ਬਡੋ ਉਪਾਈ। ਮਤ ਹਮ ਦਏ ਕੋਈ ਖਰਾਬੀ ਪਾਈ।੧੦੮।

Sri Satguru Jagjit Singh Ji eLibrary NamdhariElibrary@gmail.com

ਅਮਰ ਸਿੰਘ ਹਮ ਮਿਲਿਓ ਨਾਂਹੀਂ। ਚੜ੍ਹਤ ਹੇਤ ਇਮ ਗਯੋ ਸੁਣਾਈ'।
ਰਾਜੈ ਕਹਜੋ 'ਉਸ ਖੜਾਯੋ ਤੂੰ ਮੋੜ। ਹਮਸੋਂ ਉਸਕੋ ਕਰਾ ਦਿਹੁ ਜੋੜ'।੧੦੯।
ਜਾ ਚੈਨ ਸਿੰਘ, ਸਿੰਘ ਜੂ ਸੋਂ ਕਹਜੋ। 'ਤੁਮ ਚੜ੍ਹ ਤੁਰੇ ਮਿਲਨ ਰਾਜੋ ਥੇ ਅਯੋ'।
ਕਿਛਕੁ ਅਗਾਜੋਂ ਸਿੰਘ ਗੁੱਸੇ ਹੋਯੋ। ਟਪ ਘੋੜਜੋਂ ਫੜ ਚੈਨ ਸਿੰਘ ਖਲੋਯੋ।੧੧੦।
ਸੋ ਮੋੜ ਲੈ ਗਜੋ ਰਾਜੈ ਚੜ੍ਹਵਾਇ। ਨਜਰ ਨਜ਼ਰਾਨੋ ਬਹੁ ਫਿਰ ਦਜੋਵਾਇ।
ਸਾਥ ਬੇਟੋ ਥੋ ਰਾਜੈ ਲੈ ਗਯੋ! ਸੋਊ ਬਘੇਲ ਸਿੰਘ ਕੁਛੜ ਪਾ ਦਯੋ।੧੧੧।

ਦੋਹਰਾ: ਦੇ ਪਾਹੁਲ ਤਿਸ ਸਿੰਘ ਕੀਓ ਭਯੋ ਅਤੀ ਤਬ ਗੱਠ।
ਬਹੁਤ ਕਾਮ ਉਨ ਭਲ ਕੀਓ ਕਰ ਕਰ ਸਿੰਘ ਜੀ ਠੱਠ।੧੧੨।

ਚੌਪਈ: 'ਮੋਰ ਮਿਸਲ ਜੋ ਕਰੈ ਦੁਸ਼ਟਾਈ। ਆਇ ਬਘੇਲ ਸਿੰਘ ਉਨ ਕਰੈ ਸਹਾਈ।
ਨਿਜ ਘਰ ਤੈ ਉਨ ਭਲ ਘਰ ਜਾਣੈ। ਓਇ ਰਾਖੈ ਉਸ ਪਰ ਬਡ ਮਾਣੈ।੧੧੩।
ਅਮਰ ਸਿੰਘ ਜਬ ਹੀ ਮਰ ਗਯੋ। ਉਨ ਮਿਸਲਨ ਤਿਸ ਰਾਜ ਮਲ ਲਯੋ।
ਸਿੰਘ ਪੁਰੀਅਨ ਲਈ ਬਨੂੜ ਸਭ ਮੱਲ। ਸੰਗਤ ਸਿੰਘਨ ਲਯੋ ਮੂਲੈਪੁਰ ਰੱਲ।੧੧੪
ਭਏ ਪਟਜਾਲੇ ਦਰ ਦਰ ਬੰਦ। ਭਯੋ ਸਾਹਬ ਸਿੰਘ ਕੰਮ ਬਹੁ ਮੰਦ।
ਲਜਾਇ ਮਰਹਟੇ ਦਜੋ ਮੁਲਕ ਛੁਡਾਇ। ਕਰ ਲੜਾਈ ਦਈ ਮਿਸਲ ਕਢਾਇ।੧੧੫
ਫੇਰ ਨਾਨੂ ਦੀਵਾਨ ਆਕੀ ਭਯੋ! ਜਪਤ ਖਪਤ ਕਰ ਤਿਸ ਦੂਰ ਕਯੋ।
ਫੇਰ ਭਈਅਨ ਦਯੋ ਮੁਲਕ ਉਜਾੜ! ਜਾਇ ਬਘੇਲ ਸਿੰਘ ਸੋ ਦਏ ਮਾਰ।੧੧੬।
ਬੂਹੈ ਰਾਇ ਬੁਲਾਡੋ ਦਏ ਦੋਊ ਰੁਕਾਇ। ਸਰਸਜੋਂ ਰਾਣੀਓ ਦਏ ਭੱਟੀ ਕਢਾਇ।
ਹਾਂਸੀ ਹਿਸਾਰ ਅਠਖੇੜਨ ਤਾਈਂ। ਸੰਗ ਦਈ ਫੌਜ ਕਰਵਾਈ ਉਗ੍ਰਾਹੀ।੧੧੭।

ਦੋਹਰਾ: ਔਰ ਬਾਤ ਬਹੁ ਕਜਾ ਲਿਖੇਂ ਨਿਭ ਗਈ ਉਨ ਸੰਗ ਦੇਹ।
ਖਚਨਨ ਕੇ ਪੂਰੇ ਪੁਰਸ਼ ਪਾਲਤ ਤੇਊ ਸਨੇਹ।੧੧੮।

ਪੰਥ ਕੀ ਔਰ ਸਾਖੀ

੧੬੩. [ਲੁਹਾਰੀ ਦੇ ਹਾਕਮ ਪਾਸੋਂ ਦਿਜ ਸੁਤਾ ਛੁਡਾਈ। ਸ: ਬਘੇਲ ਸਿੰਘ ਨੇ ਦਿੱਲੀ ਦੇਹੁਰੇ ਬਣਾਏ]

ਦੋਹਰਾ: ਸੁਨੋ ਸਾਖੀ ਔਰ ਸਿੰਘਨ ਕੀ ਜਿਮ ਕੀਨੋ ਬਿਪ ਉਪਕਾਰ।
ਦਿੱਲੀ ਢਿਗ ਜ਼ੁਲਮੀ ਹੁਤੀ ਜਾਇ ਸੱਯਦ ਦੀਨੋ ਮਾਰ।੧।

ਚੌਪਈ: ਸ਼ਹਰ ਲੁਹਾਰੀ ਜਲਾਲੈਬਾਦ। ਸੱਯਦ ਹੁਤੋ ਮਸਤ ਬਹੁ ਆਦ।
ਉਨੈ ਬਾਮਨ ਬੇਟੀ ਫੜ ਲਈ। ਉਸੈ ਅਦਾਲਤ ਨ ਕਿਨਹੂੰ ਦਈ।੨।
ਪੂਰਬ ਦੱਖਨ ਵੁਹ ਫਿਰ ਥੱਕਾ। ਉਨੈਂ ਆਇ ਫਿਰ ਗੁਰ ਪੰਥ ਤੱਕਾ।
ਹੁਤੋ ਪੰਥ ਥੋ ਮਾਝੇ ਮਾਂਹਿ। ਉਸੈ ਫਰਯਾਦ ਕਰੀ ਆਇ ਤਾਂਹਿ।੩।

Sri Satguru Jagjit Singh Ji eLibrary NamdhariElibrary@gmail.com

ਸਭੋ ਹਕੀਕਤ ਪੰਥ ਸੁਨਾਈ। 'ਕਰੋ ਉਪਰਾਲਾ ਨਹੀਂ ਮਰ ਰਹੋਂ ਯਾਹੀ।
ਤੁਮ ਪਰਮੁਾਰਥੀ ਹੋ ਜਗ ਮਾਂਹੀ। ਤੁਮ ਬਿਨ ਕੋ ਛੱਤ੍ਰੀ ਜਗ ਨਾਹੀਂ'।੪।
ਹੁਤੀ ਪੱਗ ਥੀ ਉਸ ਸਿਰ ਨਾਂਹਿ। ਸਿਰ ਕੂਲਜੋ ਫਿਰੈ ਸੁ ਪੰਥੈ ਪਾਹਿ।
ਕੋਊ ਕਹੈ 'ਵਹਿ ਜਾਗਾ ਦੂਰ'। ਕੋਈ ਕਹੈ 'ਵਹਿ ਦਿੱਲੀ ਹਜ਼ੂਰ।੫।

ਦੋਹਰਾ: ਉਹਾਂ ਲੜਾਈ ਬਹੁਤ ਹੈ, ਹੈ ਉਤ ਬਡੀ ਸਿਪਾਹ।
ਉਹਾਂ ਜਾਵੈ ਪੁਰਸ਼ ਸੋ ਜਿਨ ਮਿਲਨ ਨ ਹੋਵੈ ਮਾਇ'।੬।
ਸ਼ਹੀਦ ਨਿਹੰਗ ਭੁਜੰਗੀਅਨ ਕਹਿ ਨਗਾਰੇ ਦਏ ਬਜਾਇ।
'ਹਮ ਤੌ ਜ਼ਰੂਰਹਿ ਜਾਇੰਗੇ ਔਰ ਕੋਈ ਜਾਇ ਨ ਜਾਇ'।੭।

ਚੌਪਈ: ਔਰ ਪੰਥ ਭੀ ਨਗਾਰੇ ਬਜਾਏ। ਸੁਨ ਪਰਸ੍ਵਾਰਥ ਹਟਜੋ ਨ ਕਾਏ।
ਯੌਂ ਕਹਿ ਲੰਘੇ ਮਤ੍ਰਦਰ* ਦਰਜਾਇ। ਜਾਇ ਉਤ੍ਰੇ ਢਿਗ ਜਮਨਾ ਵਾਇ।੮।
ਉਤਵਲ ਖਬਰ ਤੁਰਕਨ ਭੀ ਭਈ। ਉਨੈਂ ਤਕੜਾਈ ਆਪਨ ਕਈ।
ਕੂਚ ਬੰਦੀ ਗਿਰਦ ਸ਼ਹਿਰੇ ਕਈ। ਨਈ ਪੁਰਾਣੀ ਫੌਜ ਰਖ ਲਈ।੯।
ਲੰਘੇ ਜਮਨਾਂ ਕਰੀ ਪੰਥੈ ਦੌੜ। ਭਯ ਬ੍ਰਾਹਮਣ ਭੀ ਮੂਹਰੇ ਧੌੜ।
ਆਇ ਤੁਰਕ ਤਬ ਦੂਰਹੁੰ ਲੜੇ। ਕੁਛਕੁ ਸਿੰਘ ਤਹਿਂ ਹੋ ਰਹੇ ਖੜੇ।੧੦।
ਤੌਂ ਲੌਂ ਆਇਕੈ ਪੁਜਜੋ ਬਹੀਰ। ਤੌਂ ਠਟੀ ਖਾਲਸੇ ਕਰਨ ਜੁਧ ਤਤਬੀਰ।
ਝੰਡੇ ਬੈਰਕ ਦਈ ਖੁਲ੍ਹਾਇ। ਦਏ ਨਗਾਰਨ ਡੰਕੇ ਲਾਇ।੧੧।

ਦੋਹਰਾ: ਕਰ ਹੱਲਾ ਫਿਰ ਸਿੰਘੋਂ ਨੇ ਦੀਓ ਐਸੇ ਕਰ ਅਰਦਾਸ।
'ਪਰਸ੍ਵਾਰਥ ਕੇ ਕਾਰਨੇ ਲਹੇ ਸ਼ਹੀਦੀ ਖਾਸ'।੧੨।

ਚੌਪਈ: ਦਈ ਨਗਾਰਨ ਘਮਘੋਰ ਪਾਇ। ਤੁਰਕਨ ਹੋਏ ਪੈਰ ਹਿਲਾਇ।
ਅਗੈ ਤੁਰਕ ਤੇ ਪਿਛੈ ਸਿੰਘੋੜ। ਜਿਮ ਮਿਰਗਨ ਮੈਂ ਸਿੰਘ ਪੜੇ ਦੌੜ।੧੩।
ਜਿਉਂ ੨ ਤੁਰਕ ਸ਼ਸਤ੍ਰ ਅਗਜੋਂ ਚਲਾਇ। ਤਿਉਂ ੨ ਸਿੰਘ ਕਛ ਨਾ ਸੰਕਾਇਂ।
ਖੋਲ ਦਰਵਾਜੇ ਤੁਰਕ ਅੰਦਰ ਵੜ ਗਏ। ਨਹਿਂ ਸਿੰਘਨ ਫਿਰ ਭੇੜਨ ਦਏ।੧੪।
ਸਾਥ ਲੋਥਨ ਦਰਵਜੇ ਭਰ ਗਏ। ਇਮ ਕਰ ਬਾਰ ਅੜਨ ਤੇ ਰਹੇ।
ਬਹੁ ਬੰਦੂਕਨ ਛਲਕ ਸਿੰਘ ਮਾਰੈਂ। ਫਟੇ ਚਟੇ ਤੁਰਕ ਨਠੈਂ ਅਗਾਰੇ।੧੫।
ਅਗੇ ਖਾਲਸੈ ਕੋਊ ਸਕੇ ਨ ਅੜਨ। ਕਿਤੇ ਦਰਵਾਜੈ ਕਿਤ ਕੰਧ ਟਪ ਵੜਨ।
ਸਿੰਘਨ ਕੈ ਮਨ ਵਧਜੋ ਉਤਸ਼ਾਹ। ਸਿੰਘਨ ਜਾਪੇ ਤਰਫ ਚਾਰ ਰਾਹ।੧੬।

ਦੋਹਰਾ: ਉੱਪਰ ਹੇਠੈ ਹੋਇ ਉਨ ਵੜਜੋ ਪੰਥ ਤਹਿਂ ਨਾਲ।
ਘੜੀ ਚਾਰ ਕੇ ਭੀਤਰੇ ਹੋ ਗਜੋ ਹੋਲੀ ਸੋਂ ਖਜਾਲ।੧੭।

ਚੌਪਈ: ਪ੍ਰਿਥਮ ਸਿੰਘਨ ਕਰ ਲਈ ਅਰਦਾਸ। ਬਿਨ ਮਾਰੇ ਤੁਰਕ ਲੁਟਨ ਖਾਸ।
ਤੌਂ ਸਿੰਘਨ ਫੜ ਲਈ ਤਲਵਾਰ। ਸ਼ਸਤਰ ਵਾਰਨ ਫੜ ਦਏ ਮਾਰ।੧੮।

---
* ਸਤਲੁਜ।

Sri Satguru Jagjit Singh Ji eLibrary NamdhariElibrary@gmail.com

ਬਿਨ ਬੋਦੀ ਸਿਰ ਜਿਸ ਦਿਸ ਆਇ। ਮਾਰ ਟੋਲ ਤਿਸ ਦੇਹਿਂ ਗਿਰਾਇ।
ਲਗੇ ਤੁਰਕਨ ਕੀ ਲੋਥਨ ਢੇਰ। ਬਹੁ ਨਠ ਗਏ ਔਰ ਦ੍ਰਵਾਜ਼ਨ ਕੇਰ।੧੯।
ਕਈ ਬਚੇ ਨੇ ਮੁਖ ਮਧ ਘਾਹਿ। ਹੁਤੇ ਦਇਆਵੰਤ ਸਿੰਘਨ ਸੁਭਾਇ।
ਬੋਦੀ ਵਾਰਨ ਰਛਜਾ ਦੇਵਤ। ਨਠੇ ਭਜੇ ਕੇ ਪੀਛਾ ਨ ਲੇਵਤ।੨੦।

ਦੋਹਰਾ: ਸੋ ਸੱਯਦ ਵੜ ਭੋਹਰੇ ਬੈਠੋ ਮੱਧ ਲੁਕਾਇ।
ਢੂੰਡ ਰਹੇ ਸਿੰਘ ਬਹੁ ਉਸੈ ਵਹਿ ਕਿਤ ਨਦਰ ਨ ਆਇ।੨੧।

ਚੌਪਈ: ਤੌ ਦਿਜ ਨੈ ਜਾਇ ਧੀ ਬੁਲਾਈ। 'ਕਹੁ ਪਾਪਨ ਵਹਿ ਜੁਲਮੀ ਜਿਹ ਥਾਈਂ'
ਤੌ ਉਨ ਭੋਹਰੈ ਦਯੋ ਬਤਾਇ। ਦੌੜ ਸਿੰਘਨ ਫੜ ਕੱਢਜੋ ਵਾਇ।੨੨।
ਗੇਰ ਮੰਜੈ ਸੋ ਉਪਰ ਨਰੜਾ। ਬਾਂਧ ਜੇਵੜਨ ਮੇਂ ਕੀਨੇ ਕਹੜਾ।
ਤਹਿਂ ਛਪਰ ਲਜੋ ਫੂਸ ਨਿਕਾਰ। ਦਈ ਅਗਨ ਤਿਸ ਹੇਠੈ ਜਾਰ।੨੩।
ਫਿਰ ਬ੍ਰਹਮਨ ਇਮ ਪੰਥੈ ਕਹਜੋ। 'ਏਕ ਕਲਾਲ ਇਸ ਅੱਗੈ ਅਹਜੇ।
ਧੀ ਪਰਾਈ ਵਹੁ ਇਸੈ ਬਤਾਵੈ। ਤੌ ਯਹ ਫੜ ਕਰ ਪਿਛੌਂ ਮੰਗਾਵੈ'।੨੪।
ਸੋ ਬੀ ਸਿੰਘਨ ਫੜ ਤੁਰਤ ਮੰਗਾਯਾ। ਪਾਇ ਰੱਸਾ ਉਸ ਫਾਹੈ ਟੰਗਾਯਾ।
ਜੈ ਜੈ ਕਾਰ ਤਹਿਂ ਪੰਥੇ ਭਏ। ਬਹੁ ਤੁਰਕਨ ਘਰ ਸਜਾਪੇ ਪਏ।੨੫।

ਦੋਹਰਾ: ਸੁਨੌਂ ਕਹਾਨੀ ਬਾਮਨੀ ਬੇਟੀ ਬ੍ਰਾਹਮਨ ਜੋਇ।
ਪੰਥ ਸੱਦ ਪੁਛ ਉਸ ਕਰੀ, ਕਹੌਂ ਹਕੀਕਤ ਸੋਇ।੨੬।

ਚੌਪਈ: ਪੁੱਛੀ ਪੰਥ ਸੱਦ ਬ੍ਰਾਹਮਨ ਧੀਅ। 'ਕਹੁ ਅਬ ਤੇਰੇ ਕਜਾ ਮਧ ਜੀਅ?'
ਉਨੈ ਕਹਜੋ 'ਮੈਂ ਵੱਸ ਪਰਾਇ। ਮੈਂ ਕਰ ਸੱਕੀ ਨ ਪ੍ਰਾਨ ਉਡਾਇ।੨੭।
ਬਦੋਬਦੀ ਉਨ ਮੋਂ ਸੰਗ ਕਯੋ। ਸੋਊ ਨਤੀਜਾ ਪੰਥ ਉਸ ਦਯੋ'।
ਕਹਜੋ ਪੰਥ 'ਤੂੰ ਬੇਟੀ ਹਮਾਰੀ। ਦਯੁਗੁ ਮਿਲਾਇ ਅਬ ਦੋ ਕੁਲ ਥਾਰੀ'।੨੮।
ਸੱਦ ਪੰਥ ਉਸ ਪਿਤਾ ਪੁਛਾਯਾ। ਉਨ ਉਸ ਪਿੰਡ ਸੁਸਰਾਰ ਬਤਾਯਾ।
ਸੁਨਤ ਪੰਥ ਦਏ ਹਲਕਾਰੇ ਤੋਰ। ਕਹੀ ਪੰਥ 'ਹਮ ਆਵੈਂ ਤੁਮ ਕੋਰ।੨੯।
ਇਕੈ ਤੁ ਹਮ ਸੰਗ ਕਰੋ ਲਰਾਈ। ਇਕੈ ਤੁ ਬੇਟੀ ਲਿਹੋ ਪੰਥ ਰਲਾਈ।
ਇਹ ਬੇਟੀ ਅਬ ਪੰਥਹ ਭਈ। ਅਬ ਤੁਮ ਲੇਹੋ ਇਸੇ ਰਲਈ'।੩੦।

ਦੋਹਰਾ: ਯੋ ਕਹਿ ਕੈ ਤਹਿਂ ਪੰਥ ਭੀ ਡੰਕੇ ਦੀਏ ਲਗਾਇ।
ਦੋੜ ਦਧੌੜੇ ਕਰ ਤਬੀ ਪਹੁੰਚਜੋ ਤਿਸ ਪਿੰਡ ਜਾਇ।੩੧।

ਚੌਪਈ: ਉਸੀ ਪਿੰਡ ਕੇ ਪੈਂਚ ਬੁਲਾਏ। ਦੀਨੀ ਉਨ ਸਭ ਗਲ ਸਮਝਾਏ।
ਸੋਊ ਬਾਤ ਪੰਚਨ ਮੰਨ ਲਈ। ਚਹੁ ਬਰਨੀ ਪੰਚਾਇਤ ਬਿਪ ਸੰਗ ਅਈ।੩੨।
ਚਹੁੰ ਬਰਨਨ ਇਮ ਲਈ ਠਹਿਰਾਏ। 'ਵਹਿ ਕਰੈ ਰਸੋਈ ਹਮ ਲੇਹਿਂ ਖਾਏ'।
ਸਸੁਰਾਰ ਪੇਈਏ ਦੁਇ ਟੱਬਰ ਜੋਰ। ਖੁਲਾਇ ਰਸੋਈ ਘਰ ਦਏ ਤੋਰ।੩੩।

Sri Satguru Jagjit Singh Ji eLibrary NamdhariElibrary@gmail.com

ਸਦ ਭਰਤੋ ਉਸ ਬਾਂਹ ਫੜਵਾਈ। ਔਰ ਬਾਤ ਤਊ ਪੰਥ ਜੀਅ ਆਈ।
ਕਹਯੋ ਉਨੈਂ 'ਦਯੋ ਕੰਬਲੀ ਇਕ ਡਾਲ। ਕੰਨਜਾਂਦਾਨ ਤਹਿਂ ਪੰਥ ਦੇਗੁ ਘਾਲ।੩੪।
ਇਸੈ ਪੰਥ ਨਿਜ ਬੇਟੀ ਕਹਯੋ। ਇਸ ਕੋ ਚਹੀਅਤ ਦਾਜ ਭੀ ਦਯੋ'।
ਜਬ ਉਸ ਨੇ ਦਯੋ ਕਪੜੋ ਡਾਲ। ਲਗੇ ਚੁਤਰਫੋਂ ਪੜਨੈਂ ਮਾਲ।੩੫।

ਦੋਹਰਾ: ਕਿਨੈ ਰੁਪੱਯੇ ਕਿਨ ਮੋਹਰੈਂ ਪੈਸੇ ਕੌਡੀ ਅਪਾਰ।
ਬਹੁਤ ਦਰਬ ਇਕਠੀ ਭਈ ਵਹਿ ਬਿੱਪਰ ਭਯੋ ਨਿਹਾਲ।੩੬।
ਮਾਰਯੋ ਸੱਯਦ ਜਬ ਖਾਲਸੇ ਤੌ ਭਇਓ ਤੁਰਕਨ ਥਰਥੱਲ।
ਪੂਰਬ ਦੱਖਨ ਲਗ ਮਰੇ ਗਈ ਗੱਲ ਯਹ ਹੱਲ।੩੭।

ਚੌਪਈ: ਹਿੰਦੂ ਕਹੈਂ 'ਪੰਥ ਨਿਹਕਲੰਕ ਕੋ ਆਯੋ ਇਸੀ ਪੰਥ ਹੋਵਗੁ ਪ੍ਰਗਟਾਯੋ'।
ਤੁਰਕ ਕਹੈਂ 'ਖਰਜੰਦਾਲ ਪੰਥ ਹੈ ਏਊ। ਐਸੋ ਚਰਿਤ੍ਰ ਜਗ ਭਯੋ ਤੇਊ'।੩੮।

ਦੋਹਰਾ: ਸੱਯਦ ਫੂਕਯੋ ਪੰਥ ਜਬ ਫਿਰ ਭਏ ਦਿੱਲੀ ਗਿਰਦ ਖਾਸ।
ਮੱਧ ਦਿੱਲੀ ਚਿੰਤਾ ਪਰੀ ਘਰ ਘਰ ਬੀਤਯੋ ਤ੍ਰਾਸ।੩੯।

ਚੌਪਈ: ਤੁਰਕਨ ਮੱਧ ਥਰਥੱਲਾ ਪਰਾ। ਜਿਹ ਕਿਨ ਸੁਨੀ ਤਹੀਂ ਤੁਰਕ ਡਰਾ।
ਕਹੈਂ ਤੁਰਕ 'ਯਹ ਖਰਜੰਦਾਲ ਪੰਥ। ਹਮ ਜਾਪਤ ਹੈ ਯਹੀ ਮਤੰਤ'।੪੦।
ਪਾਤਸ਼ਾਹ ਦਿੱਲੀਪਤ ਖੌਫ ਖਾਯੋ। ਉਨ ਅਪਨੋਂ ਸਭ ਦੀਨ ਬੁਲਾਯੋ।
'ਹਮ ਕੋ ਛੋਡੇ ਯੇਹ ਪੰਥ ਨਾਹੀਂ। ਗਿਰਦ ਦਿੱਲੀ ਸਭ ਇਨ ਲੁਟ ਖਾਈ।੪੧।
ਅਬ ਨੌਬਤ ਹੈ ਹਮ ਪਰ ਆਈ। ਲੜਨ ਜੋਗ ਫੌਜ ਹਮ ਪੈ ਨਾਹੀਂ।
ਬਿਨਾਂ ਫੌਜ ਹਮ ਨਾਹਿਂ ਬਚਾਈਂ। ਅਬ ਇਨ ਕੇ ਹਮ ਆਏ ਦਾਈ।੪੨।
ਹਮ ਬਡਿਅਨ ਇਨ ਗੁਰ ਸੁਤ ਮਾਰੇ। ਹਮ ਬਚਿਅਨ ਇਨ ਹਿਸਾਨ ਬਿਸਾਰੇ।
ਜਿਮ ਜਿਮ ਇਨਕੋ ਹਮ ਦੁਖ ਦਯੋ। ਤਿਮ ਤਿਮ ਚਹੈਂ ਏ ਬਦਲੋ ਲਯੋ।੪੩।

ਦੋਹਰਾ: ਇਕੈ ਤਾਂ ਦਿੱਲੀ ਛਡ ਤੁਰੋ ਇਕੈ ਤਾਂ ਕਰੋ ਉਪਾਇ।
ਜਿਮ ਸਸੋ ਅੰਧੇਰੀ ਮੱਧ ਮਰੈ ਮਤ ਇਮ ਹੀ ਮਰ ਜਾਇਂ।੪੪।

ਚੌਪਈ: ਤੌ ਦਾਨਾ ਉਨ ਕਰੀ ਸਲਾਹ। 'ਦਿੱਲੀ ਛਡ ਅਬ ਬਚਤੇ ਨਾਂਹਿ।
ਹੈ ਬੇਗਮ ਸਿਮਰੂ ਕੀ ਆਹਿ। ਅਬ ਉਸ ਕੀ ਪੁਛ ਲੇਹੁ ਸਲਾਹਿ'।੪੫।
ਸੋਊ ਤੁਰਤ ਲਈ ਸ਼ਾਹਿ ਬੁਲਾਇ। ਸਭ ਦੀਨੀ ਉਸ ਬਾਤ ਸੁਨਾਇ।
ਸੁਨ ਕਰ ਬੇਗਮ ਸੀਸ ਹਿਲਾਯਾ। 'ਬੁਰਾ ਵਖਤ' ਕਹਿ ਬੇਗਮ ਸੁਨਾਯਾ।੪੬।

ਦੋਹਰਾ: ਤੌ ਬੇਗਮ ਐਸੇ ਕਹੀ 'ਛੋਡੀਏ ਨਾਂਹਿ ਉਪਾਇ।
ਸਾਮ ਦਾਮ ਦੰਡ ਭੇਦ ਕੈ ਬਨੈ ਸੁ ਲਿਓ ਬਨਾਇ।੪੭।

ਚੌਪਈ: ਹੈਂ ਸਿੰਘਨ ਮੱਧ ਬਹੁ ਸਰਦਾਰ। ਲੇਹੁ ਕਿਸੀ ਸੌਂ ਬਾਤ ਬਿਚਾਰ'।
ਸ਼ਾਹ ਕਹੀ 'ਹਮ ਪਤਜਾਵੈਂ ਨਾਹੀਂ। ਮਤ ਮਾਰੈ ਹਮ ਦਗੋ ਕਮਾਹੀ'।੪੮।

Sri Satguru Jagjit Singh Ji eLibrary NamdhariElibrary@gmail.com

ਕਹਿ ਬੇਗਮ 'ਸਭ ਇਕਸਰ ਨਾਹੀਂ। ਹਮ ਦੇਖੇ ਸਭ ਹੀ ਪਤਿਆਈ।
ਬਘੇਲ ਸਿੰਘ ਮੈਂ ਬਨਾਓਂ ਭਾਈ। ਤੁਮਰੀ ਬਾਂਹ ਦਜੋਂ ਤਿਸੈ ਫੜਾਈ'।੪੯।
ਸ਼ਾਹ ਕਹੀ 'ਅਬ ਦੇਰ ਮਤ ਕਰੋ। ਹਮਰੀ ਬਾਂਹਿ ਅਬ ਉਸ ਹਥ ਧਰੋ'।
ਤੌ ਬੇਗਮ ਤੁਰਕ ਘੱਲੇ ਵਕੀਲ। ਲੈ ਲੈ ਪਾਲਕਣ ਔ ਖੜ ਫੀਲ।੫੦।
ਜਾਇ ਬਘੇਲ ਸਿੰਘ ਜੀ ਲਜਾਇ। ਫਿਰ ਦਿੱਲੀ ਦਏ ਡੇਰੇ ਕਰਵਾਇ।
ਤੌ ਬੇਗਮ ਸਿੰਘ ਜੀ ਪਹਿ ਆਏ। ਦਈ ਛਜਾਨੀ ਪਤਿਸ਼ਾਹ ਲਿਖਾਏ।੫੧।

ਦੋਹਰਾ: ਕਸਮ ਨੇਮ ਦਊ ਓਰ ਤੇ ਬੇਗਮ ਦਏ ਕਰਾਇ।
'ਡੇਹਰੇ ਸੱਤ ਚੜ੍ਹਾਵਣੇ' ਸਿੰਘ ਜੀ ਲਏ ਲਿਖਾਇ।੫੨।
ਸਿੰਘ ਜੀ ਕੋ ਪਤਿਸ਼ਾਹਿ ਨੇ ਘੱਲਿਓ ਅਸ ਅਖਵਾਇ।
'ਮੋੜੋ ਪਾਛੈ ਦਲ ਕਿਮੈਂ ਹੁਇ ਨਿਜ ਦੇਸ਼ ਬਚਾਇ'।੫੩।

ਚੌਪਈ: ਬਘੇਲ ਸਿੰਘ ਤੌ ਬੇਗਮ ਫੁਰਮਾਯੋ। 'ਕਹਿ ਪਤਸ਼ਾਹਿ ਡੇਰਾ ਬਹਾਰ ਕਰਾਯੋ।
ਮਾੜ ਮੋਟ ਜੋ ਤੁਮਰੇ ਪਾਹਿ। ਦਿਓ ਬਾਹਰ ਤੂੰ ਝੰਡੇ ਗਡਵਾਇ'।੫੪।
ਸੋਊ ਬਾਤ ਪਤਿਸ਼ਾਹ ਮੰਨ ਲਈ। ਦੀਨੋ ਝੰਡੇ ਬਾਹਰ ਗਡਈ।
ਤੌ ਸਿੰਘ ਜੀ ਹਲਕਾਰੇ ਵਲ ਪੰਥ ਘੱਲੇ। ਜਾ ਕਹਯੋ 'ਪੰਥ ਬਿਖਬਰ ਕਹਾਂ ਤੁਮ ਚੱਲੇ?
ਪਾਤਸ਼ਾਹ ਡੇਰਾ ਬਾਹਰ ਪਾਯੋ। ਬਹੁਤ ਦਖਣ ਤੇ ਮਰਹਟੋ ਮੰਗਾਯੋ।
ਚੋਰ ਘੋੜੀ ਉਨ ਮੁਹਰੇ ਤੋਰੀ। ਤੁਮ ਮੁੜ ਜਾਵੋ ਤੁਮ ਪਹਿ ਫੌਜ ਥੋੜੀ'।੫੬।
ਸੁਨਤ ਸਿੰਘ ਮੁੜ ਹਟੇ ਪਿਛਾਹਿਂ। ਸੁਨੀ ਖਬਰ ਤੁਰਤ ਜਿਹ ਪਤਿਸ਼ਾਹੀ।
ਕਹਯੋ 'ਸਿੰਘ ਯਹ ਬਡੋ ਦਨਾਯੋ। ਰਖੀ ਦਿੱਲੀ ਔ ਮੁਲਕ ਬਚਾਯੋ।੫੭।

ਦੋਹਰਾ: ਸਬਜ਼ੀ ਮੰਡੀ ਡੇਰਾ ਲਾਇਓ ਔ ਚਬੂਤਰਯੋਂ ਛਜਾਨੀ ਆਇ।
ਹੁਕਮ ਦਿੱਲੀ ਮੱਧ ਸਿੰਘ ਤੁਰੇ ਮਿਲੇ ਸੂਬੇ ਬਹੁ ਆਇ।੫੮।

ਚੌਪਈ: ਤੌ ਸਿੰਘ ਜੀ ਕੰਮ ਡੇਹਰਨ ਤੋਰਾ। ਪ੍ਰਿਥਮ ਕੀਓ ਜੁ ਹੁਤੋ ਕੰਮ ਥੋੜਾ।
ਜਹਾਂ ਮਾਤ ਥੀ ਦੋਊ ਰਹੀ। ਜਗਾ ਪੀਹੜੇ ਕੀ ਤਹਿਂ ਬਨਵਈ।੫੯।
ਹੁਤੀ ਸਾਹਬ ਦਈ ਔ ਸੁੰਦ੍ਰੀ ਮਾਤ। ਗੁਰਪਤਨੀ ਸਭ ਜਗ ਬਿਖਜਾਤ।
ਸ੍ਰੀ ਹਰਿਕ੍ਰਿਸ਼ਨ ਸਮਾਧ ਆਦ ਜਹੀਂ। ਜਮਨਾਂ ਫਿਰ ਗੱਡੇ ਝੰਡੇ ਤ੍ਰੈ ਤਹੀਂ।੬੦।
ਪੰਜਵੋਂ ਝੰਡੇ ਹਰਿਕ੍ਰਿਸ਼ਨ ਜੀ ਜਹਿਂ ਬਹੇ। ਜੈ ਸਿੰਘ ਪੁਰੇ ਮਧ ਬੰਗਲੇ ਅਹੇ।
ਸੁਗਮ ਭਾਂਤ ਪੰਜ ਡੇਹਰੇ ਭਏ। ਗੱਡ ਝੰਡੇ ਪੰਜ ਕੜਾਹ ਕਰ ਦਏ।੬੧।
ਹੁਤੀ ਤੇਗ ਬਹਾਦਰ ਜਾਗਾ ਦੋਊ। ਊੱਪਰ ਮਸੀਤ ਚਿਣ ਰਖੀ ਥੀ ਸੋਊ।
ਸਿੰਘ ਜੀ ਕਹਯੋ 'ਮਸੀਤ ਹੋਵੈ ਗੈਰ। ਤੌ ਡੇਹਰੋ ਬਨਾਵੈਂਗੇ ਫੇਰ'।੬੨।

ਦੋਹਰਾ: ਸੁਨ ਤੁਰਕਨ ਤਹਿਂ ਅਗ ਲਗੀ ਗਿਰਨ ਮਸੀਤਨ ਨਾਇ।
'ਗੈਰ ਮਸੀਤੈਂ ਕਿਮ ਜੀਏਂ ਜਹਿਂ ਬੈਸ ਨਿਮਾਜ਼ ਪੜ੍ਹਾਇ'।੬੩।

Sri Satguru Jagjit Singh Ji eLibrary NamdhariElibrary@gmail.com

ਚੌਪਈ: ਮਿਲ ਸਭ ਤੁਰਕ ਗਏ ਸ਼ਾਹਿ ਕੋਲ। ਸਭੀ ਮੁਲਾਣੇ ਸਦ ਲਏ ਬੋਲ।
'ਭਯੋ ਕਾਫਰ' ਕਹਿੰ 'ਅਬ ਪਤਸ਼ਾਹਿ। ਆਖੇ ਮਸੀਤ ਦੁਏ ਦਿਹੋ ਗਿਰਾਇ।੬੪।
ਹਮ ਜੀਵਤ ਕਿਮ ਮਸੀਤ ਗਿਰਨ ਦੇਹਿੰ। ਬਿਨਾਂ ਦਿੱਲੀ ਕਰਵਾਏ ਥੇਹ'।
ਸ਼ਾਹ ਕਹੀ 'ਤੁਮ ਅਗੈ ਨ ਕਹੀ। ਹਮ ਦਈ ਲਿਖਾਇ ਅਬ ਔਖੀ ਭਈ।੬੫।
ਜੌ ਹਮ ਲਿਖਤ ਚਹੈਂ ਅਬ ਮੋੜੀ। ਬਘੇਲ ਸਿੰਘ ਸੌਂ ਹੋ ਜਾਇ ਤੋੜ ਵਿਛੋੜੀ।
ਡੇਰਾ ਪਾਉਗੁ ਚਕ ਹਮ ਦੇਸ਼ ਮਾਂਹਿ। ਹਮ ਕੌਲ ਕਸਮ ਤੇ ਝੂਠੇ ਪਾਹਿੰ।੬੬।
ਵਹਿ ਤੁਰਤ ਦੇਵੈ ਮੁਲਖ ਉਜਾੜ। ਕਜਾ ਜਾਣੈਂ ਲੇ ਦਿੱਲੀ ਹੀ ਮਾਰ।
ਹਮ ਕੋ ਤੁਮ ਖਰਾਬ ਕਰਵਾਵੋ। ਦੁਊ ਜਹਾਨੋਂ ਹਮੈਂ ਗੁਵਾਵੋ'।੬੭।

ਦੋਹਰਾ: ਸਿੰਘ ਜੀ ਸਮਝਯੋ ਤੌਹ ਤਬ 'ਤੁਰਕ ਭਏ ਮੁ ਦੰਗੇ ਦਾਰ।
ਅਬ ਕਿਛ ਮਸ਼ਟ ਸੁ ਮਾਰੀਏ ਫਿਟ ਲੈਯਨਗੇ ਸਵਾਰ'।੬੮।

ਚੌਪਈ: ਤੌ ਸਿੰਘ ਜੀ ਸਭ ਪੰਥ ਬੁਲਾਯੋ। ਦਿੱਲੀ ਗਿਰਦੈ ਤੁਰਤ ਝਾਕੋ ਲਵਾਯੋ।
ਜਿਨ ਜਿਨ ਬੀ ਬਹੁ ਹੁੱਜਤ ਕਰੀ। ਮੁਲਕ ਉਨ੍ਹੈਂ ਲੁੱਟਯੋ ਤਿਸ ਘਰੀ।੬੯।
ਜੇ ਉਹ ਆਇ ਹੁਏ ਮਿੰਨਤਦਾਰ। ਉਸ ਮੁਲਕੋਂ ਦਏ ਸਿੰਘ ਨਿਕਾਰ।
ਇਸੀ ਭਾਂਤ ਸਭ ਅਰਥੀ ਭਏ। ਲਿਖਾਇ ਸਭਨ ਤੇ ਕਾਗਜ਼ ਲਏ।੭੦।
ਜਿਨ ਕੋ ਹੁਤੋ ਨ ਮੁਲਖ ਜਗੀਟ। ਉਨ ਦੈ ਦਰਬ ਕੀਏ ਤਾਬੈਗੀਰ।
ਕਿਸੈ ਲੜਾਈ ਕਿਸ ਵਿਚੇ ਭਿੜਾਇ। ਕਿਸੈ ਬੰਧ ਕਿਸ ਦੇਹ ਛੁਡਾਇ।੭੧।
ਪਾੜ ਝੀੜ ਲੀਰਾਂ ਕਰ ਦਏ। ਹੱਥ ਸਭਨ ਕੇ ਲਿਖਾਇ ਕਟ ਲਏ।
ਕਿਸੈ ਖੁਹਾਇ ਕਿਸ ਦਿਵਾਵੈ ਜਗੀਰ। ਲਿਖਤ ਲਿਖਾਈ ਇਸ ਤਤਬੀਰ।੭੨।

ਦੋਹਰਾ: ਜੋ ਉਨ ਲਿਖਤੈਂ ਥੀ ਲਿਖੀ ਸਿੰਘ ਸਭ ਇਕ ਥਾਂ ਕੀਨ।
ਰਾਮ ਦਿਆਲ ਦਿਵਾਨ ਹਰ ਸ਼ਾਹ ਅੱਗੈ ਧਰ ਦੀਨ।੭੩।

ਚੌਪਈ: ਦੇਖ ਸ਼ਾਹ ਬਹੁ ਖੁਸ਼ੀਆਂ ਭਯੋ। 'ਹਮੈਂ ਕਾਫਰ ਸਿੰਘ ਇਕਲੋ ਨ ਕੀਓ।
ਹਮਰੇ ਸੰਗ ਤੁਮ ਬਹੁ ਮਿਲਵਾਏ। ਅਬ ਤੁਰਤ ਦੇਵੋ ਜਾਇ ਗਿਰਾਏ'।੭੪।
ਯੌ ਲਿਖਵਾਇ ਦਿਵਾਨ ਲਿਆਯੋ। ਸਭ ਦਲ ਕੋ ਸਿੰਘ ਹੁਕਮ ਦਿਵਾਯੋ।
'ਦਿਓ ਮਸੀਤ ਅਬ ਬਡੀ ਗਿਰਾਇ। ਰਕਾਬਗੰਜ ਕੇ ਹੈ ਜੋ ਮਾਂਹਿ'।੭੫।
ਸੁਨ ਯਹ ਬਾਤ ਹਲਕਾਰੇ ਧਾਇ। ਮੁੰਗਲੀ ਮੇਖ ਔ ਕੁਹਾੜੇ ਫੜ ਆਇ।
ਕਹੀ ਕੁਦਾਲ ਬਹੁ ਹਥੌੜੇ ਮੰਗਵਾਇ। ਭੰਨਨ ਪੱਟਨ ਸਭ ਲਾਗੇ ਜਾਇ।੭੬।
ਹੁਤ ਪਥਰਨ ਬਹੁ ਚੂਨੇ ਧਾਰੀ। ਕਿਤੇ ਪੱਥਰ ਕਿਤੇ ਇੱਟ ਦਈ ਡਾਰੀ।
ਪਹਿਰ ਦੋ ਇਕ ਮੈਂ ਸੋ ਦਈ ਢਾਇ। ਐਸੀ ਭਈ ਸਤਿਗੁਰੂ ਰਜਾਇ।੭੭।

ਦੋਹਰਾ: ਸ੍ਰੀ ਤੇਗ ਬਹਾਦਰ ਦੇਹ ਜਹਿੰ ਹੁਤੀ ਥੀ ਦਾਧੀ ਠੌਰ।
ਡਿਹਰੋ ਛੇਵੋਂ ਤਹਿੰ ਰਚਯੋ ਝੰਡੋ ਗਡਯੋ ਕਰ ਧੌੜ।੭੮।
ਕਰ ਕੜਾਹ ਤਹਿੰ ਸਿੰਘਨ ਬਹੁ ਲਜਾਇ ਕਰ ਦੀਓ ਵਰਤਾਇ।
ਤੁਰਕਨ ਘਰ ਸੋਗੋ ਭਯੋ ਔ ਸਿੰਘਨ ਮਨ ਸੁਖ ਪਾਇ।੭੯।

Sri Satguru Jagjit Singh Ji eLibrary NamdhariElibrary@gmail.com

ਚੌਪਈ: ਰਹਜੋ ਸੱਤਵੇਂ ਸੀਸ ਜੁ ਦੀਜ। ਹੁਤੀ ਠੌਰ ਥੀ ਤਹਿੰ ਅਤਿਰੰਜ[1]।
ਇਕ ਵਲ ਖੂਹੀ ਇਕ ਵਲ ਮਸੀਤ। ਨਹਿੰ ਜਾਪੈ ਗੁਰ ਜਗਾਥੀ ਕੀਤ[2]।੮੦।
ਤੌ ਇਕ ਉਹਾਂ ਬੀ ਮਾਸ਼ਕਨ ਪੁਰਾਨੀ। ਸੋ ਸਿੰਘ ਜੀ ਸੱਦ ਪੁਛੀ ਸਿਆਨੀ।
ਉਨੈ ਕਹੀ 'ਹਮ ਪਤਾ ਬਤਾਈਂ। ਹਿੰਦੂ ਪੀਰ ਈਹਾਂ ਚੌਕੀ ਡਸਾਈ।੮੧।
ਮਸੀਤ ਕੰਧ ਤਹਿੰ ਉਪਰ ਚੌਥਾਈ। ਤਹਿੰ ਸਤਿਗੁਰ ਸਿਰ ਤੇਗ ਲਗਵਾਈ।
ਪੂਰਬ ਵਲ ਥੇ ਮੁਖ ਕਰ ਬਹੇ। ਲਗੀ ਤੇਗ ਸਿਰ ਅਗੈ ਗਿਰ ਅਏ।੮੨।
ਔਰ ਲੋਕ ਦੇਖਨ ਬਹੁ ਆਏ। ਹਮ ਪਿਤ ਹੁਤ ਤਹਿੰ ਮਸ਼ਕ ਭ੍ਰਵਾਏ'।
ਸੁਨ ਭੁਜੰਗੀ ਤੁਰਤ ਚਲੇ ਢਹਾਵਨ। ਸੁਨ ਦੰਗੋ ਭਜੋ ਵਜ਼ੀਰ ਕੋ ਆਵਨ।੮੩।

ਦੋਹਰਾ: ਵਜ਼ੀਰ ਕਹੀ 'ਤੁਮ ਅਬ ਥੰਮ੍ਹੋ ਹਮ ਆਵੈਂ ਕਲ ਸਿੰਘ ਕੋਲ।
ਜਿਮ ਸਿੰਘ ਜੀ ਆਖੈਂ ਤਿਮ ਕਰੈਂ ਕਿਮ ਕਹੈਂ ਬ੍ਰਿਥੋ ਅਬ ਬੋਲ'।੮੪।

ਚੌਪਈ: ਪ੍ਰਾਤ ਭਈ ਤੌ ਅਯੋ ਵਜ਼ੀਰ। ਆਇ ਸਿੰਘ ਪੈ ਕਰ ਤਤਬੀਰ।
ਕਿਛਕ ਮਸੀਤ ਕੀ ਪਿਛਾੜੀ ਤੁੜਾਈ। ਕਿਛਕ ਅਗਾਜੋਂ ਭੀ ਰਖੀ ਬਨਾਈ।੮੫।
ਮੱਧ ਦਿੱਲੀ ਲਜੋ ਦੇਹਰੋ ਚਿਣਾਇ। ਮਤਮੋ ਝੰਡੋ ਇਮ ਦੀਓ ਝੁਲਾਇ।
ਬਜਾਇ ਨਗਾਰੇ ਕੜਾਹੁ ਕਰਾਏ। ਸਿਖ ਪਰਸੰਨ ਚੁਤਰਫੋਂ ਆਏ।੮੬।
ਸ੍ਰਦਾਰ ਬਘੇਲ ਸਿੰਘ ਇਮ ਗਢ ਮਾਰਾ। ਰਹ੍ਹਗੁ ਪ੍ਰਿਥੀ ਉਸ ਨਾਮ ਉਜਾਰਾ।
ਐਸੀ ਕਰੀ ਉਨ ਗੁਰ ਕੀ ਕਾਰ। ਪਾਊ ਜਗਾ ਵਹਿ ਗੁਰ ਕੇ ਦ੍ਵਾਰ।੮੭।

ਸ: ਬਘੇਲ ਸਿੰਘ ਦੀ ਹੋਰ ਸਾਖੀ

੧੯੪. [ਸ਼ਾਹ ਨਾਲ ਬਘੇਲ ਸਿੰਘ ਦੀ ਮੁਲਾਕਾਤ, ਲੁਟ ਦਾ ਨਮੂਨਾ ਦਿਖਾਇਆ]

ਦੋਹਰਾ: ਸਾਖੀ ਸਿੰਘ ਬਘੇਲ ਕੀ ਔਰ ਭੀ ਦਿਉਂ ਸੁਨਾਇ।
ਸੁ ਜੈਸੁ ਪਤਿਸ਼ਾਹੈ ਸੋ ਮਿਲਜੋ ਔ ਕਰ ਲੁਟ ਦਈ ਦਿਖਾਇ।੧।
ਜਬ ਪੰਥ ਆਵੈ ਵਲ ਦਿਲੀ ਸਿੰਘ ਜੀ ਦਏ ਮੁੜਾਇ।
ਤੋਫੇ ਤੁਫਾਇਤ ਵਜ਼ੀਰ ਪਹਿ ਪਤਸ਼ਾਹਿ ਤੌਂ ਦਏ ਘਲਵਾਇ।੨।

ਚੌਪਈ: ਤੌਸ਼ਾਹਿ ਕੇ ਦਿਲ ਇਕ ਦਿਨ ਆਈ। ਮੁਲਾਕਾਤ ਨ ਸਿੰਘ ਕਬ ਭਈ।
ਜੋ ਮੋਹਿ ਅੰਬੀਰ ਸਿੰਘ ਪਹਿ ਜਾਵੈਂ। ਬਹੁਤ ਖੂਬੀ ਉਸ ਮੋਹਿ ਸੁਨਾਵੈਂ'।੩।
ਵਜ਼ੀਰ ਘੱਲਜੋ ਮੁਲਾਕਾਤ ਠਹਿਰਾਵਣ। 'ਜਿਮ ਆਵੈ ਤਿਮ ਕਰੋ ਲਿਆਵਣ'।
ਆਇ ਵਜੀਰ ਕਹੀ ਤਿਮ ਬਾਤ। 'ਸੱਦਜੋ ਸ਼ਾਹ ਤੁਸਾਂ ਕਰਨ ਮੁਲਾਕਾਤ'।੪।
ਤੌ ਸਿੰਘ ਜੀ ਦਜੋ ਵਜੀਰੈ ਸੁਨਾਇ। 'ਹਮ ਕਠਨ ਕਰਨ ਮੁਲਾਕਾਤ ਹੈ ਸ਼ਾਹਿ।
ਸ਼ਾਹਿ ਮਿਲਤ ਹੈਂ ਹਥ ਬੰਧ ਦੋਇ। ਕਰ ਹੈਂ ਕੁਨਸੋ ਝੁਕ ਝੁਕ ਸੋਇ।੫।

---

੧. ਅਨੋਖੀ।

੨. ਕਿੱਥੇ।

Sri Satguru Jagjit Singh Ji eLibrary NamdhariElibrary@gmail.com

ਨਹਿੰ ਸ਼ਸਤਰ ਕੋਊ ਸਾਥ ਲਿਜਾਵੈ। ਹਮ ਬਿਨ ਸ਼ਸਤ੍ਰ ਨ ਪੈਰ ਉਠਾਵੈਂ।
ਹਮਰੈ ਪੰਥ ਮੱਧ ਹੈ ਯਹਿ ਆਣ। ਨਹਿੰ ਸਿਰ ਧਰਨੋ ਹਥ ਤੁਰਕਨ ਜਾਣ।੬।

ਦੋਹਰਾ: ਔ ਏਕਲ ਹਮ ਕਜ਼ਾ ਦੇਖਣੋ ਹਮ ਦੇਖਣ ਖੂਬ ਸਿਪਾਹਿ।
ਇਮ ਕਰ ਹਮਰੀ ਨਹਿੰ ਬਨੈ ਮੁਲਾਕਾਤ ਪਤਿਸ਼ਾਹਿ।੭।

ਚੌਪਈ: ਔ ਫੌਜ ਹਮਾਰੀ ਹੈ ਹਠ ਵਾਰੀ। ਮਤ ਕਰ ਜਾਵੈ ਸੋਊ ਖਵਾਰੀ।
ਇਤੀ ਬਾਤ ਜੌ ਹੁਇ ਮਨਜ਼ੂਰ। ਮੁਲਾਕਾਤ ਹੋ ਜਾਵਗੁ ਜ਼ਰੂਰ'।੮।
ਜਾਇ ਵਜ਼ੀਰ ਸਭ ਸ਼ਾਹਿ ਸੁਨਾਈ। ਘੜੀ ਕੁ ਸੋਚ ਦਿਲ ਸ਼ਾਹ ਭੀ ਆਈ।
ਫੇਰ ਸ਼ਾਹ ਮੁਖ ਦੀਓ ਫੁਰਮਾਈ। 'ਜਿਮ ਆਖੈ ਤਿਮ ਲੇਹੁ ਬਣਾਈ।੯।
ਹਮ ਦੇਂ ਨਗਾਰੇ ਉਮ ਸੁ ਤੁਰੀ ਅਸਪੀ। ਦੈਂ ਮਹੀ ਮਰਾਤਬ ਸੰਗ ਸਭ ਵਸਬੀ।
ਸਾਥ ਲਿਆਵੋ ਉਸ ਫੌਜ ਬਿਚਾਰੀ। ਗਲੀ ਕੂਚੈ ਕਿਸ ਕਰੈ ਨ ਖੁਾਰੀ'।੧੦।
ਰਾਮ ਦਜਾਲ ਸਦ ਸ਼ਾਹ ਸਮਝਾਯੋ। ਮੁਲਾਕਾਤ ਕੋ ਦਿਨ ਟਿਕਵਾਯੋ।
ਔਰ ਬਾਤ ਵਹੁ ਆਯੋ ਸੁਨਾਇ। 'ਉਸ ਦਿਨ ਨਜਰ ਕੋਊ ਕਸਾਈ ਨ ਪਾਇ।੧੧।

ਦੋਹਰਾ: ਦੇਖ ਸਿੰਘ ਉਸ ਮਾਰ ਹੈਂ ਮਤ ਦੰਗੋ ਹੋ ਜਾਇ।
'ਦਿਨ ਨਹਿੰ ਆਵੇਂ ਬਜਾਰ ਮਧ' ਸ਼ਾਹਿ ਹੋਕੋ ਦਯੋ ਫਿਰਾਇ।੧੨।

ਚੌਪਈ: ਆਇ ਰਾਮਦਜ਼ਾਲ ਸਭ ਸਿੰਘ ਜੀ ਸੁਨਾਯੋ। ਲੈਨ ਵਜ਼ੀਰ ਹੋਤ ਪ੍ਰਾਤੇ ਆਯੋ।
ਕਹੀ ਵਜ਼ੀਰ ਤਬ ਸਿੰਘ ਜੀ ਪਾਸੋਂ ਆਇ। 'ਜਿਮ ਮਨ ਮਾਨੈ ਤਿਮ ਚੜ੍ਹਿਓ ਧਾਇ।੧੩
ਤੌ ਸਿੰਘ ਫੌਜ ਥੋੜੀਓ ਚੜ੍ਹਾਈ। ਸੱਦ ਸ੍ਰਦਾਰ ਸਭ ਲਏ ਸਮਝਾਈ।
ਤੌ ਸਿੰਘ ਜੀ ਫੌਜ ਦਈ ਤੁਰਾਈ। ਮੂਹਰੇ ਨਕੀਬ ਥੋ ਬੋਲਤੇ ਜਾਈ।੧੪।
ਔਰ ਹਲਕਾਰੇ ਚੋਬਦਾਰ ਘਨੇ। ਅਗੈ ਅਗੈ ਸਿੰਘ ਸੋਊ ਜਾਇੰ ਭਨੇ।
ਅਤ੍ਰ ਪਤ੍ਰ ਥਿਰ ਸਿੰਘ ਜੀ ਛਾਜੈ। ਚੰਦ ਸੂਰਜ ਕੀ ਰਿਸ਼ਮ ਬਿਰਾਜੈ।੧੫।
ਅਗੈ ਭੱਟ ਬਿਰਦਾਵਲ ਪੜਤੈ ਜਾਹਿੰ। ਗੁਰੂ ਗ੍ਰੰਥ ਦੀ ਮਹਿਮਾ* ਮਾਂਹਿ।
ਤੁਰਜੇ ਸਿੰਘ ਚੜ੍ਹ ਫੀਲ ਅੰਖਾਰੀ। ਹਿਲੈ ਚੌਰ ਗੋਲ ਝਿਲਮਿਲ ਕਾਰੀ।੧੬।
ਘੋੜੇ ਕੋਤਲ ਅਗੈ ਤੁਰਾਏ। ਜਿਸੀ ਤੋਰ ਸਿੰਘ ਚਲੈ ਰਖਾਏ।

ਦੋਹਰਾ: ਇਸੀ ਤੌਰ ਜਾਇ ਪਹੁੰਚਿਓ ਬੜੇ ਕਿਲੇ ਕੇ ਪਾਸ।
ਬਜੀਰ ਸੁ ਅਗਜੋਂ ਸ਼ਾਹ ਘਲਜੋ ਇਸਤਕਬਾਲ ਕਰਨ ਖਾਸ।੧੭।

ਚੌਪਈ: ਤਹਿੰ ਸਿੰਘ ਜੀ ਦਯੋ ਹਸਤੀ ਛੋਰੇ। ਤੌ ਚੜ੍ਹ ਤੁਰਜੋ ਨਿਜ ਖਾਸ ਘੋਰੇ।
ਚੜ੍ਹੇ ਚੜ੍ਹਾਇ ਵੜੇ ਮਧ ਕਿਲੇ। ਹੁਤੇ ਜਨਕ ਕੇ ਅਗੇ ਰਲ ਮਿਲੇ।੧੮।
ਢੁਇ ਨੇੜੈ ਲਏ ਵਜੀਰ ਖੜਾਇ। ਭਲੀ ਠੌਰ ਲੀਓ ਸਿੰਘ ਉਤਰਾਇ।
ਸਿੰਘ ਜੀ ਸਾਥ ਸ੍ਰਦਾਰ ਲਏ ਕਈ। ਦੂਲਚਾ ਸਿੰਘ, ਸੱਦਾ ਸਿੰਘ ਜੁਈ।੧੯।

---
* ਪਾ:- ਕੇ ਹੈ ਜੋਊ।

Sri Satguru Jagjit Singh Ji eLibrary NamdhariElibrary@gmail.com

ਔਰ ਫੌਜ ਰਖਿ ਚੜ੍ਹੀ ਚੜ੍ਹਾਈ। ਪੰਜ ਸਤ ਸ੍ਰਦਾਰ ਲਏ ਉਤਰਾਈ।
ਸ਼ਸਤ੍ਰ ਬਸਤ੍ਰ ਤਹਿੰ ਕਸੇ ਕਸਾਏ। ਬੇਸ਼ਕ ਸ਼ਾਹਿ ਵਲ ਤੁਰਤੇ ਗਏ।੨੦।
ਔਗੈ ਸ਼ਾਹ ਖੂਬ ਲਾਈ ਕਚਹਿਰੀ। ਹਿੰਦੂ ਤੁਰਕ ਬੈਠੇ ਨਿਜ ਨਿਜ ਠਹਿਰੀ।
ਤਹਿੰ ਹਿੰਦੂਅਨ ਸ਼ਾਹਿ ਇਮ ਫੁਰਮਾਜੋ। 'ਔਗੇ ਸਿੰਘਨ ਤੁਮ ਫਤੇ ਬੁਲਾਯੋ'।੨੧।

ਦੋਹਰਾ: ਤੌ ਦੁਲਚੈ ਸਿੰਘ ਆਖਿਓ ਰਾਮ ਦਜਾਲ ਸਮੁਝਾਇ।
'ਤੂੰ ਤੋ ਆਪਨ ਵੱਲ ਤੇ ਕੂੰਨਸੇ ਕਰਤੋ ਜਾਇ।੨੨।

ਚੌਪਈ: ਹੱਥ ਕਮਾਨ ਸਿਰਦਾਰਨ ਲਈ। ਚਲੇ ਸਨਮੁਖ ਹੁਇ ਪਤਿਸ਼ਾਹੈ ਪਈ।
ਇਕ ਵਲ ਰਾਮ ਦਜਾਲ ਦੂਈ ਵਲ ਵਜੀਰ। ਕਰਤ ਕੂੰਨਸ ਤੁਰੇ ਅਪਨ ਤਤਬੀਰ।
ਉਤ ਵਲ ਹਿੰਦੂ ਗੁਰ ਫਤੇ ਬੁਲਾਵੈਂ। ਊਚੇ ਸੁਨ ਸੁਨ ਸਿੰਘ ਅਗਾਜੋਂ ਮਨਾਵੈ।
ਰਾਮ ਦਜਾਲ ਕੂੰਨਸ ਜਾਇ ਕਰੀ। ਸਿੰਘ ਜੀ ਮੁਖੋਂ ਗੁਰ ਫਤੇ ਉਚਰੀ।੨੪।

ਦੋਹਰਾ: ਦੇਖ ਸ਼ਾਹੁ ਬਹੁ ਖੁਸ਼ ਭਯੋ ਸੱਦ ਵਜ਼ੀਰ ਕਹੀ ਸਮਝਾਇ।
'ਸਿੰਘ ਕੋ ਕੁਰਸੀ ਤੁਮ ਦਯੋ ਔਰ ਅਮੀਰੇ ਤੇ ਦਿਵਾਇ'।੨੫।

ਚੌਪਈ: ਸਿੰਘ ਜੀ ਸ਼ਾਹੇ ਕਮਾਨ ਦਿਵਾਈ। ਲਈ ਸ਼ਾਹਿ ਦੁਇ ਹੱਥ ਉਠਾਈ।
ਸ਼ਾਹਿ ਹੱਥ ਕੁਰਸੀ ਵਲ ਕਰਜੋ। ਪਰ ਸਨਮੁਖ ਸਿੰਘ ਅਗੈ ਬਹਿ ਰਹਜੋ।੨੬।
ਖੈਰ ਖਰੀਅਤ ਬਹੁ ਪੁਛੀ ਪਤਿਸ਼ਾਹ। ਕ੍ਰੀ ਗੱਲੈਂ ਜੋਊ ਦੋਸਤੀ ਰਾਹਿ।
ਔਰ ਸ੍ਰਦਾਰਨ ਕੋ ਦਿਵਾਈ ਕਮਾਨ। ਦਿਵਾਇ ਕੁਰਸੀ ਦੀਯੋ ਬਹੁ ਮਾਨ।੨੭

ਦੋਹਰਾ: ਔਰ ਬਾਤ ਸਭ ਹੀ ਲਿਖੀ ਗ੍ਰੰਥ ਬਹੁਤ ਬਢ ਜਾਇ।
ਸ਼ਾਹੀ ਮਰਾਤਬ ਬਹੁ ਬਡੋ ਸੋ ਸਿੰਘ ਜੀ ਦਜੋ ਪਤਿਸ਼ਾਹਿ।੨੮।

ਚੌਪਈ: ਦਜ਼ੋ ਹਾਥੀ ਬਡ ਅੰਬਾਰੀ ਪਾਇ। ਸੁ ਤੁਰੀ ਅਸਬੀ ਦਈ ਇਹਾਂ ਬਜਾਇ।
ਔਰ ਤੋਫੇ ਤੁਫਾਇਤ ਔ ਸਿਰੋਪਾਇ। ਸਾਥ ਸ੍ਰਦਾਰਨ ਖੂਬ ਲਈ ਪਾਇ।੨੯
ਮੋਤੀ ਮਾਲ ਬਡ ਜ੍ਵਾਹਰਨ ਵਾਲੀ। ਔਰ ਦਏ ਬਡ ਮਨਸਖ ਦਾਰੀ।
ਔਰ ਸਭ ਚੀਜ਼ ਕੋ ਸਕੈ ਗਿਨਾਇ। ਇਤ ਬਘੇਲ ਸਿੰਘ ਉਤਘਰ ਪਤਿਸ਼ਾਹਿ।੩੦।

ਦੋਹਰਾ: ਕਰਤ ਵਿਦਾ ਸ਼ਾਹਿ ਇਮ ਕਹੀ 'ਇਮ ਹਮ ਹਵਸ ਰਹਾਇ।
ਸਿੰਘ ਲੁਟੇਰੇ ਜਗ ਕਹੈਂ ਹਮ ਲੁਟਤੇ ਦੇਖੇ ਨਾਂਹਿ'।੩੧।

ਚੌਪਈ: ਸਿੰਘ ਜੀ ਹਸ ਕਹੀ ਅਗਜੋਂ ਬਾਤ। 'ਅਸੀਂ ਦਿਖਾਵੈਂ ਤੁਮਹਿ ਪ੍ਰਭਾਤ।
ਯਹ ਜੋ ਖੇਤ ਪੋਨਨ[1] ਕੋ ਪਾਰ। ਇਨਕੀ ਲੂਟਕੂਟ ਕਰਹਿੰ ਦ੍ਰਿਖਾਰ।੩੨।
ਦਾਮ ਇਨਕੈ ਕ੍ਰਿਸਾਨਨ ਦੀਏ ਜਾਹਿੰ। ਹੋਗ ਬਡੋ ਤਮਾਸ਼ੋ ਜਮਨਾਂ ਮਾਂਹਿ।
ਜਬ ਚਾਹੋ ਤਬ ਲਿਓ ਬੁਲਾਇ। ਸਿੰਘ ਹੋਲੀ ਸੀ ਕਰ ਦੇਹਿੰ ਦਿਖਾਇ'।੩੩
ਸੋਊ ਪ੍ਰਾਤ ਸਿੰਘ ਘਲੇ ਬੁਲਾਇ। 'ਢਲੇ ਦਿਵਸ' ਕਹਜੋ 'ਸਿੰਘ ਚੜ੍ਹ ਆਇ'।
ਸਿੰਘ ਜੀ ਕਹੀ 'ਹਮ ਜਾਂਵੈਂ ਜ਼ਰੂਰ। ਫਿਰ ਆਇ ਬੈਠਜੋ ਜ਼ਗਾ ਉਚੂਰ[2]।੩੪

੧. ਗੰਨਿਆਂ ਦਾ। ੨. ਕਿਸੇ ਉਚੀ ਥਾਵੇਂ (ਤ੍ਰਾਮਾਂ) ਆ ਬੈਠਣਾ।

Sri Satguru Jagjit Singh Ji eLibrary NamdhariElibrary@gmail.com

ਸੁਨਤ ਸਿੰਘਨ ਦਿਲ ਸ਼ਾਦੀ ਹੋਈ। ਉਇ ਉਸ਼ ਆਗੈ ਵੈ ਉਸ ਅਗੇ ਚਹੈ ਹੋਈ।
ਢਲੇ ਦਿਵਮ ਸਿੰਘ ਕੀਓ ਨਗਾਰੋ। ਤੁਰਜੋ ਡੇਰੋ ਸਭ ਲੁੱਟਨ ਵਾਰੋ।੩੫।
ਕਿਸ ਹਥ ਦਾਤੀ ਕਿਸ ਛੁਰੀ ਕਟਾਰੀ। ਕਿਸੈ ਕਰਦ ਕਿਨ ਤਲਵਾਰਹਿ ਧਾਰੀ।
ਕਰਤ ਲੁੱਟ ਥੇ ਜਿਮ ਦਲ ਨਿੱਤ। ਰਲ ਮਿਲ ਲੁੱਟਨ ਆਇ ਹੁਏ ਮਿੱਤ।੩੬।

ਦੋਹਰਾ: ਰਾਮ ਦਜਾਲ ਜਾਇ ਸ਼ਾਹ ਪੈ ਕਹਿ ਊਚੈ ਦਯੋ ਖਹਾਇ।
ਤੌ ਲੌ ਲੁੱਟਨ ਵਾਰ ਲੈ ਖੜਜੋ ਸੁੱਖੂ ਸਿੰਘ ਜਾਇ।੩੭।

ਚੌਪਈ: ਸ਼ਾਹਿ ਕਹੀ 'ਅਬ ਹੱਲਾ ਕਰਾਯੋ। ਅਪਨ ਵਜ੍ਹਾ ਸੋਂ ਲੁੱਟ ਦਿਖਾਯੋ'।
ਤੌ ਮਗਰੋਂ ਸਿੰਘ ਜੀ ਚੜ੍ਹ ਆਏ। ਚੰਗੇ ਮੰਦੇ ਕੋ ਵੈ ਬਹੁ ਲਜਾਏ।੩੮।
ਕੁੱਦ ਵੜੇ ਵੈ ਮੱਧ ਦਰਿਆਇ। ਕੋਈ ਤਰੈ ਕੋਈ ਗੋਤੇ ਖਾਇ।
ਕਈ ਮੁੜ ਖੜੇ ਕੋਈ ਰੁੜ੍ਹਤੇ ਜਾਇੰ। ਕਿਸ ਸਿਰ ਪੱਗ ਰਹੀ ਔ ਰੁੜ੍ਹੀ ਬਹੀ ਜਾਇੰ।
ਕਈ ਪਹੁੰਚੇ ਜਾਇ ਪਰਲੇ ਪਾਰ। ਕਈ ਖੜੇ, ਕਈ ਮੱਧ ਭਏ ਖੁਆਰ।
ਕਈ ਪੋਨੇ ਲੈ ਮੁੜ ਭੀ ਆਏ। ਉਨਕੋ ਖੋਸ ਕਈ ਰਸਤਜੋਂ ਲੈ ਧਾਏ।੪੦।
ਵਹਿ ਉਸਕੋ, ਵਹਿ ਉਸੈ ਪਕਾਵੈ। ਵਹਿ ਉਸ਼ ਦਾੜਹਿ, ਵਹਿ ਪੱਗ ਹਥ ਪਾਵੈ।
ਦੇਖ ਪਾਤਸ਼ਾਹ ਬਡ ਖੁਸ਼ੀਆਂ ਕਰੈ। ਹੱਸ ਹੱਸ ਬਹੈ ਔ ਲਿਟ ਲਿਟ ਪਰੈ।੪੧।

ਦੋਹਰਾ: ਹਸਤੀ ਘੋੜੇ ਊਨ ਬਡ ਜੋ ਉਤ ਤੇ ਲਦ ਲਜਾਹਿ।
ਰਸਤੇ ਹੀ ਤੈ ਉਨ੍ਹੋਂ ਕੌ ਲੁੱਟੈਂ ਔਰ ਸੁ ਖਾਹਿੰ।੪੨।

ਚੌਪਈ: ਕਈ ਨਠੇ ਜਾਹਿੰ ਪਰਨ ਲੁਹਾਇ। ਕਈ ਨਠੇ ਜਾਹਿੰ ਗੁੜ ਬੁਤੈ ਖਾਇ।
ਇਕਲੇ ਨੱਠੈ ਮੁੜ ਪਿਛਾ ਨ ਤਕਾਵੈਂ। ਇਕ ਰਲ ਮਿਲ ਘੁਲ ਤਿਹ ਠੇਕੈ ਲਗਾਵੈਂ।੪੩

ਸੋਰਠਾ: ਗੌਹਰ ਅਲੀ ਪਤਿਸ਼ਾਹ ਭਜੋ ਪ੍ਰਸੰਨ ਦਿਖ ਪੰਥ ਲੁਟ।
ਜਿਮ ਖਵਰੋ ਸਾਂਗ ਕਰਾਇ ਆਪ ਫੂਕ ਆਪ ਹਸੇ।੪੪।

ਦੋਹਰਾ: ਐਸੀ ਐਸੀ ਜੁਗਤ ਸੌਂ ਸਿੰਘ ਰਹਜੋ ਸੁ ਕਿਤਨਕ ਸਾਲ।
ਲਏ ਪੈਸੇ ਔਰ ਦੇਸ ਤੇ ਰਲਵਾਇ ਮਰਹਟੇ ਨਾਲ।੪੫।
ਠਾਣਾਂ ਦਿੱਲੀ ਬਹਾਹਿ ਫਿਰ ਪਤਿਸ਼ਾਹੋਂ ਛਜਾਨੀ ਲਿਖਾਇ।
ਸ੍ਰੀ ਅੰਮ੍ਰਿਤਸਰ ਚਿਤ ਇਸ਼ਨਾਨ ਧਰ ਮੁੜ ਪੜਿਓ ਤਿਸਹੀ ਰਾਹਿ।

ਸਾਖੀ ਡੀਘ ਘੁਮੇਰ ਔ ਭਰਤ ਪੁਰੇ ਕੀ

੧੯੫. [ਭਰਤ ਪੁਰੀਏ ਸੂਰਜ ਮਲ ਨਾਲ ਮੇਲ ਤੇ ਪੰਜ ਲੱਖ ਟਕਾ ਮਾਮਲਾ ਲੈ ਕੇ ਮਿਸਲਾਂ ਵਿਚ ਵੰਡਿਆ।]

ਦੋਹਰਾ: ਜਬ ਖਾਲਸੋ ਦੱਖਣ ਹਲਜੋ ਮਿਸਲੇਂ ਦਸੇ ਬਣਾਇ।
ਜਾਇ ਸੂਰਜ ਮਲ ਘੇਰਿਓ ਡੀਕ ਕੁਮੇਰਹਿ ਮਾਹਿ।੧।
ਸਤ ਲੱਖ ਟਕੇ ਉਨ ਲਿਖ ਘਲੇ ਤੌ ਮਿਲਣ ਆਯੋ ਆਪ।
ਸੁਨੋ ਅਬੈ ਸਜਾਮ ਸਿੰਘ ਸੌਂ ਜਿਮ ਉਸ ਭਯੋ ਮਿਲਾਪ।੨।

Sri Satguru Jagjit Singh Ji eLibrary NamdhariElibrary@gmail.com

ਚੌਪਈ: ਸੁਨੋਂ ਮਿਲਾਪ ਉਸੈ ਕੀ ਬਾਤ। ਸੋ ਮਿਲਿਓ ਜੱਸਾ ਸਿੰਘ ਕਲਾਲ ਜਾਤ।
ਸੋ ਕਹੈ 'ਸਜਾਮ ਸਿੰਘ ਕੇ ਮੈਂ ਮਿਲਹੋਂ ਗਲੇ। ਨਾਹੀਂ ਤੋ ਜਾਊਂ ਘਰ ਮੁੜ ਚਲੇ'।੩।
ਸਜਾਮ ਸਿੰਘ ਕਹੈ 'ਮੈਂ ਮੋਨੇ ਮਿਲੋਂ ਨਾਹੀਂ'। ਵਲ ਦੋਊ ਇਮ ਜਿਦੇ ਕਰਾਹੀਂ।
ਤਊ ਪੰਥ ਨੇ ਅਸ ਠਹਿਰਾਈ। 'ਲਵਾਇ ਤਨਖਾਹਿ ਲਜੋ ਪੰਥ ਬਖਸ਼ਾਈ'।੪।
ਕਹੀ ਪੰਥ ਸਜਾਮ ਸਿੰਘ ਮਨ ਲਈ। ਸੂਰਜ ਮਲ ਬਹੁ ਖੁਸ਼ੀ ਮਨ ਭਈ।
'ਅਬ ਮੈਂ ਮਿਲੇ ਪੰਥ ਵਡ ਭਯੋ। ਸੱਤ ਲੱਖ ਟਕਾ ਮੋਰੇ ਕੰਮ ਅਯੋਂ।੫।

ਦੋਹਰਾ: ਆਗੇ ਖਾਲਸੇ ਪੰਥ ਬਹਿ ਸਰਬਤ ਲਾਇ ਦਿਵਾਨ।
ਸੋ ਜੋੜੀ ਘੋੜੇ ਲੈ ਅਯੋ ਸੁਨਹਿਰੀ ਸਾਜ ਲਵਾਨ।੬।

ਚੌਪਈ: ਇਤੇ ਸਜਾਮ ਸਿੰਘ ਉੱਠ ਖਲੋਯੋ। ਮਿਲੇ ਗਲੇ ਇਮ ਕੁਸ਼ਲ ਪੁਛੋਯੋ।
ਫਿਰ ਰਾਜਾ ਕਹਿ ਪਾਸ ਬਹਾਯੋ। ਕਰ ਰੱਯਤ ਸਿਰ ਮਾਮਲੋ ਠਹਿਰਾਯੋ।੭।
ਲਾਖ ਰੁਪੱਯੇ ਤਿਸ ਛਡ ਦਯੋ। ਸਿਰੋਪਾਉ ਦੈ ਵਿਦਾ ਸੁ ਕਯੋ।
ਦਯੋ ਛਡਾਯੋ ਰਾਣੀ ਕਹਿ ਨਾਇ। ਕਹੈ ਨ ਪੰਥ ਹਮ ਬਿਰਥੀ ਛੁਡਾਇ।੮।
ਤੀਨ ਲੱਖ ਹਾਜੇ ਤੁਰਤ ਦਏ। ਦੋਇ ਲੱਖ ਹੁਤੀ ਕਿਛ ਮੁੱਦਤ ਕਏ।
ਤਊ ਰੁਪੱਯੇ ਤਿੰਨ ਲਖ ਆਯਾ। ਡੇਰੇ ਸਜਾਮ ਸਿੰਘ ਮਲ ਸੂਰਜ ਘਲਾਯਾ।੯।
ਤਿਸਕੀ ਬਾਂਟ ਕਰਨ ਪੰਥ ਡਹਜੋ। ਕਰਤ ਝਗਰੋ ਉਤ ਦੁਇ ਲਖ ਗਹਜੋ।
ਫੇਰ ਸੁਨੋ ਜਿਮ ਵਹਿ ਝਗਰੋ ਮੁਕਜੋ। ਸਭੀ ਬਾਤ ਮੈਂ ਅਬ ਲਿਖ ਦਜੋਂ।੧੦।

ਦੋਹਰਾ: ਕੋਊ ਕਹੈ 'ਮਿਸਲੋਂ ਬੰਡੋ' ਕੋਊ ਕਹੈ 'ਬੰਡੋ ਫੌਜ ਦੇਖ'।
ਆਪੋ ਆਪਨੈ ਮਤਲਖੀ ਬੋਲ ਮਚਾਵੈਂ ਖੇਖ।੧੧।
ਦੁਇ ਲੱਖ ਖੋਇ ਜਿਮ ਫਿਰ ਬੰਡੇ ਸੋ ਬਿਧ ਦਿਓਂ ਸੁਨਾਇ।
ਮਿਸਲੋਂ ਦਸ ਜਿਮ ਕਰ ਵੰਡੇ ਬਡ ਛੋਟੀ ਕਰ ਸਮਝਾਇ।੧੨।

ਚੌਪਈ: ਪ੍ਰਿਥਮ ਪੰਝੀ ਹਜ਼ਾਰ ਰਖ ਦਸਵੰਧ ਲਯੋ। ਸ੍ਰੀ ਅੰਮ੍ਰਿਤਸਰ ਟਹਿਲ ਹਿਤ ਕਯੋ।
ਜੋ ਅਹਿਮਦ ਗਿਲਜੇ ਗਜੋ ਢਾਹਿ। ਅਕਾਲ ਬੁੰਗੋ ਲੀਓ ਦੁਬਾਰ ਸਜਾਇ।੧੩।
ਔ ਗਿਰਦ ਪੌੜੀ ਔ ਗੁਰ ਠੌਰ। ਸੌਂਪ ਮਸੰਦਨ ਗੁਰ ਠੌਰ ਕਰੀ ਗੌਰ।
ਪੁਨ ਅੱਧੇ ਟਕੇ ਦੋਲ ਬ੍ਰਿਧ ਰਖ ਲਏ। ਅੱਧੇ ਮਝੈਲ ਤਰਨ ਦਲ ਦਏ।੧੪।
ਤਿਨ ਮੱਧ ਤੀਨ ਮਿਸਲ ਸਮ ਭਈ। ਸੁਕ੍ਰਚਕੀਏ, ਰਾਮਗੜ੍ਹੀਏ, ਕਨ੍ਹਈ।
ਚੌਥੇ ਭੰਗੀ ਸਵਾਏ ਠਏ। ਪੰਜਮ ਪੌਨੇ ਨਕਈ ਠਹਿਰਏ।੧੫।
ਤਿਮ ਸਜਾਮ ਸਿੰਘ ਭਈ ਫੌਜ ਸਵਾਈ। ਬਾਰੈ ਹਜਾਰ ਗਿਣਤੀ ਤਿਸ ਆਈ।
ਤਿੰਨ ਲਖ ਪੌਣੀ ਸੰਗਤ ਸਿੰਘੀਅਨ ਮਿਲਵਾਈ।੧੬।

ਦੋਹਰਾ: ਤੀਜੇ ਮਿਸਲ ਡਲੇਵਾਲ ਬਡ ਬਧੀ ਦੇਸ਼ ਦੁਆਬੇ ਮਾਂਹਿ।
ਜਿਸ ਮਾਝੇ ਮਧ ਨਹਿੰ ਖਡ ਜਗਾ ਇਕ ਢਾਬਾਂਵਾਲ ਸੁ ਜਾਹਿ।੧੭।

Sri Satguru Jagjit Singh Ji eLibrary NamdhariElibrary@gmail.com

ਚੌਪਈ: ਚੌਥੀ ਮਿਸਲ ਸਿੰਘ ਪੁਰੀਏ ਆਹਿ। ਆਹਲੂਵਾਲੀਏ ਹੈਂ ਜਿਹ ਮਾਂਹਿ।
ਪੰਜਮ ਚੁਗ ਗਿਣ ਮਿਸਲ ਬਨਾਈ ਸੋਇ। ਅੰਮ੍ਰਿਤਸਰੀਏ ਸਿੰਘ ਕਹਾਵਤ ਥੋਇ।੧੮
ਔਰ ਨਿਹੰਗ ਭੁਜੰਗ ਸ਼ਹੀਦ ਭਟ ਥੋਇ। ਸੋਢੀ ਬੇਦੀ, ਤੇਹਣ, ਭੱਲੇ ਸੋਇ।
ਇਮ ਦਸ ਮਿਸਲਨ ਟਕੇ ਬ੍ਰਤਾਏ। ਦਸ ਮਿਸਲੋ ਜਿਮ ਜਾਦਵ ਕ੍ਰਿਸ਼ਨਨ ਬਨਾਏ।
ਜਿਮ ਕਾਲ ਜਮਨੇ ਜਾਦਵ ਨਠਾਹਿ। ਤਿਮ ਗਿਲਜੇ ਤੇ ਸਿੰਘ ਨਠ ਜਾਹਿਂ।
ਜਿਤਨਕ ਵਾਰ ਜਮਨ ਕਾਲ ਆਯਾ। ਤਿਤਨਕ ਵਾਰ ਉਨ ਪੰਥ ਨਿਕਲਾਯਾ।੨੦।
ਅੰਤ ਸਮੇਂ ਸੋ ਹਰ ਜੀ ਮਰਵਾਯੋ। ਤਿਮੈ ਪੰਥ ਗੁਰ ਗਿਲਜੋ ਗਲਵਾਯੋ।
ਮਾਰ ਤੁਰਕ ਸਭ ਦੀਏ ਖਪਾਇ। ਗੁਰੂ ਫਤੇ ਖਾਲਸੇ ਦਈ ਖੁਲਾਇ।੨੧।

ਸਾਖੀ ਮਾਲਵੇ ਕੀ

੧੬੬. [ਮਹਾਰਾਜਕਿਆਂ ਤੇ ਫੂਲਕਿਆਂ ਦੀ ਆਦਿ ਕਥਾ। ਰਾਜਾ ਚਤਰ ਸਾਲ]

ਦੋਹਰਾ: ਤੌ ਮਾਲੀ ਨੇ ਫਿਰ ਕਹਜੋ: 'ਯਹ ਭੀ ਹਮੈ ਲਿਖਵਾਇ।
ਜਿਮ ਕਰ ਜੰਗਲ ਮਧ ਵਧੇ ਮਹਿਰਾਜੀ ਔ ਫੂਲਵਾਇ'।੧।

ਚੌਪਈ: ਜੋਊ ਤੌਰ ਉਨਕੀ ਹੁਤ ਸੁਨੀ। ਪਾਸ ਪੁਰਾਤਨ ਔ ਬਹੁ ਗੁਨੀ।
ਉਸੀ ਤੌਰ ਮੈਂ ਮਰੀ ਸੁਨਾਈ। ਉਸੀ ਤੌਰ ਮੈ ਦਿਓਂ ਲਿਖਾਈ।੨।
ਸੁਨੋ ਭਾਈ ਮਿਤ ਸੁਹਿਰਦ ਚਿੱਤ। ਭੂਲ ਜਾਊਂ ਤਉ ਲਿਖ ਦਜੋ ਤਿੱਤ।
ਜੰਗਲ ਦੇਸ ਭਲੋ ਅਖਵਾਇ। ਹਿੰਸਾਰ ਬਾਵਨੀ ਸੰਗ ਲਗਾਵਾਇ।੩।
ਹੁਤ ਰਾਜ ਰਜਪੂਤਨਿ ਤੂਰਨ ਦਿੱਲੀ। ਹਿੰਸਾਰ ਬਾਵਨੀ ਥੀ ਚੁਹਾਣੋ ਮੱਲੀ।
ਰਯਤ ਜੱਟ ਜੰਗਲ ਮਧ ਰਹੇ। ਬਹੁਤੋ ਗੋਤ ਗਿਨਤੀ ਕਿਤ ਲਹੇ।੪।
ਤਿਨ ਮਧ ਸਿੰਧੂ ਬਹੁ ਵਧ ਭਏ। ਭਲੇ ਕਰਮ ਕਿਨ ਉਨ ਬਡ ਕਏ।
ਟੀਂਡੋ ਕਾਉਂ ਕੋਊ ਪਹਿਲੋਂ ਅਯੋ। ਉਨੇ ਘਨੋ ਘੇਰੋ ਤਬ ਭੂਮਹਿ ਠਯੋ।੫।

ਦੋਹਰਾ: ਪਹਿਲੋਂ ਬੈਠੇ ਰੋਕ ਭੂਮ ਸੋ ਤੌਂ ਬਾਰਸ ਅਖਵਾਇ।
ਮਹਿਰਾਜੀ ਫਿਰਤੇ ਰਚ ਚੱਕ ਰੱਯਤ ਉਤ ਗੁਜਰ ਕਰਾਇ।੬।

ਚੌਪਈ: ਤੂਰਨ ਤੇ ਲਈ ਦਿਲੀ ਚੁਹਾਣ। ਰਾਇ ਪਥੌਰੇ ਹੁਇ ਬੇਈਮਾਨ।
ਉਨ ਪੰਝੀ ਲੱਖ ਰਾਜਪੂਤ ਗਲਵਾਯਾ। ਸੋ ਖਿਨਾਂ ਫੌਜ ਗੋਰੀਏ ਲਖ ਘਾਯਾ।੭।
ਸ਼ਾਹਿ ਗੌਰੀਓ ਦਯੋ ਕੱਢ ਪਠਾਣੈ। ਪਠਾਣਨ ਪਰ ਗੁਰ ਮੁਗਲ ਲਿਆਣੇ।
ਮੁਗਲ ਮੱਧ ਕੀ ਕਹੋਂ ਕਹਾਨੀ। ਮਹਰਾਜੀਅਨ ਪਰ ਜਿਨ ਭਲੀ ਬਿਹਾਨੀ।੮
ਪ੍ਰਿਥਮ ਸੁਨਾਊਂ ਭਾਈਅਨ ਗੱਲ। ਮਹਾਰਾਜੀਅਨ ਪਰ ਜਿਮ ਆਵੈਂ ਚਲ।
ਪ੍ਰਿਥਮ ਭਾਈ ਬਹਿਲੋ ਸਿਖ ਭਯੋ। ਟਹਿਲ ਨਮਿਤ ਪਹਿ ਗੁਰ ਕੇ ਗਯੋ।੯।
ਸ੍ਰੀ ਅਰਜਨ ਗੁਰ ਆਵੇ ਚੜ੍ਹਵਾਵਤ। ਤਰਨ ਤਾਰਨ ਚਟੈ ਧੋੜੀ ਚਿਣਵਾਵਤ।
ਤਹਿਂ ਆਵੇ ਅੱਗ ਬਾਹਰ ਹੁਇ ਗਈ। ਬਹਿਲੋ ਲਜਾਯੋ ਪੰਡ ਕੂੜੈ ਠਈ।੧੦।

Sri Satguru Jagjit Singh Ji eLibrary NamdhariElibrary@gmail.com

ਦੋਹਰਾ: ਸਹਤ ਸੀਸ ਤਿਹ ਪੰਡ ਦਬੀ ਗੁਰ ਅਰਜਨ ਪਹੁੰਚਯੋ ਆਇ।
ਧੰਨ ਧੰਨ ਸਿੱਖੀ ਗੁਰ ਕਹੀ ਭਾਈ ਬਹਿਲੋ ਲਯੋ ਉਠਾਇ।੧੧।

ਚੌਪਈ: ਸਤਿਗੁਰ ਖੁਸ਼ੀ ਬਹਿਲੋ ਪਰ ਕਈ। ਸੰਗਤ ਭੂਤਨ ਲਾਇ ਸੁ ਦਈ।
ਯਹੀ ਬਾਤ ਭਗਤੂ ਸੁਨ ਪਾਈ। ਸਾਥ ਬਹਿਲੋ ਭਜੋ ਗੁਰ ਢਿਗ ਜਾਈ।੧੨।
ਉਸੈ ਪ੍ਰਸੰਗ ਪਗ ਭਗਤੂ ਜਾਇ ਛੁਹੈ। ਮਸੰਦ ਜੰਗਲ ਸਭ ਕਰ ਦਯੋ ਵਹੈ।
ਭਗਤੂ ਸੰਗ ਹਰੀਓ ਬਾਲੋ ਤਰਯੋ। ਸਭ ਜੰਗਲ ਇਮ ਭਾਗੇ ਭਰਯੋ।੧੩।
ਅਬ ਮਹਰਾਜੀਅਨ ਗੱਲ ਸੁਨਾਊਂ। ਸੁਨੀ ਬ੍ਰਿਧਨ ਤੇ ਤਿਮੈਂ ਸੁਨਾਊਂ।
ਸਭ ਤੇ ਪਿਛੈ ਮਹਰਾਜੀਏ ਆਵੈਂ। ਨਹਿ ਉਨ ਜੋਗ ਜਿਮੀ ਹਥ ਆਵੈਂ।੧੪।
ਜਿਸ ਕੇ ਬਹੈਂ ਘਰੇ ਮਧ ਤੇਊ। ਉਇ ਇਨ ਰਖੈ ਰਯਤ ਕਰ ਏਊ।
ਨਿਜ ਢਬ ਇਨ ਕਛ ਲਾਗੈ ਨ ਘਾਤ। ਅਗੈ ਭਈ ਮਹਰਾਜੀਨ ਬਾਤ।੧੫।

ਦੋਹਰਾ: ਬਹੁ ਥੇ ਉਨ ਸੰਗ ਚੂਹੜੇ, ਭਿੰਨ ਭੇਤ ਕਮੀ ਰਖਾਹਿ।
ਸੋ ਕਰੈਂ ਬਖੀਲੀ ਲੋਕ ਇਨ ਹੁਤੇ ਜੁ ਜੰਗਲ ਮਾਂਹਿ।੧੬।

ਚੌਪਈ: ਕਰੈਂ ਚੱਕ੍ਰ ਇਨ ਚੂਹੜਨ ਕੇਰੋ। ਇਮ ਕਰ ਇਨ ਸੋਂ ਰਖੈਂ ਬਖੇਰੋ।
ਮਨ ਮਧ ਸਮਝੈਂ ਇਨ ਬਲਧਾਰੀ। ਮਤ ਮੱਲ ਖਹੈਂ ਯਿਹ ਭੂਮ ਹਮਾਰੀ।੧੭।
ਇਮ ਕਰ ਇਨ ਭੂਮ ਬਹਿਣ ਨ ਦੇਇਂ। ਰਹੈਂ ਭੂਮ ਤੌ ਜਗਾਤ ਭਰ ਲੇਹਿਂ।
ਫਿਰ ਤੁਰ ਕੈ ਯੋ ਕਰੈਂ ਗੁਜਾਰਾ। ਭਯੋ ਚੱਕ੍ਰ ਇਮ ਇਨ ਕੋ ਭਾਰਾ।੧੮।
ਇਮ ਕਰ ਦੇਵਹਿਂ ਇਨ੍ਹੈਂ ਨਿਕਾਰ। ਰਲ ਮੁਲਖੱਯੇ ਔ ਤਪੇਦਾਰ।
ਤਉ ਮਹਰਾਜੀਅਨ ਮਤੋ ਮਤੋਯੋ। 'ਹਮ ਚਹੀਅਤ ਕੋਊ ਦੇਸ਼ ਰੁਕੋਯੋ'।੧੯।
ਦੇਸ਼ ਪਰਾਯੋ ਇਮ ਰੁਕਯੋ ਕਬ ਆਈ। ਬਿਨਾ ਕੀਏ ਕੋਊ ਬਡੋ ਸਹਾਈ।
ਭਲੋ ਵਖਤ ਉਨਕਾ ਤਬ ਆਯੋ। ਉਨ ਸਤਿਗੁਰ ਕੋ ਉਹਲੋ ਤਕਾਯੋ।੨੦।

ਸੋਰਠਾ: ਸੋ ਭਗਤੂ ਢਿਗ ਜਾਇ ਹਾਥ ਜੋੜ ਚਰਨੀ ਲਗੇ।
ਸਭ ਬਿਧ ਕਹੀ ਸੁਨਾਇ ਹਮਹਿ ਗੁਰੂ ਪਗ ਲਾਇਓ।੨੧।

ਦੋਹਰਾ: ਮੇਲੋ ਬਸਾਖੀ ਆਇ ਪੁਨ ਲਯੋ ਮੋਹਣ ਭਗਤੂ ਸਾਥ।
ਪ੍ਰਿਥਮ ਮਿਲਾਯੋ ਸਭਨ ਤੇ ਢਿਗ ਸਤਿਗੁਰ ਜੋੜ ਸੁ ਹਾਥ।੨੨।

ਚੌਪਈ: ਸ੍ਰੀ ਸਤਿਗੁਰ ਦਿਸ਼ਟ ਖੁਸ਼ੀ ਕੀ ਕਰੀ। ਭਏ ਨਿਹਾਲ ਵੈ ਤਿਸਹੀ ਘਰੀ।
ਮਹਰਾਜ ਪੋਤ੍ਰੇ ਮੋਹਨ ਥੋ ਅਯੋ। ਸਾਥ ਪੁਤ੍ਰ ਕੋ ਕਾਲੈ ਲਜਾਯੋ।੨੩।
ਸ੍ਰੀ ਸਤਿਗੁਰ ਅੱਗੈ ਦਯੋ ਚੜ੍ਹਵਾਇ। ਔਰ ਦਰਬ ਦਈ ਢੇਰੀ ਲਾਇ।
ਕਾਲੇ ਟਹਿਲ ਗੁਰ ਲੰਗਰ ਲਾਈ। ਲੋਕਨ ਕਹਿ ਬਾਤ ਦਈ ਮਿਟਾਈ।੨੪।
ਤੌ ਮੋਹਨ ਗੁਰ ਪੈ ਜੀ ਕੀ ਕਹੀ। 'ਦੱਯੇ ਜ਼ਿਮੀਂ ਹਮ ਵੱਸਨ ਤਈਂ'।
ਹਸ ਸਤਿਗੁਰ ਯੌ ਮੋਹਨ ਕਹਯੋ। 'ਹਮ ਚਾਹੈਂ ਤੁਮ ਦੇਣੈ ਜੋਗ ਕਯੋ।੨੫।

Sri Satguru Jagjit Singh Ji eLibrary NamdhariElibrary@gmail.com

ਲੇਹਿਂ ਭੂਮ ਤੁਮ ਤੇ ਲੋਗ ਮੰਗ। ਜਹਿ ਅਬੈ ਤੂੰ ਭਗਤੂ ਸੰਗ।
ਹਮ ਆਵਹਿੰਗੇ ਜੰਗਲ ਮਾਹਿ। ਤੁਮਰੇ ਕੰਮ ਬਣਾਵਤ ਤਾਂਹਿ।੨੬।

ਦੋਹਰਾ: ਤੌ ਮੋਹਣ ਗੁਰ ਸੌਂ ਕਹੀ 'ਹਮ ਇਚਰਕ ਬਹਿਣ ਮੁਹਾਲ'।
ਸਤਿਗੁਰ ਆਖਜੋ 'ਨਹਿਂ ਡਰੋ ਕਰੂ ਕਹਤਾ ਤੁਮ ਪ੍ਰਤਿਪਾਲ'।੨੭।

ਚੌਪਈ: ਸੋ ਭਗਤੂ ਆਨ ਪਾਸ ਬਹਾਏ। ਚੱਕਣ ਧੌਰੈ ਸੋਊ ਬਸਾਏ।
ਤੌ ਤਪੇਦਾਰ ਬਖੀਲੀ ਕਰੈਂ। ਟਾਰੈਂ ਭਗਤੂ ਨਹਿਂ ਵੈ ਟਰੈਂ।੨੮।
ਤੌ ਸਤਿਗੁਰ ਇਮ ਕਲ ਵਰਤਾਈ। ਇਕ ਰਾਜੈ ਇਨ ਗਲ ਬਣਵਾਈ।
ਉਸ ਰਾਜੈ ਕੀ ਕਹੌਂ ਕਹਾਨੀ। ਜਿਮ ਲੋਕਨ ਬਹੁ ਸਜਾਨਨ ਬਖਾਨੀ।੨੯।
ਇਕ ਚਤਰਸਾਲ ਨ੍ਰਿਪ ਦਖਣੀ ਕਹੈਂ। ਅਹਿ ਨਿਸ ਬਹੁਤ ਸ਼ਰਾਬੀ ਰਹੈ।
ਬਹੁਤ ਦੁੱਖ ਉਸ ਰੱਯਤ ਪਾਵੈ। ਸੋ ਰਹੈ ਸ਼ਰਾਬੀ ਦੁੱਖ ਮਿਟਾਵੈ।੩੦।

ਦੋਹਰਾ: ਦੁਸ਼ਮਨ ਔਰ ਜੁ ਢਿਗ ਹੁਤੇ ਤਿਨ ਲਯੋ ਮੁਲਕ ਦਬਾਇ।
ਦਿਵਾਨ ਮੁਸੱਦੀ ਬਹੁ ਉਸੇ ਕਹਿ ਥਕ ਬਹੇ ਸਲਾਹਿ।੩੧।

ਚੌਪਈ: ਮਾਤ, ਭ੍ਰਾਤ, ਉਸ ਘਰ ਕੀ ਜੋਇ*। ਰਹੇ ਸਮਝਾਇ ਵਹੁ ਮਨੈਂ ਨ ਕੋਇ।
ਰਾਤ ਦਿਵਸ ਵੈ ਰਹਿ ਸਰਸ਼ਾਰ। ਸਭ ਕੰਮ ਉਸਕੋ ਭਯੋ ਖੁਆਰ।੩੨।
ਯਹੀ ਖਬਰ ਪਤਿਸ਼ਾਹ ਪਹਿ ਗਈ। ਰਾਜ ਨਾਮ ਲਿਖ ਦਯੋ ਲਘੁ ਭਈ।
ਚਤਰਸਾਲ ਕਹਜੋ ਕੈਦ ਬਹਾਵਨ। ਦੁਇ ਬੋਤਲ ਕਹਿ ਸ਼੍ਰਾਬ ਪਿਲਾਵਨ।੩੩।

ਦੋਹਰਾ: ਯਹੀ ਬਾਤ ਦਿਵਾਨਨ ਮੰਨੀ ਮਹੂਰਤ ਲਯੋ ਕਢਵਾਇ।
'ਸਵਾ ਪਹਿਰ ਦਿਨ ਜਬ ਚੜ੍ਹੇ ਕਰ ਦੱਯਗੁ ਟਿੱਕੋ ਵਾਇ'।੩੪।

ਚੌਪਈ: ਯਹੀ ਬਾਤ ਉਸ ਤਿਯ ਸੁਨ ਪਾਈ। ਕਹਾਂ ਕਰੈ ਬਹੁ ਰਹੀ ਸਮਝਾਈ।
ਟੂਟਜੋ ਨਸ਼ਾ ਉਨ ਰਾਣੀ ਜਗਾਈ। ਲਜਾਓ ਪਜਾਲਾ ਉਨ ਮੰਗ ਸੁਨਾਈ।੩੫।
ਰਾਣੀ ਕਹਜੋ 'ਆਇ ਦੇਗੁ ਤੁਹਿ ਭਾਈ। ਸਵਾ ਪਹਿਰ ਦਿਨ ਚੜ੍ਹੇ ਤੌ ਆਈ'।
ਹੁਇ ਕਟੜੋ ਉਨ ਬਹੁਰ ਉਚਾਰਜੋ। ਰਾਣੀ ਤਿਸਤੈ ਬਹੁ ਕਰੜੋ ਪੁਕਾਰਜੋ।੩੬।
'ਆਉਗੁ ਤੁਮ ਪੈ ਤੁਮ ਲਘੁ ਭਾਈ। ਪਤਿਸ਼ਾਹੀ ਪ੍ਰਵਾਨੋ ਦੇਗੁ ਫੜਾਈ।
ਪਾਇ ਬੇੜੀ ਤੁਮ ਪਿਆਗੁ ਪਿਆਲਾ। ਸਵਾ ਪਹਿਰ ਦਿਨ ਚੜ੍ਹੇ ਜਿਮ ਕਾਲਾ'।੩੭।
ਇਤਨੀ ਸੁਨ ਉਸ ਕਛੁ ਬੁਧ ਆਈ। ਕਹਜੋ ਨਾਰਿ 'ਕਿਛ ਦਸੋ ਉਪਾਈ'।
ਰਾਨੀ ਕਹੀ 'ਨਠ ਅਬ ਤੂੰ ਜਾਹਿ। ਜਹਾਂਗੀਰ ਕੈ ਜਾ ਪਉ ਪਾਇ'।੩੮।

ਦੋਹਰਾ: ਯਹੀ ਖਾਤ ਉਸ ਕੰਨ ਪਰੀ ਭਯੋ ਸ੍ਵਾਰ ਤਤਕਾਲ।
ਦੌੜ ਧਾਪ ਕਰ ਜਾ ਪੁਜਯੋ ਨਿਜ ਕਹਜੋ ਸਭੀ ਅਹਵਾਲ।੩੯।

ਚੌਪਈ: ਜ਼ਹਾਂਗੀਰ ਉਸ ਦਯੋ ਜੁਵਾਬ। 'ਅਬ ਤੁਮ ਕੋ ਨਹੀਂ ਮਿਲੈ ਸਵਾਬ।
ਹਮ ਤੁਮ ਕੋ ਬਹੁਬਾਰ ਲਿਖ ਰਹੇ। ਤੈਂ ਛਡਯੋ ਨ ਨਸ਼ੇ ਹਮਾਰੇ ਕਹੇ'।੪੦।

* ਘਰ ਦੀ ਇਸਤ੍ਰੀ।

Sri Satguru Jagjit Singh Ji eLibrary NamdhariElibrary@gmail.com

ਯਹ ਸੁਨ ਚਤਰ ਸਾਲ ਹਥ ਜੋੜੇ। 'ਦਿਹੁ ਰੋਟੀ ਮੁਹਿ ਵਲ ਕਿਤ ਓਰੇ'।
ਤੌ ਪਤਿਸ਼ਾਹ ਤਜਵੀਜ ਕਰਾਈ। ਮੁਲਕ ਉਜਾੜ ਦਜੋ ਜੰਗਲ ਲਿਖਾਈ।੪੧
ਆਇ ਬਠਿੰਡੇ ਉਨ ਡੇਰਾ ਲਾਯਾ। ਖਾਣੈ ਕੋ ਤਿਸ ਹੱਥ ਨ ਆਯਾ।
ਸੱਦੇ ਉਨ ਤਹਿਂ ਤੱਪੇਦਾਰ। ਉਨੈਂ ਦੇਖਿਓ ਮੁਲਖ ਉਜਾੜ।੪੨।
ਉਸ ਗੁਜਰ ਕਰਨ ਕੀ ਪੁਛੀ ਸਲਾਹਿ। ਕਹਜੋ ਉਨ੍ਹੈਂ 'ਤੂੰ ਲੁਟ ਮਾਰ ਧਾਹਿ'।
ਰਾਜੈ ਕਹਜੋ 'ਤੁਮ ਅਗੈ ਹੁਇ ਬਤਾਇ। ਹੋਇ ਆਕੀ ਸੋ ਲਜੋ ਮਰਵਾਇ'।੪੩।

ਦੋਹਰਾ: ਉਨ ਹੁਤੇ ਮਹਰਾਜੀ ਅੱਖ ਤਿਣੈ ਸੋ ਉਨ ਦਏ ਬਤਾਇ।
ਸੋਊ ਖਬਰ ਤਿਨ ਕੋ ਭਈ ਪਰੀ ਚਿੰਤਾ ਤਿਨ ਆਇ।੪੪।

ਚੌਪਈ: ਮਹਿਰਾਜੀ ਸੁਨ ਭਗਤੂ ਢਿਗ ਅਏ। ਹਕੀਕਤ ਸਭੀ ਬਤਾਵਤ ਭਏ।
ਭਗਤੂ ਕਹੀ 'ਓਟ ਨਹੀਂ ਔਰੈ। ਸ੍ਰੀ ਗੁਰ ਵਲ ਚਹੀਏ ਹਥ ਜੋੜੈ'।੪੫।
ਕਰੀ ਅਰਦਾਸ ਸ੍ਰੀ ਸਤਿਗੁਰ ਧਯਾਇ। 'ਇਸ ਆਫਤੋਂ ਗੁਰ ਲਈਂ ਰਖਾਇ'।
ਐਸੀ ਭਈ ਸਤਿਗੁਰ ਕੀ ਕਲਾ। ਆਇ ਉਤਰਜੋ ਢਿਗ ਚੱਕ੍ਰ ਔਰ ਭਲਾ।੪੬।
ਇਨ ਉਨ ਲੀਨੀ ਗਿਣ ਸਲਾਹਿ। 'ਹਮ ਭਜੇ ਬਚੈਂ ਨਹੀਂ ਕਿਤ ਹਮ ਜਾਹਿਂ?
ਹਮ ਤੁਮ ਰਲੈਂ ਤੋ ਬਚੈਂ ਇਕ ਥਾਇ'। ਤੌ ਲੌ ਰਾਜਾ ਪਰਜੋ ਉਨ ਧਾਇ।੪੭
ਲਏ ਲੂਟ ਤਿਨ ਜਟ ਬਿਚਲਾਇ। ਕਰੀ ਖਬਰ ਉਨ ਮਹਿਰਾਜਨ ਆਇ।
ਕੀਓ ਉਪਰਾਲੋ ਮਹਿਰਾਜਨ ਧਾਇ। ਪੜੇ ਉਨੈਂ ਪਰ ਢੋਲ ਬਜਵਾਇ।੪੮।

ਦੋਹਰਾ: ਲੁੱਟ ਫੌਜ ਬਹੁ ਰਜ ਪਰੀ ਲੀਨੀ ਪੰਡਨ ਚੁਕਵਾਇ।
ਰਾਜਾ ਰਹਜੋ ਅਕੇਲੜੋ ਫੌਜ ਪੜੀ ਨਿਜੈ ਨਿਜ ਰਾਹਿ।੪੯।

ਚੌਪਈ: ਰਾਜਾ ਅਕੇਲੋ ਤਹਿਂ ਰਹਜੋ ਖੜੋ। ਮਹਰਾਜ ਤੁਮਨਨ ਸਜੋਂ ਸੋਊ ਨ ਅੜੋ।
ਊਹਾਂ ਲਯੋ ਉਨ ਰਾਜੇ ਮਾਰ। ਸਤਿਗੁਰ ਸ੍ਵਾਰੀ ਉਨ੍ਹ ਕੀ ਕਾਰ।੫੦।
ਬਹੁਰ ਗੈਲ ਸਭ ਫੌਜਹਿ ਭਏ। ਲੋਕ ਰਾਜੇ ਕੇ ਤਿਨ੍ਹ ਲੁਟ ਲਏ।
ਐਸੀ ਕਲਾ ਤਹਿਂ ਗੁਰ ਵਰਤਾਈ। ਭੂਪ ਬਿਨਾਂ ਕੋ ਕਰੈ ਲਰਾਈ।੫੧।

ਇਸ ਤੋਂ ਅਗਲਾ ਪ੍ਰਸੰਗ

੧੯੭. [ਮੋਹਨ ਨੂੰ ਪਟਾ ਜ਼ਮੀਨ ਦਾ ਮਿਲਿਆ]

ਦੋਹਰਾ: ਮਾਰ ਲੁੱਟ ਰਾਜੇ ਮੁੜੇ ਪਰੀ ਸੋਚ ਚਿਤ ਆਨ।
ਥੋ ਰਾਜੋ ਸਾਕ ਪਤਿਸ਼ਾਹ ਕੋ ਮਤ ਪਾਵੈ ਹਮ ਪਰ ਤਾਣ।੧।

ਚੌਪਈ: ਯਹੀ ਬਾਤ ਸੁਨ ਸਜਾਨਨ ਬਿਚਾਰੀ। ਭਈ ਸੋਚ ਉਨ ਮਨਮਧ ਭਾਰੀ।
ਨਠੇ ਭਜੇ ਭੀ ਬਚਤੇ ਨਾਹੀਂ। ਹੈ ਚਾਰ ਕੂੰਟ ਪਤਿਸ਼ਾਹਨ ਪਾਹੀ।੨।
ਕਹੀ ਮੋਹਣ 'ਹਮ ਦਿੱਲੀ ਜਾਵੈਂ। ਜੱਟ ਪੇਚ ਕੋਈ ਊਹਾਂ ਚਲਾਵੈਂ'।
ਸਵਾ ਸੈ ਰੁਪਏ ਕੀ ਸੁਖਨੋ ਠਹਿਰਾਈ। ਜੋੜ ਹੱਥ ਅਰਦਾਸ ਕਰਾਈ।੩।

Sri Satguru Jagjit Singh Ji eLibrary NamdhariElibrary@gmail.com

ਫਿਰ ਸਤਿਗੁਰ ਜਬ ਝਾਤੀ ਪਾਈ। ਦੇਖਜੋ ਬਾਲਕ ਅਗੈ ਖੜਵਾਈ।
ਉਸੀ ਤੌਰ ਢਿੱਡ ਲੜਕੇ ਠਠੌਰਾ। ਸ੍ਰੀ ਸਤਿਗੁਰ ਮੁਖ ਉਸ ਵਲ ਜੋਰਾ।੧੮।

ਦੋਹਰਾ: ਤੌ ਸਤਿਗੁਰ ਉਸ ਹਸ ਕਹਜੋ 'ਅਬ ਲੜਕੋ ਆਣਜੋ ਔਰ।
ਹਮ ਤੇ ਉਸ ਇਤਨੌ ਦਯੋ ਵੁਹ ਕਰੂ ਤੁਹਾਰੀ ਗੌਰ'।੧੯।

ਦੋਹਰਾ: ਭਗਤੂ ਭਾਈ ਤਹਿਂ ਖੜੋ ਕਹਿ ਤਿਨ ਯੌ ਕਰਾਈ ਅਰਦਾਸ।
'ਅਪਨੌਂ ਬੀਜਜੋ ਹੁਇ ਜੋਊ ਰਹੈ ਮੋਹਨ ਕਿਆਂ ਪਾਸ'।੨੦।

ਚੌਪਈ: ਭਾਈ ਸਫਾਰਸ਼ ਗੁਰ ਮੰਨ ਲਈ। ਇਸ ਬਿਧ ਥਾਪੀ ਸਭਹਨ ਦਈ।
ਇਕ ਕਾਲੇ ਕੀ ਭਈ ਕਮਾਈ। ਸਭੀ ਮੋਹਣ ਸੁਤਨ ਕੋ ਗਯੋ ਰਜਾਈ।੨੧।
ਐਸੀ ਖੁਸ਼ੀ ਪਰ ਕਾਲੇ ਅਈ। ਅਪਨੋ ਬਲ ਗੁਰ ਤਹਿਂ ਮਧ ਦਜੋ ਪਈ।
ਜੈਦ ਪੁਰੀ ਆਨ ਤੌ ਉਨ ਮਾਰਾ। ਕਹੈਂ ਲੋਕ ਉਸ ਅਤਿ ਬਲਵਾਰਾ।੨੨।

ਫੂਲਕਿਆਂ ਦਾ ਔਰ ਪ੍ਰਸੰਗ

੧੯੯. [ਫੂਲਕਿਆਂ ਮੁਲਕ ਮੱਲਣਾ]

ਦੋਹਰਾ: ਸੁਨੋ ਬਾਤ ਅਖ ਫੂਲ ਕੀ ਜਿਮ ਫੁਰੇ ਬਚਨ ਗੁਰ ਸੋਇ।
ਭਯੋ ਰਿਜਕ ਉਸ ਘਰ ਘਣੋ ਔ ਭਏ ਪੁੱਤ੍ਰ ਉਸ ਦੋਇ।੧।

ਚੌਪਈ: ਤਿਲੋਕਾ ਰਾਮਾ ਤਿਨਕੇ ਨਾਮ। ਫੂਲ ਬੰਧਜੋ ਜਾਇ ਫੂਲ ਗਿਰਾਮ।
ਤੌ ਲੌ ਪਤਸ਼ਾਹੀ ਦਸਮੀ ਆਏ। ਦੈ ਪਾਹੁਲ ਤੇ ਸਿੰਘ ਬਣਾਏ।੨।
ਔ ਰਾਮੇ ਕੇ ਭਏ ਪਾਂਚ ਸਪੂਤ। ਆਲੋ ਸਿੰਘ, ਭੂਮੀਓ ਔਧੂਤ।
ਦੁਨੋ, ਸੂਰਤੀਓ ਪੰਜਵੌਂ ਰਘੂ ਪਛਾਨੋ। ਹਮੀਰਾ ਗਜਪਤ ਸੁਤ ਤਿਲੋਕੇ ਜਾਨੌ।੩।
ਜਿਤ ਵਲ ਦੌੜ ਸੁ ਧੌੜ ਕਰਾਹਿਂ। ਹੋਇ ਫਤੇ ਸੋਊ ਹਾਰੇ ਨਾਂਹਿ।
ਆਏ ਬੰਦੇ ਸੌਂ ਰਲ ਮਿਲੇ। ਮ੍ਰਵਾਇ ਦੁਸ਼ਟ ਕੰਮ ਕਰਾ ਲਏ ਭਲੇ।੪।

ਦੋਹਰਾ: ਸੁਨਾਮ ਮੂਣਕ ਤੁਰਕ ਕੋ ਨਿਕਲ ਨ ਖਾਹਰ ਪਾਇ।
ਜੋ ਨਿਕਲੈ ਦੱਸ ਬੰਦਯਨ ਲੇਵੈ ਉਨੈ ਮ੍ਰਵਾਇ।੫।

ਚੌਪਈ: ਫੂਲ ਮਹਿਰਾਜੀ ਇਕੱਤ੍ਰ ਸਭ ਭਏ। ਇਮ ਕਰ ਕੰਮ ਸਭਨ ਰੱਠ ਲਏ।
ਔਰ ਸਭੀ ਕਬ ਆਖੀ ਜਾਇ। ਸੂਚ ਸੂਖ ਕਿਛ ਦਯੋ ਸੁਨਾਇ।੬।
ਰਾਮੇ ਤਿਲੋਕੇ ਸੁਤ ਭਏ ਜੁਆਨ। ਔਰ ਵਾਧੋ ਭਯੋ ਉਨ ਮਧ ਆਨ।
ਉਲਾਦ ਉਨ੍ਹੈ ਘਰ ਔਰੇ ਭਈ। ਭੂਮ ਚਹੈਂ ਵਹਿ ਔਰ ਦਬਈ।੭।

ਝੂਲਨਾ: ਸਤਾਰਾਂ ਸੈ ਸਤਾਸੀਏ ਮੈਂ ਜੰਗਲ ਪੜੇ ਤ੍ਰਿਣ ਕਾਲ।
ਹਲ ਫੂਲ ਪੋਤ੍ਰਨ ਗਲ ਕਰੀ ਕੋਊ ਮੁਲਖ ਬਸਾਈਏ ਪਾਨੀ ਵਾਲ।੮।
ਬਾਲਜੋ ਵਾਲ ਧਨੌਲਾ ਭਦੌੜ ਸਹਣੋ ਆਇ ਬੰਨ੍ਹਜੋ ਅਢਿਆਯੋ ਬਨਾਲਾ।
ਛਿਆਂ ਭਾਈਆਂ ਛੇ ਪਿੰਡ ਬਧੇ ਖਾਲਸਾ ਆਇ ਦਯੋ ਮੁਲਕ ਮੱਲ ਖਹਾਲਾ।੯

Sri Satguru Jagjit Singh Ji eLibrary NamdhariElibrary@gmail.com

ਔਰ ਸਾਖੀ ਮਾਲਵੇ ਕੀ ਤੁਰੀ

੨੦੦. [ਮਲੇਰੀਏ ਪਠਾਣਾਂ ਤੋਂ ਆਲਾ ਸਿੰਘ ਦੀ ਰਖਿਆ, ਬੀਰ ਸਿੰਘ ਰੰਘਰੇਟਾ]

ਦੋਹਰਾ: ਸਾਖੀ ਸੁਨੋਂ ਫਿਰ ਮਲਵਈਅਨ ਜਿਮ ਪੰਥ ਉਪਰਾਲੋ ਕੀਨ।
ਫੂਲਾਇਣ ਬਾਧੋ ਭਯੋ ਕਰ ਦੌਰ ਮੁਲਕ ਮਲ ਲੀਨ।੧।

ਚੌਪਈ: ਪੰਥ ਨਿਕਲ ਜਬ ਮਾਲਵਜੋਂ ਜਾਵੈ। ਤੁਰਕ ਮਾਲਵੇ ਪਰ ਚੜ੍ਹ ਧਾਵੈਂ।
ਜਾਵੈਂ ਕੁਟ ਲੁਟ ਟਕੇ ਮੰਗਾਹਿਂ। ਜੇਤਿਕ ਉਨ ਤੇ ਦਏ ਨ ਜਾਹਿਂ।੨।
ਮੁਹਰੇ ਹੁਇ ਤੁਰੇ ਮਲੇਰੀ ਪਠਾਨ। ਓਇ ਚਾਹੈਂ ਦਯੋ ਕਢਵਾਯੋ ਹਿੰਦੁਵਾਨ।
ਮਲਵਯਨ ਇਮ ਮਿਥੀ ਸਲਾਹਿ। ਲਜਾਇ ਖਾਲਸੇ ਲਜੋ ਮਲੇਰੀ ਮ੍ਰਵਾਇ।੩
ਇਮ ਮਿਥ ਤੁਰਜੋ ਆਲੋ ਸਿੰਘ ਆਪ। ਸਾਥ ਬੁਢਾ ਸਿੰਘ ਗੁਰਬਖਸ਼ ਸਿੰਘ ਬਾਪ।
ਪੰਥ ਅੰਮ੍ਰਿਤਸਰ ਹੁੱਤੇ ਡੇਰੇ। ਤੌ ਦਏ ਨਜ਼ਰਾਨੇ ਸਭ ਪੰਥ ਕੇਰੇ।੪।
ਹੁਤੋ ਪੰਥ ਅਕਾਲ ਬੁੰਗੇ ਲਗਜੋ ਦਿਵਾਨ। ਸੁਨੈ ਰਹਿਰਾਸ ਪੰਥ ਨਿਤ ਆਨ।
ਆਲੈ ਸਿੰਘ ਲਏ ਭਾਈ ਸਾਥ। ਜੋੜ ਖੜਜੋ ਖਾਲਸੈ ਢਿਗ ਹਾਥ।੫।

ਦੋਹਰਾ: ਕਹੀ ਹਕੀਕਤ ਖੜ੍ਹ ਉਨੈ ਸੁਨੀ ਪੰਥ ਦੈ ਕਾਨ।
ਉਨ ਕਹੀ 'ਸਤਾਵੈਂ ਤੁਰਕ ਹਮ ਮਲੇਰੋ ਉੱਠ ਪਠਾਣ।੬।

ਚੌਪਈ: ਹਮ ਕੋ ਆਇ ਮਲੇਰੀ ਸਤਾਵੈਂ। ਮੁਲਕ ਹਮਾਰੋ ਲੁੱਟ ਲਿਜਾਵੈਂ'।
ਸੁਨ ਕਰ ਉੱਤ੍ਰ ਪੰਥ ਉਚਾਰਜੋ। ਅਸੀਂ ਕਰੈਂਗੈ ਉਨ ਚੜ ਮਾਰਜੋ।੭।
ਕਿਮ ਕਰ ਉਨ ਕੋ ਕਾਬੂ ਕਰਵਾਯੋ। ਗੜ੍ਹ ਕੋਟਨ ਕਿਤੈ ਦੂਰ ਲਿਆਯੋ।
ਉਸ ਕਰ ਸਿੰਘ ਉਨ ਮਾਰ ਗਵਾਹਿਂ। ਜਿਮ ਕਰ ਪੰਥੈ ਦਾਯ ਸੁ ਮਾਹਿਂ।੮।
ਆਲੈ ਸਿੰਘ ਤਿਮ ਲੀਨੀ ਮਾਨ। 'ਮੈਂ ਯਹੀ ਕਰੂੰਗ਼ ਜਾ ਊਹਾਂ ਠਾਨ'।
ਕਹੀ ਪੰਥ 'ਆਵੈਂ ਤੁਮ ਪਾਸ'। ਅਕਾਲ ਬੁੰਗੈ ਖੜ ਕਰੀ ਅਰਦਾਸ।੯।
'ਦੀਪ ਮਾਲ ਕੋ ਮੇਲੋ ਲਾਇ। ਚੜੂਗ਼ ਪੰਥ ਤੌ ਤੁਮਰੇ ਦਾਇ'।
ਭਾਈ ਦੂਜ ਕੇ ਦਿਨ ਮਿਥ ਲਯੋ। ਮੁਹਰੈ ਲਗਨ ਬੁਢੈ ਸਿੰਘ ਕਹਜੋ।੧੦।

ਦੋਹਰਾ: ਤੁਰਤੈ ਆਗੈ ਹੋਇ ਸਿੰਘ ਜੋੜ ਹੱਥ ਕਹੀ ਫੇਰ।
'ਜੇ ਪੰਥ ਖਬਰ ਨਾਂ ਹਮ ਲਈ ਤੌ ਮਾਰੈਂ ਤੁਰਕ ਮੁਹਿ ਘੇਰ'।੧੧।

ਚੌਪਈ: ਤੌ ਖਾਲਸੈ ਬਹੁ ਧੀਰ ਧਰਾਯੋ। 'ਜ਼ਰੂਰ ਪੰਥ ਚਹੂਗ਼ ਤੁਮ ਪਹਿ ਆਯੋ'।
ਜਾਇ ਆਲੇ ਸਿੰਘ ਤਿਮ ਹੀ ਕਰੀ। ਪਿੰਡ ਮਲੇਰੀਅਨ ਰਚੀ ਕਠਨ ਹਾੜ੍ਹੀ।੧੨।
ਢਿਗੈ ਬਨਾਲੈ ਸੰਘੇੜੋ ਗ੍ਰਾਮ। ਕਿਛ ਸੀਸ ਛਪਾਵਨ ਕਰ ਲਯੋ ਥਾਮ।
ਤੌ ਸੁਨ ਮਲੇਰੀਏ ਚੜ੍ਹੇ ਪਠਾਨ। ਸਾਥ ਲਿਆਏ ਰਾਇ ਲੁਟਵਾਨ।੧੩।
ਤੋਪ ਜੰਬੂਰੇ ਸਾਥ ਲਿਆਏ। ਆਲੈ ਸਿੰਘ ਲਜੋ ਮਧ ਘਿਰਵਾਏ।
ਢੁਕ ਉਨ ਲੀਨੇ ਮੋਰਚੇ ਲਾਇ। ਆਲੈ ਸਿੰਘ ਵਲ ਸਿੰਘਨ ਤਕਾਇ।੧੪।

Sri Satguru Jagjit Singh Ji eLibrary NamdhariElibrary@gmail.com

ਉਤੈ ਪੰਥ ਨੇ ਕਰੀ ਚੜ੍ਹਾਈ: ਦਏ ਨਗਾਰਨ ਡੰਕੇ ਲਾਈ।
ਭਾਈ ਬੁਢੋ ਸਿੰਘ ਆਗੈ ਹੋਯੋ। ਰਾਤ ਦਿਵਸ ਪਾਰ ਦਰਜਾਇ ਹੋਯੋ।੧੫।

ਦੋਹਰਾ: ਭੂਖ ਲਗੈ ਜਹਿਂ ਖਾਲਸੈ ਤਹਿਂ ਲੁਟ ਖਾਹਿ ਗਿਰਾਮ।
ਵਾਜ ਤੋਪ ਜੰਬੂਰਨ ਕੰਨ ਪਰੀ ਤਹਿਂ ਢੁਕ ਕੀਓ ਮੁਕਾਮ।੧੬।
ਯੌਂ ਪੰਥ ਬੁਢੈ ਸਿੰਘ ਕਹੀ 'ਮਤ ਡੇਰੋ ਇਹਾਂ ਕਰਵਾਇ।
ਖਬਰ ਖੜੈ ਉਨ ਪੰਥ ਕੀ ਮਤ ਕਤ ਲੁਕ ਭਜ ਜਾਹਿਂ'।੧੭।

ਚੌਪਈ: ਰਾਤ ਰਾਤ ਤਿਤ ਤੇ ਤੁਰ ਪਏ। ਬੁਢੈ ਸਿੰਘ ਢਿਗ ਆਨ ਖੜਵਏ।
ਫੀਮ ਭੰਗ ਖੜ ਤਹਿਂ ਲਈ ਖਾਇ। ਲੀਨੇ ਤੰਗ ਘੋੜਨ ਖਿਚਵਾਇ।੧੮।
ਅਬ ਫਿਰ ਸੁਨੋਂ ਆਲਾ ਸਿੰਘ ਬਾਤ। ਉਸ ਸੋਚਤ ਬੀਤੇ ਦਿਨ ਰਾਤ।
ਹੁਤੀ ਆਲੈ ਸਿੰਘ ਔਖੀ ਬਨੀ। ਕੰਧ ਚਿਣੀ ਥੀ ਤਹਿਂ ਅਣਚਿਣੀ।੧੯।
ਢੋਇ ਮੋਰਚੇ ਉਨ ਨੇੜੇ ਦਏ। ਅੰਦਰੋਂ ਬਹੁਤ ਹੁਤੇ ਸੋ ਸਏ।
'ਲਾਇ ਕਿਤ ਆਵੇ ਖਾਲਸੋ ਦੇਰ। ਹਮਕੋ ਤੁਰਕ ਛਡੈ ਨਹੀਂ ਫੇਰ'।੨੦।
ਚਕ ਚਕ ਗਰਦਨ ਦੇਖੈਂ ਉਤਾਹਿਂ। ਉਨਕੀ ਗਰਦ ਦਿਸੈ ਕਿਤ ਨਾਂਹਿ।
ਕਹੈਂ ਮੁਸ਼ੈਲਨ 'ਹਮ ਕਜਾ ਪੀਰ। ਖਰਚ ਥੁੜਯੋ ਯੌਂ ਬਹੁ ਭਈ ਭੀਰ'।੨੧।

ਦੋਹਰਾ: ਹੁਤ ਆਲੋ ਸਿੰਘ ਧੀਰਜੀ ਸੋ ਲੋਕਨ ਧੀਰ ਧਰਾਇ।
ਕਹੈ 'ਰਹੋ ਤਕੜੇ ਤੁਸੀਂ ਪੁਜੈ ਪਲਕ ਘੜੀ ਪੰਥ ਆਇ'।੨੨।

ਚੌਪਈ: ਪੰਥ ਖੜਯੋ ਥੋ ਢੁਕ ਕਛੁ ਨੇਰੋ। ਦਿਸਯੋ ਸੂਰ ਤਬ ਭਯੋ ਸਵੇਰੋ।
ਚੜਯੋ ਖਾਲਸੋ ਕਰ ਅਰਦਾਸ। 'ਮਾਰ ਦੁਸ਼ਟ ਕੰਮ ਪੰਥ ਹੁਹਿ ਰਾਸ'।੨੩।
ਛੋਡੇ ਫਰਰੇ ਨਿਸ਼ਾਨਨ ਕੇਰੇ। ਲਾਏ ਧੌਂਸਨ ਡਗੇ ਘਨੇਰੇ।
ਫੜ ਘੋੜਨ ਕੀ ਵਾਗਹਿ ਲਈ। ਮਾਰ ਮਾਰ ਕਹਿ ਪੰਥ ਧੌੜ ਕਈ।੨੪।
ਖਜੇ ਨਗਾਰੇ ਔ ਫੌਜ ਧਾਈ। ਤੁਰਕਨ ਨਦਰ ਘਟਾ ਸੀ ਆਈ।
ਘੁਰੇ ਨਗਾਰੇ ਜਨੁ ਬਾਦਲ ਗਰਜੈਂ। ਨਿਸ਼ਾਨ ਕੇਸਰੀ ਜਿਮ ਬਿੱਜਲ ਤਰਜੈਂ।੨੫।
ਢੁਕ ਸਿੰਘਨ ਛਲਕ ਬੰਦੂਕਨ ਕਰੀ। ਜਿਮ ਹੋਲੀ ਬਡ ਗੜਿਅਨ ਪਰੀ।
ਲਗੇ ਤੁਰਕਨ ਤਨ ਮੋ ਗਿਰ ਪਾਹਿਂ। ਵਾਂਗ ਫੁਲਵਾੜੀ ਗਿਰ ਭਏ ਫਨਾਹਿ।੨੬।

ਦੋਹਰਾ: ਸਿੰਘਨ ਅਚਾਨਕ ਇਮ ਪਰੇ ਜਿਮ ਪਰੇ ਅਕਾਸ਼ੋਂ ਇੱਲ।
ਚਿਰੀਅਨ ਜਿਮ ਤੁਰਕ ਲੁਕ ਨਠੇ ਰਹੀ ਨ ਉਨ ਮਧ ਗਿੱਲ।੨੭।

ਚੌਪਈ: ਫਿਰ ਖਾਲਸੋ ਖੈਂਚ ਦੌੜਯੋ ਤਲਵਾਰ। ਇਕ ਤੈ ਦਏ ਦੁਇ ਦੁਇ ਕਰ ਡਾਰ।
ਅਗੈ ਕੋਇ ਨ ਲੜਿਓ ਖੜ ਕਰ। ਸਭ ਹੀ ਨੱਠੇ ਮਰਨੋਂ ਡਰ ਕਰ।੨੮।
ਜਿਨ ਹਥ ਦੇਖ ਫੜੇ ਹਥਿਆਰ। ਸੋ ਤੌ ਦੀਨ ਜ਼ਰੂਰੇ ਮਾਰ।
ਡਾਰ ਸ਼ਸਤ੍ਰ ਤਿਨ ਦੰਤ ਘਾਹਿਲਯੋ। ਕਰੀ ਦਯਾ ਪੰਥਹਿ ਛਡ ਦਯੋ।੨੯।

Sri Satguru Jagjit Singh Ji eLibrary NamdhariElibrary@gmail.com

ਉਤ ਤੇ ਨਿਕਸ ਆਲੋ ਸਿੰਘ ਡਹਜੋ। ਉਸ ਢਬ ਆਯੋ ਉਨ ਮਾਰ ਦਯੋ।
ਤੋਪ ਰਹਿਕਲੇ ਉਨ ਲਏ ਸਾਂਭ। ਢੋਏ ਹੁਤੇ ਮੋਰਚਨ ਲਾਂਭ।੩੦।
ਆਲੋ ਸਿੰਘ ਬਹੁ ਭਯੋ ਪ੍ਰਸੰਨ। ਭਈ ਸੋਊ ਜੋ ਉਨ ਚਹੀ ਮੰਨ।
ਤਹਿ ਕੀਏ ਮਲੇਰੀ ਪਠਾਣ ਬਹੁ ਘਾਤ। ਉਨੈਂ ਸੀਸ ਬਿਹਾਣੀ ਬਿੱਧਨ ਰਾਤ।੩੧।

ਦੋਹਰਾ: ਲੁੱਟੇ ਕੁੱਟੇ ਘਨੇ ਬਹੁ ਖਾਲਸੇ ਰਹਜੋ ਅਘਾਇ।
ਬਜਵਾਇ ਨਗਾਰੇ ਜੀਤ ਕੇ ਲਜੋ ਡੇਰੋ ਪੰਥ ਲਗਾਇ।੩੨।

ਚੌਪਈ: ਔਰ ਸੁਨੋਂ ਆਲੈ ਸਿੰਘ ਗੱਲ। ਮਿਲਜੋ ਪੰਥ ਕੋ ਜਿਮ ਝਬ ਚੱਲ।
ਲਗੇ ਪੰਥ ਕੇ ਦਿਸਨ ਨਿਸ਼ਾਨ। ਸੁਨਜੋ ਪੰਥ ਕੋ ਲਗਜੋ ਦਿਵਾਨ।੩੩।
ਹਾਥ ਜੋੜ ਕੇ ਸੀਸ ਝੁਕਾਯੋ। ਛੱਡ ਘੋੜੈ ਕੋ ਚਰਨੀ ਧਾਯੋ।
ਨਿਵ ਨਿਵ ਕੁੰਨਸੋ ਲਗੋ ਕਰਨ। ਮਿਲੈ ਨਿਹੰਗ ਤਿਸ ਛੋਹੈ ਗੋਡੇ ਚਰਨ।੩੪
ਭਰ ਮੁਠੀ ਉਸ ਰੁਪੱਯਨ ਦੇਹਿਂ। ਕਰਵਾਇ ਅਰਦਾਸ ਔਰ ਖੁਸ਼ੀਆਂ ਲੇਹਿ।
ਘੋੜੇ ਮੁਯੇ ਜੇ ਨਿਹੰਗ ਜੁਧਾਇ। ਤੁਰਤ ਦੇਹਿ ਤਿਹਿ ਘੋੜੇ ਫੜਵਾਇ।੩੫।
ਕਿਸੈ ਟੋਂਬੂ ਕਿਸੈ ਅਰਦਾਸ ਕਰਾਵੈ। ਰਮਤੇ ਮਿਲੈ ਸੁ ਇਮ ਪਰਚਾਵੈ।
ਅਗੈ ਆਯੋ ਦੀਵਾਨ ਸੁ ਨੇਰੇ। ਪਗ ਤੇ ਲਾਹਿ ਜੋੜੇ ਤਹਿਂ ਗੇਰੈ।੩੬।

ਦੋਹਰਾ: ਝੁਕ ਝੁਕ ਕੁੰਨਸੋ ਬਹੁ ਕਰੈ ਸੋ ਪਹੁੰਚਜੋ ਪੰਥ ਹਜ਼ੂਰ।
ਹਾਥ ਜੋੜ ਸਿਰ ਪਗ ਧਰੇ ਗੁਰ ਫਤੇ ਬੋਲਜੋ ਮੁਖ ਪੂਰ।੩੭।

ਚੌਪਈ: ਸ੍ਰੀ ਵਾਹਿਗੁਰੂ ਕਹਿ ਫਤੇ ਬੁਲਾਈ। ਅਗਜੋਂ ਪੰਥ ਸਭ ਬੋਲ ਮਨਾਈ।
ਘੜੀ ਕੁ ਆਲੋ ਸਿੰਘ ਰਖਜੋ ਖੜਵਾਇ। ਹੁਤੀ ਰੀਤ ਜਿਮ ਥੀ ਪੰਥੇ ਮਾਂਹਿ।੩੮।
ਹੁਤੀ ਮੋਹਰ ਪੰਥ ਆਲੈ ਸਿੰਘ ਪਾਸ। ਸ਼ਹੀਦ ਦੀਪ ਸਿੰਘ ਕਰ ਲਈ ਅਰਦਾਸ।
ਬਹੁਤ ਆਲੇ ਸਿੰਘ ਦੇਗੇ ਧਰਵਾਏ। ਇਕੋਤ੍ਰ ਸੌ ਹੁਤ ਕੜਾਹੁ ਭ੍ਰਵਾਏ।੩੯।
ਨਿਹੰਗ ਗੁਰਬਖਸ਼ ਸਿੰਘ ਦਏ ਸੌਂਪਾਇ। ਵਹਿ ਦੇਉਗ ਡੇਰਨ ਆਪੇ ਘਲਾਇ।
ਬਹੁਤ ਘੋੜੇ ਤਹਿਂ ਦਏ ਖੜਾਇ। ਝੰਡੇ ਦਏ ਜਸਾ ਸਿੰਘ ਲਾਇ।੪੦।
ਔਰ ਸੋਢੀ ਬੇਦੀ ਜੋਊ ਭੁਜੰਗੇ। ਦਏ ਘੋੜੇ ਉਨ ਮੰਗਾਇ ਸੁ ਚੰਗੇ।
ਚੈਨ ਸਿੰਘ ਜੀ ਹੁਤੇ ਭੁਜੰਗੀ। ਦਈ ਉਸੈ ਘੋੜੀ ਖੁਨ ਚੰਗੀ।੪੧।

ਦੋਹਰਾ: ਹੁਤ ਰੰਘਰੇਟੋ ਚੂਹੜੋ ਕਹਿਂ ਬੀਰੂ ਸਿੰਘ ਜਵਾਨ।
ਸੰਗ ਤੇਰਾਂ ਸੈ ਘੋੜਾ ਚੜ੍ਹੈ ਹੁਤ ਨਗਾਰੋ ਜੁਦੋ ਨਿਸ਼ਾਨ।੪੨।

ਚੌਪਈ: ਪਹਿਲੋਂ ਘੋੜੋ ਉਸੈ ਫੜਵਾਯੋ। ਪਾਛੈ ਔਰ ਸੁ ਪੰਥ ਬਰਤਾਯੋ।
ਸੋ ਜੰਗ ਦੌੜ ਮਧ ਮੁਹਰੇ ਰਹੇ। ਉਸ ਯਾਦ ਪੰਥ ਕਰ ਪਹਿਲੋਂ ਦਏ।੪੩।

ਦੋਹਰਾ: ਏਕ ਸਮੇਂ ਬੀਰੂ ਸਿੰਘ ਭੀ ਜਾਇ ਰਲਜੋ ਤੁਰਕਨ ਕੇ ਨਾਲ।
ਤੇਰਾਂ ਸੈ ਘੋੜ ਉਨੈਂ ਰਖਜੋ ਚਾਕਰ ਤਤਕਾਲ।੪੪।

Sri Satguru Jagjit Singh Ji eLibrary NamdhariElibrary@gmail.com

ਚੌਪਈ: ਤੌ ਤੁਰਕਨ ਯੌ ਲਿੱਖ ਪਠਾਯੋ। 'ਤੁਮ ਬਡੇ ਸਿਪਾਹੀ ਸੋ ਹਮ ਬੈਲ ਚਰਾਯੋ।
ਤੁਮ ਰਖਤ ਹੁਤੇ ਇਸ ਪਰ ਬਡ ਜੋਰ। ਤੁਰਕ ਲੜਾਈ ਮਾਰੈਂ ਹਮ ਹਲਾਲ ਖੋਰ।੪੫।
ਸੋ ਹਲਾਲ ਖੋਰ ਹਮਰੇ ਗਾਇਖਾਨੇ ਚਰਾਵਤ। ਤੁਮਸੈਂ ਲੜਨੋ ਵਹੀ ਤਕਾਵਤ'।
ਸੋ ਸੁਨ ਪੰਥ ਉਸ ਲਿਖੀ ਅਰਦਾਸ। 'ਧ੍ਰਿਗ ਧ੍ਰਿਗ' ਉਸ ਕਹਿ ਘਲ ਦਈ ਪਾਸ।

ਦੋਹਰਾ: 'ਜੋਊ ਲਿਖਤ ਤੁਰਕਨ ਘਲੀ ਜਹਿੰ ਲਿਖਜੇ ਹਲਾਲ ਖੋਰ ਮਾਂਹਿ।
ਹਲਾਲਖੋਰ ਹੈਂ ਤੌ ਉਤ ਰਹੋ, ਸਿੰਘ ਤੌ ਆਉ ਹਮ ਪਾਹਿ।੪੭।

ਚੌਪਈ: ਜੌ ਆਵੈਂ ਪੰਥ ਨ ਪਾਹਿ। ਫਿਰ ਦੁਹੀਂ ਜਹਾਨੀ ਮਿਲਨ ਨ ਪਾਹਿ'।
ਸੁਨ ਅਰਦਾਸ ਯੌ ਆਯੋ ਧਾਇ। ਇਮ ਖਾਲਸੋ ਉਤ ਹੇਤ ਰਖਾਇ।੪੮।
ਨਕਦ ਨਜ਼ਰਾਨੇ ਜੋ ਥੀ ਲਜਾਯੋ। ਜੋ ਭੀ ਪੰਥ ਕੈ ਆਗੈ ਲਾਯੋ।
ਔਰ ਬਿਰਾਦਰੀ ਆਨ ਮਿਲਾਈ। ਉਨ ਤੇ ਮਾਮਲਤ ਦੇਖ ਦਿਵਾਈ।੪੯।
ਔਰ ਹੁਤੇ ਜੋ ਆਕੀ ਠੌਰ। ਉਨ ਪਰ ਪੰਥ ਕਰਾ ਦਈ ਦੌਰ।
ਕਈ ਮਰਵਾਇ ਕਈ ਲਏ ਬਚਾਇ। ਲੀਨੇ ਰੱਯਤ ਘਣੇ ਬਣਾਇ।੫੦।

ਅਥ ਬੁੰਗੇ ਕੋ ਪ੍ਰਸੰਗ ਲਿਖਜਤੇ

੨੦੧. [ਪੰਥ ਨੇ ਬੁੰਗੇ ਬਨਾਉਣੇ ਤੇ ਗ੍ਰੰਥ ਸਮਾਪਤੀ]

ਦੋਹਰਾ: ਪੱਛਮ ਦਿਸ਼ ਬੁੰਗ ਅਹੈਂ ਸ੍ਰੀ ਸਤਿਗੁਰ ਦਰਬਾਰ।
ਤਹਿੰ ਬਹੈ ਸਰਦਾਰ ਸ਼ਾਮ ਸਿੰਘ ਜੀ ਜਿਸ ਕਹੈਂ ਬੁੱਢੇ ਦਲਵਾਰ।੧।

ਚੌਪਈ: ਵਹੁ ਥੋ ਸਿਰ ਸ੍ਰਦਾਰਨ ਸਰਦਾਰ। ਥੋ ਕਪੂਰ ਸਿੰਘ ਕੋ ਸੁਨਹਿਰੇਦਾਰ।
ਜਸਾ ਸਿੰਘ ਤੇ ਪਹਿਲੇ ਹੋਊ। ਕਹਾਵਤ ਸੰਧੂ ਨਾਰਲੇ ਕੋ ਸੋਊ।੨।
ਪ੍ਰਿਥਮ ਕਠਾਣੀਏਂ ਉਨ ਟਾੜ੍ਹ ਪਾਯੋ। ਢਿਗ ਲਹੌਰ ਸੋਊ ਆਕੀ ਸਦਾਯੋ।
ਸ਼ਾਹ ਗਿਲਜੈ ਸਾਥ ਲੜਾਈ ਖਾਈ। ਸੋਊ ਗਯੋ ਨਿਕਲ ਗੜ੍ਹਬਜਾਹ ਕਰਾਈ।੩।
ਉਨ ਜਿਸ ਸਿੰਘ ਰਾਜ ਗੜ੍ਹੋ ਪਿੰਡ ਦਯੋ। ਫਿਰ ਸਿੰਘ ਕੋਲੋਂ ਮੁੜਨ ਮੰਗਯੋ।
ਹੈ ਅਜਲੌਂ ਮੁਲਖ ਉਨ੍ਹ ਨਫਰਨ ਪਾਹੀ। ਸੋ ਹੁਇ ਕਰ ਭੂਪ ਬਹੁ ਠੌਰ ਅਬ ਖਾਹੀ।੪
ਦਸ ਪ੍ਰਿੰਡ ਉਨੈ ਨਿਜ ਬੇਟੀ ਦਏ। ਕਿਛ ਮੀਰਾਂਕੋਟ ਸੰਗ ਕਿਛ ਪਾਰ ਸਤੁੱਦ੍ਰਏ।
ਥੋ ਅੰਮ੍ਰਿਤਸਰ ਬੁੰਗੇ ਉਸ ਤੀਨੈ। ਨਿਜ ਮਧ ਰਾਖੁ ਦੁਇ ਘੋੜ ਚੜ੍ਹਿਅਨ ਦੀਨੇ।੫।

ਦੋਹਰਾ: ਬਾਏਂ ਖਿਹਾਰੈ ਸਿੰਘ ਕੋ ਸਿੰਧੂ ਛਿਦਨੀ ਵਾਲ।
ਬਘੇਲ ਸਿੰਘ ਦਾਹਨੇ ਦਯੋ ਚੁਭਾਲੋ ਧਾਲੀਵਾਲ।੬।

ਦੋਹਰਾ: ਗਿਰਜੋ ਪੁਰਾਣੋ ਹੁਇ ਬੁੰਗੋ ਸ਼ਜਾਮ ਸਿੰਘੇ ਜੋ ਵਾਰ।
ਤਹਿੰ ਗੁਰ ਪੰਥ ਪ੍ਰਕਾਸ਼ ਗ੍ਰੰਥ ਲਿਖ ਦੇਊ ਕੀਏ ਸੁਧਾਰ।੭।

Sri Satguru Jagjit Singh Ji eLibrary NamdhariElibrary@gmail.com

ਚੌਪਈ: [1]ਜੋ ਕੋਈ ਯਾਂਕੋ ਸੁਨੈ ਸੁਨਾਵੈ। ਤਾਕੇ ਮਨ ਮੈਂ ਦ੍ਰਿੜ੍ਹਤਾ ਆਵੈ।
ਜੋ ਮੈਂ ਸੁਨੀ ਬਡਨ ਨੈ ਆਖੀ। ਸੋ ਲਿਖ ਦੀਨੀ ਯਾ ਮੈਂ ਸਾਖੀ।੮।

ਦੋਹਰਾ: ਜੋ ਕੋਈ ਯਾਕੋ ਪੜ੍ਹੈਗੋ ਅਰ ਪੁਨ ਸੁਨੈ ਜੁ ਕੋਇ।
ਸ੍ਰੀ ਸਤਿਗੁਰ ਕੀ ਕ੍ਰਿਪਾ ਤੇ ਸਿੱਖੀ ਪ੍ਰਾਪਤ ਹੋਇ।੯।

ਸਵੈਯਾ: ਗੁਰ ਪੰਥ ਪ੍ਰਕਾਸ਼ ਭਯੋ ਯੇਹ ਪੂਰਣ ਜਿਮ ਪੰਥ ਭਯੋ ਤਿਮਹੀ ਲਿਖ ਦੀਨਾ।
ਜੋ ਯਾ ਸੁਨਕੈ ਰਣ ਮੈਂ ਲੜ ਹੈ ਨਹੀਂ ਭਾਜ ਸਕੈ ਵਹੁ ਬੁੱਧਿ ਪ੍ਰਬੀਨਾ।
ਅੰਤ ਕੀ ਬੇਰ ਜੁ ਪ੍ਰਾਣ ਤਜੈ ਤਉ ਜਾਇ ਮਿਲੈ ਸੁ ਸ਼ਹੀਦਨ ਜੀਨਾ।
ਸ਼ਹੀਦਨ ਮੈਂ ਵਹੁ ਇਉਂ ਮਿਲਹੈ ਜੈਸੇ ਅੰਭ[2] ਮੈਂ ਜਾਇ ਕੈ ਅੰਭ ਮਿਲੀਨਾ।੧੦

ਚੌਪਈ: ਜੋ ਰੁਚ ਸੋ ਯਿਹ ਪੜੈ ਪੜ੍ਹਾਵੈ। ਮਨਸਾ ਬਾਚਾ ਸਕਲ ਫਲ ਪਾਵੈ।
ਸ੍ਰੀ ਗੁਰ ਭਗਤ ਅਧਿਕ ਦ੍ਰਿੜ ਹੋਈ। ਦਾਰਿਦ ਦੂਖ ਰਹੈ ਨਾ ਕੋਈ।੧੧।

ਦੋਹਰਾ: ਸ੍ਰੀ ਰਾਮਦਾਸ ਦਰਬਾਰ ਢਿਗ ਮਨ ਤਨ ਧਨ ਚਿਤ ਲਾਇ।
ਟਹਿਲ ਰਤਨ ਸਿੰਘ ਨੈ ਕਰੀ ਗੁਰ ਇਤ ਉਤ ਰਖੈ ਸਹਾਇ।੧੨।

ਦੋਹਰਾ: ਬਿਕ੍ਰਮ ਬਸੁ ਗ੍ਰਹਿ ਅਹਿ ਸਸੀ ਬੀਤਤ ਭਏ ਸੁ ਸਾਲ[3]।
ਪਾਠਕ ਸ੍ਰੋਤੇ ਨਿਤ ਰਹੈਂ ਨਿਹਾਲ, ਨਿਹਾਲ, ਨਿਹਾਲ।੧੩।

ਦੋਹਰਾ: ਸ਼ਜਾਮ ਸਿੰਘ ਕੋ ਪੋਤਰੋ ਰਤਨ ਸਿੰਘ ਜਿਸ ਨਾਮ।
ਸ੍ਰੀ ਸੁਧਾਸਰ ਢਿਗ ਜਿਸੈ ਮੀਰਾਂ ਕੋਟ ਗਿਰਾਮ।੧੪।

–o–

ਦੋਹਰਾ: [4]ਮਧ ਸੁ ਮਹੀਨਜੌਂ ਦੂਸਰੀ ਭੌਮ ਵਾਰ ਸ਼ੁਭ ਜਾਨ।
ਗ੍ਰੰਥ ਸੰਪੂਰਨ ਘਰ ਭਯਾ ਸੰਧਯਾ ਸਮਾ ਪਛਾਨ।੧।

ਦੋਹਰਾ: ਸੰਮਤ ਗ੍ਰਹਿ ਬਿਧ ਬਦਨ ਸਸਿ ਪੁਨ ਸੰਕਰ ਮੁਖ ਜਾਨ।
ਉਪਰ ਖੜਾਨਨ ਬਾਰਨਿਧ ਪੱਖ ਸੁ ਸੰਖਯਾ ਜਾਨ[5]।੨।

ਦੋਹਰਾ: ਪ੍ਰੌਢ ਸੁਜਨ ਸ਼ੁਭ ਬਸਤ ਹੈਂ ਸ੍ਰੀ ਅਨੰਦਪੁਰ ਜਾਨ।
ਗੁਰ ਕਿਰਪਾ ਹਰਿ ਨਾਮ ਤਿਹ ਸਭ ਜਗ ਕਰਤ ਬਖਾਨ।੩।

---

੧. ਇਕ ਨੁਸਖੇ ਵਿਚ ਅਗਲਾ ਪਾਠ ਅੰਕ ੧੧ ਤਕ ਦਾ ਨਹੀਂ ਹੈ।

੨. ਜਲ।

੩. ਭਾਵ ੧੮੯੮ ਬਿ: ਸੰਮਤ।

੪. ਇਹ ਅਗਲੀ ਰਚਨਾ ਲਿਖਾਰੀ ਦੀ ਜਾਪਦੀ ਹੈ ਜੋ ਦੂਸਰੇ ਨੁਸਖੇ ਵਿਚ ਨਹੀਂ ਹੈ।

੫. ਭਾਵ ਉਤਾਰਾ ਕਰਨ ਵਾਲੇ ਲਿਖਾਰੀ ਦਾ ਸੰਮਤ ਹੈ ੧੯੧੫ (ਗ੍ਰਹਿ=੯, ਬਿਧ ਬਦਨ=੪, ਸਸਿ=੧, ਸੰਕਰ ਮੁਖ=੫। (੯+੪+੧+੫=੧੯,) ਇਹ ਸੈਂਕੜਾ ਹੋ ਗਿਆ ਤੇ ਉਪਰ ਖੜਾਨਨ ਦੇ ਮੂੰਹ=੬, ਬਾਰਨਿਧ=ਸਮੁੰਦਰ=੭, ਪੱਖ ੨।(੬+੭+੨=੧੫;) ਸੋ ਸੰਮਤ ਬਣਿਆ ੧੯੧੫।

Sri Satguru Jagjit Singh Ji eLibrary NamdhariElibrary@gmail.com

ਸੋਰਠਾ: ਗ੍ਰੰਥ ਲਿਖਣ ਕੇ ਕਾਮ ਨਿਜ ਸੁਤ ਕੋ ਉਪਦੇਸਿਓ।
ਤਾਸ ਲਿਖਯੋ ਮਨ ਮਾਨ ਅਤਰ ਸਿੰਘ ਤਿਹ ਨਾਮ ਹੈ।੪।
ਮੈਂ ਹੂੰ ਅੱਤਿ ਅਜਾਨ ਲਿਖਯੋ ਨਹੀਂ ਕੋਊ ਗ੍ਰੰਥ ਕਥ।
ਮੇਰੀ ਭੁੱਲ ਪਛਾਨ ਛਿਮਯੋ ਵਿਚਾਰ ਸੁ ਸੱਜਨੋਂ।੫।

-o-

(ਦੂਸਰੇ ਲਿਖਾਰੀ ਦਾ ਸੰਮਤ)

ਸੰਮਤ ੧੯੨੩ ਜੇਠ ਬਦੀ ੫ ਬਾਰ ਵੈਸਾਖ ਪ੍ਰਵਿਸ਼ਟੇ ੨੫

-ਇਤੀ-

Sri Satguru Jagjit Singh Ji eLibrary NamdhariElibrary@gmail.com